ੴ ਸਤਿਗੁਰ ਪ੍ਰਸਾਦਿ॥

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਰਚਿਤ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ

# ਸਟੀਕ

## ਜਿਲਦ ਦੂਜੀ

(ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪੰਨਾ ੧੫੫ ਤੋਂ ੨੫੪ ਤਕ)
ਇਸ ਵਿਚ ਉਨੀ ਅਵਤਾਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ
ਲਿਖੀ ਸੰਪੂਰਨ ਰਾਮਾਇਣ ਸ਼ਾਮਿਲ ਹੈ।

ਟੀਕਾਕਾਰ :–
**ਪ੍ਰਸਿੱਧ ਵਿਦਵਾਂਨ ਗਿਆਨੀ ਨਰੈਣ ਸਿੰਘ ਜੀ**
ਸੋਧਕ :–
**ਡਾ. ਅਜੀਤ ਸਿੰਘ ਔਲਖ** ਐਮ.ਏ., ਪੀ.ਐਚ.ਡੀ.

Prabhjot Singh
Digitally signed by Prabhjot Singh
DN: cn=Prabhjot Singh, o=SikhSangat, ou=SikhSangat, email=prabh.singh@gmail.com, c=GB
Date: 2011.04.21 12:50:13 +01'00'

ਪ੍ਰਕਾਸ਼ਕ :–
**ਭਾ: ਚਤਰ ਸਿੰਘ ਜੀਵਨ ਸਿੰਘ**
ਅੰਮ੍ਰਿਤਸਰ (ਇੰਡੀਆ)।

੧ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਾਹ॥
ਸ੍ਰੀ ਭਗਉਤੀ ਜੀ ਸਹਾਇ॥

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ

# ਜਿਲਦ ਦੂਜੀ

## ਤਤਕਰਾ


| ਸਿਰਲੇਖ | ਪੰਨਾ |
|---|---|
| **ਸ੍ਰੀ ਬਚਿੱਤ੍ਰ ਨਾਟਕ ਗ੍ਰੰਥ** | |
| **ਅਥ ਸ੍ਰੀ ਬਿਸ਼ਨ ਅਉਤਾਰ ਚਉਬੀਸ ਲਿਖਜਤੇ** | |
| **ਚੌਵੀ ਅਵਤਾਰ** | ੯ |
| ਅਕਾਲ ਉਸਤਤਿ | ੯ |
| ਪਹਿਲਾ ਅਵਤਾਰ 'ਮੱਛ' | ੧੯ |
| ਦੂਸਰਾ ਅਵਤਾਰ 'ਕੱਛੂ' | ੨੪ |
| ਤੀਸਰਾ ਅਤੇ ਚੌਥਾ ਅਵਤਾਰ 'ਨਰ' ਅਤੇ 'ਨਾਰਾਇਣ' | ੨੬ |
| ਪੰਜਵਾਂ ਅਵਤਾਰ 'ਮਹਾ ਮੋਹਨੀ' | ੩੩ |
| ਛੇਵਾਂ ਅਵਤਾਰ 'ਵੈਰਾਹ' | ੩੬ |
| ਸੱਤਵਾਂ ਅਵਤਾਰ 'ਨਰਸਿੰਘ' | ੪੦ |
| ਅੱਠਵਾਂ ਅਵਤਾਰ 'ਬਾਵਨ' | ੫੦ |
| ਨੌਵਾਂ ਅਵਤਾਰ 'ਪਰਸ ਰਾਮ' | ੫੯ |
| ਦਸਵਾਂ ਅਵਤਾਰ 'ਬ੍ਰਹਮਾ' | ੬੯ |
| ਗਿਆਰ੍ਹਵਾਂ ਅਵਤਾਰ 'ਸ਼ਿਵ' | ੭੧ |
| ਬਾਰ੍ਹਵਾਂ ਅਵਤਾਰ 'ਜਲੰਧਰ' | ੯੦ |
| ਤੇਰ੍ਹਵਾਂ ਅਵਤਾਰ 'ਵਿਸ਼ਨੂੰ' | ੧੦੨ |
| ਚੌਦਵਾਂ ਅਵਤਾਰ 'ਵਿਸ਼ਨੂੰ' | ੧੦੪ |
| ਪੰਦਰ੍ਹਵਾਂ ਅਵਤਾਰ 'ਅਰਹੰਤ ਦੇਵ' | ੧੦੭ |
| ਸੋਲ੍ਹਵਾਂ ਅਵਤਾਰ 'ਰਾਜਾ ਮਨੁ' | ੧੧੩ |
| ਸਤਾਰ੍ਹਵਾਂ ਅਵਤਾਰ 'ਧਨੰਤਰ ਵੈਦ' | ੧੧੫ |
| ਅਠਾਰ੍ਹਵਾਂ ਅਵਤਾਰ 'ਸੂਰਜ' | ੧੧੮ |
| ਉਨ੍ਹੀਵਾਂ ਅਵਤਾਰ 'ਚੰਦ' | ੧੨੫ |
| **ਵੀਹਵਾਂ ਅਵਤਾਰ 'ਸ੍ਰੀ ਰਾਮ'** | |
| ਪਹਿਲਾ ਅਧਿਆਏ 'ਸੁਬਾਹ ਮਰੀਚ ਕਤਲ' | ੧੩੦ |
| ਦੂਸਰਾ ਅਧਿਆਏ 'ਸੀਤਾ ਸੁਅੰਬਰ' | ੧੫੨ |
| ਤੀਸਰਾ ਅਧਿਆਏ 'ਅਉਧ ਪ੍ਰਵੇਸ਼ ਵਰਣਨ' | ੧੬੩ |

| ਸਿਰਲੇਖ | ਪੰਨਾ |
|---|---|
| ਚੌਥਾ ਅਧਿਆਏ 'ਬਨਵਾਸ ਵਰਣਨ' | ੧੯੦ |
| ਪੰਜਵਾਂ ਅਧਿਆਏ 'ਵਣ ਪ੍ਰਵੇਸ਼ ਵਰਣਨ' | ੨੦੬ |
| ਛੇਵਾਂ ਅਧਿਆਏ 'ਖਰ ਅਤੇ ਦੂਖਣ ਦੈਂਤ ਯੁੱਧ ਵਰਣਨ' | ੨੦੮ |
| ਸੱਤਵਾਂ ਅਧਿਆਏ 'ਸੀਤਾ ਹਰਨ ਵਰਣਨ' | ੨੧੧ |
| ਅੱਠਵਾਂ ਅਧਿਆਏ 'ਸੀਤਾ ਖੋਜ ਵਰਣਨ' | ੨੧੪ |
| ਨੌਵਾਂ ਅਧਿਆਏ 'ਹਨੂਮਾਨ ਲੰਕਾ ਭੇਜਣਾ' | ੨੧੭ |
| ਦਸਵਾਂ ਅਧਿਆਏ 'ਪ੍ਰਹਸਤ ਯੁੱਧ ਵਰਣਨ' | ੨੩੧ |
| ਗਿਆਰ੍ਹਵਾਂ ਅਧਿਆਏ 'ਤ੍ਰਿਮੁੰਡ ਯੁੱਧ ਵਰਣਨ' | ੨੪੧ |
| ਬਾਰ੍ਹਵਾਂ ਅਧਿਆਏ 'ਮਹੋਦਰ ਮੰਤਰੀ ਯੁੱਧ ਵਰਣਨ' | ੨੪੨ |
| ਤੇਰ੍ਹਵਾਂ ਅਧਿਆਏ 'ਮੇਘਨਾਦ ਯੁੱਧ ਵਰਣਨ' | ੨੪੬ |
| ਚੌਦਵਾਂ ਅਧਿਆਏ 'ਅਤਿਕਾਇ ਯੁੱਧ ਵਰਣਨ' | ੨੫੦ |
| ਪੰਦਰ੍ਹਵਾਂ ਅਧਿਆਏ 'ਮਕਰਾਛ ਯੁੱਧ ਵਰਣਨ' | ੨੫੭ |
| ਸੋਲ੍ਹਵਾਂ ਅਧਿਆਏ 'ਲਛਮਣ ਮੂਰਛਾ ਵਰਣਨ' | ੨੫੮ |
| ਸਤਾਰ੍ਹਵਾਂ ਅਧਿਆਏ 'ਰਾਵਣ ਯੁੱਧ ਵਰਣਨ' | ੨੬੫ |

| ਸਿਰਲੇਖ | ਪੰਨਾ |
|---|---|
| ਅਠਾਰ੍ਹਵਾਂ ਅਧਿਆਏ 'ਸੀਤਾ ਮਿਲਾਪ' | ੨੮੨ |
| ਉਨ੍ਹੀਵਾਂ ਅਧਿਆਏ 'ਸੀਤਾ ਅਯੁੱਧਿਆ ਆਗਮਨ' | ੨੮੭ |
| ਵੀਹਵਾਂ ਅਧਿਆਏ 'ਮਾਤਾ ਮਿਲਾਪ' | ੨੯੦ |
| ਇੱਕੀਵਾਂ ਅਧਿਆਏ 'ਸੀਤਾ ਬਨਵਾਸ' | ੨੯੯ |
| ਬਾਈਵਾਂ ਅਧਿਆਏ 'ਸ਼ਤਰੂਘਣ ਯੁੱਧ ਵਰਣਨ' | ੩੦੪ |
| ਤੇਈਵਾਂ ਅਧਿਆਏ 'ਲਛਮਣ ਯੁੱਧ ਵਰਣਨ' | ੩੦੭ |
| ਚੌਵੀਵਾਂ ਅਧਿਆਏ 'ਭਰਥ ਯੁੱਧ ਵਰਣਨ' | ੩੧੦ |
| ਪੱਚੀਵਾਂ ਅਧਿਆਏ 'ਰਾਮ ਯੁੱਧ ਵਰਣਨ' | ੩੧੬ |
| ਛੱਬੀਵਾਂ ਅਧਿਆਏ 'ਸੀਤਾ ਨੇ ਸਾਰੇ ਜੀਵਤ ਕੀਤੇ' | ੩੨੦ |
| ਸਤਾਈਵਾਂ ਅਧਿਆਏ 'ਸੀਤਾ ਦਾ ਦੋਵਾਂ ਪੁੱਤਰਾਂ ਸਹਿਤ ਅਵਧ ਪ੍ਰਵੇਸ਼' | ੩੨੨ |
| ਅਠਾਈਵਾਂ ਅਧਿਆਏ 'ਤਿੰਨੇ ਭਰਾ ਇਸਤਰੀਆਂ ਸਹਿਤ ਮਰ ਗਏ' | ੩੨੭ |
| ਉਣੱਤੀਵਾਂ ਅਧਿਆਏ 'ਕਵੀ ਵਲੋਂ ਸੰਦੇਸ਼' | ੩੨੯ |


* * *

* *

*

# ਸ੍ਰੀ ਬਚਿੱਤ੍ਰ ਨਾਟਕ ਗ੍ਰੰਥ

## ਅਥ ਸ੍ਰੀ ਬਿਸ਼ਨ ਅਉਤਾਰ ਚਉਬੀਸ ਲਿਖਜਤੇ

### ਸ੍ਰੀ ਮੁਖਵਾਕ ਪਾਤਿਸ਼ਾਹੀ ੧੦

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਚੌਵੀ ਅਵਤਾਰ

## ਸ੍ਰੀ ਮੁਖਵਾਕ ਪਾਤਿਸ਼ਾਹੀ ੧੦

## ਅਕਾਲ ਉਸਤਤਿ

**ਚੌਪਈ॥ ਅਥ ਚਉਬੀਸ ਉਚਰੋਂ ਅਵਤਾਰਾ॥ ਜਿਹ ਬਿਧ ਤਿਨ ਕਾ ਲਖਾ ਅਖਾਰਾ॥**
**ਸੁਨੀਅਹੁ ਸੰਤ ਸਭੈ ਚਿਤ ਲਾਈ॥ ਬਰਨਤ ਸਜਾਮ ਜਥਾ ਮਤ ਭਾਈ॥੧॥**

ਹੁਣ ਮੈਂ ਚੌਵੀ ਅਵਤਾਰਾਂ ਦੀ ਕਥਾ ਸੁਣਾਉਂਦਾ ਹਾਂ, ਜਿਵੇਂ ਮੈਂ ਉਨ੍ਹਾਂ ਦੀ ਜੀਵਨ ਲੀਲਾ ਨੂੰ ਸਮਝਿਆ ਹੈ। ਸਾਰੇ ਸੰਤ ਜਣੋ! ਮਨ ਲਾ ਕੇ ਸੁਣੋ। ਕਵੀ "ਸਯਾਮ" ਉਸੇ ਤਰ੍ਹਾਂ ਵਰਣਨ ਕਰਦਾ ਹੈ ਜਿਵੇਂ ਉਸ ਦੀ ਅਕਲ ਵਿਚ ਆਇਆ ਹੈ॥੧॥

ਭਾਵਾਰਥ :- ਕਲਗੀਧਰ ਪਾਤਸ਼ਾਹ ਪਾਸ ਬਵੰਜਾ ਕਵੀ ਰਹਿੰਦੇ ਸਨ। ਬਵੰਜਾ ਕਵੀਆਂ ਦੇ ਨਾਮ ਮਹਾਨ ਕੋਸ਼ ਦੇ ਕਰਤਾ ਨੇ ਦੇ ਕੇ ਤੇਰ੍ਹਵਾਂ ਕਵੀ "ਸਯਾਮ" ਤੇ ਉਣੰਜਵਾਂ ਕਵੀ "ਰਾਮ" ਕਿਹਾ ਹੈ। ਗਿਆਨੀ ਬਿਬੇਕਾ ਸਿੰਘ ਕਹਿੰਦੇ ਹਨ "ਸਯਾਮ" ਤੇ "ਰਾਮ" ਗੁਰੂ ਜੀ ਦੇ ਆਪਣੇ ਉਪ ਨਾਮ ਰਖੇ ਹੋਏ ਸਨ। ਜਿਸ ਤਰ੍ਹਾਂ ਕਿ ਕਵੀ ਆਪਣੇ ਨਾਂ ਦੇ ਨਾਲ ਤਖੱਲਸ ਰਖ ਲੈਂਦਾ ਹੈ, ਇਸੇ ਤਰ੍ਹਾਂ ਦਸਮੇਸ਼ ਜੀ ਦਾ "ਰਾਮ" ਜਾਂ "ਸਯਾਮ" ਪਦ ਛਾਪ ਸੀ। ਇਸ ਨੂੰ ਮਹਾਨ ਕੋਸ਼ ਦੇ ਕਰਤਾ ਨੇ ਵੀ ਲਿਖਿਆ ਹੈ ਅਤੇ ਇਹ ਕਈ ਹੋਰ ਵਿਦਿਵਾਨਾਂ ਦੇ ਵੀ ਇਹੋ ਵੀਚਾਰ ਹਨ।

**ਜਬ ਜਬ ਹੋਤ ਅਰਿਸ਼ਟ ਅਪਾਰਾ॥ ਤਬ ਤਬ ਦੇਹ ਧਰਤ ਅਵਤਾਰਾ॥**
**ਕਾਲ ਸਭਨ ਕੋ ਪੇਖ ਤਮਾਸਾ॥ ਅੰਤਹ ਕਾਲ ਕਰਤ ਹੈ ਨਾਸਾ॥੨।**

ਪਰਜਾ ਨੂੰ ਦੁੱਖ ਦੇਣ ਵਾਲੇ ਜਦੋਂ ਜਦੋਂ ਬਹੁਤ ਹੋ ਜਾਂਦੇ ਹਨ ਤਾਂ ਨਿਰੰਕਾਰ ਤਦੋਂ ਤਦੋਂ ਦੇਹ ਨੂੰ ਧਾਰਦਾ ਹੈ ਜਿਸਦਾ ਨਾਮ 'ਅਵਤਾਰ' ਕਿਹਾ ਜਾਂਦਾ ਹੈ। ਸਭ ਸੰਸਾਰ ਦੇ ਤਮਾਸ਼ੇ ਨੂੰ 'ਕਾਲ' ਵੇਖਦਾ ਹੈ, ਅਖੀਰ ਸਭ ਦਾ ਨਾਸ ਕਾਲ ਹੀ ਕਰਦਾ ਹੈ॥੨॥

**ਕਾਲ ਸਭਨ ਕਾ ਕਰਤ ਪਸਾਰਾ॥ ਅੰਤ ਕਾਲ ਸੋਈ ਖਾਪਨ ਹਾਰਾ॥**
**ਆਪਨ ਰੂਪ ਅਨੰਤਨ ਧਰਹੀ॥ ਆਪਹਿ ਮਧ ਲੀਨ ਪੁਨ ਕਰਹੀ॥੩॥**

ਸਭ ਦਾ ਪਸਾਰ, 'ਕਾਲ' ਕਰਦਾ ਹੈ, ਅੰਤ ਨੂੰ 'ਕਾਲ' ਹੀ ਉਨ੍ਹਾਂ ਨੂੰ ਖਪਾਉਣ ਵਾਲਾ ਹੈ। ਕਈ ਰੂਪ ਆਪਣੇ ਵਿਚੋਂ ਧਾਰਦਾ ਹੈ ਅਤੇ ਫਿਰ ਆਪਣੇ ਵਿਚ ਹੀ ਲੀਨ ਭਾਵ ਅਭੇਦ ਕਰ ਲੈਂਦਾ ਹੈ॥ ੩॥

**ਇਨ ਮਹਿ ਸ੍ਰਿਸ਼ਟਿ ਸੁ ਦਸ ਅਵਤਾਰਾ॥ ਜਿਨ ਮਹਿ ਰਮਿਯਾ ਰਾਮ ਹਮਾਰਾ॥**
**ਅਨਤ ਚਤੁਰਦਸ ਗਨ ਅਵਤਾਰੂ॥ ਕਹੋ ਜੁ ਤਿਨ ਤਿਨ ਕੀਏ ਅਖਾਰੂ॥੪॥**

ਇਨ੍ਹਾਂ ਅਵਤਾਰਾਂ ਵਿਚੋਂ ਦਸ ਅਵਤਾਰ ਹੀ ਸ੍ਰੇਸ਼ਟ ਹਨ ਜਿਨ੍ਹਾਂ ਵਿਚ ਸਾਡਾ ਬ੍ਰਹਮ ਰਮ ਰਿਹਾ ਹੈ। ਹੋਰ ਚੌਦਾਂ ਅਵਤਾਰ ਹੋਏ ਹਨ ਮੈਂ ਉਨ੍ਹਾਂ ਦਾ ਪ੍ਰਸੰਗ ਸੁਣਾਉਂਦਾ ਹੈ ਜੋ ਕੁਝ ਉਨ੍ਹਾਂ ਇਸ ਸੰਸਾਰ ਵਿਚ ਖੇਡ ਤਮਾਸ਼ੇ ਕੀਤੇ ਸਨ॥ ੪॥

**ਕਾਲ ਆਪਨੋ ਨਾਮੁ ਛਪਾਈ॥ ਅਵਰਨ ਕੇ ਸਿਰਿ ਦੈ ਬੁਰਿਆਈ॥**
**ਆਪਨ ਰਹਤ ਨਿਰਾਲਮ ਜਗ ਤੇ॥ ਜਾਨ ਲਏ ਜਾ ਨਾਮੈ ਤਬ ਤੇ॥੫॥**

'ਕਾਲ' ਆਪਣੇ ਨਾਂ ਨੂੰ ਛੁਪਾ ਕੇ ਸਭ ਕੁਝ ਆਪ ਕਰਦਾ ਹੈ। ਨੇਕੀ, ਬਦੀ ਹੋਰਨਾਂ ਦੇ ਸਿਰ ਤੇ ਦੇਂਦਾ ਹੈ। ਜਗਤ ਵਿਚ ਆਪ ਨਿਰਾਲਮ ਅਤੇ ਨਿਰਲੇਪ ਰਹਿੰਦਾ ਹੈ। ਜਦੋਂ ਕੋਈ ਪੁਰਸ਼ ਇਸ ਭੇਦ ਨੂੰ ਜਾਣ ਲਵੇਗਾ, ਤਦ ਹੀ ਉਹ ਗਿਆਨੀ ਹੋਵੇਗਾ॥ ੫॥

**ਆਪ ਰਚੈ ਆਪੇ ਕਲ ਘਾਏ॥ ਅਵਰਨ ਕੈ ਦੈ ਮੂੰਡ ਹਤਾਏ॥**
**ਆਪ ਨਿਰਾਲਮੁ ਰਹਾ ਨ ਪਾਯਾ॥ ਤਾਂਤੇ ਨਾਮੁ ਬਿਅੰਤ ਕਹਾਯਾ॥੬॥**

ਆਪ ਕਾਲ ਰਚਦਾ ਹੈ, ਆਪ ਹੀ ਮਾਰਦਾ ਹੈ ਪਰ ਹੋਰਨਾਂ ਦੇ ਸਿਰ ਦੋਸ਼ ਦੇ ਕੇ ਨਾਸ ਕਰਾਉਂਦਾ ਹੈ। ਆਪ ਹਰ ਇਕ ਗੱਲ ਤੋਂ ਨਿਰਲੇਪ ਰਹਿੰਦਾ ਹੈ, ਕਿਸੇ ਨੇ ਇਸ ਭੇਦ ਨੂੰ ਪਾਇਆ ਨਹੀਂ। ਉਸ ਦਾ ਨਾਂ 'ਬੇਅੰਤ' ਇਸ ਕਰਕੇ ਕਿਹਾ ਜਾਂਦਾ ਹੈ॥ ੬॥

**ਜੋ ਚਉਬੀਸ ਅਵਤਾਰ ਕਹਾਏ॥ ਤਿਨ ਭੀ ਤੁਮ ਪ੍ਰਭ ਤਨਕ ਨ ਪਾਏ॥**
**ਸਭ ਹੀ ਜਗ ਭਰਮੇ ਭਵ ਰਾਯੰ॥ ਤਾ ਤੇ ਨਾਮੁ ਬਿਅੰਤ ਕਹਾਯੰ॥੭॥**

ਜੋ ਚੌਵੀ ਅਵਤਾਰ ਜਗਤ ਵਿਚ ਕਹਾਏ ਹਨ, ਉਨ੍ਹਾਂ ਨੇ ਰਤਾ ਭਰ ਵੀ ਹੇ ਪ੍ਰਭੂ ! ਤੈਨੂੰ ਨਹੀਂ ਪਾਇਆ। ਸਾਰੇ ਜੱਗ ਨੂੰ ਤੁਸਾਂ ਭਰਮ ਵਿਚ ਭੁਲਾਇਆ ਹੋਇਆ ਹੈ। ਤੁਹਾਡਾ ਨਾਮ ਇਸ ਕਰਕੇ 'ਬੇਅੰਤ' ਕਿਹਾ ਜਾਂਦਾ ਹੈ॥ ੭॥

**ਸਭ ਹੀ ਛਲਤ ਨ ਆਪ ਛਲਾਯਾ॥ ਤਾ ਤੇ ਛਲੀਆ ਆਪ ਕਹਾਯਾ॥**
**ਸੰਤਨ ਦੁਖੀ ਨਿਰਖ ਅਕੁਲਾਵੈ॥ ਦੀਨਬੰਧ ਤਾ ਤੇ ਕਹਲਾਵੈ॥੮॥**

ਹੇ ਪ੍ਰਭੂ! ਤੂੰ ਸਭ ਨੂੰ ਛਲ ਲੈਂਦਾ ਹੈਂ ਪਰ ਆਪ ਕਿਸੇ ਪਾਸੋਂ ਛਲਿਆ ਨਹੀਂ ਜਾਂਦਾ। ਆਪ

ਨੂੰ ਇਸੇ ਕਰਕੇ 'ਛਲੀਆ' ਵੀ ਕਿਹਾ ਜਾਂਦਾ ਹੈ। ਤੁਸੀਂ ਸੰਤਾਂ ਨੂੰ ਦੁਖੀ ਵੇਖ ਕੇ ਘਬਰਾ ਜਾਂਦੇ ਹੋ। ਇਸੇ ਕਰਕੇ ਤੁਹਾਨੂੰ 'ਦੀਨਬੰਧੂ' ਕਿਹਾ ਜਾਂਦਾ ਹੈ॥੮॥

**ਅੰਤ ਕਰਤ ਸਭ ਜਗ ਕੋ ਕਾਲਾ॥ ਨਾਮੁ ਕਾਲ ਤਾ ਤੇ ਜਗ ਡਾਲਾ॥**
**ਸਮੈ ਸੰਤ ਪਰ ਹੋਤ ਸਹਾਈ॥ ਤਾ ਤੇ ਸੰਖਜਾ ਸੰਤ ਸੁਨਾਈ॥੯॥**

ਸਮੇਂ ਸਮੇਂ ਤੂੰ ਹੀ ਸਾਰੇ ਜੱਗ ਨੂੰ ਨਾਸ ਕਰਦਾ ਹੈਂ। ਜਗਤ ਨੇ ਤੇਰਾ ਨਾਮ ਇਸ ਕਰਕੇ 'ਕਾਲ' ਪਾ ਦਿੱਤਾ ਹੈ। ਸਮੇਂ ਸਮੇਂ ਤੁਸੀਂ ਸੰਤਾਂ ਦੀ ਸਹਾਇਤਾ ਕਰਦੇ ਹੋ ਇਸ ਕਰ ਕੇ ਸੰਤਾਂ ਨੇ ਤੁਹਾਡੀ ਅਵਤਾਰਾਂ ਵਿਚ ਗਿਣਤੀ ਕੀਤੀ ਹੈ॥੯॥

**ਨਿਰਖ ਦੀਨ ਪਰ ਹੋਤ ਦਿਆਰਾ॥ ਦੀਨਬੰਧ ਹਮ ਤਬੈ ਬਿਚਾਰਾ॥**
**ਸੰਤਨ ਪਰ ਕਰੁਣਾ ਰਸ ਢਰਈ॥ ਕਰੁਣਾਨਿਧਿ ਜਗ ਤਬੈ ਉਚਰਈ॥੧੦॥**

ਤੁਸੀਂ ਦੀਨਾਂ ਦੁਖੀਆਂ ਨੂੰ ਵੇਖ ਕੇ ਦਿਆਲਤਾ ਵਖਾਉਂਦੇ ਹੋ, ਇਹੋ ਵੇਖਕੇ ਅਸੀ ਤੁਹਾਨੂੰ 'ਦੀਨਬੰਧੂ' ਕਹਿੰਦੇ ਹਾਂ। ਤੁਹਾਡਾ ਕਰੁਣਾਂ ਰਸ ਸੰਤਾਂ ਉਤੇ ਵਰਸਦਾ ਰਹਿੰਦਾ ਹੈ, ਇਸ ਲਈ ਆਪ ਨੂੰ 'ਕਰੁਣਾਨਿਧ' ਕਹਿੰਦੇ ਹਨ॥੧੦॥

**ਸੰਕਟ ਹਰਤ ਸਾਧਵਨ ਸਦਾ॥ ਸੰਕਟਹਰਨ ਨਾਮੁ ਭਯੋ ਤਦਾ॥**
**ਦੂਖ ਦਾਹਤ ਸੰਤਨ ਕੇ ਆਯੋ॥ ਦੁਖਦਾਹਨ ਪ੍ਰਭ ਤਦਿਨ ਕਹਾਯੋ॥੧੧॥**

ਤੂੰ ਸਦਾ ਸਾਧਾਂ ਦੇ ਦੁੱਖ ਦੂਰ ਕਰਦਾ ਹੈਂ ਇਸ ਕਰਕੇ 'ਸੰਕਟ ਹਰਨ' ਤੇਰਾ ਨਾਮ ਮਸ਼ਹੂਰ ਹੋਇਆ ਹੈ। ਸੰਤਾਂ ਦੇ ਮੁਢ ਤੋਂ ਦੁੱਖ ਸਾੜਦਾ ਆਇਆ ਹੈਂ, ਤਦੇ ਹੀ ਪ੍ਰਭੂ ਤੂੰ 'ਦੁੱਖ ਦਾਹਨ' ਅਖਵਾਉਂਦਾ ਹੈਂ॥੧੧॥

**ਰਹਾ ਅਨੰਤ ਅੰਤ ਨਹੀ ਪਾਯੋ॥ ਯਾਤੇ ਨਾਮੁ ਬਿਅੰਤ ਕਹਾਯੋ॥**
**ਜਗ ਮੋ ਰੂਪ ਸਭਨ ਕੇ ਧਰਤਾ॥ ਯਾਤੇ ਨਾਮੁ ਬਖਨੀਯਤ ਕਰਤਾ॥੧੨॥**

ਪ੍ਰਭੂ ਅਨੰਤ ਹੈ, ਉਸ ਦਾ ਕਿਸੇ ਨੇ ਵੀ ਅੰਤ ਨਹੀਂ ਪਾਇਆ। 'ਬੇਅੰਤ' ਨਾਮ ਇਸ ਕਰਕੇ ਕਹਾਉਂਦਾ ਹੈ। ਜਗ ਵਿਚ ਸਭ ਦੀ ਰਚਨਾ ਕਰਦਾ ਹੈ, ਉਸ ਦਾ ਨਾਮ 'ਕਰਤਾ' ਇਸ ਕਰਕੇ ਕਿਹਾ ਜਾਂਦਾ ਹੈ॥੧੨॥

**ਕਿਨਹੂੰ ਕਹੂੰ ਨ ਤਾਹਿ ਲਖਾਯੋ॥ ਇਹ ਕਰ ਨਾਮੁ ਅਲੱਖ ਕਹਾਯੋ॥**
**ਜੋਨ ਜਗਤ ਮੈ ਕਬਹੂੰ ਨ ਆਯਾ॥ ਯਾਤੇ ਸਭੋਂ ਅਜੋਨ ਬਤਾਯਾ॥੧੩॥**

ਕਦੇ ਵੀ ਉਸ ਨੂੰ, ਕਿਸੇ ਨੇ ਵੀ ਜਾਣਿਆ ਨਹੀਂ। ਇਸ ਕਰਕੇ ਉਹ 'ਅਲਖ' ਨਾਮ ਕਹਾਉਂਦਾ ਹੈ। 'ਜੋਨਿ' ਦੇ ਰਸਤੇ ਜਗਤ ਵਿਚ ਕਦੇ ਵੀ ਨਹੀਂ ਆਇਆ, ਸਭਨਾਂ ਨੇ ਇਸ ਕਰਕੇ ਉਸ ਨੂੰ

'ਅਜੋਨੀ' ਕਿਹਾ ਹੈ॥੧੩॥

**ਬ੍ਰਹਮਾਦਿਕ ਸਭ ਹੀ ਪਚਹਾਰੇ॥ ਬਿਸ਼ਨ ਮਹੇਸ਼੍ਵਰ ਕਉਨ ਬਿਚਾਰੇ॥**
**ਚੰਦ ਸੂਰ ਜਿਨ ਕਰੇ ਬਿਚਾਰਾ॥ ਤਾ ਤੇ ਜਨੀਯਤ ਹੈ ਕਰਤਾਰਾ॥੧੪॥**

ਬ੍ਰਹਮਾਂ ਵਿਸ਼ਨੂੰ, ਸ਼ਿਵਜੀ ਆਦਿ ਵਿਚਾਰੇ ਤੇਰਾ ਰਹਿਸ ਜਾਣਦੇ ਜਾਣਦੇ ਥੱਕ ਗਏ ਹਨ। ਚੰਦ ਅਤੇ ਸੂਰਜ ਵੀ ਤੁਹਾਡਾ ਹੀ ਵਿਚਾਰ ਕਰਦੇ ਹਨ, ਇਸਲਈ ਤੁਹਾਨੂੰ ਇਨ੍ਹਾਂ ਸਾਰਿਆਂ ਦਾ ਕਰਤਾ ਜਾਣਿਆ ਜਾਂਦਾ ਹੈ॥੧੪॥

**ਸਦਾ ਅਭੇਖ ਅਭੇਖੀ ਰਹਈ॥ ਤਾ ਤੇ ਜਗਤ ਅਭੇਖੀ ਕਹਈ॥**
**ਅਲਖ ਰੂਪ ਕਿਨਹੂੰ ਨਹਿ ਜਾਨਾ॥ ਤਿਹ ਕਰ ਜਾਤ ਅਲੇਖ ਬਖਾਨਾ॥੧੫॥**

ਤੂੰ, ਸਦਾ ਹੀ ਅਭੇਖ ਹੈ ਇਸੇ ਕਰਕੇ ਜਗਤ ਤੁਹਾਨੂੰ 'ਅਭੇਖੀ' ਕਹਿੰਦਾ ਹੈ। ਤੁਹਾਡੇ ਅਲਖ ਰੂਪ ਨੂੰ , ਅਜੇ ਤਕ ਕੋਈ ਵੀ ਨਹੀਂ ਜਾਣ ਸਕਿਆ, ਇਸ ਕਰਕੇ ਆਪ ਨੂੰ ਸਾਰੇ ਅਲੇਖ ਕਹਿੰਦੇ ਹਨ॥੧੫॥

**ਰੂਪ ਅਨੂਪ ਸਰੂਪ ਅਪਾਰਾ॥ ਭੇਖ ਅਭੇਖ ਸਭਨ ਤੇ ਨਯਾਰਾ॥**
**ਦਾਇਕ ਸਭੋ ਅਜਾਚੀ ਸਭ ਤੇ॥ ਜਾਨ ਲਯੋ ਕਰਤਾ ਹਮ ਤਬ ਤੇ॥੧੬॥**

ਤੁਹਾਡਾ ਉਪਮਾਂ ਤੋਂ ਰਹਿਤ ਰੂਪ ਹੈ , ਤੇ ਸਰੂਪ ਅਪਾਰ ਹੈ। ਭੇਖ ਤੋਂ ਰਹਿਤ ਤੇ ਸਭਨਾਂ ਤੋਂ ਵਖਰਾ ਹੈ। ਤੂੰ ਸਭ ਨੂੰ ਦੇਣ ਵਾਲਾ ਹੈ, ਪਰ ਆਪ ਮੰਗਣ ਤੋਂ ਰਹਿਤ ਹੈ। ਤੁਹਾਨੂੰ ਅਸੀਂ ਤਦੇ 'ਕਰਤਾ' ਜਾਣ ਲਿਆ ਹੈ॥੧੬॥

**ਲਗਨ ਸਗਨ ਤੇ ਰਹਤ ਨਿਰਾਲਮ॥ ਹੈ ਯਹ ਕਥਾ ਜਗਤ ਮੈ ਮਾਲਮ॥**
**ਜੰਤ੍ਰ ਮੰਤ੍ਰ ਤੰਤ੍ਰ ਨ ਰਿਝਾਯਾ॥ ਭੇਖ ਕਰਤ ਕਿਨਹੂੰ ਨਹਿ ਪਾਯਾ॥੧੭॥**

ਤੂੰ ਲਗਨ ਤੇ ਸਗਨ ਤੋਂ ਨਿਰਾਲਮ ਭਾਵ ਨਿਰਲੇਪ ਰਹਿੰਦਾ ਹੈ, ਸਾਰੇ ਜਗਤ ਨੂੰ ਇਹ ਗੱਲ ਮਲੂਮ ਹੈ। ਜੰਤ੍ਰ, ਮੰਤ੍ਰ ਤੰਤ੍ਰ, ਨਾਲ ਖੁਸ਼ ਨਹੀਂ ਹੁੰਦਾ, ਭੇਖ ਕਰਨ ਵਾਲਿਆਂ ਕਿਸੇ ਨੇ ਵੀ ਤੁਹਾਨੂੰ ਪਾਇਆ ਨਹੀਂ॥੧੭॥

ਭਾਵਾਰਥ - ਜੋਤਿਸ਼ ਅਨੁਸਾਰ 'ਲਗਨ' ਦਿਨ ਦਾ ਓਨਾਂ ਸਮਾ ਹੈ, ਜਿੰਨੇ ਵਿਚ ਕਿਸੇ ਇਕ ਰਾਸ਼ੀ ਦਾ ਉਦੇ ਰਹਿੰਦਾ ਹੈ, ਇਕ ਦਿਨ ਰਾਤ ਵਿਚ ਧਰਤੀ ਆਪਣੇ ਧੁਰੇ ਤੇ ਫਿਰਦੀ ਹੈ। ਉਹ ਇਕ ਵਾਰ ਬਾਰਾਂ ਰਾਸ਼ਾਂ ਨੂੰ ਲੰਘ ਜਾਂਦੀ ਹੈ। ਜਿੰਨੇ ਸਮੇਂ ਤਕ ਉਹ ਇਕ ਰਾਸੀ ਵਿਚ ਰਹਿੰਦੀ ਹੈ, ਓਨੇ ਸਮੇਂ ਤਕ ਉਸ ਰਾਸ਼ੀ ਦਾ 'ਲਗਨ' ਕਹਾਉਂਦਾ ਹੈ। ਕਿਸੇ ਰਾਸ਼ੀ ਵਿਚ ਘਟ ਸਮਾਂ ਅਤੇ ਕਿਸੇ ਵਿਚ ਕੁਝ ਵੱਧ ਲੱਗਦਾ ਹੈ। ੨੪ ਮਿੰਟ ਦੇ ਸਮੇਂ ਦਾ ਨਾਮ ਦੰਡ ਜਾਂ ਘੜੀ ਹੈ। ਜੇਹਾ ਕਿ-ਮੀਨ ਰਾਸ਼ੀ ਵਿਚ ਪੌਣੇ ਚਾਰ ਦੰਡ, ਕੰਨਿਆ ਰਾਸ਼ੀ ਵਿਚ ਸਾਢੇ ਪੰਜ ਦੰਡ, ਬ੍ਰਿਸ਼ਚਿਕ ਵਿਚ ਪੌਣੇ ਛੇ ਦੰਡ

ਦੇ ਕਰੀਬ ਲਗਦੇ ਹਨ। ੨੪ ਮਿੰਟ ਦੇ ਸਮੇਂ ਦਾ ਨਾਮ ਦੰਡ ਜਾਂ ਘੜੀ ਹੈ। ਬਾਲਕ ਦੀ ਜਨਮ-ਪੱਤਰੀ ਬਣਾਉਣ ਜਾਂ ਕਿਸੇ ਤਰ੍ਹਾਂ ਦਾ ਮਹੂਰਤ ਕੱਢਣ, ਪ੍ਰਸ਼ਨ ਦਾ ਉੱਤਰ ਦੇਣ ਵਿਚ ਲਗਨ ਦਾ ਵਿਚਾਰ ਹੁੰਦਾ ਹੈ।

**ਜਗ ਆਪਨ ਆਪਨ ਉਰਝਾਨਾ॥ ਪਾਰਬ੍ਰਹਮ ਕਾਹੂ ਨ ਪਛਾਨਾ॥**
**ਇਕ ਮੜੀਅਨ ਕਬਰਨ ਵੇ ਜਾਂਹੀ॥ ਦੁਹੂੰਅਨ ਮੈ ਪਰਮੇਸ੍ਵਰ ਨਾਹੀ॥ ੧੮॥**

ਜਗ ਆਪੋ ਆਪਣੇ ਸਵਾਰਥ ਵਿਚ ਉਲਝਿਆ ਹੋਇਆ ਹੈ ਅਤੇ ਪਾਰਬ੍ਰਹਮ ਨੂੰ ਕਿਸੇ ਨੇ ਪਛਾਣਿਆ ਨਹੀਂ। ਇਕ ਪਾਸੇ ਹਿੰਦੂ ਮੜੀਆਂ ਪੂਜਦੇ ਹਨ, ਦੂਜੇ ਪਾਸੇ ਮੁਸਲਮਾਨ ਕਬਰਾਂ ਪੂਜਦੇ ਹਨ। ਦੋਹਾਂ ਧਰਮਾਂ ਵਿਚ ਪ੍ਰਮੇਸ਼ਵਰ ਦੀ ਪੂਜਾ ਨਹੀਂ॥੧੮॥

**ਏ ਦੋਊ ਮੋਹ ਬਾਦ ਮੋ ਪਚੇ॥ ਇਨ ਤੇ ਨਾਥ ਨਿਰਾਲੇ ਬਚੇ॥**
**ਜਾ ਤੇ ਛੂਟਿ ਗਯੋ ਭ੍ਰਮ ਉਰ ਕਾ॥ ਤਿਹ ਆਗੈ ਹਿੰਦੂ ਕਿਆ ਤੁਰਕਾ॥ ੧੯॥**

ਹਿੰਦੂ ਤੇ ਮੁਸਲਮਾਨ ਇਹ ਦੋਵੇਂ ਮੋਹ ਦੇ ਝਗੜਿਆਂ ਵਿਚ ਸੜ ਰਹੇ ਹਨ, ਮੇਰੇ ਨਾਥ ਭਾਵ ਸ੍ਵਾਮੀ ਇਹਨਾਂ ਤੋਂ ਨਿਰਾਲੇ ਰਹਿ ਕੇ, ਝਗੜਿਆਂ ਦੀ ਅੱਗ ਤੋਂ ਬਚੇ ਹਨ। ਜਿਨ੍ਹਾਂ ਦੇ ਹਿਰਦੇ ਵਿਚੋਂ ਭਰਮ ਮਿੱਟ ਗਿਆ ਹੈ, ਉਨ੍ਹਾਂ ਅੱਗੇ ਕੀ ਹਿੰਦੂ ਤੇ ਕੀ ਤੁਰਕ ਭਾਵ ਦੋਵੇਂ ਇਕ ਸਮਾਨ ਹਨ॥੧੯॥

**ਇਕ ਤਸਬੀ ਇਕ ਮਾਲਾ ਧਰਹੀ॥ ਏਕ ਕੁਰਾਨ ਪੁਰਾਨ ਉਚਰਹੀ॥**
**ਕਰਤ ਬਿਰੁੱਧ ਗਏ ਮਰ ਮੂੜਾ॥ ਪ੍ਰਭ ਕੋ ਰੰਗੁ ਨ ਲਾਗਾ ਗੂੜਾ॥ ੨੦॥**

ਇਕ ਪਾਸੇ ਮੁਸਲਮਾਨਾਂ ਨੇ ਤਸਬੀ, ਦੂਜੇ ਪਾਸੇ ਹਿੰਦੂਆਂ ਨੇ ਮਾਲਾ ਧਾਰਣ ਕੀਤੀ ਹੋਈ ਹੈ। ਇਕ ਕੁਰਾਨ ਤੇ ਦੂਜੇ ਪੁਰਾਨ ਪੜ੍ਹਦੇ ਹਨ। ਆਪੋ ਵਿਚ ਦੋਵੇਂ ਮੂਰਖ ਵਿਰੋਧ ਕਰਦੇ ਹਨ, ਪ੍ਰਭੂ ਦਾ ਗੂੜ੍ਹਾ ਰੰਗ ਇਨ੍ਹਾਂ ਨੂੰ ਨਹੀਂ ਲੱਗਾ॥੨੦॥

**ਜੋ ਜੋ ਰੰਗ ਏਕ ਕੇ ਰਾਚੇ॥ ਤੇ ਤੇ ਲੋਕ ਲਾਜ ਤਜਿ ਨਾਚੇ॥**
**ਆਦਿ ਪੁਰਖ ਜਿਨ ਏਕੁ ਪਛਾਨਾ॥ ਦੁਤੀਆ ਭਾਵ ਨ ਮਨ ਮਹਿ ਆਨਾ॥ ੨੧॥**

ਜਿਹੜੇ-ਜਿਹੜੇ ਇਕ ਦੇ ਪ੍ਰੇਮ ਵਿਚ ਰਚ ਗਏ ਹਨ, ਉਹ ਸਾਰੇ ਲੋਕ ਲਾਜ ਛੱਡ ਕੇ ਨੱਚ ਰਹੇ ਹਨ। ਇਕ ਆਦਿ ਪੁਰਖ ਨੂੰ ਜਿਨ੍ਹਾਂ ਨੇ ਪਛਾਣ ਲਿਆ ਹੈ, ਦ੍ਵੈਤ ਭਾਵ ਨੂੰ ਉਨ੍ਹਾਂ ਨੇ ਮਨ ਵਿਚ ਨਹੀਂ ਲਿਆਂਦਾ ਹੈ॥੨੧॥

**ਜੋ ਜੋ ਭਾਵ ਦੁਤਿਯ ਮਹਿ ਰਾਚੇ॥ ਤੇ ਤੇ ਮੀਤ ਮਿਲਨ ਤੇ ਬਾਚੇ॥**
**ਏਕ ਪੁਰਖ ਜਿਨ ਨੈਕ ਪਛਾਨਾ॥ ਤਿਨ ਹੀ ਪਰਮ ਤੱਤ ਕਹ ਜਾਨਾ॥ ੨੨॥**

ਜਿਹੜੇ-ਜਿਹੜੇ ਦ੍ਵੈਤ ਭਾਵ ਵਿਚ ਲਗੇ ਹੋਏ ਹਨ, ਉਹ ਸਾਰੇ ਵਾਹਿਗੁਰੂ ਦੇ ਮਿਲਾਪ ਤੋਂ

ਬਚੇ ਹੋਏ ਹਨ, ਅਰਥਾਤ ਪ੍ਰਭੂ ਤੋਂ ਦੂਰ ਰਹੇ ਹਨ। ਜਿਨ੍ਹਾਂ ਨੇ ਇਕ ਅਕਾਲ ਪੁਰਖ ਨੂੰ ਥੋੜ੍ਹਾ ਮਾਤਰ ਵੀ ਪਛਾਣ ਲਿਆ ਹੈ ਉਨ੍ਹਾਂ ਨੇ ਹੀ ਪਰਮ ਤੱਤ੍ਹ ਨੂੰ ਜਾਣ ਲਿਆ ਹੈ॥੨੨॥

**ਜੋਗੀ ਸੰਨਿਆਸੀ ਹੈ ਜੇਤੇ॥ ਮੁੰਡੀਆ ਮੁਸਲਮਾਨ ਗਨ ਕੇਤੇ॥**
**ਭੇਖ ਧਰੇ ਲੂਟਤ ਸੰਸਾਰਾ॥ ਛਪਤ ਸਾਧ ਜਿਹ ਨਾਮੁ ਅਧਾਰਾ॥੨੩॥**

ਜਿੰਨੇ ਵੀ ਜੋਗੀ, ਸੰਨਿਆਸੀ, ਸਰੇਵੜੇ ਤੇ ਮੁਸਲਮਾਨਾਂ ਦੇ ਗਨ ਭਾਵ ਝੁੰਡ ਹਨ, ਇਹ ਸਾਰੇ ਭੇਖ ਧਾਰ ਕੇ ਸੰਸਾਰ ਨੂੰ ਲੁੱਟ ਰਹੇ ਹਨ, ਉਹ ਸਾਧ ਲੁਕ ਕੇ ਰਹਿੰਦਾ ਹੈ, ਜਿਸ ਨੂੰ ਨਾਮ ਦਾ ਆਸਰਾ ਹੈ॥੨੩॥

**ਪੇਟ ਹੇਤ ਨਰ ਡਿੰਭੁ ਦਿਖਾਹੀਂ॥ ਡਿੰਭ ਕਰੇ ਬਿਨੁ ਪਈਯਤ ਨਾਹੀਂ॥**
**ਜਿਨ ਨਰ ਏਕ ਪੁਰਖ ਕਹ ਧਜਾਯੋ॥ ਤਿਨ ਕਰ ਡਿੰਭ ਨ ਕਿਸੀ ਦਿਖਾਯੋ॥੨੪॥**

ਮਨੁੱਖ ਪੇਟ ਵਾਸਤੇ ਪਖੰਡ ਕਰਕੇ ਵਿਖਾਉਂਦੇ ਹਨ, ਕਿਉਂਕਿ ਪਖੰਡ ਕੀਤੇ ਤੋਂ ਬਿਨਾਂ ਧਨ ਮਿਲਦਾ ਨਹੀਂ। ਜਿਨ੍ਹਾਂ ਪੁਰਸ਼ਾਂ ਨੇ ਇਕ ਵਾਹਿਗੁਰੂ ਨੂੰ ਧਿਆਇਆ ਹੈ, ਉਨ੍ਹਾਂ ਨੇ ਕਿਸੇ ਨੂੰ ਪਖੰਡ ਕਰਕੇ ਨਹੀਂ ਵਿਖਾਇਆ॥੨੪॥

**ਡਿੰਭ ਕਰੇ ਬਿਨੁ ਹਾਥਿ ਨ ਆਵੈ॥ ਕੋਊ ਨ ਕਾਹੂ ਸੀਸ ਨਿਵਾਵੈ॥**
**ਜੋ ਇਹੁ ਪੇਟ ਨ ਕਾਹੂ ਹੋਤਾ॥ ਰਾਵ ਰੰਕ ਕਾਹੂ ਕੋ ਕਹਤਾ॥੨੫॥**

ਪਖੰਡ ਕਰਨ ਤੋਂ ਬਿਨਾਂ ਧਨ ਹੱਥ ਵਿਚ ਨਹੀਂ ਆਉਂਦਾ, ਨਾ ਹੀ ਕੋਈ ਕਿਸੇ ਨੂੰ ਸਿਰ ਨਿਵਾਉਂਦਾ ਹੈ। ਜੇ ਇਹ ਪੇਟ ਕਿਸੇ ਨੂੰ ਵੀ ਨਾ ਲੱਗਿਆ ਹੁੰਦਾ, ਤਾਂ ਕੋਈ ਕਿਸੇ ਨੂੰ ਰਾਜਾ ਜਾਂ ਕੰਗਾਲ ਕਿਉਂ ਕਹਿੰਦਾ? ॥੨੫॥

**ਜਿਨ ਪ੍ਰਭ ਏਕ ਵਹੈ ਠਹਰਾਯੋ॥ ਤਿਨ ਕਰ ਡਿੰਭ ਨ ਕਿਸੂ ਦਿਖਾਯੋ॥**
**ਸੀਸ ਦੀਯੋ ਉਨ ਸਿਰਰ ਨ ਦੀਨਾ॥ ਰੰਚ ਸਮਾਨ ਦੇਹ ਕਰਿ ਚੀਨਾ॥੨੬॥**

ਜਿਨ੍ਹਾਂ ਨੇ ਪ੍ਰਭੂ ਨੂੰ ਇਕ ਆਪਣਾ ਮਾਲਕ ਮੰਨਿਆ ਹੈ, ਉਨ੍ਹਾਂ ਪਖੰਡ ਕਰਕੇ ਕਿਸੇ ਨੂੰ ਨਹੀਂ ਵਖਾਇਆ। ਉਨ੍ਹਾਂ ਨੇ ਸਿਰ ਦੇ ਦਿੱਤਾ ਹੈ, ਪਰ ਸਿਰੜ ਨਹੀਂ ਦਿੱਤਾ, ਤੁੱਛ ਸਮਾਨ ਆਪਣੀ ਦੇਹ ਨੂੰ ਕਰ ਕੇ ਜਾਣਿਆ ਹੈ॥੨੬॥

**ਕਾਨ ਛੇਦ ਜੋਗੀ ਕਹਵਾਯੋ॥ ਅਤਿ ਪ੍ਰਪੰਚ ਕਰ ਬਨਹਿ ਸਿਧਾਯੋ॥**
**ਏਕ ਨਾਮੁ ਕੋ ਤੱਤੁ ਨ ਲਯੋ॥ ਬਨ ਕੋ ਭਯੋ ਨ ਗ੍ਰਿਹ ਕੋ ਭਯੋ॥੨੭॥**

ਕੰਨ ਪੜਵਾ ਕੇ ਜੋਗੀ ਕਹਾਉਣ ਲੱਗ ਪੈਂਦਾ ਹੈ, ਵੱਡਾ ਪਖੰਡ ਕਰਕੇ ਵਣ ਵਿਚ ਤੁਰ ਜਾਂਦਾ ਹੈ, ਇਕ ਨਾਮ ਦੇ ਤੱਤ੍ਹ ਨੂੰ ਜਾਣਦਾ ਨਹੀਂ। ਇਸ ਲਈ ਨਾ ਜੰਗਲ ਜੋਗਾ ਹੋਇਆ ਨਾ ਘਰ ਜੋਗਾ

ਰਿਹਾ॥੨੭॥

**ਕਹਾ ਲਗੈ ਕਬ ਕਥੈ ਬਿਚਾਰਾ॥ ਰਸਨਾ ਏਕ ਨ ਪਇਯਤ ਪਾਰਾ॥**
**ਜਿਹਬਾ ਕੋਟਿ ਕੋਟਿ ਕੋਊ ਧਰੈ॥ ਗੁਣ ਸਮੁੰਦ੍ਰ ਤ੍ਰੈ ਪਾਰ ਨ ਪਰੈ॥ ੨੮॥**

ਕਵੀ ਇਸ ਵਿਚਾਰ ਨੂੰ ਕਿਥੋਂ ਤਕ ਕਹੇ ? ਜੀਭ ਇਕ ਹੈ ਇਸ ਕਰਕੇ ਅੰਤ ਨਹੀਂ ਪੈਂਦਾ। ਜੇ ਕੋਈ ਸਰੀਰ ਉਪਰ ਕ੍ਰੋੜਾਂ ਸਿਰ ਅਤੇ ਹਰੇਕ ਸਿਰ ਵਿਚ ਕ੍ਰੋੜ ਕ੍ਰੋੜ ਜੀਭ ਧਾਰ ਲਵੇ, ਤਾਂ ਵੀ ਪ੍ਰਭੂ ਗੁਣਾਂ ਦੇ ਸਮੁੰਦਰ ਦਾ ਥਾਹ ਨਹੀਂ ਪਾ ਸਕਦਾ॥੨੮॥

**ਪ੍ਰਥਮ ਕਾਲ ਸਭ ਜਗ ਕੋ ਤਾਤਾ॥ ਤਾਤੇ ਭਯੋ ਤੇਜ ਬਿਖਯਾਤਾ॥**
**ਸੋਈ ਭਵਾਨੀ ਨਾਮੁ ਕਹਾਈ॥ ਜਿਨ ਸਿਗਰੀ ਯਹ ਸ੍ਰਿਸ਼ਟਿ ਉਪਾਈ॥ ੨੯॥**

ਅਰੰਭ ਕਾਲ ਤੋਂ ਹੀ ਜੋ ਸਾਰੇ ਜਗਤ ਦਾ ਤਾਤਾ ਭਾਵ ਪਿਤਾ ਹੈ, ਉਸ ਤੋਂ ਇਕ ਤੇਜ ਭਾਵ ਪ੍ਰਕਾਸ਼ ਪ੍ਰਗਟ ਹੋਇਆ। ਓਹੀ ਭਵਾਨੀ ਜਾਂ ਕੁਦਰਤ ਨਾਮ ਕਹਾਉਣ ਲੱਗੀ, ਜਿਸ ਨੇ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ॥੨੯॥

**ਪ੍ਰਿਥਮੈ ਓਅੰਕਾਰ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ॥**
**ਤਾ ਤੇ ਜਗਤ ਭਯੋ ਬਿਸਥਾਰਾ॥ ਪੁਰਖ ਪ੍ਰਕ੍ਰਿਤ ਜਬ ਦੁਹੂ ਬਿਚਾਰਾ॥ ੩੦॥**

ਪਹਿਲੇ ਉਸ ਜਗਤ ਪਿਤਾ ਨੇ 'ਓਅੰਕਾਰ' ਕਿਹਾ, ਉਹ ਓਅੰਕਾਰ ਰੂਪ 'ਧੁਨ' ਜਗਤ ਵਿਚ ਫੈਲ ਗਈ। ਫਿਰ ਪੁਰਖ ਤੇ ਕੁਦਰਤ ਜਦ ਦੋਹਾਂ ਨੇ ਵਿਚਾਰ ਕੀਤਾ ਤਦ ਇਸ ਸਾਰੇ ਜਗਤ ਦਾ ਵਿਸਥਾਰ ਹੋ ਗਿਆ॥੩੦॥

**ਜਗਤ ਭਯੋ ਤਾ ਤੇ ਸਭ ਜਨੀਯਤ॥ ਚਾਰ ਖਾਨ ਕਰ ਪ੍ਰਗਟ ਬਖਨੀਯਤ॥**
**ਸ਼ਕਤ ਇਤੀ ਨਹੀ ਬਰਨ ਸੁਨਾਊਂ॥ ਭਿੰਨ ਭਿੰਨ ਕਰ ਨਾਮ ਬਤਾਊਂ॥ ੩੧॥**

ਉਸ ਪੁਰਖ ਤੇ ਪ੍ਰਕ੍ਰਿਤੀ ਤੋਂ ਸਾਰਾ ਜਗਤ ਉਤਪੰਨ ਹੋਇਆ ਜਾਣਿਆ ਜਾਂਦਾ ਹੈ, ਜੋ ਚਹੁੰ ਖਾਣਿਆਂ ਕਰਕੇ ਪ੍ਰਗਟ ਕਿਹਾ ਜਾਂਦਾ ਹੈ। ਇਤਨੀ ਤਾਕਤ ਨਹੀਂ ਮੇਰੇ ਵਿਚ ਜੋ ਉਸ ਸਾਰੀ ਵਾਰਤਾ ਨੂੰ ਸੁਣਾਵਾਂ ਅਤੇ ਵੱਖੋ ਵੱਖ ਕਰ ਕੇ ਨਾਮ ਦੱਸ ਦੇਵਾਂ ? ॥੩੧॥

**ਬਲੀ ਅਬਲੀ ਦੋਊ ਉਪਜਾਏ॥ ਊਚ ਨੀਚ ਕਰ ਭਿੰਨ ਦਿਖਾਏ॥**
**ਬਪੁ ਧਰ ਕਾਲ ਬਲੀ ਬਲਵਾਨਾ॥ ਆਪਨ ਰੂਪ ਧਰਤ ਭਯੋ ਨਾਨਾ॥ ੩੨॥**

ਬਲੀ ਦੈਂਤ ਤੇ ਕਮਜ਼ੋਰ ਦੇਵਤੇ, ਦੋਵੇਂ ਪੈਦਾ ਕੀਤੇ, ਉੱਚੇ ਨੀਵੇਂ ਬਣਾ ਕੇ ਵੱਖੋ ਵੱਖ ਵਿਖਾਏ ਹਨ। ਬਲਵਾਨ 'ਕਾਲ' ਨੇ 'ਬਲੀ' ਸਰੀਰ ਧਾਰਿਆ ਹੈ, ਅਤੇ ਆਪ ਹੀ ਉਸਨੇ ਅਨੇਕਾਂ ਰੂਪ ਕਮਜ਼ੋਰਾਂ ਦੀ ਸਹਾਇਤਾ ਕਰਨ ਲਈ ਧਾਰੇ ਹੋਏ ਹਨ॥੩੨॥

**ਭਿੰਨ ਭਿੰਨ ਜਿਮੁ ਦੇਹ ਧਰਾਏ ॥ ਤਿਮੁ ਤਿਮੁ ਕਰ ਅਵਤਾਰ ਕਹਾਏ ॥**
**ਪਰਮ ਰੂਪ ਜੋ ਏਕ ਕਹਾਯੋ ॥ ਅੰਤ ਸਭੋ ਤਿਹ ਮੱਧਿ ਮਿਲਾਯੋ ॥ ੩੩ ॥**

ਵੱਖੋ-ਵੱਖ ਜਿਵੇਂ ਉਸ ਨੇ ਦੇਹਾਂ ਧਰੀਆਂ ਹਨ, ਤਿਵੇਂ ਤਿਵੇਂ ਉਹ 'ਅਵਤਾਰ' ਨਾਮ ਕਰ ਕੇ ਕਹਾਇਆ ਹੈ। ਜੋ 'ਇਕ ਪਰਮ ਰੂਪ' ਕਰਕੇ ਕਹਾਉਂਦਾ ਹੈ, ਅੰਤ ਨੂੰ ਸਾਰੇ ਅਵਤਾਰ ਉਸ ਦੇ ਵਿਚ ਮਿਲ ਜਾਂਦੇ ਹਨ॥ ੩੩ ॥

**ਜਿਤਿਕ ਜਗਤਿ ਕੇ ਜੀਵ ਬਖਾਨੋ ॥ ਏਕ ਜੋਤ ਸਭ ਹੀ ਮਹਿ ਜਾਨੋ ॥**
**ਕਾਲ ਰੂਪ ਭਗਵਾਨ ਭਨੈਬੋ ॥ ਤਾ ਮਹਿ ਲੀਨ ਜਗਤਿ ਸਭ ਹ੍ਵੈਬੋ ॥ ੩੪ ॥**

ਜਿੰਨੇ ਕੁ ਜਗਤ ਦੇ ਜੀਵ ਕਹੇ ਜਾਂਦੇ ਹਨ, ਇਕੋ ਹੀ 'ਜੋਤ' ਸਭ ਵਿਚ ਪ੍ਰਕਾਸ਼ਮਾਨ ਜਾਣ ਲਵੋ। ਜੋ 'ਕਾਲ ਰੂਪ' ਜਾਂ 'ਭਗਵਾਨ' ਨਾਮ ਕਰ ਕੇ ਕਿਹਾ ਜਾਂਦਾ ਹੈ ਅੰਤ ਨੂੰ ਸਾਰੇ ਜਗਤ ਦੇ ਜੀਵ ਉਸ ਦੇ ਵਿਚ ਹੀ ਲੀਣ ਹੋ ਜਾਣਗੇ॥ ੩੪ ॥

**ਜੋ ਕਿਛੁ ਦ੍ਰਿਸ਼ਟ ਅਗੋਚਰ ਆਵਤ ॥ ਤਾਕਹੁ ਮਨ ਮਾਯਾ ਠਹਰਾਵਤ ॥**
**ਏਕਹਿ ਆਪ ਸਭਨ ਮੋ ਬਯਾਪਾ ॥ ਸਭ ਕੋਈ ਭਿੰਨ ਭਿੰਨ ਕਰ ਥਾਪਾ ॥ ੩੫ ॥**

ਜੋ ਕੁਝ ਨਜ਼ਰ ਦੇ ਸਾਹਮਣੇ ਆਉਂਦਾ ਹੈ, ਉਸ ਨੂੰ ਮਨ 'ਮਾਯਾ' ਕਰਕੇ ਮੰਨ ਰਿਹਾ ਹੈ, ਦਿੱਸਨ ਵਾਲੇ ਸਭ ਪਦਾਰਥ ਹੀ ਮਾਇਆ ਹਨ। ਇਕੋ ਆਪ ਹੀ ਸਭਨਾਂ ਵਿਚ ਵਿਆਪ ਰਿਹਾ ਹੈ, ਸਭ ਕਿਸੇ ਨੂੰ ਵੱਖ-ਵੱਖ ਕਰਕੇ ਬਣਾ ਰਿਹਾ ਹੈ॥ ੩੫॥

**ਸਭ ਹੀ ਮਹਿ ਰਮ ਰਹਜੋ ਅਲੇਖਾ ॥ ਮਾਗਤ ਭਿੰਨ ਭਿੰਨ ਤੇ ਲੇਖਾ ॥**
**ਜਿਨ ਨਰ ਏਕ ਵਹੈ ਠਹਰਾਯੋ ॥ ਤਿਨਹੀ ਪਰਮ ਤੱਤੁ ਕਹ ਪਾਯੋ ॥ ੩੬ ॥**

ਸਭਨਾਂ ਵਿਚ ਇਕ ਅਲੇਖ ਹੀ ਰਮ ਰਿ੍ਹਾ ਹੈ, ਅਤੇ ਸਭ ਤੋਂ ਵੱਖੋ ਵੱਖ ਹਿਸਾਬ ਵੀ ਓਹੀ ਮੰਗਦਾ ਹੈ। ਜਿਨ੍ਹਾਂ ਪੁਰਸ਼ਾਂ ਨੇ ਇਕੋ ਉਸੇ ਨੂੰ ਸਾਰੇ ਰੂਪ ਕਰਕੇ ਮੰਨਿਆ ਹੈ, ਉਸੇ ਨੇ ਹੀ ਪਰਮ ਤੱਤੂ ਨੂੰ ਪਾ ਲਿਆ ਹੈ॥ ੩੬ ॥

**ਏਕਹਿ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੂੰ ਭੂਪਾ ॥**
**ਭਿੰਨ ਭਿੰਨ ਸਭਹਨ ਉਰਝਾਯੋ ॥ ਸਭ ਤੇ ਜੁਦੋ ਨ ਕਿਨਹੂੰ ਪਾਯੋ ॥ ੩੭ ॥**

ਇਕ ਰੂਪ ਤੇ ਅਨੂਪ ਸਰੂਪ ਵਾਲਾ ਹੈ, ਕਿਤੇ ਰੰਕ, ਕਿਤੇ ਰਾਵ ਤੇ ਕਿਤੇ ਰਾਜਾ ਬਣਿਆ ਹੋਇਆ ਹੈ। ਸਭਨਾਂ ਨੂੰ ਵੱਖੋ ਵੱਖਰੇ ਧੰਧਿਆਂ ਵਿਚ ਫਸਾ ਦਿੱਤਾ ਹੈ, ਆਪ ਸਭ ਤੋਂ ਅਲੱਗ ਹੈ, ਕਿਸੇ ਨੇ ਵੀ ਉਸ ਨੂੰ ਨਹੀਂ ਪਾਇਆ॥ ੩੭ ॥

**ਭਿੰਨ ਭਿੰਨ ਸਭਹੂੰ ਉਪਜਾਯੋ॥ ਭਿੰਨ ਭਿੰਨ ਕਰ ਤਿਨੋ ਖਪਾਯੋ॥**
**ਆਪ ਕਿਸੂ ਕੋ ਦੋਸ਼ ਨ ਲੀਨਾ॥ ਅਉਰਨ ਸਿਰ ਬੁਰਿਆਈ ਦੀਨਾ॥ ੩੮॥**

ਸਭ ਨੂੰ ਵੱਖੋ ਵੱਖ ਪੈਦਾ ਕੀਤਾ ਹੈ ਅਤੇ ਵੱਖੋ ਵੱਖ ਕਰਕੇ ਉਨ੍ਹਾਂ ਨੂੰ ਨਾਸ ਕਰਦਾ ਹੈ। ਆਪਣੇ ਉਤੇ ਉਸ ਨੇ ਕਿਸੇ ਦਾ ਦੋਸ਼ ਨਹੀਂ ਲਿਆ, ਦੂਜਿਆਂ ਦੇ ਸਿਰ ਉਤੇ ਬੁਰਿਆਈ ਦਿੱਤੀ ਹੈ॥ ੩੮॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਚਉਬੀਸ ਅਉਤਾਰ, ਅਕਾਲ ਉਸਤਤਿ ਸਮਾਪਤ॥ ਸਤੁ ਸੁਭਮ ਸਤੁ॥ ੩੮॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਚੌਵੀ ਅਵਤਾਰ, ਅਕਾਲ ਉਸਤਤਿ ਸਮਾਪਤ॥ ਸਤ ਸੁਭਮ ਸਤ॥ ੩੮॥ ਚਲਦਾ॥

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਪਹਿਲਾ ਅਵਤਾਰ ਮੱਛ

**ਚੌਪਈ॥ ਸੰਖਾਸੁਰ ਦਾਨਵ ਪੁਨ ਭਯੋ॥ ਬਹੁ ਬਿਧਿ ਕੈ ਜਗ ਕੋ ਦੁਖ ਦਯੋ॥**
**ਮੱਛ ਅਵਤਾਰ ਆਪ ਪੁਨ ਧਰਾ॥ ਆਪਨ ਜਾਪ ਆਪ ਮੋ ਕਰਾ॥ ੩੯॥**

ਫਿਰ ਇਕ 'ਸੰਖਾਸੁਰ' ਦੈਂਤ ਹੋਇਆ। ਬਹੁਤ ਤਰ੍ਹਾਂ ਨਾਲ ਉਸ ਨੇ ਜਗਤ ਨੂੰ ਦੁੱਖੀ ਕੀਤਾ। ਕਾਲ ਜੀ ਨੇ ਉਸ ਦੇ ਨਾਸ ਲਈ ਆਪ 'ਮੱਛ ਅਵਤਾਰ' ਧਾਰਿਆ ਸੀ ਅਤੇ ਖੁਦ ਆਪਣਾ ਜਾਪ ਕਰਕੇ ਆਪਣੇ ਰੂਪ ਨੂੰ ਪਛਾਣਿਆ॥ ੩੯॥

**ਪ੍ਰਿਥਮੈ ਤੁੱਛ ਮੀਨ ਬਪੁ ਧਰਾ॥ ਪੈਠ ਸਮੁੰਦ ਝਕਝੋਰਨ ਕਰਾ॥**
**ਪੁਨਿ ਪੁਨਿ ਕਰਤ ਭਯੋ ਬਿਸਥਾਰਾ॥ ਸੰਖਾਸੁਰ ਤਬ ਕੋਪ ਬਿਚਾਰਾ॥ ੪੦॥**

ਪਹਿਲੇ ਮੱਛ ਨੇ ਛੋਟਾ ਸਰੀਰ ਧਾਰਿਆ, ਮਗਰੋਂ ਇਤਨਾ ਵੱਡਾ ਹੋ ਗਿਆ ਕਿ ਸਮੁੰਦਰ ਵਿਚ ਵੜ ਕੇ, ਉਸ ਨੂੰ ਚੰਗੀ ਤਰ੍ਹਾਂ ਹਲੂਣਿਆਂ। ਫਿਰ ਹੋਰ ਵੱਡਾ ਹੁੰਦਾ ਗਿਆ। ਸਮੁੰਦਰ ਵਿਚ ਰਹਿਣ ਵਾਲੇ 'ਸੰਖਾਸੁਰ' ਦੈਂਤ ਨੇ ਫਿਰ ਬਹੁਤ ਗੁੱਸਾ ਆਇਆ॥ ੪੦॥

### ਭੁਜੰਗ ਪ੍ਰਯਾਤ ਛੰਦ॥

**ਤਬੈ ਕੋਪ ਗਰਜਿਯੋ ਬਲੀ ਸੰਖ ਬੀਰੰ॥ ਧਰੇ ਸ਼ਸਤ੍ਰ ਅਸਤ੍ਰੰ ਸਜੇ ਲੋਹ ਚੀਰੰ॥**
**ਚਤੁਰ ਬੇਦ ਪਾਤੰ ਕੀਯੋ ਸਿੰਧ ਮੱਧੰ॥ ਤ੍ਰਸਯੋ ਅਸ਼ਟਨੈਣੰ ਕਰਿਯੋ ਜਾਪੁ ਸੁੱਧੰ॥ ੪੧॥**

ਤਦੋਂ 'ਸੰਖ' ਨਾਮ ਵਾਲੇ ਬਹਾਦਰ ਦੈਂਤ ਨੇ ਕ੍ਰੋਧ ਨਾਲ ਲਲਕਾਰਾ ਮਾਰਿਆ, ਜਿਸ ਨੇ ਹੱਥ ਵਿਚ ਸ਼ਸਤਰ ਅਸਤਰ ਅਤੇ ਸਰੀਰ ਉਤੇ ਲੋਹੇ ਦੇ ਸੰਜੋਅ ਪਹਿਨੇ ਹੋਏ ਸਨ। ਜਿਸ ਨੇ ਚਾਰੇ ਵੇਦ ਸਮੁੰਦਰ ਵਿਚ ਡੋਬ ਦਿਤੇ ਸਨ, ਇਸ ਲਈ ਡਰੇ ਹੋਏ ਬ੍ਰਹਮਾ ਨੇ ਸੁੱਧ ਸਰੂਪ ਨਿਰੰਕਾਰ ਦਾ ਸਿਮਰਨ ਕੀਤਾ ਸੀ॥ ੪੧॥

**ਤਬੈ ਸੰਭਰੇ ਦੀਨ ਹੇਤੰ ਦਿਆਲੰ॥ ਧਰੇ ਲੋਹ ਕ੍ਰੋਹੰ ਕ੍ਰਿਪਾ ਕੈ ਕ੍ਰਿਪਾਲੰ॥**
**ਮਹਾ ਅਸਤ੍ਰ ਪਾਤੰ ਕਰੇ ਸ਼ਸਤ੍ਰ ਘਾਤੰ॥ ਟਰੇ ਦੇਵ ਸਰਬੰ ਗਿਰੇ ਲੋਕ ਸਾਤੰ॥ ੪੨॥**

ਤਦੋਂ ਦਿਆਲੂ ਨੇ ਦੀਨਾਂ ਦੇ ਹੇਤੁ ਨੂੰ ਸਮਝਿਆ ਅਤੇ ਕ੍ਰਿਪਾ ਸਰੂਪ ਕ੍ਰਿਪਾਲੂ ਨੇ ਕ੍ਰੋਧ ਅਤੇ

ਸ਼ਸਤਰਾਂ ਨੂੰ ਧਾਰਨ ਕੀਤਾ। ਬਹੁਤ ਅਸਤਰ ਚਲਾਏ, ਅਤੇ ਸ਼ਸਤਰਾਂ ਦੇ ਵਾਰ ਕੀਤੇ, ਜਿਨ੍ਹਾਂ ਦੀ ਮਾਰ ਵੇਖ ਕੇ ਸਾਰੇ ਦੇਵਤੇ ਆਪੋ ਆਪਣੇ ਸਥਾਨਾਂ ਤੋਂ ਹਿਲ ਗਏ ਅਤੇ ਸੱਤੇ ਲੋਕ ਮੂਰਛਤ ਹੋ ਗਏ॥ ੪੨॥

**ਭਏ ਅੱਤ੍ਰਘਾਤੰ ਗਿਰੇ ਚਉਰ ਚੀਰੰ॥ ਰੁਲੇ ਤੱਛ ਮੁੱਛੰ ਉਠੇ ਤਿੱਛ ਤੀਰੰ॥**
**ਗਿਰੇ ਸੁੰਡ ਮੁੰਡੰ ਰਣੰ ਭੀਮ ਰੂਪੰ॥ ਮਨੋ ਖੇਲ ਪਉਢੇ ਹਠੀ ਫਾਗ ਜੂਪੰ॥ ੪੩॥**

ਕਿਤੇ ਅਸਤਰਾਂ ਨਾਲ ਜ਼ਖਮੀ ਹੋਏ ਪਏ ਸਨ, ਜਿਨ੍ਹਾਂ ਦੇ ਸਿਰਾਂ ਤੋਂ ਚੌਰ ਤੇ ਚੀਰੇ ਭਾਵ ਪਗੜੀਆਂ ਡਿੱਗੀਆਂ ਪਈਆਂ ਸਨ। ਕਈ ਵੱਢੇ ਟੁੱਕੇ ਰੁਲ ਰਹੇ ਸਨ, ਕਿਤੇ ਤਿੱਖੇ ਤੀਰ ਚਲ ਰਹੇ ਸਨ ਕਿਤੇ ਹਾਥੀਆਂ ਦੇ ਸੁੰਡ ਤੇ ਸਿਰ ਡਿੱਗੇ ਪਏ ਸਨ, ਇਸ ਤਰ੍ਹਾਂ ਨਾਲ ਯੁੱਧ ਭੂਮੀ ਡਰਾਉਣੇ ਰੂਪ ਵਾਲੀ ਹੋ ਰਹੀ ਸੀ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਹਠੀ ਪੁਰਸ਼ ਜੂਆ ਤੇ ਹੋਲੀ ਖੇਡ ਕੇ ਸੁੱਤੇ ਪਏ ਸਨ॥ ੪੩॥

**ਬਹੇ ਖੱਗਯੰ ਖੇਤ ਖਿੰਗੰ ਸੁ ਧੀਰੰ॥ ਸੁਭੈ ਸ਼ਸਤ੍ਰ ਸੰਜਾਨ ਸੋ ਸੂਰਬੀਰੰ॥**
**ਗਿਰੇ ਗਉਰ ਗਾਜੀ ਖੁਲੇ ਹੱਥਿ ਬੱਥੰ॥ ਨਚਿਯੋ ਰੁਦ੍ਰ ਰੁਦ੍ਰੰ ਨਚੇ ਮੱਛ ਮੱਥੰ॥ ੪੪॥**

ਰਣਭੂਮੀ ਵਿਚ ਸੂਰਮੇ ਘੋੜਿਆਂ ਤੇ ਚੜ੍ਹੇ ਤਲਵਾਰਾਂ ਚਲਾਉਂਦੇ ਸਨ, ਅਤੇ ਸੂਰਬੀਰ ਸ਼ਸਤਰਾਂ ਤੇ ਸੰਜੋਆਂ ਨਾਲ ਸ਼ੋਭਦੇ ਸਨ। ਸੂਰਮੇ ਅਤੇ ਚੁਪਾਏ ਡਿੱਗੇ ਪਏ ਸਨ, ਜਿਨ੍ਹਾਂ ਦੇ ਹੱਥ ਅਤੇ ਲੱਤਾ ਖਿਲਰੀਆਂ ਪਈਆਂ ਸਨ। ਡਰਾਉਣਾ ਸ਼ਿਵਜੀ ਨੱਚ ਰਿਹਾ ਸੀ ਅਤੇ 'ਮੱਛ' ਸਮੁੰਦਰ ਨੂੰ ਮੱਥ ਰਿਹਾ ਸੀ॥ ੪੪॥

## ਰਸਾਵਲ ਛੰਦ॥

**ਮਹਾ ਬੀਰ ਗੱਜੇ॥ ਸੁਭੰ ਸ਼ਸਤ੍ਰ ਸੱਜੇ॥ ਬਧੇ ਗੱਜ ਗਾਹੰ॥ ਸੁ ਹੂਰੰ ਉਛਾਹੰ॥ ੪੫॥**

ਬਹਾਦਰ ਯੋਧੇ ਗੱਜਦੇ ਸਨ। ਜੋ ਸ਼ਸ਼ਤਰਾਂ ਨਾਲ ਸਜੇ ਹੋਏ ਸੋਭਦੇ ਸਨ, ਜਿਨ੍ਹਾਂ ਦੇ ਸਿਰ ਉਤੇ 'ਗਜ ਗਾਹਾ' ਭਾਵ ਗਹਿਣੇ ਬੱਧੇ ਹੋਏ ਸਨ, ਉਨ੍ਹਾਂ ਨੂੰ ਵੇਖ ਕੇ ਹੂਰਾਂ ਉਤੇਜਤ ਹੋ ਰਹੀਆਂ ਸਨ॥ ੪੫॥

**ਢਲਾ ਢੂਕ ਢਾਲੰ॥ ਝਮੀ ਤੇਗ ਕਾਲੰ॥ ਕਟਾ ਕਾਟ ਬਾਹੈਂ॥ ਉਭੈ ਜੀਤ ਚਾਹੈਂ॥ ੪੬॥**

ਢਾਲਾਂ ਦੀ 'ਢੱਕ ਢੱਕ' ਅਵਾਜ਼ ਨਿਕਲਦੀ ਸੀ। ਕਾਲੇ ਬੱਦਲਾਂ ਵਿਚ ਬਿਜਲੀ ਵਾਂਗੂੰ ਤੇਗਾਂ ਚਮਕਦੀਆਂ ਸਨ। ਕਟਾ ਵੱਢ ਕਰੀ ਜਾਣ ਵਾਲੀਆਂ ਤਲਵਾਰਾਂ ਚਲਾਉਂਦੇ ਸਨ, ਦੋਹਾਂ ਪਾਸਿਆਂ ਦੇ ਸੂਰਮੇ ਆਪੋ ਆਪਣੀ ਜਿੱਤ ਚਾਹੁੰਦੇ ਸਨ॥ ੪੬॥

**ਮੁਖੰ ਮੁੱਛ ਬੰਕੀ॥ ਤਮੰ ਤੇਗ ਅਤੰਕੀ॥ ਫਿਰੈਂ ਗਉਰ ਗਾਜੀ॥ ਨਚੈਂ ਤੁੰਦ ਤਾਜੀ॥ ੪੭॥**

ਬਹਾਦਰਾਂ ਦੇ ਮੂੰਹਾਂ ਉਤੇ ਟੇਡੀਆਂ ਮੁੱਛਾਂ ਸ਼ੋਭ ਰਹੀਆਂ ਸਨ, ਹੱਥਾਂ ਵਿਚ ਕ੍ਰੋਧ ਭਰੀਆਂ ਅਤੇ ਡਰਾਉਣੀਆਂ ਤਲਵਾਰਾਂ ਸਨ। ਇਸ ਤਰ੍ਹਾਂ ਦੇ ਬਹਾਦਰ ਯੋਧੇ ਫਿਰਦੇ ਸਨ ਜਿਨ੍ਹਾਂ ਦੇ ਗੁੱਸੇ ਭਰੇ ਘੋੜੇ ਨੱਚਦੇ ਸਨ॥ ੪੭॥

**ਭੁਜੰਗ ਛੰਦ॥ ਭਰਜੋ ਰੋਸ ਸੰਖਾਸੁਰੰ ਦੇਖ ਸੈਣੰ॥ ਤਪੇ ਬੀਰ ਬਕਤ੍ਰੰ ਕੀਏ ਰਕਤ ਨੈਣੰ॥**
**ਭੁਜਾ ਠੋਕ ਭੂਪੰ ਕਰਜੋ ਨਾਦ ਉੱਚੰ॥ ਸੁਣੇ ਗਰਭਣੀਆਨ ਕੇ ਗਰਭ ਮੁੱਚੰ॥੪੮॥**

ਦੇਵਤਿਆਂ ਦੀ ਸੈਨਾਂ ਵੇਖ ਕੇ 'ਸੰਖਾਸੁਰ ਦੈਂਤ' ਕ੍ਰੋਧ ਨਾਲ ਭਰ ਗਿਆ, ਜਿਸ ਕਰਕੇ ਸੂਰਮੇ ਦਾ ਬਕਤਰ ਭਾਵ ਮੂੰਹ ਤਪ ਗਿਆ ਅਤੇ ਅੱਖਾਂ ਲਾਲ ਹੋ ਗਈਆਂ। ਬਾਹਾਂ ਉਤੇ ਥਾਪੀ ਮਾਰ ਕੇ ਰਾਜੇ ਸੰਖਾਸੁਰ ਨੇ ਉੱਚੀ ਲਲਕਾਰਾ ਮਾਰਿਆ, ਜਿਸਦੀ ਅਵਾਜ਼ ਸੁਣ ਕੇ ਕਈ ਗਰਭਵਤੀ ਇਸਤਰੀਆਂ ਦੇ ਗਰਭ ਪਾਤ ਹੋ ਗਏ॥ ੪੮॥

**ਭੁਜੰਗ॥ ਲਗੇ ਠਾਮ ਠਾਮੰ ਦਮਾਮੰ ਦਮੰਕੇ॥ ਖੁਲੇ ਖੇਤ ਮੋ ਖੱਗ ਖੂਨੀ ਖਿਮੰਕੇ॥**
**ਭਏ ਕੂਰੰ ਭਾਂਤੰ ਕਮਾਣੰ ਕੜੱਕੇ॥ ਨਚੇ ਬੀਰ ਬੈਤਾਲ ਭੂਤੰ ਭੁੜੱਕੇ॥੪੯॥**

ਜਗ੍ਹਾਂ ਜਗ੍ਹਾਂ ਤੇ ਦਮਾਮੰ ਭਾਵ ਧੌਂਸੇ ਵੱਜਣ ਲੱਗੇ। ਮੈਦਾਨ ਵਿਚ ਲਹੂ ਭਰੀਆਂ ਤਲਵਾਰਾਂ ਚਮਕਣ ਲਗੀਆਂ। ਯੋਧੇ ਡਰਾਉਣੀ ਤਰ੍ਹਾਂ ਦੇ ਹੋ ਗਏ ਅਤੇ ਕਮਾਨਾਂ ਕੜਕਨ ਲੱਗ ਪਈਆਂ। ਭੂਤਾਂ ਪ੍ਰੇਤਾਂ ਬੀਰਾਂ ਦੇ ਝੁੰਡਾਂ ਦੇ ਝੁੰਡ ਨੱਚਣ ਲੱਗੇ॥ ੪੯॥

**ਭੁਜੰਗ॥ ਗਿਰਜੋ ਆਯੁਧੰ ਸਾਯੁਧੰ ਬੀਰ ਖੇਤੰ॥ ਨਚੇ ਕੰਧ ਹੀਣੰ ਕਮੱਧੰ ਅਚੇਤੰ॥**
**ਖੁਲੇ ਖੱਗ ਖੂਨੀ ਖਿਜਾਲੰ ਖਤੰਗੰ॥ ਭਜੇ ਕਾਤਰੰ ਸੂਰ ਬੱਜੇ ਨਿਹੰਗੰ॥੫੦॥**

ਕਈ ਸ਼ਸਤਰ ਤੇ ਅਸਤਰਾਂ ਸਣੇ ਸੂਰਮੇ ਰਣਭੂਮੀ ਵਿਚ ਡਿੱਗੇ ਪਏ ਸਨ ਕਿਤੇ ਸਿਰ ਤੋਂ ਬਿਨਾਂ ਧੜ ਬੇ ਖਬਰ ਨੱਚ ਰਹੇ ਸਨ। ਖੂਨ ਦੀਆਂ ਭਰੀਆਂ ਨੰਗੀਆਂ ਤਲਵਾਰਾਂ ਅਤੇ ਤੀਰਾਂ ਦਾ ਖਿਆਲ ਕਰਕੇ, ਕਾਇਰ ਭੱਜੇ ਜਾਂਦੇ ਸਨ ਅਤੇ ਨਿਧੜਕ ਸੂਰਮੇ ਲਲਕਾਰੇ ਮਾਰਦੇ ਸਨ॥ ੫੦॥

**ਭੁਜੰਗ॥ ਕਟੇ ਚਰਮ ਬਰਮੰ ਗਿਰਿਯੋ ਸ਼ੱਤ੍ਰੂ ਸ਼ਸਤ੍ਰੰ॥ ਭਕੇ ਭੈ ਭਰੇ ਭੂਤ ਭੂਮੰ ਨ੍ਰਿਸਤ੍ਰੰ॥**
**ਰਣੰ ਰੰਗ ਰਤੇ ਸਭੀ ਰੰਗ ਭੂਮੰ॥ ਗਿਰੇ ਜੁਧ ਮੱਧੰ ਬਲੀ ਝੂਮ ਝੂਮੰ॥੫੧॥**

ਸੰਜੋਆਂ ਤੇ ਢਾਲਾਂ ਟੁੱਟ ਗਈਆਂ, ਸ਼ਸਤਰਾਂ ਦੀ ਮਾਰ ਨਾਲ ਵੈਰੀ ਡਿੱਗ ਪਏ। ਭੈ ਭਾਵ ਡਰ ਦੇ ਭਰੇ ਹੋਏ ਭੂਤ ਪ੍ਰੇਤ ਅਤੇ ਨ੍ਰਿਸਤ੍ਰੰ ਭਾਵ ਅਸਤਰਾਂ ਤੋਂ ਹੀਣੇ ਸੂਰਮੇ ਧਰਤੀ ਉੱਤੇ ਡਿੱਗੇ ਹੋਏ ਬੋਲਦੇ ਸਨ। ਰਣ ਭੂਮੀ ਵਿਚ ਸਾਰੇ ਯੁੱਧ ਦੇ ਰੰਗ ਵਿਚ ਰੱਤੇ ਹੋਏ ਸਨ ਤੇ ਜੰਗ ਵਿਚ ਸੂਰਮੇ ਝੂਮ ਝੂਮਕੇ ਡਿੱਗ ਰਹੇ ਸਨ॥ ੫੧॥

**ਭੁਜੰਗ॥ ਭਯੋ ਦ੍ਵੰਦ ਜੁੱਧੰ ਰਣੰ ਸੰਖ ਮੱਛੰ॥ ਮਨੋ ਦੋ ਗਿਰੰ ਜੁੱਧ ਜੁੱਟੇ ਸਪੱਛੰ॥**
**ਕਟੇ ਮਾਸ ਟੁੱਕੰ ਭਖੇ ਗਿੱਧ ਬ੍ਰਿਧੰ॥ ਹਸੀ ਜੋਗਣੀ ਚਉਸਠਾ ਸੂਰ ਸੁੱਧੰ॥੫੨॥**

ਸੰਖਾਸੁਰ ਤੇ 'ਮੱਛ' ਦੋਹਾਂ ਦਾ ਰਣ ਵਿਚ ਦ੍ਵੰਦ ਯੁੱਧ ਹੋਣ ਲੱਗਾ। ਜੋ ਇਉਂ ਮਲੂਮ ਹੁੰਦਾ ਸੀ, ਕਿ ਮਾਨੋ ਖੰਭਾਂ ਵਾਲੇ ਦੋ ਪਹਾੜ ਯੁੱਧ ਵਿਚ ਜੁਟੇ ਹੋਏ ਸਨ। ਮੱਛ ਨੇ ਸੰਖ ਦੇ ਟੋਟੇ ਟੋਟੇ ਮਾਸ

ਕੱਟਿਆ ਜੋ ਵੱਡੀਆਂ ਇਲਾਂ ਖਾਂਦੀਆਂ ਸਨ ਤੇ ਚੌਸਠ ਕਲਜੋਗਣੀਆਂ ਤੇ ਸੂਰਮੇ ਦੋਹਾਂ ਦਾ ਜੰਗ ਵੇਖ ਦੇ ਹੱਸ ਰਹੇ ਸਨ॥ ੫੨॥

**ਭੁਜੰਗ॥ ਕੀਯੋ ਉਧਾਰ ਬੇਦੰ ਹਤੇ ਸੰਖ ਬੀਰੰ॥ ਤਜਯੋ ਮੱਛ ਰੂਪੰ ਸਜਯੋ ਸੁੰਦ੍ਰ ਚੀਰੰ॥**
**ਸਭੈ ਦੇਵ ਥਾਪੇ ਕੀਯੋ ਦੁਸ਼ਟ ਨਾਸੰ॥ ਟਰੇ ਸਰਬ ਦਾਨੋ ਭਰੇ ਜੀਵ ਤ੍ਰਾਸੰ॥ ੫੩॥**

ਦੈਂਤ 'ਸੰਖ' ਨੂੰ ਮਾਰ ਕੇ ਮੱਛ ਜੀ ਨੇ ਵੇਦਾਂ ਦਾ ਉਧਾਰ ਕੀਤਾ ਤੇ ਮੱਛ ਰੂਪ ਤਿਆਗ ਦਿੱਤਾ ਅਤੇ ਸੁੰਦਰ ਬਸਤਰ ਸਜਾ ਲਏ। ਸਾਰੇ ਦੇਵਤੇ ਆਪੋ ਆਪਣੇ ਥਾਂ ਸਿਰ ਕਾਇਮ ਕੀਤੇ ਅਤੇ ਦੁਸ਼ਟਾਂ ਦਾ ਨਾਸ ਕਰ ਦਿੱਤਾ। ਸਾਰੇ ਦੈਂਤ ਮਿਟ ਗਏ, ਜਿਨ੍ਹਾਂ ਦੇ ਡਰ ਨਾਲ ਸਾਰੇ ਜੀਵ ਭਰੇ ਹੋਏ ਸਨ॥ ੫੩॥

**ਤ੍ਰਿਭੰਗੀ ਛੰਦ॥ ਸੰਖਾਸੁਰ ਮਾਰੇ ਬੇਦ ਉਧਾਰੇ ਸ਼ੱਤ੍ਰ ਸੰਘਾਰੇ ਜਸੁ ਲੀਨੋ॥**
**ਦੇਵੇ ਸੁ ਬੁਲਾਯੋ ਰਾਜ ਬਿਠਾਯੋ ਛਤ੍ਰ ਫਿਰਾਯੋ ਸੁਖ ਦੀਨੋ॥**
**ਕੋਟੰ ਬਜੇ ਬਾਜੇ ਸੁਰ ਸਭ ਗਾਜੇ ਸੁਭ ਘਰਿ ਸਾਜੇ ਸ਼ੋਕ ਹਰੇ॥**
**ਦੈ ਕੋਟਕ ਦਛਨਾ ਕ੍ਰੋਰ ਪ੍ਰਦਛਨਾ ਆਨਿ ਸੁ ਮੱਛ ਕੇ ਪਾਇ ਪਰੇ॥ ੫੪॥**

'ਸੰਖ' ਦੈਂਤ ਨੂੰ ਮਾਰ ਕੇ, ਮੱਛ ਅਵਤਾਰ ਨੇ ਵੇਦਾਂ ਦਾ ਉਧਾਰ ਕੀਤਾ, ਵੈਰੀਆਂ ਦਾ ਨਾਸ ਕੀਤਾ ਅਤੇ ਵਡਾ ਜਸ ਖਟਿਆ। ਇੰਦ੍ਰ ਨੂੰ ਬੁਲਾਇਆ ਅਤੇ ਰਾਜ ਤਖਤ ਤੇ ਬਿਠਾਇਆ। ਸਿਰ ਤੇ ਛੱਤ੍ਰ ਫਿਰਾਇਆ ਤੇ ਸੁੱਖ ਦਿੱਤਾ। ਕ੍ਰੋੜਾਂ ਤਰ੍ਹਾਂ ਦੇ ਵਾਜੇ ਵੱਜੇ। ਘਰ ਵਿਚ ਸ਼ੁਭ ਕਾਜ ਹੋਏ ਤੇ ਸ਼ੋਕ ਮਿਟ ਗਏ। ਦੇਵਤਿਆਂ ਨੇ ਕ੍ਰੋੜਾਂ ਭੇਟਾ ਦਿੱਤੀਆਂ, ਕ੍ਰੋੜਾਂ ਪ੍ਰਦਖਣਾਂ ਕੀਤੀਆਂ ਤੇ ਸਭਨਾਂ ਨੇ ਆਣ ਕੇ ਮੱਛ ਜੀ ਦੇ ਪਾਇ ਭਾਵ ਚਰਨ ਫੜ ਲਏ॥ ੫੪॥

ਭਾਵਾਰਥ :- ਸੰਖ ਵਿਚੋਂ ਜੰਮਿਆ ਹੋਣ ਕਰਕੇ ਇਕ ਦੈਂਤ 'ਸੰਖਾਸੁਰ' ਨਾਮ ਨਾਲ ਪ੍ਰਸਿਧ ਹੋਇਆ। ਇਕ ਕਲਪ ਦੇ ਅੰਤ ਵਿਚ, ਜਦ ਕਿ ਬ੍ਰਹਮਾ ਸੁੱਤਾ ਪਿਆ ਸੀ, ਸੰਖਾਸੁਰ ਦੇਵਤਿਆਂ ਨੂੰ ਜਿੱਤ ਕੇ, ਵੇਦਾਂ ਨੂੰ ਲੈ ਕੇ ਸਮੁੰਦਰ ਵਿਚ ਚਲਾ ਗਿਆ। ਸਤਪਥ ਬ੍ਰਾਹਮਣ ਵਿਚ ਇਸ ਦਾ ਨਾਮ 'ਹਯਗ੍ਰੀਵ' ਲਿਖਿਆ ਹੈ। ਜਦ ਇਸ ਤਰ੍ਹਾਂ 'ਹਯਗ੍ਰੀਵ' ਨੇ ਵੇਦਾਂ ਨੂੰ ਹੜੱਪ ਕਰ ਲਿਆ ਤਾਂ ਉਨ੍ਹਾਂ ਦੇ ਛੁਟਕਾਰੇ ਲਈ ਭਗਵਾਨ ਨੇ ਹਿਲਸ਼ਾ ਨਾਮ ਦੇ ਮੱਛ ਦਾ ਰੂਪ ਧਾਰਨ ਕੀਤਾ।

ਉਸ ਸਮੇਂ ਰਾਜਰਿਖੀ ਸਤਜਬ੍ਰਤ ਭਗਵਤ ਪ੍ਰਾਪਤੀ ਦੇ ਵਾਸਤੇ ਕੇਵਲ ਪਾਣੀ ਪੀ ਕੇ ਕਠਨ ਤਪ ਕਰ ਰਿਹਾ ਸੀ। ਇਕ ਦਿਨ ਉਹ ਕ੍ਰਿਤ-ਮਾਲਾ ਨਦੀ ਵਿਚ ਜਾਕੇ ਤਪ ਕਰਨ ਲੱਗਾ, ਉਸ ਵੇਲੇ ਉਸਦੇ ਬੁੱਕ ਵਿਚ ਇਕ ਛੋਟੀ ਜਿਹੀ ਮੱਛੀ ਆ ਗਈ। ਰਾਜੇ ਨੇ ਜਲਾਂਜਲਿ ਦੇ ਨਾਲ ਹੀ ਉਸ ਨੂੰ ਵੀ ਨਦੀ ਦੇ ਵਿਚ ਛੱਡ ਦਿੱਤਾ, ਤਦ ਉਹ ਮੱਛੀ ਕਹਿਣ ਲੱਗੀ :-

ਹੇ ਰਾਜਨ! ਮੱਛੀ ਮਾਰਨ ਵਾਲੇ ਜੰਤੂਆਂ ਤੋਂ ਮੇਰੀ ਰਖਿਆ ਕਰੋ, ਨਹੀਂ ਤਾਂ ਉਹ ਮੈਨੂੰ ਖਾ ਜਾਣਗੇ। ਇਹ ਸੁਣ ਕੇ ਸਤਜਬ੍ਰਤ ਨੇ ਉਸ ਨੂੰ ਆਪਣੇ ਕਮੰਡਲ ਵਿਚ ਪਾ ਲਿਆ ਅਤੇ ਆਸ਼ਰਮ ਵਿਚ ਲੈ ਆਇਆ। ਉਥੇ ਆਣ ਕੇ ਉਹ ਇਕ ਹੀ ਰਾਤ ਵਿਚ ਏਨੀ ਵਧ ਗਈ, ਕਿ ਕਮੰਡਲ ਵਿਚ

ਉਸ ਨੂੰ ਇਕ ਖੂਹ ਵਿਚ ਸੁਟ ਦਿੱਤਾ। ਉਥੇ ਉਹ ਤਿੰਨ ਹੀ ਘੜੀਆਂ
ਨਾ ਸਮਾਈ ਤਾਂ ਰਾਜ ਰਿਖੀ ਨੇ ਉਸ ਨੂੰ ਇਕ ਖੂਹ ਵਿਚ ਸੁਟ ਦਿੱਤਾ। ਉਸ ਨੂੰ ਸੌ ਜੋਜਨ ਲੰਬੇ, ਚੌੜੇ ਤਲਾਉ ਵਿਚ ਪਾ
ਵਿਚ ਖੂਹ ਜੇਡੀ ਹੋ ਗਈ ਤਾਂ ਰਾਜ ਰਿਖੀ ਨੇ ਉਸ ਨਾਲ ਭਰ ਗਿਆ। ਇਹ ਵੇਖ ਕੇ
ਦਿੱਤਾ। ਪਰ ਉਥੇ ਵੀ ਉਹ ਏਨੀ ਵਧ ਗਈ ਕਿ ਤਲਾਉ ਵਿਚ ਆਪ ਨੇ ਏਡੇ ਵਡੇ
ਰਾਜ ਰਿਖੀ ਨੇ ਪੁਛਿਆ-ਭਗਵਾਨ! ਆਪ ਕੌਣ ਹੋ? ਇਕ ਹੀ ਦਿਨ ਹੋਵੋ?
ਲੰਮੇ ਚੌੜੇ ਤਲਾਉ ਨੂੰ ਢੱਕ ਲਿਆ ਹੈ। ਹੋ ਸਕਦਾ ਹੈ, ਆਪ ਕੋਈ ਅਵਤਾਰ

ਇਹ ਸੁਣ ਕੇ ਮੱਛੀ ਨੇ ਉੱਤਰ ਦਿੱਤਾ-"ਅੱਜ ਤੋਂ ਸਤਵੇਂ ਦਿਨ ਇਹ ਸਾਰੀ ਪ੍ਰਿਥਵੀ ਹੇਠਲੇ ਉਪਰਲੇ ਲੋਕਾਂ ਸਣੇ ਜਲ ਨਾਲ ਜਲ ਰੂਪ ਹੋ ਜਾਏਗੀ। ਉਸ ਵੇਲੇ ਤੇਰੇ ਕੋਲ ਇਕ ਬੇੜੀ ਆਵੇਗੀ। ਉਸ ਦੇ ਆਉਂਦੇ ਹੀ ਤੂੰ ਉਸ ਉਤੇ ਸਵਾਰ ਹੋ ਕੇ ਉਸ ਨੂੰ ਮੇਰੇ ਸਿੰਙ ਨਾਲ ਬੰਨ੍ਹ ਦੇਵੀਂ।" ਇਹ ਕਹਿ ਕੇ ਉਹ ਮੱਛੀ ਅਲੋਪ ਹੋ ਗਈ।

ਸਤਵੇਂ ਦਿਨ ਸਤਜਬ੍ਰਤ ਆਸਣ ਤੇ ਬੈਠ ਕੇ ਮੱਛਾਵਤਾਰ ਦਾ ਧਿਆਨ ਕਰਨ ਲੱਗਾ। ਵੇਖਦੇ ਵੇਖਦੇ ਹੀ ਸਮੁੰਦਰ ਉਛਲ ਆਇਆ ਅਤੇ ਬੜਾ ਮੀਂਹ ਵਸਣ ਲੱਗ ਪਿਆ। ਜਿਸ ਕਰਕੇ ਸਾਰਾ ਜਗਤ ਜਲ ਨਾਲ ਭਰ ਗਿਆ। ਏਨੇ ਵਿਚ ਇਕ ਬੇੜੀ ਆਈ, ਉਸ ਵਿਚ ਸੱਤਾਂ ਰਿਖੀਆਂ ਸਣੇ ਸਤਜਬ੍ਰਤ ਬੈਠ ਗਿਆ ਅਤੇ ਉਸਤਤਿ ਕਰਨ ਲੱਗਾ। ਉਸ ਵੇਲੇ ਇਕ ਸਿੰਙਾਂ ਵਾਲਾ ਵਡਾ ਮੱਛ ਦਿਖਾਈ ਦਿੱਤਾ। ਰਾਜਾ ਰਿਖੀ ਨੇ ਤੁਰੰਤ ਹੀ ਉਸ ਦੇ ਸਿੰਙ ਨਾਲ ਬੇੜੀ ਬੰਨ੍ਹ ਦਿੱਤੀ, ਉਹ ਉਸ ਨੂੰ ਵੱਡੇ ਵੇਗ ਨਾਲ ਖਿੱਚ ਕੇ ਲੈ ਗਿਆ ਅਤੇ ਬ੍ਰਾਹਮੀ ਨਿਸ਼ਾਂ ਵਿਚ ਉਸਨੇ ਉਨ੍ਹਾਂ ਨੂੰ ਤਤ੍ਵ ਉਪਦੇਸ਼ ਕੀਤਾ। ਅੰਤ ਵਿਚ ਹਯਗ੍ਰੀਵ ਸੰਖਾਸੁਰ ਨੂੰ ਮਾਰ ਕੇ, ਵੇਦ ਲਿਆ ਕੇ ਬ੍ਰਹਮਾ ਨੂੰ ਦਿੱਤੇ ਅਤੇ ਆਪ ਮੱਛ ਰੂਪ ਤੋਂ ਨਿਜ ਸਰੂਪ ਹੋ ਕੇ ਨਿਜ ਸਥਾਨ ਨੂੰ ਚਲੇ ਗਏ।

ਮੱਛ ਅਵਤਾਰ ਨੇ ਜੋ ਤਤ੍ਵ ਦਾ ਉਪਦੇਸ਼ ਕਿਹਾ ਸੀ, ਉਸ ਦਾ ਨਾਮ 'ਮਤਸ ਪੁਰਾਣ' ਹੈ, ਜਿਸ ਦੀ ਗਿਣਤੀ ਅਠਾਰਾਂ ਮਹਾਂ ਪੁਰਾਣਾਂ ਵਿਚ ਦੱਸੀ ਹੈ।

ਇਹ ਮੱਛ ਅਵਤਾਰ ਸਤਯੁਗ ਵਿਚ ਹੋਇਆ ਸੀ। ਇਸ ਦਾ ਹੇਠਲਾ ਧੜ ਰੋਹੂ ਮੱਛੀ ਜਿਹਾ, ਉਪਰਲਾ ਹਿਸਾ ਮਨੁਖ ਜਿਹਾ ਅਤੇ ਰੰਗ ਕਾਲਾ ਸੀ। ਇਸ ਦੇ ਸਿਰ ਵਿਚ ਸਿੰਙ ਸਨ, ਚਾਰ ਹੱਥ ਸਨ। ਛਾਤੀ ਤੇ ਲਛਮੀ ਸੀ ਅਤੇ ਸਾਰੇ ਸਰੀਰ ਉਤੇ ਕਮਲ ਦੇ ਨਿਸ਼ਾਨ ਸਨ।

ਮਹਾਂ ਭਾਰਤ ਵਿਚ ਲਿਖਿਆ ਹੈ, ਕਿ ਪੁਰਾਣੇ ਜ਼ਮਾਨੇ ਵਿਚ ਵਿਵਸ੍ਵਾਨ ਦੇ ਪੁੱਤਰ ਵੈਵਸ੍ਵਤ ਮਨੁ ਇਕ ਬਹੁਤ ਹੀ ਪ੍ਰਸਿਧ ਅਤੇ ਵਡੇ ਤਪਸ੍ਵੀ ਸਨ। ਇਕ ਵਾਰੀ ਇਕ ਛੋਟੀ ਮੱਛੀ ਨੇ ਆ ਕੇ ਉਸ ਨੂੰ ਕਿਹਾ - 'ਮੈਨੂੰ ਵਡੀਆਂ ਵਡੀਆਂ ਮੱਛੀਆਂ ਬਹੁਤ ਸਤਾਉਂਦੀਆਂ ਹਨ। ਆਪ ਉਨ੍ਹਾਂ ਤੋਂ ਮੇਰੀ ਰਖਿਆ ਕਰੋ।' ਮਨੁ ਨੇ ਉਸ ਨੂੰ ਇਕ ਘੜੇ ਵਿਚ ਰਖ ਦਿੱਤਾ ਅਤੇ ਉਹ ਦਿਨ ਬਦਿਨ ਵਧਣ ਲੱਗੀ। ਜਦ ਉਹ ਬਹੁਤ ਵਧ਼ ਗਈ, ਤਦ ਮਨੁ ਨੇ ਉਸ ਨੂੰ ਇਕ ਖੂਹ ਵਿਚ ਪਾ ਦਿੱਤਾ। ਜਦ ਉਹ ਹੋਰ ਵਡੀ ਹੋਈ, ਤਦ ਉਨ੍ਹਾਂ ਨੇ ਉਸ ਨੂੰ ਗੰਗਾ ਵਿਚ ਛਡ ਦਿੱਤਾ। ਪਰ ਅੰਤ ਨੂੰ ਉਸ ਨੂੰ ਉਥੋਂ ਵੀ ਕੱਢ ਕੇ ਸਮੁੰਦਰ ਵਿਚ ਪਹੁੰਚਾ ਦਿੱਤਾ। ਸਮੁੰਦਰ ਵਿਚ ਪਹੁੰਚਿਆਂ ਹੀ ਉਸ ਮੱਛੀ ਨੇ ਹੱਸਦੇ ਹੱਸਦੇ ਕਿਹਾ ਛੇਤੀ ਹੀ ਪ੍ਰਲੋਯ ਕਾਲ ਆਉਣ ਵਾਲਾ ਹੈ। ਇਸ ਲਈ ਆਪ ਇਕ ਚੰਗੀ ਅਤੇ ਮਜ਼ਬੂਤ ਬੇੜੀ ਬਣਵਾ ਲਵੋ ਅਤੇ ਸੱਤਾਂ ਰਿਖੀਆਂ ਸਮੇਤ ਉਸ ਤੇ ਸਵਾਰ ਹੋ ਜਾਓ। ਸਭ ਚੀਜ਼ਾਂ ਦੇ ਬੀਜ

ਵੀ ਆਪਣੇ ਪਾਸ ਰਖ ਲੌ ਅਤੇ ਉਸ ਬੇੜੀ ਵਿਚ ਬੈਠਕੇ ਮੇਰੀ ਉਡੀਕ ਕਰੋ। ਵੈਵਸੁਤ ਮਨੁ ਨੇ ਅਜਿਹਾ ਹੀ ਕੀਤਾ। ਜਦ ਪ੍ਰਲੋਅ ਕਾਲ ਆਇਆ ਅਤੇ ਸਾਰਾ ਸੰਸਾਰ ਜਲ ਵਿਚ ਲੁਪਤ ਹੋ ਗਿਆ, ਤਦ ਉਹ ਲੰਮੀ-ਚੌੜੀ ਮੱਛੀ ਉਨ੍ਹਾਂ ਨੂੰ ਨਜ਼ਰ ਆਈ। ਉਨ੍ਹਾਂ ਨੇ ਆਪਣੀ ਬੇੜੀ ਉਸ ਮੱਛੀ ਦੇ ਸਿੰਙ ਨਾਲ ਬੰਨ੍ਹ ਦਿੱਤੀ। ਕੁਝ ਦਿਨਾਂ ਮਗਰੋਂ ਉਹ ਮੱਛੀ ਉਸ ਬੇੜੀ ਨੂੰ ਖਿੱਚ ਕੇ ਹਿਮਾਲੇ ਦੇ ਸਭ ਤੋਂ ਉੱਚੇ ਸਿਖਰ ਤੇ ਲੈ ਗਈ। ਉਥੇ ਵੈਵਸੂਵ ਮਨੁ ਅਤੇ ਸੱਤਾਂ ਰਿਖੀਆਂ ਨੇ ਉਸ ਮੱਛੀ ਦੇ ਕਹਿਣ ਨਾਲ ਆਪਣੀ ਬੇੜੀ ਉਸ ਦੇ ਸਿਖਰ ਨਾਲ ਬੰਨ੍ਹ ਦਿੱਤੀ। ਇਸੇ ਕਰ ਕੇ ਉਹ ਸਿਖਰ ਅਜ ਤਕ 'ਨੌਕਾ ਬੰਧਨ' ਕਹਾਉਂਦਾ ਹੈ। ਉਸ ਵੇਲੇ ਉਸ ਮੱਛੀ ਨੇ ਕਿਹਾ-ਮੈਂ ਆਪ ਪ੍ਰਜਾਪਤਿ ਬ੍ਰਹਮਾ ਹਾਂ, ਮੈਂ ਤੁਸਾਂ ਲੋਕਾਂ ਦੀ ਰਖਿਆ ਕਰਨ ਅਤੇ ਸੰਸਾਰ ਦੀ ਨਵੇਂ ਸਿਰਿਓਂ ਰਚਨਾ ਕਰਨ ਦੇ ਵਾਸਤੇ ਮੱਛ ਦਾ ਅਵਤਾਰ ਧਾਰਨ ਕੀਤਾ ਹੈ। ਹੁਣ ਏਹੀ ਮਨੁ ਦੁਬਾਰਾ ਸਾਰੇ ਸੰਸਾਰ ਦੀ ਰਚਨਾ ਕਰਨਗੇ।' ਇਹ ਕਹਿ ਕੇ ਉਹ ਮੱਛ ਉਥੇ ਹੀ ਅੰਤਰਧਿਆਨ ਹੋ ਗਿਆ।

ਮਤਸਜ ਪੁਰਾਣ ਵਿਚ ਲਿਖਿਆ ਹੈ, ਕਿ ਪੁਰਾਣੇ ਜ਼ਮਾਨੇ ਵਿਚ 'ਮਨੁ' ਨਾਮਕ ਇਕ ਰਾਜੇ ਨੇ ਘੋਰ ਤਪਸਿਆ ਕਰਕੇ ਬ੍ਰਹਮਾ ਤੋਂ ਵਰ ਪ੍ਰਾਪਤ ਕੀਤਾ ਸੀ, ਕਿ ਜਦ ਮਹਾਂ ਪ੍ਰਲੋਅ ਹੋਵੇ, ਤਦ ਮੈਂ ਹੀ ਮੁੜ ਕੇ ਸਾਰੀ ਸ੍ਰਿਸਟੀ ਦੀ ਰਚਨਾਂ ਕਰਾਂ ਅਤੇ ਤਦੋਂ ਪ੍ਰਲੋਅ ਕਾਲ ਆਉਣ ਤੋਂ ਕੁਝ ਵਕਤ ਪਹਿਲੇ ਵਿਸ਼ਨੂੰ ਜੀ ਉਕਤ ਤਰੀਕੇ ਨਾਲ ਮੱਛ ਦਾ ਰੂਪ ਧਾਰ ਕੇ ਉਸ ਦੇ ਪਾਸ ਆਏ ਸਨ। ਭਾਗਵਤ ਆਦਿਕ ਪੁਰਾਣਾ ਵਿਚ ਵੀ ਇਸੇ ਤਰ੍ਹਾਂ ਦੀਆਂ ਕਈ ਕਥਾ ਵੇਖਣ ਵਿਚ ਆਉਂਦੀਆਂ ਹਨ ਤੇ ਸੁਣੀਆਂ ਵੀ ਹਨ।

ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਪ੍ਰਥਮ ਮੱਛ ਅਉਤਾਰ ਸੰਖਾਸੁਰ ਬੱਧਹ ਕਥਨੰ॥ ਸਤੁ ਸੁਭਮ ਸਤੁ॥੧॥੫੪॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਪਹਿਲਾ ਅਵਤਾਰ 'ਮੱਛ' ਅਤੇ ਸੰਖਾਸੁਰ ਦੈਂਤ ਦੇ ਕਤਲ ਦੀ ਕਥਾ ਸਮਾਪਤ॥ ਸਤ ਸ਼ੁਭਮ ਸਤ॥੧॥੫੪॥ ਚਲਦਾ॥

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥
ਸ੍ਰੀ ਭਗਉਤੀ ਜੀ ਸਹਾਇ ॥

# ਦੂਸਰਾ ਅਵਤਾਰ 'ਕੱਛੂ'

## ਭੁਜੰਗ ਪ੍ਰਯਾਤ ਛੰਦ ॥

**ਕਿਤੋ ਕਾਲ ਬੀਤਯੋ ਕਰਯੋ ਦੇਵ ਰਾਜੰ ॥ ਭਰੇ ਰਾਜ ਧਾਮੰ ਸੁਭੰ ਸਰਬ ਸਾਜੰ ॥**
**ਗਜੰ ਬਾਜ ਬੀਣੰ ਬਿਨਾ ਰਤਨ ਭੂਪੰ ॥ ਕਰਯੋ ਬਿਸ਼ਨ ਬੀਚਾਰ ਚਿੱਤੰ ਅਨੂਪੰ ॥ ੧ ॥**

ਕੁਝ ਸਮਾਂ ਦੇਵਤਿਆਂ ਨੂੰ ਰਾਜ ਕਰਦਿਆਂ ਬੀਤ ਗਿਆ। ਸਾਰੇ ਚੰਗੇ ਸਾਜੋ ਸਮਾਨ ਨਾਲ ਰਾਜ ਭਵਨ ਭਰੇ ਹੋਏ ਸਨ ਪਰ ਰਾਜਾ ਹਾਥੀ ਘੋੜੇ ਤੇ ਵਾਜੇ ਆਦਿਕ ਰਤਨਾਂ ਤੋਂ ਖਾਲੀ ਸੀ, ਆਪਣੇ ਚਿੱਤ ਵਿਚ ਵਿਸ਼ਨੂੰ ਜੀ ਨੇ ਇਕ ਮਹਾਂ ਸੁੰਦਰ ਵਿਚਾਰ ਕੀਤਾ ॥ ੧ ॥

**ਸਭੈ ਦੇਵ ਏਕਤ੍ਰ ਕੀਨੇ ਪੁਰਿੰਦ੍ਰੰ ॥ ਸਸੰ ਸੂਰਜੰ ਆਦਿ ਲੈ ਕੇ ਉਪਿੰਦ੍ਰੰ ॥**
**ਹੁਤੇ ਦਈਤ ਜੇ ਲੋਕ ਮੱਧਜੰ ਹੰਕਾਰੀ ॥ ਭਏ ਏਕਠੇ ਭ੍ਰਾਤਿ ਭਾਵੰ ਬਿਚਾਰੀ ॥ ੨ ॥**

ਵਿਸ਼ਨੂੰ ਨੇ ਸਾਰੇ ਦੇਵਤੇ ਇਕੱਠੇ ਕੀਤੇ ਜੋ ਚੰਦ੍ਰਮਾਂ ਸੂਰਜ ਆਦਿਕ ਤੋਂ ਲੈ ਕੇ ਉਪਿੰਦ੍ਰ ਆਦਿ ਤਕ ਸਨ। ਜਿਹੜੇ ਹੰਕਾਰੀ ਦੈਂਤ ਲੋਕ ਸਨ, ਉਹ ਵੀ ਭ੍ਰਾਤ੍ਰੀ ਭਾਵ ਨੂੰ ਵਿਚਾਰ ਕੇ, ਉਨ੍ਹਾਂ ਦੇ ਵਿਚ ਹੀ ਇੱਕਠੇ ਹੋ ਗਏ ॥ ੨ ॥

**ਬਦਯੋ ਅਰਧ ਅਰਧੰ ਦੁਹੂ ਬਾਟਿ ਲੀਬੋ ॥ ਸਭੋ ਬਾਤ ਮਾਨੀ ਯਹੈ ਕਾਮ ਕੀਬੋ ॥**
**ਕਰੋ ਮੱਥਨੀ ਕੂਟ ਮੰਦ੍ਰਾਚਲਏਯੰ ॥ ਤਕਯੋ ਛੀਰ ਸਾਮੁੰਦ੍ਰ ਦੇਐਂ ਅਦੇਯੰ ॥ ੩ ॥**

ਆਪਸ ਵਿਚ ਇਹ ਗੱਲ ਹੋ ਗਈ ਕਿ ਸਮੁੰਦਰ ਨੂੰ ਰਿੜਕਿਆ ਜਾਵੇ ਅਤੇ ਜੋ ਕੁਝ ਨਿਕਲੇਗਾ ਅੱਧੋ ਅੱਧ ਦੋਹਾਂ ਨੂੰ ਵੰਡ ਦਿੱਤਾ ਜਾਵੇ, ਸਾਰਿਆਂ ਨੇ ਇਹ ਗੱਲ ਮਨ ਲਈ ਅਤੇ ਇਹ ਕੰਮ ਕੀਤਾ। ਮੰਦ੍ਰਾਚਲ ਪਰਬਤ ਨੂੰ ਮਧਾਣੀ ਬਣਾ ਲਿਆ ਅਤੇ ਪੱਕੀ ਸਲਾਹ ਕਰਕੇ ਦੇਵਤੇ ਤੇ ਦੈਂਤਾਂ ਨੇ ਖੀਰ ਸਮੁੰਦਰ ਨੂੰ ਜਾ ਕੇ ਵੇਖਿਆ ॥ ੩ ॥

**ਕਰੀ ਮੱਥਕਾ ਬਾਸਕੰ ਸਿੰਧ ਮੱਧੰ ॥ ਮਥੈ ਲਾਗ ਦੋਊ ਭਏ ਅੱਧ ਅੱਧੰ ॥**
**ਸਿਰੰ ਦੈਤ ਲਾਗੈ ਗਹੀ ਪੂਛ ਦੇਵੰ ॥ ਮਥਯੋ ਛੀਰ ਸਿੰਧੈ ਮਨੋ ਮਾਟਕੇਵੰ ॥ ੪ ॥**

ਖੀਰ ਸਮੁੰਦਰ ਵਿਚ ਜੋ ਮੰਦ੍ਰਾਚਲ ਮਧਾਣੀ ਪਈ ਸੀ, ਉਸ ਨੂੰ ਹਿਲਾਉਣ ਵਾਸਤੇ ਬਾਸਕ

ਨਾਗ ਨੂੰ ਨੇਤ੍ਰਾ ਬਣਾਇਆ। ਇਉਂ ਦੋਵੇਂ ਅੱਧੋ ਅੱਧ ਹੋ ਕੇ ਉਸਨੂੰ ਰਿੜਕਣ ਲੱਗੇ। ਸਿਰ ਵਲੋਂ ਦੈਂਤ ਲਗੇ, ਦੇਵਤਿਆਂ ਨੇ ਪੂਛ ਫੜੀ। ਖੀਰ ਸਮੁੰਦਰ ਨੂੰ ਇਉਂ ਰਿੜਕਿਆ, ਜਿਵੇਂ ਚਾਟੀ ਵਿਚ ਦੁੱਧ ਰਿੜਕੀਦਾ ਹੈ॥ ੪॥

## ਇਸੋ ਕਉਣ ਬੀਯੋ ਧਰੇ ਭਾਰੁ ਪੱਬੰ॥ ਉਠੇ ਕਾਂਪ ਬੀਰੰ ਦਿੱਤਜਾਦਿੱਤਜ ਸੱਬੰ॥ ਤਬੈ ਆਪ ਹੀ ਬਿਸ਼ਨ ਮੰਤ੍ਰੰ ਬਿਚਾਰਜੋ॥ ਤਰੇ ਪਰਬਤੰ ਕੱਛਪੰ ਰੂਪ ਧਾਰਜੋ॥੫॥

ਦੂਜਾ ਅਜੇਹਾ ਕੌਣ ਹੈ ਜੋ ਪਰਬਤ ਦੇ ਭਾਰ ਨੂੰ ਸਹਾਰੇਗਾ? ਸਾਰੇ ਦੇਵਤੇ ਤੇ ਦੈਂਤ ਸੂਰਮੇ ਭਾਰ ਨਾਲ ਵਿਆਕੁਲ ਹੋ ਕੇ ਕੰਬ ਉਠੇ। ਤਦ ਵਿਸ਼ਨੂੰ ਨੇ ਆਪ ਹੀ ਇਸ ਵੀਚਾਰ ਨੂੰ ਵਿਚਾਰਿਆ ਕਿ ਮੈਂ ਹੀ ਇਸ ਨੂੰ ਠੱਲਾਂ, ਨਹੀਂ ਤਾਂ ਮੰਦਰਾਚਲ ਸਮੁੰਦਰ ਦੇ ਵਿਚ ਡੁੱਬ ਜਾਏਗਾ। ਇਹ ਸੋਚਦਿਆਂ ਉਹ ਪਹਾੜ ਦੇ ਹੇਠਾਂ ਹੋ ਗਿਆ ਤੇ ਕੱਛੂ ਦਾ ਰੂਪ ਧਾਰ ਲਿਆ॥ ੫॥

ਭਾਵਾਰਥ :- ਭਾਗਵਤ ਵਿਚ ਲਿਖਿਆ ਹੈ ਕਿ ਜਦੋਂ ਦੇਵਤੇ ਦੇ ਦੈਂਤ ਖੀਰ ਸਮੁੰਦਰ ਨੂੰ ਰਿੜਕਣ ਲੱਗੇ ਤਾਂ ਬਾਸ਼ਕ ਨੂੰ ਨੇਤ੍ਰਾ ਤੇ ਮੰਦ੍ਰਾਚਲ ਨੂੰ ਮਧਾਣੀ ਬਣਾਇਆ। ਪਰ ਉਸ ਦੇ ਭਾਰ ਨੂੰ ਕੋਈ ਨਾ ਸਹਾਰ ਸਕਿਆ। ਮੰਦ੍ਰਾਚਲ ਦੇਵਤੇ ਤੇ ਦੈਂਤਾਂ ਨੂੰ ਆਪਣੇ ਭਾਰ ਨਾਲ ਹੇਠਾਂ ਨੂੰ ਡੁਬੋਣ ਲੱਗਾ ਤਾਂ ਜਾਨ ਨੂੰ ਖਤਰੇ ਵਿਚ ਵੇਖਕੇ, ਦੇਵਤੇ ਤੇ ਦੈਂਤ ਕੰਬ ਗਏ। ਉਸ ਵੇਲੇ ਵਿਸ਼ਨੂੰ ਨੇ ਕੱਛੂ ਦਾ ਰੂਪ ਧਾਰ ਕੇ ਮੰਦ੍ਰਾਚਲ ਦੇ ਭਾਰ ਨੂੰ ਥੰਮ ਲਿਆ। ਜਿਸ ਤੋਂ ਖੀਰ ਸਮੁੰਦਰ ਬੜੀ ਆਸਾਨੀ ਨਾਲ ਰਿੜਕਿਆ ਗਿਆ। ਉਸ ਕੱਛੂ ਦੀ ਪਿੱਠ ਇਕ ਲਖ ਜੋਜਨ ਦੀ ਸੀ। ਕਈ ਪੁਰਾਣਾਂ ਵਿਚ ਲਿਖਿਆ ਹੈ ਕਿ ਜਦੋਂ ਵਿਸ਼ਨੂੰ ਦੇ ਕੰਨ ਦੀ ਮੈਲ ਤੋਂ ਮਧੁ ਤੇ ਕੈਟਭ ਪੈਦਾ ਹੋਏ ਸਨ ਅਤੇ ਬ੍ਰਹਮਾ ਨੂੰ ਖਾਣ ਲਈ ਦੌੜੇ ਤਾਂ ਵਿਸ਼ਨੂੰ ਨੇ ਉਨ੍ਹਾਂ ਨੂੰ ਮਾਰ ਦਿੱਤਾ। ਉਨ੍ਹਾਂ ਦੀ ਮਿੱਝ ਤੋਂ ਬ੍ਰਹਮਾ ਨੇ ਧਰਤੀ ਬਣਾਈ ਅਤੇ ਉਨ੍ਹਾਂ ਦੀਆਂ ਹੱਡੀਆਂ ਤੋਂ ਪਹਾੜ ਬਣਾਏ। ਉਨ੍ਹਾਂ ਦੇ ਭਾਰ ਨਾਲ ਧਰਤੀ ਡੱਕੇ ਡੋਲੇ ਖਾਣ ਲੱਗ ਪਈ। ਤਦ ਭਗਵਾਨ ਨੇ ਕੱਛੂ ਰੂਪ ਹੋ ਕੇ ਉਸ ਧਰਤੀ ਨੂੰ ਸਥਿਰ ਰਖਣ ਲਈ ਧਰਤੀ ਹੇਠਾਂ ਪ੍ਰਵੇਸ਼ ਕੀਤਾ। ਵਿਸ਼ਨੂੰ ਜੀ ਦਾ ਏਹੀ ਦੂਜਾ ਅਵਤਾਰ ਹੈ।

ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ, ਦੁਤੀਆ ਕੱਛ ਅਉਤਾਰ ਸੰਪੂਰਨੰ॥ ਸਤੁ ਸੁਭਮ ਸਤੁ॥ ੨॥ ੫॥ ੫੯॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਦੂਸਰਾ ਅਵਤਾਰ 'ਕੱਛੂ' ਸਮਾਪਤ॥ ਸਤ ਸੁਭਮ ਸਤ॥ ੨॥ ੫॥ ੫੯॥ ਚਲਦਾ॥

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥
ਸ੍ਰੀ ਭਗਉਤੀ ਜੀ ਸਹਾਇ ॥

# ਤੀਸਰਾ ਤੇ ਚੌਥਾ ਅਵਤਾਰ 'ਨਰ' 'ਨਰਾਇਣ'

**ਤੋਟਕ ਛੰਦ ॥ ਮਿਲਿ ਦੇਵ ਅਦੇਵਨ ਸਿੰਧ ਮਥਜੋ ॥ ਕਬਿ ਸਜਾਮ ਕਵਿੱਤਨ ਮੱਧ ਕਥਯੋ ॥**
**ਤਬ ਰਤਨ ਚਤੁਰਦਸ ਯੌਂ ਨਿਕਸੇ ॥ ਅਸਤਾਨਿ ਸਮੇ ਸਸ ਸੇ ਬਿਗਸੇ ॥੧॥**

ਮਿਲ ਕੇ ਦੇਵਤੇ ਤੇ ਦੈਂਤਾਂ ਨੇ ਸਮੁੰਦਰ ਨੂੰ ਰਿੜਕਿਆ। ਉਸ ਪ੍ਰਸੰਗ ਨੂੰ 'ਸਯਾਮ' ਕਵੀ ਨੇ ਕਵਿਤਾ ਵਿਚ ਕਥਨ ਕੀਤਾ ਹੈ। ਤਦੋਂ ਚੌਦਾਂ ਰਤਨ ਇਸ ਤਰ੍ਹਾਂ ਨਿਕਲੇ, ਜਿਵੇਂ ਸੰਧਿਆ ਦੇ ਸਮੇਂ ਚੰਦ੍ਰਮਾਂ ਪ੍ਰਕਾਸ਼ਮਾਨ ਹੋਏ ਹੋਣ ॥੧॥

**ਅਮਰਾਂਤਕ ਸੀਸ ਕੀ ਓਰ ਹੂਅੰ ॥ ਮਿਲਿ ਪੂਛ ਗਹੀ ਦਿਸ ਦੇਵ ਦੂਅੰ ॥**
**ਰਤਨੰ ਨਿਕਸੇ ਬਿਗਸੇ ਸਸਿ ਸੇ ॥ ਜਨੁ ਘੂਟਨ ਲੇਤ ਅਮੀ ਰਸ ਕੇ ॥੨॥**

ਦੈਂਤ ਬਾਸਕ ਨਾਗ ਦੇ ਸਿਰ ਵਾਲੇ ਪਾਸੇ ਹੋਏ ਸਨ, ਦੂਜੇ ਪਾਸੇ ਸਾਰੇ ਦੇਵਤਿਆਂ ਨੇ ਮਿਲ ਕੇ ਉਸ ਦੀ ਪੂਛ ਫੜੀ ਸੀ। ਇਉਂ ਸਮੁੰਦਰ ਰਿੜਕਦਿਆਂ ਜੋ ਰਤਨ ਨਿਕਲੇ, ਉਹ ਇੰਝ ਚਮਕ ਰਹੇ ਸਨ ਮਾਨੋ ਚੰਦ੍ਰਮਾਂ ਦਾ ਪ੍ਰਕਾਸ਼ ਹੋਇਆ ਹੋਵੇ, ਜਿਨ੍ਹਾਂ ਨੂੰ ਵੇਖ ਕੇ ਸਾਰੇ ਬਹੁਤ ਪ੍ਰਸੰਨ ਹੋਏ ਮਾਨੋ ਅੰਮ੍ਰਿਤ ਰਸ ਦੇ ਘੁੱਟ ਪੀ ਰਹੇ ਸਨ ॥੨॥

**ਨਿਕਸਜੋ ਧਨੁ ਸਾਇਕ ਸੁੱਧ ਸਿਤੰ ॥ ਮਦੁ ਪਾਨ ਕਢਜੋ ਘਟ ਮਦਯ ਮਤੰ ॥**
**ਗਜ ਬਾਜ ਸੁਧਾ ਲਛਮੀ ਨਿਕਸੀ ॥ ਘਨ ਮੋ ਮਨੋ ਬਿੱਦੁਲਤਾ ਬਿਗਸੀ ॥੩॥**

ਉਨ੍ਹਾਂ ਚੌਦਾਂ ਰਤਨਾਂ ਵਿਚ ਇਕ ਨਿਰੋਲ ਚਿੱਟੇ ਰੰਗ ਦਾ ਧਨੁਖ ਬਾਣ ਨਿਕਲਿਆ, ਫਿਰ ਸ਼ਰਾਬ ਦਾ ਘੜਾ ਨਿਕਲਿਆ, ਇਸ ਤੋਂ ਮਗਰੋਂ ਐਰਾਵਤਿ ਹਾਥੀ, ਉਚੀਸ੍ਰਵਾ ਘੋੜਾ ਅਤੇ ਲਛਮੀ ਇੰਝ ਨਿਕਲੀ ਜਿਵੇਂ ਕਾਲੇ ਬੱਦਲਾਂ ਵਿਚ ਬਿਜਲੀ ਚਮਕੀ ਹੋਵੇ ॥੩॥

**ਕਲਪਾਦ੍ਰੁਮ ਮਾਹੁਰ ਅਉ ਰੰਭਾ ॥ ਜਿਹ ਮੋਹਿ ਰਹੈ ਲਖ ਇੰਦ੍ਰ ਸਭਾ ॥**
**ਮਣਿ ਕੌਸਤਕੰ ਸਸਿ ਰੂਪ ਸੁਭੰ ॥ ਜਿਹ ਭੱਜਤ ਦੈਤ ਬਿਲੋਕ ਜੁਧੰ ॥੪॥**

ਫਿਰ ਕਲਪ ਬ੍ਰਿਛ, ਜ਼ਹਿਰ ਅਤੇ ਰੰਭਾ ਨਾਮ ਦੀ ਅਪੱਛਰਾ ਨਿਕਲੀ ਜਿਸ ਨੂੰ ਵੇਖਦਿਆਂ ਹੀ ਇੰਦਰ ਦੀ ਸਭਾ ਮੋਹਤ ਹੋ ਗਈ। ਫਿਰ ਕੌਤਕ ਮਨੀ ਅਤੇ ਸੁੰਦਰ ਸਰੂਪ ਵਾਲਾ ਚੰਦਰਮਾਂ ਨਿਕਲਿਆ,

ਜਿਸ ਨੂੰ ਵੇਖਦਿਆਂ ਹੀ ਦੈਂਤ ਜੰਗ ਕਰਨ ਲਈ ਭੱਜ ਤੁਰੇ॥੪॥

**ਨਿਕਸੀ ਗਵਰਾਜ ਸੁ ਧੇਨ ਭਲੀ॥ ਜਿਹ ਛੀਨ ਲਯੋ ਸਹਸਾਸਤ੍ਰ ਬਲੀ॥**
**ਗਨ ਰਤਨ ਗਨਉ ਉਪਰਤਨ ਅਬੈ॥ ਤੁਮ ਸੰਤ ਸੁਨੋ ਚਿਤ ਲਾਇ ਸਬੈ॥ ੫॥**

ਮਗਰੋਂ ਰਾਜ ਗਊ ਕਾਮਧੇਨੁ ਨਿਕਲੀ, ਜਿਸ ਨੂੰ ਸਹਸ੍ਰ ਬਾਹੂ ਬਲੀ ਨੇ ਜਮਦਗਨਿ ਰਿਖੀ ਪਾਸੋਂ ਖੋਹ ਲਿਆ ਸੀ। ਇਹ ਸਮੁੰਦਰ ਵਿਚੋਂ ਨਿਕਲੇ ਹੋਏ ਰਤਨ ਗਿਣੇ ਸਨ। ਹੁਣ ਉਪ ਰਤਨ ਗਿਣਦਾ ਹਾਂ ਹੇ ਸਾਰੇ ਸੰਤੋ! ਤੁਸੀਂ ਚਿੱਤ ਲਾ ਕੇ ਸੁਣੋ॥੫॥

**ਗਨ ਜੋਕ ਹਰੀਤਕੀ ਓਰ ਮਧੰ॥ ਜਨ ਪੰਚ ਸੁ ਨਾਮਯ ਸੰਖ ਸੁਭੰ॥**
**ਸਸ ਬੇਲ ਬਿਜਿਯਾ ਅਰ ਚੱਕ੍ਰ ਗਦਾ॥ ਜੁਵਰਾਜ ਬਿਰਾਜੱਤ ਪਾਨ ਸਦਾ॥ ੬॥**

ਜੋਕ, ਹਰੀੜ, ਹਕੀਕ, ਸ਼ਹਿਦ, ਪੰਚਜਨ ਨਾਮਾ ਸੰਖ, ਸੋਮ ਲਤਾ, ਸੁਦਰਸ਼ਨ ਚੱਕ੍ਰ, ਤੇ ਗਦਾ, ਜੋ ਸਦਾ ਹੀ ਜੁਵਰਾਜ ਵਿਸ਼ਨੂੰ ਦੇ ਪਾਣਿ ਹੱਥ ਵਿਚ ਬਿਰਾਜਦੇ ਹਨ॥੬॥

**ਧਨੁ ਸਾਰੰਗ ਨੰਦਗ ਖੱਗ ਭਣੰ॥ ਜਿਨ ਖੰਡਿ ਕਰੈ ਗਨ ਦਈਤ ਰਣੰ॥**
**ਸ਼ਿਵ ਸੂਲ ਬੜਵਾਨਲ ਕਪਲ ਮੁਨੰ॥ ਤ ਧਨੰਤਰ ਚਉਦਸਵੋ ਰਤਨੰ॥ ੭॥**

ਸਾਰੰਗ ਧਨੁਖ, ਤਲਵਾਰ, ਜਿਸ ਨੇ ਜੰਗ ਵਿਚ ਦੈਂਤਾਂ ਦੇ ਝੁੰਡ ਨਾਸ ਕੀਤੇ ਸਨ, ਸ਼ਿਵਜੀ ਦਾ ਪਿਨਾਕ ਨਾਮ ਦਾ ਤ੍ਰਿਸੂਲ, ਬੜਵਾ ਅਗਨੀ, ਕਪਿਲ ਮੁਨੀ ਅਤੇ ਧਨੰਤਰ ਚੌਦਵਾਂ ਰਤਨ ਦੇ ਰੂਪ ਵਿਚ ਨਿਕਲਿਆ॥੭॥

**ਗਨ ਰਤਨ ਉਪਰਤਨ ਔ ਧਾਤ ਗਨੋ॥ ਕਹਿ ਧਾਤ ਸਭੈ ਉਪਧਾਤ ਭਨੋ॥**
**ਸਭ ਨਾਮ ਜਥਾ ਮਤ ਸਜਾਮ ਧਰੇ॥ ਘਟ ਜਾਨ ਕਵੀ ਜਿਨ ਨਿੰਦ ਕਰੋ॥ ੮॥**

ਰਤਨ ਤੇ ਉਪਰਤਨ ਗਿਣੇ ਹਨ ਅਤੇ ਹੁਣ ਧਾਤਾਂ ਗਿਣਦਾ ਹਾਂ, ਸਮੁੰਦਰ ਵਿਚੋਂ ਨਿਕਲੀਆਂ ਧਾਤਾਂ ਦੱਸ ਕੇ ਉਪਧਾਤਾਂ ਕਹਾਂਗਾ। ਸਜਾਮ ਕਵੀ ਆਪਣੀ ਬੁਧਿ ਅਨੁਸਾਰ ਉਨ੍ਹਾਂ ਸਭਨਾਂ ਦੇ ਨਾਮ ਕਹਿੰਦਾ ਹੈ। ਹੇ ਕਵੀਓ! ਜੇ ਕੋਈ ਨਾਮ ਘਟ ਹੋਵੇ ਤਾਂ ਨਿੰਦਾ ਨਾ ਕਰਨੀ॥੮॥

**ਪ੍ਰਿਥਮੋ ਗਨ ਲੋਹ ਸਿਕਾ ਸ੍ਵਰਨੰ॥ ਚਤੁਰਥ ਭਨ ਧਾਤ ਸਿਤੰ ਰੁਕਮੰ॥**
**ਬਹੁਰੋ ਕਥ ਤਾਂਬਰ ਕਲੀ ਪਿਤਰੰ॥ ਕਥਿ ਅਸ਼ਟਮ ਜਿਸਤੁ ਹੈ ਧਾਤ ਧਰੰ॥ ੯॥**

ਪਹਿਲੇ ਲੋਹਾ ਗਿਣੋ, ਫਿਰ ਸਿੱਕਾ ਤੇ ਸੋਨਾ, ਚੌਥੀ ਧਾਤ ਚਿੱਟੇ ਰੰਗ ਦੀ ਚਾਂਦੀ ਕਹੀ ਜਾਂਦੀ ਹੈ। ਫੇਰ ਤਾਬਾ ਕਲੀ ਤੇ ਪਿਤਲ ਆਖੋ, ਅਠਵੀਂ ਧਾਤ ਜਿਸਤ ਗਿਣੀ ਜਾਂਦੀ ਹੈ॥੯॥

**ਉਪਧਾਤ ਕਥਨੰ॥ ਸੁਰਮੰ ਸ਼ਿੰਗਰਫ ਹਰਤਾਲ ਗਣੰ॥ ਚਤੁਰਥ ਤਹ ਸਿੰਬਲ ਖਾਰ ਭਣੰ॥**

**ਮਿਤ੍ਰ ਸੰਖ ਮਨਾਸਿਲ ਅਭ੍ਰਕਯੰ॥ ਭਨ ਅਸ਼ਟਮ ਲੋਣ ਰਸੰ ਲਵਣੰ॥੧੦॥**

ਸੁਰਮਾ, ਸਿੰਗਰਫ, ਸਭ ਤਰ੍ਹਾਂ ਦੀ ਹਰਤਾਲ, ਚੌਥਾ ਸਿੰਮਲਖਾਰ, ਮਿਤ੍ਰ ਸੰਖ ਮਨਾਸਿਲ ਤੇ ਅਭ੍ਰਕ ਅਠਵਾਂ ਖਾਰੇ ਸੁਆਦ ਵਾਲਾ ਲੂਣ। ਇਹ ਅੱਠ ਉਪਧਾਤਾਂ ਕਹਾਉਂਦੀਆਂ ਹਨ॥੧੦॥

**ਦੋਹਰਾ॥ ਧਾਤ ਉਪਧਾਤ ਜਥਾ ਸ਼ਕਤਿ ਸੋ ਹੌਂ ਕਹੀ ਬਨਾਇ॥**
**ਖਾਨਨ ਮਹਿ ਭੀ ਹੋਤ ਹੈ ਕੋਈ ਕਹੂੰ ਕਮਾਇ॥੧੧॥**

ਅੱਠ ਧਾਤਾਂ ਤੇ ਅੱਠ ਉਪਧਾਤਾਂ, ਇਹ ਸੋਲਾਂ ਹੀ ਵਿਤ ਅਨੁਸਾਰ ਬਣਾ ਕੇ ਕਹੀਆਂ ਹਨ। ਇਹ ਖਾਨਾਂ ਵਿਚ ਵੀ ਹੁੰਦੀਆਂ ਹਨ, ਭਾਵੇਂ ਕੋਈ ਕਿਤੋਂ ਲਿਆਵੇ॥੧੧॥

**ਚੌਪਈ॥ ਰਤਨ ਉਪਰਤਨ ਨਿਕਾਸੇ ਤਬ ਹੀ॥ ਧਾਤ ਉਪਧਾਤ ਦਿਰਬ ਮੋ ਸਭ ਹੀ॥**
**ਤਿਹ ਤਬ ਹੀ ਬਿਸ਼ਨਹਿ ਹਿਰ ਲਯੋ॥ ਅਵਰਿਨ ਬਾਟ ਅਵਰਨਹਿ ਦਯੋ॥੧੨॥**

ਰਤਨ, ਉਪਰਤਨ, ਧਾਤ, ਉਪਧਾਤ ਆਦਿ ਜਿਵੇਂ ਹੀ ਨਿਕਲੇ ਉਨ੍ਹਾਂ ਨੂੰ ਵਿਸ਼ਨੂੰ ਨੇ ਆਪਣੇ ਕੋਲ ਰੱਖ ਲਿਆ ਅਤੇ ਹੋਰ ਵਸਤਾਂ ਨੂੰ ਸਭ ਵਿਚ ਵੰਡ ਦਿੱਤਾ॥੧੨॥

**ਚੌਪਈ ॥ ਸਾਰੰਗ ਸਰ ਅਸ ਚਕ੍ਰ ਗਦਾ ਲੀਅ॥ ਪਾਂਚਾਮਰ ਲੈ ਨਾਦ ਅਧਿਕ ਕੀਅ॥**
**ਸੂਲ ਪਿਨਾਕ ਬਿਸਹ ਕਰ ਲੀਨਾ॥ ਸੋ ਲੈ ਮਹਾਂਦੇਵ ਕਉ ਦੀਨਾ॥੧੩॥**

ਸਾਰੰਗ ਧਨੁਖ ਤੇ ਤੀਰ, ਨੰਦਗ ਨਾਮ ਦੀ ਤਲਵਾਰ, ਸੁਦਰਸ਼ਨ ਚੱਕਰ ਤੇ ਗਦਾ ਇਹ ਵਿਸ਼ਨੂੰ ਨੇ ਆਪ ਧਾਰ ਲਏ ਅਤੇ ਪੰਚ ਜਨ ਨਾਮਾ ਸੰਖ ਆਪਣੇ ਹੱਥ ਵਿਚ ਲੈ ਕੇ ਬੜੇ ਜ਼ੋਰ ਨਾਲ ਵਜਾਇਆ ਫਿਰ ਮੁਸਕਰਾ ਕੇ ਪਿਨਾਕ ਨਾਮ ਦਾ ਤ੍ਰਿਸੂਲ ਹਥ ਵਿਚ ਫੜ ਲਿਆ, ਜੋ ਮਗਰੋਂ ਮਹਾਂਦੇਵ ਨੂੰ ਦੇ ਦਿੱਤਾ॥੧੩॥

**ਭੁਜੰਗ ਛੰਦ॥ ਦੀਯੋ ਇੰਦ੍ਰ ਐਰਾਵਤੰ ਬਾਜ ਸੂਰੰ॥ ਉਠੇ ਦੀਹ ਦਾਨੋ ਜੁਧੰ ਲੋਹ ਪੂਰੰ॥**
**ਅਨੀ ਦਾਨਵੀ ਦੇਖ ਊੱਠੀ ਅਪਾਰੰ॥ ਤਬੈ ਬਿਸ਼ਨ ਜੂ ਚਿੱਤ ਕੀਨੋ ਬਿਚਾਰੰ॥੧੪॥**

ਇੰਦਰ ਨੂੰ ਐਰਾਵਤਿ ਹਾਥੀ ਅਤੇ ਉੱਚਸ੍ਰਵਾ ਘੋੜਾ ਸੂਰਜ ਨੂੰ ਦਿੱਤਾ। ਇਹ ਵੇਖ ਕੇ ਦੈਂਤ ਗੁੱਸੇ ਨਾਲ ਭਰ ਕੇ ਸ਼ਸਤਰ ਲੈ ਕੇ ਜੁੱਧ ਲਈ ਉਠ ਖੜੇ ਹੋਏ। ਤਦ ਵਿਸ਼ਨੂੰ ਜੀ ਨੇ ਚਿੱਤ ਵਿਚ ਵਿਚਾਰ ਕੀਤਾ॥੧੪॥

**ਭੁਜੰਗ ਛੰਦ॥ ਨਰੰ ਅਉਰ ਨਾਰਾਇਣੰ ਰੂਪ ਧਾਰੀ॥ ਭਯੋ ਸਾਮੁਹੇ ਸ਼ਸਤ੍ਰ ਅਸਤ੍ਰੰ ਸੰਭਾਰੀ॥**
**ਭਟੰ ਐਂਠ ਫੈਂਟੇ ਭੁਜੰ ਠੋਕ ਭੂਪੰ॥ ਬਜੇ ਸੂਲ ਸੇਲੰ ਭਏ ਆਪ ਰੂਪੰ॥੧੫॥**

ਵਿਸ਼ਨੂੰ ਨਰ ਅਤੇ ਨਾਰਾਇਣ ਦੇ ਰੂਪ ਧਾਰ ਕੇ, ਸ਼ਸਤਰ ਅਸਤਰ ਸੰਭਾਰ ਕੇ ਦੈਂਤਾਂ ਦੀ ਫੌਜ

ਦੇ ਸਾਹਮਣੇ ਹੋਇਆ। ਸੂਰਮਿਆਂ ਨੇ ਘੁਟ ਕੇ ਕਮਰਕਸੇ ਕਰ ਲਏ। ਦੋਹਾਂ ਧਿਰਾਂ ਦੇ ਰਾਜੇ ਥਾਪੀਆਂ ਮਾਰਦੇ ਸਨ। ਤ੍ਰਿਸ਼ੂਲ ਤੇ ਨੇਜੇ ਖੜਕਣ ਲੱਗੇ ਅਤੇ ਘਮਸਾਨ ਦਾ ਯੁੱਧ ਮੱਚ ਗਿਆ॥੧੫॥

**ਭੁਜੰਗ ਛੰਦ॥ਪਰਜੋ ਆਪ ਮੋ ਲੋਹਿ ਕ੍ਰੂਹੰ ਅਪਾਰੰ॥ਧਰਜੋ ਐਸ ਕੈ ਬਿਸ਼ਨ ਤ੍ਰਿਤੀਆਵਤਾਰੰ॥**
**ਨਰੰ ਏਕ ਨਾਰਾਇਣੰ ਦੁਐ ਸਰੂਪੰ॥ਦਿਪੈ ਜੋਤਿ ਸਉਦਰ ਜੁ ਧਾਰੇ ਅਨੂਪੰ॥੧੬॥**

ਵੱਡੇ ਕ੍ਰੋਧ ਨਾਲ ਆਪਸ ਵਿਚ ਲੋਹਾ ਵਰਸਿਆ, ਵਿਸਨੂੰ ਨੇ ਤੀਜਾ ਅਵਤਾਰ ਇਸ ਲਈ ਧਾਰਿਆ। ਇਕ ਨਰ ਤੇ ਦੂਜਾ ਨਾਰਾਇਨ ਦੋ ਸਰੂਪ ਸਨ, ਜਿਨ੍ਹਾਂ ਦੇ ਮੂੰਹ ਦਾ ਪ੍ਰਕਾਸ਼ ਚਮਕਦਾ ਸੀ ਅਤੇ ਮਹਾਨ ਸੁੰਦਰਤਾ ਧਾਰਨ ਕੀਤੀ ਹੋਈ ਸੀ॥੧੬॥

**ਭੁਜੰਗ ਛੰਦ॥ਉਠੇ ਟੂਕ ਟੋਪੰ ਗੁਰਜੰ ਪ੍ਰਹਾਰੇ॥ਜੁਟੇ ਜੰਗ ਕੋ ਜੰਗ ਜੋਧਾ ਜੁਝਾਰੇ॥**
**ਉਡੀ ਧੂਰਿ ਪੂਰੰ ਛੁਹੀ ਐਨ ਗੈਨੰ॥ਡਿਗੇ ਦੇਵਤਾ ਦੈਤ ਕੰਪਿਯੋ ਤ੍ਰਿਨੈਨੰ॥੧੭॥**

ਸੂਰਮੇ ਖੜੇ ਹੋਏ ਗੁਰਜਾਂ ਦੀ ਮਾਰ ਕਰਦੇ ਸਨ, ਜਿਨ੍ਹਾਂ ਨਾਲ ਸੂਰਮਿਆਂ ਦੇ ਸਿਰਾਂ ਦੇ ਟੋਪ ਟੁਕੜੇ ਹੁੰਦੇ ਜਾਂਦੇ ਸਨ। ਜੰਗ ਦੇ ਲੜਾਕੇ ਜੋਧੇ ਇਸ ਤਰ੍ਹਾਂ ਜੰਗ ਵਿਚ ਜੁਟੇ ਹੋਏ ਸਨ। ਜੋ ਗਰਦ ਉੱਡੀ ਸੀ ਉਸ ਨੇ ਅਕਾਸ਼ ਨੂੰ ਜਾ ਕੇ ਪੂਰੀ ਤਰ੍ਹਾਂ ਛੋਹ ਲਿਆ ਸੀ। ਦੋਹਾਂ ਪਾਸਿਆਂ ਤੋਂ ਦੇਵਤੇ ਤੇ ਦੈਂਤ ਜ਼ਿਮੀ ਤੇ ਡਿੱਗੇ ਪਏ ਸਨ, ਜਿਸ ਕਰਕੇ ਤਿੰਨਾਂ ਅੱਖਾਂ ਵਾਲੇ ਸ਼ਿਵ ਨੂੰ ਕ੍ਰੋਧ ਆ ਗਿਆ॥੧੭॥

**ਭੁਜੰਗ ਛੰਦ॥ਗਿਰੇ ਬੀਰ ਏਕੰ ਅਨੇਕੰ ਪ੍ਰਕਾਰੰ॥ਸੁਭੇ ਜੰਗ ਮੋ ਜੰਗ ਜੋਧਾ ਜੁਝਾਰੰ॥**
**ਪਰੀ ਤੱਛ ਮੁੱਛੰ ਸੁਭੇ ਅੰਗ ਭੰਗੰ॥ ਮਨੋ ਪਾਨ ਕੈ ਭੰਗ ਪੌਢੇ ਮਲੰਗੰ॥੧੮॥**

ਅਨੇਕਾਂ ਪ੍ਰਕਾਰ ਦੇ ਸੂਰਮੇ ਡਿੱਗਣ ਲੱਗੇ ਅਤੇ ਲੜਾਈ ਵਿਚ ਸੁਭਾਇਮਾਨ ਹੋਣ ਲੱਗੇ। ਜੰਗ ਦੇ ਲੜਾਕੇ ਸੂਰਮੇ ਜੰਗ ਵਿਚ ਜੁਟੇ ਹੋਏ ਸਨ। ਫੌਜ ਵੱਢੀ ਟੁਕੀ ਪਈ ਸੀ ਅਤੇ ਅੰਗ ਅੰਗ ਖਿਲਰੇ ਪਏ ਸਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਜਿਵੇਂ ਭੰਗ ਪੀ ਕੇ ਮਲੰਗ ਸੁਤੇ ਪਏ ਸਨ॥੧੮॥

## ਭੁਜੰਗ ਪ੍ਰਯਾਤ ਛੰਦ॥

**ਦਿਸਾ ਮਉ ਨ ਆਈ ਅਨੀ ਦੈਤ ਰਾਜੰ॥ਭਜੇ ਸਰਬ ਦੇਵੰ ਤਜੇ ਸਰਬ ਸਾਜੰ॥**
**ਗਿਰੇ ਸੰਜ ਪੁੰਜੰ ਸਿਰੰ ਬਾਹੁ ਬੀਰੰ॥ਸੁਭੇ ਬਾਨ ਜਿਉ ਚੇਤ ਪੁਹਪੰ ਕਰੀਰੰ॥੧੯॥**

ਦੈਂਤ ਰਾਜ ਦੀ ਫੌਜ ਦਿਸਣ ਵਿਚ ਨਹੀਂ ਆਈ ਭਾਵ ਦੈਂਤ ਸੈਨਾ ਮੈਦਾਨ ਵਿਚੋਂ ਭੱਜ ਗਈ। ਉਧਰੋਂ ਦੇਵਤੇ ਵੀ ਸਾਰਾ ਸਮਾਨ ਛੱਡ ਕੇ ਭੱਜ ਗਏ। ਸੂਰਮਿਆਂ ਦੇ ਰਣਭੂਮੀ ਵਿਚ ਸਿਰ, ਬਾਹਾਂ ਤੇ ਸੰਜੋਆਂ ਦੇ ਪੁੰਜ ਡਿੱਗੇ ਪਏ ਸਨ। ਜਿਨ੍ਹਾਂ ਵਿਚ ਖੁੱਭੇ ਹੋਏ ਤੀਰ ਇਸ ਤਰ੍ਹਾਂ ਸ਼ੋਭਾ ਪਾ ਰਹੇ ਸਨ, ਜਿਸ ਤਰ੍ਹਾਂ ਚੇਤ ਦੇ ਮਹੀਨੇ ਕਰੀਰਾਂ ਨੂੰ ਲੱਗੇ ਹੋਏ ਫੁੱਲ ਸੋਂਹਦੇ ਹਨ॥੧੯॥

**ਭੁਜੰਗ ਛੰਦ ॥ ਸੁਰੇ ਜੰਗ ਹਾਰਿਯੋ ਕੀਯੋ ਬਿਸ਼ਨ ਮੰਤ੍ਰੰ ॥ ਭਯੋ ਅੰਤ੍ਰ ਧ੍ਯਾਨੰ ਕਰਯੋ ਜਾਨ ਤੰਤ੍ਰੰ ॥ ਮਹਾਂ ਮੋਹਨੀ ਰੂਪ ਧਾਰਯੋ ਅਨੂਪੰ ॥ ਛਕੇ ਦੇਖਿ ਦੋਊ ਦਿੱਤਿਯਾਦਿੱਤ ਭੂਪੰ ॥ ੨੦ ॥**

ਜਦ ਇਸ ਤਰ੍ਹਾਂ ਦੋਹਾਂ ਧਿਰਾਂ ਜੰਗ ਹਾਰ ਗਈਆਂ ਤਦ ਵਿਸ਼ਨੂੰ ਨੇ ਸਲਾਹ ਕੀਤੀ ਅਤੇ ਆਪ ਅੰਤਰ ਧਿਆਨ ਹੋ ਗਿਆ। ਇਹ ਵੀ ਸਮਝੋ ਉਸਨੇ ਤੰਤ੍ਰ ਕੀਤਾ ਸੀ। ਝਟ ਹੀ ਇਕ ਮਹਾਨ ਸੁੰਦਰ ਮਹਾਂ ਮੋਹਨੀ ਰੂਪ ਧਾਰਨ ਕਰ ਲਿਆ। ਜਿਸ ਨੂੰ ਵੇਖ ਕੇ ਦੋਵੇਂ ਦੇਵ ਦਾਨਵ ਕੁਲ ਦੇ ਰਾਜੇ ਹੈਰਾਨ ਹੋ ਗਏ॥੨੦॥

ਭਾਵਾਰਥ - ਕੱਛਪ ਰੂਪ ਹੋ ਕੇ ਜਦ ਵਿਸ਼ਨੂੰ ਜੀ ਨੇ ਮੰਦ੍ਰਾਚਲ ਨੂੰ ਥੰਮ ਲਿਆ ਤਾਂ ਦੇਵਤੇ ਅਤੇ ਦੈਂਤ ਉਸ ਨੂੰ ਰਿੜਕਨ ਲੱਗੇ, ਉਨ੍ਹਾਂ ਦੇ ਰਿੜਕਣ ਨਾਲ ਚੌਦਾਂ ਰਤਨ- ਧਨੁੱਖ, ਸ਼ਰਾਬ, ਹਾਥੀ, ਘੋੜਾ, ਅੰਮ੍ਰਿਤ, ਲਛਮੀ, ਕਲਪ ਬ੍ਰਿਛ, ਕਾਲ ਕੂਟ, ਰੰਭਾ, ਕੌਸਤਕ ਮਨੀ, ਚੰਦ੍ਰਮਾ, ਕਾਮਧੇਨ ਅਤੇ ਧਨੰਤਰਿ ਨਿਕਲੇ ਇਸ ਤੋਂ ਉਪਰੰਤ- ਜੋਕ, ਹਰੜ , ਹਕੀਕ, ਸ਼ਹਿਦ, ਸੰਖ, ਸੋਮਲਤਾ, ਭੰਗ, ਚੱਕ੍ਰ, ਗਦਾ, ਸਾਰੰਗ - ਧਨੁਖ, ਨੰਦਗ-ਖੜਕ ਪਿਨਾਕ ਅਤੇ ਤ੍ਰਿਸੂਲ ਬਰਾਮਦ ਹੋਏ।

ਇਸ ਦੇ ਨਾਲ ਹੀ ਅੱਠ ਧਾਤਾਂ- ਸੋਨਾ, ਚਾਂਦੀ, ਤਾਂਬਾ, ਕਲੀ, ਪਿੱਤਲ, ਲੋਹਾ, ਸਿੱਕਾ ਅਤੇ ਜਿਸਤ ਵੀ ਪ੍ਰਾਪਤ ਹੋਏ।

ਉਪ ਧਾਤਾਂ ਵਿਚ ਸੁਰਮਾ, ਸਿੰਗਰਫ, ਹੜਤਾਲ, ਸਿਮੰਲਖਾਰ, ਮੁਰਦਾ ਸੰਖ, ਮਨਸਿਲ, ਅਭਰਕ ਅਤੇ ਲੂਣ ਆਦਿਕ ਪਦਾਰਥ ਨਿਕਲੇ। ਜਿਨ੍ਹਾਂ ਦੇ ਵੰਡਣ ਲਈ ਵਿਸ਼ਨੂੰ ਜੀ ਤਿਆਰ ਹੋਏ। ਪਰ ਦੈਂਤਾਂ ਨੂੰ ਉਨ੍ਹਾਂ ਦੀ ਵੰਡ ਮਨਜ਼ੂਰ ਨਾ ਹੋਈ। ਇਸ ਲਈ ਉਹ ਜੰਗ ਲਈ ਤਿਆਰ ਹੋ ਗਏ। ਦੈਂਤਾਂ ਨੂੰ ਯੁੱਧ ਲਈ ਤਿਆਰ ਹੁੰਦਾ ਵੇਖ ਕੇ, ਵਿਸ਼ਨੂੰ ਜੀ ਨੇ ਬਹੁਤ ਸਮਝਾਇਆ ਪਰ ਉਹ ਨਾ ਸਮਝੇ ਤਾਂ ਉਨ੍ਹਾਂ ਨੂੰ ਠੀਕ ਕਰਨ ਲਈ ਆਪ ਨੇ 'ਨਰ' ਤੇ 'ਨਾਰਾਇਣ' ਨਾਮ ਦਾ ਅਵਤਾਰ ਧਾਰਨ ਕੀਤਾ।

ਇਹ ਜੰਗ ਬੜੇ ਜ਼ੋਰ-ਸ਼ੋਰ ਨਾਲ ਹੋਇਆ, ਪਰ ਫਲ ਕੁਝ ਨਾ ਨਿਕਲਿਆ, ਆਪੋ ਆਪਣੀ ਥਾਂ ਤੇ ਦੋਵੇਂ ਹਾਰ ਗਏ। ਦੇਵਤੇ ਦੈਂਤਾਂ ਨੂੰ ਜਿੱਤਿਆ ਸਮਝ ਕੇ ਨਸ ਗਏ ਅਤੇ ਦੈਂਤ ਦੇਵਤਿਆਂ ਦੀ ਫ਼ਤਹਿ ਜਾਣ ਕੇ ਦੌੜ ਗਏ। ਉਹ ਪਦਾਰਥ ਜਿਨ੍ਹਾਂ ਦੀ ਖਾਤਰ ਝਗੜਾ ਹੋਇਆ ਸੀ, ਉਸੇ ਤਰ੍ਹਾਂ ਹੀ ਪਏ ਰਹੇ- ਤਾਂ ਵਿਸ਼ਨੂੰ ਜੀ ਨੇ ਉਨ੍ਹਾਂ ਦੀ ਵੰਡ ਕਰਨ ਲਈ 'ਮਹਾਮੋਹਨੀ' ਅਵਤਾਰ ਧਾਰਨ ਕੀਤਾ। ਜਿਸਦੇ ਸੁੰਦਰ ਰੂਪ ਨੂੰ ਵੇਖ ਕੇ ਦੋਵੇਂ ਧਿਰਾਂ ਦੇ ਸੁੱਧ ਬੁੱਧ ਭੁਲਾ ਬੈਠੇ ਤੇ ਮਿੱਟੀ ਦੇ ਬਾਵੇ ਬਣ ਕੇ ਕਤਾਰਾਂ ਬਣਾ ਕੇ ਬੈਠ ਗਏ। ਮੋਹਨੀ ਨੇ ਜੋ ਕੁਝ ਕਿਸੇ ਨੂੰ ਦੇ ਦਿੱਤਾ, ਉਸ ਨੇ ਉਸੇ ਨੂੰ ਪ੍ਰਾਪਤ ਕਰ ਕੇ ਆਪਣੇ ਚੰਗੇ ਭਾਗ ਜਾਣੇ। ਅਜੇਹੀ ਚਾਲ ਨਾਲ ਹੀ ਮੋਹਨੀ ਨੇ ਅੰਮ੍ਰਿਤ ਦੇਵਤਿਆਂ ਨੂੰ ਤੇ ਸ਼ਰਾਬ ਦੈਂਤਾਂ ਨੂੰ ਦੇ ਦਿੱਤੀ ਸੀ। ਸਕੰਦ ਪੁਰਾਣ ਵਿਚ ਲਿਖਿਆ ਹੈ ਕਿ ਜਦ ਦੇਵਤਿਆਂ ਤੇ ਦੈਂਤਾ ਨੇ ਸਮੁੰਦਰ ਰਿੜਕਿਆਂ ਤਾਂ ਅੰਮ੍ਰਿਤ ਦਾ ਕੁੰਭ ਘੜਾ ਲੈ ਕੇ ਧਨੰਤਰਿ ਉਸ ਵਿਚੋਂ ਨਿਕਲਿਆ। ਧਨੰਤਰੀ ਨੇ ਅੰਮ੍ਰਿਤ ਦਾ ਕਲਸ ਇੰਦਰ ਨੂੰ ਦਿੱਤਾ। ਇੰਦਰ ਨੇ ਆਪਣੇ ਪੁੱਤਰ ਜਯੰਤ ਨੂੰ ਦੇ ਕੇ ਹੁਕਮ ਦਿੱਤਾ ਕਿ ਇਹ 'ਅੰਮ੍ਰਿਤ ਕੁੰਭ' ਸਵਰਗ ਵਿਚ ਲੈ ਜਾਹੁ। ਦੈਂਤ ਗੁਰੂ ਸ਼ੁਕ੍ਰ ਨੇ ਦੈਤਾਂ ਨੂੰ ਭੜਕਾ ਦਿੱਤਾ। ਬਸ! ਦੈਂਤ ਅੰਮ੍ਰਿਤ ਦਾ ਘੜਾ ਖੋਹਣ ਲਈ ਤਿਆਰ ਹੋ ਗਏ। ਯੁੱਧ ਹੋਣ ਲੱਗ ਗਿਆ। ਬਾਰ੍ਹਾਂ ਦਿਨਾਂ

ਤਕ ਘੋਰ ਯੁੱਧ ਹੋਇਆ। ਉਸ ਜੰਗ ਵੇਲੇ ਅੰਮ੍ਰਿਤ ਕੁੰਭ ਦੀ ਖੋਹਾ-ਖੋਹੀ ਵੇਲੇ ਉਸ ਵਿਚੋਂ ਚਾਰ ਜਗ੍ਹਾ ਹਰਿਦਵਾਰ, ਪ੍ਰਯਾਗ, ਨਾਸਿਕ ਤੇ ਉਜੈਨ-ਉਤੇ ਅੰਮ੍ਰਿਤ ਡੁਲ੍ਹਾ। ਇਸ ਲਈ ਚੋਹਾਂ ਜਗ੍ਹਾ ਤੇ 'ਕੁੰਭ' ਨਾਮ ਦਾ ਮੇਲਾ ਹੁੰਦਾ ਹੈ ਕਿਉਂਕਿ ਦੇਵਤਿਆਂ ਦੇ ਬਾਰ੍ਹਾਂ ਦਿਨਾਂ ਦੇ ਸਮਾਨ ਹੀ ਮਨੁੱਖਾਂ ਦੇ ਬਾਰਾਂ ਵਰ੍ਹੇ ਹਨ। ਇਸ ਕਾਰਣ ਕਰਕੇ ਬਾਰ੍ਹਾਂ ਵਰ੍ਹਿਆਂ ਪਿਛੋਂ ਕੁੰਭ ਪੁਰਬ ਹੋਇਆ ਕਰਦਾ ਹੈ।

ਇਸ ਖੋਹਾ-ਖੋਹੀ ਦੀ ਲੜਾਈ ਮਿਟਦੀ ਨਾ ਵੇਖ ਕੇ ਵਿਸ਼ਨੂੰ ਨੇ ਮੋਹਨੀ ਅਵਤਾਰ ਧਾਰਨ ਕੀਤਾ। ਜਿਸ ਦੇ ਰੂਪ ਨੂੰ ਵੇਖ ਕੇ ਦੈਂਤਾਂ ਦੀਆਂ ਸੱਤੇ ਸੁੱਧਾਂ ਭੁਲ ਗਈਆਂ। ਉਨ੍ਹਾਂ ਨੇ 'ਮੋਹਨੀ' ਨੂੰ ਹੀ ਅੰਮ੍ਰਿਤ ਵੰਡ ਕੇ ਪਿਆ ਦੇਣ ਦੀ ਦਰਖਾਸਤ ਕੀਤੀ। ਮੋਹਣੀ ਨੇ ਝਟ ਹੀ ਅੰਮ੍ਰਿਤ ਤੇ ਸ਼ਰਾਬ ਦੇ ਕਲਸ ਭਰ ਲਏ ਅਤੇ ਦੇਵਤੇ ਦਾ ਰੂਪ ਧਾਰ ਕੇ ਅੰਮ੍ਰਿਤ ਪੀ ਲਿਆ ਤਾਂ ਸੂਰਜ ਅਤੇ ਚੰਦਰਮਾਂ ਨੇ ਵਿਸ਼ਨੂੰ ਨੂੰ ਇਸ਼ਾਰਾ ਕੀਤਾ ਕਿ ਇਹ ਕਪਟ ਵੇਸ-ਧਾਰੀ ਦੇਵਤਾ ਨਹੀਂ, ਅਸਲ ਵਿਚ ਇਹ ਦੈਂਤ ਹੈ। ਵਿਸ਼ਨੂੰ ਨੇ ਸੁਦਰਸ਼ਨ ਚੱਕ੍ਰ ਨਾਲ ਰਾਹੂ ਦਾ ਸਿਰ ਉਡਾ ਦਿੱਤਾ। ਉਹ ਸਿਰ ਕਟੈ ਜਾਣ ਪੁਰ ਵੀ ਜ਼ਿੰਦਾ ਰਿਹਾ। ਪਰ ਉਸ ਨੇ ਸੂਰਜ ਚੰਦਰਮਾਂ ਨਾਲ ਵੈਰ ਬੰਨ੍ਹ ਲਿਆ। ਇਸ ਲਈ ਹਿੰਦੂ ਖਿਆਲਾਂ ਦੇ ਆਦਮੀ ਕਿਹਾ ਕਰਦੇ ਹਨ ਕਿ ਉਹ ਰਾਹੂ ਹੀ 'ਰਾਹੂ ਤੇ ਕੇਤੂ' ਹੋ ਕੇ ਸੂਰਜ ਤੇ ਚੰਦਰਮਾਂ ਨੂੰ ਗ੍ਰਹਿਣ ਰੂਪ ਹੋ ਕੇ ਚੰਬੜਿਆ ਕਰਦਾ ਹੈ।

'ਨਰ' ਤੇ 'ਨਾਰਾਇਣ' ਦੋਵੇਂ ਧਰਮ ਦੇ ਪੁੱਤਰ ਸਨ, ਇਹਨਾਂ ਦੋਹਾਂ ਭਾਈਆਂ ਦੇ ਨਾਮ 'ਕ੍ਰਿਸ਼ਨ' ਅਤੇ 'ਹਰਿ' ਸੀ। 'ਨਰ' ਤੇ 'ਨਾਰਾਇਣ' ਜੰਗ ਤੋਂ ਉਪਰਾਮ ਹੋ ਕੇ ਗੰਧਮਾਦਨ ਪਰਬਤ ਤੇ ਜਾ ਕੇ ਘੋਰ ਤਪਸਿਆ ਕਰਨ ਲੱਗ ਪਏ। ਮਾਦਨ ਹਿਮਾਲਯ ਦਾ ਇਕ ਹਿੱਸਾ ਹੈ। ਨਰ-ਨਾਰਾਇਣ ਦੀ ਤਪਸਿਆ ਵੇਖ ਕੇ ਨਾਰਦ ਨੂੰ ਭਰਮ ਹੋ ਗਿਆ ਕਿ ਇਹ ਕਿਸਦੀ ਅਰਾਧਨਾ ਕਰਦੇ ਹਨ ਅਤੇ ਇਨ੍ਹਾਂ ਦੀ ਅਰਾਧਨਾ ਦਾ ਕੀ ਮਨੋਰਥ ਹੈ?

ਇਸ ਭਰਮ ਵੱਸ ਹੋਕੇ ਆਪਣੇ ਸ਼ਕ ਨੂੰ ਦੂਰ ਕਰਨ ਦੇ ਵਾਸਤੇ ਨਾਰਦ ਜੀ ਨੇ ਉਨ੍ਹਾਂ ਤੋਂ ਪੁੱਛਿਆ, ਤਦ ਉਨ੍ਹਾਂ ਨੇ ਉੱਤਰ ਦਿੱਤਾ - ਸਾਡਾ ਵੀ ਇਕ ਮੂਲ ਪੁਰਖ ਹੈ ਅਸੀਂ ਉਸੇ ਦਾ ਧਿਆਨ ਕਰਦੇ ਹਾਂ, ਜੋ ਸਾਰੇ ਜੀਵਾਂ ਦਾ ਅੰਤਰਾਤਮਾਂ ਹੈ। ਅਵਿਜਕਤ ਅਚਲ ਅਤੇ ਸਨਾਤਨ ਹੈ ਅਤੇ ਜੋ ਇੰਦਰਿਆਂ ਦੀ ਪਹੁੰਚ ਤੋਂ ਪਰੇ, ਮਹਾਨ ਸਰੂਪ ਹੈ।

ਨਰ ਅਤੇ ਨਾਰਾਇਣ ਨਾਮ ਦੇ ਰਿਖੀ ਸਨ, ਜੋ ਵਿਸ਼ਨੂੰ ਦੇ ਅਵਤਾਰ ਮੰਨੇ ਜਾਂਦੇ ਹਨ। ਕਹਿੰਦੇ ਹਨ, ਇਹ ਦੋਵੇਂ ਭਾਈ ਸਨ ਅਤੇ ਨਾਰਾਇਣ ਇਹਨਾਂ ਵਿਚੋਂ ਵੱਡਾ ਸੀ। ਮਹਾਂ ਭਾਰਤ ਵਿਚ ਲਿਖਿਆ ਹੈ ਕਿ ਜਦੋਂ ਨਰ ਤੇ ਨਾਰਾਇਣ ਗੰਧਮਾਦਨ ਪਰਬਤ ਤੇ ਤਪਸਿਆ ਕਰ ਰਹੇ ਸਨ, ਉਸ ਵੇਲੇ ਦੱਖਜ ਦਾ ਯੱਗ ਹੋ ਰਿਹਾ ਸੀ। ਉਸ ਯੱਗਜ ਵਿਚ ਦੱਖਜ ਨੇ ਰੁਦਰ ਦੇ ਭਾਗ ਦੀ ਕਲਪਨਾ ਨਹੀਂ ਕੀਤੀ ਸੀ। ਜਿਸ ਕਰ ਕੇ ਕ੍ਰੋਧਵਾਨ ਹੋ ਕੇ ਦੱਖਜ ਦਾ ਯੱਗ ਨਸ਼ਟ ਕਰਨ ਦੇ ਵਾਸਤੇ ਰੁੱਦਰ ਨੇ ਇਕ ਤ੍ਰਿਸੂਲ ਸੁੱਟਿਆ ਸੀ। ਉਹ ਤ੍ਰਿਸੂਲ ਯੱਗ ਨਸ਼ਟ ਕਰਨ ਦੇ ਮਗਰੋਂ ਜਾ ਕੇ ਵਡੇ ਜ਼ੋਰ ਨਾਲ ਨਾਰਾਇਣ ਦੀ ਵੱਖੀ ਤੇ ਜਾ ਡਿੱਗਾ ਅਤੇ ਉਸ ਵੇਲੇ ਨਾਰਾਇਣ ਦੇ ਹੁੰਗਾਰੇ ਤੋਂ ਹਾਰ ਕੇ ਅਤੇ ਖੁੰਡਾ ਹੋ ਕੇ, ਫਿਰ ਸ਼ੰਕਰ ਦੇ ਹੱਥ ਵਿਚ ਜਾ ਪੁੱਜਾ। ਇਸ ਕਰ ਕੇ ਰੁਦਰ ਕ੍ਰੋਧ ਕਰ ਕੇ ਨਰ-ਨਾਰਾਇਣ ਤੇ ਚੜ੍ਹ ਦੌੜਿਆ। ਨਾਰਾਇਣ ਨੇ ਤਾਂ ਰੁਦਰ ਦਾ ਗਲ ਫੜ ਲਿਆ ਅਤੇ ਨਰ ਨੇ ਉਨ੍ਹਾਂ ਨੂੰ ਮਾਰਨ ਦੇ ਵਾਸਤੇ

ਨਾਰਾਇਣ ਤੇ ਰੁਦ੍ਰ ਦਾ ਘੋਰ ਯੁੱਧ ਹੋਣ ਲੱਗਾ।
ਇਕ ਸੀਖ ਚੁੱਕੀ, ਜੋ ਵੱਡਾ ਸਾਰਾ ਪਸ਼ੂ ਬਣ ਗਈ। ਜਦ ਬ੍ਰਹਮਾ ਨੇ ਆ
ਉਸ ਕਰਕੇ ਧਰਤੀ ਅਤੇ ਅਕਾਸ਼ ਵਿਚ ਕਈ ਤਰ੍ਹਾਂ ਦੇ ਉਪਦ੍ਰਵ ਹੋਣ ਲੱਗੇ। ਕਿਸੇ ਵੇਲੇ ਤੁਹਾਡੀ
ਕੇ ਰੁਦ੍ਰ ਨੂੰ ਸਮਝਾਇਆ ਕਿ ਇਹ ਆਪ ਨਾਰਾਇਣ ਦੇ ਅਵਤਾਰ ਹਨ ਅਤੇ ਨਾਰਾਇਣ ਨੂੰ ਪ੍ਰਸੰਨ
ਪੈਦਾਇਸ਼ ਵੀ ਇਹਨਾਂ ਦੇ ਕ੍ਰੋਧ ਤੋਂ ਹੋਈ ਸੀ। ਤਦ ਰੁਦ੍ਰ ਨੇ ਪ੍ਰਾਰਥਨਾਂ ਕਰ ਕੇ ਮਹਾਂਭਾਰਤ ਦੇ
ਕੀਤਾ। ਇਸ ਦੇ ਮਗਰੋਂ ਰੁਦ੍ਰ ਨਾਲ ਨਰ-ਨਾਰਾਇਣ ਦੀ ਗੂੜ੍ਹੀ ਮਿੱਤ੍ਰਤਾ ਹੋ ਗਈ। ਨਰ ਅਤੇ ਨਾਰਾਇਣ
ਨਾਰਾਇਣੀ ਯਾਖਜਾਨ ਵਿਚ ਇਹ ਵੀ ਲਿਖਿਆ ਹੈ ਕਿ ਪਰਮ ਬ੍ਰਹਮ ਦੇ ਅਵਤਾਰ ਸੀ, ਅਤੇ ਉਨ੍ਹਾਂ
ਨਾਮਕ ਦੋ ਰਿਖੀਆਂ ਨੇ ਨਾਰਾਇਣੀ ਅਰਥਾਤ ਭਾਗਵਤ ਧਰਮ ਦਾ ਪ੍ਰਚਾਰ ਕੀਤਾ ਭਗਵਾਨ ਨੇ ਉਨ੍ਹਾਂ ਨੂੰ
ਦੇ ਕਹਿਣ ਨਾਲ ਜਦ ਨਾਰਦ ਰਿਖੀ ਸ੍ਵੇਤ ਦੀਪ ਗਏ ਸਨ, ਤਦ ਆਪ
ਇਸ ਧਰਮ ਦਾ ਉਪਦੇਸ਼ ਕੀਤਾ ਸੀ।

ਦੇਵੀ ਭਾਗਵਤ ਵਿਚ ਲਿਖਿਆ ਹੈ ਕਿ ਬ੍ਰਹਮਾ ਦੇ ਪੁੱਤਰ 'ਧਰਮ' ਨੇ ਦੱਖਜ ਦੀਆਂ ਦਸ ਧੀਆਂ
ਨਾਲ ਵਿਆਹ ਕੀਤਾ ਸੀ, ਜਿਨ੍ਹਾਂ ਦੇ ਗਰਭ ਤੋਂ ਹਰਿ, ਕ੍ਰਿਸ਼ਨ, ਨਰ ਅਤੇ ਨਾਰਾਇਣ ਨਾਮ ਦੇ ਚਾਰ
ਪੁੱਤਰ ਪੈਦਾ ਹੋਏ ਸਨ। ਇਹਨਾਂ ਵਿਚੋਂ ਹਰਿ ਅਤੇ ਕ੍ਰਿਸ਼ਨ ਤਾਂ ਯੋਗਾਅਭਿਆਸ ਕਰਦੇ ਸਨ ਅਤੇ ਨਰ
ਤੇ ਨਾਰਾਇਣ ਹਿਮਾਲਯ ਤੇ ਕਠਨ ਤਪਸਿਆ ਕਰਦੇ ਸਨ। ਉਸ ਵੇਲੇ ਇੰਦਰ ਨੇ ਡਰ ਕੇ ਇਹਨਾਂ ਦੀ
ਤਪਸਿਆ ਭੰਗ ਕਰਨ ਦੇ ਵਾਸਤੇ ਕਾਮ, ਕ੍ਰੋਧ ਅਤੇ ਲੋਭ ਦੀ ਰਚਨਾ ਕੀਤੀ ਅਤੇ ਉਨ੍ਹਾਂ ਨੂੰ ਨਰ-ਨਾਰਾਇਣ
ਦੇ ਸਾਹਮਣੇ ਭੇਜਿਆ, ਪਰ ਨਰ- ਨਾਰਾਇਣ ਦੀ ਤਪਸਿਆ ਭੰਗ ਨਹੀਂ ਹੋਈ। ਤਦ ਇੰਦਰ ਨੇ ਕਾਮਦੇਵ
ਦੀ ਸ਼ਰਣ ਲਈ। ਕਾਮਦੇਵ ਆਪਣੇ ਨਾਲ ਬਸੰਤ ਅਤੇ ਰੰਭਾ, ਤਿਲੋਤਮਾਂ ਆਦਿਕ ਅਪੱਛਰਾਂ ਨੂੰ ਲੈ ਕੇ
ਨਰ-ਨਾਰਾਇਣ ਦੇ ਪਾਸ ਪੁੱਜਾ। ਉਸ ਵੇਲੇ ਅਪੱਛਰਾਂ ਆਦਿਕ ਦੇ ਗਾਉਣੇ ਨਾਲ ਨਰ-ਨਾਰਾਇਣ ਦੀਆਂ
ਅੱਖਾਂ ਖੁਲੀਆਂ। ਉਨ੍ਹਾਂ ਨੇ ਚਾਲਾਂ ਸਮਝ ਲਈਆਂ ਅਤੇ ਇੰਦਰ ਨੂੰ ਸ਼ਰਮਿੰਦਾ ਕਰਨ ਦੇ ਵਾਸਤੇ ਛੇਤੀ
ਨਾਲ ਆਪਣੀ ਲੱਤ ਤੋਂ ਇਕ ਬਹੁਤ ਸੁੰਦਰ ਅਪੱਛਰਾ ਪੈਦਾ ਕੀਤੀ, ਜਿਸ ਦਾ ਨਾਮ ਉਰਵਸ਼ੀ ਪਿਆ।
ਇਸ ਤੋ ਮਗਰੋਂ ਉਨ੍ਹਾਂ ਨੇ ਇੰਦਰ ਦੀਆਂ ਭੇਜੀਆਂ ਹੋਈਆਂ ਹਜਾਰਾਂ ਅਪੱਛਰਾਂ ਦੀ ਸੇਵਾ ਕਰਨ ਦੇ ਵਾਸਤੇ
ਉਨ੍ਹਾਂ ਤੋਂ ਵਧੀਕ ਸੋਹਣੀਆਂ ਦਾਸੀਆਂ ਵੀ ਪੈਦਾ ਕੀਤੀਆਂ। ਫਿਰ ਤਾਂ ਉਨ੍ਹਾਂ ਸਾਰੀਆਂ ਅਪੱਛਰਾਂ ਨੇ ਨਰ-
ਨਾਰਾਇਣ ਤੋਂ ਇਹ ਵੀ ਵਰ ਮੰਗਿਆ ਸੀ, ਕਿ ਆਪ ਸ਼ਾਡੇ ਪਤੀ ਹੋਵੋ। ਉਨ੍ਹਾਂ ਦੀ ਇਹ ਬੇਨਤੀ ਸੁਣ
ਕੇ ਨਰ-ਨਾਰਾਇਣ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਦ੍ਵਾਪੁਰ ਵਿਚ ਜਦ ਅਸੀਂ ਅਵਤਾਰ ਲਵਾਂਗੇ ਤਦ ਤੁਸੀਂ
ਰਾਜ ਕੁਲ ਵਿਚ ਜਨਮ ਲਵੋਗੀਆਂ। ਉਸ ਵੇਲੇ ਤੁਹਾਡੀ ਇੱਛਾ ਪੂਰੀ ਹੋਵੇਗੀ। ਉਸ ਦੇ ਮੁਤਾਬਕ ਹੀ
'ਨਾਰਾਇਣ' ਸ੍ਰੀ ਕ੍ਰਿਸ਼ਨ ਅਤੇ 'ਨਰ' ਅਰਜਨ ਹੋਏ ਸਨ।

ਏਹੀ ਨਰ-ਨਾਰਾਇਣ ਰਿਖੀ ਹੀ ਦੁਆਪਰ ਦੇ ਅੰਤ ਵਿਚ ਅਰਜਨ ਤੇ ਕ੍ਰਿਸ਼ਨ ਰੂਪ ਹੋ ਕੇ
ਪ੍ਰਗਟ ਹੋਏ ਸਨ। ਮਹਾਂਭਾਰਤ ਅਤੇ ਭਾਗਵਤ ਆਦਿਕ ਪੁਰਾਣਾਂ ਵਿਚ ਕਈ ਜਗ੍ਹਾ ਤੇ ਲਿਖਿਆ ਹੈ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਤ੍ਰਿਤੀਯ ਨਰ ਅਤੇ ਨਾਰਾਇਣ ਚਤੁਰਥ ਅਵਤਾਰ ਸੰਪੂਰਨੰ
ਸਤੁ ਸੁਭਮ ਸਤੁ ॥ ੩ ॥ ੪ ॥ ੨੦ ॥ ੭੯ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਤੀਸਰਾ 'ਨਰ' ਅਤੇ ਚੌਥਾ 'ਨਾਰਾਇਨ' ਅਵਤਾਰ ਸਮਾਪਤ ॥ ਸਤ
ਸੁਭਮ ਸਤ ॥ ੩ ॥ ੪ ॥ ੨੦ ॥ ੭੯ ॥ ਚਲਦਾ ॥

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰੀ ਭਗਉਤੀ ਜੀ ਸਹਾਇ ॥

# ਪੰਜਵਾਂ ਅਵਤਾਰ 'ਮਹਾ ਮੋਹਨੀ'

ਭੁਜੰਗ ਛੰਦ ॥ ਮਹਾ ਮੋਹਨੀ ਰੂਪ ਧਾਰਜੋ ਅਪਾਰੰ ॥ ਰਹੇ ਮੋਹਿਕੈ ਦਿਤਿ ਆਦਿਤਿਯ ਕੁਮਾਰੰ ॥
ਛਕੇ ਪ੍ਰੇਮ ਜੋਗੰ ਰਹੇ ਰੀਝ ਸਰਬੰ ॥ ਤਜੇ ਸ਼ਸਤ੍ਰ ਅਸਤ੍ਰੰ ਦੀਯੋ ਛੋਰ ਗਰਬੰ ॥ ੧ ॥

ਵਿਸ਼ਨੂੰ ਨੇ ਮਹਾ ਮੋਹਨੀ ਰੂਪ ਧਾਰਿਆ, ਜਿਸ ਨੂੰ ਵੇਖਦਿਆਂ ਹੀ ਦੇਵਤੇ ਤੇ ਦੈਂਤ ਮੋਹਤ ਹੋ ਗਏ। ਸਾਰੇ ਹੀ ਪ੍ਰੇਮ ਵਿਚ ਮਸਤ ਹੋ ਕੇ ਪ੍ਰਸੰਨ ਹੋ ਰਹੇ ਸਨ ਅਤੇ ਸ਼ਸਤਰ ਅਸਤਰ ਦਾ ਹੰਕਾਰ ਛੱਡ ਦਿੱਤਾ ਸੀ ॥ ੧ ॥

ਭੁਜੰਗ ਛੰਦ ॥ ਫੰਧੇ ਪ੍ਰੇਮਫਾਂਧੰ ਭਯੋ ਕੋਪ ਹੀਣੰ ॥ ਲਗੈ ਨੈਨ ਬਾਨੰ ਧਯੋ ਪਾਨ ਪੀਣੰ ॥
ਗਿਰੇ ਝੂਮਿ ਭੂਮੰ ਛੁਟੇ ਜਾਨ ਪ੍ਰਾਣੰ ॥ ਸਭੈ ਚੇਤ ਹੀਣੰ ਲਗੇ ਜਾਨ ਬਾਣੰ ॥ ੨ ॥

ਸਭ ਪ੍ਰੇਮ ਦੀ ਫਾਹੀ ਵਿਚ ਫਸ ਗਏ, ਕ੍ਰੋਧ ਤੋਂ ਖਾਲੀ ਹੋ ਗਏ। ਮੋਹਨੀ ਦੇ ਨੈਣਾਂ ਦੇ ਤੀਰ ਵੱਜਣ ਨਾਲ ਮਾਨੋ ਸ਼ਰਾਬੀ ਹੋ ਗਏ ਸਨ। ਝੂਮ ਕੇ ਧਰਤੀ ਉਤੇ ਡਿਗਦੇ ਸਨ, ਜਾਨੋ ਪ੍ਰਾਣ ਨਿਕਲ ਗਏ ਸਨ। ਸਾਰੇ ਚੇਤਨਾ ਤੋਂ ਹੀਣੇ ਸਨ, ਜਿਵੇਂ ਤੀਰ ਵੱਜੇ ਹੁੰਦੇ ਹਨ ॥ ੨ ॥

## ਭੁਜੰਗ ਪ੍ਰਯਾਤ ਛੰਦ ॥

ਲਖੇ ਚੇਤ ਹੀਣੰ ਭਏ ਸੂਰ ਸਰਬੰ ॥ ਛੁਟੇ ਸ਼ਸਤ੍ਰ ਅਸਤ੍ਰੰ ਸਭੈ ਅਰਬ ਖਰਬੰ ॥
ਭਯੋ ਪ੍ਰੇਮ ਜੋਗੰ ਲਗੇ ਨੈਨ ਐਸੇ ॥ ਮਨੋ ਫਾਂਧ ਫਾਂਧੇ ਮ੍ਰਿਗੀ ਰਾਜ ਜੈਸੇ ॥ ੩ ॥

ਸਾਰੇ ਸੂਰਮੇ ਚੇਤਨਤਾ ਤੋਂ ਹੀਣੇ ਹੋਏ ਜਾਪਦੇ ਸਨ, ਜੋ ਅਰਬਾਂ ਖਰਬਾਂ ਸੂਰਮੇ ਸਨ, ਉਨਾਂ ਸਭਨਾਂ ਪਾਸੋਂ ਸ਼ਸਤਰ ਤੇ ਅਸਤਰ ਛੁੱਟ ਗਏ ਸਨ। ਅੱਖਾਂ ਇਸ ਤਰ੍ਹਾਂ ਮੋਹਨੀ ਦੇ ਰੂਪ ਨੂੰ ਵੇਖਣ ਲੱਗ ਪਈਆਂ, ਜਿਵੇਂ ਆਸ਼ਕ ਹੋ ਗਏ ਸਨ, ਜਿਸ ਤਰ੍ਹਾਂ ਹੀਰੇ ਹਿਰਨ ਦੇ ਪ੍ਰੇਮ ਵਿਚ ਹਿਰਨੀਆਂ ਫਸੀਆਂ ਹੁੰਦੀਆਂ ਹਨ ॥ ੩ ॥

## ਭੁਜੰਗ ਪ੍ਰਯਾਤ ਛੰਦ ॥

ਜਿਨੇ ਰਤਨ ਬਾਂਟੇ ਤੁਮੂੰ ਤਾਹਿ ਜਾਨੋ ॥ ਕਥਾ ਬ੍ਰਿੱਧ ਤੇ ਬਾਤ ਥੋਰੀ ਬਖਾਨੋ ॥

**ਸਭੈ ਪਾਂਤ ਪਾਂਤੰ ਬਹਿੱਠੇ ਸੁ ਬੀਰੰ॥ ਕਟੰ ਪੇਚ ਛੋਰੇ ਤਜੇ ਤੇਗ ਤੀਰੰ॥੪॥**

ਮੋਹਨੀ ਨੇ ਜਿਸ ਤਰ੍ਹਾਂ ਰਤਨ ਵੰਡੇ ਸਨ, ਉਸ ਪ੍ਰਸੰਗ ਨੂੰ ਤੁਸੀਂ ਵੀ ਜਾਣਦੇ ਹੋ। ਕਥਾ ਵਧ ਜਾਏਗੀ ਇਸ ਲਈ ਥੋੜੀ ਗੱਲ ਕਹਿੰਦਾ ਹਾਂ। ਸਾਰੇ ਦੇਵਤੇ ਤੇ ਦੈਂਤ ਸੂਰਮੇ ਕਤਾਰੋ ਕਤਾਰ ਬੈਠ ਗਏ। ਸਭਨਾਂ ਨੇ ਕਮਰਕਸੇ ਖੋਹਲ ਦਿੱਤੇ ਅਤੇ ਤੀਰ ਤਲਵਾਰਾਂ ਛੱਡ ਦਿੱਤੇ॥੪॥

**ਚੌਪਈ॥ ਸਭ ਜਗ ਕੋ ਜੁ ਧਨੰਤਰਿ ਦੀਆ॥ ਕਲਪ ਬ੍ਰਿਛ ਲਛਮੀ ਕਰ ਲੀਆ॥**

**ਸ਼ਿਵ ਮਾਹੁਰ ਰੰਭਾ ਸਭ ਲੋਕਨ॥ ਸੁਖ ਕਰਤਾ ਹਰਤਾ ਸਭ ਸੋਕਨ॥੫॥**

ਸਾਰੇ ਲੋਕਾਂ ਨੂੰ ਧਨੰਤਰੀ ਵੈਦ ਦੇ ਦਿੱਤਾ। ਕਲਪ ਬ੍ਰਿਛ ਸਵਰਗ ਲਈ ਦਿੱਤਾ। ਕਾਲਕੂਟ ਜ਼ਹਿਰ ਸ਼ਿਵਜੀ ਨੂੰ ਅਤੇ ਰੰਭਾ ਨਾਮ ਦੀ ਵੇਸਵਾ ਸਾਰੇ ਲੋਕਾਂ ਦੇ ਸਾਰੇ ਸੋਗਾਂ ਨੂੰ ਦੂਰ ਕਰਨ ਵਾਸਤੇ ਅਤੇ ਸੁਖ ਪੈਦਾ ਕਰਨ ਲਈ ਉਨ੍ਹਾਂ ਨੂੰ ਦੇ ਦਿੱਤੀ॥੫॥

**ਦੋਹਰਾ॥ ਸਸਿ ਕ੍ਰਿਸ ਦੇ ਕਰਬੇ ਨਮਿਤ ਮਨਿ ਲਛਮੀ ਕਰ ਲੀਨ॥**

**ਉਰ ਰਾਖੀ ਤਿਹ ਤੇ ਚਮਕ ਪ੍ਰਗਟ ਦਿਖਾਈ ਦੀਨ॥੬॥**

ਖੇਤੀਆਂ ਦੇ ਪ੍ਰਫੱਕ ਕਰਨ ਵਾਸਤੇ, ਚੰਦਰਮਾਂ ਨੂੰ ਅਕਾਸ਼ ਵਿਚ ਟਿਕਾ ਦਿੱਤਾ ਅਤੇ ਮਨੀ ਤੇ ਲਛਮੀ ਨੂੰ ਆਪਣੇ ਗਲ ਦਾ ਹਾਰ ਬਣਾਇਆ, ਜਿਸ ਦੀ ਚਮਕ ਵਿਖਾਈ ਦੇਂਦੀ ਸੀ॥੬॥

**ਦੋਹਰਾ॥ ਗਾਇ ਰਖੀਸ਼ਨ ਕਉ ਦਈ ਕਹ ਲਉ ਕਰੋਂ ਬਿਚਾਰ॥**

**ਸ਼ਾਸਤ੍ਰ ਸੋਧ ਕਬੀਅਨ ਮੁਖਨ ਲੀਜਹੁ ਪੂਛ ਸੁਧਾਰ॥੭॥**

ਰਿਖੀਆਂ ਨੂੰ ਕਾਮਧੇਨੁ ਗਊ ਦਿੱਤੀ। ਕਿਥੋਂ ਤਕ ਵਿਚਾਰ ਪ੍ਰਗਟ ਕਰਾਂ? ਹੇ ਪਾਠਕ ਜਨੋਂ! ਪੁਸਤਕਾਂ ਨੂੰ ਸੋਧ ਕੇ ਵੇਖ ਲਵੋ ਜਾਂ ਉੱਤਮ ਕਵੀ ਜਨਾਂ ਨੂੰ ਪੁੱਛ ਕੇ ਜਾਣ ਲਵੋ॥੭॥

**ਭੁਜੰਗ॥ ਰਹੇ ਰੀਝ ਐਸੇ ਸਭੈ ਦੇਵ ਦਾਨੰ॥ ਮ੍ਰਿਗੀ ਰਾਜ ਜੈਸੇ ਸੁਨੇ ਨਾਦ ਕਾਨੰ॥**

**ਬਟੇ ਰਤਨ ਸਰਬੰ ਗਈ ਛੂਟ ਰਾਗੰ॥ ਧਰਜੋ ਐਸ ਸ੍ਰੀ ਬਿਸ਼ਨ ਪੰਚਮ ਵਤਾਰੰ॥੮॥**

ਦੇਵਤੇ ਤੇ ਦੈਂਤ ਸਾਰੇ ਇਸ ਵੰਡ ਨੂੰ ਵੇਖ ਕੇ ਇਸ ਤਰ੍ਹਾਂ ਪ੍ਰਸੰਨ ਹੋ ਰਹੇ ਸਨ, ਜਿਸ ਤਰ੍ਹਾਂ ਨਾਦ ਦਾ ਸ਼ਬਦ ਕੰਨੀਂ ਸੁਣ ਕੇ, ਹੀਰਾ ਹਿਰਨ ਮਸਤ ਹੋ ਰਹਿੰਦਾ ਹੈ। ਸਾਰੇ ਰਤਨ ਵੰਡੇ ਗਏ। ਲੜਾਈ ਮੁਕ ਗਈ ਇਸ ਤਰ੍ਹਾਂ ਸ੍ਰੀ ਵਿਸ਼ਨੂੰ ਜੀ ਨੇ ਮੋਹਨੀ ਦਾ ਪੰਜਵਾਂ ਅਵਤਾਰ ਧਰਿਆ॥੮॥

ਭਾਵਾਰਥ :- ਸਮੁੰਦਰ ਰਿੜਕਣ ਤੋਂ ਪਹਿਲੇ ਦੇਵਤੇ ਤੇ ਦੈਂਤਾਂ ਦਾ ਆਪੋ ਵਿਚ ਇਸ ਗੱਲ ਦਾ ਫੈਸਲਾ ਹੋ ਚੁਕਾ ਸੀ ਕਿ ਜੋ ਕੁਝ ਇਸਦੇ ਵਿਚੋਂ ਨਿਕਲੇਗਾ, ਦੋਵੇਂ ਧਿਰਾਂ ਅਧੋ ਅੱਧ ਵੰਡ ਲੈਣਗੀਆਂ ਫੈਸਲੇ ਅਨੁਸਾਰ ਦੋਹਾਂ ਨੇ ਮਿਲ ਕੇ ਸਮੁੰਦਰ ਰਿੜਕਿਆ॥ ਜਿਸ ਵਿਚੋਂ ਚੌਦਾਂ ਰਤਨ, ਚੌਦਾਂ ਉਪਰਤਨ, ਅੱਠ ਧਾਤਾਂ ਤੇ ਅੱਠ ਉਪਧਾਤਾਂ ਨਿਕਲੀਆਂ। ਜਿਨ੍ਹਾਂ ਦੀ ਵੰਡ ਵਿਸ਼ਨੂੰ ਜੀ ਕਰਨ ਲੱਗੇ। ਉਨ੍ਹਾਂ ਨੇ

ਘੋੜਾ ਸੂਰਜ ਨੂੰ, ਹਾਥੀ ਇੰਦਰ ਨੂੰ, ਧਨੁਖ, ਗਦਾ ਤੇ ਸੰਖ ਆਪਣੇ ਵਾਸਤੇ, ਜ਼ਹਿਰ ਸ਼ਿਵਜੀ ਨੂੰ ਦੇ ਦਿੱਤਾ। ਇਤਨੀ ਵੰਡ ਦੈਂਤਾਂ ਨੇ ਸ਼ਾਤ ਚਿੱਤ ਨਾਲ ਵੇਖੀ। ਫਿਰ ਅੰਮ੍ਰਿਤ ਦੀ ਵਾਰੀ ਆਈ। ਇਸ ਉਤੇ ਝਗੜਾ ਹੋ ਪਿਆ। ਤੀਰਾਂ ਤਲਵਾਰਾਂ ਚਲ ਪਈਆਂ। ਦੇਵਤੇ ਕਮਜੋਰ ਸਨ। ਉਨ੍ਹਾਂ ਦੀ ਸਹਾਇਤਾ ਲਈ ਨਰ-ਨਰਾਇਣ ਪ੍ਰਗਟੇ। ਪਰ ਫਲ ਕੁਝ ਚੰਗਾ ਨਾ ਨਿਕਲਿਆ। ਦੋਵੇਂ ਧਿਰਾਂ ਆਪੋ ਆਪਣੀ ਹਾਰ ਤੇ ਜਿੱਤ ਮੰਨ ਕੇ ਪਾਸੇ ਹਟ ਗਈਆਂ। ਅਜਿਹੇ ਮੌਕੇ ਨੂੰ ਤਾੜ ਕੇ ਵਿਸ਼ਨੂੰ ਜੀ ਨੇ ਇਕ ਸੁੰਦਰੀ ਦਾ ਰੂਪ ਧਾਰਨ ਕਰ ਲਿਆ। ਜਿਸਦੇ ਰੂਪ ਨੂੰ ਵੇਖ ਵੇਖ ਕੇ ਦੋਵੇਂ ਧਿਰਾਂ ਦੇ ਲੜਾਕੇ ਬੀਰ ਮੋਹਤ ਹੋ ਗਏ। ਦੋਹਾਂ ਨੇ ਹੱਥ ਜੋੜ ਕੇ ਕਿਹਾ - "ਸਾਡਾ ਇਹਨਾਂ ਚੀਜ਼ਾਂ ਦੇ ਵੰਡਣ ਦਾ ਝਗੜਾ ਹੋ ਰਿਹਾ ਹੈ, ਵਿਸ਼ਨੂੰ ਸਾਡਾ ਵੱਡਾ ਭਰਾ ਹੈ, ਪਰ ਇਸਨੇ ਇਨਸਾਫ ਨਹੀਂ ਕੀਤਾ। ਜੋ ਕੁਝ ਵੀ ਹੁਣ ਵੰਡਿਆ ਹੈ, ਸਭ ਦੇਵਤਿਆਂ ਨੂੰ ਦਿੱਤਾ ਹੈ। ਇਸ ਕਰ ਕੇ ਸਾਨੂੰ ਅਗੇ ਨੂੰ ਇਸ ਦੀ ਵੰਡ ਮਨਜੂਰ ਨਹੀਂ। ਬਾਕੀ ਜੋ ਕੁਝ ਹੈ ਇਹ ਤੁਸੀਂ ਵੰਡ ਦਿਓ ਤਾਂ ਚੰਗਾ ਹੈ।"

ਇਹ ਸੁਣ ਕੇ ਮੋਹਨੀ ਨੇ ਸਭਨਾਂ ਨੂੰ ਕਤਾਰੇ ਕਤਾਰ ਬਿਠਾ ਕੇ ਅੰਮ੍ਰਿਤ ਤੇ ਸ਼ਰਾਬ ਪਿਆਈ। ਜਦ ਅੰਮ੍ਰਿਤ ਵੰਡਿਆ ਗਿਆ ਤਾਂ ਬਾਕੀ ਚੀਜ਼ਾਂ ਵਿਚੋਂ ਗਊ ਰਿਖੀਆਂ ਨੂੰ ਦੇ ਦਿੱਤੀ ਤਾਂ ਕਿ ਯੱਗ ਆਦਿਕ ਕੰਮ ਕਰਨ ਲਈ ਰਿਖੀਆਂ ਨੂੰ ਕਿਸੇ ਦਾਂ ਮੁਤਾਜ ਨਾ ਹੋਣਾ ਪਵੇ। ਜਿਸ ਰਿਖੀ ਨੂੰ ਜਦੋਂ ਕਿਸੇ ਪਦਾਰਥ ਦੀ ਲੋੜ ਹੋਵੇ, ਉਹ ਕਾਮਧੇਨ ਪਾਸੋਂ ਪ੍ਰਾਪਤ ਕਰ ਲਏ।

ਇਸ ਤਰ੍ਹਾਂ ਮੋਹਨੀ ਅਵਤਾਰ ਨੇ ਗਊ ਰਿਖੀਆਂ ਨੂੰ, ਕਲਪ ਬ੍ਰਿਛ ਸੁਰਗ ਦੀ ਸ਼ੋਭਾ ਲਈ, ਮਨੀ ਤੇ ਲਛਮੀ ਨੂੰ ਆਪਣੇ ਗਲ ਦਾ ਹਾਰ ਬਣਾਇਆ। ਇਉਂ ਚੋਦਾਂ ਰਤਨਾਂ ਦੀ ਵੰਡ ਕਰ ਕੇ ਦੈਂਤਾਂ ਦੀਆਂ ਅੱਖਾਂ ਪੂੰਝੀਆਂ।

ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ 'ਮਹਾ ਮੋਹਨੀ' ਪੰਚਮ ਅਵਤਾਰ ਸੰਪੂਰਨੰ ਸਤੁ ਸੁਭਮ ਸਤੁ॥ ੫॥੮॥੮੭॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਪੰਜਵਾ ਅਵਤਾਰ 'ਮਹਾ ਮੋਹਨੀ' ਸਮਾਪਤ॥ ਸਤ ਸੁਭਮ ਸਤ॥ ੫॥੮॥੮੭॥ ਚਲਦਾ॥

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਭਗਉਤੀ ਜੀ ਸਹਾਇ॥

# ਛੇਵਾਂ ਅਵਤਾਰ 'ਵੈਰਾਹ'

## ਭੁਜੰਗ ਪ੍ਰਯਾਤ ਛੰਦ॥

**ਦਯੋ ਬਾਂਟ ਮੱਦਿਯੰ ਅਮੱਦਿਯੰ ਭਗਵਾਨੰ॥ ਗਏ ਠਾਮ ਠਾਮੰ ਸਭੈ ਦੇਵ ਦਾਨੰ॥
ਪੁਨਰ ਦ੍ਰੋਹ ਬਢਯੋ ਸੁ ਆਪੰ ਮਝਾਰੰ॥ ਭਜੇ ਦੇਵਤਾ ਦਈਤ ਜਿੱਤੇ ਜੁਝਾਰੰ॥੧॥**

ਭਗਵਾਨ ਮੋਹਨੀ ਸਰੂਪ ਨੇ ਸ਼ਰਾਬ ਦੈਂਤਾਂ ਨੂੰ ਵੰਡ ਦਿੱਤੀ ਅਤੇ ਅੰਮ੍ਰਿਤ ਦੇਵਤਿਆਂ ਨੂੰ ਵੰਡ ਦਿੱਤਾ ਫਿਰ ਸਾਰੇ ਦੇਵਤੇ ਤੇ ਦੈਂਤ ਆਪੋ ਆਪਣੇ ਟਿਕਾਣਿਆਂ ਨੂੰ ਚਲੇ ਗਏ। ਦੁਬਾਰਾ ਫੇਰ ਆਪਸ ਵਿਚ ਝਗੜਾ ਵੱਧ ਗਿਆ ਜਿਸ ਵਿਚ ਦੇਵਤੇ ਹਾਰ ਕੇ ਭੱਜ ਗਏ ਅਤੇ ਲੜਾਕੇ ਦੈਂਤ ਜਿੱਤ ਗਏ॥੧॥

**ਭੁਜੰਗ॥ ਹਿਰਿਨਯੋ ਹਿਰੰਨਾਛਸੰ ਦੋਇ ਬੀਰੰ॥ ਸਭੈ ਲੋਕ ਕੈ ਜੀਤ ਲੀਨੇ ਗਹੀਰੰ॥
ਜਲੰ ਬਾ ਥਲੇਯੰ ਕੀਯੋ ਰਾਜ ਸਰਬੰ॥ ਭੁਜਾ ਦੇਖ ਭਾਰੀ ਬਢਯੋ ਤਾਹਿ ਗਰਬੰ॥੨॥**

ਹਿਰਨਕਸ਼ਪ ਤੇ ਹਰਨਾਖਸ਼ ਇਹ ਦੋਵੇਂ ਰਾਕਸ਼ ਭਰਾ ਸੂਰਮੇ ਹੋਏ ਹਨ। ਸਾਰੇ ਲੋਕਾਂ ਨੂੰ ਜਿੱਤਕੇ ਇਨ੍ਹਾਂ ਨੇ ਆਪਣੇ ਕਾਬੂ ਵਿਚ ਕਰ ਲਿਆ ਸੀ। ਹਰ ਥਾਂ ਜਲ ਤੇ ਥਲ ਵਿਚ ਆਪਣਾ ਰਾਜ ਕਾਇਮ ਕਰ ਲਿਆ। ਆਪਣੀਆਂ ਬਾਹਾਂ ਦਾ ਭਾਰੀ ਬਲ ਵੇਖ ਕੇ ਉਨ੍ਹਾਂ ਦਾ ਹੰਕਾਰ ਵੱਧ ਗਿਆ॥੨॥

**ਭੁਜੰਗ॥ ਚਹੈ ਜੁੱਧੁ ਮੋ ਸੋ ਕਰੇ ਆਨ ਕੋਊ॥ ਬਲੀ ਹੋਇ ਵਾ ਸੋ ਭਿਰੇ ਆਨ ਸੋਊ॥
ਚੜਯੋ ਮੇਰ ਸ੍ਰਿੰਗੰ ਧਰੀ ਗੁਸ਼ਟ ਸੰਗੰ॥ ਹਰੇ ਬੇਦ ਭੂਮੰ ਕੀਏ ਸਰਬ ਭੰਗੰ॥੩॥**

ਦੋਵੇਂ ਉਹ ਚਾਹੁੰਦੇ ਸਨ ਕਿ ਸਾਡੇ ਨਾਲ ਆਣ ਕੇ ਕੋਈ ਜੁੱਧ ਕਰੇ। ਜੇਹੜਾ ਕੋਈ ਉਨ੍ਹਾਂ ਨਾਲੋਂ ਬਲੀ ਹੋਵੇਗਾ, ਓਹੀ ਆ ਕੇ ਲੜੇਗਾ। ਕੋਈ ਉਨ੍ਹਾਂ ਤੋਂ ਵੱਧ ਬਲੀ ਨਹੀਂ ਸੀ। ਇਸ ਲਈ ਕੋਈ ਵੀ ਨਹੀਂ ਸੀ ਲੜਦਾ, ਅੰਤ ਨੂੰ ਹਿਰਨਕਸ਼ਪ ਸੁਮੇਰ ਦੀ ਚੋਟੀ ਤੇ ਚੜ੍ਹ ਗਿਆ, ਉਸ ਨੂੰ ਪੈਰ ਦੇ ਅੰਗੂਠੇ ਨਾਲ ਥੱਲੇ ਨੂੰ ਦੱਬ ਦਿੱਤਾ, ਅਤੇ ਵੇਦ ਖੋਹ ਲਏ। ਸਾਰੀ ਧਰਤੀ ਤੋਂ ਸਾਰੇ ਜਗ ਆਦਿਕ ਕਰਮ ਭੰਗ ਕਰ ਦਿੱਤੇ॥੩॥

**ਧਸੀ ਭੂਮ ਬੇਦੰ ਰਹੀ ਹ੍ਵੈ ਪਤਾਰੰ॥ ਧਰਯੋ ਬਿਸ਼ਨ ਤਉ ਦਾੜ ਗਾੜਾ ਵਤਾਰੰ॥
ਧਸਯੋ ਨੀਰ ਮੱਧੰ ਕੀਯੋ ਊਚ ਨਾਦੰ॥ ਰਹੀ ਧੂਰਿ ਪੂਰੰ ਧੁਨੰ ਨਿਰਬਿਖਾਦੰ॥੪॥**

ਸੁਮੇਰ ਦੀ ਚੋਟੀ ਨੂੰ ਦਬਾਉਣ ਕਰਕੇ ਵੇਦਾਂ ਸਣੇ ਸਾਰੀ ਧਰਤੀ ਜਲ ਵਿਚ ਧਸ ਗਈ, ਅਤੇ ਪਤਾਲ ਵਿਚ ਸਥਿਰ ਹੋ ਗਈ। ਤਦੋਂ ਵਿਸ਼ਨੂੰ ਜੀ ਨੇ ਦਾੜ੍ਹ ਗਾੜ੍ਹਾ ਭਾਵ ਮਜ਼ਬੂਤ ਹੁੱਡਾਂ ਵਾਲਾ ਸਰੂਪ ਧਾਰਨ ਕੀਤਾ। ਵਰਾਹ ਰੂਪ ਹੋ ਕੇ ਵਿਸ਼ਨੂੰ ਜ਼ਲ ਵਿਚ ਧਸ ਗਿਆ ਅਤੇ ਉੱਚੀ ਆਵਾਜ਼ ਨਾਲ ਲਲਕਾਰਾ ਮਾਰਿਆ, ਜਿਸ ਦੀ ਧੁਨ ਅਖੰਡ ਅਕਾਸ਼ ਵਿਚ ਗੂੰਜ ਰਹੀ ਸੀ॥ ੪॥

**ਭੁਜੰਗ॥ ਬਜੇ ਡਾਕ ਡਉਰੂ ਦੋਊ ਬੀਰ ਜਾਗੇ॥ ਸੁਣੇ ਨਾਦਿ ਬੰਕੇ ਮਹਾਂ ਭੀਰ ਭਾਗੇ॥**
**ਝਿਮੀ ਤੇਗ ਤੇਜੰ ਸਰੋਸੰ ਪ੍ਰਹਾਰੰ॥ ਖਿਵੀ ਦਾਮਨੀ ਜਾਣ ਭਾਦੋਂ ਮਝਾਰੰ॥ ੫॥**

ਡੱਗਾ ਡੱਗ ਡੌਰੂ ਵੈਰਾਹ ਨੇ ਵਜਾਇਆ, ਜਿਸ ਨੂੰ ਸੁਣਕੇ ਦੋਵੇਂ ਸੂਰਮੇ ਜਾਗ ਪਏ। ਉਸ ਵੇਲੇ ਦੇ ਨਾਦ ਨੂੰ ਸੁਣ ਕੇ ਵੱਡੇ ਵੱਡੇ ਜੋਧੇ ਵੀ ਕਾਇਰ ਹੋ ਕੇ ਭੱਜ ਉਠੇ। ਦੋਵੇਂ ਸੂਰਮੇ ਜੋ ਤਿੱਖੀਆਂ ਤੇਗਾਂ ਕ੍ਰੋਧ ਨਾਲ ਚਲਾਉਂਦੇ ਸਨ ਉਹ ਇਸਤਰ੍ਹਾਂ ਚਮਕਦੀਆਂ ਸਨ ਮਾਨੋ ਭਾਦਰੋਂ ਦੇ ਮਹੀਨੇ ਵਿਚ ਜਿਵੇਂ ਬਿਜਲੀ ਚਮਕਦੀ ਹੈ॥ ੫॥

**ਭੁਜੰਗ॥ ਮੁਖੰ ਮੁੱਛ ਬੰਕੀ ਬਕੈ ਸੂਰਬੀਰੰ॥ ਤੜੰਕਾਰ ਤੇਗੰ ਸੜੰਕਾਰ ਤੀਰੰ॥**
**ਧਮੱਕਾਰ ਸਾਂਗੰ ਖੜੱਕਾਰ ਖੱਗੰ॥ ਟੂਟੇ ਟੂਕ ਟੋਪੰ ਉਠੇ ਨਾਲ ਅੱਗੰ॥ ੬॥**

ਜਿਨ੍ਹਾਂ ਦੇ ਮੂੰਹ ਤੇ ਟੇਡੀਆਂ ਮੁੱਛਾਂ ਸਨ, ਉਹ ਸੂਰਬੀਰ ਲਲਕਾਰਦੇ ਸਨ, ਤੇਗਾਂ ਤਾੜ ਤਾੜ ਕਰਦੀਆਂ ਸਨ, ਤੀਰ ਸੜ ਸੜ ਕਰਦੇ ਸਨ, ਸਾਂਗ ਸੇਲਿਆਂ ਦਾ ਧਮਕਾਰ ਪੈਂਦਾ ਸੀ, ਖੜਗਾਂ ਦਾ ਖੜਕਾਰ ਹੁੰਦਾ ਸੀ। ਸੂਰਮਿਆਂ ਦੇ ਸਿਰਾਂ ਦੇ ਟੋਪ ਟੋਟੇ-ਟੋਟੇ ਹੋ ਕੇ ਟੁੱਟਦੇ ਜਾਂਦੇ ਸਨ, ਅਤੇ ਨਾਲ ਹੀ ਇਨ੍ਹਾਂ ਵਿਚੋਂ ਅੱਗ ਨਿਕਲਦੀ ਸੀ॥ ੬॥

**ਭੁਜੰਗ॥ ਉਠੇ ਨੱਦ ਨਾਦੰ ਢਮੱਕਾਰ ਢੋਲੰ॥ ਢਲੰਕਾਰ ਢਾਲੰ ਮੁਖੰ ਮਾਰ ਬੋਲੰ॥**
**ਖਹੇ ਖੱਗ ਖੂਨੀ ਖੁਲੇ ਬੀਰ ਖੇਤੰ॥ ਨਚੇ ਕੰਧਿ ਹੀਣੰ ਕਮੱਧੰ ਨ੍ਰਿਚੇਤੰ॥ ੭॥**

ਢਮਾ ਢੱਮ ਢੋਲਾਂ ਦਾ ਘੋਰ ਨਾਦ ਹੋ ਰਿਹਾ ਸੀ। ਢੱਕਾ ਢੱਕ ਢਾਲਾਂ ਦੀ ਆਵਾਜ਼ ਨਿਕਲਦੀ ਸੀ, ਮੂੰਹੋਂ ਸੂਰਮੇ ਮਾਰੋ ਮਾਰੋ ਕੂਕਦੇ ਸਨ। ਰਣ ਭੂਮੀ ਵਿਚ ਖੂਨ ਦੇ ਭਰੇ ਹੋਏ ਨੰਗੇ ਖੜਗਾਂ ਨਾਲ ਖੜਗ ਠਹਿਕਦੇ ਸਨ। ਸਿਰਾਂ ਤੋਂ ਬਿਨਾਂ ਧੜ, ਪ੍ਰਾਣਾਂ ਤੋਂ ਹੀਣੇ ਹੋ ਕੇ ਨਚ ਰਹੇ ਸਨ॥ ੭॥

**ਭੁਜੰਗ॥ ਭਰੇ ਜੋਗਣੀ ਪੱਤ੍ਰ ਚਉਸਠ ਚਾਰੀ॥ ਨਚੀ ਖੋਲ ਸੀਸੰ ਬਕੀ ਬਿਕਰਾਰੀ॥**
**ਹਸੈ ਭੂਤ ਪ੍ਰੇਤੰ ਮਹਾ ਬਿਕਰਾਲੰ॥ ਬਜੇ ਡਾਕ ਡਊਰ ਕਰੂਰੰ ਕਰਾਲੰ॥ ੮॥**

ਖੂਨ ਦੇ ਖੱਪਰ ਭਰ ਕੇ ਚੌਸਠ ਕਲਜੋਗਣੀਆਂ ਫਿਰ ਰਹੀਆਂ ਸਨ ਤੇ ਸਿਰ ਦੇ ਵਾਲ ਖੋਹਲ ਕੇ ਨੱਚਦੀਆਂ ਤੇ ਡਰਾਉਣੇ ਬੋਲ ਬੋਲਦੀਆਂ ਸਨ। ਵਡੇ ਡਰਾਉਣੇ ਭੂਤ ਤੇ ਪ੍ਰੇਤ ਹੱਸਦੇ ਸਨ। ਭੈੜੇ ਅਤੇ ਡਰਾਉਣੇ ਡੌਰੂ ਡੱਕ ਡੱਕ ਕਰਕੇ ਵੱਜਦੇ ਸਨ॥ ੮॥

**ਭੁਜੰਗ॥ ਪ੍ਰਹਾਰੰਤ ਮੁਸਟੰ ਕਰੈ ਪਾਵ ਘਾਤੰ॥ ਮਨੋ ਸਿੰਘ ਸਿੰਘੰ ਡਹੇ ਗਜ ਮਾਤੰ॥**
**ਛੁਟੀ ਈਸ ਤਾੜੀ ਡਗਿਯੋ ਬ੍ਰਹਮ ਧਿਆਨੰ॥ ਭਜ੍ਯੋ ਚੰਦ੍ਰਮਾ ਕਾਂਪ ਭਾਨੰ ਮਧ੍ਯਾਨੰ॥ ੯**

ਇਕ ਦੂਜੇ ਨੂੰ ਹਿਰਨਕਸ਼ਪ ਤੇ ਵੈਰਾਹ ਮੁੱਕੇ ਮਾਰਦੇ ਸਨ ਅਤੇ ਪੈਰਾਂ ਦੀ ਮਾਰ ਕਰਦੇ ਸਨ, ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਜਿਵੇਂ ਸ਼ੇਰ ਨਾਲ ਸ਼ੇਰ ਜਾਂ ਮਸਤ ਹਾਥੀ ਨਾਲ ਹਾਥੀ ਭਿੜ ਰਿਹਾ ਸੀ। ਅਜੇਹਾ ਘੋਰ ਸ਼ਬਦ ਹੋਇਆ ਜਿਸ ਨਾਲ ਸ਼ਿਵਜੀ ਦੀ ਸਮਾਧੀ ਖੁਲ੍ਹ ਗਈ ਤੇ ਉਸਦਾ ਬ੍ਰਹਮ ਸਰੂਪ ਵਿਚ ਜੁੜਿਆ ਧਿਆਨ ਹੱਟ ਗਿਆ। ਚੰਦ੍ਰਮਾਂ ਤੇ ਸੂਰਜ ਦੁਪਹਿਰਾਂ ਵੇਲੇ ਹੀ ਕੰਬਦੇ ਹੋਏ ਭੱਜ ਗਏ ਸਨ॥ ੯॥

**ਭੁਜੰਗ॥ ਜਲੇ ਬਾ ਥਲੇਯੰ ਥਲੰ ਤਥ ਨੀਰੰ॥ ਕਿਧੋ ਸੰਧਿਯੰ ਬਾਣ ਰਘੁ ਇੰਦ੍ਰ ਬੀਰੰ॥**
**ਕਰੈ ਦੈਤ ਆਘਾਤ ਮੁਸਟੰ ਪ੍ਰਹਾਰੰ॥ ਮਨੋ ਚੋਟ ਬਾਹੈ ਘਰਿਯਾਰੀ ਘਰਿਯਾਰੰ॥ ੧੦॥**

ਜਲ ਤੋਂ ਥਲ ਅਤੇ ਥਲ ਦੀ ਥਾਂ ਤੇ ਜਲ ਹੋ ਗਿਆ। ਇਸ ਤਰ੍ਹਾਂ ਭਾਸਦਾ ਸੀ ਜਿਵੇਂ ਰਾਮ ਚੰਦਰ ਸੂਰਮੇ ਨੇ ਬਾਣ ਖਿੱਚਿਆ ਹੋਵੇ। ਹਿਰਨਾਖਸ ਜੋ ਵੈਰਾਹ ਉਤੇ ਮੁੱਕੀ ਮਾਰਣ ਦਾ ਵਾਰ ਕਰਦਾ ਸੀ, ਉਸਦੀ ਅਵਾਜ਼ ਇਸ ਤਰ੍ਹਾਂ ਆਉਂਦੀ ਸੀ ਜਿਵੇਂ ਘੜਿਆਲੀਆ ਘੜਿਆਲ ਤੇ ਠੋਕਰ ਲਾਉਂਦਾ ਹੈ॥ ੧੦॥

**ਬਜੇ ਡੰਕ ਬੰਕੇ ਸੁ ਕ੍ਰੂਰੰ ਕਰਾਰੇ॥ ਮਨੋ ਗਜ ਜੁੱਟੇ ਦੰਤਾਰੇ ਦੰਤਾਰੇ॥**
**ਢਮੰਕਾਰ ਢੋਲੰ ਰਣੰਕੇ ਨਫੀਰੰ॥ ਸੜੱਕਾਰ ਸਾਂਗੰ ਤੜੱਕਾਰ ਤੀਰੰ॥ ੧੧॥**

ਬਾਂਕੇ ਸੂਰਮਿਆਂ ਨੂੰ ਭੈੜੇ ਤੇ ਕਰੜੇ ਡੰਗ ਵੱਜਦੇ ਸਨ, ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਜਿਵੇਂ ਲੰਮੇ ਦੰਦਾਂ ਵਾਲੇ ਹਾਥੀ ਆਪੋ ਵਿਚ ਜੁੱਟੇ ਹੋਏ ਸਨ। ਢੋਲਾਂ ਦੀ ਕੜਕੁਟ ਅਤੇ ਨਫੀਰੀਆਂ ਦੀ ਗੂੰਜ ਹੋ ਰਹੀ ਸੀ। ਸਰੜ ਸਰੜ ਕਰਦੇ ਬਰਛੇ ਅਤੇ ਤੜ ਤੜ ਕਰਦੇ ਤੀਰ ਚਲਦੇ ਸਨ॥ ੧੧॥

**ਭੁਜੰਗ॥ ਦਿਨੰ ਅਸ਼ਟ ਜੁੱਧੰ ਭਯੋ ਅਸ਼ਟ ਰੈਣੰ॥ ਡਗੀ ਭੂਮ ਸਰਬੰ ਉਠ੍ਯੋ ਕਾਂਪ ਗੈਣੰ॥**
**ਰਣੰ ਰੰਗ ਰੱਤੇ ਸਭੈ ਰੰਗ ਭੂਮੰ॥ ਹਣ੍ਯੋ ਬਿਸ਼ਨ ਸ਼ੱਤ੍ਰੰ ਗਿਰ੍ਯੋ ਅੰਤ ਝੂਮੰ॥ ੧੨॥**

ਅੱਠ ਦਿਨ ਅਤੇ ਅੱਠ ਰਾਤਾਂ ਜੰਗ ਹੋਇਆ। ਸਾਰੀ ਧਰਤੀ ਕੰਬ ਗਈ ਅਤੇ ਸਵਰਗ ਵੀ ਕੰਬ ਗਿਆ। ਜੋ ਰਣਭੂਮੀ ਵਿਚ ਸਨ, ਉਹ ਸਾਰੇ ਜੰਗ ਦੇ ਰੰਗ ਵਿਚ ਰਤੇ ਹੋਏ ਸਨ। ਵਿਸ਼ਨੂੰ ਨੇ ਅੰਤ ਵੈਰੀ ਨੂੰ ਮਾਰ ਲਿਆ, ਉਹ ਘੁਆਟਨੀ ਖਾ ਕੇ ਡਿੱਗ ਪਿਆ॥ ੧੨॥

**ਭੁਜੰਗ॥ ਧਰੇ ਦਾੜ ਅਗ੍ਰੰ ਚਤੁਰ ਬੇਦ ਤਬੰ॥ ਹਠੀ ਦੁਸ਼ਟ ਜਿੱਤੇ ਭਜੇ ਦੈਤ ਸਬੰ॥**
**ਦਈ ਬ੍ਰਹਮ ਆਗ੍ਯਾ ਧਨੁਰ ਬੇਦ ਕੀਯੰ॥ ਸਭੈ ਸੰਤਨੰ ਤਾਨ ਕੋ ਸੁਖ ਦੀਯੰ॥ ੧੩॥**

ਵੈਰਾਹ ਰੂਪ ਵਿਸ਼ਨੂੰ ਨੇ ਆਪਣੀ ਹੁੱਡ ਦੇ ਅਗੇ ਚੌਹਾਂ ਵੇਦਾਂ ਨੂੰ ਚੁਕ ਕੇ ਲੈ ਆਂਦਾ, ਇਕ ਹਠੀਏ

ਦੁਸ਼ਟ ਹਰਨਾਖਸ਼ ਦੇ ਜਿੱਤੇ ਜਾਣ ਨਾਲ ਹੋਰ ਸਾਰੇ ਦੈਂਤ ਭੱਜ ਗਏ। ਫਿਰ ਬ੍ਰਹਮਾ ਨੂੰ ਹੁਕਮ ਦਿੱਤਾ, ਉਸ ਨੇ 'ਧਨੁਰ ਵੇਦ' ਦਾ ਉਚਾਰਨ ਕੀਤਾ। ਇਸ ਤਰ੍ਹਾਂ ਉਸ ਨੇ ਸਾਰੇ ਸੰਤਾਂ ਨੂੰ ਸੁਖ ਦਿੱਤਾ॥੧੩॥

**ਭੁਜੰਗ॥ ਧਰਜੋ ਖਸ਼ਟਮੰ ਬਿਸ਼ਨ ਐਸਾਵਤਾਰੰ॥ ਸਭੈ ਦੁਸ਼ਟ ਜਿਤੇ ਕੀਯੋ ਬੇਦ ਉਧਾਰੰ॥**
**ਥਟਜੋ ਧਰਮਰਾਜੰ ਜਿਤੇ ਦੇਵ ਸਰਬੰ॥ ਉਤਾਰਜੋ ਭਲੀਭਾਂਤ ਸੋਂ ਤਾਹਿ ਗਰਬੰ॥ ੧੪॥**

ਛੇਵਾਂ ਅਵਤਾਰ ਇਸ ਤਰ੍ਹਾਂ ਵਿਸ਼ਨੂੰ ਨੇ ਧਰਿਆ ਸੀ। ਸਾਰੇ ਦੁਸ਼ਟਾਂ ਨੂੰ ਜਿੱਤ ਲਿਆ ਤੇ ਵੇਦਾਂ ਦਾ ਉਧਾਰ ਕੀਤਾ ਸੀ। ਇੰਦਰ ਦਾ ਰਾਜ ਕਾਇਮ ਕੀਤਾ ਅਤੇ ਸਾਰੇ ਦੇਵਤੇ ਜਿੱਤ ਗਏ ਸਨ। ਉਨ੍ਹਾਂ ਦੁਸ਼ਟਾਂ ਦਾ ਚੰਗੀ ਤਰ੍ਹਾਂ ਹੰਕਾਰ ਉਤਾਰਿਆ ਸੀ॥੧੪॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਖਸ਼ਟਮੰ ਅਵਤਾਰ 'ਬੈਰਾਹ' ਸਮਾਪਤੰ॥ ਸਤੁ ਸੁਭਮ ਸਤੁ॥ ੬॥੧੪॥੧੦੧॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਛੇਵਾਂ ਅਵਤਾਰ 'ਵੈਰਾਹ' ਸਮਾਪਤ॥ ਸਤ ਸੁਭਮ ਸਤ॥੬॥੧੪॥ ੧੦੧॥ ਚਲਦਾ॥

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਸੱਤਵਾਂ ਅਵਤਾਰ 'ਨਰਸਿੰਘ'

## ਪਾਧਰੀ ਛੰਦ॥

**ਇਹ ਭਾਂਤ ਕੀਯੋ ਦਿਵਰਾਜ ਰਾਜ॥ ਭੰਡਾਰ ਭਰੇ ਸੁਭ ਸਰਬ ਸਾਜ॥**
**ਜਬ ਦੇਵਤਾਨ ਬਢਿਯੋ ਗਰੂਰ॥ ਬਲਵੰਤ ਦੈਤ ਉੱਠੇ ਕਰੂਰ॥੧॥**

ਜਦੋਂ ਇਸ ਤਰ੍ਹਾਂ ਦਿਵਰਾਜ ਇੰਦਰ ਨੇ ਰਾਜ ਕੀਤਾ ਅਤੇ ਸਾਰੇ ਚੰਗੇ ਚੰਗੇ ਸਮਾਨ ਨਾਲ ਖ਼ਜ਼ਾਨੇ ਭਰੇ ਗਏ ਤਾਂ ਦੇਵਤੇ ਹੰਕਾਰੀ ਹੋ ਗਏ। ਜਦ ਦੇਵਤਿਆਂ ਨੂੰ ਹੰਕਾਰ ਵੱਧ ਗਿਆ, ਤਦ ਉਨ੍ਹਾਂ ਦਾ ਮਾਨ ਤੋੜਨ ਲਈ ਕਰੂੜ ਦੈਂਤ ਬਲਵਾਨ ਤਿਆਰ ਹੋ ਪਏ॥੧॥

**ਲਿੱਨੋ ਛਿਨਾਇ ਦਿਵਰਾਜ ਰਾਜ॥ ਬਾਜਿੱਤ੍ਰ ਨੇਕ ਉਠੇ ਸੁ ਬਾਜ॥**
**ਇਹ ਭਾਂਤਿ ਜਗਤ ਦੋਹੀ ਫਿਰਾਇ॥ ਜਲੰ ਬਾ ਥਲੇਅੰ ਹਿਰਨਾਛਰਾਇ॥੨॥**

ਇੰਦਰ ਦਾ ਰਾਜ ਖੋਹ ਲਿਆ। ਕਈ ਤਰ੍ਹਾਂ ਦੇ ਵਾਜੇ ਦੈਂਤਾਂ ਨੇ ਵਜਾਏ। ਇਸ ਤਰ੍ਹਾਂ ਜਗਤ ਵਿਚ ਆਪਣੇ ਨਾਮ ਦੀ ਦੁਹਾਈ ਫਿਰਾ ਲਈ, ਕਿ ਜਲ ਤੇ ਥਲ ਦਾ ਰਾਜਾ ਹਿਰਨਾਖਸ਼ ਹੈ॥੨॥

**ਇਕ ਦਜੋਸ ਗਯੋ ਨਿਜ ਨਾਰਿ ਤੀਰ॥ ਸਜਿ ਸੁੱਧ ਸਾਜ ਨਿਜ ਅੰਗ ਬੀਰ॥**
**ਕਿਹ ਭਾਂਤ ਸੁ ਤ੍ਰਿਯ ਮੋ ਭਯੋ ਨਿਰੁਕਤ॥ ਤਬ ਭਯੋ ਦੁਸ਼ਟ ਕੋ ਬੀਰਜ ਮੁਕਤ॥੩॥**

ਰਾਜਾ ਹਿਰਨਾਖਸ਼ ਇਕ ਦਿਨ ਆਪਣੀ ਇਸਤਰੀ ਦੇ ਕੋਲ ਗਿਆ। ਉਸ ਵੇਲੇ ਸੂਰਮੇ ਨੇ ਆਪਣੇ ਸਰੀਰ ਤੇ ਸੁੰਦਰ ਸਜਾਓ ਕੀਤਾ ਹੋਇਆ ਸੀ। ਕਿਸੇ ਤਰ੍ਹਾਂ ਇਸਤਰੀ ਨਾਲ ਪ੍ਰੇਮ ਮਗਨ ਹੋਇਆ ਤਦੋਂ ਹੀ ਦੁਸ਼ਟ ਦਾ ਬੀਰਜ ਪਾਤ ਹੋ ਗਿਆ॥੩॥

**ਪ੍ਰਹਲਾਦ ਭਗਤ ਲੀਨੋ ਵਤਾਰ॥ ਸਭ ਕਰਨਿ ਕਾਜ ਸੰਤਨ ਉਧਾਰ॥**
**ਚਟਸਾਰ ਪੜਨ ਸਉਪਜੋ ਨ੍ਰਿਪਾਲ॥ ਪਟੀਯਹਿ ਕਹਿਯੋ ਲਿਖਦੈ ਗੁਪਾਲ॥੪॥**

ਠੀਕ ਸਮੇਂ ਤੇ ਸੰਤਾਂ ਦੇ ਛੁਟਕਾਰੇ ਦੇ ਸਾਰੇ ਕਾਰਜ ਕਰਨ ਵਾਸਤੇ ਪ੍ਰਹਿਲਾਦ ਭਗਤ ਨੇ ਜਨਮ ਲਿਆ। ਰਾਜੇ ਨੇ ਉਸਨੂੰ ਪੜ੍ਹਨ ਵਾਸਤੇ ਪਾਠਸ਼ਾਲਾ ਲਿਜਾ ਕੇ ਪਾਂਧੇ ਦੇ ਸਪੁਰਦ ਕਰ ਦਿੱਤਾ। ਪ੍ਰਹਿਲਾਦ ਨੇ ਪਾਂਧੇ ਨੂੰ ਕਿਹਾ, "ਮੇਰੀ ਪੱਟੀ ਉਤੇ ਗੁਪਾਲ ਦਾ ਨਾਮ ਲਿਖ ਦੇਵੋ"॥੪॥

**ਤੋਟਕ ਛੰਦ॥ ਇਕਿ ਦਯੋਸ ਗਯੋ ਚਟਸਾਰ ਨ੍ਰਿਪੰ॥ ਚਿਤ ਚੌਕ ਰਹਿਯੋ ਸੁਭ ਦੇਖ ਸੁਤੰ॥**
**ਜੁ ਪੜ੍ਹਯੋ ਦਿਜ ਤੇ ਸੁਨਿ ਤਾਹਿ ਰੜ੍ਹੋ॥ ਨਿਰਭੈ ਸਿਸ ਨਾਮੁ ਗੁਪਾਲ ਪੜ੍ਹੋ। ੫।**

ਇਕ ਦਿਨ ਰਾਜਾ ਹਰਨਾਖਸ਼ ਪਾਠਸ਼ਾਲਾ ਵਿਚ ਗਿਆ ਪੁੱਤਰ ਨੂੰ ਵੇਖਕੇ ਚਿੱਤ ਵਿਚ ਉਤਸ਼ਾਹਤ ਹੋ ਰਿਹਾ। ਕਹਿਣ ਲਗਾ ਹੇ ਪੁੱਤਰ! ਜੋ ਤੂੰ ਪੰਡਤ ਤੋਂ ਪੜ੍ਹਿਆ ਹੈ, ਓਹੀ ਹੁਣ ਮੇਰੇ ਸਾਹਮਣੇ ਪੜ੍ਹ। ਪਿਤਾ ਦਾ ਕਹਿਣਾ ਸੁਣ ਕੇ ਡਰ ਤੋਂ ਰਹਿਤ ਬੱਚਾ ਗੁਪਾਲ ਦਾ ਨਾਲ ਪੜ੍ਹਨ ਲੱਗਾ॥੫॥

**ਸੁਨਿ ਨਾਮੁ ਗੁਪਾਲ ਰਿਸਯੋ ਅਸੁਰੰ॥ ਬਿਨੁ ਮੋਹਿ ਸੁ ਕਉਨੁ ਭਜੋ ਦੁਸਰੰ॥**
**ਜੀਯ ਮਾਹਿ ਧਰੋ ਸਿਸ ਯਾਹਿ ਹਨੋ॥ ਜੜ ਕਿਉ ਭਗਵਾਨ ਕੋ ਨਾਮ ਭਨੋ॥ ੬॥**

ਗੁਪਾਲ ਨਾਮ ਨੂੰ ਸੁਣ ਕੇ, ਦੈਂਤ ਨੂੰ ਕ੍ਰੋਧ ਆ ਗਿਆ। ਕਹਿਣ ਲੱਗਾ, ਮੈਥੋਂ ਬਿਨਾਂ ਦੂਜਾ ਹੋਰ ਕੌਣ ਰਬ ਹੈ, ਜਿਸ ਨੂੰ ਤੂੰ ਜਪਦਾ ਹੈਂ? ਹਰਨਾਖਸ਼ ਨੇ ਮਨ ਵਿਚ ਇਹ ਠਾਨ ਲਿਆ, ਕਿ ਇਸ ਬੱਚੇ ਨੂੰ ਮਰਵਾ ਦੇਵਾਂ, ਬੇਸਮਝ! ਭਗਵਾਨ ਦੇ ਨਾਮ ਨੂੰ ਕਿਉਂ ਜਪਦਾ ਹੈ॥੬॥

**ਜਲ ਅਉਰ ਥਲੰ ਇਕ ਬੀਰ ਮਨੰ॥ ਇਹ ਕਾਹਿ ਗੁਪਾਲ ਕੋ ਨਾਮੁ ਭਣੰ॥**
**ਤਬ ਹੀ ਤਿੱਹ ਬਾਂਧਤ ਥੰਮ ਭਏ॥ ਸੁਨ ਸ੍ਰਵਨਨ ਦਾਨਵ ਬੈਨ ਧਏ॥ ੭॥**

ਜਲ ਅਤੇ ਥਲ ਵਿਚ ਇਕੋ ਮੈਂ ਹੀ ਸੂਰਮਾ ਹਾਂ, ਇਹ ਗੁਪਾਲ ਦੇ ਨਾਮ ਨੂੰ ਕਿਸ ਵਾਸਤੇ ਜਪਦਾ ਹੈ? ਤਦੋਂ ਹੀ ਉਸਨੇ ਪ੍ਰਹਿਲਾਦ ਨੂੰ ਥੰਮ ਨਾਲ ਬੰਨ੍ਹ ਦਿੱਤਾ, ਰਾਜੇ ਦਾ ਹੁਕਮ ਕੰਨੀਂ ਸੁਣਦਿਆਂ ਸਾਰੇ ਦੈਂਤ ਭੱਜੇ ਆਏ॥੭॥

**ਗਹਿ ਮੂੜ ਚਲੇ ਸਿਸ ਮਾਰਨ ਕੌਂ॥ ਨਿਕਸਯੋਬ ਗੁਪਾਲ ਉਬਾਰਨ ਕੌਂ॥**
**ਚਕ ਚਉਧ ਰਹੇ ਜਨੁ ਦੇਖ ਸਭੈ॥ ਨਿਕਸਯ ਹਰਿ ਫਾਰਿ ਕਿਵਾਰ ਜਬੈ॥ ੮॥**

ਬੱਚੇ ਨੂੰ ਮੂਰਖ ਦੈਂਤ ਮਾਰਨ ਲਈ ਫੜ ਕੇ ਲੈ ਚਲੇ, ਤਦੋਂ ਹੀ ਗੁਪਾਲ ਬੱਚੇ ਨੂੰ ਬਚਾਉਣ ਲਈ ਪ੍ਰਗਟ ਹੋ ਗਿਆ। ਉਸ ਦੇ ਰੂਪ ਨੂੰ ਵੇਖ ਕੇ ਸਾਰੇ ਪੁਰਖ ਹੱਕੇ ਬੱਕੇ ਹੋ ਰਹੇ, ਜਦੋਂ ਨਰਸਿੰਘ ਕੰਧ ਨੂੰ ਪਾੜ ਕੇ ਨਿਕਲਿਆ ਸੀ॥੮॥

**ਲਖਿ ਦੇਵ ਦਿਵਾਰ ਸਬੈ ਥਹਰੇ॥ ਅਵਿਲੋਕ ਚਰਾਚਰ ਹੂਹਿ ਹਿਰੇ॥**
**ਗਰਜੇ ਨਰਸਿੰਘ ਨਰਾਂਤ ਕਰੰ॥ ਦ੍ਰਿਗ ਰੱਤ ਕੀਏ ਮੁਖ ਸ੍ਰੋਣ ਭਰੰ॥ ੯॥**

ਕੰਧ ਨੂੰ ਫਟਿਆ ਜਾਣ ਕੇ ਸਾਰੇ ਦੇਵਤੇ ਵੀ ਕੰਬ ਗਏ ਅਤੇ ਨਰਸਿੰਘ ਰੂਪ ਨੂੰ ਵੇਖ ਕੇ ਜੜ੍ਹ ਤੇ ਚੇਤਨ ਹੈਰਾਨ ਹੋਏ। ਰੌਲਾ ਪਾ ਰਹੇ ਸਨ। ਨਰਾਂ ਦਾ ਅੰਤ ਕਰਨ ਵਾਲੇ ਨਰਸਿੰਘ ਨੇ ਲਲਕਾਰਾ ਮਾਰਿਆ ਜਿਸ ਨੇ ਅੱਖਾਂ ਲਾਲ ਕੀਤੀਆਂ ਹੋਈਆਂ ਸਨ ਤੇ ਮੂੰਹ ਲਹੂ ਦਾ ਭਰਿਆ ਹੋਇਆ ਸੀ॥੯॥

**ਲਖ ਦਾਨਵ ਭਾਜ ਚਲੇ ਸਭ ਹੀ॥ ਗਰਜਯੋ ਨਰਸਿੰਘ ਰਣੰ ਜਬ ਹੀ॥**
**ਇਕ ਭੂਪਤਿ ਠਾਢਿ ਰਹਯੋ ਰਣ ਮੈਂ॥ ਗਹਿ ਹਾਥ ਗਦਾ ਨਿਰਭੈ ਮਨ ਮੈ॥ ੧੦॥**

ਸਾਰੇ ਹੀ ਦੈਂਤ ਨਰ ਸਿੰਘ ਰੂਪ ਨੂੰ ਵੇਖ ਕੇ ਭੱਜ ਚਲੇ, ਜਦ ਨਰ ਸਿੰਘ ਨੇ ਜੰਗ ਲਈ ਲਲਕਾਰਾ ਮਾਰਿਆ। ਇਕੋ ਰਾਜਾ ਹਰਨਾਖਸ਼, ਜਿਸ ਦੇ ਮਨ ਵਿਚ ਰਤਾ ਜਿੰਨਾ ਭੀ ਡਰ ਨਹੀਂ ਸੀ, ਹੱਥ ਵਿਚ ਗੱਦਾ ਲੈ ਕੇ ਰਣ ਭੂਮੀ ਵਿਚ ਖੜਾ ਰਿਹਾ॥੧੦॥

**ਲਰਜ਼ੇ ਸਭ ਸੂਰ ਨ੍ਰਿਪੰ ਗਰਜੇ॥ ਸਮੁਹਾਤ ਭਏ ਭਟ ਕੇਹਰ ਕੇ॥**
**ਜੁ ਗਏ ਸਮੁਹੇ ਛਿਤ ਤੈ ਪਟਕੇ॥ ਰਣ ਤੇ ਰਣ ਧੀਰ ਬਟਾ ਨਟ ਕੇ॥ ੧੧॥**

ਰਾਜੇ ਨੇ ਜਦੋਂ ਲਲਕਾਰਾ ਮਾਰਿਆ, ਸਾਰੇ ਸੂਰਮੇ ਕੰਬ ਗਏ ਤੇ ਨਰਸਿੰਘ ਸੂਰਮੇ ਦੇ ਸਾਹਮਣੇ ਹੋਏ। ਜੋ ਭੀ ਸਾਹਮਣੇ ਗਏ, ਉਹ ਭਾਵੇਂ ਕਿੰਨੇ ਵੀ ਜੰਗ ਕਰਨ ਲਈ ਆਏ ਹੋਏ ਸਨ, ਨਟ ਤੇ ਵੱਟੇ ਵਾਂਗੂੰ ਧਰਤੀ ਤੇ ਪਟਕੇ ਗਏ, ਅਰਥਾਤ ਜਿਵੇਂ ਨਟ ਦਾ ਗੋਲਾ ਝਟ ਕਰਦਾ ਜ਼ਿਮੀਂ ਤੇ ਡਿੱਗ ਪੈਂਦਾ ਹੈ, ਇਸੇ ਤਰ੍ਹਾਂ ਹੀ ਵੱਡੇ ਵੱਡੇ ਜੋਧੇ ਭੀ ਨਰਸਿੰਘ ਦੀ ਚੁਪੇੜ ਨਾਲ ਧਰਤੀ ਤੇ ਪਟਕੇ ਗਏ॥੧੧॥

**ਬਬਕੇ ਰਣ ਧੀਰ ਸੁਬੀਰ ਘਣੇ॥ ਰਹਿਗੇ ਮਨੋ ਕਿੰਸਕ ਸ੍ਰੋਣ ਸਣੇ॥**
**ਉਮਗੇ ਚਹੂੰ ਓਰਨ ਤੇ ਰਿਪੁ ਯੋਂ॥ ਬਰਸਾਤ ਬਹਾਰਨ ਅਭ੍ਰਨ ਜਯੋਂ॥ ੧੨॥**

ਬਹੁਤੇ ਜੰਗੀ ਜੋਧੇ ਸੂਰਮੇ ਲਲਕਾਰਦੇ ਸਨ, ਲਹੂ ਦੇ ਭਿਜੇ ਇਸ ਤਰ੍ਹਾਂ ਖੜੇ ਰਹਿ ਗਏ, ਜਿਵੇਂ ਕੇਸੂ ਦੇ ਫੁੱਲ ਹੁੰਦੇ ਹਨ। ਦੁਸ਼ਮਨ ਚੌਹਾਂ ਪਾਸਿਆਂ ਤੋਂ ਇਸ ਤਰ੍ਹਾਂ ਉਮਡੇ, ਜਿਵੇਂ ਬਰਸਾਤ ਦੀ ਬਹਾਰ ਵਿਚ ਬੱਦਲਾਂ ਦੀ ਘਟਾ ਆਉਂਦੀ ਹੈ॥੧੨॥

**ਬਰਖੇ ਸਰ ਸੁੱਧ ਸਿਲਾ ਸਿਤਯੰ॥ ਉਮਡੇ ਬਰ ਬੀਰ ਦਸੋ ਦਿਸਯੰ॥**
**ਚਮਕੰਤ ਕ੍ਰਿਪਾਣ ਸੁ ਬਾਣ ਜੁਧੰ॥ ਫਹਰੰਤ ਧੁਜਾ ਜਨੁ ਬੀਰ ਕ੍ਰੁੱਧ॥ ੧੩॥**

ਜਿਹੜੇ ਸ਼ਸਤਰ ਸਿਲਾ ਉਤੇ ਸੋਧ ਕੇ ਚਿੱਟੇ ਕੀਤੇ ਹੋਏ ਸਨ, ਉਹ ਤੀਰ ਵਰ੍ਹ ਰਹੇ ਸਨ। ਅਰਥਾਤ ਤਿੱਖੇ ਤੀਰਾਂ ਦਾ ਮੀਂਹ ਵੱਸ ਰਿਹਾ ਸੀ। ਬਲਵਾਨ ਯੋਧੇ ਦਸਾਂ ਪਾਸਿਆਂ ਤੋਂ ਉਛਲੇ ਆਉਂਦੇ ਸਨ। ਯੁੱਧ ਵਿਚ ਤਲਵਾਰਾਂ ਤੇ ਤੀਰ ਚਮਕਦੇ ਸਨ, ਝੰਡੇ ਝੂਲਦੇ ਸਨ, ਮਾਨੋ ਕ੍ਰੋਧ ਨਾਲ ਸੂਰਮੇ ਝੂਲ ਰਹੇ ਸਨ॥੧੩॥

**ਹਹਰੰਤ ਹਠੀ ਬਰਖੰਤ ਸਰੰ॥ ਜਨ ਸਾਵਣ ਮੇਘ ਬੁਠਯੋ ਦੁਸਰੰ॥**
**ਫਹਰੰਤ ਧੁਜਾ ਹਹਰੰਤ ਹਯੰ॥ ਉਪਜਯੋ ਜੀਅ ਦਾਨਵ ਰਾਇ ਭਯੰ॥ ੧੪॥**

ਹਠੀ ਸੂਰਮੇ ਬੋਲਦੇ ਸਨ, ਤੀਰ ਵਰਸਾਉਂਦੇ ਸਨ, ਜਿਵੇਂ ਸਾਵਣ ਦੇ ਬੱਦਲਾਂ ਦਾ ਦੋਹੀਂ ਪਾਸੀਂ ਮੀਂਹ ਵਸ ਰਿਹਾ ਸੀ। ਝੰਡੇ ਝੂਲਦੇ ਸਨ, ਘੋੜੇ ਹਿਣਕਦੇ ਸਨ, ਇਹ ਵੇਖ ਕੇ ਦੈਂਤ ਰਾਜ

ਦੇ ਮਨ ਵਿਚ ਡਰ ਪੈਦਾ ਹੋ ਗਿਆ॥ ੧੪॥

**ਹਹਨਾਤ ਹਯੰ ਗਰਜੰਤ ਗਜੰ॥ ਭਟ ਬਾਂਹ ਕਟੀ ਜਨੁ ਇੰਦ੍ਰ ਧੁਜੰ॥**
**ਤਰਫੰਤ ਭਟੰ ਗਰਜੰਤ ਗਜੰ॥ ਸੁਣਿ ਕੈ ਧੁਨਿ ਸਾਵਣ ਮੇਘ ਲਜੰ॥ ੧੫॥**

ਹਾਥੀ ਚਿੰਘਾੜਦੇ ਸਨ, ਘੋੜੇ ਹਿਣਕਦੇ ਸਨ, ਸੂਰਮਿਆਂ ਦੀ ਬਾਂਹ ਕੱਟੀ ਹੋਈ ਇਸ ਤਰ੍ਹਾਂ ਮਲੂਮ ਹੁੰਦੀ ਸੀ ਜਿਵੇਂ ਇੰਦਰ ਦੀ ਧੁਜਾ ਡਿੱਗ ਪਈ ਹੈ। ਸੂਰਮੇ ਤੜਫਦੇ ਸਨ ਅਤੇ ਗਾਜ਼ੀ ਲਲਕਾਰਦੇ ਸਨ, ਸਾਵਣ ਦੇ ਬਦਲ ਇਹਨਾਂ ਦੀ ਅਵਾਜ਼ ਸੁਣ ਕੇ ਸ਼ਰਮਿੰਦੇ ਹੁੰਦੇ ਸਨ॥ ੧੫॥

**ਬਿਚਲਜੋ ਪਗ ਦ੍ਵੈਕ ਫਿਰਜੋ ਪੁਨ ਜਜੋਂ॥ ਕਰ ਪੁੰਛ ਲਗੇ ਅਹਿ ਕ੍ਰੁੱਧਤ ਜਜੋਂ॥**
**ਰਣ ਰੰਗ ਸਮੈ ਮੁਖ ਯੌ ਚਮਕਜੋ॥ ਲਖ ਸੂਰ ਸਰੋਰੁਹ ਸੋ ਦਮਕਜੋ॥ ੧੬॥**

ਰਣ ਤੋਂ ਹਰਨਾਖਸ਼ ਭੱਜ ਕੇ ਦੋ ਕੁ ਕਦਮ ਪਿਛੇ ਮੁੜਿਆ। ਇਸ ਤਰ੍ਹਾਂ ਮੁੜ ਆਇਆ, ਜਿਵੇਂ ਸੱਪ ਦੀ ਪੂਛ ਉਤੇ ਹੱਥ ਲੱਗ ਜਾਏ ਤਾਂ ਉਹ ਕ੍ਰੋਧ ਨਾਲ ਪਿਛੇ ਨੂੰ ਮੁੜਦਾ ਹੈ। ਜੰਗ ਦੇ ਸਮੇਂ ਮੂੰਹ ਦਾ ਰੰਗ ਇਸ ਤਰ੍ਹਾਂ ਚਮਕਿਆ, ਜਿਵੇਂ ਸੂਰਜ ਨੂੰ ਵੇਖ ਕੇ ਕਮਲ ਲਿਸ਼ਕਾਰੇ ਮਾਰਦਾ ਹੈ॥ ੧੬॥

**ਰਣ ਰੰਗ ਤੁਰੰਗਨ ਐਸ ਭਯੋ॥ ਸ਼ਿਵ ਧਯਾਨ ਛੁਟੱਜੋ ਬ੍ਰਹਮੰਡ ਗਯੋ॥**
**ਸਰ ਸੈਲ ਸਿਲਾ ਸਿਤ ਐਸ ਬਹੇ॥ ਨਭ ਅਉਰ ਧਰਾ ਦੋਊ ਪੂਰ ਰਹੇ॥ ੧੭॥**

ਰੰਗ=ਜਗ੍ਹਾ। ਤੁਰੰਗਨ=ਧਨੁਖ ਦੀ ਟੰਕਾਰ, ਤੀਰ ਚਲਾਉਣ ਵੇਲੇ ਚਿੱਲੇ ਤੋਂ ਨਿਕਲੀ ਹੋਈ ਅਵਾਜ਼ ਦਾ ਨਾਮ 'ਤੁਰੰਗਨ' ਹੈ।

ਧਨੁਖਾਂ ਦੀ ਟੰਕਾਰ ਰਣ ਭੂਮੀ ਵਿਚ ਇਸ ਤਰ੍ਹਾਂ ਹੋਈ, ਜਿਸ ਨਾਲ ਸ਼ਿਵਜੀ ਦਾ ਧਿਆਨ ਛੁਟ ਗਿਆ ਅਤੇ ਬ੍ਰਹਮੰਡ ਹਿੱਲ ਗਿਆ। ਪੱਥਰ ਤੇ ਘਸਾ ਕੇ ਚਿਟੇ ਕੀਤੇ ਹੋਏ ਤੀਰ ਤੇ ਬਰਛੇ ਚਲਦੇ ਸਨ, ਜਿਹਨਾਂ ਨੇ ਧਰਤੀ ਅਤੇ ਅਕਾਸ਼ ਦੋਹਾਂ ਜਗ੍ਹਾਂ ਨੂੰ ਢੱਕ ਛਡਿਆ ਸੀ॥ ੧੭॥

**ਗਨ ਗੰਧ੍ਰਬ ਦੇਖ ਦੋਊ ਹਰਖੇ॥ ਪੁਹਪਾਵਲਿ ਦੇਵ ਸਭੈ ਬਰਖੇ॥**
**ਮਿਲਿ ਗੇ ਭਟ ਆਪ ਬਿਖੈ ਦੋਊ ਯੋਂ॥ ਸਿਸ ਖੇਲਤ ਰੈਣ ਹੁਡੂ ਹੁਡ ਜਜੋਂ॥ ੧੮॥**

ਗਨ ਤੇ ਗੰਧਰਬ ਦੋਵੇਂ ਵੇਖ ਕੇ ਖੁਸ਼ ਹੁੰਦੇ ਸਨ, ਸਾਰੇ ਦੇਵਤੇ ਫੁੱਲਾਂ ਦੇ ਹਾਰ ਬਰਸਾਉਂਦੇ ਸਨ। ਲੜਦੇ ਲੜਦੇ ਦੋਵੇਂ ਸੂਰਮੇ ਆਪੋ ਵਿਚ ਇਸ ਤਰ੍ਹਾਂ ਮਿਲ ਗਏ, ਜਿਵੇਂ ਮੁੰਡੇ ਰਾਤ ਨੂੰ ਖਿਦੋ ਖੂੰਡੀ ਖੇਡਦੇ ਹਨ॥ ੧੮॥

### *ਬੇਲੀ ਬਿੰਦ੍ਰਮ ਛੰਦ॥*

**ਰਣ ਧੀਰ ਬੀਰ ਸੁ ਗੱਜਹੀਂ॥ ਲਖਿ ਦੇਵ ਅਦੇਵ ਸੁ ਲੱਜਹੀਂ॥**

**ਇਕ ਸੂਰ ਘਾਇਲ ਘੂੰਮਹੀਂ॥ ਜਨ ਧੂਮ ਅਧੋ ਮੁਖ ਧੂਮਹੀਂ॥੧੯॥**

ਧੀਰਜਵਾਨ ਸੂਰਮੇ ਰਣ ਦੇ ਵਿਚ ਗੱਜ ਰਹੇ ਸਨ ਜਿਹਨਾਂ ਨੂੰ ਵੇਖ ਕੇ ਦੇਵਤੇ ਤੇ ਦੈਂਤ ਸ਼ਰਮਿੰਦੇ ਹੋ ਰਹੇ ਸਨ। ਕਈ ਸੂਰਮੇ ਜ਼ਖਮੀ ਹੋ ਕੇ ਮੂਧੇ ਲਟਕ ਪਏ ਸਨ। ਉਹ ਇਸ ਤਰ੍ਹਾਂ ਭਾਸਦੇ ਸਨ ਜਿਵੇਂ ਧੂਆਂ ਪੀਣ ਵਾਲੇ ਮੂਧੇ ਮੂੰਹ ਹੋ ਕੇ ਧੂੰਆਂ ਪੀਂਦੇ ਹਨ॥੧੯॥

**ਭਟ ਏਕ ਅਨੇਕ ਪ੍ਰਕਾਰ ਹੀ॥ ਜੁੱਝੇ ਅਜੁੱਝ ਜੁਝਾਰ ਹੀ॥**
**ਫਹਰੰਤ ਬੈਰਕ ਬਾਣਯੰ॥ ਠਹਰੰਤ ਜੋਧ ਕਿਕਾਣਯੰ॥੨੦॥**

ਕਈ ਸੂਰਮੇ ਅਨੇਕ ਤਰ੍ਹਾਂ ਨਾਲ ਲੜਦੇ ਸਨ ਅਤੇ ਨਾ ਲੜਨ ਵਾਲੇ ਵੀ ਲੜ ਲੜ ਕੇ ਸ਼ਹੀਦ ਹੁੰਦੇ ਜਾਂਦੇ ਸਨ। ਰਣ ਅਕਾਸ਼ ਵਿਚ ਝੰਡੇ ਤੇ ਤੀਰ ਉੱਡ ਰਹੇ ਸਨ, ਜਿਨ੍ਹਾਂ ਦੇ ਡਰ ਨਾਲ ਘੋੜੇ ਅਤੇ ਯੋਧੇ ਠਠੰਬਰ ਰਹੇ ਸਨ॥੨੦॥

**ਤੋਮਰ ਛੰਦ॥ ਹਿਹਣਾਤ ਕੋਟ ਕਿਕਾਨ॥ ਬਰਖੰਤ ਸੇਲ ਜੁਆਨ॥**
**ਛੁਟਕੰਤ ਸਾਇਕ ਸੁੱਧ॥ ਮਚਯੋ ਅਨੂਪਮ ਜੁੱਧ॥੨੧॥**

ਕ੍ਰੋੜਾਂ ਹੀ ਘੋੜੇ ਹਿਣਕਦੇ ਸਨ, ਸੂਰਮੇ ਬਰਛਿਆਂ ਦਾ ਮੀਂਹ ਵਸਾਉਂਦੇ ਸਨ। ਇਕ ਸਾਰ ਤੀਰ ਛੁਟ ਰਹੇ ਸਨ, ਬੇਮਿਸਾਲ ਜੰਗ ਮੱਚਿਆ ਸੀ॥੨੧॥

**ਭਟ ਏਕ ਅਨਿਕ ਪ੍ਰਕਾਰ॥ ਜੁੱਝੇ ਅਨੰਤ ਸ੍ਵਾਰ॥**
**ਬਾਹੈ ਕ੍ਰਿਪਾਣ ਨਿਸ਼ੰਗ॥ ਮਚਜੋ ਅਪੂਰਬ ਜੰਗ॥੨੨॥**

ਇਕ ਸੂਰਮਾ ਅਨੇਕ ਤਰ੍ਹਾਂ ਨਾਲ ਲੜਦਾ ਸੀ, ਅਨੇਕਾਂ ਘੋੜ ਚੜ੍ਹੇ ਸ਼ਹੀਦ ਹੋ ਗਏ ਸਨ। ਨਿਡਰ ਹੋ ਕੇ ਤਲਵਾਰਾਂ ਚਲਾਉਂਦੇ ਸਨ, ਐਸਾ ਅਲੌਕਿਕ ਜੰਗ ਮੱਚਿਆ ਸੀ ਜੈਸਾ ਇਸ ਤੋਂ ਪਹਿਲੇ ਕਦੇ ਨਹੀਂ ਹੋਇਆ ਸੀ॥੨੨॥

**ਦੋਧਕ ਛੰਦ॥ ਬਾਹ ਕ੍ਰਿਪਾਣ ਸੁਬਾਣ ਭਟਗਣ॥ ਅੰਗ ਗਿਰੇ ਪੁਨਿ ਜੂਝ ਮਹਾਂ ਰਣ॥**
**ਘਾਇ ਲਗੈ ਇਮ ਘਾਇਲ ਝੂਲੇ॥ ਫਾਗੁਨਿ ਅੰਤਿ ਬਸੰਤ ਸਫੂਲੈ॥੨੩॥**

ਸਾਰੇ ਸੂਰਮੇ ਤੀਰ ਤੇ ਤਲਵਾਰਾਂ ਚਲਾਉਂਦੇ ਸਨ। ਫਿਰ ਅੰਤ ਨੂੰ ਮਹਾਂ ਜੰਗ ਵਿਚ ਸ਼ਹੀਦ ਹੋ ਕੇ ਡਿੱਗਦੇ ਜਾਂਦੇ ਸਨ। ਜਿਨ੍ਹਾਂ ਨੂੰ ਜ਼ਖਮ ਲੱਗੇ ਸਨ ਉਹ ਜ਼ਖਮੀ ਇਸ ਤਰ੍ਹਾਂ ਝੂਲ ਰਹੇ ਸਨ, ਜਿਵੇਂ ਫੱਗਣ ਦੇ ਅੰਤ ਵਿਚ ਬਸੰਤ ਬਹਾਰ ਖਿੜੀ ਹੋਈ ਹੋਵੇ॥੨੩॥

**ਬਾਹਿ ਕਟੀ ਭਟ ਏਕਨ ਐਸੀ॥ ਸੁੰਡ ਮਨੋ ਗਜ ਰਾਜਨ ਜੈਸੀ॥**
**ਸੋਹਤ ਏਕ ਅਨੇਕ ਪ੍ਰਕਾਰੰ॥ ਫੂਲ ਖਿਰੇ ਜਮੁ ਮੱਧਿ ਫੁਲਵਾਰੰ॥੨੪॥**

ਕਈਆਂ ਸੂਰਮਿਆਂ ਦੀ ਕੱਟੀ ਬਾਂਹ ਇਸ ਤਰ੍ਹਾਂ ਮਲੂਮ ਹੁੰਦੀ ਸੀ, ਜਿਸ ਤਰ੍ਹਾਂ ਹਾਥੀ ਰਾਜ ਦੀ ਸੁੰਡ ਡਿੱਗੀ ਹੁੰਦੀ ਹੈ। ਕਈ ਸੂਰਮੇ ਅਨੇਕ ਤਰ੍ਹਾਂ ਨਾਲ ਸ਼ੋਭਾ ਪਾ ਰਹੇ ਸਨ ਜਿਵੇਂ ਫੁਲਵਾੜੀ ਵਿਚ ਫੁੱਲ ਖਿੜੇ ਹੋਏ ਸਨ॥ ੨੪॥

**ਸ੍ਰੋਣ ਰੰਗੇ ਅਰ ਏਕ ਅਨੇਕੰ॥ ਫੂਲ ਰਹੇ ਜਨੁ ਕਿੰਸੁਕ ਨੇਕੰ॥**
**ਧਾਵਤ ਘਾਵ ਕ੍ਰਿਪਾਣ ਪ੍ਰਹਾਰੰ॥ ਜਾਨਕ ਕੋਪੁ ਪ੍ਰਤੱਛ ਦਿਖਾਰੰ॥੨੫॥**

ਕਈ ਸੂਰਮੇ ਅਨੇਕ ਤਰ੍ਹਾਂ ਨਾਲ ਵੈਰੀ ਦੇ ਲਹੂ ਨਾਲ ਰੰਗੇ ਹੋਏ ਇਉਂ ਪ੍ਰਤੀਤ ਹੁੰਦੇ ਸਨ, ਮਾਨੋ ਅਨੇਕ ਤਰ੍ਹਾਂ ਨਾਲ ਕੇਸੂ ਫੁੱਲ ਖਿੜ ਰਹੇ ਸਨ। ਲਹੂ ਜ਼ਖਮਾਂ ਤੋਂ ਵੱਗ ਰਿਹਾ ਸੀ ਤੇ ਤਲਵਾਰਾਂ ਦੇ ਵਾਰ ਫਿਰ ਵੀ ਕਰਦੇ ਸਨ, ਮਾਨੋ ਕ੍ਰੋਧ ਨੂੰ ਪ੍ਰਤੱਖ ਦਿਖਾ ਰਹੇ ਸਨ॥ ੨੫॥

**ਤੋਟਕ ਛੰਦ॥ ਜੂਝ ਗਿਰੇ ਅਰ ਏਕ ਅਨੇਕੰ॥ ਘਾਇ ਲਗੇ ਬਿਸੰਭਾਰ ਬਿਸੇਖੰ॥**
**ਕਾਟਿ ਗਿਰੇ ਭਟ ਏਕਹ ਵਾਰੰ॥ ਸਾਬਨ ਜਾਨ ਗਈ ਬਹ ਤਾਰੰ॥੨੬॥**

ਕਈ ਕਈ ਸੂਰਮੇ ਅਨੇਕ ਤਰ੍ਹਾਂ ਨਾਲ ਵੈਰੀ ਨਾਲ ਲੜ ਕੇ ਡਿਗ ਪਏ ਸਨ। ਇਤਨੇ ਜ਼ਖਮ ਲੱਗੇ ਸਨ ਕਿ ਬਿਲਕੁਲ ਹੀ ਬੇਸੁਧ ਹੋ ਕੇ ਡਿੱਗੇ ਸਨ। ਇਕੋ ਵਾਰ ਨਾਲ ਨਰ ਸਿੰਘ ਨੇ ਅਨੇਕਾਂ ਸੂਰਮੇ ਕਟ ਕੇ ਡੇਗ ਦਿੱਤੇ, ਮਾਨੋ ਸਾਬਨ ਵਿਚ ਦੀ ਤਾਰ ਲੰਘ ਗਈ ਹੋਵੇ॥ ੨੬॥

**ਪੂਰ ਪਰੇ ਭਏ ਚੂਰਿ ਸਿਪਾਹੀ॥ ਸ੍ਵਾਮਿ ਕੇ ਕਾਜ ਕੀ ਲਾਜ ਨਿਬਾਹੀ॥**
**ਬਾਹਿ ਕ੍ਰਿਪਾਣਨ ਬਾਣ ਸੁ ਬੀਰੰ॥ ਅੰਤ ਭਜੇ ਭਯ ਮਾਨ ਅਧੀਰੰ॥੨੭॥**

ਧਰਤੀ ਤੇ ਸਿਪਾਹੀ ਚੂਰਨ ਹੋ ਕੇ ਪਏ ਹੋਏ ਸਨ, ਜਿਨ੍ਹਾਂ ਨੇ ਸੁਆਮੀ ਦੇ ਕੰਮ ਦੀ ਲਾਜ ਪਾਲੀ ਸੀ। ਕਈ ਇਕ ਸੂਰਮੇ ਤਲਵਾਰਾਂ ਤੇ ਤੀਰ ਚਲਾਉਂਦੇ ਸਨ ਪਰ ਅੰਤ ਨੂੰ ਭੈ ਮਾਨ ਹੋ ਕੇ ਧੀਰਜ ਛੱਡ ਕੇ ਭੱਜ ਤੁਰੇ ਸਨ॥ ੨੭॥

**ਚੌਪਈ॥ ਤਜਾਗ ਚਲੇ ਰਣ ਕੋ ਸਭ ਬੀਰਾ॥ ਲਾਜ ਬਿਸਰਿ ਗਈ ਭਏ ਅਧੀਰਾ॥**
**ਹਿਰਨਾਛਸ ਤਬ ਆਪ ਰਿਸਾਨਾ॥ ਬਾਂਧਿ ਚਲਯੋ ਰਣ ਕੋ ਕਰ ਗਾਨਾ॥੨੮॥**

ਰਣ ਨੂੰ ਛੱਡ ਕੇ ਸਾਰੇ ਸੂਰਮੇ ਭੱਜ ਚਲੇ, ਲਾਜ ਪਾਲਣ ਦੀ ਗੱਲ ਭੁੱਲ ਗਈ ਧੀਰਜ ਤੋਂ ਹੀਣੇ ਹੋ ਗਏ। ਤਦ ਹਰਨਾਖਸ਼ ਨੇ ਆਪ ਕ੍ਰੋਧ ਕੀਤਾ ਅਤੇ ਹੱਥ ਨਾਲ ਗਾਨਾ ਬੰਨ੍ਹ ਕੇ ਜੰਗ ਨੂੰ ਚਲਿਆ॥ ੨੮॥

**ਭਰਯੋ ਰੋਸ ਨਰਸਿੰਘ ਸਰੂਪੰ॥ ਆਵਤ ਦੇਖ ਸਮੁਹਿ ਰਣ ਭੂਪੰ॥**
**ਨਿਜ ਘਾਵਨ ਕੋ ਰੋਸ ਨ ਮਾਨਾ॥ ਨਿਰਖ ਸੇਵਕਹਿ ਦੁਖੀ ਰਿਸਾਨਾ॥੨੯॥**

ਉਸ ਵੇਲੇ ਨਰਸਿੰਘ ਸਰੂਪ ਭਗਵਾਨ ਨੂੰ ਕ੍ਰੋਧ ਹੋ ਗਿਆ, ਜਦੋਂ ਰਾਜੇ ਨੂੰ ਰਣ ਵਿਚ ਸਾਹਮਣੇ

ਆਉਂਦਾ ਵੇਖਿਆ। ਆਪਣੇ ਜ਼ਖਮਾਂ ਦਾ ਭਗਵਾਨ ਨੇ ਗੁੱਸਾ ਨਹੀਂ ਮੰਨਿਆਂ ਪਰ ਆਪਣੇ ਸੇਵਕ ਪ੍ਰਹਿਲਾਦ ਨੂੰ ਦੁਖੀ ਵੇਖ ਕੇ ਗੁੱਸੇ ਹੋ ਗਿਆ॥ ੨੯॥

## ਭੁਜੰਗ ਪ੍ਰਯਾਤ ਛੰਦ॥

**ਕੰਪਾਈ ਸਟਾ ਸਿੰਘ ਗਰਜਜੋ ਕ੍ਰੂਰੰ॥ ਉਡਜੋ ਹੇਰਿ ਬੀਰਾਨ ਕੇ ਮੁਖ ਨੂਰੰ॥**
**ਉਠਜੋ ਨਾਦਿ ਬੰਕੇ ਛੁਹੀ ਗੈਣ ਰੱਜੰ॥ ਹਸੇ ਦੇਵ ਸਰਬੰ ਭਏ ਦੈਤ ਲੱਜੰ॥ ੩੦॥**

ਗਰਦਨ ਦੇ ਵਾਲਾਂ ਨੂੰ ਨਰਸਿੰਘ ਨੇ ਹਿਲਾਇਆ ਅਤੇ ਭਿਆਨਕ ਭੱਬਕ ਮਾਰੀ, ਉਸ ਦੇ ਭਿਆਨਕ ਰੂਪ ਨੂੰ ਵੇਖ ਕੇ ਸੂਰਮਿਆਂ ਦੇ ਮੁਖ ਦਾ ਨੂਰ ਉੱਡ ਗਿਆ। ਦੂਜੇ ਪਾਸੇ ਮਹਾ ਬਲਵਾਨ ਰਾਜੇ ਨੇ ਲਲਕਾਰਾ ਮਾਰਿਆ ਅਤੇ ਦੋਹਾਂ ਦੇ ਪੈਰਾਂ ਨਾਲ ਉਡੀ ਹੋਈ ਗਰਦ ਨੇ ਅਕਾਸ਼ ਢੱਕ ਲਿਆ. ਅਜੇਹਾ ਨਜ਼ਾਰਾ ਵੇਖ ਕੇ ਸਾਰੇ ਦੇਵਤੇ ਹੱਸ ਪਏ ਅਤੇ ਦੈਂਤ ਸ਼ਰਮਿੰਦੇ ਹੋ ਗਏ॥ ੩੦॥

**ਮਚਜੋ ਦੂੰਦ ਜੁੱਧੰ ਮਚੇ ਦੁਇ ਜੁਆਣੰ॥ ਤੜੱਕਾਰ ਤੇਗੰ ਕੜੱਕੇ ਕਮਾਣੰ॥**
**ਭਿਰਿਯੋ ਕੋਪ ਕੈ ਦਾਨਵੰ ਸੁਲਤਾਣੰ॥ ਹੜੰ ਸ੍ਰੋਨ ਚਲੇ ਮਧੰ ਮੁਲਤਾਣੰ॥ ੩੧॥**

ਦੋਹਾਂ ਦਾ ਜੰਗ ਮਚਿਆ, ਦੋਵੇਂ ਜੋਧੇ ਚਮਕੇ ਹੋਏ ਸਨ। ਤਲਵਾਰ ਦਾ ਖੜਕਾਰ ਅਤੇ ਕਮਾਣ ਦੇ ਕੜਾਕੇ ਨਿਕਲਦੇ ਸਨ। ਦੈਂਤਾਂ ਦਾ ਬਾਦਸ਼ਾਹ ਕ੍ਰੋਧ ਕਰ ਕੇ ਲੜਿਆ, ਮੁਲਤਾਨ ਵਿਚ ਲਹੂ ਦਾ ਹੜ ਵਗ ਤੁਰਿਆ॥ ੩੧॥

**ਭੁਜੰਗ॥ ਕੜੱਕਾਰ ਤੇਗੰ ਤੜੱਕਾਰ ਤੀਰੰ॥ ਭਏ ਟੂਕ ਟੂਕੰ ਰਣੰ ਬੀਰ ਧੀਰੰ॥**
**ਬਜੇ ਸੰਖ ਤੂਰੰ ਸੁ ਢੋਲੰ ਢਮੰਕੇ॥ ਰੜੰ ਕੰਕ ਬੰਕੇ ਡਹੇ ਬੀਰ ਬੰਕੇ॥ ੩੨॥**

ਤਲਵਾਰਾਂ ਦਾ ਖੜਾਕ ਹੁੰਦਾ ਸੀ. ਤੀਰ ਤਾੜ ਤਾੜ ਵੱਜਦੇ ਸਨ। ਰਣ ਦੇ ਧੀਰਜਵਾਨ ਜੋਧੇ ਟੁਕੜੇ ਟੁਕੜੇ ਹੋ ਗਏ ਸਨ। ਸੰਖ ਤੇ ਤੁਰੀਆਂ ਵੱਜਦੀਆਂ ਸਨ, ਢੋਲਾਂ ਦਾ ਢਮਕਾਰ ਹੁੰਦਾ ਸੀ, ਕਾਂ ਤੇ ਬਗਲੇ ਬੋਲਦੇ ਸਨ ਅਤੇ ਬੜੇ ਬਲਵਾਨ ਜੋਧੇ ਜੰਗ ਵਿਚ ਜੁਟੇ ਹੋਏ ਸਨ॥ ੩੨॥

**ਭਜੇ ਬਾਜ ਗਾਜੀ ਸਿਪਾਹੀ ਅਨੇਕੰ॥ ਰਹੇ ਠਾਢ ਭੂਪਾਲ ਆਗੇ ਨ ਏਕੰ॥**
**ਫਿਰਜੋ ਸਿੰਘ ਸੂਰੰ ਸੁ ਕ੍ਰੂਰੰ ਕਰਾਲੰ॥ ਕੰਪਾਈ ਸਟਾ ਪੂਛ ਫੇਰੀ ਬਿਸਾਲੰ॥ ੩੩॥**

ਗਾਜ਼ੀ ਤੇ ਘੋੜ ਚੜ੍ਹੇ ਅਨੇਕਾਂ ਸਿਪਾਹੀ ਭੱਜ ਪਏ, ਰਾਜੇ ਦੇ ਸਾਹਮਣੇ ਉਸ ਦੀ ਫੌਜ ਦਾ ਇਕ ਵੀ ਖੜੋਤਾ ਨਾ ਰਿਹਾ। ਨਰਸਿੰਘ ਸੂਰਮਾ ਕਰੂੜ ਸੁਭਾਅ ਵਾਲਾ ਭਿਆਨਕ ਰੂਪ ਧਾਰੀ ਫਿਰਦਾ ਸੀ। ਜਿਸ ਨੇ ਗਰਦਨ ਦੇ ਵਾਲਾਂ ਨੂੰ ਛੰਡਿਆ ਤੇ ਲੰਮੀ ਪੂਛ ਨੂੰ ਘੁਮਾਇਆ॥ ੩੩॥

**ਦੋਹਰਾ॥ ਗਰਜਤ ਰਣ ਨਰਸਿੰਘ ਕੇ ਭੱਜੇ ਸੂਰ ਅਨੇਕ॥**

**ਏਕ ਟਿਕਜੋ ਹਿਰਨਾਛ ਤਹ ਅਵਰੁ ਨ ਜੋਧਾ ਏਕ॥ ੩੪॥**

ਨਰਸਿੰਘ ਜਦੋਂ ਰਣ ਵਿਚ ਗਜਿਆ ,ਤਾਂ ਅਨੇਕਾਂ ਸੂਰਮੇ ਭੱਜ ਗਏ। ਉਥੇ ਇਕ ਹਰਨਾਖਸ਼ ਖੜਾ ਰਿਹਾ, ਹੋਰ ਇਕ ਵੀ ਬਹਾਦਰ ਨਾ ਰਿਹਾ॥ ੩੪॥

**ਚੌਪਈ॥ ਮੁਸਟ ਜੁੱਧ ਜੁੱਟੇ ਭਟ ਦੋਊ॥ ਤੀਸਰ ਤਾਹਿ ਨ ਪੇਖੀਅਤ ਕੋਊ॥**
**ਭਏ ਦੁਹਨ ਕੇ ਰਾਤੇ ਨੈਣਾ॥ ਦੇਖਤ ਦੇਵ ਤਮਾਸ਼ੇ ਗੈਣਾ॥ ੩੫॥**

ਮੁੱਕਿਆਂ ਦੀ ਲੜਾਈ ਵਿਚ ਦੋਵੇਂ ਜੋਧੇ ਜੁੱਟ ਗਏ। ਤੀਜਾ ਉਥੇ ਹੋਰ ਕੋਈ ਨਹੀਂ ਦਿੱਸਦਾ ਸੀ। ਦੋਹਾਂ ਦੀਆਂ ਅੱਖਾਂ ਲਾਲ ਹੋ ਰਹੀਆਂ ਸਨ। ਅਕਾਸ਼ ਪੁਰ ਖੜੇ ਦੇਵਤੇ ਤਮਾਸ਼ਾ ਵੇਖ ਰਹੇ ਸਨ॥ ੩੫॥

**ਅਸ਼ਟ ਦਿਵਸ ਅਸ਼ਟੇ ਨਿਸੁ ਜੁੱਧਾ॥ ਕੀਨੋ ਦੁਹੂੰ ਭਟਨ ਮਿਲਿ ਕ੍ਰੁੱਧਾ॥**
**ਬਹੁਰੋ ਅਸੁਰ ਕਿਛਕੁ ਮੁਰਝਾਨਾ॥ ਗਿਰਜੋ ਭੂਮ ਜਨ ਬ੍ਰਿਛ ਪੁਰਾਨਾ॥ ੩੬॥**

ਅੱਠ ਦਿਨ ਅਤੇ ਅੱਠ ਰਾਤਾਂ, ਦੋਹਾਂ ਸੂਰਮਿਆਂ ਨੇ ਕ੍ਰੋਧ ਨਾਲ ਜੁੱਧ ਕੀਤਾ, ਫਿਰ ਦੈਂਤ ਕੁਝ ਮੁਰਝਾ ਗਿਆ, ਅਤੇ ਧਰਤੀ ਤੇ ਇਸ ਤਰ੍ਹਾਂ ਡਿਗਾ, ਜਿਵੇਂ ਪੁਰਾਣਾ ਦਰਖਤ ਡਿੱਗ ਪਿਆ ਹੈ॥ ੩੬॥

**ਸੀਂਚ ਬਾਰ ਪੁਨ ਤਾਹਿ ਜਗਾਯੋ॥ ਜਗੇ ਮੂਰਛਨਾ ਪੁਨ ਜੀਅ ਆਯੋ॥**
**ਬਹੁਰੋ ਭਿਰੇ ਸੂਰ ਦੋਈ ਕ੍ਰੁੱਧਾ॥ ਮੰਡਜੋ ਬਹੁਰ ਆਪ ਮਹਿ ਜੁੱਧਾ॥ ੩੭॥**

ਪਾਣੀ ਦੇ ਛਿਟੇ ਮਾਰ ਕੇ, ਨਰਸਿੰਘ ਨੇ ਉਸ ਨੂੰ ਫੇਰ ਜਗਾਇਆ। ਜਦ ਉਹ ਮੂਰਛਨਾ ਤੋਂ ਜਾਗਿਆ ਤਾਂ ਫਿਰ ਉਸ ਵਿਚ ਹੌਸਲਾ ਆ ਗਿਆ। ਫੇਰ ਦੋਵੇਂ ਸੂਰਮੇਂ ਕ੍ਰੋਧ ਨਾਲ ਲੜੇ, ਦੁਬਾਰਾ ਫੇਰ ਆਪੋ ਵਿਚ ਜੰਗ ਕਰਨਾ ਸ਼ੁਰੂ ਕਰ ਦਿੱਤਾ॥ ੩੭॥

**ਭੁਜੰਗ ਛੰਦ॥ ਹਲਾ ਚਾਲ ਕੈ ਕੈ ਪੁਨਰ ਬੀਰ ਢੂਕੇ॥ ਮਚਜੋ ਜੁੱਧ ਜਯੋਂ ਕਰਨ ਸੰਗੰ ਘਟੂਕੇ॥**
**ਨਖੰ ਪਾਤ ਦੋਊ ਕਰੇ ਦੈਤ ਘਾਤੰ॥ ਮਨੋ ਗੱਜ ਜੁੱਟੇ ਬਨੰ ਮਸਤ ਮਾਤੰ॥ ੩੮॥**

ਉੱਧੜ ਧੁੰਮੀ ਮਚਾ ਕੇ, ਦੂਜੀ ਵੇਰ ਸੂਰਮੇ ਇਕ ਦੂਜੇ ਵੱਲ ਢੁੱਕੇ ਅਜਿਹਾ ਜੰਗ ਮੱਚਿਆ ਜਿਵੇਂ 'ਕਰਣ' ਨਾਲ 'ਘਟੋਤਕਚ' ਨੇ ਕੀਤਾ ਸੀ। ਨਰਸਿੰਘ ਦੋਹਾਂ ਹੱਥਾਂ ਦੇ ਨੌਂਹ ਮਾਰ ਕੇ ਦੈਂਤ ਨੂੰ ਜ਼ਖਮੀ ਕਰਦਾ ਸੀ। ਇਸ ਤਰ੍ਹਾਂ ਮਲੂਮ ਹੁੰਦੇ ਸਨ, ਮਾਨੋ ਵਣ ਵਿਚ ਮਸਤੀ ਦੇ ਮੱਤੇ ਹੋਏ ਹਾਥੀ ਭਿੜ ਰਹੇ ਸਨ॥ ੩੮॥

**ਭੁਜੰਗ॥ ਪੁਨਰ ਨਾਰ ਸਿੰਘੰ ਧਰਾ ਤਾਂਹਿ ਮਾਰਜੋ॥ ਪੁਰਾਨੋ ਪਲਾਸੀ ਮਨੋ ਬਾਇ ਡਾਰਜੋ॥**
**ਹਨਜੋ ਦੇਖ ਦੁਸ਼ਟੰ ਭਈ ਪੁਹਪ ਬਰਖੰ॥ ਕੀਏ ਦੇਵਤਜੋ ਆਨਕੈ ਜੀਤ ਕਰਖੰ॥ ੩੯॥**

ਨਰਸਿੰਘ ਨੇ ਉਸ ਨੂੰ ਧਰਤੀ ਤੇ ਪਟਕਾਇਆ, ਮਾਨੋ ਪਲਾਸੀ ਦੇ ਪੁਰਾਣੇ ਬ੍ਰਿਛ ਨੂੰ ਹਵਾ

ਨੇ ਸੁਟ ਦਿੱਤਾ ਹੋਵੇ। ਦੁਸ਼ਟ ਨੂੰ ਮਰਿਆ ਵੇਖ ਕੇ ਅਕਾਸ਼ ਤੋਂ ਫੁੱਲਾਂ ਦੀ ਬਰਖਾ ਹੋਈ। ਦੇਵਤਿਆਂ ਆਣ ਕੇ ਜਿੱਤ ਦੇ ਗੀਤ ਉਚਾਰਨ ਕੀਤੇ॥ ੩੯॥

**ਪਾਧਰੀ ਛੰਦ॥ ਕੀਨੋ ਨ੍ਰਿਸਿੰਘ ਦੁਸ਼ਟੰ ਸੰਘਾਰ॥ ਧਰਜੋ ਸੁ ਬਿਸ਼ਨ ਸਪਤਮ ਵਤਾਰ॥ ਲਿੱਨੋ ਸੁ ਭਗਤ ਅਪਨੋ ਛਿਨਾਇ॥ ਸਭ ਸਿਸ਼ਟ ਧਰਮ ਕਰਮਨ ਚਲਾਇ॥ ੪੦॥**

ਨਰਸਿੰਘ ਨੇ ਦੁਸ਼ਟ ਦਾ ਨਾਸ ਕੀਤਾ, ਇਸ ਤਰ੍ਹਾਂ ਵਿਸ਼ਨੂੰ ਨੇ ਸੱਤਵਾਂ ਅਵਤਾਰ ਧਰਿਆ। ਵੈਰੀ ਦੇ ਹੱਥੋਂ ਆਪਣੇ ਭਗਤ ਨੂੰ ਬਚਾ ਲਿਆ ਅਤੇ ਸਾਰੀ ਦੁਨੀਆਂ ਵਿਚ ਧਰਮ ਦੇ ਕੰਮ ਚਲਾ ਦਿੱਤੇ॥ ੪੦॥

**ਪਾਧਰੀ ਛੰਦ॥ ਪ੍ਰਹਲਾਦ ਕਰਜੋ ਨ੍ਰਿਪ ਛੱਤ੍ਰ ਫੇਰ॥ ਦੀਨੋ ਸੰਘਾਰ ਸਭ ਇਮ ਅੰਧੇਰ॥ ਸਭ ਦੁਸ਼ਟ ਅਰਿਸ਼ਟ ਦਿੱਨੇ ਖਪਾਇ॥ ਪੁਨ ਲਈ ਜੋਤ ਜੋਤਹਿ ਮਿਲਾਇ॥ ੪੧।**

ਪ੍ਰਹਿਲਾਦ ਨੂੰ ਰਾਜਾ ਬਣਾਇਆ ਅਤੇ ਉਸ ਦੇ ਸਿਰ ਤੇ ਛੱਤ੍ਰ ਝੁਲਾਇਆ। ਸਾਰਾ ਹਨੇਰ ਇਸ ਤਰ੍ਹਾਂ ਨਾਸ ਕਰ ਦਿੱਤਾ, ਵਿਘਨਕਾਰੀ ਦੁਸ਼ਟ ਮਾਰ ਦਿੱਤੇ ਅਤੇ ਫਿਰ ਨਰਸਿੰਘ ਨੇ ਆਪਣੀ ਜੋਤ ਨੂੰ ਨਿਰੰਕਾਰ ਦੀ ਜੋਤ ਵਿਚ ਮਿਲਾ ਲਿਆ॥ ੪੧॥

**ਪਾਧਰੀ ਛੰਦ॥ ਸਭ ਦੁਸ਼ਟ ਮਾਰ ਕੀਨੇ ਅਭੇਖ॥ ਪੁਨਿ ਮਿਲਿਯੋ ਜਾਇ ਭੀਤਰ ਅਲੇਖ॥ ਕਬਿ ਜਥਾ ਮੱਤ ਕਥਜੋ ਬਿਚਾਰ॥ ਇਮ ਧਰਜੋ ਬਿਸ਼ਨ ਸਪਤਮਵਤਾਰ॥ ੪੨॥**

ਸਾਰੇ ਦੁਸ਼ਟਾਂ ਨੂੰ ਮਾਰ ਕੇ ਨਰਸਿੰਘ ਨੇ ਮਲੀਆਮੇਟ ਕਰ ਦਿੱਤਾ ਅਤੇ ਆਪ ਫਿਰ ਅਲੇਖ ਸਰੂਪ ਵਿਚ ਜਾ ਕੇ ਮਿਲ ਗਿਆ। ਸ਼ਯਾਮ ਕਵੀ ਨੇ ਆਪਣੀ ਜੈਸੀ ਬੁਧੀ ਸੀ, ਤੈਸਾ ਹੀ ਵੀਚਾਰ ਕਥਨ ਕੀਤਾ ਹੈ। ਇਸ ਤਰ੍ਹਾਂ ਵਿਸ਼ਨੂੰ ਨੇ ਸੱਤਵਾਂ ਨਰਸਿੰਘ ਅਵਤਾਰ ਧਾਰਿਆ ਸੀ॥ ੪੨॥

ਭਾਵਾਰਥ - ਹਰਵੰਸ ਪੁਰਾਣ ਵਿਚ ਲਿਖਿਆ ਹੈ ਕਿ ਸਤਿਜੁਗ ਵਿਚ ਦੈਂਤਾਂ ਦੇ ਪਹਿਲੇ ਪੁਰਖ ਹਿਰਨਕਸ਼ਪ ਨੇ ਘੋਰ ਤਪ ਕਰਕੇ ਬ੍ਰਹਮਾ ਤੋਂ ਵਰ ਮੰਗ ਲਿਆ ਸੀ ਕਿ ਨਾ ਮੈਂ ਦੇਵ, ਦੈਂਤ, ਗੰਧਰਬ, ਨਾਗ ਰਾਖਸ਼, ਮਨੁੱਖ ਪਸ਼ੂ, ਪੰਛੀ ਦੇ ਹੱਥੋਂ ਮਾਰਿਆ ਜਾ ਸਕਾਂ। ਨਾ ਸ਼ਸਤਰ, ਅਸ਼ਤਰ, ਦਰਖਤ, ਪੱਥਰ, ਸੁੱਕੇ ਜਾਂ ਗਿੱਲੇ ਪਦਾਰਥ ਨਾਲ ਮਰਾਂ ਨਾ ਸਵਰਗ, ਮਾਤਲੋਕ, ਪਤਾਲ ਆਦਿਕ ਕਿਸੇ ਲੋਕ ਵਿਚ ਮਰਾਂ ਅਤੇ ਨਾ ਦਿਨ ਰਾਤ ਆਦਿਕ ਕਿਸੇ ਕਾਲ ਵਿਚ ਮੇਰੀ ਮੌਤ ਹੋਵੇ। ਇਹ ਵਰ ਲੈ ਕੇ ਉਹ ਵੱਡਾ ਉਪੱਦਰਵੀ ਹੋ ਗਿਆ ਅਤੇ ਸਵਰਗ ਆਦਿਕ ਖੋਹ ਕੇ ਦੇਵਤਿਆਂ ਨੂੰ ਬਹੁਤ ਦੁੱਖ ਦੇਣ ਲੱਗਾ। ਸਾਰੇ ਦੇਵਤੇ ਵਿਸ਼ਨੂੰ ਭਗਵਾਨ ਦੀ ਸ਼ਰਨ ਵਿਚ ਗਏ। ਵਿਸ਼ਨੂੰ ਨੇ ਉਨ੍ਹਾਂ ਨੂੰ ਅਭੈ ਦਾਨ ਦੇ ਕੇ, ਵੱਡੀ ਭਿਆਨਕ ਮੂਰਤੀ ਨਰਸਿੰਘ ਰੂਪ ਧਾਰਨ ਕੀਤੀ। ਜਿਸ ਦਾ ਅੱਧਾ ਸਰੀਰ ਮਨੁੱਖ ਦਾ ਤੇ ਅੱਧਾ ਸ਼ੇਰ ਦਾ ਸੀ।

ਜਦ ਨਿਰਸਿੰਘ ਸਰੂਪ ਹਿਰਨਕਸ਼ਪ ਦੇ ਕੋਲ ਪੁਜਾ ਤਾਂ ਉਸ ਨੇ ਆਪਣੇ ਸੂਰਮਿਆਂ ਨੂੰ ਨਰਸਿੰਘ ਦੇ ਮਾਰਨ ਲਈ ਕਿਹਾ, ਪਰ ਜਿੰਨੇ ਦੈਂਤ ਮਾਰਨ ਲਈ ਗਏ, ਸਾਰੇ ਹੀ ਨਾਸ ਹੋ ਗਏ, ਅਖੀਰ ਵਿਚ

ਹਿਰਨਕਸ਼ਪ ਆਪ ਜੁੱਧ ਕਰਨ ਲੱਗਾ। ਹਿਰਨਕਸ਼ਪ ਦੇ ਕ੍ਰੋਧ ਭਰੇ ਨੇਤਰਾਂ ਦੀ ਅੱਗ ਨਾਲ ਸਮੁੰਦਰ ਦਾ ਪਾਣੀ ਖੋਲਣ ਲੱਗਾ, ਸਾਰੀ ਧਰਤੀ ਡਾਵਾਂਡੋਲ ਹੋ ਗਈ, ਲੋਕਾਂ ਵਿਚ ਹਾਹਾਕਾਰ ਮਚ ਗਿਆ। ਦੇਵਤਿਆਂ ਦੀ ਦੁੱਖ ਭਰੀ ਪੁਕਾਰ ਸੁਣ ਕੇ ਨਰਸਿੰਘ ਭਗਵਾਨ ਅਤਿਅੰਤ ਭਿਆਨਕ ਗਰਜਨਾਂ ਕਰਕੇ ਦੈਂਤ ਤੇ ਝਪਟੇ, ਅਤੇ ਆਪਣੇ ਨੋਹਾਂ ਨਾਲ ਉਸਦਾ ਪੇਟ ਪਾੜ ਕੇ ਮਾਰ ਦਿੱਤਾ।

ਭਾਗਵਤ ਤੇ ਵਿਸ਼ਨੂੰ ਪੁਰਾਣ ਵਿਚ ਸਾਰੀ ਇਹੀ ਕਥਾ ਹੈ। ਪਰ ਪ੍ਰਹਿਲਾਦ ਦੀ ਭਗਤੀ ਦਾ ਪ੍ਰਸੰਗ ਵਧੀਕ ਹੈ। ਭਾਗਵਤ ਵਿਚ ਲਿਖਿਆ ਹੈ ਕਿ ਹਿਰਨਕਸ਼ਪ ਵਰ ਪਾ ਕੇ ਬਹੁਤ ਪ੍ਰਬਲ ਹੋਇਆ। ਸਵਰਗ ਆਦਿ ਲੋਕਾਂ ਨੂੰ ਜਿਤ ਕੇ ਰਾਜ ਕਰਨ ਲੱਗਾ। ਉਸ ਦੇ ਚਾਰ ਪੁੱਤਰ ਸਨ, ਜਿਨ੍ਹਾਂ ਵਿਚੋਂ ਪ੍ਰਹਿਲਾਦ ਵਿਸ਼ਨੂੰ ਦਾ ਭਗਤ ਸੀ। ਸ਼ੁਕਰਾਚਾਰਜ ਦਾ ਪੁੱਤਰ ਦੈਂਤਰਾਜ ਦੇ ਪੁੱਤਰਾਂ ਨੂੰ ਪੜਾਉਂਦਾ ਸੀ। ਹਿਰਨਾਕਸ਼ਪ ਨੇ ਇਕ ਦਿਨ ਇਮਤਿਹਾਨ ਲੈਣ ਵਾਸਤੇ ਸਾਰਿਆਂ ਪੁੱਤਰਾਂ ਨੂੰ ਆਪਣੇ ਸਾਹਮਣੇ ਬੁਲਾਇਆ ਅਤੇ ਕੁਝ ਸੁਣਾਉਣ ਲਈ ਕਿਹਾ। ਉਸ ਵੇਲੇ ਪ੍ਰਹਿਲਾਦ ਵਿਸ਼ਨੂੰ ਭਗਵਾਨ ਦੀ ਮਹਿਮਾ ਦੇ ਗੀਤ ਗਾਉਣ ਲੱਗਾ। ਇਸ ਤੇ ਦੈਂਤਰਾਜ ਬਹੁਤ ਗੁਸੇ ਹੋ ਗਿਆ ਕਿਉਂਕਿ ਉਹ ਵਿਸ਼ਨੂੰ ਦਾ ਕਟੜ ਵੈਰੀ ਸੀ, ਪ੍ਰਹਿਲਾਦ ਦੀ ਭਗਤੀ ਰੋਜ਼ ਵਧਦੀ ਗਈ। ਅਨੇਕ ਪ੍ਰਕਾਰ ਦੇ ਪਿਤਾ ਵਲੋਂ ਦੁੱਖ ਤਸੀਹੇ ਵੀ ਮਿਲੇ। ਪਰ ਪ੍ਰਹਿਲਾਦ ਭਗਤੀ ਵਿਚ ਦ੍ਰਿੜ੍ਹ ਰਿਹਾ। ਹੋਲੀ ਹੋਲੀ ਪਾਠਸ਼ਾਲਾ ਦੇ ਬਹੁਤ ਸਾਰੇ ਮੁੰਡੇ ਪ੍ਰਹਿਲਾਦ ਦੇ ਸਾਥੀ ਹੋ ਗਏ। ਇਹਨਾਂ ਦੀ ਇਕ 'ਬਾਲਕ-ਵਿਸ਼ਨੂੰ-ਭਗਤ ਮੰਡਲੀ' ਬਣ ਗਈ। ਜਿਸ ਨੂੰ ਵੇਖ ਕੇ ਦੈਂਤਰਾਜ ਨੇ ਗੁੱਸੇ ਨਾਲ ਪ੍ਰਹਿਲਾਦ ਨੂੰ ਪੁੱਛਿਆ, "ਤੂੰ ਕਿਸ ਦੇ ਬਲ ਉਤੇ ਏਨਾਂ ਕੁੱਦ ਰਿਹਾ ਹੈਂ?"

ਪਿਤਾ ਨੂੰ ਪ੍ਰਹਿਲਾਦ ਨੇ ਉੱਤਰ ਦਿੱਤਾ ਕਿ ਜਿਸ ਦੇ ਆਸਰੇ ਸਾਰਾ ਸੰਸਾਰ ਬੱਧੇ ਹੋਏ ਨਿਯਮਾਂ ਤੇ ਚਲ ਰਿਹਾ ਹੈ। ਮੈਨੂੰ ਉਸੇ ਪ੍ਰਮਾਤਮਾ ਦਾ ਆਸਰਾ ਹੈ। ਦੈਂਤਰਾਜ ਨੇ ਫੇਰ ਪੁੱਛਿਆ - "ਤੇਰਾ ਪਰਮਾਤਮਾ ਕਿਥੇ ਹੈ?" ਪ੍ਰਹਿਲਾਦ ਨੇ ਉੱਤਰ ਦਿੱਤਾ ਕਿ ਹਰ ਇਕ ਥਾਂ ਤੇ ਪਰਮਾਤਮਾ ਹੈ। ਹਰਨਾਖਸ਼ ਨੇ ਫਿਰ ਪੁੱਛਿਆ ਕੀ ਇਥੇ ਵੀ ਹੈ। ਪ੍ਰਹਿਲਾਦ ਨੇ ਕਿਹਾ ਹਾਂ ਇਥੇ ਵੀ ਹੈ। ਤਾਂ ਰਾਜੇ ਨੇ ਕਿਹਾ ਕਿ ਇਥੇ ਤਾਂ ਕੇਵਲ ਇਕੋ ਥੰਮ ਹੈ। ਥੰਮ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ। ਤਾਂ ਪ੍ਰਹਿਲਾਦ ਨੇ ਕਿਹਾ ਬੇਸ਼ਕ ਥੰਮ ਹੈ, ਪਰ ਪਰਮਾਤਮਾ ਥੰਮ ਦੇ ਵਿਚ ਹੈ, ਇਹ ਸੁਣਦੇ ਹੀ ਦੈਂਤ ਰਾਜ ਨੇ ਤਲਵਾਰ ਦੇ ਵਾਰ ਥੰਮ ਉਤੇ ਕੀਤੇ ਤਾਂ ਝਟ ਹੀ ਭਿਆਨਕ ਗਰਜਨਾ ਕਰਦਾ ਹੋਇਆ ਨਰਸਿੰਘ ਭਗਵਾਨ ਥੰਮ ਵਿਚੋਂ ਨਿਕਲ ਆਇਆ ਅਤੇ ਹਰਨਾਖਸ਼ ਨੂੰ ਚੁੱਕ ਕੇ ਦਰਵਾਜ਼ੇ ਦੇ ਵਿਚ ਲੈ ਆਇਆ ਅਤੇ ਆਪਣੇ ਪੱਟਾਂ ਤੇ ਪਾ ਕੇ ਕਹਿਣਾ ਲੱਗਾ, "ਹੇ ਦੈਂਤ ਰਾਜ! ਜਿੰਨੇ ਵੀ ਤੂੰ ਵਰ ਲਏ ਸਨ। ਉਹ ਸਾਰੇ ਪੂਰੇ ਹਨ, ਪਰ ਮੈਂ ਫਿਰ ਵੀ ਤੈਨੂੰ ਮਾਰਨ ਲੱਗਾ ਹਾਂ, ਇਹ ਕਹਿ ਕੇ ਆਪਣੇ ਨੌਹਾਂ ਨਾਲ ਉਸ ਦਾ ਪੇਟ ਪਾੜ ਦਿੱਤਾ।

ਇਤਿ ਬਚਿਤ੍ਰ ਨਾਟਕ ਗ੍ਰੰਥੇ, 'ਨਰਸਿੰਘ' ਸਪਤਮੋ ਅਵਤਾਰ ਸਮਾਪਤੰ॥ ਸਤੁ ਸੁਭਮ ਸਤੁ॥ ੭॥੪੨॥੧੪੩॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਸੱਤਵਾਂ ਅਵਤਾਰ 'ਨਰਸਿੰਘ' ਸਮਾਪਤ॥ ਸਤ ਸ਼ੁਭਮ ਸਤ॥੭॥ ੪੨॥੧੪੩॥ ਚਲਦਾ॥

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥
ਸ੍ਰੀ ਭਗਉਤੀ ਜੀ ਸਹਾਇ ॥

# ਅੱਠਵਾਂ ਅਵਤਾਰ 'ਬਾਵਨ'

## ਭੁਜੰਗ ਪ੍ਰਯਾਤ ਛੰਦ ॥

**ਭਏ ਦਿਵਸ ਕੇਤੇ ਨਰ ਸਿੰਘਾਵਤਾਰੰ ॥ ਪੁਨਰ ਭੂੰਮ ਸੋਂ ਪਾਪ ਬਾਢਜੋ ਅਪਾਰੰ ॥**
**ਕਰੇ ਲਾਗ ਜੱਗੰ ਪੁਨਰ ਦੈਤ ਦਾਨੰ ॥ ਬਲ ਰਾਜ ਕੀ ਦੇਹ ਬੱਢਿਯੋ ਗੁਮਾਨੰ ॥ ੧ ॥**

ਕਈ ਦਿਨ ਬੀਤ ਗਏ ਨਰਸਿੰਘ ਅਵਤਾਰ ਹੋਏ ਨੂੰ ਅਤੇ ਧਰਤੀ ਤੇ ਫੇਰ ਬਹੁਤ ਪਾਪ ਵੱਧ ਗਿਆ। ਦੈਂਤ ਤੇ ਦਾਨਵ ਮੁੜ ਕੇ 'ਜੱਗ' ਆਦਿਕ ਕਰਮਾਂ ਵਿਚ ਵਿਘਨ ਪਾਉਣ ਲੱਗ ਪਏ ਅਤੇ ਬਲਿ ਰਾਜੇ ਦੇ ਸਰੀਰ ਵਿਚ ਬਹੁਤਾ ਹੰਕਾਰ ਵੱਧ ਗਿਆ ॥ ੧ ॥

**ਭੁਜੰਗ ਛੰਦ ॥ ਨ ਪਾਵੈ ਬਲੰ ਦੇਵਤਾ ਜਗ ਬਾਸੰ ॥ ਭਈ ਇੰਦ੍ਰ ਕੀ ਰਾਜਧਾਨੀ ਬਿਨਾਸੰ ॥**
**ਕਰੀ ਜੋਗ ਆਰਾਧਨਾ ਸਰਬ ਦੇਵੰ ॥ ਪ੍ਰਸੰਨੰ ਭਏ ਕਾਲ ਪੁਰਖੰ ਅਭੇਵੰ ॥ ੨ ॥**

ਦੇਵਤੇ ਜੱਗ ਵਸਤੂ ਦੀ ਬਲੀ ਨਹੀਂ ਸਨ ਪਾ ਸਕਦੇ, ਸਭ ਕੁਝ ਦੈਂਤ ਖੋਹ ਲੈਂਦੇ ਸਨ। ਇਸ ਕਰ ਕੇ ਇੰਦਰ ਦੀ ਰਾਜਧਾਨੀ ਨਾਸ ਹੋ ਗਈ। ਸਾਰੇ ਦੇਵਤਿਆਂ ਨੇ ਜੋਗ ਅਰਾਧਨਾ ਕੀਤੀ, ਜਿਸ ਕਰਕੇ ਅਭੇਵ ਰੂਪ ਵਾਲੇ ਕਾਲ ਪੁਰਖ ਜੀ ਪ੍ਰਸੰਨ ਹੋ ਗਏ ॥ ੨ ॥

**ਭੁਜੰਗ ॥ ਦੀਯੋ ਆਇਸੰ ਕਾਲ ਪੁਰਖੰ ਅਪਾਰੰ ॥ ਧਰੋ ਬਾਵਨਾ ਬਿਸ਼ਨ ਅਸ਼ਟਮ ਵਤਾਰੰ ॥**
**ਲਈ ਬਿਸ਼ਨ ਆਗਜਾ ਚਲਿਯੋ ਧਾਇ ਐਸੇ ॥ ਲਹਜੋ ਦਾਰਦੀ ਭੂਪ ਭੰਡਾਰ ਜੈਸੇ ॥ ੩ ॥**

ਅਕਾਲ ਪੁਰਖ ਨੇ ਹੁਕਮ ਦਿੱਤਾ, ਹੇ ਬਿਸ਼ਨ ਹੁਣ ਅੱਠਵਾਂ ਬਾਵਨ ਅਵਤਾਰ ਜਾ ਕੇ ਧਾਰੋ। ਵਿਸ਼ਨ ਨੇ ਆਗਿਆ ਲਈ, ਤਾਂ ਇਸ ਤਰ੍ਹਾਂ ਧਾਈ ਕਰਕੇ ਚਲਿਆ, ਜਿਸ ਤਰ੍ਹਾਂ ਜਨਮ ਦਾ ਕੋਈ ਕੰਗਾਲ ! ਸ਼ਾਹੀ ਖਜ਼ਾਨਾ ਲਭ ਪਵੇ ਤਾਂ ਉਹ ਛੇਤੀ ਨਾਲ ਭੱਜ ਕੇ ਪੈਂਦਾ ਹੈ ॥ ੩ ॥

**ਨਰਾਜ ਛੰਦ ॥ ਸਰੂਪ ਛੋਟ ਧਾਰਿਕੈ ॥ ਚਲਜੋ ਤਹਾਂ ਬਿਚਾਰਿਕੈ ॥**
**ਸਭਾ ਨਰੇਸ਼ ਜਾਨਯੋ ॥ ਤਹੀ ਸੁ ਪਾਵ ਠਾਨਯੋ ॥ ੪ ॥**

ਛੋਟਾ ਜਿਹਾ ਰੂਪ ਧਾਰ ਕੇ ਅਤੇ ਮਨ ਵਿਚ ਕੁਝ ਸੋਚ ਵਿਚਾਰ ਕੇ ਵਿਸ਼ਨੂੰ ਓਥੇ ਚਲੇ ਗਿਆ ਜਿਥੇ ਬਲ ਰਾਜੇ ਦਾ ਦਰਬਾਰ ਲੱਗਾ ਸੀ ਅਤੇ ਓਥੇ ਜਾਕੇ ਦ੍ਰਿੜਤਾ ਪੂਰਬਕ ਖੜਾ ਹੋ ਗਿਆ ॥ ੪ ॥

ਨਰਾਜ ਛੰਦ॥ ਸੁ ਬੇਦ ਚਾਰ ਉਚਾਰਕੈ॥ ਸੁਣਜੇ ਨ੍ਰਿਪੰ ਸੁਧਾਰ ਕੈ॥
ਬੁਲਾਇ ਬਿੱਪ ਕੋ ਲਯੋ॥ ਮਲਜਾਗਰ ਮੂੜਕਾ ਦਯੋ॥ ੫॥

ਚਾਰੇ ਵੇਦਾਂ ਨੂੰ ਰਾਜੇ ਨੇ ਚਿੱਤ ਲਾ ਕੇ ਸੁਣਿਆ। ਫਿਰ ਬ੍ਰਾਹਮਣ ਰੂਪ ਵਿਸ਼ਨੂੰ ਨੂੰ ਅੰਦਰ ਬੁਲਾ ਲਿਆ ਅਤੇ ਚੰਦਨ ਦੀ ਚੌਂਕੀ ਬੈਠਣ ਨੂੰ ਦਿੱਤੀ॥ ੫॥

ਪਦਾਰਘ ਦੀਤ ਦਾਨ ਦੈ॥ ਪ੍ਰਦੱਛਨ ਅਨੇਕ ਕੈ॥
ਕਰੋਰਿ ਦੱਛਨਾ ਦਈ॥ ਨ ਹਾਥ ਬਿੱਪ ਨੈ ਲਈ॥ ੬॥

ਪੈਰ ਧੋਣ ਲਈ ਜਲ ਲਿਆਂਦਾ, ਆਰਤੀ ਕੀਤੀ, ਅਨੇਕਾਂ ਪ੍ਰਦੱਖਣਾਂ ਕੀਤੀਆਂ। ਫਿਰ ਇਕ ਕ੍ਰੋੜ ਰੁਪਇਆ, ਭੇਟਾ ਦਿੱਤੀ, ਪਰ ਬਾਵਨ ਰੂਪ ਬ੍ਰਾਹਮਣ ਨੇ ਉਸ ਭੇਟਾ ਨੂੰ ਹੱਥ ਵੀ ਨਾ ਲਾਇਆ॥ ੬॥

ਕਹਜੋ ਨ ਮੋਰ ਕਾਜ ਹੈ॥ ਮਿਥਜਾ ਇਹ ਤੋਰ ਸਾਜ ਹੈ॥
ਅਢਾਇ ਪਾਵ ਭੂੰਮ ਦੈ॥ ਬਸੇਖ ਪੂਰ ਕੀਰਤ ਲੈ॥ ੭॥

ਬੌਣੇ ਨੇ ਕਿਹਾ ਇਹ ਰੁਪੈ ਮੇਰੇ ਕੰਮ ਨਹੀਂ, ਇਹ ਤੇਰੇ ਸਾਜ, ਝੂਠੇ ਹਨ। ਅਢਾਈ ਪੈਰ ਜਿੰਨੀ ਧਰਤੀ ਮੈਨੂੰ ਮਿਣ ਕੇ ਦੇਹ, ਅਤੇ ਜਗਤ ਵਿਚ ਪੂਰਨ ਜਸ ਕੀਰਤੀ ਲੈ ਲਵੋ॥ ੭॥

ਚੌਪਈ॥ ਜਬ ਦਿਜ ਐਸ ਬਖਾਨੀ ਬਾਨੀ॥ ਭੂਪਤ ਸਹਤ ਨ ਜਾਨਜੋ ਰਾਨੀ॥
ਪੈਰ ਅਢਾਇ ਭੂੰਮਦੇ ਕਹੀ॥ ਦ੍ਰਿੜ ਕਰਿ ਬਾਤ ਦਿਜੋਤਮ ਗਹੀ॥ ੮॥

ਜਦ, ਬਾਵਨ ਭਗਵਾਨ ਨੇ ਇਸ ਤਰ੍ਹਾਂ ਦੀ ਗੱਲ ਕਹੀ, ਤਾਂ ਰਾਣੀ ਸਮੇਤ ਰਾਜੇ ਨੇ ਇਸ ਦਾ ਭੇਦ ਨਾ ਜਾਣਿਆ। 'ਅਢਾਈ ਪੈਰ ਧਰਤੀ ਦੇਹ' ਇਹ ਗੱਲ ਬਾਵਨ ਨੇ ਕਹੀ ਅਤੇ ਬਾਵਨ ਭਗਵਾਨ ਨੇ ਇਹੋ ਗਲ ਪਕੀ ਕਰਕੇ ਫੜ ਛੱਡੀ॥ ੮॥

ਦਿਜਬਰ ਸ਼ੁਕ੍ਰ ਹੁਤੋ ਨ੍ਰਿਪ ਤੀਰਾ॥ ਜਾਨ ਗਯੋ ਸਭ ਭੇਦੁ ਵਜੀਰਾ॥
ਜਜੋ ਜਜੋ ਦੇਨ ਪ੍ਰਿਥਵੀ ਨ੍ਰਿਪ ਕਹੈ॥ ਤਿਮੁ ਤਿਮੁ ਨਾਹਿ ਪ੍ਰੋਹਤੁ ਗਹੈ॥ ੯॥

ਸ਼ੁਕ੍ਰ ਪ੍ਰੋਹਤ ਰਾਜੇ ਕੋਲ ਉਸ ਵੇਲੇ ਬੈਠਾ ਸੀ, ਰਾਜੇ ਦਾ ਵਜ਼ੀਰ ਵੀ ਓਹੀ ਸੀ। ਉਹ ਇਸ ਦੇ ਸਾਰੇ ਭੇਦ ਨੂੰ ਜਾਣ ਗਿਆ। ਜਿਵੇਂ ਜਿਵੇਂ ਬਲਿ ਰਾਜਾ ਬਾਵਨ ਨੂੰ ਧਰਤੀ ਦੇਣ ਦੀ ਗੱਲ ਕਹਿੰਦਾ ਸੀ, ਤਿਵੇਂ ਤਿਵੇਂ ਸ਼ੁਕ੍ਰ ਪ੍ਰੋਹਤ ਨਾਂਹ ਨਾਂਹ ਕਹੀ ਜਾਂਦਾ ਅਤੇ ਇਸ ਗੱਲ ਤੇ ਪੱਕਾ ਹੁੰਦਾ ਜਾਂਦਾ ਸੀ॥ ੯॥

ਜਬ ਨ੍ਰਿਪ ਦੇਨ ਧਰਾ ਮਨ ਕੀਨਾ॥ ਤਬ ਹੀ ਉੱਤ੍ਰ ਸ਼ੁਕ੍ਰ ਇਮ ਦੀਨਾ॥
ਲਘੁ ਦਿਜ ਯਾਹਿ ਨ ਭੂਪ ਪਛਾਨੋ॥ ਬਿਸ਼ਨ ਵਤਾਰ ਇਸੀ ਕਰ ਮਾਨੋ॥ ੧੦॥

ਰਾਜੇ ਨੇ ਧਰਤੀ ਦੇਣ ਦਾ ਜਦੋਂ ਇਰਾਦਾ ਕੀਤਾ ਤਦ ਸ਼ੁਕ੍ਰ ਨੇ ਇਸ ਤਰ੍ਹਾਂ ਉੱਤਰ ਦਿੱਤਾ। ਹੇ ਰਾਜਨ! ਇਸ ਨੂੰ ਛੋਟਾ ਜਿਹਾ ਬ੍ਰਾਹਮਣ ਨਾ ਪਛਾਣ, ਇਸਨੂੰ ਵਿਸ਼ਨੂੰ ਦਾ ਅਵਤਾਰ ਜਾਣ। ਤੇਰੇ ਜੱਗ ਨੂੰ ਇਹ ਨਾਸ ਕਰਨ ਲਈ ਆਇਆ ਹੈ॥੧੦॥

**ਸੁਨਤ ਬਚਨ ਦਾਨਵ ਸਭ ਹਸੇ॥ ਉਚਰਤ ਸ਼ੁੱਕ੍ਰ ਕਹਾ ਘਰ ਬਸੇ॥**
**ਸਸਿਕ ਸਮਾਨ ਨ ਦਿਜ ਮਹਿ ਮਾਸਾ॥ਕਸ ਕਰ ਹੈ ਇਹ ਜੱਗ ਬਿਨਾਸਾ॥੧੧॥**

ਸਾਰੇ ਦੈਂਤ ਸ਼ੁਕਰ ਦੇ ਬਚਨ ਸੁਣਦਿਆਂ ਹੀ ਹਸ ਪਏ ਅਤੇ ਕਹਿਣ ਲਗੇ, "ਸ਼ੁਕਰ ਜੀ! ਤੁਹਾਡੀ ਸੁਰਤ ਕਿਹੜੀ ਜਗ੍ਹਾਂ ਵਸਦੀ ਹੈ? ਵੇਖੋ ਇਸ ਬ੍ਰਾਹਮਣ ਵਿਚ, ਸਹੇ ਜਿੰਨਾਂ ਮਾਸ ਨਹੀਂ ਹੈ, ਇਹ ਕਿਸ ਤਰ੍ਹਾਂ ਜੱਗ ਨੂੰ ਨਾਸ ਕਰ ਦੇਵੇਗਾ?" ॥੧੧॥

**ਦੋਹਰਾ॥ਸ਼ੁੱਕ੍ਰਬਾਚ॥ਜਿਮ ਚਿਨਗਾਰੀ ਅਗਨ ਕੀ ਗਿਰਤ ਸਘਨ ਬਨ ਮਾਹਿ॥**
**ਅਧਿਕ ਤਨਕ ਤੇ ਹੋਤ ਹੈ ਤਿਮ ਦਿਜਬਰ ਨਰ ਨਾਹਿ॥੧੨॥**

ਸ਼ੁਕ੍ਰ ਨੇ ਕਿਹਾ, "ਹੇ ਰਾਜਨ! ਜਿਵੇਂ ਅੱਗ ਦੀ ਨਿੱਕੀ ਜਿਹੀ ਚਿੰਗਾਰੀ ਸੰਘਣੇ ਜੰਗਲ ਵਿਚ ਡਿਗ ਜਾਵੇ ਤਾਂ ਉਹ ਥੋੜੇ ਤੋਂ ਬਹੁਤਾ ਹੋ ਜਾਂਦੀ ਹੈ। ਇਸੇ ਤਰ੍ਹਾਂ ਇਹ ਬ੍ਰਾਹਮਣ ਹੈ, ਛੋਟੇ ਤੋਂ ਵੱਡਾ ਇਕ ਦਮ ਹੋ ਜਾਵੇਗਾ॥੧੨॥

**ਚੌਪਈ॥ਹਸ ਭੂਪਤ ਇਹ ਬਾਤ ਬਖਾਨੀ॥ਸੁਨਹੁ ਸ਼ੁਕ੍ਰ ਤੁਮ ਬਾਤ ਨ ਜਾਨੀ॥**
**ਫੁਨਿ ਇਹ ਸਮੇ ਸਭੋ ਛਲ ਜੈਹੈ॥ ਹਰਿ ਸੋ ਫੇਰਿ ਨ ਭਿੱਛਕ ਐਹੈ॥੧੩॥**

ਬਲਿ ਰਾਜੇ ਨੇ ਹੱਸ ਕੇ ਇਹ ਗੱਲ ਕਹੀ, "ਹੇ ਸ਼ੁਕਰ ਸੁਣ! ਤੂੰ ਇਸ ਗੱਲ ਦੇ ਭੇਦ ਨੂੰ ਨਹੀਂ ਜਾਣਿਆ। ਇਹ ਸਮਾਂ ਸਭ ਨੂੰ ਛਲ ਜਾਏਗਾ, ਵਿਸ਼ਨੂੰ ਵਰਗਾ ਮੰਗਤਾ ਮੁੜ ਕੇ ਨਹੀਂ ਆਵੇਗਾ" ॥੧੩॥

**ਚੌਪਈ॥ਮਨ ਮਹਿ ਬਾਤ ਇਹੈ ਠਹਰਾਈ॥ਮਨ ਮੋ ਧਰੀ ਨ ਕਿਸੂ ਬਤਾਈ॥**
**ਭ੍ਰਿਤ ਤੇ ਮਾਂਗ ਕਮੰਡਲ ਏਸਾ॥ ਲਗਜੋ ਦਾਨ ਤਿਹ ਦੇਨ ਨਰੇਸਾ॥੧੪॥**

ਇਹ ਗੱਲ ਮਨ ਵਿਚ ਪੱਕੀ ਜਾਣ ਲਈ ਅਤੇ ਆਪਣੇ ਦਿਲ ਵਿਚ ਹੀ ਰਖੀਂ, ਕਿਸੇ ਨੂੰ ਦੱਸੀ ਨਹੀਂ। ਰਾਜੇ ਨੇ, ਨੌਕਰ ਤੋਂ ਜਲ ਦਾ ਕਮੰਡਲ ਮੰਗਵਾ ਲਿਆ। ਰਾਜਾ ਉਸ ਨੂੰ ਦਾਨ ਦੇਣ ਲੱਗਾ॥੧੪॥

**ਸ਼ੁੱਕ੍ਰ ਬਾਤ ਮਨ ਮੋ ਪਹਿਚਾਨੀ॥ ਭੇਦ ਨ ਲਹਤ ਭੂਪ ਅਗਿਆਨੀ॥**
**ਧਾਰ ਮਕਰ ਕੇ ਜਾਰ ਸਰੂਪਾ॥ ਪੈਠਿਯੋ ਮੱਧ ਕਮੰਡਲ ਭੂਪਾ॥੧੫॥**

ਉਸ ਦੀ ਗੱਲ ਨੂੰ ਸ਼ੁੱਕਰ ਨੇ ਮਨ ਵਿਚ ਸਮਝ ਲਿਆ ਅਤੇ ਦਿਲ ਵਿਚ ਹੀ ਕਹਿਣ ਲੱਗਾ, ਬੇਸਮਝ ਰਾਜਾ ਇਸ ਭੇਤ ਨੂੰ ਜਾਣਦਾ ਨਹੀਂ ਹੈ। ਫਿਰ ਸ਼ੁੱਕਰ ਨੇ ਮਕੜੀ ਦੇ ਜਾਲੇ ਦਾ ਰੂਪ ਧਾਰ

ਲਿਆ ਅਤੇ ਰਾਜੇ ਦੇ ਹੱਥ ਵਿਚਲੇ ਕਮੰਡਲ ਦੀ ਟੂਟੀ ਵਿਚ ਵੜ ਗਿਆ॥੧੫॥

**ਨ੍ਰਿਪ ਬਰ ਪਾਨ ਸੁਰਾਹੀ ਲਈ॥ ਦਾਨ ਸਮੈ ਦਿਜਬਰ ਕੀ ਭਈ॥**
**ਦਾਨ ਹੇਤ ਜਬ ਹਾਥ ਚਲਾਯੋ॥ ਨਿਕਸ ਨੀਰ ਕਰ ਤਾਹਿ ਨ ਆਯੋ॥੧੬॥**

ਰਾਜੇ ਨੇ ਹੱਥ ਵਿਚ ਸੁਰਾਹੀ ਫੜ ਲਈ, ਅਤੇ ਬ੍ਰਹਮਣ ਨੂੰ ਦਾਨ ਦੇਣ ਦਾ ਸਮਾਂ ਆ ਗਿਆ। ਦਾਨ ਭਾਵ ਸੰਕਲਪ ਕਰਨ ਵਾਸਤੇ ਜਦ ਰਾਜੇ ਨੇ ਹੱਥ ਵਧਾਇਆ, ਤਾਂ ਕਮੰਡਲ ਵਿਚੋਂ ਪਾਣੀ ਨਿਕਲ ਕੇ ਰਾਜੇ ਦੇ ਹੱਥ ਤੇ ਨ ਆਇਆ॥੧੬॥

**ਤੋਮਰ ਛੰਦ॥ ਚਮਕਜੋ ਤਬੈ ਦਿਜ ਰਾਜ॥ ਕਰੀਐ ਨ੍ਰਿਪੇ ਸੁ ਇਲਾਜ॥**
**ਤਿਨਕਾ ਮਿਲੇ ਇਹ ਬੀਚ॥ ਇਕ ਚੱਛ ਹੁਐ ਹੈ ਨੀਚ॥੧੭॥**

ਬਾਵਨ ਭਗਵਾਨ ਤਦੋਂ ਚਮਕਿਆ ਤੇ ਕਹਿਣ ਲੱਗਾ - ਰਾਜਨ! ਇਸ ਦਾ ਉਪਾਓ ਕਰੋ। ਇਸ ਦੇ ਵਿਚ ਇਕ ਤੀਲਾ ਫਿਰ ਜਾਵੇ, ਤਾਂ ਪਾਣੀ ਨਿਕਲ ਆਵੇਗਾ, ਅਤੇ ਬਾਵਨ ਨੇ ਮਨ ਵਿਚ ਵਿਚਾਰ ਕੀਤਾ ਕਿ ਨੀਚ ਸ਼ੁੱਕਰ ਇਕ ਅੱਖ ਵਾਲਾ ਹੋ ਜਾਵੇਗਾ॥੧੭॥

**ਤੋਮਰ॥ ਤ੍ਰਿਨਕਾ ਨ੍ਰਿਪਤ ਕਰ ਲੀਨ॥ ਭੀਤਰ ਕਮੰਡਲ ਦੀਨ॥**
**ਸ਼ੁੱਕ੍ਰ ਆਂਖ ਲਗੀਆ ਜਾਇ॥ ਇਕ ਚੱਛ ਭਯੋ ਦਿਜ ਰਾਇ॥੧੮॥**

ਹੱਥ ਵਿਚ ਰਾਜੇ ਨੇ ਤੀਲਾ ਫੜਿਆ ਅਤੇ ਕਮੰਡਲ ਦੀ ਟੂਟੀ ਵਿਚ ਫੇਰ ਦਿੱਤਾ। ਉਹ ਤੀਲਾ ਸ਼ੁੱਕਰ ਦੀ ਅੱਖ ਵਿਚ ਜਾ ਕੇ ਲੱਗਾ, ਉਸ ਨਾਲ ਸ਼ੁੱਕਰ ਪ੍ਰੋਹਤ, ਇਕ ਅੱਖ ਤੋਂ ਕਾਣਾ ਹੋ ਗਿਆ॥੧੮॥

**ਤੋਮਰ ਛੰਦ॥ ਨੇਤ੍ਰ ਤੇ ਜੁ ਗਿਰਯੋ ਨੀਰ॥ ਸੋਈ ਲੀਯੋ ਕਰ ਦਿਜ ਬੀਰ॥**
**ਕਰਿ ਨੀਰ ਚੁਵੰਨ ਨ ਦੀਨ॥ ਇਮ ਸ੍ਵਾਮਿ ਕਾਰਜ ਕੀਨ॥੧੯॥**

ਜਿਹੜਾ ਪਾਣੀ ਸ਼ੁੱਕਰ ਦੀ ਅੱਖ ਤੋਂ ਨਿਕਲਿਆ ਸੀ, ਬਾਵਨ ਪੰਡਿਤ ਨੇ ਓਹੀ ਜਲ ਲੈ ਲਿਆ। ਸ਼ੁੱਕਰ ਨੇ ਆਪਣੀ ਅੱਖ ਕਢਵਾ ਲਈ, ਪਰ ਟੂਟੀ ਵਿਚੋਂ ਪਾਣੀ ਵਗਣ ਨਹੀਂ ਦਿੱਤਾ। ਇਸ ਤਰ੍ਹਾਂ ਆਪਾ ਕੁਰਬਾਨ ਕਰਕੇ ਸਵਾਮੀ ਦਾ ਕੰਮ ਕੀਤਾ ॥੧੯॥

**ਚੌਪਈ॥ ਚੱਛ ਨੀਰ ਕਰ ਭੀਤਰ ਪਰਾ॥ ਵਹੈ ਸੰਕਲਪ ਦਿਜਹ ਕਰਿ ਧਰਾ॥**
**ਐਸ ਤਬੈ ਨਿਜ ਦੇਹ ਬਢਾਯੋ॥ ਲੋਕ ਛੇਦ ਪਰਲੋਕ ਸਿਧਾਯੋ॥੨੦॥**

ਜਦ ਬਲ ਰਾਜੇ ਦੇ ਹੱਥ ਉਤੇ ਸ਼ੁੱਕਰ ਦੀ ਅੱਖ ਦਾ ਪਾਣੀ ਡਿੱਗਾ, ਤਾਂ ਬਾਵਨ ਬ੍ਰਾਹਮਣ ਨੇ ਓਸ ਵੇਲੇ ਰਾਜੇ ਪਾਸੋਂ ਢਾਈ ਕਰਮ ਧਰਤੀ ਸੰਕਲਪ ਕਰਵਾ ਲਈ ਅਤੇ ਬਾਅਦ ਵਿਚ ਜਦ ਧਰਤੀ ਨੂੰ ਮਿਣਨ ਲੱਗੇ ਤਾਂ ਬੌਣੇ ਨੇ ਆਪਣਾ ਏਨਾ ਸਰੂਪ ਵਧਾ ਲਿਆ ਜੋ ਇਸ ਲੋਕ ਨੂੰ ਲੰਘ ਕੇ ਪਰਲੋਕ ਤਕ ਪਹੁੰਚ ਗਿਆ॥੨੦॥

**ਚੌਪਈ॥ ਨਿਰਖ ਲੋਗ ਅਦਭੁਤ ਬਿਸਮਏ॥ ਦਾਨਵ ਪੇਖ ਮੂਰਛਨਾ ਭਏ॥**
**ਪਾਵ ਪਤਾਰ ਛੁਯੋ ਸਿਰ ਕਾਸਾ॥ ਚਕ੍ਰਤ ਭਏ ਲਖਿ ਲੋਕ ਤਮਾਸਾ॥੨੧॥**

ਇਹ ਅਦਭੁਤ ਕੌਤਕ ਨੂੰ ਤੱਕ ਕੇ ਲੋਕ ਹੈਰਾਨ ਹੋ ਗਏ ਅਤੇ ਦੈਂਤ ਵੇਖ ਕੇ ਬੇਹੋਸ਼ ਹੋ ਗਏ। ਕਿਉਂਕਿ ਉਸ ਵੇਲੇ ਬਾਉਨੇ ਦੇ ਪੈਰ ਪਤਾਲ ਨਾਲ ਤੇ ਸਿਰ ਅਕਾਸ਼ ਨਾਲ ਜਾ ਲੱਗਾ ਸੀ। ਇਸ ਕੌਤਕ ਨੂੰ ਜਾਣ ਕੇ ਲੋਕ ਹੈਰਾਨ ਹੋ ਗਏ॥੨੧॥

**ਏਕੈ ਪਾਵ ਪਤਾਰਹ ਛੂਆ॥ ਦੂਸਰ ਪਾਵ ਗਗਨ ਲਉ ਹੂਆ॥**
**ਭਿਦਜੋ ਅੰਡ ਬ੍ਰਹਮੰਡ ਅਪਾਰਾ॥ ਤਿਹ ਤੇ ਗਿਰੀ ਗੰਗ ਕੀ ਧਾਰਾ॥੨੨॥**

ਇਕ ਪੈਰ ਪਤਾਲ ਨੂੰ ਜਾ ਲੱਗਾ, ਦੂਜਾ ਕਦਮ ਅਕਾਸ਼ ਤਕ ਪੂਰਾ ਹੋਇਆ। ਅੰਡ ਰੂਪ ਬ੍ਰਹਿਮੰਡ ਜਿਸ ਦਾ ਅੰਤ ਨਹੀਂ ਮਿਲਦਾ, ਉਹ ਦੋ ਕਦਮਾਂ ਵਿਚ ਮਿਣ ਲਿਆ। ਫਿਰ ਬਾਵਨ ਤੋਂ ਗੰਗਾ ਪੈਦਾ ਹੋਈ, ਜਿਸ ਦੀ ਧਾਰਾ ਭਗੀਰਥ ਦੀ ਖਾਤਰ ਹੇਠਾਂ ਡਿੱਗੀ ਸੀ॥੨੨॥

**ਇਹ ਬਿਧਿ ਭੂਪ ਅਚੰਭਵ ਲਹਾ॥ ਮਨ ਕ੍ਰਮ ਬਚਨ ਚਕ੍ਰਤ ਹ੍ਵੈ ਰਹਾ॥**
**ਸੁ ਕਛੁ ਭਜੋ ਜੋਊ ਸ਼ੁਕ੍ਰ ਉਚਾਰਾ॥ ਸੋ ਅਖੀਯਨ ਹਮ ਆਜ ਨਿਹਾਰਾ॥੨੩॥**

ਰਾਜੇ ਵੀ ਇਸ ਤਰ੍ਹਾਂ ਨਾਲ ਬਹੁਤ ਹੈਰਾਨ ਹੋਇਆ, ਮਨ ਬਾਣੀ ਸਰੀਰ ਕਰਕੇ ਹੈਰਾਨ ਹੋ ਰਿਹਾ। ਬਲਿ ਰਾਜਾ ਕਹਿਣ ਲੱਗਾ ਜੋ ਕੁਝ ਸ਼ੁਕਰ ਨੇ ਆਖਿਆ ਸੀ, ਓਹੀ ਹੋਇਆ ਹੈ, ਅੱਖਾਂ ਨਾਲ ਅੱਜ ਮੈਂ ਵੇਖ ਲਿਆ ਹੈ॥੨੩॥

**ਅਰਧ ਦੇਹ ਅਪਨੌ ਮਿਨ ਦੀਨਾ॥ ਇਹ ਬਿਧਿ ਕੈ ਭੂਪਤ ਜਸੁ ਲੀਨਾ॥**
**ਜਬ ਲਉ ਗੰਗ ਜਮਨ ਕੋ ਨੀਰਾ॥ ਤਬ ਲਉ ਚਲੀ ਕਥਾ ਜਗ ਧੀਰਾ॥੨੪॥**

ਰਾਜੇ ਨੇ ਅੱਧੇ ਕਦਮ ਦੀ ਥਾਂ ਤੇ ਆਪਣੀ ਦੇਹੀ ਮਿਣਾ ਦਿੱਤੀ। ਇਹ ਤਰੀਕਾ ਵਰਤ ਕੇ ਰਾਜੇ ਨੇ ਜਸ ਖੱਟ ਲਿਆ। ਜਦੋਂ ਤਕ ਗੰਗਾ ਤੇ ਜਮਨਾ ਦਾ ਜਲ ਧਰਤੀ ਤੇ ਕਾਇਮ ਹੈ ਤਦੋਂ ਤਕ ਇਹ ਕਥਾ ਜਗਤ ਉਤੇ ਤੁਰੀ ਚਲੇਗੀ॥੨੪॥

**ਬਿਸ਼ਨ ਪ੍ਰਸੰਨਿ ਪ੍ਰਤੱਛ ਹ੍ਵੈ ਕਹਾ॥ ਚੋਬਦਾਰੁ ਦੁਆਰੇ ਹ੍ਵੈ ਰਹਾ॥**
**ਕਹਯੋ ਚਲੇ ਤਬ ਲਗੈ ਕਹਾਨੀ॥ ਜਬ ਲਗ ਗੰਗ ਜਮੁਨ ਕੋ ਪਾਨੀ॥੨੫॥**

ਵਿਸ਼ਨੂੰ ਪ੍ਰਸੰਨ ਹੋ ਕੇ ਆਪਣੇ ਅਸਲੀ ਰੂਪ ਵਿਚ ਆ ਗਿਆ ਅਤੇ ਕਹਿਣ ਲੱਗਾ, ਤੇਰੇ ਦੁਆਰੇ ਮੈਂ ਚੋਬਦਾਰ ਹੋ ਕੇ ਰਹਾਂਗਾ, ਅਤੇ ਜਦ ਤਕ ਦੁਨੀਆਂ ਵਿਚ ਗੰਗਾ ਜਮਨਾ ਵਗਦੀ ਰਹੇਗੀ ਤੇਰੀ ਇਹ ਕਥਾ ਚਲਦੀ ਰਹੇਗੀ॥੨੫॥

**ਦੋਹਰਾ॥ ਜਹ ਸਾਧਨ ਸੰਕਟ ਪਰੈ ਤਹੱ-ਤਹੱ ਭਏ ਸਹਾਇ॥**
**ਦੁਆਰਪਾਲ ਹ੍ਵੈ ਦਰ ਬਸੇ ਭਗਤ ਹੇਤ ਹਰਿ ਰਾਇ॥੨੬॥**

ਸਾਧਾਂ ਨੂੰ ਬਿਪਤਾ ਜਿਥੇ ਵੀ ਪੈਂਦੀ ਹੈ ਉਥੇ ਉਥੇ ਹੀ ਪ੍ਰਭੂ ਸਹਾਈ ਹੁੰਦਾ ਹੈ। ਵੇਖੋ! ਹਰੀ, ਰਾਜੇ ਵਾਸਤੇ ਉਸ ਦੇ ਦਰ ਉਤੇ ਦੁਆਰਪਾਲ ਚੌਂਕੀਦਾਰ ਹੋ ਕੇ ਪਹਿਰਾ ਦਿੰਦਾ ਹੈ॥੨੬॥

**ਚੌਪਈ॥ ਅਸ਼ਟਮ ਅਵਤਾਰ ਬਿਸ਼ਨ ਅਸ ਧਰਾ॥ ਸਾਧਨ ਸਭੈ ਕ੍ਰਿਤਾਰਥ ਕਰਾ॥**
**ਅਬ ਨਵਮੋਂ ਬਰਨੋਂ ਅਵਤਾਰਾ॥ ਸੁਨਹੁ ਸੰਤ ਚਿਤ ਲਾਇ ਸੁਧਾਰਾ॥੨੭॥**

ਵਿਸ਼ਨੂੰ ਨੇ ਅੱਠਵਾਂ ਬਾਵਨ ਅਵਤਾਰ ਇਸ ਤਰ੍ਹਾਂ ਧਾਰਿਆ ਸੀ, ਅਤੇ ਸਾਰੇ ਸੰਤਾਂ ਨੂੰ ਕ੍ਰਿਤਾਰਥ ਕੀਤਾ ਸੀ। ਹੁਣ ਅੱਗੇ ਨੌਵੇਂ ਅਵਤਾਰ ਦਾ ਪ੍ਰਸੰਗ ਕਥਨ ਕਰਦੇ ਹਾਂ। ਹੇ ਸੰਤੋ! ਉਸ ਨੂੰ ਚਿੱਤ ਲਾ ਕੇ ਸੁਣੋ, ਅਤੇ ਉਸ ਨੂੰ ਚਿੱਤ ਵਿਚ ਧਾਰਨ ਕਰੋ॥੨੭॥

ਭਾਵਾਰਥ - ਪ੍ਰਹਿਲਾਦ ਭਗਤ ਦੀ ਧਰਮ ਪਤਨੀ ਦਾ ਨਾਮ 'ਸੁਵਰਣਾ' ਸੀ, ਬੰਗਾਲੀ ਲੇਖਕਾਂ ਨੇ ਉਸ ਦਾ ਨਾਮ 'ਸੁਵਰਣ ਲਤਾ' ਲਿਖਿਆ ਹੈ। ਉਸ ਦੇ ਪੇਟੋਂ ਭਗਤ ਜੀ ਦੇ ਪੰਜ ਪੁੱਤਰ ਹੋਏ। ਮਹਾਂ ਭਾਰਤ ਦੇ ਉਦਯੋਗ ਪਰਵ ਦੇ ੩੫ਵੇਂ ਅਧਿਆਏ ਵਿਚ ਜੋ ਕਥਾ ਹੈ, ਉਸ ਤੋਂ ਇਕੋ ਵਿਰੋਚਨ ਨਾਮ ਦੇ ਪੁੱਤਰ ਹੋਣ ਦਾ ਪਤਾ ਮਿਲਦਾ ਹੈ। ਕਿਸੇ ਕਿਸੇ ਨੇ 'ਵਿਰੋਚਨ' ਅਤੇ 'ਗਵਿਸ਼ਠ' ਨਾਮ ਦੇ ਦੋ ਪੁੱਤਰ ਲਿਖੇ ਹਨ। ਪਦਕ ਪੁਰਾਣ ਅਨੁਸਾਰ ਚਾਰ ਪੁੱਤਰ ਸਿੱਧ ਹੁੰਦੇ ਹਨ। ਜਿਨ੍ਹਾਂ ਦੇ ਨਾਮ 'ਆਯੁਖਮਾਨ', 'ਸ਼ਿਵਿ', 'ਵਾਸ਼ਕਲਿ' , ਅਤੇ 'ਵਿਰੋਚਨ' ਸਨ। ਕਿਸੇ ਕਿਸੇ ਪੁਰਾਣ ਵਿਚ 'ਵਿਰੋਚਨ', 'ਜੰਭ' ਅਤੇ 'ਕੁਜੰਭ' ਨਾਮ ਦੇ ਤਿੰਨ ਪੁੱਤਰ ਹਨ।

ਪੁਰਾਣਾਂ ਵਿਚੋਂ ਭਗਤ ਜੀ ਦੇ ਦੋ ਪੁੱਤਰਾਂ ਦੀਆਂ ਕਥਾਂ ਦਾ ਹੀ ਕੁਝ ਪਤਾ ਮਿਲਦਾ ਹੈ। ਜਿਹਨਾਂ ਵਿਚੋਂ ਪਹਿਲਾ 'ਵਿਰੋਚਨ' , ਜੋ ਆਪਣੇ ਆਪ ਨੂੰ ਵਡਾ ਗਿਆਨੀ ਸਮਝਦਾ ਸੀ ਅਤੇ ਵਡਾ ਅਭਿਮਾਨੀ ਸੀ। ਦੂਜਾ ਗਵਿਸ਼ਠ ਜਾਂ ਗਵੇਸ਼ਠ, ਜੋ ਵੱਡਾ ਸੂਰਬੀਰ ਜੋਧਾ ਸੀ, ਅਤੇ ਜਿਸ ਨੂੰ ਰਾਜ ਦਾ ਭਾਰ ਦੇ ਕੇ ਭਗਤ ਜੀ ਨੇ ਬਾਨਪ੍ਰਸਥ ਆਸ਼ਰਮ ਨੂੰ ਧਾਰਨ ਕਰਕੇ ਬਨ ਯਾਤਰਾ ਕੀਤੀ ਸੀ। ਇਸੇ ਗਵੇਸ਼ਠ ਦੇ ਸੁੰਭ ਤੇ ਨਿਸੁੰਭ ਨਾਮ ਦੇ ਦੋ ਮਹਾਨ ਯੋਧੇ ਪੁੱਤਰ ਹੋਏ ਸਨ। ਜਿਨ੍ਹਾਂ ਨੇ ਆਪਣੇ ਜ਼ੋਰ ਨਾਲ ਸਾਰੇ ਸੰਸਾਰ ਵਿਚ ਹਲਚਲੀ ਮਚਾ ਦਿੱਤੀ ਸੀ। ਜਿਨ੍ਹਾਂ ਦੇ ਨਾਲ ਦੁਰਗਾ ਨੇ ਜੰਗ ਕੀਤੀ ਸੀ ਅਤੇ ਦੁਰਗਾ ਦੇ ਹਥੋਂ ਹੀ ਉਨ੍ਹਾਂ ਦਾ ਨਾਸ ਹੋਇਆ ਸੀ, ਅਰਥਾਤ ਦੁਰਗਾ ਦੇ ਹਥੋਂ ਮਰਨ ਵਾਲੇ 'ਸੁੰਭ ਅਤੇ ਨਸੁੰਭ' ਨਾਮ ਦੇ ਦੈਂਤ ਪ੍ਰਹਿਲਾਦ ਭਗਤ ਜੀ ਦੇ ਹੀ ਪੋਤਰੇ ਸਨ। ਜਿਹਨਾਂ ਦੀ ਕਥਾ ਮਾਰਕੰਡੇ ਪੁਰਾਣ ਵਿਚ ਲਿਖੀ ਹੈ ਅਤੇ ਦਸ਼ਮੇਸ਼ ਪਿਤਾ ਜੀ ਨੇ ਚੰਡੀ ਦੀ ਵਾਰ ਤੇ ਚੰਡੀ ਚਰਿਤ੍ਰਾਂ ਵਿਚ ਵਰਨਣ ਕੀਤੀ ਹੈ, ਜੋ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪਹਿਲੇ ਭਾਗ ਵਿਚ ਲਿਖੀ ਜਾ ਚੁਕੀ ਹੈ। 'ਵਿਰੋਚਨ' ਦਾ ਇਕੋ ਇਕ ਪੁੱਤਰ ਪਰਮ ਪ੍ਰਤਾਪੀ ਦਾਨ ਬੀਰ 'ਰਾਜਾ ਬਲਿ' ਸੀ, ਜਿਸ ਨੇ ਵਡੇ ਪਰਾਕ੍ਰਮ ਨਾਲ ਦੇਵਤਿਆਂ ਦੇ ਹਿਰਦੇ ਕੰਬਾ ਦਿੱਤੇ ਸਨ। ਜਿਸ ਦੇ ਯੱਗਾਂ ਦੇ ਕਤਰਬ ਨਾਲ ਦੇਵਰਾਜ ਇੰਦਰ ਘਬਰਾਇਆ ਕਰਦਾ ਸੀ। ਜਿਸ ਨੇ ਆਪਣੀ ਦਾਨ ਬੀਰਤਾ ਨਾਲ ਸਾਰੇ ਚੱਕ੍ਰਵਰਤੀ ਰਾਜ

ਨੂੰ ਵਾਮਨ ਭਗਵਾਨ ਦੇ ਚਰਨਾਂ ਵਿਚ ਅਰਪਨ ਕਰ ਕੇ ਆਪ ਪਤਾਲ ਦਾ ਵਸਣਾ ਕਬੂਲ ਕੀਤਾ ਸੀ। ਉਹ 'ਰਾਜਾ ਬਲਿ' ਭਗਤ ਪ੍ਰਹਿਲਾਦ ਦਾ ਪੋਤਰਾ ਸੀ।

ਰਾਜੇ ਬਲਿ ਨੂੰ ਇੰਦਰ ਲੋਕ ਪ੍ਰਾਪਤ ਕਰਨ ਦੀ ਇਛਾ ਸੀ ਅਤੇ ਇੰਦਰ ਲੋਕ ਦੀ ਪ੍ਰਾਪਤੀ ਵੀ ਇੰਦਰ ਪਦ ਦਾ ਅਧਿਕਾਰੀ ਹੋ ਕੇ ਪ੍ਰਾਪਤ ਕਰਨਾ ਚਾਹੁੰਦਾ ਸੀ। ਇਸ ਲਈ ਯੱਗ ਕਰਨ ਲੱਗਾ, ਇਸ ਨੇ ਸੌ ਯੱਗ ਕਰ ਲਿਆ ਅਤੇ ਇਹਨਾਂ ਸੌ ਯਗਾਂ ਦੇ ਕਰਨ ਵਿਚ ਕੋਈ ਵਿਘਨ ਨਹੀਂ ਪਿਆ। ਜੇਕਰ ਇਸੇ ਤਰ੍ਹਾਂ ਇਕ ਯੱਗ ਹੋਰ ਹੋ ਜਾਂਦਾ ਤਾਂ ਰਾਜਾ ਬਲਿ 'ਇੰਦਰ' ਹੋ ਜਾਂਦਾ। ਆਪਣੇ ਨਿਯਮ ਅਨੁਸਾਰ ਸੌ ਯੱਗ ਪੂਰਾ ਹੋ ਜਾਣ ਤੋਂ ਮਗਰੋਂ ਇਸ ਨੇ ਇਕੋਤਰ ਸੌਵਾਂ ਯੱਗ ਅਰੰਭ ਕਰ ਦਿੱਤਾ।

ਇਕ ਪੁਰਾਣ ਵਿਚ ਲਿਖਿਆ ਹੈ - ਬਹੱਤਰ ਚੌਕੜੀਆਂ ਯੁਗ ਇੰਦਰ ਦਾ ਰਾਜ ਹੁੰਦਾ ਹੈ। ਅਰਥਾਤ ਬਹੱਤਰ ਵੇਰੀ ਸਤਯੁਗ, ਤਰੇਤਾ, ਦੁਆਪਰ ਤੇ ਕਲਜੁਗ ਗੁਜ਼ਰ ਜਾਣ, ਤਦ ਇੰਦਰ ਦੇ ਰਾਜ ਪੂਰਾ ਹੋਣ ਦਾ ਸਮਾਂ ਗੁਜ਼ਰਦਾ ਹੈ। ਜਦੋਂ ਰਾਜਾ ਬਲਿ ਇਕੋਤਰ ਸੌਵਾਂ ਯੱਗ ਕਰ ਰਿਹਾ ਸੀ, ਉਸ ਵੇਲੇ ਅਜੇ ਇੰਦਰ ਨੇ ਪੰਤਾਲੀ ਕੁ ਚੌਕੜੀਆਂ ਯੁਗ ਤਕ ਰਾਜ ਕੀਤਾ ਸੀ। ਇਸ ਲਈ ਇੰਦਰ ਨੇ ਬ੍ਰਹਮਾ ਕੋਲ ਫਰਿਆਦ ਕੀਤੀ ਕਿ ਅਜੇ ਮੇਰੇ ਰਾਜ਼ ਦਾ ਸਮਾਂ ਪੂਰਾ ਵੀ ਨਹੀਂ ਹੋਇਆ ਤੇ ਇੰਦਰ ਪਦ ਨੂੰ ਰਾਜਾ ਬਲਿ ਮੈਥੋਂ ਖੋਣਾ ਚਾਹੁੰਦਾ ਹੈ। ਬ੍ਰਹਮਾਂ ਨੇ ਇੰਦਰ ਨੂੰ ਹੌਸਲਾ ਦਿੱਤਾ ਅਤੇ ਉਸ ਨੂੰ ਨਾਲ ਲੈ ਕੇ ਵਿਸ਼ਨੂੰ ਲੋਕ ਵਿਚ ਪੁਜਾ, ਉਥੇ ਜਾ ਕੇ ਇੰਦਰ ਦੇ ਦੁਖ ਦੀ ਵਾਰਤਾ ਸੁਣਾ ਕੇ ਉਸ ਦੀ ਸਹਾਇਤਾ ਲਈ ਪ੍ਰਾਰਥਨਾਂ ਕੀਤੀ, ਵਿਸ਼ਨੂੰ ਨੇ ਉਨ੍ਹਾਂ ਨੂੰ ਧੀਰਜ ਦੇ ਕੇ ਵਿਦਾ ਕੀਤਾ।

ਇਧਰ ਕੱਸ਼ਪ ਰਿਖੀ ਦੀ ਇਸਤਰੀ ਆਦਿਤੀ ਨੇ ਆਪਣੇ ਪੁਤਰ 'ਇੰਦਰ' ਦੇ ਦੁਖ ਨੂੰ ਅਨੁਭਵ ਕਰ ਕੇ ਨਿਰੰਕਾਰ ਦੇ ਚਰਨਾਂ ਵਿਚ ਮਨ ਜੋੜ ਕੇ ਪ੍ਰਾਰਥਨਾਂ ਕੀਤੀ ਤਾਂ ਵਿਸ਼ਨੂੰ ਨੇ ਉਸ ਦੇ ਪੇਟੋਂ ਹੀ 'ਬਾਵਨ' ਰੂਪ ਧਾਰ ਕੇ ਅਵਤਾਰ ਲਿਆ ਅਤੇ ਇੰਦਰ ਦੀ ਸਹਾਇਤਾ ਲਈ ਚਲ ਕੇ ਰਾਜਾ ਬਲਿ ਦੇ ਦੁਆਰ ਤੇ ਆਇਆ। ਬੂਹੇ ਵਿਚ ਖਲੋ ਕੇ ਚੌਹਾਂ ਵੇਦਾਂ ਦਾ ਪਾਠ ਵਿਧਿ ਪੂਰਬਕ ਕੀਤਾ। ਉਸਦੀ ਛੋਟੀ ਜਿਹੀ ਅਵਸਥਾ ਵੇਖ ਕੇ ਅਤੇ ਵੇਦਾਂ ਦਾ ਉਚਾਰਨ ਸੁਣ ਕੇ ਬਲਿ ਨੇ ਪ੍ਰਸੰਨ ਹੋ ਕੇ ਬਾਵਨ ਨੂੰ ਅੰਦਰ ਬੁਲਾਇਆ। ਚੰਦਨ ਦੀ ਚੌਂਕੀ ਤੇ ਬਿਠਾ ਕੇ, ਚਰਨ ਧੋਤੇ। ਆਰਤੀ ਉਤਾਰੀ, ਅਤੇ ਖੋੜਸੋਪਚਾਰ ਦਾ ਦੁਆਰਾ ਪੂਜਨ ਕਰਕੇ ਇਕ ਕ੍ਰੋੜ ਰੁਪਿਆ ਦੱਖਨਾ ਵਜੋਂ ਨਜ਼ਰ ਕੀਤਾ। ਬਾਵਨ ਨੇ ਕਿਹਾ, "ਰਾਜਨ ! ਮੇਰੇ ਇਹ ਕਿਸ ਕੰਮ ਹੈ, ਮੈਂ ਅਨਾਥ ਤੇਰੇ ਦਰ ਤੇ ਆਇਆ ਹਾਂ। ਤੂੰ ਕੁਝ ਦੇਣਾ ਚਾਹੁੰਦਾ ਹੈਂ ਤਾਂ ਢਾਈ ਕਦਮ ਧਰਤੀ ਦੇਹੁ, ਜਿਥੇ ਬੈਠ ਕੇ ਤੇਰੇ ਜਸ ਨੂੰ ਗਾਉਂਦਾ ਰਹਾਂ ਅਤੇ ਤੇਰੇ ਦਰ ਦਾ ਚੌਂਕੀਦਾਰ ਬਣਿਆ ਰਹਾਂ। ਇਹ ਵਾਰਤਾ ਸੁਣ ਕੇ ਰਾਜੇ ਬਲਿ ਨੇ ਕਿਹਾ ਬਹੁਤ ਹੱਛਾ, ਮੈਂ ਆਪ ਨੂੰ ਢਾਈ ਕਦਮ ਧਰਤੀ ਹੀ ਦਿੰਦਾ ਹਾਂ।"

ਰਾਜਾ ਬਲਿ ਦਾ ਪ੍ਰੋਹਤ ਸ਼ੁਕਰ ਸੀ ਅਤੇ ਇਹੋ ਹੀ ਮੰਤਰੀ ਸੀ। ਇਹ ਉਸ ਵੇਲੇ ਰਾਜੇ ਦੇ ਕੋਲ ਬੈਠਾ ਸੀ। ਇਸ ਨੇ ਕਿਹਾ, "ਰਾਜਨ! ਇਹ ਬਾਉਨਾ ਨਹੀਂ ਹੈ, ਇਹ ਵਿਸ਼ਨੂੰ ਹੈ ਅਤੇ ਤੇਰੇ ਜੱਗ ਵਿਚ ਵਿਘਨ ਕਰਨ ਲਈ ਆਇਆ ਹੈ। ਇਸ ਨੂੰ ਧਰਤੀ ਨਾ ਦੇਹ ਤੇਰੇ ਨਾਲ ਧੋਖਾ ਹੋ ਰਿਹਾ ਹੈ।"

ਸਾਰੇ ਦੈਂਤ ਉਸ ਦੀ ਗੱਲ ਸੁਣ ਕੇ ਰਾਜਾ ਬਲਿ ਸਣੇ ਹੱਸ ਪਏ ਅਤੇ ਕਹਿਣ ਲੱਗੇ- ਇਸ

ਦੇ ਪਿੰਡੇ ਤੇ ਸਹੇ ਜਿੰਨਾ ਮਾਸ ਨਹੀਂ, ਇਹ ਸਾਡੇ ਨਾਲ ਕੀ ਠੱਗੀ ਕਰ ਸਕਦਾ ਹੈ? ਪਰ ਸ਼ੁਕਰ ਨੇ ਫਿਰ ਕਿਹਾ ਮੈਂ ਤੈਨੂੰ ਕਹਿੰਦਾ ਹਾਂ ਇਸ ਦੀ ਠੱਗੀ ਵਿਚ ਨਾ ਆ ਜਾਵੀਂ। ਜਿਵੇਂ ਰਤਾ ਜਿੰਨੀ ਚਿੰਗਾਰੀ ਸੰਘਣੇ ਬਨ ਵਿਚ ਪੈ ਕੇ ਛਿਨ ਵਿਚ ਵੱਧ ਜਾਂਦੀ ਹੈ, ਇਸੇ ਤਰ੍ਹਾਂ ਇਹ ਵਧ ਜਾਏਗਾ। ਇਸ ਨੂੰ ਢਾਈ ਕਦਮ ਧਰਤੀ ਦਾ ਸੰਕਲਪ ਨਾ ਕਰ। ਪਰ ਰਾਜਾ ਬਲ ਨੇ ਕਿਹਾ - ਪ੍ਰੋਹਤ ਜੀ! ਅਜਿਹਾ ਸਮਾਂ ਫਿਰ ਨਹੀਂ ਮਿਲਣਾ। ਪਹਿਲੀ ਗੱਲ ਤਾਂ ਇਹ ਹੈ ਜੋ ਇਹ ਵਿਸ਼ਨੂੰ ਨਹੀਂ ਹੈ। ਭਲਾ ਇਹ ਵਿਸ਼ਨੂੰ ਹੀ ਹੈ ਤਾਂ ਮੈਨੂੰ ਹੋਰ ਸਾਰੇ ਸਮੇਂ ਮਿਲ ਸਕਦੇ ਹਨ, ਅਜਿਹਾ ਸਮਾਂ ਫਿਰ ਨਹੀਂ ਮਿਲਣਾ, ਜੋ ਵਿਸ਼ਨੂੰ ਮੰਗਤਾ ਹੋ ਕੇ ਮੇਰੇ ਦਰ ਤੇ ਆਵੇ। ਇਸ ਲਈ ਇਹ ਜੋ ਮੰਗਦਾ ਹੈ ਮੈਂ ਜ਼ਰੂਰ ਦੇਵਾਂਗਾ। ਇਹ ਕਹਿ ਕੇ ਅਤੇ ਨੌਕਰ ਕੋਲੋਂ ਗੰਗਾ ਸਾਗਰ ਲੈ ਕੇ ਸੰਕਲਪ ਕਰਾਉਣ ਲੱਗਾ। ਇਧਰ ਸ਼ੁੱਕਰ ਨੇ ਸੋਚਿਆ ਕਿ ਮੇਰਾ ਜਜਮਾਨ ਆਪਣੇ ਹਥੀਂ ਆਪਣਾ ਬੁਰਾ ਕਰਨ ਲੱਗਾ ਹੈ। ਮੇਰਾ ਫਰਜ਼ ਹੈ ਜੋ ਮੈਂ ਆਪਣੇ ਸਾਹਮਣੇ ਉਸ ਦਾ ਬੁਰਾ ਨਾ ਹੋਣ ਦੇਵਾਂ। ਇਹ ਸੋਚ ਕੇ ਝਟ ਜਾਲੇ ਦਾ ਰੂਪ ਧਾਰ ਕੇ ਗੰਗਾ ਸਾਗਰ ਦੀ ਟੂਟੀ ਵਿਚ ਵੜ ਬੈਠਾ, ਅਤੇ ਪਾਣੀ ਬਾਹਰ ਆਉਣ ਤੋਂ ਰੋਕ ਲਿਆ। ਜਦ ਟੂਟੀ ਵਿਚੋਂ ਪਾਣੀ ਨਾ ਡਿੱਗਾ ਤਾਂ ਬਾਵਨ ਜੀ ਨੇ ਸੋਚਿਆ, ਪਾਣੀ ਨਹੀਂ ਡਿੱਗਾ, ਇਸ ਵਿਚ ਕਾਰਨ ਕੇਵਲ ਸ਼ੁੱਕਰ ਦੀ ਕੂਟਲਨੀਤੀ ਹੈ, ਇਸ ਲਈ ਇਸ ਨੂੰ ਕਾਣਾ ਕਰ ਦੇਣਾ ਚਾਹੀਦਾ ਹੈ, ਅਜਿਹਾ ਨਿਸਚਾ ਕਰਕੇ,ਆਪ ਜੀ ਨੇ ਰਾਜਾ ਬਲਿ ਨੂੰ ਉਪਦੇਸ਼ ਦਿੱਤਾ ਕਿ ਤੀਲਾ ਲੈ ਕੇ ਟੂਟੀ ਵਿਚ ਫੇਰੋ। ਪੰਡਿਤ ਜੀ ਦੇ ਕਹੇ ਲੱਗ ਕੇ ਰਾਜਾ ਬਲਿ ਨੇ ਤੀਲਾ ਲੈ ਕੇ ਟੂਟੀ ਵਿਚ ਫੇਰਿਆ ਜਿਸ ਨਾਲ ਸ਼ੁਕਰ ਦੀ ਇਕ ਅੱਖ ਨਿਕਲ ਗਈ। ਭਾਵੇਂ ਸ਼ੁਕਰ ਦੀ ਇਕ ਅੱਖ ਮਾਰੀ ਗਈ, ਪਰ ਉਸ ਨੇ ਫਿਰ ਵੀ 'ਪਰਾਏ ਹਿਤ' ਦਾ ਤਿਆਗ ਨਹੀਂ ਕੀਤਾ। ਉਸ ਨੇ 'ਗੜਵੇ' ਦਾ ਪਾਣੀ ਫਿਰ ਵੀ ਨਹੀਂ ਆਉਣ ਦਿੱਤਾ, ਉਸ ਦੀ ਅੱਖ ਤੋਂ ਜਿਹੜਾ ਪਾਣੀ ਨਿਕਲਿਆ ਸੀ, ਬਾਵਨ ਜੀ ਨੇ ਉਸੇ ਜਲ ਨਾਲ ਧਰਤੀ ਸਕੰਲਪ ਕਰਾ ਲਈ।

ਸੰਕਲਪ ਹੋ ਗਿਆ, ਹੁਣ ਧਰਤੀ ਮਿਣਨ ਦਾ ਵੇਲਾ ਆਇਆ। ਬਾਵਨ ਜੀ ਨੇ ਆਪਣੀ ਦੇਹ ਏਡੀ ਵਧਾ ਲਈ ਕਿ ਪਹਿਲਾ ਕਦਮ ਪਤਾਲ ਤੇ ਦੂਜਾ ਕਦਮ ਬ੍ਰਹਮ ਲੋਕ ਵਿਚ ਪੁੱਜਾ। ਤਿੰਨੇ ਲੋਕ ਦੋ ਕਦਮਾਂ ਵਿਚ ਮਿਣੇ ਗਏ। ਹੁਣ ਹੋਰ ਧਰਤੀ ਨਹੀਂ, ਅੱਧਾ ਕਦਮ ਕਿਥੋਂ ਦਿੱਤਾ ਜਾਵੇ। ਫਿਰ ਰਾਜਾ ਹੈਰਾਨ ਹੋ ਕੇ ਸੋਚਣ ਲੱਗ ਕਿ ਜੋ ਕੁਝ ਸ਼ੁੱਕਰ ਕਹਿੰਦਾ ਸੀ, ਉਹੀ ਹੋਇਆ। ਉਧਰ ਸਾਰੇ ਦੈਂਤ ਹੈਰਾਨ ਖੜੇ ਸਨ, ਕਿ ਅਸਲ ਕੀ ਸੀ ਅਤੇ ਹੋ ਕੀ ਗਿਆ ਹੈ?

ਏਨੇ ਵਿਚ ਬਾਵਨ ਨੇ ਕਿਹਾ, "ਰਾਜਨ! ਤੂੰ ਢਾਈ ਕਰਮਾਂ ਧਰਤੀ ਦਾਨ ਕੀਤੀ ਹੈ, ਤੇ ਧਰਤੀ ਮਿਣਨ ਤੇ ਦੋ ਕਰਮਾਂ ਹੋਈ ਹੈ, ਇਸ ਲਈ ਜਾਂ ਤਾਂ ਅੱਧਾ ਕਰਮ ਧਰਤੀ ਹੋਰ ਦੇਹ, ਜਾਂ ਦਿੱਤਾ ਦਾਨ ਮੋੜ ਲੈ।

ਇਹ ਸੁਣ ਕੇ ਰਾਜੇ ਨੇ ਕਿਹਾ, "ਪੰਡਿਤ ਜੀ! ਧਰਮ ਵੱਡਾ ਹੈ ਜਾਂ ਧਰਮੀ?

ਬਾਵਨ ਨੇ ਕਿਹਾ ਧਰਮ ਨਾਲੋਂ ਧਰਮੀ ਵੱਡਾ ਹੈ, ਜਿਸ ਦੇ ਆਸਰੇ ਧਰਮ ਟਿਕਦਾ ਹੈ।

ਇਹ ਸੁਣਦਿਆਂ ਹੀ ਰਾਜੇ ਬਲਿ ਨੇ ਕਿਹਾ ਮੈਂ ਢਾਈ ਕਰਮ ਧਰਤੀ ਦੇਣ ਦਾ ਧਰਮ ਕੀਤਾ ਸੀ, ਜੋ ਧਰਤੀ ਪੂਰੀ ਨਹੀਂ ਹੋਈ, ਬਾਕੀ ਅੱਧੇ ਕਰਮ ਲਈ ਮੇਰਾ ਸਰੀਰ ਹਾਜ਼ਰ ਹੈ, ਇਸ ਨੂੰ ਮਿਣ

ਲਵੋ।''

ਇਹ ਕਹਿ ਕੇ ਆਪ ਜ਼ਿਮੀਂ ਤੇ ਲੰਮਾ ਪੈ ਗਿਆ ਅਤੇ ਬਾਵਨ ਭਗਵਾਨ ਨੇ ਉਸ ਦੀ ਛਾਤੀ ਤੇ ਪੈਰ ਰਖ ਕੇ ਉਸ ਨੂੰ ਪਤਾਲ ਭੇਜ ਕੇ ਉਥੋਂ ਦਾ ਰਾਜ ਪਦ ਬਖਸ਼ ਦਿੱਤਾ। ਹੁਣ ਜਦ ਬਾਵਨ ਪੈਰ ਚੁਕਣ ਲੱਗਾ ਤਾਂ ਰਾਜੇ ਬਲਿ ਨੇ ਪੈਰ ਫੜ ਕੇ ਕਿਹਾ, ''ਆਪ ਨੇ ਕਿਹਾ ਸੀ ਕਿ ਮੈਂ ਕੁਟੀਆ ਬਣਾ ਕੇ ਤੇਰੇ ਦਰ ਤੇ ਰਹਾਂਗਾ। ਹੁਣ ਆਪ ਜਾਂਦੇ ਕਿਥੇ ਹੋ ?'' ਜੋ ਬਲਿ ਨੂੰ ਛਲਣ ਆਇਆ ਸੀ ਉਹ ਆਪ ਛਲਿਆ ਗਿਆ. ਹੁਣ ਵਿਸ਼ਨੂੰ ਨੂੰ ਸਾਰੀ ਉਮਰਾ ਭਰ ਲਈ ਚੌਕੀਦਾਰ ਹੋ ਕੇ ਰਹਿਣਾ ਪੈ ਗਿਆ। ਆਪ ਚੌਂਕੀਦਾਰ ਹੋ ਕੇ ਉਸ ਦੇ ਦਰ ਤੇ ਬੈਠ ਗਏ ਅਤੇ ਅਜ ਤਕ ਉਥੇ ਬੈਠੇ ਹੋਏ ਹਨ, ਯਥਾ:- ''ਕਹਿ ਕਬੀਰ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰਿ ਖਰਿਓ॥''

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ 'ਬਾਵਨ' ਅਵਤਾਰ ਅਸ਼ਟਮੋ ਕਥਨੰ ਬਲਿ ਛਲਨ ਸਮਾਪਤਮ॥ ਸਤੁ ਸੁਭਮ ਸਤ॥੮॥੨੭॥੧੭੦॥ ਅਫ਼ਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਅੱਠਵਾਂ ਅਵਤਾਰ 'ਬਾਵਨ' ਰਾਜਾ ਬੱਲ ਨੂੰ ਛੱਲਣਾ, ਸਮਾਪਤ॥ ਸਤ ਸ਼ੁਭਮ ਸਤ॥੮॥੨੭॥੧੭੦॥ ਚਲਦਾ॥

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਨੌਵਾਂ ਅਵਤਾਰ 'ਪਰਸ ਰਾਮ'

**ਚੌਪਈ॥ ਪੁਨ ਕੇਤਕ ਦਿਨ ਭਏ ਬਿਤੀਤਾ॥ ਛੱਤ੍ਰਨਿ ਸਕਲ ਧਰਾ ਕੱਹ ਜੀਤਾ॥**
**ਅਧਿਕ ਜਗਤ ਸਹਿ ਊਚ ਜਨਾਯੋ॥ ਬਾਸਵ ਬਲਿ ਕਹੂੰ ਲੈਨ ਨ ਪਾਯੋ॥੧॥**

ਕਈ ਦਿਨ ਬੀਤ ਗਏ। ਖੱਤਰੀਆਂ ਨੇ ਸਾਰੀ ਧਰਤੀ ਨੂੰ ਜਿਤ ਲਿਆ। ਖੱਤਰੀਆਂ ਨੇ ਆਪਣੇ ਆਪ ਨੂੰ ਜਗਤ ਵਿਚ ਸਭ ਤੋਂ ਵੱਡਾ ਅਖਵਾਇਆ ਅਤੇ ਇੰਦਰ ਕਿਸੇ ਥਾਂ ਤੋਂ ਵੀ ਬਲੀ ਨਹੀਂ ਲੈ ਸਕਦਾ ਸੀ॥੧॥

**ਬਿਆਕਲ ਸਕਲ ਦੇਵਤਾ ਭਏ॥ ਮਿਲਿ ਕਰਿ ਬਾਸਵ ਪੈ ਗਏ॥**
**ਛੱਤ੍ਰੀ ਰੂਪ ਧਰੇ ਸਭੁ ਅਸੁਰਨ॥ ਆਵਤ ਕਹਾ ਭੂਪ ਤੁਮਰੇ ਮਨ॥੨॥**

ਸਾਰੇ ਦੇਵਤੇ ਵਿਆਕੁਲ ਹੋ ਗਏ, ਸਾਰੇ ਇਕੱਠੇ ਹੋ ਕੇ ਇੰਦਰ ਦੇ ਕੋਲ ਗਏ ਅਤੇ ਕਹਿਣ ਲੱਗੇ, "ਹੇ ਰਾਜਨ! ਸਾਰੇ ਦੈਂਤਾਂ ਨੇ ਖੱਤਰੀਆਂ ਦਾ ਰੂਪ ਧਰ ਲਿਆ ਹੈ, ਤੁਹਾਡੇ ਮਨ ਵਿਚ ਕੀ ਵਿਚਾਰ ਆ ਰਿਹਾ ਹੈ?॥੨॥

**ਚੌਪਈ॥ ਸਭ ਦੇਵਨ ਮਿਲਿ ਕਰਜੋ ਬਿਚਾਰਾ॥ ਛੀਰ ਸਮੁੰਦ੍ਰ ਕਹੁ ਚਲੇ ਸੁਧਾਰਾ॥**
**ਕਾਲ ਪੁਰਖ ਕੀ ਕਰੀ ਬਡਾਈ॥ ਇਮ ਆਗਿਆ ਤਹਤੇ ਤਿਨ ਆਈ॥੩॥**

ਸਾਰੇ ਦੇਵਤਿਆਂ ਨੇ ਮਿਲ ਕੇ ਵਿਚਾਰ ਕੀਤੀ, ਕਿ ਖੀਰ ਸਮੁੰਦਰ ਪਾਸ ਜਾਈਏ, ਝਟ ਉਥੇ ਚਲੇ ਗਏ ਅਤੇ ਜਾ ਕੇ ਅਕਾਲ ਪੁਰਖ ਦੀ ਵਡਿਆਈ ਕੀਤੀ, ਉਥੋਂ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਹੁਕਮ ਆਇਆ॥੩॥

**ਦਿਜ ਜਮਦਗਨ ਜਗਤ ਮੋ ਸੋਹਤ॥ ਨਿਤ ਉਠਿ ਕਰਤ ਅਘਨ ਓਘਨ ਹਤ॥**
**ਤਹ ਤੁਮ ਧਰੋ ਬਿਸ਼ਨ ਅਵਤਾਰਾ॥ ਹਨਹੁ ਸ਼ੱਕ੍ਰ ਕੇ ਸ਼ੱਤ੍ਰ ਸੁਧਾਰਾ॥੪॥**

'ਜਮ ਦਗਨਿ' ਮੁਨੀ ਜਗਤ ਵਿਚ ਸੋਭਦਾ ਹੈ, ਜੋ ਹਰ ਰੋਜ਼ ਸਵੇਰੇ ਉਠ ਕੇ ਭਜਨ ਸਿਮਰਨ ਕਰਕੇ ਸਾਰੇ ਹੀ ਪਾਪਾਂ ਨੂੰ ਨਾਸ ਕਰਦਾ ਹੈ। ਹੇ ਵਿਸ਼ਨੂੰ! ਤੁਸੀਂ ਉਸ ਦੇ ਘਰ ਜਾ ਕੇ ਅਵਤਾਰ ਧਾਰੋ, ਅਤੇ ਇੰਦਰ ਦੇ ਵੈਰੀਆਂ ਦਾ ਚੁਣ ਚੁਣ ਕੇ ਨਾਸ ਕਰੋ॥੪॥

## ਭੁਜੰਗ ਪ੍ਰਯਾਤ ਛੰਦ ॥

**ਜਯੋ ਜਾਮਦਗਨੰ ਦਿਜੰ ਆਵਤਾਰੀ॥ ਭਯੋ ਰੇਣਕਾ ਤੇ ਕਵਾਚੀ ਕੁਠਾਰੀ॥**
**ਧਰਜੋ ਛਤ੍ਰੀਯਾਪਾਤ ਕੋ ਕਾਲ ਰੂਪੰ॥ ਹਨਜੋ ਜਾਇ ਜਉਨੇ ਸਹੰ ਸ਼ਾਸਤ੍ਰ ਭੂਪੰ॥ ੫॥**

ਬ੍ਰਾਹਮਣ ਜਮਦਗਨਿ ਦੇ ਘਰ ਅਵਤਾਰੀ ਪੁਰਖ ਪੈਦਾ ਹੋਇਆ, ਜੋ ਰੇਣਕਾ ਦੇ ਪੇਟੋਂ ਕਵਚ ਧਾਰੀ ਅਤੇ ਕੁਹਾੜਾ ਧਾਰਨ ਵਾਲਾ ਹੋਇਆ ਸੀ। ਇਉਂ ਜਾਣੋਂ ਕਿ ਖੱਤਰੀਆਂ ਦੇ ਨਾਸ ਕਰਨ ਨੂੰ ਕਾਲ ਨੇ ਹੀ ਰੂਪ ਧਾਰਿਆ ਸੀ, ਜਿਸਨੇ ਜਾ ਕੇ ਸਹਸ੍ਰ ਬਾਹੂ ਰਾਜੇ ਨੂੰ ਮਾਰਿਆ ਸੀ॥ ੫॥

**ਭੁਜੰਗ॥ ਕਹਾ ਗੰਮ ਏਤੀ ਕਥਾ ਸਰਬ ਭਾਖਉ॥ ਕਥਾ ਬ੍ਰਿੱਧ ਤੇ ਥੋਰੀਐ ਬਾਤ ਰਾਖਉ॥**
**ਭਰੇ ਗਰਬ ਛੱਤ੍ਰੀ ਨਰੇਸ਼ੰ ਅਪਾਰੰ॥ ਤਿਨੈ ਨਾਸ ਕੋ ਪਾਣ ਧਾਰਜੋ ਕੁਠਾਰੰ॥ ੬॥**

ਸਾਰੀ ਕਥਾ ਵਿਸਥਾਰ ਵਿਚ ਪੇਸ਼ ਕਰਨ ਦੀ ਮੇਰੇ ਵਿਚ ਪਹੁੰਚ ਨਹੀਂ ਹੈ ਕਿਉਂਕਿ ਜੇ ਸਾਰੀ ਕਥਾ ਕਹਾਂ ਤਾਂ ਕਥਾ ਵੱਧ ਜਾਏਗੀ, ਇਸ ਲਈ ਥੋੜ੍ਹੀ ਗੱਲ ਦੱਸਦਾ ਹਾਂ। ਬੇਅੰਤ ਖੱਤਰੀ ਰਾਜੇ ਹੰਕਾਰ ਨਾਲ ਭਰੇ ਹੋਏ ਸਨ, ਉਨ੍ਹਾਂ ਨੂੰ ਨਾਸ ਕਰਨ ਲਈ ਪਰਸ ਰਾਮ ਨੇ ਹੱਥ ਵਿਚ ਕੁਹਾੜਾ ਫੜਿਆ ਸੀ॥ ੬॥

**ਭੁਜੰਗ॥ ਹੁਤੀ ਨੰਦਨੀ ਸਿੰਧ ਜਾਕੀ ਸੁਪੁੱਤ੍ਰੀ॥ ਤਿਸੈ ਮਾਂਗ ਹਾਰਜੋ ਸਹੰਸਾਸਤ੍ਰ ਛੱਤ੍ਰੀ॥**
**ਲੀਯੋ ਛੀਨ ਗਾਯੰ ਹਤਜੋ ਰਾਮ ਤਾਤੰ॥ ਤਿਸੀ ਬੈਰ ਕੀਨੇ ਸਭੈ ਭੂਪ ਪਾਤੰ॥ ੭॥**

ਲੜਾਈ ਦਾ ਮੁੱਢ ਇਹ ਹੈ ਕਿ ਸਮੁੰਦਰ ਦੀ ਪੁੱਤਰੀ ਨੰਦਨੀ ਭਾਵ ਕਾਮਧੇਨ ਗਾਂ ਜਮਦਗਨਿ ਦੀ ਪੁੱਤਰੀ ਵਰਗੀ ਸੀ। ਸਹੰਸਰ ਬਾਹੂ ਉਸ ਗਊ ਨੂੰ ਜਮਦਗਨਿ ਪਾਸੋਂ ਮੰਗਦਾ ਸੀ, ਫਿਰ ਉਸ ਨੂੰ ਲੈਣ ਲਈ ਲੜਾਈ ਕੀਤੀ ਤਾਂ ਹਾਰ ਗਿਆ ਅਤੇ ਉਸ ਨੇ ਮੌਕਾ ਪਾ ਕੇ ਗਊ ਖੋਹ ਲਈ ਤੇ ਪਰਸਰਾਮ ਦੇ ਪਿਓ ਜਮਦਗਨਿ ਨੂੰ ਮਾਰ ਦਿੱਤਾ। ਉਸੇ ਵੈਰ ਕਰ ਕੇ ਪਰਸਰਾਮ ਨੇ ਸਾਰੇ ਰਾਜਿਆਂ ਦਾ ਇੱਕੀ ਵਾਰ ਨਾਸ ਕੀਤਾ ਸੀ।

**ਭੁਜੰਗ॥ ਗਈ ਬਾਲ ਤਾਤੇ ਲੀਯੋ ਸੋਧ ਤਾਕੋ॥ ਹਨਜੋ ਤਾਤ ਮੇਰੋ ਕਹੋ ਨਾਮੁ ਵਾਕੋ॥**
**ਸਹੰਸਾਸਤ੍ਰ ਭੂਪੰ ਸੁਣਜੋ ਸ੍ਰਉਣ ਨਾਮੰ॥ ਗਹੇ ਸ਼ਸਤ੍ਰ ਅਸਤ੍ਰੰ ਚਲਜੋ ਤਉਨ ਠਾਮੰ॥ ੮॥**

ਜਮਦਗਨਿ ਦੀ ਇਸਤਰੀ ਰੇਨਕਾ ਜੰਗਲ ਵਿਚ ਗਈ ਅਤੇ ਉਸ ਨੇ ਆਪਣੇ ਪੁੱਤਰ ਨੂੰ ਲੱਭ ਲਿਆ। ਸਾਰੀ ਗੱਲ ਉਸ ਨੂੰ ਸੁਣਾਈ ਤਾਂ ਪਰਸਰਾਮ ਨੇ ਮਾਂ ਨੂੰ ਪੁਛਿਆ, ਜਿਸ ਨੇ ਮੇਰੇ ਪਿਤਾ ਨੂੰ ਮਾਰਿਆ ਹੈ, ਉਸ ਦਾ ਨਾਮ ਮੈਨੂੰ ਦੱਸ। ਰੇਨਕਾ ਨੇ ਉੱਤਰ ਦਿੱਤਾ ਕਿ ਹਜ਼ਾਰ ਬਾਹਾਂ ਵਾਲੇ ਕਾਰਤਿਕ ਬੀਰਜ ਅਰਜਨ ਨੇ ਤੇਰਾ ਪਿਤਾ ਮਾਰਿਆ ਹੈ। ਜਦੋਂ ਪਰਸਰਾਮ ਨੇ ਸਹਸ੍ਰ ਬਾਹੂ ਰਾਜੇ ਦਾ ਨਾਮ ਕੰਨੀ ਸੁਣਿਆ ਤਾਂ ਸ਼ਸਤਰ ਅਸਤਰ ਫੜ ਕੇ ਉਸਦੇ ਟਿਕਾਣੇ ਤੇ ਗਿਆ॥ ੮॥

ਭੁਜੰਗ॥ ਕਹੋ ਰਾਜ ਮੇਰੋ ਹਨਜੋ ਤਾਤ ਕੈਸੇ॥ ਅਬੈ ਜੁੱਧੁ ਜੀਤੋ ਹਨੋ ਤੋਹਿ ਤੈਸੇ॥
ਕਹਾ ਮੂੜ ਬੈਠੇ ਸੁ ਅਸਤ੍ਰੰ ਸੰਭਾਰੋ॥ ਚਲੋ ਭਾਜ ਨਾ ਤੋ ਸਭੈ ਸ਼ਸਤ੍ਰ ਡਾਰੋ॥ ੯॥

ਦੱਸੋ, ਹੇ ਰਾਜਨ! ਤੁਸਾਂ ਮੇਰੇ ਪਿਉ ਨੂੰ ਕਿਉਂ ਮਾਰਿਆ ਹੈ? ਹੁਣੇ ਹੀ ਮੈਂ ਤੈਨੂੰ ਜੰਗ ਵਿਚ ਜਿਤਾਂਗਾ ਅਤੇ ਉਸੇ ਤਰ੍ਹਾਂ ਮਾਰਾਂਗਾ। ਓ ਮੂਰਖ! ਹੁਣ ਕਿਉਂ ਬੈਠਾ ਹੈਂ? ਅਸਤਰ ਸ਼ਸਤਰ ਫੜ, ਨਹੀਂ ਤਾਂ ਸਾਰੇ ਸ਼ਸਤਰ ਸੁੱਟ ਕੇ ਭੱਜ ਜਾਹ॥੯॥

ਭੁਜੰਗ॥ ਸੁਣੇ ਬੋਲ ਬੰਕੇ ਭਰਜੋ ਭੂਪ ਕੋਪੰ॥ ਉਠਜੋ ਰਾਜ ਸਰਦੂਲ ਲੈ ਪਾਣ ਧੋਪੰ॥
ਹਠਜੋ ਖੇਤ ਖੂਨੀ ਦਿਜੰ ਖੇਤ੍ਰ ਹਾਯੋ॥ ਚਹੇ ਆਜ ਹੀ ਜੁੱਧ ਮੋ ਸੋ ਮਚਾਯੋ॥ ੧੦॥

ਚੁੱਭਵੇਂ ਬਚਨ ਸੁਣੇ ਤਾਂ ਰਾਜਾ ਕ੍ਰੋਧ ਨਾਲ ਭਰ ਗਿਆ। ਸ਼ੇਰ ਰੂਪ ਰਾਜਾ ਹੱਥ 'ਚ ਸਿਧੀ ਤਲਵਾਰ ਲੈ ਕੇ ਖੜਾ ਹੋਇਆ ਅਤੇ ਕਹਿਣ ਲੱਗਾ-ਹੇ ਜੰਗ ਦੇ ਹਠੀਓ! ਮੈਂ ਹੁਣੇ ਹੀ ਜੰਗ ਕਰਕੇ ਇਸ ਖੂਨੀ ਬ੍ਰਾਹਮਣ ਨੂੰ ਮਾਰਦਾ ਹਾਂ, ਜੋ ਮੇਰੇ ਨਾਲ ਅੱਜ ਜੁੱਧ ਮੰਚਾਉਣਾਂ ਚਾਹੁੰਦਾ ਹੈ॥੧੦॥

ਭੁਜੰਗ॥ ਧਏ ਸੂਰ ਸਰਬੰ ਸੁਨੇ ਬੈਨ ਰਾਜੰ॥ ਚੜਯੋ ਕ੍ਰੂਧ ਜੁੱਧੰ ਸੂਜੇ ਸਰਬ ਸਾਜੰ॥
ਗਦਾ ਸੈਹਥੀ ਸੂਲ ਸੇਲੰ ਸੰਭਾਰੀ॥ ਚਲੇ ਜੁੱਧ ਕਾਜੰ ਬਡੇ ਛੱਤ੍ਰ ਧਾਰੀ॥ ੧੧॥

ਰਾਜੇ ਦੇ ਜਦੋਂ ਬਚਨ ਸੁਣੇ ਤਾਂ ਸਾਰੇ ਸੂਰਮੇ ਤੁਰ ਪਏ। ਜੁੱਧ ਦੇ ਸਾਰੇ ਸਾਜ ਸਜਾ ਕੇ ਕ੍ਰੋਧ ਨਾਲ ਚੜ੍ਹ ਪਏ। ਕਿਸੇ ਗਦਾ, ਕਿਸੇ ਸੈਹਥੀ, ਕਿਸੇ ਸੂਲ ਤੇ ਕਿਸੇ ਨੇਜ਼ਾ ਫੜ ਲਿਆ। ਵੱਡੇ ਵੱਡੇ ਛੱਤਰ ਧਾਰੀ ਇਸ ਤਰ੍ਹਾਂ ਨਾਲ ਸ਼ਸਤਰ ਬੱਧ ਹੋ ਕੇ ਜੰਗ ਕਰਨ ਲਈ ਤੁਰ ਪਏ॥੧੧॥

ਨਰਾਜ ਛੰਦ॥ ਕ੍ਰਿਪਾਣ ਪਾਣ ਧਾਰਿ ਕੈ॥ ਚਲੇ ਬਲੀ ਪੁਕਾਰਿ ਕੈ॥
ਸੁ ਮਾਰਿ ਮਾਰਿ ਭਾਖਹੀ॥ ਸਰੋਘ ਸ੍ਰੋਣ ਚਾਖਹੀ॥ ੧੨॥

ਤਲਵਾਰ ਹੱਥ ਵਿਚ ਫੜ ਕੇ, ਸੂਰਮੇ ਲਲਕਾਰਦੇ ਹੋਏ ਤੁਰੇ ਜਾਂਦੇ ਸਨ। ਉਹ ਮਾਰੋ ਮਾਰੋ ਬੋਲਦੇ ਸਨ ਅਤੇ ਉਨ੍ਹਾਂ ਦੇ ਚਲਾਏ ਹੋਏ ਸਾਰੇ ਤੀਰ ਵੈਰੀ ਦਾ ਲਹੂ ਚੱਖਦੇ ਸਨ॥੧੨॥

ਨਰਾਜ ਛੰਦ॥ ਸੰਜੋਇ ਸੈਹਥੀਨ ਲੈ॥ ਚੜੇ ਸੁ ਬੀਰ ਰੋਸ ਕੈ॥
ਚਟਾਕ ਚਾਬਕੰ ਉਠੇ॥ ਸਹੰਸ੍ਰ ਸਾਇਕੰ ਬੁਠੇ॥ ੧੩॥

ਸੰਜੋਆਂ ਸਰੀਰਾਂ ਉੱਤੇ ਪਹਿਨਕੇ, ਹੱਥਾਂ ਵਿਚ ਸੈਹਥੀਆਂ ਲੈ ਕੇ, ਸੂਰਮੇ ਬੜੇ ਰੋਹ ਨਾਲ ਚੜ੍ਹੇ ਸਨ। ਬਾਂਕੇ ਜਵਾਨ ਝਟ ਪਟ ਖੜੇ ਹੋ ਕੇ, ਹਜ਼ਾਰਾਂ ਤੀਰ ਮੀਂਹ ਵਾਂਗੂੰ ਵਰਸਾਉਂਦੇ ਸਨ॥੧੩॥

## ਰਸਾਵਲ ਛੰਦ ॥

**ਭਏ ਏਕ ਠਉਰੇ ॥ ਸਭੈ ਸੂਰ ਦਉਰੇ ॥ ਲਯੋ ਘੇਰ ਰਾਮੰ ॥ ਘਟਾ ਸੂਰ ਸਜਾਮੰ ॥ ੧੪ ॥**

ਸਾਰੇ ਸੂਰਮੇ ਇਕ ਜਗ੍ਹਾ ਤੇ ਇਕੱਠੇ ਹੋ ਗਏ ਅਤੇ ਉਨ੍ਹਾਂ ਸੂਰਮਿਆਂ ਨੇ ਪਰਸਰਾਮ ਨੂੰ ਭੱਜ ਕੇ ਘੇਰ ਲਿਆ, ਜਿਵੇਂ ਕਾਲੀਆਂ ਘਟਾ ਸੂਰਜ ਨੂੰ ਢੱਕ ਲੈਂਦੀਆਂ ਹਨ ॥ ੧੪ ॥

**ਕਮਾਣੰ ਕੜਕੇ ॥ ਭਏ ਨਾਦ ਬੰਕੇ ॥ ਘਟਾ ਜਾਣਿ ਸਜਾਹੰ ॥ ਚੜਿਓ ਤਿਉ ਸਿਪਾਹੰ ॥ ੧੫ ॥**

ਕਮਾਣਾਂ ਕੜਕਦੀਆਂ ਤੇ ਭਿਆਨਕ ਨਾਦ ਹੁੰਦੇ ਸਨ, ਜਿਵੇਂ ਕਾਲੀਆਂ ਘਟਾਂ ਚੜ੍ਹਦੀਆਂ ਹਨ ਤਿਵੇਂ ਸਿਪਾਹੀ ਚੜ੍ਹੇ ਸਨ ॥ ੧੫ ॥

**ਭਏ ਨਾਦ ਬੰਕੇ ॥ ਸੁ ਸੇਲੰ ਧਮੰਕੇ ॥ ਗਜਾ ਜੂਹ ਗੱਜੇ ॥ ਸੁਭੰ ਸੰਜ ਸੱਜੇ ॥ ੧੬ ॥**

ਬੜੇ ਡਰਾਉਣੇ ਸ਼ਬਦ ਹੁੰਦੇ ਸਨ, ਨੇਜਿਆਂ ਦੀ ਧਮਕ ਪੈਂਦੀ ਸੀ। ਹਾਥੀਆਂ ਦਾ ਝੁੰਡ ਗੱਜਦਾ ਸੀ ਜਿਨ੍ਹਾਂ ਤੇ ਸੁੰਦਰ ਸੰਜੋਆਂ ਸਜੀਆਂ ਹੋਈਆਂ ਸਨ ॥ ੧੬ ॥

**ਚਹੂੰ ਓਰ ਢੂਕੇ ॥ ਗਜੰ ਜੂਹ ਝੂਕੇ ॥ ਸਰੰ ਬਜੂਹ ਛੂਟੇ ॥ ਰਿਪੰ ਸੀਸ ਫੂਟੇ ॥ ੧੭ ॥**

ਸੂਰਮੇ ਚੌਹਾਂ ਪਾਸਿਆਂ ਤੋਂ ਵੱਧਦੇ ਸਨ ਅਤੇ ਹਾਥੀਆਂ ਦੇ ਝੁੰਡ ਨੂੰ ਅੱਗੇ ਝੋਕਦੇ ਸਨ। ਝੁੰਡਾਂ ਦੇ ਝੁੰਡ ਤੀਰ ਛੁੱਟਦੇ ਸਨ। ਵੈਰੀਆਂ ਦੇ ਸਿਰ ਫੁੱਟ ਰਹੇ ਸਨ ॥ ੧੭ ॥

**ਉਠੇ ਨਾਦ ਭਾਰੀ ॥ ਰਿਸੇ ਛੱਤ੍ਰ ਧਾਰੀ ॥ ਘਿਰਯੋ ਰਾਮ ਸੈਨੰ ॥ ਸ਼ਿਵੰ ਜੇਮ ਮੈਨੰ ॥ ੧੮ ॥**

ਭਾਰੀ ਖੜਾਕ ਉਠਦੇ ਸਨ, ਕ੍ਰੋਧ ਨਾਲ ਛੱਤਰਧਾਰੀ ਭਰੇ ਹੋਏ ਸਨ, ਸੈਨਾ ਨੇ ਪਰਸਰਾਮ ਨੂੰ ਇਉਂ ਘੇਰ ਲਿਆ, ਸ਼ਿਵਜੀ ਨੂੰ ਜਿਵੇਂ ਕਾਮ ਨੇ ਘੇਰ ਲਿਆ ਸੀ ॥ ੧੮ ॥

**ਰਣੰ ਰੰਗ ਰੱਤੇ ॥ ਤ੍ਰਸੇ ਤੇਜ ਤੱਤੇ ॥ ਉਠੀ ਸੈਣ ਧੂਰੰ ॥ ਰਹਯੋ ਗੈਣ ਪੂਰੰ ॥ ੧੯ ॥**

ਸਾਰੇ ਸੂਰਮੇ ਜੁੱਧ ਦੇ ਰੰਗ ਵਿਚ ਰੱਤੇ ਹੋਏ ਸਨ। ਕਈ ਡਰੇ ਹੋਏ ਅਤੇ ਕਈ ਕ੍ਰੋਧ ਨਾਲ ਲਾਲੋ ਲਾਲ ਸਨ। ਸੈਨਾ ਦੇ ਪੈਰਾਂ ਨਾਲ ਜੋ ਧੂੜੀ ਉੱਡੀ ਸੀ ਉਸ ਨੇ ਅਕਾਸ਼ ਨੂੰ ਢੱਕ ਲਿਆ ਸੀ ॥ ੧੯ ॥

**ਘਣੇ ਢੋਲ ਬੱਜੇ ॥ ਮਹਾਂ ਬੀਰ ਗੱਜੇ ॥ ਮਨੋ ਸਿੰਘ ਛੁੱਟੇ ॥ ਇਮੰ ਬੀਰ ਜੁੱਟੇ ॥ ੨੦ ॥**

ਛੋਟੇ ਵੱਡੇ ਤੰਬੂਰੇ ਤੇ ਢੋਲ ਵਜਦੇ ਸਨ, ਬਹਾਦਰ ਯੋਧੇ ਲਲਕਾਰਦੇ ਸਨ। ਇਸ ਤਰ੍ਹਾਂ ਜਾਪਦਾ ਸੀ ਮਾਨੋ ਬੱਧੇ ਹੋਏ ਸ਼ੇਰ ਛੁੱਟ ਗਏ ਸਨ, ਅਤੇ ਆਪੋ ਵਿਚ ਲੜ ਰਹੇ ਸਨ, ਇਸੇ ਤਰ੍ਹਾਂ ਸੂਰਮੇ ਆਪੋ ਵਿਚ ਜੁੱਟੇ ਹੋਏ ਸਨ ॥ ੨੦ ॥

**ਕਰੈ ਮਾਰਿ ਮਾਰੰ ॥ ਬਕੈ ਬਿਕਰਾਰੰ ॥ ਗਿਰੇ ਅੰਗ ਭੰਗੰ ॥ ਦਵੰ ਜਾਨ ਦੰਗੰ ॥ ੨੧ ॥**

ਮਾਰੋ ਮਾਰ ਕਰਦੇ ਸਨ, ਡਰਾਉਣਾ ਬੋਲਦੇ ਸਨ। ਕਈਆਂ ਦੇ ਅੰਗ ਟੁਟ ਕੇ ਡਿੱਗ ਪਏ ਸਨ, ਜੋ ਲਹੂ ਦੇ ਲਿਬੜੇ ਹੋਏ ਏਦਾਂ ਮਲੂਮ ਹੁੰਦੇ ਸਨ, ਜਿਵੇਂ ਅੱਗ ਦੱਗ ਰਹੀ ਹੋਵੇ॥ ੨੧॥

**ਗਏ ਛੂਟ ਅਸਤ੍ਰੰ॥ ਭਜੇ ਹ੍ਵੈ ਨ੍ਰਿਅਸਤ੍ਰੰ॥ ਖਿਲੇਂ ਸਾਰ ਬਾਜੀ॥ ਤੁਰੇ ਤੁੰਦ ਤਾਜੀ॥ ੨੨॥**

ਅਸਤਰ ਜਿਨ੍ਹਾਂ ਦੇ ਹੱਥੋਂ ਛੁੱਟ ਗਏ ਸਨ, ਉਹ ਅਸ਼ਤਰਾਂ ਤੋਂ ਹੀਣੇ ਹੋ ਕੇ ਭੱਜ ਗਏ ਸਨ, ਕਈ ਸ਼ਸਤਰਾਂ ਦੀ ਬਾਜ਼ੀ ਖੇਡਦੇ ਸਨ, ਅਤੇ ਗੁਸੈਲੇ ਘੋੜੇ ਭੱਜੇ ਫਿਰਦੇ ਸਨ॥ ੨੨॥

**ਭੁਜਾ ਠੋਕ ਬੀਰੰ॥ ਕਰੇ ਘਾਇ ਤੀਰੰ॥ ਨੇਜੇ ਗੱਡ ਗਾਢੇ॥ ਮਚੇ ਬੈਰ ਬਾਢੇ॥ ੨੩॥**

ਥਾਪੀਆਂ ਮਾਰ ਮਾਰ ਕੇ ਸੂਰਮੇ ਇਕ ਦੂਜੇ ਨੂੰ ਤੀਰਾਂ ਨਾਲ ਜ਼ਖਮੀ ਕਰਦੇ ਸਨ। ਸਰੀਰ ਵਿਚ ਨੇਜੇ ਨੂੰ ਡੂੰਘਾ ਗੱਡ ਦੇਂਦੇ ਸਨ, ਵੈਰ ਵਿਚ ਮੱਚੇ ਹੋਏ ਜੋਧੇ ਅੱਗੇ ਨੂੰ ਵੱਧਦੇ ਜਾਂਦੇ ਸਨ॥ ੨੩॥

**ਘਣੰ ਘਾਇ ਪੇਲੇਂ॥ ਮਨੋ ਫਾਗ ਖੇਲੇਂ॥ ਕਰੇਂ ਬਾਣ ਬਰਖਾ॥ ਭਏ ਜੀਤ ਕਰਖਾ॥ ੨੪॥**

ਅਨੇਕ ਜ਼ਖਮ ਲੱਗ ਰਹੇ ਸਨ, ਅਤੇ ਘਾਇਲ ਸੂਰਮੇ ਇਸ ਤਰ੍ਹਾਂ ਲੱਗ ਰਹੇ ਸਨ ਕਿ ਮਾਨੋ ਹੋਲੀ ਖੇਡਦੇ ਸਨ। ਸਾਰੇ ਤੀਰਾਂ ਦਾ ਮੀਂਹ ਵਸਾਉਂਦੇ ਹੋਏ, ਜਿੱਤ ਦੀ ਲਾਲਸਾ ਕਰ ਰਹੇ ਸਨ॥ ੨੪॥

**ਗਿਰੇ ਅੰਤ ਘੂਮੰ॥ ਮਨੋ ਬ੍ਰਿਛ ਝੂਮੰ॥ ਟੁਟੇ ਸ਼ਸਤ੍ਰ ਅਸਤ੍ਰੰ॥ ਭਜੇ ਹੁਐ ਨ੍ਰਿਅਸਤ੍ਰੰ॥ ੨੫॥**

ਅੰਤ ਨੂੰ ਕਈ ਘੇਰਨੀ ਖਾ ਕੇ ਡਿੱਗਦੇ ਸਨ, ਮਾਨੋ ਦਰਖਤ ਝੂਮ ਕੇ ਡਿੱਗਾ ਹੋਵੇ। ਕਈਆਂ ਦੇ ਸ਼ਸਤਰ ਤੇ ਅਸਤਰ ਟੁੱਟ ਗਏ ਸਨ, ਉਹ ਅਸਤਰਾਂ ਤੋਂ ਹੀਣੇ ਹੋ ਕੇ ਭੱਜ ਰਹੇ ਸਨ॥ ੨੫॥

**ਜਿਤੇ ਸ਼ਤ੍ਰੂ ਆਏ॥ ਤਿਤੇ ਰਾਮ ਘਾਏ॥ ਚਲੇ ਭਾਜ ਸਰਬੰ॥ ਭਯੋ ਦੂਰ ਗਰਬੰ॥ ੨੬॥**

ਵੈਰੀ ਜਿੰਨੇ ਵੀ ਸਾਹਮਣੇ ਆਏ, ਸਾਰੇ ਹੀ ਪਰਸਰਾਮ ਨੇ ਮਾਰ ਦਿੱਤੇ। ਜਿਹੜੇ ਬਚੇ, ਉਹ ਸਾਰੇ ਭੱਜ ਉੱਠੇ, ਕਿਉਂਕਿ ਉਨ੍ਹਾਂ ਦਾ ਹੰਕਾਰ ਦੂਰ ਹੋ ਗਿਆ ਸੀ॥ ੨੬॥

## *ਭੁਜੰਗ ਪ੍ਰਯਾਤ ਛੰਦ॥*

**ਮਹਾਂ ਸ਼ਸਤ੍ਰ ਧਾਰੇ ਚਲਯੋ ਆਪ ਭੂਪੰ॥ ਲਏ ਸਰਬ ਸੈਨਾ ਕੀਏ ਆਪ ਰੂਪੰ॥**
**ਅਨੰਤ ਅਸਤ੍ਰ ਛੋਰੇ ਭਯੋ ਜੁੱਧ ਮਾਨੰ॥ ਪ੍ਰਭਾ ਕਾਲ ਮਾਨੋ ਸਭੈ ਰਸਮ ਭਾਨੰ॥ ੨੭॥**

ਵੱਡੇ ਵੱਡੇ ਸ਼ਸਤਰ ਧਾਰ ਕੇ ਅੰਤ ਨੂੰ ਰਾਜਾ ਆਪ ਜੰਗ ਲਈ ਤੁਰਿਆ। ਸਾਰੀ ਸੈਨਾ ਨਾਲ ਲੈ ਕੇ ਅਤੇ ਆਪਣੀ ਡਰਾਉਣੀ ਸ਼ਕਲ ਧਾਰਨ ਕਰਕੇ ਰਾਜੇ ਜਾਂਦਿਆਂ ਹੀ ਅਨੇਕਾਂ ਅਸਤਰ ਭਾਵ ਤੀਰ ਛੱਡੇ ਜਿਸ ਤੋਂ ਜੋਧਿਆਂ ਨੂੰ ਮਾਣ ਹੋਇਆ। ਉਹ ਤੀਰ ਇਸ ਤਰ੍ਹਾਂ ਜਾ ਕੇ ਚੁੱਭਦੇ ਸਨ, ਜਿਵੇਂ ਦੁਪਹਿਰ ਵੇਲੇ, ਸੂਰਜ ਦੀਆਂ ਕਿਰਣਾਂ ਚੁੱਭਦੀਆਂ ਹਨ॥ ੨੭॥

**ਭੁਜਾ ਠੋਕ ਭੂਪੰ ਕੀਯੋ ਜੁੱਧ ਐਸੇ॥ ਮਨੋ ਬੀਰ ਬ੍ਰਿਤਰਾਸੁਰੇ ਇੰਦ੍ਰ ਜੈਸੇ॥**

**ਸਭੈ ਕਾਟ ਰਾਮੰ ਕੀਯੋ ਬਾਂਹਿ ਹੀਨੰ॥ ਹਤੀ ਸਰਬ ਸੈਨਾ ਭਯੋ ਗਰਬ ਛੀਨੰ॥ ੨੮॥**

ਇਸ ਤਰ੍ਹਾਂ ਥਾਪੀ ਮਾਰ ਕੇ, ਰਾਜੇ ਨੇ ਜੰਗ ਕੀਤਾ, ਜਿਸ ਤਰ੍ਹਾਂ ਮਾਨੋ ਸੂਰਮੇ ਬ੍ਰਿਤਰਾਸੁਰ ਦੈਂਤ ਤੇ ਇੰਦਰ ਦਾ ਯੁੱਧ ਹੋਇਆ ਸੀ। ਪਰਸਰਾਮ ਨੇ ਕਾਰਤਿਕ ਬੀਰਜ ਦੀਆਂ ਸਾਰੀਆਂ ਬਾਹਾਂ ਕੱਟ ਕੇ ਟੁੰਡਾ ਕਰ ਦਿੱਤਾ, ਫੌਜ ਵੀ ਸਾਰੀ ਮਾਰੀ ਗਈ, ਤਦ ਉਸ ਦਾ ਸਾਰਾ ਹੰਕਾਰ ਨਾਸ ਹੋ ਗਿਆ॥ ੨੮॥

**ਗਹਯੋ ਰਾਮ ਪਾਣੰ ਕੁਠਾਰੰ ਕਰਾਲੰ॥ ਕਟੀ ਸੁੰਡ ਸੀ ਰਾਜ ਬਾਹੰ ਬਿਸਾਲੰ॥**
**ਭਏ ਅੰਗ ਭੰਗੰ ਕਰੰ ਕਾਲ ਹੀਣੰ॥ ਗਯੋ ਗਰਬ ਸਰਬੰ ਭਈ ਸੈਣ ਛੀਣੰ॥ ੨੯॥**

ਭਿਆਨਕ ਕੁਹਾੜਾ ਪਰਸਰਾਮ ਨੇ ਹੱਥ ਵਿਚ ਫੜਿਆ, ਉਸ ਨਾਲ ਹਾਥੀ ਦੇ ਸੁੰਡ ਵਰਗੀਆਂ ਰਾਜੇ ਦੀਆਂ ਲੰਮੀਆਂ ਲੰਮੀਆਂ ਬਾਹਾਂ ਕੱਟ ਦਿੱਤੀਆਂ। ਰਾਜੇ ਦੇ ਅੰਗ ਭੰਗ ਹੋ ਗਏ ਜਾਣੋਂ ਕਾਲ ਨੇ ਨਾਸ ਕੀਤਾ ਸੀ। ਤਦ ਰਾਜੇ ਦਾ ਸਾਰਾ ਹੰਕਾਰ ਵੀ ਮਿਟ ਗਿਆ, ਜਦੋਂ ਸਾਰੀ ਸੈਨਾ ਨਾਸ ਹੋ ਗਈ॥ ੨੯॥

**ਰਹਯੋ ਅੰਤ ਖੇਤੰ ਅਚੇਤੰ ਨਰੇਸ਼ੰ॥ ਬਚੇ ਬੀਰ ਜੇਤੇ ਗਏ ਭਾਜ ਦੇਸੰ॥**
**ਲਈ ਛੀਨ ਛਉਨੀ ਕਰੇ ਛੱਤ੍ਰ ਘਾਤੰ॥ ਚਿਰੰਕਾਲ ਪੂਜਾ ਕਰੀ ਲੋਗ ਮਾਤੰ॥ ੩੦॥**

ਰਾਜਾ ਅੰਤ ਨੂੰ ਪ੍ਰਾਣਾਂ ਤੋਂ ਹੀਣ ਹੋ ਕੇ ਰਣਭੂਮੀ ਵਿਚ ਪਿਆ ਰਿਹਾ। ਜਿਹੜੇ ਯੋਧੇ ਜੀਉਂਦੇ ਬਚੇ ਰਹੇ ਉਹ ਦੇਸ਼ ਵਿਚੋਂ ਭਜ ਗਏ। ਪਰਸਰਾਮ ਨੇ ਛੱਤਰੀਆਂ ਨੂੰ ਮਾਰ ਮਾਰ ਕੇ ਉਨ੍ਹਾਂ ਤੋਂ ਧਰਤੀ ਖੋਹ ਲਈ ਅਤੇ ਬਹੁਤ ਸਮੇਂ ਤਕ ਉਸ ਨੇ ਲੋਕ ਜਗਤ ਦੇ ਮਾਤਾ-ਪਿਤਾ ਰੂਪ ਕਰਤਾਰ ਦੀ ਪੂਜਾ ਕੀਤੀ॥ ੩੦॥

**ਲਈ ਛੀਨ ਛਉਨੀ ਕਰੇ ਬਿੱਪ ਭੂਪੰ॥ ਹਰੀ ਫੇਰ ਛੱਤ੍ਰਿਨ ਦਿਜੰ ਜੀਤ ਜੂਪੰ।**
**ਦਿਜੰ ਆਰਤੰ ਤੀਰ ਰਾਮੰ ਪੁਕਾਰੰ॥ ਚਲਿਯੋ ਰੋਸ ਸ੍ਰੀ ਰਾਮ ਲੀਨੇ ਕੁਠਾਰੰ॥ ੩੧॥**

ਖੱਤਰੀਆਂ ਪਾਸੋਂ ਪਰਸਰਾਮ ਨੇ ਧਰਤੀ ਖੋਹ ਲਈ ਅਤੇ ਬ੍ਰਾਹਮਣਾਂ ਨੂੰ ਰਾਜੇ ਬਣਾ ਦਿੱਤਾ। ਪਰ ਫਿਰ ਖੱਤਰੀਆਂ ਨੇ ਜੂਏ ਦੀ ਜਿੱਤ ਵਾਂਗੂੰ ਧਰਤੀ ਬ੍ਰਾਹਮਣਾਂ ਤੋਂ ਖੋਹ ਲਈ। ਬ੍ਰਾਹਮਣ ਬਹੁਤ ਦੁਖੀ ਹੋ ਕੇ ਪਰਸਰਾਮ ਕੋਲ ਫਰਿਆਦੀ ਹੋਏ। ਗੁਸੇ ਨਾਲ ਕੁਹਾੜਾ ਲੈ ਕੇ ਪਰਸਰਾਮ ਬ੍ਰਾਹਮਣਾਂ ਦੀ ਸਹਾਇਤਾ ਲਈ ਫਿਰ ਚਲ ਪਿਆ॥ ੩੧॥

**ਭੁਜੰਗ॥ ਸੁਨਯੋ ਸਰਬ ਭੂਪੰ ਹਠੀ ਰਾਮ ਆਏ॥ ਸਭੰ ਜੁੱਧ ਕੋ ਸ਼ਸਤ੍ਰ ਅਸਤ੍ਰੰ ਬਨਾਏ॥**
**ਚੜੈ ਚਉਪ ਕੈਕੈ ਕੀਏ ਜੁੱਧ ਐਸੇ॥ ਰਾਮ ਸੋ ਰਾਵਣੰ ਲੰਕ ਜੈਸੇ॥ ੩੨॥**

ਸਭ ਰਾਜਿਆਂ ਨੇ ਸੁਣਿਆ ਕਿ ਪਰਸਰਾਮ ਯੋਧਾ ਆਇਆ ਹੈ, ਸਾਰਿਆਂ ਨੇ ਜੰਗ ਕਰਨ ਲਈ ਸ਼ਸਤਰ, ਅਸਤਰ ਤਿਆਰ ਕਰ ਲਏ। ਉਹ ਉਤਸ਼ਾਹ ਨਾਲ ਭਰ ਕੇ ਜੰਗ ਨੂੰ ਚੜ੍ਹੇ, ਤੇ ਇਸ

ਤਰ੍ਹਾਂ ਨਾਲ ਯੁਧ ਕੀਤਾ, ਜਿਸ ਤਰ੍ਹਾਂ ਲੰਕਾ ਵਿਚ ਰਾਮ ਦਾ ਰਾਵਨ ਨਾਲ ਹੋਇਆ ਸੀ॥ ੩੨॥

**ਲਗੇ ਸ਼ਸਤ੍ਰ ਅਸਤ੍ਰੰ ਲਖੇ ਰਾਮ ਅੰਗੰ॥ਗਹੇ ਬਾਨ ਪਾਣੰ ਕੀਏ ਸ਼ਤ੍ਰ ਭੰਗੰ॥**
**ਭੁਜਾਹੀਣ ਏਕੰ ਸਿਰੰ ਹੀਣ ਕੇਤੇ॥ ਸਭੈ ਮਾਰ ਡਾਰੇ ਗਏ ਬੀਰ ਜੇਤੇ॥੩੩॥**

ਪਰਸਰਾਮ ਨੇ ਜਦ ਆਪਣੇ ਸਰੀਰ ਵਿਚ ਸ਼ਸਤਰ ਤੇ ਅਸਤਰ ਲੱਗੇ ਹੋਏ ਅਨੁਭਵ ਕੀਤੇ ਤਾਂ ਹੱਥ ਵਿਚ ਧਨੁੱਖ ਬਾਣ ਫੜ ਕੇ, ਦੁਸ਼ਮਨਾਂ ਦਾ ਨਾਸ ਕਰ ਦਿੱਤਾ, ਕਈਆਂ ਨੂੰ ਬਾਂਹ ਤੋਂ ਹੀਣਾ ਕਰ ਦਿੱਤਾ, ਕਈਆਂ ਨੂੰ ਸਿਰ ਤੋਂ ਸਖਣਾ ਕਰ ਦਿੱਤਾ। ਸਾਰੇ ਸੂਰਮੇ ਮਾਰ ਦਿੱਤੇ ਜਿਹੜੇ ਮੁਕਾਬਲਾ ਕਰਨ ਗਏ ਸਨ॥ ੩੩॥

**ਕਰੀ ਛੱਤ੍ਰਹੀਣੰ ਛਿਤੰ ਕੀਸ ਬਾਰੰ॥ ਹਣੇ ਐਸ ਹੀ ਭੂਪ ਸਰਬੰ ਸੁਧਾਰੰ॥**
**ਕਥਾ ਸਰਬ ਜਉ ਛੋਰ ਤੇ ਲੈ ਸੁਨਾਊਂ॥ ਹ੍ਰਿਦੈ ਗ੍ਰੰਥ ਕੇ ਬਾਢਬੇ ਤੇ ਡਰਾਊਂ॥੩੪॥**

ਇੱਕੀ ਵੇਰੀ ਧਰਤੀ ਨੂੰ ਖੱਤਰੀਆਂ ਤੋਂ ਖਾਲੀ ਕਰ ਦਿੱਤਾ। ਇਸ ਤਰ੍ਹਾਂ ਹੀ ਸਾਰੇ ਰਾਜਿਆਂ ਨੂੰ ਚੁਣ ਚੁਣ ਕੇ ਮਾਰਿਆ। ਜੇਕਰ ਸਾਰੀ ਕਥਾ ਮੁੱਢ ਤੋਂ ਸੁਣਾਵਾਂ ਤਾਂ ਗ੍ਰੰਥ ਵਧ ਜਾਏਗਾ। ਇਸ ਕਰਕੇ ਹਿਰਦੇ ਵਿਚ ਡਰਦਾ ਹਾਂ॥ ੩੪॥

**ਚੌਪਈ॥ ਕਰਿ ਜਗ ਮੋ ਇਹ ਭਾਂਤ ਅਖਾਰਾ॥ ਨਵਮ ਵਤਾਰ ਬਿਸ਼ਨ ਇਮ ਧਾਰਾ॥**
**ਅਬ ਬਰਨੋ ਦਸਮੋ ਅਵਤਾਰਾ॥ਸੰਤ ਜਨਾ ਕਾ ਪ੍ਰਾਨ ਅਧਾਰਾ॥੩੫॥**

ਇਸ ਤਰ੍ਹਾਂ ਦਾ ਜਗਤ ਵਿਚ ਖੇਡ ਕਰਨ ਲਈ, ਵਿਸ਼ਨੂੰ ਨੇ ਇਹ ਨੌਵਾਂ ਅਵਤਾਰ ਧਰਿਆ ਸੀ। ਹੁਣ ਦਸਵਾਂ ਅਵਤਾਰ ਕਥਨ ਕਰਦਾ ਹਾਂ, ਸੰਤ ਜਨਾਂ ਦੇ ਜੋ ਪ੍ਰਾਣਾਂ ਦਾ ਆਸਰਾ ਅਤੇ ਅਧਾਰ ਹੈ॥ ੩੫॥

ਭਾਵਾਰਥ: :- ਮਹਾਂ ਭਾਰਤ ਦੇ ਸ਼ਾਂਤੀ ਪਰਵ ਅਤੇ ਹਰਿਵੰਸ ਅਤੇ ਵਿਸ਼ਨ ਪੁਰਾਣ ਵਿਚ ਜਮਦਗਨਿ ਰਿਖੀ ਦਾ ਜੀਵਨ ਬ੍ਰਿਤਾਂਤ ਆਉਂਦਾ ਹੈ, ਇਸ ਦੇ ਜਨਮ ਦੇ ਸੰਬੰਧ ਵਿਚ ਇਉਂ ਲਿਖਿਆ ਹੈ ਕਿ 'ਰਿਚੀਕ ਰਿਖੀ ਨੇ ਆਪਣੀ ਇਸਤਰੀ ਸਤਜਵਤੀ ਜੋ ਰਾਜੇ ਗਾਂਧਿ ਦੀ ਲੜਕੀ ਸੀ ਅਤੇ ਉਸ ਦੀ ਮਾਤਾ ਆਪਣੀ ਸੱਸ ਲਈ ਵੱਖ ਵੱਖ ਗੁਣਾਂ ਵਾਲੇ ਦੋ ਦਿਵ ਭੋਜਨ ਤਿਆਰ ਕੀਤੇ ਸਨ। ਉਸ ਨੇ ਆਪਣੀ ਇਸਤਰੀ ਨੂੰ ਕਿਹਾ ਕਿ ਇਕ ਦਿਵ ਭੋਜਨ ਤੁਸੀਂ ਖਾ ਲੈਣਾ ਅਤੇ ਦੂਜਾ ਦਿਵਜ ਭੋਜਨ ਆਪਣੀ ਮਾਂ ਨੂੰ ਖੁਆ ਦੇਣਾ।

ਸਤਜਵਤੀ ਨੇ ਦੋਵੇਂ ਦਿਵਜ ਭੋਜਨ ਆਪਣੀ ਮਾਤਾ ਨੂੰ ਦੇ ਕੇ, ਉਨ੍ਹਾਂ ਸੰਬੰਧੀ ਸਾਰੀ ਗੱਲ ਦੱਸ ਦਿੱਤੀ ਉਸ ਦੀ ਮਾਤਾ ਨੇ ਇਹ ਸਮਝ ਕੇ ਕਿ ਰਿਚੀਕ ਨੇ ਆਪਣੀ ਇਸਤਰੀ ਦੇ ਵਾਸਤੇ ਬਹੁਤ ਉੱਤਮ ਗੁਣਾਂ ਵਾਲਾ ਪੁੱਤਰ ਪੈਦਾ ਕਰਨ ਦੇ ਵਾਸਤੇ ਦਿਵਜ ਭੋਜਨ ਤਿਆਰ ਕੀਤਾ ਹੋਵੇਗਾ ਇਸ ਲਈ, ਉਸ ਦਾ ਦਿਵਜ ਭੋਜਨ ਆਪ ਖਾ ਲਿਆ ਅਤੇ ਆਪਣਾ ਉਸ ਨੂੰ ਖੁਆ ਦਿੱਤਾ।

ਜਦੋਂ ਦੋਵੇਂ ਗਰਭਵਤੀਆਂ ਹੋਈਆਂ, ਤਦ ਰਿਚੀਕ ਨੇ ਆਪਣੀ ਇਸਤਰੀ ਦੇ ਲੱਛਣ ਵੇਖ ਕੇ ਸਮਝ ਲਿਆ ਕਿ ਖਾਣ ਵੇਲੇ ਦਿਵਜ ਭੋਜਨ ਬਦਲ ਗਿਆ ਹੈ। ਇਸ ਕਰਕੇ ਰਿਚੀਕ ਨੇ ਉਸ ਨੂੰ ਕਿਹਾ ਕਿ ਤੇਰੇ ਗਰਭ ਤੋਂ ਬ੍ਰਹਮ ਨਿਸ਼ਠ ਪੁੱਤਰ ਅਤੇ ਤੇਰੀ ਮਾਤਾ ਤੇ ਗਰਭ ਤੋਂ ਛਾਤ੍ਰਿ ਗੁਣਾਂ ਵਾਲਾ

ਮਹਾਂ ਬਲੀ ਪੁੱਤਰ ਪੈਦਾ ਕਰਨ ਲਈ ਦਿੱਵਜ ਭੋਜਨ ਤਿਆਰ ਕੀਤੇ ਸਨ ਪਰ ਤੁਸਾਂ ਦੋਹਾਂ ਨੇ ਦਿਵਜ ਭੋਜਨ ਬਦਲ ਕੇ ਖਾਧੇ ਹਨ। ਇਸ ਲਈ ਹੁਣ ਤੇਰੇ ਗਰਭ ਤੋਂ ਮਹਾਂ ਬਲੀ ਪੁੱਤਰ ਹੋਵੇਗਾ।

ਇਹ ਸੁਣ ਕੇ ਸਤਜਵਤੀ ਨੇ ਦੁੱਖੀ ਹੋ ਕੇ ਆਪਣੇ ਸਵਾਮੀ ਨੂੰ ਕਿਹਾ ਕਿ ਹੁਣ ਕੋਈ ਅਜਿਹਾ ਯਤਨ ਕਰੋ, ਜਿਸ ਨਾਲ ਮੇਰੇ ਗਰਭ ਤੋਂ ਉਗਰ ਛਾਤ੍ਰਿ ਗੁਣ ਯੁਕਤਿ ਮਹਾਂ ਬਲੀ ਪੁੱਤਰ ਪੈਦਾ ਨਾ ਹੋਵੇ ਅਤੇ ਜੇ ਉਸ ਦਾ ਪੈਦਾ ਹੋਣਾ ਰੁਕ ਨਹੀਂ ਸਕਦਾ ਤਾਂ ਪੋਤਰਾ ਭਾਵੇਂ ਅਜਿਹੇ ਗੁਣਾਂ ਵਾਲਾ ਹੋ ਜਾਵੇ। ਇਸਤਰੀ ਦੀ ਪ੍ਰਾਰਥਨਾਂ ਮੰਨ ਕੇ, ਰਿਚੀਕ ਨੇ ਯਤਨ ਕੀਤਾ। ਜਿਸ ਕਰਕੇ ਸਤਜਵਤੀ ਦੇ ਗਰਭ ਤੋਂ ਜਮਦਗਨਿ ਅਤੇ ਉਸ ਦੀ ਮਾਤਾ ਦੇ ਗਰਭ ਤੋਂ ਵਿਸ਼ਵਾਮਿੱਤ੍ਰ ਦਾ ਜਨਮ ਹੋਇਆ। ਇਸੇ ਕਰਕੇ ਜਮਦਗਨਿ ਵਿਚ ਵੀ ਬਹੁਤ ਖੱਤਰੀਆਂ ਵਾਲੇ ਗੁਣ ਸਨ।

ਪ੍ਰਸੇਨਜਿਤ ਦੀ ਲੜਕੀ 'ਰੇਣੁਕਾਂ' ਨਾਲ ਜਮਦਗਨਿ ਦਾ ਵਿਆਹ ਹੋਇਆ ਸੀ। ਉਸ ਦੇ ਗਰਭ ਤੋਂ ਇਹਨਾਂ ਦੇ ਪੰਜ ਪੁੱਤਰ - ਰੁਮੰਵਾਨ, ਸੁਵੇਣ, ਬਹੂ, ਵਿਸ਼ਾਦਵਹੁ ਅਤੇ ਪਰਸਰਾਮ ਹੋਏ ਸਨ। ਰਿਚੀਕ ਦੇ ਦਿਵਜ ਭੋਜਨ ਦੇ ਪ੍ਰਭਾਵ ਨਾਲ ਉਨ੍ਹਾਂ ਪੰਜਾਂ ਵਿਚੋਂ ਪਰਸਰਾਮ ਵਿਚ ਉਗਰਾਛਤ੍ਰਿ ਗੁਣ ਸਾਰੇ ਹੀ ਮੌਜੂਦ ਸਨ।

ਛੋਟੀ ਉਮਰ ਵਿਚ ਹੀ ਜਾ ਕੇ ਪਰਸ ਰਾਮ ਸ਼ਿਵਜੀ ਦਾ ਚੇਲਾ ਬਣ ਗਿਆ। ਸ਼ਿਵਜੀ ਨੇ ਇਸਨੂੰ ਸ਼ਸਤਰ ਅਸਤਰ ਵਿਦਿਆ ਪੂਰਣ ਰੀਤੀ ਨਾਲ ਸਿਖਾਈ ਅਤੇ ਇਕ ਦਿਵਜ ਪਰਸੁ ਭਾਵ ਕੁਹਾੜਾ ਦਿੱਤਾ, ਜਿਸ ਤੋਂ ਇਸ ਦਾ ਨਾਮ ਪਰਸਰਾਮ ਪ੍ਰਸਿੱਧ ਹੋਇਆ। ਇਕ ਵੇਰੀ ਰੇਣੁਕਾ ਗੰਗਾ ਸ਼ਨਾਨ ਕਰਨ ਗਈ ਉਥੇ ਰਾਜਾ ਚਿਤ੍ਰਰਥ ਨੂੰ ਆਪਣੀ ਇਸਤ੍ਰੀ ਨਾਲ ਜਲ-ਕ੍ਰੀੜਾ ਕਰਦਿਆਂ ਵੇਖਿਆ ਤਾਂ ਰੇਣੁਕਾ ਦੇ ਮਨ ਵਿਚ ਕਾਮ-ਵਿਕਾਰ ਪੈਦਾ ਹੋ ਗਿਆ। ਕੁਝ ਚਿਰ ਬਾਅਦ ਫਿਰ ਆਪਣੇ ਘਰ ਮੁੜ ਆਈ ਤਾਂ ਜਮਦਗਨਿ ਨੂੰ ਇਸ ਦੇ ਮਨ ਦੇ ਵਿਕਾਰਾਂ ਦਾ ਪਤਾ ਲੱਗ ਗਿਆ। ਇਸ ਕਰਕੇ ਰਿਖੀ ਜੀ ਬਹੁਤ ਗੁੱਸੇ ਹੋਏ ਤੇ ਆਪਣੇ ਪੁੱਤਰਾਂ ਨੂੰ ਮਾਂ ਦਾ ਸਿਰ ਵੱਢ ਦੇਣ ਦਾ ਹੁਕਮ ਦਿੱਤਾ, ਵਡਿਆਂ ਚੌਹਾਂ ਨੇ ਪਿਤਾ ਦਾ ਇਹ ਹੁਕਮ ਨਾ ਮੰਨਿਆ ਪਰ ਪਰਸਰਾਮ ਨੇ ਉੱਠ ਕੇ ਝਟ ਕੁਹਾੜਾ ਮਾਰ ਕੇ ਮਾਂ ਦਾ ਸਿਰ ਲਾਹ ਦਿੱਤਾ। ਜਮਦਗਨਿ ਜੀ ਪਰਸਰਾਮ ਉਤੇ ਬਹੁਤ ਪ੍ਰਸੰਨ ਹੋਏ ਅਤੇ ਵਰ ਮੰਗਣ ਲਈ ਕਿਹਾ। ਪਰਸਰਾਮ ਨੇ ਪ੍ਰਾਰਥਨਾਂ ਕੀਤੀ, ਮੇਰੀ ਮਾਤਾ ਨੂੰ ਜੀਵਨ ਦਾਨ ਬਖਸ਼ੋ, ਉਸ ਨੂੰ ਮੇਰਾ ਅਪਰਾਧ ਵੀ ਚੇਤੇ ਨਾ ਰਹੇ ਅਤੇ ਮੈਨੂੰ ਕੋਈ ਜਿੱਤ ਵੀ ਨਾ ਸਕੇ।

ਪਰਸਰਾਮ ਨੂੰ ਮਤਸ ਪੁਰਾਣ ਵਿਚ ਵਿਸ਼ਨੂੰ ਦਾ ਛੇਵਾਂ ਅਤੇ ਭਾਗਵਤ ਵਿਚ ਸੋਲ੍ਹਵਾਂ ਅਵਤਾਰ ਕਿਹਾ ਹੈ। ਪਰ ਹਰਿਵੰਸ ਤੇ ਦੇਵੀ ਭਾਗਵਤ ਅਨੁਸਾਰ ਇਹ ਨੌਵਾਂ ਅਵਤਾਰ ਹੈ। ਤਰੇਤਾ ਜੁਗ ਵਿਚ ਇਸ ਨੇ ਖੱਤਰੀਆਂ ਦਾ ਨਾਸ ਕੀਤਾ। ਖਤਰੀਆਂ ਨਾਲ ਵੈਰ ਹੋਣ ਦੇ ਕਾਰਣ ਦੀ ਕਥਾ ਅਸੀਂ ਪਿੱਛੇ 'ਸਮੁੰਦਰ ਮਥਨਾ' ਪ੍ਰਕਰਣ ਵਿਚ ਵਿਸਥਾਰ ਨਾਲ ਲਿਖ ਚੁਕੇ ਹਾਂ॥ ਜਿਸ ਨੂੰ ਸ੍ਰੀ ਗੁਰੂ ਜੀ ਨੇ ਇਥੇ ਵਰਣਨ ਕੀਤਾ ਹੈ ਕਿ ਇਸ ਦੇ ਪਿਤਾ ਨੂੰ ਕਾਰਤਿਕ ਵੀਰਜ ਸਹਸਰ ਬਾਹੂ ਨੇ ਮਾਰ ਦਿੱਤਾ ਸੀ। ਪਤੀ ਦੇ ਮਰਨ ਤੇ ਇਸ ਦੀ ਮਾਤਾ ਨੇ ਤਿੰਨ ਹੱਥੜ ਪਿਟਣਾ ਸ਼ੁਰੂ ਕੀਤਾ, ਸੱਤ ਵਾਰ ਉਸ ਨੇ ਛਾਤੀ ਤੇ, ਸੱਤ ਵਾਰ ਮੱਥੇ ਤੇ ਅਤੇ ਸੱਤ ਵਾਰ ਪੱਟਾਂ ਤੇ ਹੱਥ ਮਾਰੇ ਸਨ। ਇਸ ਲਈ ਪਰਸਰਾਮ ਨੇ ਸਹਸਰ ਬਾਹੂ ਨੂੰ ਮਾਰ ਕੇ ਪਿਤਾ ਦਾ ਵੈਰ ਲਿਆ ਅਤੇ ਇੱਕੀ ਵਾਰ ਖੱਤਰੀਆਂ ਨੂੰ ਕਤਲ ਕਰ ਕੇ ਮਾਤਾ

ਦੇ ਪਿੱਟਣ ਦਾ ਪ੍ਰਾਸ਼ਚਿਤ ਕੀਤਾ। ਸਹਸਰ ਬਾਹੂ ਨੂੰ ਮਾਰ ਕੇ, ਹੋਰਨਾਂ ਛੱਤਰੀਆਂ ਰਾਜਿਆਂ ਤੋਂ ਧਰਤੀ ਖੋਹ ਕੇ ਇਸ ਨੇ ਬ੍ਰਾਹਮਣਾਂ ਨੂੰ ਦੇ ਦਿੱਤੀ ਸੀ। ਪਰ ਬ੍ਰਾਹਮਣ ਸਮਾਜ ਵਿਚ ਪਰਸਰਾਮ ਦੀ ਬੇ ਰਹਿਮੀ ਨਾਲ ਖੱਤਰੀਆਂ ਨੂੰ ਮਾਰਨ ਦੇ ਕਾਰਨ ਬਹੁਤ ਨਿੰਦਾ ਹੋਈ ਤਾਂ ਪਰਸਰਾਮ ਉਪਰਾਮ ਚਿੱਤ ਹੋਕੇ ਵਣ ਨੂੰ ਚਲਾ ਗਿਆ। ਇਹ ਵਣ ਵਿਚ ਬੈਠਾ ਤਪ ਕਰ ਰਿਹਾ ਸੀ ਤਾਂ ਇਕ ਦਿਨ ਵਿਸ਼ਵਾਮਿੱਤ੍ਰ ਦੇ ਪੋਤੇ ਪਰਾਵਸ ਨੇ ਪਰਸਰਾਮ ਨੂੰ ਕਿਹਾ ਕਿ ਹੁਣੇ ਹੀ ਜੋ ਜੱਗ ਹੋਇਆ ਸੀ, ਉਸ ਵਿਚ ਪਤਾ ਨਹੀਂ ਕਿੰਨੇ ਹੀ ਪ੍ਰਤਾਪੀ ਰਾਜੇ ਆਏ ਸਨ, ਤੁਸਾਂ ਜੋ ਪ੍ਰਿਥਵੀ ਨੂੰ ਖਤਰੀਆਂ ਤੋਂ ਹੀਣ ਕਰ ਦੇਣ ਦੀ ਪ੍ਰਤੱਗਜਾ ਕੀਤੀ ਸੀ, ਉਹ ਸਭ ਝੂਠੀ ਸੀ। ਇਹ ਸੁਣਦਿਆਂ ਹੀ ਪਰਸਰਾਮ ਜੀ ਫਿਰ ਨਿਕਲੇ। ਜਿਹੜੇ ਖਤਰੀ ਬਚੇ ਹੋਏ ਸਨ, ਉਨ੍ਹਾਂ ਨੂੰ ਬਾਲ ਬੱਚਿਆਂ ਸਣੇ ਨਾਸ ਕਰ ਦਿੱਤਾ। ਗਰਭਵਤੀਆਂ ਨੇ ਲੁਕ ਛਿਪ ਕੇ ਆਪਣੇ ਆਪ ਨੂੰ ਬਚਾਇਆ ਸੀ। ਪਰਸਰਾਮ ਨੇ ਖੱਤਰੀਆਂ ਨੂੰ ਮਾਰ ਕੇ ਉਨ੍ਹਾਂ ਦੇ ਲਹੂ ਦੇ ਸਮੰਤ ਨਾਮਕ ਪੰਜ ਪ੍ਰਾਣਾਂ ਦੀ ਰਖਿਆ ਕੀਤੀ। ਪਰਸਰਾਮ ਨੇ ਹੀ ਮਾਲਾਬਾਰ ਦੇਸ ਵਸਾਇਆ ਸੀ। ਕਈ ਕਹਿੰਦੇ ਹਨ ਵਰੁਣ ਨੇ ਇਹ ਦੇਸ ਇਸ ਨੂੰ ਦਿੱਤਾ ਸੀ। ਕਈ ਲਿਖਦੇ ਹਨ ਕਿ ਇਸ ਨੇ ਸਮੁੰਦਰ ਨੂੰ ਪਿਛੇ ਹਟਾ ਕੇ ਉਸ ਦੇ ਕਿਨਾਰੇ ਕਈ ਵਸਤੀਆਂ ਵਸਾਈਆਂ ਸਨ।

ਪਰਸਰਾਮ ਨੇ ਖੱਤਰੀਆਂ ਦਾ ਨਾਸ ਕਰਕੇ ਅਸ੍ਵਮੇਧ ਯੱਗ ਕੀਤਾ ਸੀ, ਉਸ ਵਿਚ ਸਾਰੀ ਧਰਤੀ ਕੱਸ਼ਪ ਨੂੰ ਦਾਨ ਦੇ ਦਿੱਤੀ ਸੀ। ਪ੍ਰਿਥਵੀ ਪ੍ਰਾਪਤ ਕਰਕੇ ਕੱਸ਼ਪ ਨੇ ਇਸ ਨੂੰ ਕਿਹਾ ਇਹ ਧਰਤੀ ਮੇਰੀ ਹੋ ਚੁਕੀ ਹੈ, ਹੁਣ ਤੁਸੀਂ ਦਖਣੀ ਸਮੁੰਦਰ ਵਲ ਚਲੇ ਜਾਉ। ਪਰਸਰਾਮ ਨੇ ਅਜਿਹਾ ਹੀ ਕੀਤਾ ਸੀ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਨਵਮੋ ਅਵਤਾਰ 'ਪਰਸ ਰਾਮ' ਸਮਾਪਤਮ॥ ਸਤੁ ਸੁਭਮ ਸਤੁ॥ ੯॥ ੩੫॥ ੨੦੫॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਨੌਵਾਂ ਅਵਤਾਰ 'ਪਰਸ ਰਾਮ' ਸਮਾਪਤ॥ ਸਤ ਸੁਭਮ ਸਤ॥ ੯॥ ੩੫॥ ੨੦੫॥ ਚਲਦਾ॥

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਦਸਵਾਂ ਅਵਤਾਰ 'ਬ੍ਰਹਮਾ'

**ਚੌਪਈ॥ਅਬ ਉਚਰੋ ਮੈ ਕਥਾ ਚਿਰਾਨੀ॥ਜਿਮ ਉਪਜਜੋ ਬ੍ਰਹਮਾਸੁਰ ਗਜਾਨੀ॥**
**ਚਤੁਰਾਨਨ ਅਘ ਓਘਨ ਹਰਤਾ॥ਉਪਜਜੋ ਸਕਲ ਸ੍ਰਿਸ਼ਟਿ ਕੋ ਕਰਤਾ॥੧॥**

ਮੈ ਹੁਣ ਪੁਰਾਤਨ ਕਥਾ ਵਰਣਨ ਕਰਦਾ ਹਾਂ, ਜਿਸ ਤਰ੍ਹਾਂ ਗਿਆਨੀ ਦੇਵਤਾ ਬ੍ਰਹਮਾ ਪੈਦਾ ਹੋਇਆ ਸੀ। ਜੋ ਚੌਹਾਂ ਮੂੰਹਾਂ ਵਾਲਾ ਸਾਰੇ ਪਾਪ ਨਾਸ ਕਰਨ ਵਾਲਾ ਸੀ ਤੇ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਸੀ॥੧॥

**ਜਬ ਜਬ ਬੇਦ ਨਾਸ ਹੋਇ ਜਾਹੀ॥ ਤਬ ਤਬ ਪੁਨ ਬ੍ਰਹਮਾ ਪ੍ਰਗਟਾਹੀ॥**
**ਤਾ ਤੇ ਬਿਸ਼ਨ ਬ੍ਰਹਮ ਬਪੁ ਧਰਾ॥ ਚਤੁਰਾਨਨ ਕਰ ਜਗਤ ਉਚਰਾ॥੨॥**

ਜਦੋਂ ਜਦੋਂ ਵੇਦ ਨਾਸ ਹੋ ਜਾਂਦੇ ਹਨ, ਤਦੋਂ ਤਦੋਂ ਮੁੜ ਬ੍ਰਹਮਾ ਪ੍ਰਗਟ ਹੁੰਦਾ ਹੈ। ਇਸ ਲਈ ਵਿਸ਼ਨੂੰ ਹੀ 'ਬ੍ਰਹਮਾ' ਦਾ ਸਰੀਰ ਧਾਰਦਾ ਹੈ ਅਤੇ ਜਗਤ ਉਸਦਾ ਨਾਮ 'ਚਤੁਰਾਨਨ' ਭਾਵ ਚਾਰ ਮੂੰਹਾਂ ਵਾਲਾ ਕਥਨ ਕਰਦਾ ਹੈ॥੨॥

**ਜਬ ਹੀ ਬਿਸ਼ਨ ਬ੍ਰਹਮ ਬਪੁ ਧਰਾ॥ ਤਬ ਸਭ ਬੇਦ ਪ੍ਰਚੁਰ ਜਗ ਕਰਾ॥**
**ਸ਼ਾਸਤ੍ਰ ਸਿੰਮ੍ਰਿਤ ਸਕਲ ਬਨਾਏ॥ਜੀਵ ਜਗਤ ਕੇ ਪੰਥ ਲਗਾਏ॥੩॥**

ਵਿਸ਼ਨੂੰ ਜਦੋਂ 'ਬ੍ਰਹਮਾ' ਸਰੂਪ ਨੂੰ ਧਰਦਾ ਹੈ, ਤਦੋਂ ਹੀ ਸਭ ਵੇਦਾਂ ਦਾ ਪ੍ਰਚਾਰ ਜਗਤ ਵਿਚ ਕਰਦਾ ਹੈ। ਸਾਰੀਆਂ ਸਿੰਮ੍ਰਿਤੀਆਂ ਤੇ ਸ਼ਾਸਤਰ ਬਣਾਉਂਦਾ ਹੈ, ਜਗਤ ਦੇ ਜੀਵਾਂ ਨੂੰ ਸ਼ੁਭ ਰਸਤੇ ਤੋਰਦਾ ਹੈ॥੩॥

**ਜੇ ਜੇ ਹੁਤੇ ਅਘਨ ਕੇ ਕਰਤਾ॥ ਤੇ ਤੇ ਭਏ ਪਾਪ ਤੇ ਹਰਤਾ॥**
**ਪਾਪ ਕਰਮੁ ਕੱਹ ਪ੍ਰਗਟਿ ਦਿਖਾਏ॥ ਧਰਮ ਕਰਮ ਸਭ ਜੀਵ ਚਲਾਏ॥੪॥**

ਜਿਹੜੇ ਜਿਹੜੇ ਵੀ ਪਾਪਾਂ ਦੇ ਕਰਨ ਵਾਲੇ ਸਨ, ਉਹ ਸਾਰੇ ਪਾਪ ਨਾਸ ਕਰਨ ਵਾਲੇ ਹੋ ਗਏ ਕਿਉਂਕਿ ਪਾਪ ਕਰਮ ਨੂੰ ਬ੍ਰਹਮਾ ਪ੍ਰਗਟ ਕਰਕੇ ਵਿਖਾ ਦਿੰਦਾ ਹੈ ਅਤੇ ਧਰਮ ਦੇ ਕੰਮਾਂ ਵਿਚ ਸਾਰੇ ਜੀਵਾਂ ਨੂੰ ਤੋਰਦਾ ਹੈ॥੪॥

**ਇਹ ਬਿਧਿ ਭਯੋ ਬ੍ਰਹਮ ਅਵਤਾਰਾ॥ ਸਭ ਪਾਪਨ ਕੋ ਮੇਟਨਹਾਰਾ॥**
**ਪ੍ਰਜਾ ਲੋਕੁ ਸਭ ਪੰਥ ਚਲਾਏ॥ ਪਾਪ ਕਰਮ ਤੇ ਸਭੈ ਹਟਾਏ॥੫॥**

ਬ੍ਰਹਮਾਂ ਦਾ ਅਵਤਾਰ ਇਸ ਲਈ ਹੋਇਆ ਕਿਉਂਕਿ ਉਹ ਸਾਰੇ ਪਾਪਾਂ ਨੂੰ ਮੇਟਣ ਵਾਲਾ ਹੈ। ਸਾਰੀ ਪਰਜਾ ਨੂੰ ਸ਼ੁਭ ਰਸਤੇ ਤੋਰਦਾ ਹੈ ਅਤੇ ਸਭ ਨੂੰ ਪਾਪ ਦੇ ਕੰਮਾਂ ਤੋਂ ਹਟਾ ਦੇਂਦਾ ਹੈ॥੫॥

**ਦੋਹਰਾ॥ ਇਹ ਬਿਧਿ ਪ੍ਰਜਾ ਪਵਿਤ੍ਰ ਕਰ ਧਰਜੋ ਬ੍ਰਹਮ ਅਵਤਾਰ॥**
**ਧਰਮ ਕਰਮ ਲਾਗੇ ਸਭੈ ਪਾਪ ਕਰਮ ਕੱਹ ਡਾਰ॥੬॥**

ਇਸ ਤਰ੍ਹਾਂ ਨਾਲ ਪਰਜਾ ਨੂੰ ਪਵਿੱਤਰ ਕਰਨ ਲਈ ਵਿਸ਼ਨੂੰ 'ਬ੍ਰਹਮਾ' ਦਾ ਅਵਤਾਰ ਧਾਰਦਾ ਹੈ। ਸਾਰੇ ਜੀਵ ਪਾਪ ਦੇ ਕਰਮਾਂ ਨੂੰ ਤਿਆਗ ਕੇ ਧਰਮ ਦੇ ਕੰਮ ਕਰਨ ਲੱਗ ਪੈਂਦੇ ਹਨ॥੬॥

**ਚੌਪਈ॥ ਦਸਮ ਅਵਤਾਰ ਬਿਸ਼ਨ ਕੋ ਬ੍ਰਹਮਾ॥ ਧਰਜੋ ਜਗਤਿ ਭੀਤਰਿ ਸੁਭ ਕਰਮਾ॥**
**ਬ੍ਰਹਮ ਬਿਸ਼ਨ ਮਹਿ ਭੇਦੁ ਨ ਲਹੀਐ॥ ਸ਼ਾਸਤ੍ਰ ਸਿੰਮ੍ਰਿਤ ਭੀਤਰ ਇਮ ਕਹੀਐ॥੭॥**

ਦਸਵਾਂ ਅਵਤਾਰ ਵਿਸ਼ਨੂੰ ਦਾ ਬ੍ਰਹਮਾ ਹੈ ਜੋ ਜਗਤ ਵਿਚ ਸ਼ੁਭ ਕਰਮਾਂ ਦੇ ਤੋਰਨ ਲਈ ਵਿਸ਼ਨੂੰ ਨੇ ਧਰਿਆ ਸੀ। ਬ੍ਰਹਮਾ ਤੇ ਵਿਸ਼ਨੂੰ ਵਿਚ ਭੇਦ ਨਹੀਂ ਜਾਣਨਾ ਚਾਹੀਦਾ। ਸ਼ਾਸਤਰਾਂ ਤੇ ਸਿੰਮ੍ਰਤੀਆਂ ਵਿਚ ਇਸ ਤਰ੍ਹਾਂ ਦੀ ਵਿਚਾਰ ਕਹੀ ਹੈ॥੭॥

ਭਾਵਾਰਥ :- ਮਨੂ ਸਿੰਮਰਤੀ ਵਿਚ ਲਿਖਿਆ ਹੈ ਕਿ ਸ੍ਵਜੰਭੂ ਭਗਵਾਨ ਨੇ ਪਰਜਾ ਉਤਪਤੀ ਦੀ ਇੱਛਾ ਨਾਲ ਪਹਿਲੇ ਜਲ ਦੀ ਰਚਨਾਂ ਕੀਤੀ, ਉਸ ਵਿਚ ਬੀਜ ਸੁੱਟਿਆ। ਬੀਜ ਪੈਂਦਿਆਂ ਸੂਰਜ ਸਮਾਨ ਪ੍ਰਕਾਸ਼ ਵਾਲਾ 'ਸਵਰਨ ਅੰਡਾ' ਜਾਂ ਗੋਲਾ ਪੈਦਾ ਹੋਇਆ। ਓਸੇ ਪ੍ਰਕਾਸ਼ ਰੂਪ ਗੋਲੇ ਤੋਂ ਬ੍ਰਹਮਾ ਦਾ ਜਨਮ ਹੋਇਆ। ਪਰ ਭਾਗਵਤ ਆਦਿ ਪੁਰਾਣਾਂ ਵਿਚ ਲਿਖਿਆ ਹੈ ਕਿ ਭਗਵਾਨ ਵਿਸ਼ਨੂੰ ਨੇ ਪਹਿਲੇ ਮਹਤਤ੍ਵ, ਅਹੰਕਾਰ ਤੇ ਤਨ ਮਾਤਰਾ ਦਵਾਰਾ ਯਾਰਾਂ ਇੰਦਰੀਆਂ ਤੇ ਪੰਜ ਮਹਾਂ ਭੂਤ, ਇਨ੍ਹਾਂ ਸੋਲ੍ਹਾਂ ਕਲਾਂ ਨਾਲ ਵਿਸ਼ਸ਼ ਵਿਰਾਟ ਰੂਪ ਧਾਰਨ ਕੀਤਾ। ਤਦ ਉਨ੍ਹਾਂ ਦੀ ਧੁੰਨੀ ਤੋਂ ਜੋ ਕਮਲ ਨਿਕਲਿਆ, ਉਸ ਤੋਂ ਬ੍ਰਹਮਾਂ ਦੀ ਉਤਪੱਤੀ ਹੋਈ। ਬ੍ਰਹਮਾ ਦੇ ਸਰੀਰ ਤੋਂ ਜਦ ਇਕ ਬਹੁਤ ਸੁੰਦਰ ਕੰਨਿਆ ਪੈਦਾ ਹੋਈ, ਤਦ ਉਹ ਉਸ ਉਤੇ ਮੋਹਿਤ ਹੋ ਕੇ ਉਸ ਨੂੰ ਤੱਕਣ ਲੱਗਾ। ਉਹ ਉਨ੍ਹਾਂ ਦੇ ਚੌਹੀਂ ਪਾਸੀਂ ਫਿਰਨ ਲੱਗੀ। ਜਿਧਰ ਉਹ ਜਾਂਦੀ ਸੀ ਉਸ ਨੂੰ ਵੇਖਣ ਦੇ ਵਾਸਤੇ ਬ੍ਰਹਮਾਂ ਦਾ ਇਕ ਸਿਰ ਪੈਦਾ ਹੋ ਜਾਂਦਾ। ਇਸੇ ਤਰ੍ਹਾਂ ਨਾਲ ਬ੍ਰਹਮਾਂ ਦੇ ਚਾਰ ਮੂੰਹ ਹੋ ਗਏ। ਬ੍ਰਹਮਾਂ ਦੇ ਦਸ ਮਾਨਸੀ ਪੁੱਤਰ ਹੋਏ- ਮਰੀਚਿ, ਆਤਿਰ, ਅੰਗਿਰਾ, ਪੁਲਸਤ, ਪੁਲਹ, ਕ੍ਰਤੁ, ਪ੍ਰਚੇਤਾ, ਵਿਸ਼ਸਠ, ਭਰਗ ਅਤੇ ਨਾਰਦ। ਇਹਨਾਂ ਨੂੰ ਪਰਜਾਪਤਿ ਵੀ ਕਹਿੰਦੇ ਹਨ।

ਪੁਰਾਣਾਂ ਵਿਚ ਬ੍ਰਹਮਾਂ ਜੀ ਵੇਦਾਂ ਦੇ ਪ੍ਰਗਟ ਕਰਤਾ ਕਹੇ ਹਨ, ਕਰਮਾਨੁਸਾਰ ਮਨੁੱਖ ਦੇ ਚੰਗੇ ਮੰਦੇ ਫਲ ਜਾਂ ਭਾਗ ਨੂੰ ਗਰਭ ਦੇ ਸਮੇਂ ਤੋਂ ਹੀ ਸਥਿਰ ਕਰਨ ਵਾਲੇ ਬ੍ਰਹਮਾ ਨੂੰ ਹੀ ਮੰਨਿਆ ਜਾਂਦਾ ਹੈ। ਸ਼ਾਸਤਰ ਤੇ ਸਿੰਮਰਤੀ ਦੇ ਕਰਤਾ ਬ੍ਰਹਮਾ ਜੀ ਹਨ। ਬ੍ਰਹਮਾ ਇਹਨਾਂ ਨੂੰ ਕਿਸ ਤਰ੍ਹਾਂ ਕਰਦਾ

ਹੈ? ਇਸ ਦਾ ਵਿਚਾਰ 'ਬ੍ਰਹਮਾ ਦੇ ਅਵਤਾਰ' ਨਾਮਕ ਵਖਰੇ ਪ੍ਰਕਰਣ ਵਿਚ ਕੀਤਾ ਗਿਆ ਹੈ ਜੋ ਇਸੇ ਪੁਸਤਕ ਦੇ ਤੀਜੇ ਅੰਕ ਵਿਚ ਹੈ।

ਗੌੜੀਯ ਵੈਸ਼ਣਵਾਂ ਦੇ ਪ੍ਰਮਾਣੀਕ ਪੁਸਤਕ 'ਸ੍ਰੀ ਚੈਤੰਨਯ ਚਰਿਤਾਮ੍ਰਤ' ਵਿਚ ਇਕ ਕਥਾ ਇਸ ਤਰ੍ਹਾਂ ਲਿਖੀ ਹੈ -

ਦਵਾਰਕਾ ਪੁਰੀ ਵਿਚ ਇਕ ਦਿਨ ਭਗਵਾਨ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਵਾਸਤੇ ਬ੍ਰਹਮਾ ਜੀ ਆਏ। ਸ੍ਰੀ ਕ੍ਰਿਸ਼ਨ ਜੀ ਨੂੰ ਦ੍ਵਾਰਪਾਲ ਨੇ ਜਾਕੇ ਖਬਰ ਦਿੱਤੀ। ਭਗਵਾਨ ਨੇ ਦ੍ਵਾਰਪਾਲ ਨੂੰ ਕਿਹਾ,

"ਜਾ ਕੇ ਪੁਛੋ, ਕਿਹੜਾ ਬ੍ਰਹਮਾ ਆਇਆ ਹੈ? ਉਸਦਾ ਨਾਮ ਕੀ ਹੈ?"

ਦ੍ਵਾਰਪਾਲ ਨੇ ਜਾ ਕੇ ਬ੍ਰਹਮਾ ਤੋਂ ਇਹ ਗੱਲ ਪੁੱਛੀ। ਇਸ ਪ੍ਰਸ਼ਨ ਨੂੰ ਸੁਣ ਕੇ ਚੌਹ ਮੂੰਹ ਵਾਲੇ ਬ੍ਰਹਮਾ ਜੀ ਚੱਕ੍ਰਤ ਹੋ ਗਏ ਅਤੇ ਕਹਿਣ ਲੱਗੇ,

ਮੈਂ ਹੀ ਇਕ ਬ੍ਰਹਮਾ ਹਾਂ, ਹੋਰ ਦੂਜਾ ਬ੍ਰਹਮਾ ਕੌਣ ਹੈ? ਜਾ ਕੇ ਕਹੋ ਕਿ ਸਨਕਾਦਿਕਾਂ ਦਾ ਪਿਤਾ ਚਾਰ ਮੂੰਹਾਂ ਵਾਲਾ ਬ੍ਰਹਮਾ ਆਇਆ ਹੈ।"

ਜਦ ਕ੍ਰਿਸ਼ਨ ਜੀ ਦੀ ਆਗਿਆ ਮਿਲਣ ਤੇ ਬ੍ਰਹਮਾ ਜੀ ਅੰਦਰ ਗਏ ਤਾਂ ਬ੍ਰਹਮਾ ਜੀ ਨੇ ਸ੍ਰੀ ਕ੍ਰਿਸ਼ਨ ਜੀ ਤੋਂ ਪੁੱਛਿਆ, "ਭਗਵਾਨ! ਆਪ ਦੇ ਇਸ ਪੁੱਛਣ ਦਾ ਕੀ ਮਤਲਬ ਸੀ ਬ੍ਰਹਮਾ ਕਿਹੜਾ ਆਇਆ ਹੈ? ਮੈਥੋਂ ਬਿਨਾਂ ਜਗਤ ਵਿਚ ਦੂਸਰਾ ਬ੍ਰਹਮਾ ਕੌਣ ਹੈ?"

ਬ੍ਰਹਮਾ ਦੀ ਇਹ ਗੱਲ ਸੁਣ ਕੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਮੁਸਕਰਾਏ ਅਤੇ ਕੁਝ ਧਿਆਨ ਕੀਤਾ।

ਉਸੇ ਵਕਤ ਉਥੇ ਅਣਗਿਣਤ ਬ੍ਰਹਮਾ ਆ ਕੇ ਇਕੱਠੇ ਹੋ ਗਏ।

ਚੈਤੰਨ ਚਰਿਤਾਮ੍ਰਿਤਕਾਰ ਵਰਣਨ ਕਰਦੇ ਹੋਏ ਕਹਿੰਦੇ ਹਨ, ਉਨ੍ਹਾਂ ਅਨਗਿਣਤ ਬ੍ਰਹਮਾ ਵਿਚੋਂ ਕਿਸੇ ਦੇ ਵੀਹ, ਕਿਸੇ ਦੇ ਸੌ, ਕਿਸੇ ਦੇ ਹਜ਼ਾਰ, ਕਿਸੇ ਦੇ ਲੱਖ, ਕਿਸੇ ਦੇ ਕ੍ਰੋੜ ਅਤੇ ਕਿਸੇ ਦੇ ਅਰਬ ਮੂੰਹ ਸਨ, ਜਿਹਨਾਂ ਦੀ ਗਿਣਤੀ ਨਹੀਂ ਸੀ ਹੋ ਸਕਦੀ। ਇਸੇ ਤਰ੍ਹਾਂ ਕ੍ਰੋੜਾਂ ਮੂੰਹ ਵਾਲੇ ਰੁਦਰ ਅਤੇ ਕ੍ਰੋੜਾਂ ਅੱਖਾਂ ਵਾਲੇ ਇੰਦਰ ਵੀ ਆਏ। ਚੌਹਾਂ ਮੂੰਹਾਂ ਵਾਲਾ ਬ੍ਰਹਮਾ ਇਹਨਾਂ ਨੂੰ ਵੇਖ ਕੇ ਹੈਰਾਨੀ ਵਿਚ ਡੁੱਬ ਗਿਆ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਤੇ ਢਹਿ ਪਿਆ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਦਸਮੋ ਅਵਤਾਰ 'ਬ੍ਰਹਮਾ' ਕਥਨੰ ਸਮਾਪਤਮ॥ ਸਤੁ ਸੁਭਮ ਸਤੁ॥੧੦॥੭॥੨੧੨॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਦਸਵਾਂ ਅਵਤਾਰ 'ਬ੍ਰਹਮਾ' ਦੀ ਕਥਾ ਸਮਾਪਤ॥ ਸਤ ਸ਼ੁਭਮ ਸਤ॥੧੦॥੭॥੨੧੨॥ ਚਲਦਾ॥

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਭਗਉਤੀ ਜੀ ਸਹਾਇ॥

# ਗਿਆਰੁਵਾਂ ਅਵਤਾਰ 'ਸ਼ਿਵ'

**ਤੋਟਕ ਛੰਦ॥ ਸਭ ਹੀ ਜਨ ਧਰਮ ਕੇ ਕਰਮ ਲਗੇ॥ ਤਜ ਜੋਗ ਕੀ ਰੀਤ ਕੀ ਪ੍ਰੀਤ ਭਗੇ॥**
**ਜਬ ਧਰਮ ਚਲੇ ਤਬ ਜੀਉ ਬਢੇ॥ ਜਨ ਕੋਟ ਸਰੂਪ ਕੇ ਬ੍ਰਹਮੁ ਗਢੇ॥ ੧॥**

ਸਾਰੇ ਪੁਰਖ ਧਰਮ ਦੇ ਕੰਮਾਂ ਵਿਚ ਲੱਗ ਗਏ। ਜੋਗ ਦੀ ਰੀਤੀ ਨੂੰ ਛੱਡ ਕੇ ਪ੍ਰੀਤੀ ਵਿਚ ਭਿੱਜ ਗਏ। ਜਦ ਧਰਮ ਚਲ ਪਿਆ ਤਾਂ ਜੀਵ ਵਧ ਗਏ, ਅਤੇ ਉਨ੍ਹਾਂ ਪੁਰਸ਼ਾਂ ਨੇ ਕ੍ਰੋੜਾਂ ਸ਼ਕਲਾਂ ਦੇ ਰਬ ਬਣਾ ਲਏ॥ ੧॥

**ਜਗਜੀਵਨ ਭਾਰ ਭਰੀ ਧਰਣੀ॥ ਦੁਖ ਆਕਲ ਜਾਤ ਨਹੀ ਬਰਣੀ॥**
**ਧਰ ਰੂਪ ਗਊ ਦਧ ਸਿੰਧ ਗਈ॥ ਜਗਨਾਇਕ ਪੈ ਦੁਖੁ ਰੋਤ ਭਈ॥ ੨॥**

ਜਗਤ ਦੇ ਜੀਵਾਂ ਦੇ ਭਾਰ ਨਾਲ ਧਰਤੀ ਭਰ ਗਈ, ਦੁੱਖਾਂ ਨਾਲ ਐਸੀ ਵਿਆਕੁਲ ਹੋਈ, ਜੋ ਕਥਨ ਨਹੀਂ ਕੀਤੀ ਜਾ ਸਕਦੀ। ਫਿਰ ਧਰਤੀ ਗਊ ਦਾ ਰੂਪ ਧਾਰ ਕੇ ਖੀਰ ਸਮੁੰਦਰ ਵਿਚ ਗਈ, ਅਤੇ ਜਗਤ ਦੇ ਸਵਾਮੀ ਨੂੰ ਸਾਰੇ ਦੁੱਖ ਰੋ ਕੇ ਸੁਣਾ ਦਿੱਤੇ॥ ੨॥

**ਹੱਸ ਕਾਲ ਪ੍ਰਸੰਨਿ ਭਏ ਤਬ ਹੀ॥ ਦੁਖ ਸ੍ਰਉਨਨ ਭੂਮ ਸੁਨਜੋ ਜਬ ਹੀ॥**
**ਢਿਗ ਬਿਸ਼ਨ ਬੁਲਾਇ ਲਯੋ ਅਪਨੇ॥ ਇਹ ਭਾਤ ਕਹਜੋ ਤਿਹੱਕੋ ਸੁ ਪਨੇ॥ ੩॥**

ਜਦ ਕਾਲ ਜੀ ਨੇ ਧਰਤੀ ਦੇ ਦੁੱਖ ਕੰਨੀਂ ਸੁਣੇ ਤਾਂ ਪ੍ਰਸੰਨ ਹੋ ਕੇ ਹੱਸ ਪਏ। ਫਿਰ ਆਪਣੇ ਕੋਲ ਬਿਸ਼ਨ ਨੂੰ ਬੁਲਾ ਲਿਆ, ਉਸ ਨੂੰ ਆਪ ਨੇ ਇਸ ਤਰ੍ਹਾਂ ਕਿਹਾ॥ ੩॥

**ਸੁ ਕਹਜੋ ਤੁਮ ਰੁਦ੍ਰ ਸਰੂਪ ਧਰੋ॥ ਜਗਜੀਵਨ ਕੋ ਚਲਿ ਨਾਸ ਕਰੋ॥**
**ਤਬ ਹੀ ਤਿਹ ਰੁਦ੍ਰ ਸਰੂਪ ਧਰਜੋ॥ ਜਗ ਜੰਤ ਸੰਘਾਰ ਕੈ ਜੋਗ ਕਰਜੋ॥ ੪॥**

ਹੇ ਵਿਸ਼ਨੂੰ! ਤੂੰ ਸ਼ਿਵ ਸਰੂਪ ਧਾਰਨ ਕਰ, ਜੀਵਾਂ ਦਾ ਜਗਤ ਵਿਚ ਜਾਕੇ ਨਾਸ ਕਰ। ਤਦੋਂ ਹੀ ਉਸਨੇ ਰੁਦਰ ਭਾਵ ਸ਼ਿਵ ਰੂਪ ਧਾਰਨ ਕਰ ਲਿਆ, ਅਤੇ ਜਗਤ ਦੇ ਜੀਵਾਂ ਨੂੰ ਨਾਸ ਕਰ ਕੇ ਸਭ ਕੁਝ ਠੀਕ ਕਰ ਦਿੱਤਾ॥ ੪॥

**ਕਹਿਹੋਂ ਸ਼ਿਵ ਜੈਸਕ ਜੁੱਧ ਕੀਏ॥ ਸੁਖ ਸੰਤਨ ਕੋ ਜਿਹ ਭਾਂਤ ਦੀਏ॥**

**ਗਨਿ ਹੋਂ ਜਿਹ ਭਾਂਤ ਬਰੀ ਗਿਰਜਾ॥ ਜਗਜੀਤ ਸੁਯੰਬਰ ਮੋ ਸਪ੍ਰਭਾ॥੫॥**

ਹੁਣ ਮੈਂ ਉਹ ਕਥਾ ਕਹਿੰਦਾ ਹਾਂ, ਸ਼ਿਵਜੀ ਨੇ ਜਿਸ ਤਰ੍ਹਾਂ ਜੰਗ ਕੀਤੇ ਸਨ, ਅਤੇ ਜਿਸ ਤਰ੍ਹਾਂ ਸੰਤਾਂ ਨੂੰ ਸੁੱਖ ਦਿੱਤੇ ਸਨ। ਫਿਰ ਦਸਾਂਗੇ ਜਿਸ ਤਰ੍ਹਾਂ ਗਿਰਜਾ ਭਾਵ ਪਾਰਬਤੀ ਨੂੰ ਵਿਆਹਿਆ ਸੀ, ਉਸ ਨੇ ਪ੍ਰਭਾ ਭਾਵ ਸੁੰਦਰਤਾ ਨਾਲ ਸੁਅੰਬਰ ਵਿਚ ਜਗਤ ਨੂੰ ਜਿੱਤਿਆ ਸੀ॥੫॥

**ਜਿਮ ਅੰਧਕ ਸੋਂ ਹਰਿ ਜੁੱਧੁ ਕਰਜੋ॥ ਜਿਹ ਭਾਂਤ ਮਨੋਜ ਕੋ ਮਾਨ ਹਰਜੋ॥**
**ਦਲ ਦੈਤ ਦਲੇ ਕਰ ਕੋਪ ਜਿਮੰ॥ ਕਹਿਹੋਂ ਸਭ ਛੋਰਿ ਪ੍ਰਸੰਗ ਤਿਮੰ॥੬॥**

ਜਿਵੇਂ ਅੰਧਕ ਦੈਂਤ ਨਾਲ ਸ਼ਿਵਜੀ ਨੇ ਜੁੱਧ ਕੀਤਾ ਸੀ ਅਤੇ ਜਿਸ ਤਰ੍ਹਾਂ ਨਾਲ ਮਨੋਜ ਭਾਵ ਕਾਮਦੇਵ ਦਾ ਮਾਨ ਦੂਰ ਕੀਤਾ ਸੀ। ਕ੍ਰੋਧ ਨਾਲ ਦੈਂਤਾਂ ਦੇ ਦਲਾਂ ਨੂੰ ਜਿਸ ਤਰ੍ਹਾਂ ਦਲ ਦਿੱਤਾ ਸੀ। ਇਹ ਸਾਰਾ ਪ੍ਰਸੰਗ ਸ਼ੁਰੂ ਤੋਂ ਉਸੇ ਤਰ੍ਹਾਂ ਕਹਿੰਦਾ ਹਾਂ॥੬॥

**ਪਾਧਰੀ ਛੰਦ॥ ਜਬ ਹੋਤ ਧਰਨ ਭਾਰਾ ਕਰਾਂਤ॥ ਤਬ ਪਰਤ ਨਾਹਿ ਤਿਹੱ ਹ੍ਰਿਦੇ ਸ਼ਾਂਤ॥**
**ਚਲ ਦਧ ਸਮੁੰਦ੍ਰ ਕਰਈ ਪੁਕਾਰ॥ ਤਬ ਧਰਤ ਬਿਸ਼ਨ ਰੁਦ੍ਰਾਵਤਾਰ॥੭॥**

ਜਦੋਂ ਭਾਰ ਨਾਲ ਧਰਤੀ ਵਿਆਕੁਲ ਹੋ ਜਾਂਦੀ ਹੈ ਤਦ ਉਸਦੇ ਹਿਰਦੇ ਵਿਚ ਸ਼ਾਂਤੀ ਨਹੀਂ ਆਉਂਦੀ, ਖੀਰ ਸਮੁੰਦਰ ਵਿਚ ਜਾ ਕੇ ਪੁਕਾਰ ਕਰਦੀ ਹੈ, ਤਦੋਂ ਹੀ ਬਿਸ਼ਨ ਜੀ ਰੁਦਰ ਅਵਤਾਰ ਧਾਰਦੇ ਹਨ॥੭॥

**ਤਬ ਕਰਤ ਸਕਲ ਦਾਨਵ ਸੰਘਾਰ॥ ਕਰ ਦਨੁਜ ਪ੍ਰਲਵ ਸੰਤਨ ਉਧਾਰ॥**
**ਇਹ ਭਾਂਤਿ ਸਕਲ ਕਰਿ ਦੁਸ਼ਟ ਨਾਸ॥ ਪੁਨਿ ਕਰਤਿ ਹ੍ਰਿਦੈ ਭਗਤਾਨ ਬਾਸ॥੮॥**

ਤਦ ਰੁਦਰ ਸਾਰੇ ਦਾਨਵਾਂ ਦਾ ਸੰਘਾਰ ਕਰਦਾ ਹੈ। ਦੈਂਤਾਂ ਦੇ ਪੁੱਤਰਾਂ ਦੀ ਪਰਲੋ ਕਰ ਕੇ ਸੰਤਾਂ ਦਾ ਬਚਾਉ ਕਰਦਾ ਹੈ। ਇਸ ਤਰ੍ਹਾਂ ਨਾਲ ਸਾਰੇ ਦੁਸ਼ਟਾਂ ਦਾ ਨਾਸ ਕਰ ਕੇ ਭਗਵਾਨ ਦੇ ਹਿਰਦੇ ਵਿਚ ਫਿਰ ਨਿਵਾਸ ਜਾ ਕਰਦਾ ਹੈ॥੮॥

**ਤੋਟਕ ॥ ਤ੍ਰਿਪੁਰੈ ਇਕ ਦੈਤ ਬਢਿਯੋ ਤ੍ਰਿਪੁਰੰ॥ ਜਿਹ ਤੇਜ ਤਪੈ ਰਵਿ ਜਿਉ ਤ੍ਰਿਪੁਰੰ॥**
**ਬਰਦਾਇ ਮਹਾਸੁਰ ਐਸ ਭਯੋ॥ ਜਿਨ ਲੋਕ ਚਤੁਰ ਦਸ ਜੀਤ ਲਯੋ॥੯॥**

ਇਕ ਦੈਂਤ ਤ੍ਰਿਪੁਰ ਨਾਮ ਦਾ ਤਿੰਨਾਂ ਪੁਰਾਂ ਵਿਚ ਜ਼ੋਰ ਵਾਲਾ ਹੋਇਆ ਹੈ। ਜਿਸ ਦੇ ਤੇਜ ਕਰ ਕੇ ਤਿੰਨੇ ਪੁਰ ਸੂਰਜ ਵਾਂਗੂੰ ਤਪਦੇ ਸਨ। ਐਸਾ ਮਹਾਂ ਬਲਵਾਨ ਦੈਂਤ ਹੋ ਗਿਆ ਕਿ ਉਸ ਚੌਦਾਂ ਲੋਕਾਂ ਨੂੰ ਜਿੱਤ ਲਿਆ ਸੀ॥੯॥

**ਜੋਊ ਏਕ ਹੀ ਬਾਣ ਹਣੈ ਤ੍ਰਿਪੁਰੰ॥ ਸੋਊ ਨਾਸ ਕਰੈ ਤਿਹ ਦੈਤ ਦੁਰੰ॥**

**ਅਸ ਕੋ ਪ੍ਰਗਟਜੋ ਕਬ ਤਾਹਿ ਗਨੈ॥ ਇਕ ਬਾਣ ਹੀ ਸੋ ਪੁਰ ਤੀਨ ਹਨੈਂ॥ ੧੦॥**

ਇਕੋ ਤੀਰ ਨਾਲ ਜੇਹੜਾ ਉਨ੍ਹਾਂ ਦੈਂਤਾਂ ਦੀਆਂ ਤਿੰਨਾਂ ਪੁਰੀਆਂ ਨੂੰ ਨਸ਼ਟ ਕਰਦਾ ਹੈ। ਓਹੋ ਹੀ ਉਨ੍ਹਾਂ ਭਿਆਨਕ ਦੈਂਤਾਂ ਦਾ ਨਾਸ ਕਰੇਗਾ। ਅਜੇਹਾ ਕੌਣ ਪ੍ਰਗਟ ਹੋਇਆ ਹੈ? ਕਵੀ ਉਸ ਦਾ ਵਰਣਨ ਕਰਦਾ ਹੈ। ਜਿਸ ਨੇ ਇਕੋ ਤੀਰ ਨਾਲ ਸੋਨੇ, ਚਾਂਦੀ ਤੇ ਲੋਹੇ ਦੀਆਂ ਤਿੰਨੇ ਪੁਰੀਆਂ ਤੋੜ ਦਿੱਤੀਆਂ ਸਨ॥ ੧੦॥

**ਸ਼ਿਵ ਧਾਇ ਚਲਜੋ ਤਿਹ ਮਾਰਨ ਕੋ॥ ਜਗ ਕੇ ਸਭ ਜੀਵ ਉਧਾਰਨ ਕੋ॥**
**ਕਰ ਕੋਪ ਤਜਜੋ ਸਿਤ ਸੁੱਧ ਸਰੰ॥ ਇਕ ਬਾਰ ਹੀ ਨਾਸ ਕੀਯੋ ਤ੍ਰਿਪੁਰੰ॥ ੧੧॥**

ਸ਼ਿਵਜੀ ਧਾਵਾ ਕਰਕੇ ਉਨ੍ਹਾਂ ਨੂੰ ਮਾਰਨ ਲਈ ਅਤੇ ਜਗਤ ਦੇ ਸਾਰੇ ਜੀਵਾਂ ਨੂੰ ਬਚਾਉਣ ਲਈ ਚਲਿਆ। ਕ੍ਰੋਧ ਕਰਕੇ ਉਸ ਬਹੁਤ ਹੀ ਚਮਕ ਵਾਲਾ ਤੀਰ ਛੱਡਿਆ ਜਿਸ ਇਕੋ ਵਾਰ ਤਿੰਨਾਂ ਪੁਰੀਆਂ ਦਾ ਨਾਸ ਕਰ ਦਿੱਤਾ॥ ੧੧॥

**ਲਖ ਕਉਤਕ ਸਾਧ ਸਭੈ ਹਰਖੇ॥ ਸੁਮਨੰ ਬਰਖਾ ਨਭ ਤੇ ਬਰਖੇ॥**
**ਧੁਨਿ ਪੂਰਿ ਰਹੀ ਜਯ ਸੱਦ ਹੂਅੰ॥ ਗਿਰ ਹੇਮ ਹਲਾਚਲ ਕੰਪ ਭੂਅੰ॥ ੧੨॥**

ਸਾਰੇ ਸਾਧ ਅਤੇ ਦੇਵਤੇ ਇਸ ਕੌਤਕ ਨੂੰ ਦੇਖ ਕੇ ਪ੍ਰਸੰਨ ਹੋਏ, ਫੁੱਲਾਂ ਦਾ ਮੀਂਹ ਅਕਾਸ਼ ਤੋਂ ਵਸਾ ਦਿੱਤਾ ਅਤੇ ਜੈ ਜੈ ਕਾਰ ਦੀ ਅਵਾਜ਼ ਸਾਰੀ ਪ੍ਰਿਥਵੀ ਮੰਡਲ ਵਿਚ ਗੂੰਜ ਉਠੀ, ਜਿਸ ਨਾਲ ਹੇਮ ਪਰਬਤ ਹਿੱਲ ਗਿਆ ਅਤੇ ਧਰਤੀ ਕੰਬ ਗਈ॥ ੧੨॥

**ਦਿਨ ਕੇਤਕ ਬੀਤ ਗਏ ਜਬ ਹੀ॥ ਅਸੁਰੰਧਕ ਬੀਰ ਬੀਯੋ ਤਬ ਹੀ॥**
**ਤਬ ਬੈਲ ਚੜਜੋ ਗਹਿ ਸੂਲ ਸ਼ਿਵੰ॥ ਸੁਰ ਚਉਕ ਚਲੇ ਹਰਿ ਕੋਪ ਕਿਵੰ॥ ੧੩॥**

ਕਈ ਦਿਨ ਜਦੋਂ ਬੀਤ ਗਏ, ਤਦੋਂ ਅਧੰਕ ਨਾਮ ਦਾ ਦੈਂਤ ਦੂਜਾ ਯੋਧਾ ਹੋਇਆ। ਤਦੋਂ ਬੈਲ ਉਤੇ ਚੜ੍ਹ ਕੇ ਤ੍ਰਿਸ਼ੂਲ ਫੜ ਕੇ ਸ਼ਿਵਜੀ ਕ੍ਰੋਧ ਕਰਕੇ ਚਲਿਆ। ਤਦੋਂ ਸਾਰੇ ਦੇਵਤੇ ਸ਼ਿਵ ਦਾ ਕ੍ਰੋਧ ਵੇਖ ਕੇ ਤ੍ਰਿੱਬਕ ਗਏ॥ ੧੩॥

**ਗਣ ਗੰਧ੍ਰਬ ਜੱਛ ਸਭੈ ਉਰਗੰ॥ ਬਰ ਦਾਨ ਦਯੋ ਸ਼ਿਵ ਕੋ ਦੁਰਗੰ॥**
**ਹਨਿਹੋ ਨਿਰਖੰਤ ਮੁਰਾਰ ਸੁਰੰ॥ ਤ੍ਰਿਪੁਰਾਰ ਹਨਜੋ ਜਿਮ ਕੈ ਤ੍ਰਿਪੁਰੰ॥ ੧੪॥**

ਸਾਰੇ ਗਣਾਂ, ਗੰਧਰਬਾਂ, ਜੱਛਾਂ, ਸੱਪਾਂ ਅਤੇ ਦੁਰਗਾ ਨੇ ਸ਼ਿਵਜੀ ਨੂੰ ਵਰਦਾਨ ਦਿੱਤਾ ਸੀ ਕਿ ਸਭ ਦੇ ਵੇਖਦਿਆਂ ਹੀ ਤੁਸੀਂ ਅੰਧਕ ਦੈਂਤ ਨੂੰ ਇਸ ਤਰ੍ਹਾਂ ਮਾਰੋਗੇ, ਜਿਵੇਂ ਤ੍ਰਿਪੁਰਾਰ ਭਾਵ ਤਿੰਨਾਂ ਪੁਰਾਂ ਵਾਲੇ ਦੈਂਤ ਨੂੰ ਮਾਰਿਆ ਸੀ ਅਤੇ ਤਿੰਨਾਂ ਪੁਰਾਂ ਨੂੰ ਨਸ਼ਟ ਕੀਤਾ ਸੀ॥ ੧੪॥

**ਉਹੁ ਓਰ ਚੜੇ ਦਲ ਲੈ ਦੁਜਨੰ॥ ਇਹ ਓਰ ਰਿਸਜੋ ਗਹਿ ਸੂਲ ਸ਼ਿਵੰ॥**

**ਰਣ ਰੰਗ ਰੰਗੇ ਰਣ ਧੀਰ ਰਣੰ॥ ਜਨ ਸੋਭਤ ਪਾਵਕ ਜ੍ਵਾਲ ਬਣੰ॥੧੫॥**

ਉਸ ਪਾਸੇ ਵੈਰੀ ਫੌਜ ਲੈ ਕੇ ਚੜ੍ਹਿਆ ਸੀ, ਜਿਸ ਪਾਸੇ ਤ੍ਰਿਸ਼ੂਲ ਫੜ ਕੇ ਸ਼ਿਵਜੀ ਬੜੇ ਕ੍ਰੋਧ ਵਿਚ ਆਇਆ ਹੋਇਆ ਸੀ। ਦੋਵੇਂ ਰਣਧੀਰ ਜੰਗ ਭੂਮੀ ਵਿਚ ਰਣ ਦੇ ਰੰਗ ਵਿਚ ਰੰਗੇ ਹੋਏ ਸਨ। ਏਦਾਂ ਜਾਪਦਾ ਸੀ ਜਿਵੇਂ ਬਲਦੀ ਹੋਈ ਅੱਗ ਦੀ ਲਾਟ ਸ਼ੋਭ ਰਹੀ ਸੀ॥੧੫॥

**ਦਨੁ ਦੇਵ ਦੋਊ ਰਣ ਰੰਗ ਰਚੇ॥ ਗਹਿ ਸ਼ਸਤ੍ਰ ਸਭੈ ਰਸ ਰੁਦ੍ਰ ਮਚੇ॥**
**ਸਰ ਛਾਡਤ ਬੀਰ ਦੋਊ ਹਰਖੇ॥ ਜਨੁ ਅੰਤ ਪ੍ਰਲੈ ਘਨ ਸੇ ਬਰਖੇ॥੧੬॥**

ਦੇਵਤੇ ਤੇ ਦੈਂਤ ਦੋਵੇਂ ਜੰਗ ਦੇ ਰੰਗ ਵਿਚ ਰਚੇ ਹੋਏ ਸਨ, ਸ਼ਸਤਰ ਫੜ ਕੇ ਸਾਰੇ ਰੁਦਰ ਰਸ ਵਿਚ ਮਸਤ ਸਨ। ਦੋਹਾਂ ਪਾਸਿਆਂ ਦੇ ਸੂਰਮੇ ਬੜੇ ਚਾਅ ਨਾਲ ਤੀਰ ਛੱਡਦੇ ਸਨ। ਜੋ ਪਰਲੋ ਕਰਨ ਵਾਲੇ ਬੱਦਲਾਂ ਵਾਂਗੂੰ ਵਸਦੇ ਸਨ॥੧੬॥

## *ਰੁਆਮਲ ਛੰਦ॥*

**ਘਾਇ ਖਾਇ ਭਜੇ ਸੁਰਾਰਦਨ ਕੋਪੁ ਓਪ ਮਿਟਾਇ॥**
**ਅੰਧਿ ਕੰਧਿ ਫਿਰਜੋ ਤਬੈ ਜਯ ਦੁੰਦਭੀਨ ਬਜਾਇ॥**
**ਸੂਲ ਸੈਹਥ ਪਰਘ ਪਟੀਸ ਬਾਣ ਓਘ ਪ੍ਰਹਾਰ॥**
**ਪੇਲ ਪੇਲ ਗਿਰੇ ਸੁ ਬੀਰਨ ਕੇਲ ਜਾਨ ਧਮਾਰ॥੧੭॥**

ਅੰਧਿ ਕੰਧਿ= ਅੰਧਕ ਦੈਂਤ ਮਦ ਮਸਤ ਹੋ ਕੇ। ਸੂਲ ਸੈਹਥ ਪਰਘ ਪਟਿਸ=ਇਹ ਸ਼ਸਤਰਾਂ ਦੇ ਨਾਮ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਸਟੀਕ ਦੇ ਪੰਜਵੇਂ "ਭਾਗ ਸ਼ਸਤਰ ਨਾਮ ਮਾਲਾ ਪੁਰਾਣ" ਵਿਚ ਇਨ੍ਹਾਂ ਦਾ ਸਰੂਪ ਵੇਖੋ।

ਦੈਂਤ ਲੋਕ ਸ਼ਸਤਰਾਂ ਦੇ ਜ਼ਖਮ ਖਾ ਕੇ, ਅਤੇ ਤੇਜਹੀਨ ਹੋ ਕੇ ਭੱਜੇ ਜਾਂਦੇ ਸਨ। ਅੰਧਕ ਦੈਂਤ ਉਸ ਵੇਲੇ ਮਦ ਮਸਤ ਹੋ ਕੇ ਜਿਤ ਦੇ ਨਗਾਰੇ ਵਜਾਉਂਦਾ ਰਣ ਖੇਤਰ ਵੱਲ ਵਧ ਆਇਆ। ਸੂਲ ਸੈਹਥੀ ਪਰਘ, ਪੱਟੇ ਤੇ ਬਾਣ ਇਤਿਆਦਿਕ ਸਾਰੇ ਸ਼ਸਤਰਾਂ ਦੇ ਵਾਰ ਹੋਣ ਲੱਗੇ। ਝੂਮ ਝੂਮ ਕੇ ਸੂਰਮੇ ਡਿਗਦੇ ਹੋਏ ਇਸ ਤਰ੍ਹਾਂ ਮਲੂਮ ਹੁੰਦੇ ਸਨ, ਜਿਵੇਂ ਧਮਾਰ ਖੇਡ ਰਹੇ ਹੋਣ॥੧੭॥

**ਸੇਲ ਰੇਲ ਭਈ ਤਹਾ ਅਰ ਤੇਗ ਤੀਰ ਪ੍ਰਹਾਰ॥**
**ਗਾਹਿ ਗਾਹਿ ਫਿਰੇ ਫਵੱਜਨ ਬਾਹਿ ਬਾਹਿ ਹਥਿਯਾਰ॥**
**ਅੰਗ ਭੰਗ ਪਰੇ ਕਹੂੰ ਸਰਬੰਗ ਸ੍ਰੋਨਤ ਪੂਰ॥**
**ਏਕ ਏਕ ਬਰੀ ਅਨੇਕਨ ਹੇਰਿ ਹੇਰਿ ਸੁ ਹੂਰ॥੧੮॥**

ਉਥੇ ਬਰਛੀਆਂ ਦੀ ਭੁਰਮਾਰ ਹੋਈ ਅਤੇ ਤਲਵਾਰਾਂ ਤੀਰਾਂ ਦੇ ਵਾਰ ਹੋਏ। ਥਾਉਂ ਥਾਈਂ ਫੌਜੀ ਫਿਰਦੇ ਸਨ ਅਤੇ ਵਾਹੋ ਦਾਹੀ ਹਥਿਆਰ ਚਲਾਉਂਦੇ ਸਨ। ਕਿਤੇ ਕਿਸੇ ਦੇ ਅੰਗ ਵਢੇ ਪਏ ਸਨ, ਕਿਤੇ ਸਾਰੀ ਦੇਹ ਲਹੂ ਨਾਲ ਲੱਥ ਪੱਥ ਹੋਈ ਪਈ ਸੀ। ਇਕ ਇਕ ਸੂਰਮੇ ਨੇ ਸ਼ਹੀਦ ਹੋ ਕੇ ਅਨੇਕਾਂ ਸੁੰਦਰ ਸੁੰਦਰ ਹੂਰਾਂ ਵਿਆਹੀਆਂ ਸਨ॥੧੮॥

**ਚਉਰ ਚੀਰ ਰਥੀ ਰਥੋ ਤਮ ਬਾਜ ਰਾਜ ਅਨੰਤ॥**
**ਸ੍ਰੋਣ ਕੀ ਸਰਤਾ ਉਠੀ ਸੁ ਬਿਅੰਤ ਰੂਪ ਦੁਰੰਤ॥**
**ਸਾਜ ਬਾਜ ਕਟੇ ਕਹੂੰ ਗਜਰਾਜ ਤਾਜ ਅਨੇਕ॥**
**ਉਸ਼ਟਿ ਪੁਸ਼ਟਿ ਗਿਰੇ ਕਹੂੰ ਰਿਪ ਬਾਚੀਯੰ ਨਹੀ ਏਕ॥੧੯॥**

ਕਿਤੇ ਚੌਰ, ਚੀਰੇ ਪੱਗਾਂ , ਕਿਤੇ ਰਥੀ, ਕਿਤੇ ਰਥੀਆਂ ਦੇ ਸੈਨਾਪਤਿ ਕਿਤੇ ਰਾਜ ਘੋੜੇ ਡਿੱਗੇ ਪਏ ਸਨ, ਜਿਨ੍ਹਾਂ ਦਾ ਕੋਈ ਅੰਤ ਨਹੀਂ ਸੀ। ਬੜੇ ਡਰਾਉਣੇ ਰੂਪ ਵਾਲੀ ਲਹੂ ਦੀ ਨਦੀ ਵਗ ਤੁਰੀ ਸੀ। ਕਿਤੇ ਘੋੜਿਆਂ ਦੇ ਸਾਜ ਕੱਟੇ ਪਏ ਸਨ ਅਤੇ ਅਨੇਕਾਂ ਹੀ ਰਾਜ ਹਾਥੀਆਂ ਦੇ ਤਾਜ ਡਿੱਗੇ ਪਏ ਸਨ। ਕਿਤੇ ਮੋਟੇ ਤਾਜ਼ੇ ਊਠ ਵੀ ਡਿੱਗੇ ਪਏ ਸਨ, ਵੈਰੀਆਂ ਵਿਚੋਂ ਇਕ ਵੀ ਮਾਰ ਤੋਂ ਖਾਲੀ ਨਹੀਂ ਬਚਿਆ ਸੀ॥੧੯॥

**ਛਾਡਿ ਛਾਡਿ ਚਲੇ ਤਹਾ ਨ੍ਰਿਪ ਸਾਜ ਬਾਜ ਅਨੰਤ॥**
**ਗਾਜ ਗਾਜ ਹਨੇ ਸਦਾ ਸ਼ਿਵ ਸੂਰਬੀਰ ਦੁਰੰਤ॥**
**ਭਾਜ ਭਾਜ ਚਲੇ ਹਠੀ ਹਥਿਆਰ ਹਾਥਿ ਬਿਸਾਰ॥**
**ਬਾਣ ਪਾਣ ਕਮਾਣ ਛਾਡਿ ਸੁ ਚਰਮ ਬਰਮ ਬਿਸਾਰ॥੨੦॥**

ਰਾਜੇ ਅਨੇਕਾਂ ਹੀ ਸਮਾਨ ਤੇ ਘੋੜੇ ਛੱਡ ਛੱਡ ਕੇ ਚਲੇ ਜਾ ਰਹੇ ਸਨ। ਬਿਜਲੀ ਵਾਂਗੂੰ ਕੜਕ ਕੇ ਸ਼ਿਵ ਜੀ ਨੇ ਭਿਆਨਕ ਸੂਰਬੀਰਾਂ ਨੂੰ ਮਾਰ ਦਿੱਤਾ ਸੀ। ਰਣ ਵਿਚੋਂ ਭੱਜ ਭੱਜ ਕੇ ਜੋਧੇ ਚਲੇ ਜਾ ਰਹੇ ਸਨ, ਹੱਥ ਦੇ ਹਥਿਆਰਾਂ ਨੂੰ ਭੁਲਾ ਕੇ, ਕਈ ਢਾਲਾਂ ਤੇ ਸੰਜੋਯਾਂ ਦੀ ਸੰਭਾਲ ਤੋਂ ਵੀ ਹੀਣੇ ਹੋ ਕੇ ਹੱਥ ਵਿਚੋਂ ਧਨੁੱਖ ਬਾਣ ਛੱਡ ਕੇ ਚਲੇ ਗਏ ਸਨ॥੨੦॥

## *ਨਰਾਜ ਛੰਦ॥*

**ਜਿਤੇਕ ਸੂਰ ਧਾਈਜੰ॥ ਤਿਤੇਕ ਰੁਦ੍ਰ ਘਾਈਯੰ॥ ਜਿਤੇਕ ਅਉਰ ਧਾਵਹੀ॥ ਤਿਤਜੋ ਮਹੇਸ਼ ਘਾਵਹੀ॥੨੧॥**

ਧਾਵਾ ਕਰਕੇ ਜਿੰਨੇ ਕੁ ਸੂਰਮੇ ਆਉਂਦੇ ਸਨ, ਉਹ ਸਾਰੇ ਹੀ ਸ਼ਿਵ ਜੀ ਮਾਰ ਦਿੰਦਾ ਸੀ। ਜਿੰਨੇ ਹੋਰ ਧਾਵਾ ਕਰਨਗੇ, ਓਨਿਆਂ ਨੂੰ ਸ਼ਿਵਜੀ ਫਿਰ ਮਾਰ ਦੇਵੇਗਾ॥੨੧॥

ਕਮੰਧ ਅੰਧ ਉਠਹੀ॥ ਬਸੇਖ ਬਾਣ ਬੁਠਹੀ॥ ਪਿਨਾਕ ਪਾਣ ਤੇ ਹਣੇ॥ ਅਨੰਤ ਸੂਰਮਾ ਬਣੇ॥੨੨॥

ਅੰਧਾ ਧੁੰਧ ਧੜ ਭਜ ਰਹੇ ਸਨ, ਬੇਅੰਤ ਤੀਰਾਂ ਦਾ ਮੀਂਹ ਵਸਦਾ ਸੀ। ਸ਼ਿਵਜੀ ਦੇ ਹੱਥ ਤੋਂ ਅਨੇਕਾਂ ਬਹਾਦਰ ਸੂਰਮੇ ਮਾਰੇ ਗਏ ਸਨ॥੨੨॥

## ਰਸਾਵਲ ਛੰਦ॥

ਸਿਲਹ ਸੰਜਿ ਸੱਜੇ॥ ਚਹੂੰ ਓਰ ਗੱਜੇ॥ ਮਹਾਂ ਬੀਰ ਬੰਕੇ॥ ਮਿਟੈ ਨਾਹਿ ਡੰਕੇ॥੨੩॥

ਸੰਜੋਆਂ ਤੇ ਸ਼ਸਤਰਾਂ ਨਾਲ ਸਜੇ ਹੋਏ ਸੂਰਮੇ ਚੌਂਹ ਪਾਸੀਂ ਗੱਜ ਰਹੇ ਸਨ। ਇਹੋ ਜੇਹੇ ਬਾਂਕੇ ਸੂਰਬੀਰ ਸਨ, ਜਿਨ੍ਹਾਂ ਦਾ ਡੰਕਾ ਮਿਟ ਨਹੀਂ ਸਕਦਾ ਸੀ॥੨੩॥

ਬਜੇ ਘੋਰਿ ਬਾਜੰ॥ ਸਜੇ ਸੂਰ ਸਾਜੰ॥ ਘਣੰ ਜੇਮ ਗੱਜੇ॥ ਮਹਿਖੁਆਸ ਸੱਜੇ॥੨੪॥

ਵਾਜੇ ਬੜੀ ਗੂੰਜ ਨਾਲ ਵੱਜਦੇ ਸਨ, ਸੂਰਮੇ ਸਾਮਾਨ ਨਾਲ ਸਜੇ ਹੋਏ ਸਨ। ਬੱਦਲਾਂ ਵਾਂਗੂੰ ਗੱਜਦੇ ਸਨ। ਜਿਨ੍ਹਾਂ ਨੇ ਵੱਡੇ ਵੱਡੇ ਧਨੁੱਖ ਸਜਾਏ ਹੋਏ ਸਨ॥੨੪॥

ਮਹਿਖੁਆਸ ਧਾਰੀ॥ ਚਲੇ ਬਜੋਮ ਚਾਰੀ॥ ਸੁਭੰ ਸੂਰ ਹਰਖੇ॥ ਸਰੰਧਾਰ ਬਰਖੇ॥੨੫॥

ਜਿਹੜੇ ਵੱਡੇ ਵੱਡੇ ਧਨੁੱਖ ਧਾਰਨ ਵਾਲੇ ਸਨ, ਉਹ ਬਿਓਮਚਾਰੀ ਭਾਵ ਦੇਵਤੇ ਚਲੇ ਆਏ ਸਨ। ਉਨ੍ਹਾਂ ਨੂੰ ਵੇਖ ਕੇ ਸਾਰੇ ਸੂਰਮੇ ਅਨੰਦ ਮਈ ਹੋ ਰਹੇ ਸਨ ਅਤੇ ਤੀਰਾਂ ਦਾ ਮੀਂਹ ਵਸਾ ਰਹੇ ਸਨ॥੨੫॥

ਧਰੇ ਬਾਣ ਪਾਣੰ॥ ਚੜੇ ਤੇਜ ਮਾਣੰ॥ ਕਟਾ ਕੱਟਿ ਬਾਹੈਂ॥ ਅਧੋ ਅੰਗ ਲਾਹੈਂ॥੨੬॥

ਵੱਡੇ ਵੱਡੇ ਧਨੁੱਖ ਹੱਥ ਵਿਚ ਧਾਰੇ ਹੋਏ ਸਨ, ਬੜੇ ਤੇਜ ਵਾਲੇ ਜੋਧੇ ਜੰਗ ਨੂੰ ਚੜ੍ਹੇ ਸਨ। ਲੱਕ ਵਿਚੋਂ ਕੱਢ ਕੇ ਕਟਾਰਾਂ ਚਲਾਉਂਦੇ ਸਨ ਤੇ ਵੈਰੀ ਦਾ ਅੱਧਾ ਅੰਗ ਲਾਹ ਦਿੰਦੇ ਸਨ ਅਤੇ ਸਿਰ ਧੜ ਨਾਲੋਂ ਵੱਖ ਕਰ ਦਿੰਦੇ ਸਨ॥੨੬॥

ਰਿਸੇ ਰੋਸ ਰੁਦ੍ਰੰ॥ ਚਲੈ ਭਾਜ ਛੁਦ੍ਰੰ॥ ਮਹਾਂ ਬੀਰ ਗੱਜੇ॥ ਸਿਲਹਿ ਸੰਜਿ ਸੱਜੇ॥੨੭॥

ਸੂਰਮੇ ਰੁਦਰ ਰੋਸ ਵਿਚ ਭਰੇ ਹੋਏ ਸਨ, ਜਿਨ੍ਹਾਂ ਨੂੰ ਵੇਖ ਕੇ ਕਾਇਰ ਭੱਜ ਚਲੇ ਸਨ। ਮਹਾਨ ਜੋਧੇ ਗੱਜਦੇ ਸਨ, ਜੋ ਸ਼ਸਤਰਾਂ ਤੇ ਸੰਜੋਆਂ ਨਾਲ ਸੱਜੇ ਹੋਏ ਸਨ॥੨੭॥

ਲਏ ਸ਼ਕਤ ਪਾਣੰ॥ ਚੜੇ ਤੇਜ ਮਾਣੰ॥ ਗਣੰ ਗਾੜ ਗਾਜੇ॥ ਰਣੰ ਰੁਦ੍ਰ ਰਾਜੇ॥੨੮॥

ਜਿਨ੍ਹਾਂ ਨੇ ਹੱਥ ਵਿਚ ਬਰਛੀ ਲਈ ਹੋਈ ਸੀ ਤੇਜਮਾਨ ਹੋ ਕੇ ਜੰਗ ਨੂੰ ਚੜ੍ਹੇ ਹੋਏ ਸਨ। ਰਣ ਭੂਮੀ ਵਿਚ ਗੜ ਗੜ ਗੱਜਦੇ ਸਨ, ਅਤੇ ਰਣਭੂਮੀ ਵਿਚ ਰੁਦਰ ਜੀ ਸ਼ੋਭਾ ਪਾ ਰਹੇ ਸਨ॥੨੮॥

ਭਭੰਕੰਤ ਘਾਯੰ॥ ਲਰੇ ਚਉਪ ਚਾਯੰ॥ ਡਕੀ ਡਾਕਣੀਯੰ॥ ਰੜੇ ਕਾਕਣੀਯੰ॥੨੯॥

ਭੱਕ ਭੱਕ ਜ਼ਖਮੀਆਂ ਦੇ ਜ਼ਖਮ ਰਿਸਦੇ ਸਨ, ਜੋ ਉਤਸ਼ਾਹ ਤੇ ਚਾਅ ਨਾਲ ਲੜ ਰਹੇ ਸਨ।

ਲਹੂ ਨੂੰ ਪੀ ਕੇ ਡਾਕਨੀਆਂ ਡਕਾਰਦੀਆਂ ਸਨ ਅਤੇ ਮਾਸ ਖਾਣੀਆਂ, ਗਿਰਝਾਂ, ਬੋਲਦੀਆਂ ਸਨ॥ ੨੯॥

**ਭਯੰ ਰੋਸ ਰੁੱਦ੍ਰੰ॥ ਹਣੇ ਦੈਤ ਛੁੱਦ੍ਰੰ॥ ਕਟੇ ਅਧ ਅੱਧੰ॥ ਭਈ ਸੈਣ ਬੱਧੰ॥ ੩੦॥**

ਸ਼ਿਵਜੀ ਕ੍ਰੋਧਵਾਨ ਹੋਇਆ ਅਤੇ ਉਸ ਨੇ ਛੋਟੇ ਛੋਟੇ ਦੈਂਤ ਮਾਰ ਦਿੱਤੇ, ਜੋ ਅੱਧੇ ਅੱਧੇ ਵੱਢੇ ਗਏ ਸਨ, ਇਸ ਤਰ੍ਹਾਂ ਦੁਸ਼ਮਨ ਦੀ ਫੌਜ ਕਤਲ ਹੋ ਗਈ ਸੀ॥ ੩੦॥

**ਰਿਸਜੋ ਸੂਲ ਪਾਣੰ॥ ਹਣੇ ਦੈਤ ਭਾਣੰ॥ ਸਰੰ ਓਘ ਛੁਟੇ॥ ਘਣੰ ਜੇਮ ਟੁੱਟੇ॥ ੩੧॥**

ਸ਼ਿਵਜੀ ਗੁੱਸੇ ਵਿਚ ਆਇਆ ਉਸ ਨੇ ਵੱਡੇ ਵੱਡੇ ਸੂਰਮੇ ਦੈਂਤ ਮਾਰ ਦਿੱਤੇ। ਸਭ ਪਾਸੇ ਤੀਰ ਏਦਾਂ ਛੱਡੇ, ਜਿਵੇਂ ਬੱਦਲ ਟੁੱਟ ਪੈਂਦਾ ਹੈ॥ ੩੧॥

**ਰਣੰ ਰੁੱਦ੍ਰ ਗੱਜੇ॥ ਤਬੈ ਦੈਤ ਭੱਜੇ॥ ਤਜੇ ਸ਼ਸਤ੍ਰ ਸਰਬੰ॥ ਮਿਟਿਓ ਦੇਹ ਗਰਬੰ॥ ੩੨॥**

ਰਣ ਭੂਮੀ ਵਿਚ ਜਦੋਂ ਸ਼ਿਵਜੀ ਗੱਜਿਆ ਤਦੋਂ ਦੈਂਤ ਭੱਜ ਗਏ। ਸਭ ਨੇ ਸ਼ਸਤਰ ਛੱਡ ਦਿੱਤੇ ਅਤੇ ਉਨ੍ਹਾਂ ਨੂੰ ਸਰੀਰ ਦਾ ਮਾਨ ਮਿਟ ਗਿਆ ਸੀ॥ ੩੨॥

**ਚੌਪਈ॥ ਧਾਯੋ ਤਬੈ ਅੰਧਿਕ ਬਲਵਾਨਾ॥ ਸੰਗ ਲੈ ਸੈਨ ਦਾਨਵੀ ਨਾਨਾ॥**
**ਅਮਿਤ ਬਾਣ ਨੰਦੀ ਕਹੱ ਮਾਰੇ॥ ਬੇਧ ਅੰਗ ਕਹ ਪਾਰ ਪਧਾਰੇ॥ ੩੩॥**

ਅੰਧਕ ਸੂਰਮਾ ਤਦੋਂ ਆਪਣੇ ਨਾਲ ਦੈਂਤਾਂ ਦੀ ਅਨੇਕ ਤਰ੍ਹਾਂ ਦੀ ਫੌਜ ਲੈ ਕੇ ਧਾਵਾ ਕਰ ਕੇ ਪਿਆ। ਉਸ ਨੇ ਸ਼ਿਵਜੀ ਦੀ ਸਵਾਰੀ ਵਾਲੇ ਨੰਦੀ ਬੈਲ ਨੂੰ ਬੇਅੰਤ ਤੀਰ ਮਾਰੇ, ਜੋ ਉਸ ਦੇ ਸਰੀਰ ਨੂੰ ਵਿੰਨ੍ਹ ਕੇ ਦੂਸਰੇ ਪਾਸੇ ਵੱਲ ਨਿਕਲ ਗਏ॥ ੩੩॥

**ਜਬ ਹੀ ਬਾਣ ਲਗੇ ਬਾਹਣ ਤਨ॥ ਰੋਸ ਜਗਜੋ ਤਬ ਹੀ ਸ਼ਿਵ ਕੇ ਮਨ॥**
**ਅਧਿਕ ਰੋਸ ਕਰ ਬਿਸਖ ਚਲਾਏ॥ ਭੂਮ ਅਕਾਸ਼ ਛਿਨਕ ਮਹਿ ਛਾਏ॥ ੩੪॥**

ਜਦੋਂ ਹੀ ਸਵਾਰੀ ਵਾਲੇ ਬੈਲ ਦੇ ਸਰੀਰ ਨੂੰ ਤੀਰ ਵੱਜੇ, ਤਦੋਂ ਹੀ ਸ਼ਿਵਜੀ ਦੇ ਮਨ ਵਿਚ ਕ੍ਰੋਧ ਜਾਗ ਪਿਆ। ਵੱਡਾ ਕ੍ਰੋਧ ਕਰਕੇ ਸ਼ਿਵਜੀ ਨੇ ਫਿਰ ਤੀਰ ਚਲਾਏ, ਜੋ ਇਕ ਛਿਨ ਵਿਚ ਧਰਤੀ ਤੇ ਅਕਾਸ਼ ਵਿਚ ਫੈਲ ਗਏ॥ ੩੪॥

**ਬਾਣਾਵਲਿ ਰੁਦ੍ਰ ਜਬ ਸਾਜੀ॥ ਤਬ ਹੀ ਸੈਣ ਦਾਨਵੀ ਭਾਜੀ॥**
**ਤਬ ਅੰਧਿਕ ਸ਼ਿਵ ਸਾਮੁਹਿ ਧਾਯੋ॥ ਦ੍ਵੰਦ ਜੁਧੁ ਰਣ ਮੱਧਿ ਮਚਾਯੋ॥ ੩੫॥**

ਸ਼ਿਵਜੀ ਨੇ ਤੀਰਾਂ ਦੀ ਜਦੋਂ ਲੜੀ ਬੰਨ੍ਹ ਦਿੱਤੀ, ਤਦੋਂ ਹੀ ਦੈਂਤਾਂ ਦੀ ਫੌਜ ਭੱਜ ਗਈ। ਫਿਰ ਅੰਧਕ ਸੂਰਮਾ ਸ਼ਿਵਜੀ ਦੇ ਸਾਹਮਣੇ ਭੱਜ ਕੇ ਆਇਆ ਅਤੇ ਰਣਭੂਮੀ ਵਿਚ ਦੋਹਾਂ ਨੇ ਦ੍ਵੰਦ ਯੁੱਧ ਮਚਾਇਆ॥ ੩੫॥

**ਅੜਿਲ॥ ਬੀਸ ਬਾਣ ਤਿਨ ਸ਼ਿਵਹਿ ਪ੍ਰਹਾਰੇ ਕੋਪ ਕਰ॥**
**ਲਗੇ ਰੁਦ੍ਰ ਕੇ ਗਾਤ ਗਏ ਓਹ ਘਾਨਿ ਕਰ॥**
**ਗਹਿ ਪਿਨਾਕ ਕਹ ਪਾਣ ਪਿਨਾਕੀ ਧਾਇਯੋ॥**
**ਹੋ ਤੁਮਲ ਜੁੱਧੁ ਦੁਹੂੰਅਨ ਰਣ ਮੱਧਿ ਮਚਾਇਯੋ॥ ੩੬॥**

ਵੀਹ ਤੀਰ ਉਸ ਨੇ ਗੁੱਸਾ ਕਰ ਕੇ ਸ਼ਿਵਜੀ ਨੂੰ ਮਾਰੇ। ਜੇਹੜੇ ਸ਼ਿਵਜੀ ਦੇ ਸਰੀਰ ਵਿਚ ਲੱਗੇ ਅਤੇ ਦੂਜੇ ਪਾਸੇ ਜਾ ਨਿਕਲੇ। ਤਦ ਸ਼ਿਵਜੀ ਪਿਨਾਕ ਧਨੁੱਖ ਹੱਥ ਵਿਚ ਲੈ ਕੇ ਧਾਵਾ ਕਰਕੇ ਪਿਆ ਅਤੇ ਦੋਹਾਂ ਨੇ ਰਣ ਭੂਮੀ ਵਿਚ ਤੁਮਲ ਜੁੱਧ ਮਚਾਇਆ॥ ੩੬॥

**ਤਾੜ ਸਤ੍ਰ ਕਹੱ ਬਹੁਰਿ ਪਿਨਾਕੀ ਕੋਪੁ ਹੁਐ॥**
**ਹਣੇ ਦੁਸ਼ਟ ਕਹ ਬਾਣ ਨਿਖੰਗ ਤੇ ਕਾਢ ਦੁਐ॥**
**ਗਿਰਿਯੋ ਭੂਮ ਭੀਤਰਿ ਸਿਰ ਸਤ੍ਰ ਪ੍ਰਹਾਰਿਯੋ॥**
**ਹੋ ਜਨਕ ਗਾਜ ਕਰਿ ਕੋਪ ਬੁਰਜ ਕਹੱ ਮਾਰਿਯੋ॥ ੩੭॥**

ਸ਼ਿਵਜੀ ਨੇ ਕ੍ਰੋਪਵਾਨ ਹੋ ਕੇ, ਵੈਰੀ ਨੂੰ ਤਾੜਨਾ ਕੀਤੀ ਅਤੇ ਭੱਥੇ ਵਿਚੋਂ ਦੋ ਤੀਰ ਕੱਢ ਕੇ ਦੁਸ਼ਟ ਨੂੰ ਮਾਰੇ। ਜੋ ਵੈਰੀ ਦੇ ਸਿਰ ਵਿਚ ਜਾ ਕੇ ਵੱਜੇ ਤੇ ਉਹ ਧਰਤੀ ਉਤੇ ਡਿੱਗ ਪਿਆ, ਮਾਨੋ ਹਾਥੀਆਂ ਦੇ ਝੁੰਡ ਨੇ ਕ੍ਰੋਪ ਕਰ ਕੇ ਬੁਰਜ ਨੂੰ ਢਾਹ ਦਿੱਤਾ ਹੋਵੇ॥ ੩੭॥

**ਤੋਟਕ ਛੰਦ॥ ਘਟ ਏਕ ਬਿਖੈ ਰਿਪ ਚੇਤ ਭਯੋ॥ ਧਨ ਬਾਣ ਬਲੀ ਪੁਨ ਪਾਣ ਲਯੋ॥**
**ਕਰ ਕੋਪ ਕੁਵੰਡ ਕਰੰ ਕਰਖ੍ਯੋ॥ ਸਰ ਧਾਰ ਬਲੀ ਘਨ ਜਯੋਂ ਬਰਖ੍ਯੋ॥ ੩੮॥**

ਇਕ ਘੜੀ ਵਿਚ ਵੈਰੀ ਸੁਚੇਤ ਹੋਇਆ, ਫਿਰ ਉਠ ਕੇ ਬਹਾਦਰ ਨੇ ਹੱਥ ਵਿਚ ਧਨੁੱਖ ਬਾਣ ਲੈ ਲਿਆ। ਕ੍ਰੋਪ ਕਰਕੇ ਧਨੁੱਖ ਨੂੰ ਹੱਥ ਨਾਲ ਖਿੱਚਿਆ ਅਤੇ ਬਦਲੀ ਵਾਂਗੂੰ ਤੀਰਾਂ ਦਾ ਮੀਂਹ ਵਸਾਉਣ ਲੱਗਾ॥ ੩੮॥

**ਕਰ ਕੋਪ ਬਲੀ ਬਰਖ੍ਯੋ ਬਿਸਖੰ॥ ਇਹ ਓਰ ਲਗੇ ਨਿਸਰੇ ਦੁਸਰੰ॥**
**ਤਬ ਕੋਪ ਕਰੰ ਸ਼ਿਵ ਸੂਲ ਲੀਯੋ॥ ਅਰ ਕੋ ਸਿਰ ਕਾਟ ਦੁਖੰਡ ਕੀਯੋ॥ ੩੯॥**

ਕ੍ਰੋਧ ਕਰ ਕੇ ਸੂਰਮਾ ਤੀਰਾਂ ਦੀ ਬਰਖਾ ਕਰਨ ਲੱਗਾ। ਜੋ ਇਕ ਪਾਸੇ ਲੱਗ ਕੇ ਦੂਜੇ ਸਿਰੇ ਜਾ ਨਿਕਲਦੇ ਸਨ। ਤਦੋਂ ਕ੍ਰੋਧ ਨਾਲ ਸ਼ਿਵਜੀ ਨੇ ਹੱਥ ਵਿਚ ਤ੍ਰਿਸ਼ੂਲ ਫੜ ਲਿਆ ਅਤੇ ਵੈਰੀ ਦਾ ਸਿਰ ਵੱਢ ਕੇ ਦੋ ਟੋਟੇ ਕਰ ਦਿੱਤਾ॥ ੩੯॥

## ਗਊਰਾਂ ਦੇ ਕਤਲ ਦੀ ਕਥਾ

**ਤੋਟਕ ਛੰਦ॥ ਸੁਰ ਰਾਜ ਪ੍ਰਸੰਨਿ ਭਏ ਤਬਹੀ॥ ਅਰ ਅੰਧਕ ਨਾਸ ਸੁਨਿਯੋ ਜਬ ਹੀ॥**
**ਇਮ ਕੈ ਦਿਨ ਕੇਤਕ ਬੀਤ ਗਏ॥ ਸ਼ਿਵਧਾਮ ਸਤਕ੍ਰਿਤ ਜਾਤ ਭਏ॥ ੪੦॥**

ਓਦੋਂ ਇੰਦ੍ਰ ਪ੍ਰਸੰਨ ਹੋਇਆ, ਜਦੋਂ ਉਸ ਨੇ ਅੰਧਕ ਵੈਰੀ ਦਾ ਨਾਸ ਹੋਣਾ ਸੁਣਿਆ। ਕਈ ਦਿਨ ਇਸ ਤਰ੍ਹਾਂ ਬੀਤ ਗਏ ਤਾਂ ਸ਼ਿਵਜੀ ਇੰਦਰ ਲੋਕ ਆਪਣੇ ਘਰ ਚਲੇ ਗਏ॥ ੪੦॥

**ਤਬ ਰੁਦ੍ਰ ਭਯਾਨਕ ਰੂਪ ਧਰਜੋ॥ ਹਰਿ ਹੇਰਿ ਹਰੰ ਹਥਿਯਾਰ ਹਰਜੋ॥**
**ਤਬ ਹੀ ਸ਼ਿਵ ਕੋਪ ਅਖੰਡ ਕੀਯੋ॥ ਇਕ ਜਨਮ ਅੰਗਾਰ ਅਪਾਰ ਲੀਯੋ॥ ੪੧॥**

ਸ਼ਿਵਜੀ ਨੇ ਓਦੋਂ ਭਿਆਨਕ ਰੂਪ ਧਾਰਿਆ ਹੋਇਆ ਸੀ, ਇੰਦਰ ਨੇ ਭਿਆਨਕ ਰੂਪ ਵੇਖ ਕੇ ਸ਼ਿਵਜੀ ਦਾ ਹਥਿਆਰ ਚੁਰਾ ਲਿਆ। ਤਦੋਂ ਸ਼ਿਵਜੀ ਨੇ ਵੀ ਅਖੰਡ ਕ੍ਰੋਧ ਕੀਤਾ। ਜਿਸ ਤੋਂ ਇਕ ਅੱਗ ਦੇ ਵੱਡੇ ਅੰਗਾਰ ਨੇ ਜਨਮ ਲਿਆ॥ ੪੧॥

**ਤਿਹ ਤੇਜ ਜਰੇ ਜਗਜੀਵ ਸਬੈ॥ ਤਿਹ ਡਾਰ ਦਯੋ ਮਧਿ ਸਿੰਧ ਤਬੈ॥**
**ਸੋਊ ਡਾਰ ਦਜੋ ਸਿੰਧ ਮਹਿ ਨ ਗਜੋ॥ ਤਿਹ ਆਨ ਜਲੰਧਰ ਰੂਪ ਲਯੋ॥ ੪੨॥**

ਉਸਦੇ ਤੇਜ ਨਾਲ ਜਗਤ ਦੇ ਸਾਰੇ ਜੀਵ ਸੜਨ ਲੱਗੇ। ਇਸ ਕਰਕੇ ਉਸ ਨੂੰ ਉਸੇ ਵੇਲੇ ਹੀ ਸਮੁੰਦਰ ਵਿਚ ਸੁੱਟ ਦਿੱਤਾ, ਪਰ ਸਮੁੰਦਰ ਵਿਚ ਸੁੱਟਣ ਨਾਲ ਉਹ ਡੁੱਬਾ ਨਹੀਂ ਅਤੇ ਇਸ ਕਾਰਨ ਉਸ ਨੇ ਧਰਤੀ 'ਤੇ ਆਣ ਕੇ ਜਲੰਧਰ ਰੂਪ ਧਾਰਿਆ॥ ੪੨॥

**ਚੌਪਈ॥ ਇਹ ਬਿਧਿ ਭਯੋ ਅਸੁਰ ਬਲਵਾਨਾ॥ ਲਯੋ ਕੁਬੇਰ ਕੋ ਲੂਟ ਖਜਾਨਾ॥**
**ਪਕਰ ਸਮਸਤੇ ਬ੍ਰਹਮੁ ਰੁਵਾਯੋ॥ ਇੰਦ੍ਰ ਜੀਤ ਸਰਿ ਛੱਤ੍ਰ ਢੁਰਾਯੋ॥ ੪੩॥**

ਇਸ ਤਰ੍ਹਾਂ ਨਾਲ ਬਲਵਾਨ ਦੈਂਤ ਪ੍ਰਗਟ ਹੋਇਆ ਜਿਸ ਨੇ ਕੁਬੇਰ ਦਾ ਖਜਾਨਾ ਲੁੱਟ ਲਿਆ ਸੀ। ਦਾੜ੍ਹੀ ਤੋਂ ਫੜ ਕੇ ਬ੍ਰਹਮਾ ਨੂੰ ਰੁਵਾਇਆ, ਅਤੇ ਇੰਦਰ ਨੂੰ ਜਿਤ ਕੇ ਆਪਣੇ ਸਿਰ ਉਤੇ ਛੱਤ੍ਰ ਝੁਲਵਾਇਆ॥ ੪੩॥

**ਜੀਤ ਦੇਵਤਾ ਪਾਇ ਲਯਾਏ॥ ਰੁਦ੍ਰ ਬਿਸ਼ਨ ਨਿਜ ਪੁਰੀ ਬਸਾਏ॥**
**ਚਉਦਹ ਰਤਨ ਆਨ ਰਾਖੇ ਗ੍ਰਿਹ॥ ਜਹਾਂ ਤਹਾਂ ਬੈਠਾਏ ਨਵ ਗ੍ਰਿਹ॥ ੪੪॥**

ਦੇਵਤਿਆਂ ਨੂੰ ਜਿੱਤ ਕੇ ਆਪਣੇ ਚਰਨੀਂ ਲਾ ਲਿਆ ਅਤੇ ਸ਼ਿਵਜੀ ਤੇ ਵਿਸ਼ਨੂੰ ਨੂੰ ਆਪਣੇ ਸ਼ਹਿਰ ਵਿਚ ਲਿਆ ਕੇ ਵਸਾਇਆ। ਚੌਦਾਂ ਰਤਨ ਲਿਆ ਕੇ ਆਪਣੇ ਘਰ ਰੱਖ ਲਏ ਅਤੇ ਥਾਂ ਥਾਂ ਉਸਨੇ ਨੌ ਗ੍ਰਹਿ ਬਿਠਾ ਦਿੱਤੇ ਸਨ॥ ੪੪॥

**ਦੋਹਰਾ॥ ਜੀਤ ਬਸਾਏ ਨਿਜ ਪੁਰੀ ਅਸੁਰ ਸਕਲ ਅਸੁਰਾਰ॥**
**ਪੂਜਾ ਕਰੀ ਮਹੇਸ਼ ਕੀ ਗਿਰ ਕੈਲਾਸ਼ ਮਝਾਰ॥ ੪੫॥**

ਸਭ ਦੇਵਤੇ ਤੇ ਦੈਂਤਾਂ ਨੂੰ ਜਿੱਤ ਕੇ ਆਪਣੇ ਸ਼ਹਿਰ ਵਿਚ ਲਿਆ ਵਸਾਇਆ ਸੀ। ਫਿਰ ਕੈਲਾਸ਼ ਪਰਬਤ 'ਤੇ ਜਾ ਕੇ ਮਹੇਸ਼ ਦੀ ਪੂਜਾ ਅਰਚਨਾ ਕੀਤੀ॥ ੪੫॥

**ਚੌਪਈ॥ ਧਯਾਨ ਬਿਧਾਨ ਕਰੇ ਬਹੁ ਭਾਂਤਾ॥ ਸੇਵਾ ਕਰੀ ਅਧਿਕ ਦਿਨ ਰਾਤਾ॥**
**ਐਸ ਭਾਤ ਤਿਹ ਕਾਲ ਬਿਤਾਯੋ॥ ਅਬ ਪ੍ਰਸੰਗਿ ਸ਼ਿਵ ਊਪਰ ਆਯੋ॥ ੪੬॥**

ਜਲੰਧਰ ਨੇ ਬਹੁਤ ਤਰ੍ਹਾਂ ਦੀਆਂ ਵਿਧੀਆਂ ਪੂਰਬਕ ਸ਼ਿਵਜੀ ਦੀ ਅਰਾਧਨਾ ਕੀਤੀ, ਅਤੇ ਰਾਤ ਦਿਨ ਇਕ ਕਰਕੇ ਬਹੁਤ ਸੇਵਾ ਕੀਤੀ। ਇਸ ਤਰ੍ਹਾਂ ਨਾਲ ਉਸ ਨੇ ਕੁਝ ਸਮਾਂ ਗੁਜ਼ਾਰ ਦਿੱਤਾ। ਹੁਣ ਪ੍ਰਸੰਗ ਦਾ ਸਿਲਸਿਲਾ ਸ਼ਿਵਜੀ ਉਪਰ ਆਇਆ ਹੈ। ਭਾਵ-ਜਲੰਧਰ ਤਾਂ ਤਪ ਕਰ ਰਿਹਾ ਹੈ, ਇਧਰ ਸ਼ਿਵਜੀ ਦੀ ਕਥਾ ਸੁਣੋ॥ ੪੬॥

**ਭੂਤਰਾਟ ਕੋ ਨਿਰਖ ਅਤੁਲ ਬਲ॥ ਕਾਂਪਤ ਭਏ ਅਨਿਕ ਅਰਿ ਜਲ ਥਲ॥**
**ਦੱਛ ਪ੍ਰਜਾਪਤ ਹੋਤ ਨ੍ਰਿਪਤ ਬਰ॥ ਦਸ ਸਹੰਸ੍ਰ ਦੁਹਿਤਾ ਤਾਕੇ ਘਰ॥ ੪੭॥**

ਸ਼ਿਵਜੀ ਦਾ ਅਤੁੱਲ ਬਲ ਵੇਖਕੇ, ਅਨੇਕਾਂ ਵੈਰੀ ਜਲ ਥਲ ਵਿਚ ਰਹਿਣ ਵਾਲੇ ਕੰਬ ਗਏ। ਉਸ ਵਕਤ ਦੱਛ ਪ੍ਰਜਾਪਤਿ ਭਾਵ ਇਕ ਚੰਗਾ ਰਾਜਾ ਸੀ, ਉਸਦੇ ਘਰ ਦਸ ਹਜ਼ਾਰ ਲੜਕੀਆਂ ਸਨ॥ ੪੭॥

**ਤਿਨ ਇਕਬਾਰ ਸੁਯੰਬਰ ਕੀਯਾ॥ ਦਸ ਸਹੰਸ੍ਰ ਦੁਹਿਤਾ ਇਸ ਦੀਯਾ॥**
**ਜੋ ਬਰੁ ਰੁਚੈ ਬਰਹੁ ਅਬ ਸੋਈ॥ ਊਚ ਨੀਚ ਰਾਜਾ ਹੁਇ ਕੋਈ॥ ੪੮॥**

ਇਕ ਵੇਰੀ ਉਸ ਪ੍ਰਜਾਪਤਿ ਨੇ ਸੁਅੰਬਰ ਕੀਤਾ ਅਤੇ ਦਸ ਹਜ਼ਾਰ ਲੜਕੀਆਂ ਨੂੰ ਹੁਕਮ ਦਿੱਤਾ ਕਿ ਜਿਸ ਨੂੰ ਜੋ ਵਰ ਭਾਉਂਦਾ ਹੈ, ਹੁਣ ਉਸੇ ਨੂੰ ਵਰ ਲਵੇ, ਭਾਵੇਂ ਕੋਈ ਗਰੀਬ ਅਮੀਰ ਰਾਜਾ ਜਾਂ ਕੰਗਾਲ ਹੋਵੇ॥ ੪੮॥

**ਜੋ ਜੋ ਜਿਸੈ ਰੁਚਾ ਤਿਨਿ ਬਰਾ॥ ਸਭ ਪ੍ਰਸੰਗ ਨਹੀ ਜਾਤ ਉਚਰਾ॥**
**ਜੋ ਬਿਰਤਾਂਤ ਕਹਿ ਛੋਰ ਸੁਨਾਊਂ॥ ਕਥਾ ਬ੍ਰਿਧ ਤੇ ਅਧਿਕ ਡਰਾਊਂ॥ ੪੯॥**

ਜੋ ਜੋ ਜਿਸਨੂੰ ਵਰ ਚੰਗਾ ਲੱਗਾ, ਉਸੇ ਨੇ ਉਸ ਨੂੰ ਵਰ ਲਿਆ, ਸਾਰਾ ਪ੍ਰਸੰਗ ਕਥਨ ਕੀਤਾ ਨਹੀਂ ਜਾ ਸਕਦਾ। ਜੇਕਰ ਮੁੱਢ ਤੋਂ ਸਾਰਾ ਪ੍ਰਸੰਗ ਕਹਿ ਕੇ ਸੁਣਾਵਾਂ, ਤਾਂ ਕਥਾ ਵਧ ਜਾਏਗੀ, ਇਸ ਗੱਲ ਤੋਂ ਡਰਦਾ ਹਾਂ॥ ੪੯॥

**ਚਾਰ ਸੁਤਾ ਕੱਸ਼ਪ ਕਹ ਦੀਨੀ॥ ਕੇਤਕ ਬਜਾਹ ਚੰਦ੍ਰਮਾ ਲੀਨੀ॥**
**ਕੇਤਕ ਗਈ ਅਉਰ ਦੇਸਨ ਮਹਿ॥ ਬਰਜੋ ਗਉਰਜਾ ਏਕ ਰੁਦ੍ਰ ਕਹਿ॥ ੫੦॥**

ਚਾਰ ਧੀਆਂ ਪ੍ਰਜਾਪਤਿ ਨੇ ਕੱਸ਼ਪ ਰਿਸ਼ੀ ਨੂੰ ਦਿੱਤੀਆਂ ਅਤੇ ਉਸ ਦੀਆਂ ਕਈ ਲੜਕੀਆਂ ਚੰਦ੍ਰਮਾਂ ਨੇ ਵਿਆਹ ਲਈਆਂ ਸਨ। ਕਈਆਂ ਲੜਕੀਆਂ ਦੂਜੇ ਦੇਸ਼ਾਂ ਵਿਚ ਗਈਆਂ ਸਨ। ਇਕ ਲੜਕੀ ਗਉਰਾਂ ਨੇ ਰੁਦ੍ਰ ਨੂੰ ਪਤਿ ਦੇ ਤੌਰ ਤੇ ਪ੍ਰਾਪਤ ਕੀਤਾ॥ ੫੦॥

**ਜਬ ਹੀ ਬਜਾਹ ਰੁਦ੍ਰ ਗ੍ਰਿਹ ਆਨੀ॥ ਚਲੀ ਜਗ ਕੀ ਬਹੁਰਿ ਕਹਾਨੀ॥**
**ਸਭ ਦੁਹਿਤਾ ਤਿਹ ਬੋਲ ਪਠਾਈ॥ ਲੀਨੇ ਸੰਗ ਭਤਾਰਨ ਆਈ॥ ੫੧॥**

ਜਦੋਂ ਗੌਰਜਾਂ ਨੂੰ ਵਿਆਹ ਕੇ ਸ਼ਿਵਜੀ ਆਪਣੇ ਘਰ ਲੈ ਗਿਆ ਤਾਂ, ਉਸ ਤੋਂ ਮਗਰੋਂ ਦੱਛ ਦੇ ਘਰ ਜੱਗ ਦੀ ਵਾਰਤਾ ਚਲੀ। ਉਸ ਪ੍ਰਜਾਪਤ ਨੇ ਸਾਰੀਆਂ ਲੜਕੀਆਂ ਨੂੰ ਬੁਲਾ ਲਿਆ ਅਤੇ ਉਹ, ਸਭ ਪਤੀਆਂ ਨੂੰ ਲੈ ਕੇ ਪਿਤਾ ਦੇ ਘਰ ਆ ਗਈਆਂ॥ ੫੧॥

**ਜੋ ਜੋ ਹੁਤੇ ਦੇਸ ਪਰਦੇਸਾ॥ ਜਾਤ ਭਏ ਸਸੁਰਾਰ ਨਰੇਸਾ॥**
**ਨਿਰਖ ਰੁਦ੍ਰ ਕੋ ਅਉਰ ਪ੍ਰਕਾਰਾ॥ ਕਿਨਹੂ ਨ ਭੂਪਤ ਤਾਹਿ ਚਿਤਾਰਾ॥ ੫੨॥**

ਰਾਜੇ ਦੱਛ ਦੇ ਜੁਆਈ ਜੇਹੜੇ-ਜੇਹੜੇ ਦੇਸ਼ਾਂ ਪ੍ਰਦੇਸ਼ਾਂ ਵਿਚ ਸਨ, ਉਹ ਸਾਰੇ ਸੌਹਰੇ ਦੇ ਘਰ ਚਲੇ ਗਏ। ਸ਼ਿਵਜੀ ਨੂੰ ਹੋਰ ਤਰੀਕੇ ਦਾ ਵੇਖ ਕੇ, ਰਾਜੇ ਸਣੇ ਕਿਸ ਹੋਰ ਨੇ ਵੀ ਉਸਨੂੰ ਯਾਦ ਨਹੀਂ ਸੀ ਕੀਤਾ॥ ੫੨॥

**ਨਹਨ ਗਉਰਜਾ ਦੱਛ ਬੁਲਾਈ॥ ਸੁਨਿ ਨਾਰਦ ਤੇ ਹ੍ਰਿਦੈ ਰਿਸਾਈ॥**
**ਬਿਨ ਬੋਲੇ ਪਿਤ ਕੇ ਗ੍ਰਿਹ ਗਈ॥ ਅਨਿਕ ਪ੍ਰਕਾਰ ਤੇਜ ਤਨ ਤਈ॥ ੫੩॥**

ਆਪਣੀ ਪੁੱਤਰੀ ਗੌਰਜਾਂ ਨੂੰ ਵੀ ਦੱਛ ਨੇ ਨਹੀਂ ਸੱਦਿਆ ਸੀ, ਨਾਰਦ ਪਾਸੋਂ ਪਿਤਾ ਦੇ ਘਰ ਜੱਗ ਦਾ ਅਤੰਤ ਸੁਣ ਕੇ ਗੌਰਜਾਂ ਹਿਰਦੇ ਵਿਚ ਬਹੁਤ ਨਰਾਜ ਹੋਈ। ਸੱਦੇ ਤੋਂ ਬਿਨਾਂ ਹੀ ਉਹ ਪਿਤਾ ਦੇ ਘਰ ਚਲੀ ਗਈ ਅਤੇ ਉਥੋਂ ਦੇ ਮਾਤਾ, ਭੈਣਾਂ ਆਦਿਕਾਂ ਦਾ ਰੁੱਖਾ ਜਿਹਾ ਵਰਤਾਵ ਵੇਖ ਕੇ ਅਨੇਕ ਤਰ੍ਹਾਂ ਦੇ ਕ੍ਰੋਧ ਨਾਲ ਤਪ ਗਈ॥ ੫੩॥

**ਜੱਗ ਕੁੰਡ ਮਹਿ ਪਰੀ ਉਛਰ ਕਰ॥ ਸਤ ਪ੍ਰਤਾਪ ਪਾਵਕ ਭਈ ਸੀਤਰਿ॥**
**ਜੋਗ ਅਗਨ ਕਹੁੱ ਬਹੁਰਿ ਪ੍ਰਕਾਸ਼ਾ॥ ਤਾ ਤਨ ਕੀਯੋ ਪ੍ਰਾਨ ਕੋ ਨਾਸਾ॥ ੫੪॥**

ਗੌਰਜਾਂ ਉੱਛਲ ਕੇ ਜੱਗ ਕੁੰਡ ਵਿਚ ਜਾ ਪਈ, ਗੌਰਜਾਂ ਦੇ ਸੱਤ ਪ੍ਰਤਾਪ ਨਾਲ ਅਗਨੀ ਠੰਡੀ ਹੋ ਗਈ। ਫੇਰ ਗੌਰਜਾਂ ਨੇ ਜੋਗ ਅਗਨੀ ਪ੍ਰਗਟ ਕੀਤੀ, ਜਿਸ ਨੇ ਗੌਰਜਾਂ ਦੇ ਸਰੀਰ ਅਤੇ ਪ੍ਰਾਣਾਂ ਦਾ ਨਾਸ ਕਰ ਦਿੱਤਾ॥ ੫੪॥

**ਆਇ ਨਾਰਦ ਇਮ ਸ਼ਿਵਹਿ ਜਤਾਈ॥ ਕਹਾਂ ਬੈਠਿਹੋ ਭਾਂਗ ਚੜਾਈ॥**
**ਛੁਟਜੋ ਧਯਾਨ ਕੋਪੁ ਜਿਯ ਜਾਗਾ॥ ਗਹਿ ਤ੍ਰਿਸੂਲ ਤਿਹ ਕੋ ਉਠਿ ਭਾਗਾ॥ ੫੫॥**

ਨਾਰਦ ਨੇ ਆ ਕੇ ਸ਼ਿਵਜੀ ਨੂੰ ਇਹ ਸਾਰੀ ਵਾਰਤਾ ਸੁਣਾਈ, ਕਿ ਏਧਰ ਤੁਸੀਂ ਭੰਗ ਪੀ ਕੇ ਬੈਠ ਰਹੇ ਹੋ, ਓਧਰ ਤੁਹਾਡੀ ਅਰਧੰਗੀ ਤਾਂ ਜੱਗ ਕੁੰਡ ਵਿਚ ਡਿੱਗਕੇ ਸੜ ਗਈ ਹੈ। ਇਹ ਸੁਣਦਿਆਂ ਸ਼ਿਵਜੀ ਦਾ ਧਿਆਨ ਛੁਟ ਗਿਆ ਅਤੇ ਕ੍ਰੋਧ ਨਾਲ ਉਸੇ ਵੇਲੇ ਤ੍ਰਿਸੂਲ ਫੜ ਕੇ ਉਧਰ ਉੱਠ ਭੱਜਿਆ॥ ੫੫॥

**ਜਬ ਹੀ ਜਾਤ ਭਯੋ ਤਿਹ ਥਲੈ॥ ਲਯੋ ਉਠਾਇ ਸੂਲ ਕਰ ਬਲੈ॥**
**ਭਾਂਤ ਭਾਂਤ ਤਿਨ ਕਰੇ ਪ੍ਰਹਾਰਾ॥ ਸਕਲ ਬਿਧੰਸ ਜੱਗ ਕਰ ਡਾਰਾ॥ ੫੬॥**

ਸ਼ਿਵਜੀ ਜਦੋਂ ਹੀ ਉਸ ਜਗ੍ਹਾ ਤੇ ਗਿਆ, ਉਸੇ ਵੇਲੇ ਜ਼ੋਰ ਨਾਲ ਤ੍ਰਿਸੂਲ ਨੂੰ ਹੱਥ ਵਿਚ ਚੁਕ ਲਿਆ, ਤਰ੍ਹਾਂ ਤਰ੍ਹਾਂ ਨਾਲ ਉਸਨੇ ਵਾਰ ਕੀਤੇ ਅਤੇ ਸਾਰੇ ਯੱਗ ਨੂੰ ਨਸ਼ਟ ਕਰ ਦਿੱਤਾ॥ ੫੬॥

**ਭਾਂਤ ਭਾਂਤ ਤਨ ਭੂਪ ਸੰਘਾਰੇ॥ ਇਕ ਇਕ ਤੇ ਕਰ ਦੁਇ ਦੁਇ ਡਾਰੇ॥**
**ਜਾਕਹੁੱ ਪਹੁਚ ਤ੍ਰਿਸੂਲ ਪ੍ਰਹਾਰਾ॥ ਤਾ ਕਹੁ ਮਾਰ ਠਉਰ ਹੀ ਡਾਰਾ॥ ੫੭॥**

ਕਈ ਪ੍ਰਕਾਰ ਨਾਲ ਸ਼ਿਵਜੀ ਨੇ ਰਾਜੇ ਮਾਰ ਦਿਤੇ, ਇਕ ਇਕ ਤੋਂ ਦੋ ਦੋ ਟੋਟੇ ਕਰ ਸੁਟਿਆ ਜਿਸਨੂੰ ਤ੍ਰਿਸੂਲ ਮਾਰਿਆ, ਉਸਨੂੰ ਉਸੇ ਥਾਂ ਤੇ ਹੀ ਮਾਰ ਸੁੱਟਿਆ॥ ੫੭॥

**ਜੱਗ ਕੁੰਡ ਨਿਰਖਤ ਭਯੋ ਜਬ ਹੀ॥ ਜੂਟ ਜਟਾਨ ਉਖਾਰਸ ਤਬ ਹੀ॥**
**ਬੀਰ ਭਦ੍ਰ ਤਬ ਕੀਆ ਪ੍ਰਕਾਸ਼ਾ॥ ਉਪਜਤ ਕਰੋ ਨਰੇਸ਼ਨ ਨਾਸਾ॥ ੫੮॥**

ਸ਼ਿਵਜੀ ਨੇ ਜਦੋਂ ਜੱਗ ਕੁੰਡ ਵੱਲ ਵੇਖਿਆ, ਤਦੋਂ ਹੀ ਜੂੜੇ ਵਿਚੋਂ ਇਕ ਜਟਾ ਉਖਾਰ ਲਈ। ਉਸ ਵੇਲੇ ਉਸ ਵਿਚੋਂ 'ਬੀਰ ਭੱਦ੍ਰ' ਨਾਮ ਦਾ ਗਣ ਪ੍ਰਗਟ ਹੋ ਗਿਆ, ਉਸ ਨੇ ਪੈਦਾ ਹੁੰਦੇ ਹੀ 'ਰਾਜਿਆਂ ਦਾ ਨਾਸ ਕਰ ਦਿੱਤਾ॥ ੫੮॥

**ਕੇਤਕ ਕਰੇ ਦੁਖੰਡ ਨ੍ਰਿਪਤ ਬਰ॥ ਕੇਤਕ ਪਠੈ ਦਏ ਜਮ ਕੇ ਘਰ॥**
**ਕੇਤਕ ਗਿਰੇ ਧਰਣ ਬਿਕਰਾਰਾ॥ ਜਨ ਸਰਤਾ ਕੇ ਗਿਰੇ ਕਨਾਰਾ॥ ੫੯॥**

ਕਈ ਚੰਗੇ ਚੰਗੇ ਰਾਜਿਆਂ ਨੂੰ ਬੀਰ ਭੱਦ੍ਰ ਨੇ ਦੋ ਦੋ ਟੋਟੇ ਕਰ ਦਿੱਤਾ, ਕਈਆਂ ਨੂੰ ਜਮ ਦੇ ਘਰ ਭੇਜ ਦਿੱਤਾ। ਕਈ ਵਿਆਕੁਲ ਹੋਏ ਸੂਰਮੇ ਧਰਤੀ ਤੇ ਇੰਝ ਡਿੱਗ ਰਹੇ ਸਨ, ਮਾਨੋ ਨਦੀ ਦੇ ਕੰਢੇ ਢਹਿ ਰਹੇ ਹੋਣ॥ ੫੯॥

**ਤਬ ਲਉ ਸ਼ਿਵਹ ਚੇਤਨਾ ਆਈ। ਗਹਿ ਪਿਨਾਕ ਕਹੁੱ ਪਰੋ ਰਿਸਾਈ॥**

**ਜਾ ਕੇ ਤਾਣ ਬਾਣ ਤਨ ਮਾਰਾ॥ ਪ੍ਰਾਨ ਤਜੇ ਤਿਨ ਪਾਨਨੁਚਾਰਾ॥ ੯੦॥**

ਓਨੇ ਚਿਰ ਨੂੰ ਸ਼ਿਵਜੀ ਨੂੰ ਫੇਰ ਸਤੀ ਦੇ ਮਰਨ ਦਾ ਚੇਤਾ ਆ ਗਿਆ ਤਾਂ ਧਨੁਖ ਨੂੰ ਫੜਕੇ ਗੁੱਸੇ ਨਾਲ ਧਾਈ ਕਰਕੇ ਪਿਆ। ਜਿਸ ਦੇ ਸਰੀਰ ਨੂੰ ਤੀਰ ਖਿੱਚ ਕੇ ਮਾਰਿਆ, ਉਸਨੇ ਪ੍ਰਾਨ ਤਜ ਦਿੱਤੇ ਅਤੇ ਪਾਣੀ ਵੀ ਨਾ ਮੰਗਿਆ॥ ੯੦॥

**ਡੱਮਾ ਡੱਮ ਡਊਰੂ ਬਹੁ ਬਾਜੇ॥ ਭੂਤ ਪ੍ਰੇਤ ਦਸਊ ਦਿਸ ਗਾਜੇ॥**
**ਝਿੰਮ ਝਿੰਮ ਕਰਤ ਅਸਨ ਕੀ ਧਾਰਾ॥ ਨਾਚੇ ਰੁੰਡ ਮੁੰਡ ਬਿਕਰਾਰਾ॥ ੯੧॥**

ਡੰਮ ਡੰਮ ਕਰਕੇ ਬਹੁਤ ਡੌਰੂ ਵੱਜਦੇ ਸਨ, ਭੂਤ ਪ੍ਰੇਤ ਦਸਾਂ ਦਿਸ਼ਾਂ ਵਿਚ ਗੱਜ ਰਹੇ ਸਨ, ਤਲਵਾਰਾਂ ਦੀ ਧਾਰ ਝਿੰਮ-ਝਿੰਮ ਕਰਕੇ ਲਿਸ਼ਕਾਰੇ ਮਾਰਦੀ ਸੀ, ਡਰੌਣੇ ਰੁੰਡ ਤੇ ਮੁੰਡ ਵਿਕਰਾਲ ਰੂਪ ਵਿਚ ਨੱਚਦੇ ਫਿਰਦੇ ਸਨ॥ ੯੧॥

**ਬੱਜੇ ਢੋਲ ਸਨਾਇ ਨਗਾਰੇ॥ ਜੂਟੇ ਜੰਗ ਕੋ ਜੋਧ ਜੁਝਾਰੇ॥**
**ਖਹਿ ਖਹਿ ਮਰੇ ਅਪਰ ਰਿਸ ਬਢੇ॥ ਬਹੁਰਿ ਨ ਦੇਖੀਯਤ ਤਾਜੀਅਨ ਚਢੇ॥ ੯੨॥**

ਡੱਫਾਂ ਤੇ ਨਗਾਰੇ ਵੱਜਦੇ ਸਨ, ਲੜਾਕੇ ਜੁਆਨ ਜੰਗ ਨੂੰ ਜੁਟੇ ਹੋਏ ਸਨ। ਇਕ ਤਾਂ ਖਹਿ ਖਹਿ ਲੜ ਲੜ ਕੇ ਮਰ ਰਹੇ ਸਨ ਅਤੇ ਦੂਜਿਆਂ ਨੂੰ ਕ੍ਰੋਧ ਚੜ੍ਹ ਰਿਹਾ ਸੀ। ਮੁੜ ਕੇ ਘੋੜੇ ਉਤੇ ਚੜ੍ਹਿਆ ਕੋਈ ਵੀ ਨਹੀਂ ਸੀ ਦਿਸਿਆ॥ ੯੨॥

**ਜਾ ਪਰ ਮੁਸ਼ਟ ਤ੍ਰਿਸੂਲ ਪ੍ਰਹਾਰਾ॥ ਤਾਕਹੁੱ ਠਉਰ ਮਾਰ ਹੀ ਡਾਰਾ॥**
**ਐਸੋ ਭਯੋ ਬੀਰ ਘਮਸਾਨਾ॥ ਭਕ ਭਕਾਇ ਤਹ ਜਗੇ ਮਸਾਨਾ॥ ੯੩॥**

ਸ਼ਿਵਜੀ ਨੇ ਜਿਸ ਨੂੰ ਤ੍ਰਿਸੂਲ ਦੀ ਮੁੱਠੀ ਭਾਵ ਹੈਂਡਲ ਮਾਰ ਦਿੱਤੀ, ਉਸਨੂੰ ਉਸੇ ਥਾਂ ਤੇ ਹੀ ਮਾਰ ਦਿੱਤਾ। ਇਸ ਤਰ੍ਹਾਂ ਦਾ ਘਮਸਾਨ ਜੰਗ ਹੋਇਆ, ਕਿ ਓਥੇ ਭੱਕ ਭੱਕ ਕਰਕੇ ਮਸਾਨ ਜਾਗ ਪਏ ਸਨ॥ ੯੩॥

**ਦੋਹਰਾ॥ ਤੀਰ ਤਬਰ ਬਰਛੀ ਬਿਛੂਅ ਬਰਸੇ ਬਿਸਖ ਅਨੇਕ॥**
**ਸਭ ਸੂਰਾ ਜੂਝਤ ਭਏ ਸਾਬਤ ਬਚਾ ਨ ਏਕ॥ ੯੪॥**

ਤੀਰ, ਕੁਹਾੜੇ, ਬਰਛੀਆਂ, ਬਿਛੂਏ ਅਤੇ ਜ਼ਹਿਰ ਦੀ ਪਾਨ ਵਾਲੇ ਤੀਰ, ਅਨੇਕਾਂ ਹੀ ਚੱਲੇ ਸਨ। ਸਾਰੇ ਸੂਰਮੇ ਲੜਦੇ ਸ਼ਹੀਦ ਹੋ ਗਏ ਸਨ। ਉਨ੍ਹਾਂ ਵਿਚੋਂ ਇਕ ਵੀ ਜੀਉਂਦਾ ਨਹੀਂ ਸੀ ਬਚਿਆ॥ ੯੪॥

**ਚੌਪਈ॥ ਕਟਿ ਕਟਿ ਮਰੇ ਨਰੇਸ਼ ਦੁਖੰਡਾ॥ ਬਾਇ ਹਨੇ ਗਿਰ ਗੇ ਜਨ ਝੰਡਾ॥**
**ਸੂਲ ਸੰਭਾਰ ਰੁਦ੍ਰ ਜਬ ਪਰਯੋ॥ ਚਿੱਤ੍ਰ ਬਚਿੱਤ੍ਰ ਅਯੋਧਨ ਕਰਯੋ॥ ੯੫॥**

ਰਾਜੇ ਇਕ ਦੂਜੇ ਨੂੰ ਕੱਟ ਵੱਢ ਕਰਕੇ ਦੋ ਦੋ ਟੋਟੇ ਹੋਕੇ ਮਰ ਗਏ ਸਨ, ਜੋ ਇਉਂ ਭਾਸਦੇ ਸਨ ਮਾਨੋ ਹਵਾ ਦੇ ਜ਼ੋਰ ਝੰਡੇ ਡਿੱਗੇ ਪਏ ਹਨ। ਤ੍ਰਿਸੂਲ ਨੂੰ ਸੰਭਾਲ ਕੇ ਜਦ ਸ਼ਿਵਜੀ ਵੈਰੀ ਦਲ ਤੇ ਜਾ ਪਿਆ ਤਾਂ ਉਨ੍ਹਾਂ ਨੇ ਅਲੌਕਿਕ ਨਜ਼ਾਰੇ ਵਾਲਾ ਜੰਗ ਕੀਤਾ॥ ੬੫॥

**ਭਾਜ ਭਾਜ ਤਬ ਚਲੇ ਨਰੇਸਾ॥ ਜੱਗ ਬਿਸਾਰ ਸੰਭਾਰਜੋ ਦੇਸਾ॥**
**ਜਬ ਰਣ ਰੁਦ੍ਰ ਰੁਦ੍ਰ ਹੂਐ ਧਾਏ॥ ਭਾਜਤ ਭੂਪ ਨ ਬਾਚਨ ਪਾਏ॥ ੬੬॥**

ਉਸ ਵਕਤ ਰਾਜੇ ਭੱਜ ਭੱਜ ਕੇ ਚਲੇ ਗਏ, ਦੱਛ ਦੇ ਜੱਗ ਨੂੰ ਭੁਲਾ ਕੇ, ਆਪਣੇ ਦੇਸ਼ਾਂ ਨੂੰ ਚੇਤੇ ਕਰ ਲਿਆ ਜਦੋਂ ਸ਼ਿਵਜੀ ਭਿਆਨਕ ਰੂਪ ਹੋ ਕੇ ਜੰਗ ਵਿਚ ਧਾਵਾ ਕਰਕੇ ਪਿਆ, ਤਦੋਂ ਭੱਜੇ ਜਾਂਦੇ ਰਾਜੇ ਵੀ ਉਸ ਦੀ ਮਾਰ ਤੋਂ ਨਾ ਬਚ ਸਕੇ॥ ੬੬॥

**ਤਬ ਸਭ ਭਰੇ ਤੇਜ ਤਨੁ ਰਾਜਾ॥ ਬਾਜਨ ਲਗੇ ਅਨੰਤਨ ਬਾਜਾ॥**
**ਮਚਯੋ ਬਹੁਰਿ ਘੋਰਿ ਸੰਗ੍ਰਾਮਾ॥ ਜਮ ਕੋ ਭਰਾ ਛਿਨਕ ਮਹਿ ਧਾਮਾ॥ ੬੭॥**

ਤਦੋਂ ਸਾਰੇ ਰਾਜੇ ਕ੍ਰੋਧ ਨਾਲ ਭਰ ਗਏ ਅਤੇ ਬਿਅੰਤ ਕਿਸਮ ਦੇ ਮਾਰੂ ਵਾਜੇ ਵੱਜਣ ਲੱਗੇ। ਫੇਰ ਘੋਰ ਸੰਗਰਾਮ ਮੱਚ ਗਿਆ। ਜਮ ਦਾ ਘਰ ਇਕ ਛਿਨ ਵਿਚ ਭਰ ਦਿੱਤਾ ਗਿਆ॥ ੬੭॥

**ਭੂਪਤ ਫਿਰੇ ਜੁੱਧ ਕੇ ਕਾਰਨ॥ ਲੈ ਬਾਣ ਪਾਣ ਹਥਿਯਾਰਨ॥**
**ਧਾਇ ਧਾਇ ਅਰ ਕਰਤ ਪ੍ਰਹਾਰਾ॥ ਜਨ ਕਰ ਚੋਟ ਪਰਤ ਘਰੀਯਾਰਾ॥ ੬੮॥**

ਰਾਜੇ ਘਰਾਂ ਨੂੰ ਭੱਜੇ ਜਾਂਦੇ ਜੰਗ ਦੇ ਵਾਸਤੇ ਫਿਰ ਪਿੱਛੇ ਮੁੜ ਪਏ, ਹੱਥਾਂ ਵਿਚ ਧਨੁਖ ਬਾਣ ਸ਼ਸਤਰ ਲੈ ਲੈਕੇ, ਭੱਜ ਭੱਜ ਕੇ ਵੈਰੀ ਉੱਪਰ ਇਸ ਤਰ੍ਹਾਂ ਵਾਰ ਕਰਦੇ ਸਨ, ਜਿਵੇਂ ਘੜਿਆਲ ਉਤੇ ਸੱਟਾਂ ਪੈਂਦੀਆਂ ਹਨ॥ ੬੮॥

**ਖੰਡ ਖੰਡ ਰਣ ਗਿਰੇ ਅਖੰਡਾ॥ ਕਾਂਪਜੋ ਖੰਡ ਨਵੇ ਬ੍ਰਹਮੰਡਾ॥**
**ਛਾਡਿ ਛਾਡਿ ਅਸ ਗਿਰੇ ਨਰੇਸ਼ਾ॥ ਮੱਚਿਯੋ ਜੁੱਧੁ ਸੁਯੰਬਰ ਜੈਸਾ॥ ੬੯॥**

ਨਾ ਟੋਟੇ ਹੋਣ ਵਾਲੇ ਸੂਰਮੇ ਟੁਕੜੇ ਟੁਕੜੇ ਹੋ ਕੇ ਰਣ ਭੂਮੀ ਵਿਚ ਡਿੱਗ ਪਏ, ਨੌਂ ਖੰਡਾਂ ਵਾਲਾ ਬ੍ਰਹਮੰਡ ਕੰਬ ਗਿਆ। ਤਲਵਾਰਾਂ ਛੱਡ ਛੱਡ ਕੇ ਰਾਜੇ ਡਿੱਗ ਪਏ। ਸੁਅੰਬਰ ਵਰਗਾ ਜੰਗ ਮਚਿਆ ਹੋਇਆ ਸੀ॥ ੬੯॥

## ਨਰਾਜ ਛੰਦ॥

**ਅਰੁੱਝੇ ਕਿਕਾਣੀ॥ ਧਰੇ ਸ਼ਸਤ੍ਰ ਪਾਨੀ॥ ਪਰੀ ਮਾਰ ਬਾਨੀ॥ ਕੜੱਕੇ ਕਮਾਣੀ॥ ੭੦॥**

ਘੋੜ ਚੜ੍ਹੇ ਸੂਰਮੇ ਆਪੋ ਵਿਚ ਜੁੱਟੇ ਹੋਏ ਸਨ, ਅਤੇ ਉਨ੍ਹਾਂ ਨੇ ਹੱਥਾਂ ਵਿਚ ਸ਼ਸਤਰ ਫੜੇ ਹੋਏ

ਸਨ। ਇਕ ਦੂਜੇ ਨੂੰ ਤੀਰਾਂ ਦੀ ਮਾਰ ਪਈ ਅਤੇ ਕਮਾਨਾਂ ਕੜਕ ਰਹੀਆਂ ਸਨ॥ ੭੦॥

**ਝੜੱਕੇ ਕ੍ਰਿਪਾਣੀ॥ ਧਰੇ ਧੂਰ ਧਾਣੀ॥ ਚੜੇ ਬਾਨ ਸਾਣੀ॥ ਰਟੇ ਏਕ ਪਾਣੀ॥ ੭੧॥**

ਤਲਵਾਰਾਂ ਇਕ ਦੂਜੇ ਉਤੇ ਝਾੜਦੇ ਸਨ, ਬੰਦੂਕਾਂ ਚਲਾਉਂਦੇ ਸਨ, ਸਾਣਾਂ ਉੱਤੇ ਚੜ੍ਹੇ ਹੋਏ ਤਿਖੇ ਤੀਰ ਦੂਰ ਤੀਕਰ ਮਾਰ ਕਰਦੇ ਸਨ। ਕਈ ਜ਼ਖਮੀ ਪਾਣੀ ਮੰਗ ਰਹੇ ਸਨ॥ ੭੧॥

**ਚਵੀ ਚਾਂਵਡਾਣੀ॥ ਜੁਟੇ ਹਾਣ ਹਾਣੀ॥ ਹਸੀ ਦੇਵ ਰਾਣੀ॥ ਝਮੱਕੇ ਕ੍ਰਿਪਾਣੀ॥ ੭੨॥**

ਚੁੜੇਲਾਂ ਬੋਲਦੀਆਂ ਸਨ, ਹਾਣੀ ਜੁੱਟੇ ਹੋਏ ਸਨ। ਦੇਵਰਾਣੀਆਂ ਅਪੱਛਰਾਂ ਹੱਸਦੀਆਂ ਸਨ ਅਤੇ ਤਲਵਾਰਾਂ ਝਮੱਕਦੀਆਂ ਸਨ॥ ੭੨॥

**ਬ੍ਰਿਧ ਨਰਾਜ ਛੰਦ॥ ਸੁ ਮਾਰ ਮਾਰ ਸੂਰਮਾ ਪੁਕਾਰ ਮਾਰ ਕੈ ਚਲੇ॥**
**ਅਨੰਤ ਰੁਦ੍ਰ ਕੇ ਗਣੋ ਬਿਅੰਤ ਬੀਰਹਾ ਦਲੇ॥**
**ਘਮੰਡ ਘੋਰ ਸਾਵਣੀ ਅਘੋਰ ਜਿਉ ਘਟਾ ਉਠੀ॥**
**ਅਨੰਤ ਬੂੰਦ ਬਾਣ ਧਾਰ ਸੁੱਧ ਕ੍ਰੁੱਧ ਕੈ ਬੁਠੀ॥ ੭੩॥**

ਮਾਰ ਲੌ, ਮਾਰ ਲੌ, ਕਹਿੰਦੇ ਹੋਏ ਸੂਰਮੇ ਵੈਰੀ ਨੂੰ ਮਾਰਨ ਦੇ ਵਾਸਤੇ ਚਲੇ ਆਉਂਦੇ ਸਨ। ਏਧਰ ਸ਼ਿਵਜੀ ਦੇ ਗਣਾਂ ਨੇ ਬੇਅੰਤ ਸੂਰਮਿਆਂ ਨੂੰ ਮਾਰ ਦਿੱਤਾ। ਜਿਵੇਂ ਸਾਵਣ ਮਹੀਨੇ ਦੀ ਘਨਘੋਰ ਘਟਾ ਉੱਠਦੀ ਵਿਖਾਈ ਦਿੰਦੀ ਹੈ ਅਤੇ ਫਿਰ ਜੋਰ ਦੀ ਵਰਖਾ ਕਰਦੀ ਹੈ, ਇਸ ਤਰ੍ਹਾਂ ਹੀ ਤੀਰਾਂ ਦੀ ਵਰਖਾ ਹੋ ਰਹੀ ਸੀ॥ ੭੩॥

**ਨਰਾਜ ਛੰਦ॥ ਬਿਅੰਤ ਸੂਰ ਧਾਵਹੀ॥ ਸੁ ਮਾਰ ਮਾਰ ਘਾਵਹੀ॥**
**ਅਘਾਇ ਘਾਇ ਉੱਠਹੀਂ॥ ਅਨੇਕ ਬਾਣ ਬੁੱਠਹੀਂ॥ ੭੪॥**

ਬੇਅੰਤ ਸੂਰਮੇ ਭੱਜੇ ਜਾਂਦੇ ਸਨ, ਉਹ ਮਾਰੋ ਮਾਰ ਬੋਲਦੇ ਸਨ। ਜ਼ਖਮਾਂ ਤੋਂ ਰਹਿਤ ਜੋਧੇ ਜ਼ਖਮ ਖਾ ਕੇ ਉੱਠ ਖਲੋਂਦੇ ਸਨ ਅਤੇ ਅਨੇਕਾਂ ਤੀਰਾਂ ਦੀ ਬਰਖਾ ਕਰਨ ਲੱਗ ਜਾਂਦੇ ਸਨ॥ ੭੪॥

**ਅਨੰਤ ਅਸਤ੍ਰ ਸੱਜਕੈ॥ ਚਲੇ ਸੁ ਬੀਰ ਗੱਜਕੈ॥**
**ਨਿਰਭੈ ਹਥਜਾਰ ਝਾਰਹੀਂ॥ ਸੁ ਮਾਰ ਮਾਰ ਉਚਾਰਹੀਂ॥ ੭੫॥**

ਅਨੰਤ ਸੂਰਮੇ ਅਸਤਰਾਂ ਨਾਲ ਸਜ ਕੇ ਅਤੇ ਵੱਜ ਗੱਜ ਕੇ ਲਲਕਾਰੇ ਮਾਰਦੇ ਜੰਗ ਨੂੰ ਰਹੇ ਸਨ। ਡਰ ਤੋਂ ਰਹਿਤ ਹੋ ਕੇ ਸ਼ਸਤਰ ਚਲਾਉਂਦੇ ਸਨ ਅਤੇ ਮੂੰਹੋ ਮਾਰੋ ਮਾਰ ਬੋਲਦੇ ਸਨ॥ ੭੫॥

**ਘਮੰਡ ਘੋਰ ਜਿਉ ਘਟਾ॥ ਚਲੇ ਬਨਾਇ ਤਿਉ ਥਟਾ॥**
**ਸੁ ਸ਼ਸਤ੍ਰ ਸੂਰ ਸੋਭਹੀਂ॥ ਸੁਤਾ ਸੁਰਾਨ ਲੋਭਹੀਂ॥ ੭੬॥**

ਸਾਵਣ ਦੀਆਂ ਘਨਘੋਰ ਘਟਾਂ ਜਿਵੇਂ ਉਮਡਕੇ ਆਉਂਦੀਆਂ ਹਨ, ਤਿਵੇਂ ਹੀ ਇਹ ਥਾਟ ਬਣਾਕੇ ਚਲ ਰਹੇ ਸਨ। ਸੂਰਮੇ ਸ਼ਸਤਰਾਂ ਨਾਲ ਸੋਭ ਰਹੇ ਸਨ, ਜਿਨ੍ਹਾਂ ਨੂੰ ਵੇਖਕੇ ਦੇਵਤਿਆਂ ਦੀਆਂ ਕੰਨਿਆਂ ਉਨ੍ਹਾਂ ਨੂੰ ਚਾਹ ਰਹੀਆਂ ਸਨ॥ ੭੬॥

ਸੁ ਬੀਰ ਬੀਨ ਕੈ ਬਰੈਂ॥ ਸੁਰੇਸ਼ ਲੋਗ ਬਿਚਰੈਂ॥
ਸੁ ਤ੍ਰਾਸ ਭੂਪ ਜੇ ਭਜੇ॥ ਸੁਦੇਵ ਪ੍ਰਤ੍ਰਕਾ ਤਜੇ॥ ੭੭॥

ਸੋਹਣੇ ਸੋਹਣੇ ਸੂਰਮਿਆਂ ਨੂੰ ਚੁਣ ਚੁਣ ਕੇ ਵਰ ਰਹੀਆਂ ਸਨ, ਇੰਦਰ ਲੋਕ ਵਿਚ ਖੁਸ਼ੀ ਨਾਲ ਫਿਰਦੀਆਂ ਸਨ ਜਿਹੜੇ ਰਾਜੇ ਡਰ ਨਾਲ ਜੰਗ ਤੋਂ ਭੱਜ ਗਏ ਸਨ, ਉਨ੍ਹਾਂ ਨੂੰ ਦੇਵ ਕੰਨਿਆਵਾਂ ਨੇ ਤਿਆਗ ਦਿੱਤਾ ਸੀ॥ ੭੭॥

ਬ੍ਰਿਧ ਨਰਾਜ ਛੰਦ॥ ਸੁ ਸ਼ਸਤ੍ਰ ਅਸਤ੍ਰ ਸੱਜਕੇ ਪਰੇ ਹਕਾਰ ਕੈ ਹਠੀ॥
ਬਿਲੋਕ ਰੁੱਦ੍ਰ ਰੁੱਦ੍ਰ ਕੋ ਬਨਾਇ ਸੈਣ ਏਕਠੀ॥
ਅਨੰਤ ਘੋਰ ਸਾਵਣੀ ਦੁਰੰਤ ਜਜੋ ਉਠੀ ਘਟਾ॥
ਸੁ ਸੋਭ ਸੂਰਮਾ ਨਚੈ ਸੁ ਛੀਨ ਛਤ੍ਰ ਕੀ ਛਟਾ॥ ੭੮॥

ਸੂਰਮੇ ਸ਼ਸਤਰ ਅਸਤਰ ਸਜਾ ਕੇ, ਲਲਕਾਰ ਕੇ ਪੈਂਦੇ ਸਨ, ਸ਼ਿਵਜੀ ਦੇ ਭਿਆਨਕ ਰੂਪ ਨੂੰ ਵੇਖ ਕੇ ਰਾਜਿਆਂ ਨੇ ਫੌਜ ਇਕੱਠੀ ਕਰ ਲਈ ਸੀ। ਸਾਵਣ ਦੀ ਜਿਵੇਂ ਘਨਘੋਰ ਘਟਾ ਆਉਂਦੀ ਹੈ, ਇਵੇਂ ਹੀ ਇਹ ਅਨੰਤ ਸੂਰਬੀਰ ਟੁੱਟ ਕੇ ਪੈ ਗਏ। ਅਕਾਸ਼ ਦੀ ਸ਼ੋਭਾ ਨੂੰ ਆਪਣੇ ਵਿਚ ਸਮੇਟਦੇ ਹੋਏ, ਸੂਰਮੇ ਮਦਮਸਤ ਹੋਕੇ ਨਾਚ ਕਰਨ ਲੱਗੇ॥ ੭੮॥

ਕਿ ਪਾਇ ਖੱਗ ਪਾਣ ਮੋ ਤ੍ਰਪਾਇ ਤਾਜੀਯਨ ਤਹਾਂ॥
ਜੁਆਨ ਆਨਕੈ ਪਰੇ ਸੁ ਰੁਦ੍ਰ ਠਾਢਬੋ ਜਹਾਂ॥
ਬਿਅੰਤ ਬਾਣ ਸੈਹਥੀ ਪ੍ਰਹਾਰ ਆਨਕੇ ਕਰੈਂ॥
ਧਕੇਲ ਰੇਲ ਲੈ ਚਲੈ ਪਛੇਲ ਪਾਵ ਨਾ ਟਰੈਂ॥ ੭੯॥

ਹੱਥ ਵਿਚ ਤਲਵਾਰ ਨੂੰ ਘੁਮਾ ਕੇ ਅਤੇ ਘੋੜਿਆਂ ਨੂੰ ਨਚਾ ਕੇ, ਸੂਰਮੇ ਉਥੇ ਆਣ ਕੇ ਸ਼ਿਵ ਨੂੰ ਪੈ ਗਏ, ਜਿਥੇ ਉਹ ਖੜਾ ਸੀ। ਬੇਅੰਤ ਵਾਰ ਤੀਰਾਂ ਅਤੇ ਬਰਛੀਆਂ ਦੇ ਆਣਕੇ ਮਾਰੇ। ਇਸ ਤਰ੍ਹਾਂ ਸ਼ਿਵਜੀ ਨੂੰ ਧੱਕ ਕੇ ਅੱਗੇ ਨੂੰ ਲੈ ਚਲੇ। ਉਹ ਇਕ ਪੈਰ ਵੀ ਪਿਛੇ ਵਲ ਨਹੀਂ ਹਟੇ ਸਨ॥ ੭੯॥

ਸੜੱਕ ਸੂਲ ਸੈਹਥੀ ਤੜੱਕ ਤੇਗ ਤੀਰਯੰ॥
ਬਬੱਕ ਬਾਘ ਜਜੋਂ ਬਲੀ ਭਭੱਕ ਘਾਇ ਬੀਰਯੰ॥

**ਅਘਾਇ ਘਾਇਕੈ ਗਿਰੇ ਪਛੇਲ ਪਾਵ ਨਾ ਟਰੇ॥**
**ਸੁ ਬੀਨਬੀਨ ਅੱਛਰੇ ਪ੍ਰਬੀਨ ਦੀਨ ਹੁਐ ਬਰੇ॥੮੦॥**

ਸੜੱਕ ਕਰ ਕੇ ਨੇਜ਼ੇ ਤੇ ਬਰਛੀਆਂ ਵੱਜਦੇ ਸਨ ਅਤੇ ਤੇਗਾਂ ਤੇ ਤੀਰ ਤੜੱਕ ਕਰਕੇ ਚਲਦੇ ਸਨ, ਸ਼ੇਰ ਵਾਂਗੂੰ ਸੂਰਮੇ ਭੱਬਕਾਂ ਮਾਰਦੇ ਸਨ ਅਤੇ ਸੂਰਮਿਆਂ ਦੇ ਜ਼ਖਮ ਭੱਕ ਭੱਕ ਕਰਕੇ ਬੋਲਦੇ ਸਨ, ਜਿਨ੍ਹਾਂ ਨੂੰ ਕੋਈ ਜ਼ਖਮ ਨਹੀਂ ਸੀ ਲੱਗਾ, ਉਹ ਜ਼ਖਮ ਖਾ ਕੇ ਡਿਗ ਪੈਂਦੇ ਸਨ। ਪਿਛੇ ਨੂੰ ਪੈਰ ਨਹੀਂ ਸਨ ਹਟਾਉਂਦੇ। ਚੁਣ ਚੁਣ ਕੇ ਸੂਰਮਿਆਂ ਨੂੰ ਚੱਤਰ ਅਪੱਛਰਾਂ ਦੀਨ ਹੋ ਕੇ ਉਨ੍ਹਾਂ ਨੂੰ ਵਰ ਰਹੀਆਂ ਸਨ॥੮੦॥

**ਚੌਪਈ॥ ਇਹ ਬਿਧਿ ਜੂਝ ਗਿਰਜੋ ਸਭ ਸਾਥਾ॥ ਰਹਿਗਜੋ ਦੱਛ ਅਕੇਲ ਅਨਾਥਾ॥**
**ਬਚੇ ਬੀਰ ਤੇ ਬਹੁਰਿ ਬੁਲਾਇਸ॥ ਪਹਰ ਕਵਚ ਦੁੰਦਭੀ ਬਜਾਇਸ॥੮੧॥**

ਇਸ ਤਰ੍ਹਾਂ ਨਾਲ ਲੜ ਕੇ ਸਾਰੇ ਸਾਥੀ ਡਿੱਗ ਪਿਏ, ਇਕੱਲਾ ਦੱਛ ਹੀ ਅਨਾਥ ਜਿਹਾ ਹੋਕੇ ਰਹਿ ਗਿਆ ਸੀ। ਜੇਹੜੇ ਕੋਈ ਸੂਰਮੇ ਲੁਕ ਛਿਪ ਕੇ ਬਚੇ ਸਨ, ਉਹ ਫਿਰ ਉਸਨੇ ਬੁਲਾ ਲਏ, ਸੰਜੋਆਂ ਨੂੰ ਸਰੀਰ ਉਤੇ ਪਹਿਨਕੇ ਜੰਗ ਲਈ ਆ ਧੌਂਸਾ ਵਜਾਇਆ॥੮੧॥

**ਆਪਨ ਚਲਾ ਜੁੱਧ ਕਹੁੱ ਰਾਜਾ॥ ਜੋਰ ਕਰੋਰ ਅਯੋਧਨ ਸਾਜਾ॥**
**ਛੂਟਤ ਬਾਨ ਕਮਾਣ ਅਪਾਰਾ॥ ਜਨੁ ਦਿਨ ਤੇ ਹੁਐ ਗਯੋ ਅੰਧਾਰਾ॥੮੨॥**

ਰਾਜਾ ਆਪ ਜੁੱਧ ਨੂੰ ਚਲਿਆ, ਇਕ ਕ੍ਰੋੜ ਸੂਰਮਾ ਇਕੱਠਾ ਕਰ ਕੇ ਜੰਗ ਸਾਜਿਆ। ਅਪਾਰਾਂ ਕਮਾਣਾਂ ਵਿਚੋਂ ਤੀਰ ਚਲਦੇ ਸਨ, ਏਦਾਂ ਮਲੂਮ ਹੁੰਦਾ ਸੀ, ਦਿਨ ਤੋਂ ਰਾਤ ਦਾ ਹਨੇਰਾ ਹੋ ਗਿਆ ਹੈ॥੮੨॥

**ਭੂਤ ਪਰੇਤ ਮਸਾਣ ਹਕਾਰੇ॥ ਦੂਹੂੰ ਓਰ ਡਓਰੂ ਡਮਕਾਰੇ॥**
**ਮਹਾਂ ਘੋਰ ਮੱਚਜੋ ਸੰਗ੍ਰਾਮਾ॥ ਜੈਸਕ ਲੰਕ ਰਾਵਣ ਅਰੁ ਰਾਮਾ॥੮੩॥**

ਭੂਤ ਪ੍ਰੇਤ ਤੇ ਮਸਾਣ ਚੀਕਾਂ ਮਾਰਨ ਲੱਗੇ, ਦੋਹੀਂ ਪਾਸੀਂ ਡੌਰੂ ਡੰਮ ਡੰਮ ਕਰਦੇ ਸਨ। ਵੱਡਾ ਭਿਆਨਕ ਜੰਗ ਮੱਚਿਆ ਜਿਵੇਂ ਕਿ ਲੰਕਾ ਵਿਚ ਰਾਵਣ ਅਤੇ ਰਾਮ ਚੰਦਰ ਜੀ ਦਾ ਹੋਇਆ ਸੀ॥੮੩॥

## ਭੁਜੰਗ ਪ੍ਰਯਾਤ ਛੰਦ॥

**ਭਯੋ ਰੁਦ੍ਰ ਕੋਪੰ ਧਰਯੋ ਸੂਲ ਪਾਣੰ॥ ਕਰੇ ਸੂਰਮਾ ਸਰਬ ਖਾਲੀ ਪਲਾਣੰ॥**
**ਉਤੇ ਏਕ ਦੱਛੰ ਇਤੇ ਰੁਦ੍ਰ ਏਕੰ॥ ਕਰਯੋ ਕੋਪ ਕੈ ਜੁੱਧੁ ਭਾਂਤੰ ਅਨੇਕੰ॥੮੪॥**

ਸ਼ਿਵਜੀ ਨੂੰ ਕ੍ਰੋਧ ਹੋਇਆ ਤਾਂ ਉਸ ਨੇ ਹੱਥ ਵਿਚ ਤ੍ਰਿਸ਼ੂਲ ਫੜ ਲਿਆ ਅਤੇ ਸਾਰੇ ਸੂਰਮਿਆਂ ਨੂੰ ਮਾਰ ਕੇ, ਘੋੜਿਆਂ ਦੇ ਪਲਾਣੇ ਖਾਲੀ ਕਰ ਦਿੱਤੇ। ਉਧਰ ਇਕੋ ਦੱਛ ਸੀ ਅਤੇ ਇਧਰ ਇਕ

ਰੁਦਰ ਸੀ. ਦੋਹਾਂ ਨੇ ਕ੍ਰੋਧ ਵਿਚ ਆ ਕੇ ਅਨੇਕ ਤਰ੍ਹਾਂ ਨਾਲ ਯੁੱਧ ਕੀਤਾ॥ ੮੪॥

**ਗਿਰਯੋ ਜਾਨ ਕੂਟ ਸਥਲੀ ਬ੍ਰਿਛ ਮੂਲੰ॥ ਗਿਰਯੋ ਦੱਛ ਤੈਸੇ ਕਟਯੋ ਸੀਸ ਸੂਲੰ॥**
**ਪਰਿਯੋ ਰਾਜ ਰਾਜੰ ਭਯੋ ਦੇਹ ਘਾਤੰ॥ ਹਨਯੋ ਜਾਨ ਬੱਜ੍ਰੰ ਭਯੋ ਪੱਬ ਪਾਤੰ॥ ੮੫॥**

ਜਿਸ ਤਰ੍ਹਾਂ ਪਹਾੜ ਦੀ ਚੋਟੀ ਉਤੋਂ ਮੁੱਢੋਂ ਪੁਟਿਆ ਬ੍ਰਿਛ ਡਿੱਗਦਾ ਹੈ, ਉਸੇ ਤਰ੍ਹਾਂ ਦੱਛ ਡਿੱਗ ਪਿਆ। ਸ਼ਿਵਜੀ ਨੇ ਫਿਰ ਤ੍ਰਿਸੂਲ ਨਾਲ ਉਸ ਦਾ ਸਿਰ ਕੱਟ ਦਿੱਤਾ। ਜਦੋਂ ਰਾਜਿਆਂ ਦਾ ਰਾਜਾ ਦੱਛ ਮਾਰਿਆ ਗਿਆ ਤਾਂ ਉਸਦੀ ਦੇਹ ਪਈ ਹੋਈ ਇਉਂ ਪ੍ਰਤੀਤ ਹੁੰਦੀ ਸੀ, ਜਿਵੇਂ ਇੰਦਰ ਦੇ ਬੱਜਰ ਦਾ ਮਾਰਿਆ ਹੋਇਆ ਪਹਾੜ ਡਿੱਗਾ ਪਿਆ ਸੀ॥ ੮੫॥

**ਗਯੋ ਗਰਬ ਸਰਬੰ ਭਜੇ ਸੂਰ ਬੀਰੰ॥ ਚਲਯੋ ਭਾਜ ਅੰਤਹਪੁਰੰ ਹੁਐ ਅਧੀਰੰ॥**
**ਗਰੇ ਡਾਰ ਅੰਚਰ ਪਰੇ ਰੁਦ੍ਰ ਪਾਯੰ॥ ਅਹੋ ਰੁਦ੍ਰ ਕੀਜੈ ਕ੍ਰਿਪਾ ਕੈ ਸਹਾਯੰ॥ ੮੬॥**

ਸਾਰਿਆਂ ਦਾ ਹੰਕਾਰ ਮਿਟ ਗਿਆ, ਸੂਰਬੀਰ ਭੱਜ ਤੁਰੇ ਅਤੇ ਧੀਰਜ ਤੋਂ ਹੀਣੇ ਹੋ ਕੇ ਜ਼ਨਾਨ-ਖਾਨੇ ਅੰਦਰ ਭੱਜ ਚਲੇ। ਗਲ ਵਿਚ ਪਲੇ ਪਾ ਕੇ ਸਾਰੇ ਸ਼ਿਵਜੀ ਦੇ ਚਰਨੀਂ ਪਏ ਅਤੇ ਕਹਿਣ ਲੱਗੇ, "ਹੇ ਰੁਦ੍ਰ! ਕ੍ਰਿਪਾ ਕਰਕੇ ਸਾਡੀ ਸਹਾਇਤਾ ਕਰੋ"॥ ੮੬॥

**ਚੌਪਈ॥ ਹਮ ਤੁਮਰੋ ਹਰਿ ਓਜ ਨ ਜਾਨਾ॥ ਤੁਮਹੋ ਮਹਾਂ ਤਪੀ ਬਲਵਾਨਾ॥**
**ਸੁਨਤ ਬਚਨ ਭਏ ਰੁਦ੍ਰ ਕ੍ਰਿਪਾਲਾ॥ ਅਜਾ ਸੀਸ ਨ੍ਰਿਪ ਜੋਰ ਉਤਾਲਾ॥ ੮੭॥**

"ਅਸੀਂ ਤੁਹਾਡੇ ਬਲ ਨੂੰ ਨਹੀਂ ਜਾਣਿਆ ਸੀ ਤੁਸੀਂ ਵਡੇ ਤਪੀ ਤੇ ਬਲਵਾਨ ਹੋ"। ਇਹ ਬਚਨ ਸੁਣਦਿਆ ਹੀ ਸ਼ਿਵਜੀ ਦਿਆਲੂ ਹੋ ਗਏ ਅਤੇ ਛੇਤੀ ਨਾਲ ਉਨ੍ਹਾਂ ਨੇ ਰਾਜੇ ਨੂੰ ਜੀਵਤ ਕਰ ਦਿੱਤਾ॥ ੮੭॥

**ਰੁਦ੍ਰ ਕਾਲ ਕੋ ਧਰਾ ਧਿਆਨਾ॥ ਬਹੁਰਿ ਜੀਯਾਇ ਨਰੇਸ਼ ਉਠਾਨਾ॥**
**ਰਾਜ ਸੁਤਾ ਪਤ ਸਕਲ ਜਿਯਾਏ॥ ਕਉਤਕ ਨ੍ਰਿਖ ਸੰਤ ਤ੍ਰਿਪਤਾਏ॥ ੮੮॥**

ਸ਼ਿਵਜੀ ਨੇ 'ਕਾਲ ਪੁਰਖ' ਦਾ ਧਿਆਨ ਧਰਿਆ ਅਤੇ ਰਾਜੇ ਦੱਛ ਨੂੰ ਮੁੜ ਕੇ ਉੱਠਾ ਦਿੱਤਾ ਫਿਰ ਦੱਛ ਰਾਜੇ ਦੀਆਂ ਲੜਕੀਆਂ ਦੇ ਸਾਰੇ ਪਤੀ ਜਿਵਾ ਦਿੱਤੇ। ਇਸ ਕੌਤਕ ਨੂੰ ਵੇਖ ਕੇ ਸਾਰੇ ਸੰਤ ਪ੍ਰਸੰਨ ਚਿੱਤ ਹੋ ਗਏ॥ ੮੮॥

**ਨਾਰ ਹੀਨ ਸ਼ਿਵ ਕਾਮ ਖਿਝਾਯੋ॥ ਤਾ ਤੇ ਸੰਭੁ ਘਨੋ ਦੁਖੁ ਪਾਯੋ॥**
**ਅਧਿਕ ਕੋਪ ਕੈ ਕਾਮ ਜਰਾਯਸ॥ ਬਿਤਨ ਨਾਮ ਤਿਹ ਤਦਿਨ ਕਹਾਯਸ॥ ੮੯॥**

ਗਊਰਾਂ ਦੇ ਗੁਜ਼ਰਨ ਮਗਰੋਂ, ਸ਼ਿਵਜੀ ਜਦੋਂ ਇਸਤਰੀ ਤੋਂ ਹੀਣਾ ਹੋ ਗਿਆ, ਓਦੋਂ ਕਾਮ ਨੇ ਇਸਨੂੰ ਬਹੁਤ ਖਿਝਾਇਆ, ਸ਼ਿਵਜੀ ਨੇ ਇਸ ਕਰਕੇ ਬਹੁਤ ਦੁਖ ਪਾਇਆ। ਪਰ ਅੰਤ ਨੂੰ ਬਹੁਤ

ਕ੍ਰੋਧ ਕਰਕੇ ਸ਼ਿਵਜੀ ਨੇ ਕਾਮ ਨੂੰ ਸਾੜ ਦਿੱਤਾ, ਉਸ ਦਿਨ ਤੋਂ ਇਸ ਕਰਕੇ ਕਾਮ ਦਾ ਨਾਮ 'ਬਿਤਨ', ਤਨ ਤੋਂ ਬਿਨਾਂ ਜਾਂ 'ਅਨੰਗ' ਕਿਹਾ ਜਾਂਦਾ ਹੈ॥ ੮੯॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਗਿਆਰਮੋ ਅਉਤਾਰ 'ਰੁਦ੍ਰ' ਸਮਾਪਤਮ॥ ਸਤੁ ਸੁਭਮ ਸਤੁ॥ ੧੧॥ ੮੯॥ ੩੦੧॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਗਿਆਰਵਾਂ ਅਵਤਾਰ 'ਸ਼ਿਵ' ਸਮਾਪਤ॥ ਸਤ ਸੁਭਮ ਸਤ॥ ੧੧॥ ੮੯॥ ੩੦੧॥ ਚਲਦਾ॥

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤ੍ਹਿ॥

ਸ੍ਰੀ ਭਗਉਤੀ ਜੀ ਸਹਾਇ॥

# ਬਾਰ੍ਹਵਾਂ ਅਵਤਾਰ 'ਜਲੰਧਰ'

**ਚੌਪਈ॥ ਵਹੁ ਜੋ ਜਰੀ ਰੁਦ੍ਰ ਕੀ ਦਾਰਾ॥ ਤਿਨ ਹਿਮ ਗ੍ਰਿਹਿ ਲਿਯੋ ਅਵਤਾਰਾ॥**
**ਛੁਟੀ ਬਾਲਤਾ ਜਬ ਸੁਧਿ ਆਈ॥ ਬਹੁਰੋ ਮਿਲੀ ਨਾਥ ਕਹ ਜਾਈ॥੧॥**

ਜੇਹੜੀ ਸ਼ਿਵਜੀ ਦੀ ਇਸਤਰੀ ਹਵਨ ਕੁੰਡ ਵਿਚ ਸੜ ਗਈ ਸੀ, ਉਸ ਨੇ ਹਿਮਾਚਲ ਦੇ ਘਰ ਜਾ ਕੇ ਜਨਮ ਲਿਆ। ਜਦੋਂ ਉਸਦੀ ਬਾਲਾਵਸਥਾ ਹਟੀ ਤੇ ਜੁਆਨੀ ਆਈ ਤਾਂ ਉਹ ਫਿਰ ਆਪਣੇ ਸੁਆਮੀ ਨੂੰ ਜਾ ਕੇ ਮਿਲ ਪਈ॥੧॥

**ਜਿਹ ਬਿਧ ਮਿਲੀ ਰਾਮ ਸੋ ਸੀਤਾ॥ ਜੈਸਕ ਚਤੁਰ ਬੇਦ ਤਨ ਗੀਤਾ॥**
**ਜੈਸੇ ਮਿਲਤ ਸਿੰਧ ਤਨ ਗੰਗਾ॥ ਤਜੋਂ ਮਿਲਿ ਗਈ ਰੁਦ੍ਰ ਕੈ ਸੰਗਾ॥੨॥**

ਜਿਵੇਂ ਰਾਮ ਜੀ ਨਾਲ ਸੀਤਾ ਮਿਲੀ ਸੀ, ਜਿਵੇਂ ਚੌਹ ਵੇਦਾਂ ਨਾਲ ਗੀਤਾ ਮਿਲੀ ਹੋਈ ਹੈ। ਜਿਵੇਂ ਸਮੁੰਦਰ ਨਾਲ ਗੰਗਾ ਮਿਲਦੀ ਹੈ, ਤਿਵੇਂ ਪਾਰਬਤੀ ਰੁਦ੍ਰ ਦੇ ਨਾਲ ਮਿਲ ਗਈ ਸੀ॥੨॥

**ਜਬ ਤਿਹ ਬਜਾਹ ਰੁਦ੍ਰ ਘਰ ਆਨਾ॥ ਨਿਰਖ ਜਲੰਧਰ ਤਾਹਿ ਲੁਭਾਨਾ॥**
**ਦੂਤ ਏਕ ਤਹ ਦੀਯੋ ਪਠਾਈ॥ ਲਿਆਉ ਰੁਦ੍ਰ ਤੇ ਨਾਰ ਛਿਨਾਈ॥੩॥**

ਜਦ ਉਸਨੂੰ ਵਿਆਹ ਕੇ ਸ਼ਿਵਜੀ ਨੇ ਘਰ ਲੈ ਆਂਦਾ, ਤਾਂ ਜਲੰਧਰ ਉਸਨੂੰ ਵੇਖ ਕੇ ਮੋਹਿਤ ਹੋ ਗਿਆ। ਉਸ ਨੇ ਇਕ ਦੂਤ ਭੇਜ ਦਿੱਤਾ ਅਤੇ ਉਸਨੂੰ ਕਿਹਾ, "ਸ਼ਿਵਜੀ ਕੋਲੋਂ ਇਸਤਰੀ ਖੋਹ ਲਿਆਓ"॥੩॥

## ਦੋਹਰਾ॥ ਜਲੰਧਰ ਬਾਚ॥

**ਕੈ ਸ਼ਿਵ ਨਾਰਿ ਸੀਂਗਾਰਕੈ ਮਮ ਗ੍ਰਿਹ ਦੇਹ ਪਠਾਇ॥**
**ਨਾਤਰ ਸੂਲ ਸੰਭਾਰਕੈ ਸੰਗ ਲਰਹੁ ਮੂਰ ਆਇ॥੪॥**

ਇਹ ਸੁਨੇਹਾ ਜਲੰਧਰ ਨੇ ਦੂਤ ਹੱਥ ਭੇਜਿਆ - "ਹੇ ਸ਼ਿਵ! ਜਾਂ ਤਾਂ ਤੂੰ ਆਪਣੀ ਇਸਤਰੀ ਨੂੰ ਸ਼ਿੰਗਾਰ ਕਰਾ ਕੇ ਮੇਰੇ ਘਰ ਭੇਜ ਦੇਹ, ਨਹੀਂ ਤਾਂ ਤ੍ਰਿਸੂਲ ਫੜਕੇ ਮੇਰੇ ਨਾਲ ਆ ਕੇ ਜੰਗ ਕਰ"॥੪॥

**ਚੌਪਈ॥ ਕਥਾ ਭਈ ਇਹ ਦਿਸ ਇਹ ਭਾਤਾ॥ ਅਬ ਕਹੋ ਬਿਸ਼ਨ ਤ੍ਰੀਯਾ ਕੀ ਬਾਤਾ॥ ਬ੍ਰਿੰਦਾਰਿਕ ਦਿਨ ਏਕ ਪਕਾਏ॥ ਦੈਤ ਸਭਾ ਤੈ ਬਿਸ਼ਨ ਬੁਲਾਏ॥੫॥**

ਇਧਰ ਤਾਂ ਇਸ ਤਰ੍ਹਾਂ ਦੀ ਵਾਰਤਾ ਹੋਈ, ਹੁਣ ਵਿਸ਼ਨੂੰ ਦੀ ਇਸਤਰੀ ਲਛਮੀ ਦੀ ਗੱਲ ਕਹਿੰਦੇ ਹਾਂ। ਲਛਮੀ ਨੇ ਇਕ ਦਿਨ ਬੈਂਗਨ ਰਿੱਧੇ ਸਨ, ਉਸ ਵੇਲੇ ਦੈਂਤਾਂ ਦੀ ਸਭਾ ਨੇ ਕਿਸੇ ਵਿਚਾਰ ਕਰਨ ਲਈ ਬਿਸ਼ਨ ਜੀ ਨੂੰ ਸੱਦ ਲਿਆ ਸੀ॥੫॥

**ਆਇ ਗਯੋ ਤਹ ਨਾਰਦ ਰਿਖ ਬਰ॥ ਬਿਸ਼ਨ ਨਾਰ ਕੇ ਧਾਮ ਛੁਧਾਤਰ॥ ਬੈਂਗਨ ਨਿਰਖ ਅਧਿਕ ਲਲਚਾਯੋ॥ ਮਾਂਗ ਰਹਿਯੋ ਪਰੁ ਹਾਥ ਨ ਆਯੋ॥੬॥**

ਸ੍ਰੇਸ਼ਟ ਰਿਖੀ ਨਾਰਦ, ਉਸ ਸਮੇਂ ਭੁਖ ਨਾਲ ਦੁੱਖੀ ਹੋਇਆ, ਲਛਮੀ ਦੇ ਘਰ ਆ ਗਿਆ। ਬੈਂਗਨ ਰਿੱਧੇ ਵੇਖਕੇ ਬਹੁਤ ਲਲਚਾਇਆ ਅਤੇ ਲਛਮੀ ਪਾਸੋਂ ਮੰਗ ਮੰਗ ਥੱਕ ਗਿਆ, ਪਰ ਉਸਦੇ ਹੱਥ ਨ ਲੱਗੇ॥੬॥

**ਨਾਥ ਹੇਤ ਮੈ ਭੋਗ ਪਕਾਯੋ॥ ਮਨੁਛ ਪਠੈ ਕਰ ਬਿਸ਼ਨ ਬੁਲਾਯੋ॥ ਨਾਰਦ ਖਾਇ ਜੂਠ ਹੋ ਜੈਹੈ॥ ਪੀਅ ਕੁਪਤ ਹਮਰੇ ਪਰ ਹੁਐਹੈ॥੭॥**

ਲਛਮੀ ਨੇ ਕਿਹਾ, ਮੈਂ ਸੁਆਮੀ ਵਾਸਤੇ ਭੋਜਨ ਤਿਆਰ ਕੀਤਾ ਹੈ ਅਤੇ ਮਨੁੱਖ ਨੂੰ ਭੇਜ ਕੇ ਉਨ੍ਹਾਂ ਨੂੰ ਸੱਦ ਭੇਜਿਆ ਹੈ। ਹੇ ਨਾਰਦ! ਜੇ ਤੂੰ ਖਾ ਲਏਂਗਾ ਤਾਂ ਭੋਜਨ ਜੂਠਾ ਹੋ ਜਾਏਗਾ, ਫਿਰ ਸੁਆਮੀ ਮੈਨੂੰ ਗੁੱਸੇ ਹੋਵੇਗਾ॥੭॥

**ਨਾਰਦ ਬਾਚ॥ ਮਾਂਗ ਥਕਜੋ ਮੁਨ ਭੋਜ ਨ ਦੀਆ॥ ਅਧਿਕ ਰੋਸੁ ਮੁਨਬਰ ਤਬ ਕੀਆ॥ ਬ੍ਰਿੰਦਾ ਨਾਮ ਰਾਛਸੀ ਬਪੁ ਧਰ॥ ਤ੍ਰੀਅ ਹੁਐ ਬਸੋ ਜਲੰਧਰ ਕੇ ਘਰ॥੮॥**

ਨਾਰਦ ਮੁਨੀ ਮੰਗ ਥੱਕਾ, ਪਰ ਲਛਮੀ ਨੇ ਭੋਜਨ ਨਾ ਦਿੱਤਾ ਤਾਂ ਮਹਾਂ ਮੁਨੀ ਨਾਰਦ ਨੇ ਮਨ ਵਿਚ ਬਹੁਤ ਗੁੱਸਾ ਕੀਤਾ ਅਤੇ ਇਹ ਸਰਾਪ ਦਿੱਤਾ-ਲਛਮੀ! ਤੂੰ ਬ੍ਰਿੰਦਾ ਨਾਮ ਦੀ ਰਾਖਸ਼ਣੀ ਦੇ ਤੌਰ ਤੇ ਜਨਮ ਧਾਰਨ ਕਰਕੇ ਜਲੰਧਰ ਦੈਂਤ ਦੀ ਇਸਤਰੀ ਬਣ ਕੇ ਉਸਦੇ ਘਰ ਵਸੇਂਗੀ॥੮॥

**ਦੇਕਰ ਸ੍ਰਾਪ ਜਾਤ ਭਯੋ ਰਿਖਬਰ॥ ਆਵਤ ਭਯੋ ਬਿਸ਼ਨ ਤਾਕੇ ਘਰ॥ ਸੁਨਤ ਸ੍ਰਾਪ ਅਤਿ ਹੀ ਦੁਖ ਪਾਯੋ॥ ਬਿਹਸ ਬਚਨ ਤ੍ਰਿਯ ਸੰਗ ਸੁਨਾਯੋ॥੯॥**

ਇਹ ਸਰਾਪ ਦੇ ਕੇ, ਮਹਾਂ ਰਿਖੀ ਨਾਰਦ ਚਲਾ ਗਿਆ, ਉਧਰੋਂ ਵਿਸ਼ਨੂੰ ਉਸਦੇ ਪਾਸ ਘਰ ਚਲ ਆਇਆ। ਰਿਖੀ ਪਾਸੋਂ ਸਰਾਪ ਸੁਣਦਿਆਂ ਹੀ ਉਹ ਬੜਾ ਦੁਖੀ ਹੋਇਆ। ਇਸਤਰੀ ਪਾਸੋਂ ਸਾਰੇ ਬਚਨ ਸੁਣਾ ਕੇ ਵਿਸ਼ਨੂੰ ਨੇ ਮੁਸਕਰਾ ਕੇ ਉਸਨੂੰ ਧੀਰਜ ਦਿੱਤਾ॥੯॥

**ਦੋਹਰਾ॥ ਤ੍ਰਿਯ ਕੀ ਛਾਯਾ ਲੈ ਤਬੈ ਬਿੰਦ੍ਰਾ ਰਚੀ ਬਨਾਇ॥ ਧੂਮ੍ਰਕੇਸ ਦਾਨਵ ਸਦਨ ਜਨਮ ਧਰਤ ਭਈ ਜਾਇ॥੧੦॥**

ਆਪਣੀ ਇਸਤਰੀ ਦਾ ਪਰਛਾਵਾਂ ਲੈ ਕੇ, ਵਿਸ਼ਨੂੰ ਨੇ ਉਸ ਵੇਲੇ ਉਸਦੀ ਖੂਬਸੂਰਤ 'ਬਿੰਦ੍ਰਾ ਬਣਾ ਦਿੱਤੀ ਅਤੇ ਉਸ ਬਿੰਦ੍ਰਾ ਨੇ ਧੂਮ੍ਰਕੇਸ ਦਾਨਵ ਦੇ ਘਰ ਜਾ ਕੇ ਜਨਮ ਧਾਰਨ ਕੀਤਾ॥੧੦॥

**ਚੌਪਈ॥ ਜੈਸਕ ਰਹਤ ਕਮਲ ਜਲ ਭੀਤਰ॥ ਪੁਨਿ ਨ੍ਰਿਪ ਬਸੀ ਜਲੰਧਰ ਕੇ ਘਰ।ਤਿਹ ਨਿਮਿਤ ਜਲੰਧਰ ਅਵਤਾਰਾ॥ਧਰ ਹੈ ਰੂਪ ਅਨੂਪ ਮੁਰਾਰਾ॥੧੧॥**

ਜਿਸ ਤਰ੍ਹਾਂ ਪਾਣੀ ਵਿਚ ਕਮਲ ਨਿਰਲੇਪ ਰਹਿੰਦਾ ਹੈ, ਇਸੇ ਤਰ੍ਹਾਂ ਪਹਿਲੇ ਧੂਮ੍ਰਕੇਸ ਦੈਂਤ ਦੇ ਘਰ ਜਨਮ ਲਿਆ ਅਤੇ ਫੇਰ ਜਲੰਧਰ ਦੇ ਘਰ ਜਾ ਕੇ ਵੱਸੀ। ਉਸਦੇ ਉਧਾਰ ਵਾਸਤੇ, ਅਨੂਪ ਰੂਪ ਧਾਰੀ ਮੁਰ ਦੈਂਤ ਨੂੰ ਮਾਰਨ ਵਾਲੇ ਵਿਸ਼ਨੂੰ ਜੀ ਜਲੰਧਰ ਰੂਪ ਧਾਰਨਗੇ॥੧੧॥

**ਕਥਾ ਐਸ ਇਹ ਦਿਸ ਮੋ ਭਈ॥ਅਬ ਚਲ ਬਾਤ ਰੁਦ੍ਰ ਪਰ ਗਈ॥ ਮਾਂਗ ਨਾਰ ਨ ਦੀਨੀ ਰੁੱਦ੍ਰਾ॥ਤਾਂ ਤੇ ਕੋਪ ਅਸੁਰ ਪਤ ਛੁੱਦ੍ਰਾ॥੧੨॥**

ਇਸ ਤਰ੍ਹਾਂ ਦੀ ਕਥਾ ਏਧਰ ਹੋਈ, ਹੁਣ ਪ੍ਰਸੰਗ ਚਲਕੇ ਰੁਦ੍ਰ ਵੱਲ ਆਇਆ। ਜਲੰਧਰ ਨੇ ਨਾਰੀ ਮੰਗੀ, ਪਰ ਸ਼ਿਵਜੀ ਨੇ ਨਾ ਦਿੱਤੀ, ਇਸੇ ਲਈ ਜਲੰਧਰ ਝਟਪਟ ਗੁੱਸੇ ਹੋ ਗਿਆ॥੧੨॥

**ਬੱਜੇ ਢੋਲ ਨਫੀਰਿ ਨਗਾਰੇ॥ ਦੂਹੂ ਦਿਸਾ ਡਮਰੂ ਡਮਕਾਰੇ॥ ਮਾਚਤ ਭਯੋ ਲੋਹ ਬਿਕਰਾਰਾ॥ ਝਮਕਤ ਖੱਗ ਅਦੱਗ ਅਪਾਰਾ॥੧੩॥**

ਤੂਤੀਆਂ ਤੇ ਨਗਾਰੇ ਵੱਜੇ, ਦੋਹਾਂ ਪਾਸਿਆਂ ਤੋਂ ਡੌਰੂ ਡੰਮ ਡੰਮ ਕਰਦੇ ਸਨ। ਵੱਡਾ ਡਰੌਣਾਂ ਜੰਗ ਮੱਚਿਆ, ਜਿਸ ਵਿਚ ਅਦੱਗ ਭਾਵ ਵੱਡੀ ਚਮਕ ਵਾਲੇ ਅਪਾਰਾਂ ਖੜਗ ਚਮਕਣ ਲੱਗੇ॥੧੩॥

**ਗਿਰ ਗਿਰ ਪਰਤ ਸੁਭਟ ਰਣ ਮਾਹੀਂ॥ਧੁਕ ਧੁਕ ਉਠਤ ਮਸਾਣ ਤਹਾਹੀਂ॥ ਗਜੀ ਰਥੀ ਬਾਜੀ ਪੈਦਲ ਰਣ॥ਜੂਝ ਗਿਰੇ ਰਣ ਕੀ ਛਿਤ ਅਨਗਣ॥੧੪॥**

ਸੂਰਮੇ ਰਣ ਵਿਚ ਡਿੱਗ ਡਿੱਗ ਪੈਂਦੇ ਸਨ, ਉਥੇ ਹੀ ਧੁਖ ਧੁਖਕੇ ਮਸਾਣ ਉੱਠਦੇ ਸਨ। ਹਾਥੀਆਂ ਦੇ ਸਵਾਰ, ਰਥਾਂ ਦੇ ਸਵਾਰ, ਘੋੜਿਆਂ ਦੇ ਸਵਾਰ ਅਤੇ ਪੈਦਲ ਸੂਰਮੇ ਜੰਗ ਕਰ ਰਹੇ ਸਨ ਅਤੇ ਅਣਗਿਣਤ ਸੂਰਮੇ ਸ਼ਹੀਦ ਹੋ ਕੇ ਜੰਗ ਦੀ ਧਰਤੀ ਵਿਚ ਡਿੱਗ ਰਹੇ ਸਨ॥੧੪॥

**ਤੋਟਕ ਛੰਦ॥ਬਿਚਰੇ ਰਣਬੀਰ ਸੁ ਧੀਰ ਕ੍ਰੁਧੰ॥ਮੱਚਿਯੋ ਤਿਹ ਦਾਰੁਣ ਭੂਮ ਜੁਧੰ॥ ਹਹਰੰਤ ਹਯੰ ਗਰਜੰਤ ਗਜੰ॥ਸੁਣਕੈ ਧੁਨ ਸਾਵਣ ਮੇਘ ਲਜੰ॥੧੫॥**

ਧੀਰਜਵਾਨ ਸੂਰਮੇ ਰਣ ਵਿਚ ਕ੍ਰੋਧ ਨਾਲ ਫਿਰਦੇ ਸਨ। ਉਸ ਧਰਤੀ ਤੇ ਵੱਡਾ ਭਿਆਨਕ ਜੰਗ ਮੱਚ ਰਿਹਾ ਸੀ। ਘੋੜੇ ਹਿਣਕਦੇ ਸਨ, ਹਾਥੀ ਚਿੰਘਾੜਦੇ ਸਨ ਜਿਨ੍ਹਾਂ ਦੀ ਅਵਾਜ਼ ਸੁਣ ਕੇ

ਸਾਵਣ ਦੇ ਬੱਦਲ ਸ਼ਰਮਿੰਦੇ ਹੁੰਦੇ ਸਨ॥੧੫॥

**ਬਰਖੈ ਰਣ ਬਾਣ ਕਮਾਣ ਖਗੰ॥ ਤਹ ਘੋਰ ਭਯਾਨਕ ਜੁੱਧ ਜਗੰ॥**
**ਗਿਰ ਜਾਤ ਭੁਟੰ ਹਹਰੰਤ ਹਠੀ॥ ਉਮਗੀ ਰਿਪ ਸੈਣ ਕੀਏ ਇਕਠੀ॥੧੬॥**

ਰਣ ਵਿਚ ਕਮਾਣਾਂ ਤੋਂ ਤੀਰ ਤੇ ਤਲਵਾਰਾਂ ਵਸਦੀਆਂ ਸਨ। ਰਣ ਵਿਚ ਵਡਾ ਭਿਆਨਕ ਯੁੱਧ ਹੋਇਆ ਸੀ। ਸੂਰਮੇ ਡਿੱਗਦੇ ਜਾਂਦੇ ਸਨ, ਹਠੀਏ ਹਾਰਦੇ ਜਾਂਦੇ ਸਨ। ਦੁਸ਼ਮਣ ਆਪਣੀ ਖਿੰਡੀ ਪੁੰਡੀ ਹੋਈ ਸੈਨਾ ਨੂੰ ਇਕੱਠੀ ਕਰਦਾ ਸੀ॥੧੬॥

**ਚਹੂੰ ਓਰ ਘਿਰਜੋ ਸਰ ਸੋਧਿ ਸ਼ਿਵੰ॥ ਕਰਿ ਕੋਪ ਘਨੋ ਅਸੁਰਾਰ ਇਵੰ॥**
**ਦੂਹੂੰ ਓਰਨ ਤੇ ਇਮ ਬਾਣ ਬਹੇ॥ ਨਭ ਅਉਰ ਧਰਾ ਦੋਊ ਛਾਇ ਰਹੇ॥੧੭॥**

ਚੌਹਾਂ ਪਾਸਿਆਂ ਤੋਂ ਸ਼ਿਵਜੀ ਨੇ ਸੋਧ ਕੇ ਤੀਰਾਂ ਨਾਲ ਵੈਰੀ ਨੂੰ ਘੇਰ ਲਿਆ। ਦੈਂਤ ਰਾਜ ਜਲੰਧਰ ਨੇ ਵੀ ਬਹੁਤਾ ਕ੍ਰੋਧ ਕਰ ਕੇ ਇਸੇ ਤਰ੍ਹਾਂ ਕੀਤਾ। ਦੋਹਾਂ ਪਾਸਿਆਂ ਤੋਂ ਇਸ ਤਰ੍ਹਾਂ ਦੇ ਤੀਰ ਚਲਦੇ ਸਨ, ਜਿਨ੍ਹਾਂ ਨੇ ਧਰਤੀ ਅਤੇ ਅਕਾਸ਼ ਦੋਹਾਂ ਨੂੰ ਢੱਕ ਲਿਆ ਸੀ॥੧੭॥

**ਗਿਰਗੇ ਤਹ ਟੋਪਹਿ ਫੂਕ ਘਨੇ॥ ਰਹਗੇ ਜਨ ਕਿੰਸਕ ਸ੍ਰੋਣ ਸਨੇ॥**
**ਰਣ ਹੇਰ ਅਗੰਮ ਅਨੂਪ ਹਰੰ॥ ਜੀਯ ਮੋ ਇਹ ਭਾਂਤ ਬਚਾਰ ਕਰੰ॥੧੮॥**

ਬਹੁਤ ਸਾਰੇ ਟੁਕੜੇ ਉਥੇ ਟੋਪਾਂ ਦੇ ਡਿੱਗੇ ਪਏ ਸਨ, ਜੋ ਲਹੂ ਦੇ ਭਿੱਜੇ ਹੋਏ ਇਉਂ ਮਲੂਮ ਹੁੰਦੇ ਸਨ, ਮਾਨੋ ਕੇਸੂ ਝੜੇ ਪਏ ਸਨ। ਇਸ ਤਰ੍ਹਾਂ ਦੇ ਬੇਮਿਸਾਲ ਅਥਾਹ ਜੰਗ ਨੂੰ ਵੇਖ ਕੇ, ਸ਼ਿਵਜੀ ਨੇ ਦਿਲ ਵਿਚ ਇਸ ਤਰ੍ਹਾਂ ਦੀ ਵਿਚਾਰ ਕੀਤੀ ਸੀ॥੧੮॥

**ਜੀਯ ਮੋ ਸ਼ਿਵ ਦੇਖ ਰਹਾ ਚਕ ਕੈ॥ ਦਲ ਦੈਤਨ ਮੱਧਿ ਪਰਾ ਹਕ ਕੈ॥**
**ਰਣ ਸੂਲ ਸੰਭਾਰ ਪ੍ਰਹਾਰ ਕਰੰ॥ ਸੁਣਕੈ ਧੁਨਿ ਦੇਵ ਅਦੇਵ ਡਰੰ॥੧੯॥**

ਸ਼ਿਵਜੀ ਜੰਗ ਨੂੰ ਵੇਖ ਕੇ ਦਿਲ ਵਿਚ ਹੈਰਾਨ ਹੋ ਰਿਹਾ ਸੀ ਅਤੇ ਲਲਕਾਰਾ ਦੇ ਕੇ ਦੈਂਤਾਂ ਦੇ ਦਲ ਵਿਚ ਜਾ ਪਿਆ। ਤ੍ਰਿਸੂਲ ਨੂੰ ਸੰਭਾਲ ਕੇ ਰਣ ਵਿਚ ਵਾਰ ਕਰਦਾ ਸੀ। ਸ਼ਿਵਜੀ ਦੀ ਲਲਕਾਰੇ ਦੀ ਆਵਾਜ਼ ਨੂੰ ਸੁਣ ਕੇ, ਦੇਵਤੇ ਤੇ ਦੈਂਤ ਡਰ ਗਏ ਸਨ॥੧੯॥

**ਜੀਯ ਮੋ ਸ਼ਿਵ ਧਯਾਨ ਧਰਾ ਜਬ ਹੀ॥ ਕਲ ਕਾਲ ਪ੍ਰਸੰਨਿ ਭਏ ਤਬ ਹੀ॥**
**ਕਹਜੋ ਬਿਸ਼ਨ ਜਲੰਧਰ ਰੂਪ ਧਰੋ॥ ਪੁਨਿ ਜਾਇ ਰਿਪੇਸ਼ ਕੋ ਨਾਸ ਕਰੋ॥੨੦॥**

ਸ਼ਿਵਜੀ ਨੇ ਮਨ ਵਿਚ ਜਦੋਂ 'ਕਾਲ' ਦਾ ਧਿਆਨ ਧਰਿਆ। ਤਦੋਂ ਹੀ ਕਾਲ ਜੀ ਪ੍ਰਸੰਨ ਹੋਏ। ਉਨ੍ਹਾਂ ਨੇ ਵਿਸ਼ਨੂੰ ਨੂੰ ਕਿਹਾ, "ਤੁਸੀਂ ਜਾ ਕੇ ਜਲੰਧਰ ਦਾ ਰੂਪ ਧਰੋ ਅਤੇ ਫਿਰ ਜਾ ਕੇ ਵਡੇ ਦੁਸ਼ਮਣ ਦਾ ਨਾਸ ਕਰੋ"॥੨੦॥

## ਭੁਜੰਗ ਪ੍ਰਯਾਤ ਛੰਦ ॥

**ਦਈ ਕਾਲ ਆਗਯਾ ਧਰਿਯੋ ਬਿਸ਼ਨ ਰੂਪੰ ॥ ਸਜੇ ਸਾਜ ਸਰਬੰ ਬਨਿ ਯੋ ਜਾਨ ਭੂਪੰ ॥**
**ਕਰਜੋ ਨਾਥ ਯੋਂ ਆਪ ਨਾਰੰ ਉਧਾਰੰ ॥ ਤ੍ਰਿਯਾ ਰਾਜ ਬ੍ਰਿੰਦਾ ਸਤੀ ਸੱਤ ਟਾਰੰ ॥ ੨੧ ॥**

ਕਾਲ ਨੇ ਹੁਕਮ ਦਿੱਤਾ ਤਾਂ ਵਿਸ਼ਨੂੰ ਨੇ ਜਲੰਧਰ ਦਾ ਰੂਪ ਧਾਰਿਆ। ਜੰਗ ਦੇ ਸਾਰੇ ਸਾਜ਼ ਬਣਾ ਲਏ। ਜੋ ਸੱਚ ਮੁੱਚ ਰਾਜਾ ਜਲੰਧਰ ਮਲੂਮ ਹੁੰਦਾ ਸੀ। ਵਿਸ਼ਨੂੰ ਸਵਾਮੀ ਨੇ ਇਸ ਤਰ੍ਹਾਂ ਨਾਲ ਆਪਣੀ ਇਸਤਰੀ ਦਾ ਉਧਾਰ ਕੀਤਾ ਸੀ। ਜਲੰਧਰ ਰੂਪ ਧਾਰਕੇ ਉਨ੍ਹਾਂ ਇਸਤਰੀਆਂ ਦੀ ਰਾਣੀ ਬ੍ਰਿੰਦਾ ਦਾ ਸਤ ਭੰਗ ਕਰ ਦਿੱਤਾ॥ ੨੧॥

**ਤਜਜੋ ਦੇਹਿ ਦੈਤੰ ਭਈ ਬਿਸ਼ਨ ਨਾਰੰ ॥ ਧਰਜੋ ਦੁਆਦਸਮੰ ਬਿਸ਼ਨ ਦਈਤਾਵਤਾਰੰ ॥**
**ਪੁਨਰ ਜੁੱਧੁ ਸੱਜਜੋ ਗਹੇ ਸ਼ਸਤ੍ਰ ਪਾਣੰ ॥ ਗਿਰੇ ਭੂਮ ਮੋ ਸੂਰ ਸੋਭੇ ਬਿਮਾਣੰ ॥ ੨੨ ॥**

ਬ੍ਰਿੰਦਾ ਨੇ ਦੈਂਤ ਦੇਹ ਉਸੇ ਵੇਲੇ ਹੀ ਛੱਡ ਦਿੱਤੀ ਅਤੇ ਲੱਛਮੀ ਰੂਪ ਹੋ ਗਈ, ਇਸ ਤਰ੍ਹਾਂ ਵਿਸ਼ਨੂੰ ਨੇ ਬਾਰ੍ਹਵਾਂ ਜਲੰਧਰ ਦੈਂਤ ਦਾ ਅਵਤਾਰ ਧਾਰਿਆ ਸੀ। ਜਦ ਬ੍ਰਿੰਦਾ ਸਤ ਤੋਂ ਭ੍ਰਿਸ਼ਟ ਹੋ ਗਈ ਤਾਂ ਮੁੜ ਕੇ ਜੰਗ ਜੁੜਿਆ। ਸਾਰਿਆਂ ਸ਼ਸਤਰ ਹੱਥ ਵਿਚ ਫੜ ਲਏ। ਜੋ ਸੂਰਮੇ ਧਰਤੀ ਤੇ ਡਿੱਗ ਪਏ, ਉਹ ਬਿਮਾਣਾਂ ਵਿਚ ਜਾ ਕੇ ਸ਼ੋਭਾ ਪਾਉਂਦੇ ਸਨ॥ ੨੨॥

**ਮਿਟਜੋ ਸਤਿ ਨਾਰੰ ਕਟਜੇ ਸੈਨ ਸਰਬੰ ॥ ਮਿਟਜੋਭੂਪ ਜਾਲੰਧਰੰ ਦੇਹ ਗਰਬੰ ॥**
**ਪੁਨਰ ਜੁੱਧੁ ਸਜਯੋ ਹਠੇ ਤੇਜ ਹੀਣੰ ॥ ਭਜੇ ਛਾਡ ਕੈ ਸੰਗ ਸਾਥੀ ਅਧੀਣੰ ॥ ੨੩ ॥**

ਜਦ ਇਸਤਰੀ ਦਾ ਸਤ ਭੰਗ ਹੋ ਗਿਆ ਤਾਂ ਸਾਰੀ ਸੈਨਾ ਕਟੀ ਗਈ ਅਤੇ ਜਲੰਧਰ ਰਾਜੇ ਦੀ ਦੇਹ ਦਾ ਸਾਰਾ ਹੰਕਾਰ ਮਿਟ ਗਿਆ। ਫਿਰ ਤੇਜ ਤੋਂ ਹੀਣੇ ਜਲੰਧਰ ਨੇ ਹਠ ਨਾਲ ਜੰਗ ਸ਼ੁਰੂ ਕੀਤਾ, ਪਰ ਉਸ ਦੀ ਆਗਿਆ ਵਿਚ ਰਹਿਣ ਵਾਲੇ ਵੀ ਉਸ ਦਾ ਸਾਥ ਛੱਡ ਕੇ ਭੱਜ ਗਏ॥ ੨੩॥

**ਚੌਪਈ ॥ ਦੂਹੂੰ ਜੁੱਧੁ ਕੀਨਾ ਰਣ ਮਾਹੀ ॥ ਤੀਸਰ ਅਵਰੁ ਤਹਾਂ ਕੋ ਨਾਹੀ ॥**
**ਕੇਤਕ ਮਾਸ ਮਚਜੋ ਤਹ ਜੁੱਧਾ ॥ ਜਾਲੰਧਰ ਹੂਐ ਸ਼ਿਵ ਪਰ ਕ੍ਰੁੱਧਾ ॥ ੨੪ ॥**

ਦੋਹਾਂ ਨੇ ਰਣ ਭੂਮੀ ਵਿਚ ਯੁੱਧ ਕੀਤਾ, ਤੀਜਾ ਉਥੇ ਹੋਰ ਕੋਈ ਨਹੀਂ ਸੀ। ਕਈ ਮਹੀਨੇ ਜੰਗ ਹੁੰਦਾ ਰਿਹਾ, ਅੰਤ ਵਿਚ ਜਲੰਧਰ ਨੇ ਸ਼ਿਵਜੀ ਉਤੇ ਬੜਾ ਕ੍ਰੋਧ ਕੀਤਾ॥ ੨੪॥

**ਤਬ ਸ਼ਿਵ ਧਿਆਨ ਸ਼ਕਤ ਕੋ ਧਰਾ ॥ ਤਾ ਤੇ ਸ਼ਕਤ ਕ੍ਰਿਪਾ ਕਹ ਕਰਾ ॥**
**ਤਾ ਤੇ ਭਯੋ ਰੁਦ੍ਰ ਬਲਵਾਨਾ ॥ ਮੰਡਜੋ ਜੁੱਧੁ ਬਹੁਰਿ ਬਿਧਿ ਨਾਨਾ ॥ ੨੫ ॥**

ਤਦੋਂ ਸ਼ਿਵਜੀ ਨੇ ਸ਼ਕਤੀ ਦੁਰਗਾ ਦਾ ਸਿਮਰਨ ਕੀਤਾ, ਇਸ ਕਰਕੇ ਸ਼ਕਤੀ ਨੇ ਉਨ੍ਹਾਂ ਤੇ

ਦਿੱਤਾ॥੨੫॥

**ਉਤ ਹਰਿ ਲਯੋ ਨਾਰਿ ਰਿਪ ਸਤ ਹਰਿ॥ ਇਤ ਸ਼ਿਵ ਭਯੋ ਤੇਜ ਦੇਬੀ ਕਰਿ॥**
**ਛਿਨਮੋ ਕੀਯੋ ਅਸੁਰ ਕੋ ਨਾਸਾ॥ ਨਿਰਖ ਰੀਝ ਭਟ ਰਹੇ ਤਮਾਸਾ॥੨੬॥**

ਵਿਸ਼ਨੂੰ ਨੇ ਉਧਰ ਵੈਰੀ ਦੀ ਇਸਤਰੀ ਬ੍ਰਿੰਦਾ ਦਾ ਸਤ ਹਰ ਲਿਆ ਸੀ। ਇਧਰ ਸ਼ਿਵਜੀ ਵੀ ਦੇਵੀ ਦੇ ਵਰ ਨਾਲ ਤੇਜ ਵਾਲਾ ਹੋ ਗਿਆ। ਇਸ ਕਰਕੇ ਛਿਨ ਵਿਚ ਹੀ ਦੈਂਤ ਦਾ ਨਾਸ ਕਰ ਦਿੱਤਾ। ਸੂਰਮੇ ਇਹ ਤਮਾਸ਼ਾ ਵੇਖ ਕੇ ਪ੍ਰਸੰਨ ਹੋ ਰਹੇ ਸਨ॥੨੬॥

**ਜਾਲੰਧਰੀ ਤਾ ਦਿਨ ਤੇ ਨਾਮਾ॥ ਜਪਹੁ ਚੰਡਕਾ ਕੋ ਸਭ ਜਾਮਾ॥**
**ਤਾ ਤੇ ਹੋਤ ਪਵਿਤ੍ਰ ਸਰੀਰਾ॥ਜਿਮ ਨਾਏ ਜਲ ਗੰਗ ਗਹੀਰਾ॥੨੭॥**

ਦੁਰਗਾ ਦਾ ਨਾਮ ਜਲੰਧਰੀ ਉਸ ਦਿਨ ਤੋਂ ਪੈ ਗਿਆ ਹੈ। ਚੰਡਿਕਾ ਨੂੰ ਇਸੇ ਨਾਮ ਨਾਲ ਸਭ ਅਠੇ ਪਹਿਰ ਜਪੋ। ਤਦ ਸਰੀਰ ਇਸ ਤਰ੍ਹਾਂ ਪਵਿਤ੍ਰ ਹੋ ਜਾਏਗਾ ਜਿਸ ਤਰ੍ਹਾਂ ਗੰਗਾ ਜਲ ਦੇ ਪ੍ਰਵਾਹ ਵਿਚ ਨ੍ਹਾਤਿਆਂ ਹੋ ਜਾਂਦਾ ਹੈ॥੨੭॥

**ਤਾਤੇ ਕਹੀ ਨ ਰੁਦ੍ਰ ਕਹਾਨੀ॥ ਗ੍ਰੰਥ ਬਢਨ ਕੀ ਚਿੰਤ ਪਛਾਨੀ॥**
**ਤਾ ਤੇ ਕਥਾ ਥੋਰ ਹੀ ਭਾਸੀ॥ਨਿਰਖ ਭੂਲਿ ਕਬਿ ਕਰੋ ਨ ਹਾਸੀ॥੨੮॥**

ਸ਼ਿਵਜੀ ਦੀ ਸਾਰੀ ਕਥਾ ਇਸ ਕਰਕੇ ਨਹੀਂ ਕਹੀ, ਕਿਉਂਕਿ ਗ੍ਰੰਥ ਵਧ ਜਾਣ ਕਰਕੇ ਚਿੰਤਾ ਲੱਗੀ ਰਹੀ। ਇਸ ਕਰਕੇ ਥੋੜ੍ਹੀ ਜੇਹੀ ਕਥਾ ਕਹੀ ਹੈ। ਹੇ ਕਵੀਓ! ਕਿਤੇ ਭੁਲ ਜਾਣ ਕਰਕੇ ਹਾਸੀ ਨਾ ਕਰਨਾ। ਅਰਥਾਤ ਅਸਾਂ ਭੁੱਲ ਵਿਚ ਆ ਕੇ ਪ੍ਰਸੰਗ ਨਹੀਂ ਛੱਡੇ, ਜਾਣ ਬੁੱਝ ਕੇ ਕਈ ਪ੍ਰਸੰਗ ਛੱਡ ਦਿੱਤੇ ਹਨ ਅਤੇ ਉਨ੍ਹਾਂ ਦੀਆਂ ਟੂਕਾਂ ਦੇ ਕੇ ਹੀ ਪਰਕਰਣ ਪੂਰੇ ਕੀਤੇ ਹਨ, ਜੇ ਐਸਾ ਨਾ ਕਰਦੇ ਤਾਂ ਗ੍ਰੰਥ ਵਧ ਜਾਣਾ ਸੀ॥੨੮॥

ਭਾਵਾਰਥ :- ਕੂਰਮ ਪੁਰਾਣ ਵਿਚ ਲਿਖਿਆ ਹੈ ਕਿ ਜ਼ਮਾਨੇ ਦੇ ਸ਼ੁਰੂ ਵਿਚ ਬ੍ਰਹਮਾ ਬਹੁਤ ਸਾਰੀ ਤਪਸਿਆ ਕਰਨ ਤੇ ਵੀ ਸ੍ਰਿਸ਼ਟੀ ਉਤਪੰਨ ਨਾ ਕਰ ਸਕਿਆ। ਤਦ ਉਸ ਨੂੰ ਬਹੁਤ ਕ੍ਰੋਧ ਹੋਇਆ ਅਤੇ ਉਸਦੀਆਂ ਅੱਖਾਂ ਚੋਂ ਹੰਝੂ ਵਗ ਤੁਰੇ। ਉਨ੍ਹਾਂ ਹੰਝੂਆਂ ਤੋਂ ਭੂਤਾਂ, ਪ੍ਰੇਤਾਂ ਦੀ ਉਤਪੱਤੀ ਹੋਈ ਅਤੇ ਤਦੋਂ ਹੀ ਉਸ ਦੇ ਮੂੰਹ ਤੋਂ ਯਾਰਾਂ ਰੁਦਰ ਪੈਦਾ ਹੋਏ। ਇਹ ਜੰਮਦੇ ਹੀ ਜ਼ੋਰ ਨਾਲ ਰੋਣ ਲੱਗੇ ਸਨ, ਇਸ ਲਈ ਇਹਨਾਂ ਦਾ ਨਾਮ ਰੁੱਦਰ ਪੈ ਗਿਆ ਸੀ।

ਹਿੰਦੂਆਂ ਦੇ ਇਕ ਪ੍ਰਸਿਧ ਦੇਵਤਾ, ਜੋ ਸ੍ਰਿਸ਼ਟੀ ਦਾ ਸੰਘਾਰ ਕਰਨ ਵਾਲੇ ਅਤੇ ਪੌਰਾਣਿਕ ਤ੍ਰਿਮੂਰਤਿ ਦੇ ਅਖੀਰਲੇ ਦੇਵਤਾ ਕਹੇ ਗਏ ਹਨ। ਵੈਦਿਕ ਸਮੇਂ ਵਿਚ ਏਹੀ ਰੁਦਰ ਦੇ ਰੂਪ ਵਿਚ ਪੂਜੇ ਜਾਂਦੇ ਸਨ, ਅਤੇ ਪੌਰਾਣਿਕ ਜ਼ਮਾਨੇ ਵਿਚ ਇਹ ਸ਼ੰਕਰ, ਮਹਾਂਦੇਵ ਅਤੇ ਸ਼ਿਵ ਆਦਿਕ ਨਾਮਾਂ ਨਾਲ ਪ੍ਰਸਿਧ ਹੋਏ। ਪੁਰਾਣਾਂ ਅਨੁਸਾਰ ਇਹਨਾਂ ਦਾ ਸਰੂਪ ਇਸ ਤਰ੍ਹਾਂ ਦਾ ਕਥਨ ਕੀਤਾ ਜਾਂਦਾ ਹੈ- ਇਹਨਾਂ ਦੇ ਸਿਰ ਤੇ ਗੰਗਾ, ਮੱਥੇ ਤੇ ਚੰਦਰਮਾਂ ਅਤੇ ਇਕ ਹੋਰ ਤੀਜਾ ਨੇਤ੍ਰ, ਗਲ ਵਿਚ ਸੱਪ ਅਤੇ

ਇਹਨਾਂ ਦੇ ਸਿਰ ਤੇ ਗੰਗਾ, ਮੱਥੇ ਤੇ ਚੰਦਰਮਾਂ ਅਤੇ ਇਕ ਹੋਰ ਤੀਜਾ ਨੇਤ੍ਰ, ਗਲ ਵਿਚ ਸੱਪ ਅਤੇ ਰੁੰਡਾਂ ਦੀ ਮਾਲਾ, ਸਾਰੇ ਸਰੀਰ ਤੇ ਭਸਮ, ਹਾਥੀ ਤੇ ਸ਼ੇਰ ਦੀ ਖੱਲ ਪਹਿਨੇ ਹੋਏ, ਖਬੇ ਅੰਗ ਵਿਚ ਆਪਣੀ ਇਸਤਰੀ ਪਾਰਬਤੀ ਨੂੰ ਧਾਰਨ ਕੀਤੇ ਹੋਏ, ਇਹਨਾਂ ਦੇ ਪੁੱਤਰ ਗਣੇਸ਼ ਅਤੇ ਸਵਾਮੀ ਕਾਰਤਿਕ ਹਨ। ਭੂਤ ਤੇ ਪ੍ਰੇਤ ਇਹਨਾਂ ਦੀ ਫੌਜ, ਪ੍ਰਧਾਨ ਸ਼ਸਤਰ ਤ੍ਰਿਸੂਲ ਅਤੇ ਬੈਲ ਦੀ ਸਵਾਰੀ, ਜਿਸ ਦਾ ਨਾਮ ਨੰਦੀ ਹੈ। ਇਹਨਾਂ ਦੇ ਧਨੁਖ ਦਾ ਨਾਮ ਪਿਨਾਕ ਹੈ, ਜਿਸ ਨੂੰ ਧਾਰਨ ਕਰਨ ਕਰਕੇ ਇਹਨਾਂ ਨੂੰ ਪਿਨਾਕੀ ਵੀ ਕਹਿੰਦੇ ਹਨ। ਇਹਨਾਂ ਦੇ ਕੋਲ ਇਕ ਪਾਸੁਪਤਿ ਨਾਮ ਦਾ ਪ੍ਰਸਿਧ ਅਸ਼ਤਰ ਸੀ, ਜੋ ਇਹਨਾਂ ਨੇ ਅਰਜਨ ਨੂੰ ਉਸ ਦੀ ਤਪਸਿਆ ਤੇ ਪ੍ਰਸੰਨ ਹੋ ਕੇ ਦੇ ਦਿੱਤਾ ਸੀ। ਸਮੁੰਦਰ ਰਿੜਕਣ ਵੇਲੇ ਜੋ ਜ਼ਹਿਰ ਨਿਕਲੀ ਸੀ, ਉਹ ਇਨ੍ਹਾਂ ਨੇ ਹੀ ਪੀਤੀ ਸੀ। ਉਹ ਵਿਖ ਇਹਨਾਂ ਨੇ ਆਪਣੇ ਗਲੇ ਵਿਚ ਹੀ ਰਖਿਆ, ਹੇਠਾਂ ਪੇਟ ਵਿਚ ਨਹੀਂ ਜਾਣ ਦਿੱਤਾ। ਇਸ ਲਈ ਇਹਨਾਂ ਦਾ ਗਲਾ ਨੀਲਾ ਹੋ ਗਿਆ। ਇਸੇ ਕਾਰਣ ਤੇ 'ਨੀਲ ਕੰਠ' ਵੀ ਇਨ੍ਹਾਂ ਦਾ ਨਾਮ ਪੈ ਗਿਆ। ਪਰਸ ਰਾਮ ਨੇ ਸ਼ਸਤਰ ਵਿਦਿਆ ਇਨ੍ਹਾਂ ਤੋਂ ਸਿਖੀ ਸੀ। ਸੰਗੀਤ ਅਤੇ ਨਾਚ ਦੇ ਵੀ ਏਹੀ ਕਰਤਾ ਕਹਾਉਂਦੇ ਹਨ, ਪਾਣਨੀ ਮਹਾਂ ਮੁਨੀ ਨੇ ਇਹਨਾਂ ਦੇ ਹੀ ਡੌਰੂ ਦੀ ਅਵਾਜ਼ ਤੋਂ ਵਿਆਕਰਣ ਦੇ ਸੂਤ੍ਰ ਰਚਕੇ 'ਪਾਣਨੀ ਅਸ਼੍ਟਾਧਜਾਯੀ' ਅਦਭੁਤ ਵਯਾਕਰਣ ਬਣਾਇਆ ਸੀ।

ਮਹਾਂਭਾਰਤ ਵਿਚ ਲਿਖਿਆ ਹੈ ਕਿ ਤਾਰਕ ਦੈਂਤ ਦੇ ਤਿੰਨਾਂ ਪੁੱਤਰਾਂ-ਤਾਰਕਾਖਛਜ, ਕਮਲਾਖਛਜ ਤੇ ਵਿਦਯੁਨ ਮਾਲੀ ਲਈ ਮਯ ਦਾਨਵ ਨੇ ਤਿੰਨ ਪੁਰੀਆਂ ਬਣਾਈਆਂ। ਜਿਨ੍ਹਾਂ ਵਿਚੋਂ ਇਕ ਸੋਨੇ ਦੀ ਸਵਰਗ ਵਿਚ, ਦੂਜੀ ਚਾਂਦੀ ਦੀ ਅਕਾਸ਼ ਵਿਚ ਅਤੇ ਤੀਜੀ ਲੋਹੇ ਦੀ ਧਰਤੀ ਪੁਰ ਸੀ ਅਤੇ ਇਹਨਾਂ ਤਿੰਨਾਂ ਪੁਰੀਆਂ ਦਾ ਸੌ ਸੌ ਜੋਜਨ ਵਿਸਥਾਰ ਸੀ। ਤਿੰਨੇ ਹੀ ਸਦਾ ਘੁੰਮਦੀਆਂ ਰਹਿੰਦੀਆਂ ਸਨ। ਸਾਲ ਵਿਚ ਕਿਸੇ ਇਕ ਸਮੇਂ ਤੇ ਇਹ ਤਿੰਨੇ ਇਕ ਸੇਧ ਵਿਚ ਹੋ ਜਾਂਦੀਆਂ ਸਨ। ਇਹਨਾਂ ਤਿੰਨਾਂ ਭਰਾਵਾਂ ਨੇ ਤਪ ਕਰਕੇ ਬ੍ਰਹਮਾ ਪਾਸੋਂ ਇਹ ਵਰ ਪ੍ਰਾਪਤ ਕੀਤਾ ਸੀ, ਕਿ ਜੋ ਕੋਈ ਇਕ ਤੀਰ ਨਾਲ ਸਾਡੀਆਂ ਤਿੰਨਾਂ ਪੁਰੀਆਂ ਨੂੰ ਭੇਦਨ ਕਰੇਗਾ, ਉਸ ਦੇ ਹਥੋਂ ਸਾਡੀ ਮੌਤ ਹੋਵੇ।

ਇਸ ਵਰ ਨੂੰ ਪ੍ਰਾਪਤ ਕਰਕੇ ਉਨ੍ਹਾਂ ਤਿੰਨਾਂ ਦੈਂਤਾਂ ਤੇ ਦੇਵਤਿਆਂ ਨੂੰ ਵਡਾ ਹੀ ਤੰਗ ਕੀਤਾ। ਤਦ ਦੇਵਤਿਆਂ ਦੀ ਸਹਾਇਤਾ ਲਈ ਸ਼ਿਵਜੀ ਨੇ ਤ੍ਰਿਪੁਰਾਸੁਰ ਨਾਲ ਜੰਗ ਸ਼ੁਰੂ ਕੀਤਾ ਅਤੇ ਆਪਣੇ ਪਿਨਾਕ ਧਨਕ ਦੇ ਵਿਚ ਤੀਰ ਵਿਸ਼ਨੂੰ ਨੂੰ ਜੋੜ ਚਲਾ ਦਿੱਤਾ। ਜਿਸ ਤੋਂ ਤਿੰਨੇ ਪੁਰੀਆਂ ਭੇਦਨ ਹੋ ਗਈਆਂ ਤਾਂ ਤਿੰਨਾਂ ਭਰਾਵਾਂ ਨੂੰ ਸ਼ਿਵਜੀ ਨੇ ਮਾਰ ਦਿੱਤਾ ਅਤੇ ਦੇਵਤਿਆਂ ਨੂੰ ਸੁਖੀ ਕੀਤਾ।

ਇਸ ਦੇ ਮਗਰੋਂ ਕੱਸ਼ਪ ਤੇ ਦਿਤੀ ਦਾ ਪੁੱਤਰ ਅੰਧਕ, ਜਿਸਦਾ ਹਜ਼ਾਰ ਸਿਰ ਤੇ ਦੋ ਹਜ਼ਾਰ ਬਾਹਵਾਂ ਸਨ, ਅਤੇ ਉਸ ਨੂੰ ਅੰਧਕ ਇਸ ਲਈ ਕਹਿੰਦੇ ਸਨ ਕਿ ਇਹ ਅੱਖਾਂ ਦੇ ਹੁੰਦਿਆਂ ਸੁੰਦਿਆਂ ਮਦ ਨਾਲ ਮਸਤ ਹੋ ਕੇ ਅੰਨ੍ਹਿਆਂ ਵਾਂਗੂੰ ਤੁਰਦਾ ਸੀ। ਇਸ ਨੇ ਇੰਦਰ ਦੇ ਨੰਦਨ ਬਾਗ ਤੋਂ ਕਲਪ ਬ੍ਰਿਛ ਲੈ ਆਂਦਾ ਸੀ। ਇਸ ਕਾਰਨ ਤੇ ਦੇਵਤੇ ਦੁਖੀ ਹੋਏ ਸਨ। ਦੇਵਤਿਆਂ ਦੇ ਦੁਖ ਨੂੰ ਮੇਟਣ ਲਈ ਸ਼ਿਵਜੀ ਨੇ ਉਸ ਨਾਲ ਜੰਗ ਕਰਕੇ ਅੰਧਕ ਨੂੰ ਮਾਰ ਦਿੱਤਾ ਸੀ।

ਅੰਧਕ ਨੂੰ ਜਿਤਣ ਮਗਰੋਂ ਸ਼ਿਵਜੀ ਇੰਦਰ ਲੋਕ ਵਿਚ ਚਲੇ ਗਏ। ਉਸ ਵੇਲੇ ਇਹਨਾਂ ਨੇ ਭਿਆਨਕ ਰੂਪ ਧਾਰਣ ਕੀਤਾ ਹੋਇਆ ਸੀ, ਇੰਦਰ ਨੇ ਡਰ ਨਾਲ ਇਹਨਾਂ ਉਤੇ ਸ਼ਸਤਰ ਦਾ ਪ੍ਰਹਾਰ

ਕੀਤਾ। ਅਗੋਂ ਰੁਦਰ ਨੇ ਵੀ ਅਖੰਡ ਕ੍ਰੋਧ ਕੀਤਾ। ਜਿਸ ਤੋਂ ਇਕ ਅੱਗ ਦਾ ਅੰਗਾਰ ਪ੍ਰਗਟ ਹੋਇਆ। ਜਿਸ ਦੇ ਤੇਜ ਨਾਲ ਤਿੰਨੇ ਲੋਕ ਸੜਨ ਲੱਗੇ ਤਾਂ ਸ਼ਿਵਜੀ ਨੇ ਚੁਕ ਕੇ ਉਹ ਅੰਗਾਰ ਸਮੁੰਦਰ ਵਿਚ ਸੁੱਟ ਦਿੱਤਾ, ਜਿਸ ਤੋਂ ਇਕ ਦੈਂਤ ਪੈਦਾ ਹੋਇਆ।

ਪਦਮ ਪੁਰਾਣ ਵਿਚ ਲਿਖਿਆ ਹੈ ਕਿ ਇਹ ਦੈਂਤ ਜੰਮਦਾ ਹੀ ਏਨੇ ਜ਼ੋਰ ਨਾਲ ਰੋਣ ਲੱਗਾ ਕਿ ਸਾਰੇ ਦੇਵਤੇ ਡਰ ਗਏ। ਦੇਵਤਿਆਂ ਦੀ ਸਹਾਇਤਾ ਲਈ ਬ੍ਰਹਮਾ ਸਮੁੰਦਰ ਕੋਲ ਜਾ ਕੇ ਪੁੱਛਣ ਲੱਗਾ-ਇਹ ਕਿਸ ਦਾ ਲੜਕਾ ਹੈ? ਸਮੁੰਦਰ ਨੇ ਕਿਹਾ ਇਹ ਮੇਰਾ ਲੜਕਾ ਹੈ ਆਪ ਇਸਨੂੰ ਲੈ ਜਾਈਏ। ਜਦ ਬ੍ਰਹਮਾ ਨੇ ਉਸ ਬਾਲਕ ਨੂੰ ਗੋਦੀ ਵਿਚ ਚੁਕ ਲਿਆ ਤਾਂ ਬਾਲਕ ਨੇ ਬ੍ਰਹਮਾ ਦੀ ਦਾੜ੍ਹੀ ਏਨੇ ਜ਼ੋਰ ਨਾਲ ਖਿੱਚੀ ਕਿ ਬ੍ਰਹਮਾ ਦੀਆਂ ਅੱਖਾਂ ਤੋਂ ਜਲ ਨਿਕਲ ਆਇਆ। ਇਸ ਲਈ ਬ੍ਰਹਮਾ ਨੇ ਉਸ ਦਾ ਨਾਮ ਜਲੰਧਰ ਰੱਖ ਦਿੱਤਾ।

ਰਾਮਾਇਣ ਵਿਚ ਲਿਖਿਆ ਹੈ-ਜਦੋਂ ਸ੍ਰੀ ਰਾਮ ਚੰਦਰ ਜੀ ਸੀਤਾ ਵਿਜੋਗ ਵਿਚ ਵਿਆਕੁਲ ਹੋਏ ਜੰਗਲਾਂ ਵਿਚ ਫਿਰ ਰਹੇ ਸਨ, ਤਾਂ ਸ਼ਿਵਜੀ ਨੂੰ ਉਨ੍ਹਾਂ ਦੇ ਦਰਸ਼ਨ ਹੋ ਗਏ, ਉਸ ਵੇਲੇ ਸ਼ਿਵਜੀ ਨੇ ਹੱਥ ਜੋੜ ਕੇ 'ਜੈ ਸਤਚਿਤ ਭਾਵ ਅਨੰਦ ਸਰੂਪੇ! ਕਿਹਾ, ਤਾਂ ਸਤੀ ਨੂੰ ਸੰਦੇਹ ਹੋਇਆ ਕਿ ਇਹ ਰਾਜ ਕੁਮਾਰ ਹਨ, ਇਹਨਾਂ ਨੂੰ ਸ਼ਿਵਜੀ ਨੇ ਨਮਸ਼ਕਾਰ ਕਿਉਂ ਕੀਤੀ? ਅੰਤ ਨੂੰ ਸੰਦੇਹ ਦੂਰ ਕਰਨ ਲਈ ਪ੍ਰਸ਼ਨ ਵੀ ਕੀਤਾ, ਸ਼ਿਵਜੀ ਨੇ ਉੱਤਰ ਦਿੱਤਾ ਇਹ ਰਾਜ-ਕੁਮਾਰ ਨਹੀਂ, ਰਾਮ ਅਵਤਾਰ ਹੈ ਅਤੇ ਮਾਨੁਖੀ ਨਾਟ ਪੂਰਾ ਕਰ ਰਹੇ ਹਨ, ਪਰ ਸਤੀ ਨੂੰ ਉਸ ਉੱਤਰ ਨਾਲ ਸੰਤੋਖ ਨਾ ਆਇਆ। ਤਦ ਸ਼ਿਵ ਨੇ ਕਿਹਾ ਜੇ ਮੇਰੇ ਬਚਨਾਂ ਨਾਲ ਤੇਰਾ ਸੰਦੇਹ ਦੂਰ ਨਹੀਂ ਹੋਇਆ, ਤਾਂ ਆਪੇ ਜਾ ਕੇ ਪ੍ਰੀਖਿਆ ਕਰ ਆਓ, ਹੁਕਮ ਸੁਣਦੇ ਹੀ ਸਤੀ ਬਣ ਵਿਚ ਚਲੀ ਗਈ ਅਤੇ ਸੀਤਾ ਦਾ ਰੂਪ ਧਾਰ ਕੇ ਇਕ ਦਰਖਤ ਹੇਠਾਂ ਬੈਠ ਰਹੀ, ਉਧਰੋਂ ਆਏ ਸ੍ਰੀ ਰਾਮ ਜੀ ਨੇ ਪ੍ਰਣਾਮ ਕਰਕੇ ਪੁੱਛਿਆ ਮਾਤਾ ਤੂੰ ਇਕੱਲੀ ਇਥੇ ਕਿਉਂ ਬੈਠੀ ਹੈਂ? ਸ਼ਿਵ ਭਗਵਾਨ ਕਿਥੇ ਹਨ? ਸੀਤਾ ਰੂਪ ਧਾਰੀ ਸਤੀ ਨੂੰ ਸ੍ਰੀ ਰਾਮ ਜੀ ਨੇ ਪਛਾਣ ਲਿਆ, ਹੁਣ ਸਤੀ ਨੂੰ ਮਰਣ ਵੇਹਲ ਨਹੀਂ ਸੀ ਮਿਲਦੀ, ਇਸਨੇ ਤਾਂ ਜਾਣਿਆਂ ਸੀ, ਜੋ ਇਕ ਵਿਸ਼ਈ ਜਿਸ ਤਰ੍ਹਾਂ ਆਪਣੀ ਵਿਛੜੀ ਹੋਈ ਇਸਤਰੀ ਨੂੰ ਵੇਖ ਕੇ ਝਟ ਉਸ ਨੂੰ ਜੱਫੀ ਪਾ ਲੈਂਦਾ ਹੈ, ਇਵੇਂ ਰਾਮ ਜੀ ਮੈਨੂੰ ਸੀਤਾ ਜਾਣ ਕੇ, ਮੇਰੇ ਨਾਲ ਲਿਪਟ ਜਾਣਗੇ, ਫਿਰ ਮੈਂ ਜਾ ਕੇ ਸ਼ਿਵਜੀ ਨੂੰ ਝੂਠਾ ਕਰਾਂਗੀ, ਕਿ ਤੁਸੀਂ ਉਨ੍ਹਾਂ ਨੂੰ ਰਾਮ ਅਵਤਾਰ ਕਹਿੰਦੇ ਹੋ, ਪਰ ਉਹ ਤਾਂ ਇਕ ਸਾਧਾਰਣ ਪੁਰਖ ਹੈ। ਇਥੇ ਗੱਲ ਹੀ ਹੋਰ ਹੋਈ, ਸਤੀ ਸ਼ਰਮ ਨਾਲ ਪਾਣੀ ਪਾਣੀ ਹੋ ਗਈ, ਅੰਤ ਸ਼ਿਵਜੀ ਵੱਲ ਮੁੜੀ, ਉਧਰ ਭਗਵਾਨ ਸ਼ਿਵ ਨੇ ਵੀ ਇਸਦੇ ਛਲ ਨੂੰ ਜਾਣ ਲਿਆ, ਕਿ ਮੇਰੀ ਇਸਤਰੀ ਨੇ, ਮੇਰੀ ਪੂਜਨੀਕ ਦੇਵੀ ਸੀਤਾ ਦਾ ਸਰੂਪ ਧਾਰਨ ਕੀਤਾ ਹੈ, ਜੇ ਮੈਂ ਇਸ ਨਾਲ ਇਸਤਰੀ ਵਾਲਾ ਵਰਤਾਵ ਕਰਾਂ, ਤਦ ਇਸ਼ਟ ਦੀ ਨਰਾਦਰੀ ਹੈ, ਅਤੇ ਜੇ ਨਾ ਕਰਾਂ ਤਾਂ ਕੀ ਕਰਾਂ? ਇਸ ਕਰਕੇ ਇਸ਼ਟ ਦਾ ਨਿਰਾਦਰ ਵੀ ਨਾ ਹੋਵੇ ਅਤੇ ਇਸ ਨਾਲ ਸੰਬੰਧ ਵੀ ਨਾ ਹੋਵੇ, ਕਿਉਂਕਿ ਜਿਸ ਸਰੀਰ ਨੇ ਮੇਰੀ ਮਾਤਾ ਦਾ ਸਰੀਰ ਧਾਰਨ ਕੀਤਾ ਹੈ, ਉਹ ਸਰੀਰ ਮੇਰੀ ਇਸਤਰੀ ਰੂਪ ਹੋ ਕੇ ਸੇਵਾ ਨਹੀਂ ਕਰ ਸਕਦਾ। ਇਹ ਸੋਚ ਹੀ ਰਹੇ ਸਨ, ਕਿ ਉਧਰੋਂ ਸਤੀ ਆ ਗਈ, ਸ਼ਿਵਜੀ ਨੇ ਆਉਂਦਿਆਂ ਉਸਨੂੰ ਪੱਜੇ ਆਸਣ ਬਿਠਾ ਲਿਆ ਅਤੇ ਮਨ ਵਿਚ ਪ੍ਰਣ ਕਰ ਲਿਆ ਕਿ ਜਿਤਨਾਂ ਚਿਰ ਸਤੀ ਦਾ ਇਹ

ਸਰੀਰ ਰਹੇਗਾ, ਓਨਾਂ ਚਿਰ ਮੈਂ ਇਸ ਨਾਲ ਇਸਤਰੀ ਵਾਲਾ ਸਬੰਧ ਨਹੀਂ ਕਰਾਂਗਾ, ਇਸ ਭੇਦ ਨੂੰ ਜਾਣ ਕੇ ਸਤੀ ਵੀ ਆਪਣੇ ਮਨ ਵਿਚ ਮਹਾਨ ਦੁਖੀ ਹੋਈ, ਪਰ ਭੁੱਲ ਉਸਦੀ ਆਪਣੀ ਸੀ, ਜਿਸਦਾ ਹੁਣ ਕੋਈ ਹੋਰ ਉਪਾਅ ਹੋ ਹੀ ਨਹੀਂ ਸਕਦਾ ਸੀ। ਇਹਨਾਂ ਦਿਨਾਂ ਵਿਚ ਹੀ ਰਾਜਾ ਦੱਖ ਨੇ ਸੋਚਿਆ ਕਿ ਮੈਂ ਇਕ ਜੱਗ ਕਰਾਂ, ਜਿਸ ਵਿਚ ਸਭ ਛੋਟੇ ਵਡੇ ਦੇਵਤਿਆਂ ਨੂੰ ਬੁਲਾ ਲਵਾਂ, ਅਤੇ ਸ਼ਿਵਜੀ ਨੂੰ ਨਾ ਬੁਲਾਵਾਂ, ਸਭ ਦੀਆਂ ਬਲੀਆਂ ਕੱਢਾਂ, ਪਰ ਸ਼ਿਵਜੀ ਦੀ ਬਲੀ ਕੋਈ ਨਾ ਕੱਢਾਂ। ਬਸ! ਮੇਰੇ ਘਰ ਵਿਚ ਉਸਦੀ ਪੂਜਾ ਬੰਦ ਹੋਈ, ਤਾਂ ਸਾਰੇ ਜਗਤ ਵਿਚੋਂ ਬੰਦ ਹੋ ਜਾਏਗੀ, ਕਿਉਂਕਿ 'ਵੱਡਿਆਂ ਪੁਰਸ਼ਾਂ ਦੇ ਨਕਸ਼ੇ ਕਦਮ ਤੇ ਛੋਟੇ ਪੁਰਸ਼ ਚਲਦੇ ਹਨ'। ਇਹ ਸੋਚਕੇ ਉਸਨੇ ਅਸ਼੍ਵਮੇਧ ਯੱਗ ਅਰੰਭ ਕੀਤਾ। ਜਿਸ ਵਿਚ ਉਸ ਨੇ ਸਾਰੇ ਜਵਾਈਆਂ ਨੂੰ ਧੀਆਂ ਸਣੇ ਬੁਲਾਇਆ ਪਰ ਰੁੱਦਰ ਨੂੰ ਨਾ ਬੁਲਾਇਆ ਅਤੇ ਰੁੱਦਰ ਦੇ ਗੁੱਸੇ ਕਰਕੇ ਸਤੀ ਨੂੰ ਵੀ ਨਾ ਸੱਦਿਆ। ਜਦ ਸਾਰੇ ਦੇਵਤੇ ਬਿਮਾਨਾਂ ਵਿਚ ਬੈਠ ਕੇ ਦੱਖ ਦੇ ਘਰ ਜਾ ਰਹੇ ਸਨ ਤਾਂ ਨਾਰਦ ਨੇ ਆ ਕੇ ਸਤੀ ਨੂੰ ਕਿਹਾ-ਤੇਰੇ ਪਿਤਾ ਦੇ ਘਰ ਭਾਰੀ ਉਤਸ਼ਵ ਹੈ, ਤੇਰੀਆਂ ਸਾਰੀਆਂ ਭੈਣਾਂ ਆਪਣੇ ਪਤੀਆਂ ਸਮੇਤ ਪਿਤਾ ਘਰ ਗਈਆਂ ਹਨ, ਅਤੇ ਸਾਰੇ ਦੇਵਤੇ ਤੇਰੇ ਪਿਤਾ ਦੇ ਘਰ ਜਾ ਰਹੇ ਹਨ, ਤੂੰ ਇਥੇ ਕਿਉਂ ਬੈਠੀ ਹੈਂ ? ਇਹ ਸੁਣ ਕੇ ਸਤੀ ਨੇ ਆਪਣੇ ਸੁਆਮੀ ਨੂੰ ਪਿਤਾ ਦੇ ਘਰ ਜਾਣ ਲਈ ਕਿਹਾ, ਤਾਂ ਸ਼ਿਵਜੀ ਨੇ ਕਿਹਾ- ਗਉਰਾ! ਤੇਰਾ ਪਿਤਾ, ਮੇਰੇ ਨਾਲ ਨਰਾਜ ਹੈ, ਮੇਰੀ ਨਰਾਜਗੀ ਕਰਕੇ ਉਸਨੇ ਤੈਨੂੰ ਵੀ ਤਿਆਗ ਦਿੱਤਾ ਹੈ, ਇਸ ਲਈ ਸੱਦੇ ਤੋਂ ਬਿਨਾਂ ਓਥੇ ਜਾਣ ਨਾਲ ਸੁਖ ਨਹੀਂ ਹੋਵੇਗਾ, ਇਸ ਵਿਚ ਅਨੱਰਥ ਦੀ ਸੰਭਾਵਨਾਂ ਹੋ ਸਕਦੀ ਹੈ, ਅਤੇ ਸੁਖ ਦੀ ਬੂ ਵੀ ਨਹੀਂ ਹੈ। ਪਰ ਗਉਰਾਂ ਨੇ ਪਤੀ ਦਾ ਕਿਹਾ ਨਹੀਂ ਮੰਨਿਆ, ਆਪਣੇ ਹਠ ਨਾਲ ਪਿਤਾ ਦੇ ਘਰ ਚਲੀ ਗਈ, ਅੱਗੇ ਜੱਗ ਹੋ ਰਿਹਾ ਸੀ, ਸਾਰੇ ਦੇਵਤੇ ਆਪੋ ਆਪਣੇ ਆਸਣਾਂ ਤੇ ਸ਼ੋਭ ਰਹੇ ਸਨ, ਪਰ ਸ਼ਿਵਜੀ ਦਾ ਕੋਈ ਆਸਣ ਨਹੀਂ ਵਿਛਿਆ ਸੀ। ਪਿਤਾ ਨੇ ਸਤੀ ਨੂੰ ਨਾ ਬੁਲਾਇਆ, ਉਸ ਘਰ ਮਾਤਾ ਕੋਲ ਗਈ, ਮਾਤਾ ਨੇ ਵੀ ਸਿੱਧੇ ਮੂੰਹ ਨਾ ਲਾਇਆ, ਭੈਣਾਂ ਵਿਚੋਂ ਕਿਸੇ ਭੈਣ ਨੇ ਵੀ ਪਿਆਰ ਭਰੀ ਨਿਗਾਹ ਨਾਲ ਇਸ ਵਲ ਨਹੀਂ ਵੇਖਿਆ। ਸਭ ਵਲੋਂ ਇਸ ਤਰ੍ਹਾਂ ਦਾ ਰੁੱਖਾ ਵਰਤਾਵ ਵੇਖਕੇ ਗਉਰਾਂ ਬਹੁਤ ਵਿਆਕੁਲ ਹੋ ਗਈ ਅਤੇ ਯੱਗ ਕੁੰਡ ਕੋਲ ਆ ਗਈ। ਇਥੇ ਸਭ ਦੇਵਤਿਆਂ ਦੀ ਬਲੀ ਨਿਕਲਦੀ ਹੈ, ਪਰ ਸ਼ਿਵਜੀ ਦੀ ਬਲੀ ਨਹੀਂ ਨਿਕਲੀ, ਉਸੇ ਵੇਲੇ ਗਉਰਾਂ ਨੇ ਨਿਮ੍ਰਤਾ ਭਾਵ ਨਾਲ ਕਿਹਾ-ਪਿਤਾ ਜੀ! ਦੇਵਤਿਆਂ ਦੇ ਮਹਾਂਦੇਵ, ਸ਼ਿਵ ਸ਼ੰਕਰ ਦੀ ਬਲੀ ਕਿਉਂ ਨਹੀਂ ਨਿਕਲੀ ? ਤਾਂ ਅਗੋਂ ਦੱਖਛ ਨੇ ਕਿਹਾ-ਕੁੜੀਏ! ਚੁੱਪ ਕਰਕੇ ਬੈਠੀ ਰਹੁ ਤੈਨੂੰ ਕਿਸੇ ਗੱਲ ਵਿਚ ਬੋਲਣ ਦਾ ਕੋਈ ਹੱਕ ਨਹੀਂ ਹੈ, ਇਹ ਤਾਂ ਮੇਰਾ ਘਰ ਹੈ, ਇਥੋਂ ਉਸ ਭੰਗੜ ਦੀ ਬਲੀ ਬੰਦ ਹੋਣ ਦੀ ਲੋੜ ਹੈ, ਕੁਲ ਸ੍ਰਿਸ਼ਟੀ ਵਿਚ ਉਸ ਦੀ ਬਲੀ ਬੰਦ ਹੋਣ ਦੀ ਲੋੜ ਹੈ, ਫਿਰ ਕੁਲ ਸ੍ਰਿਸ਼ਟੀ ਵਿਚ ਉਸ ਦੀ ਬਲੀ ਬੰਦ ਹੋ ਜਾਏਗੀ। ਇਹ ਸੁਣਦਿਆਂ ਹੀ ਗਉਰਾਂ ਕ੍ਰੋਧ ਨਾਲ ਲੋਹੇ ਲਾਖੀ ਹੋ ਗਈ, ਅਤੇ ਉਸ ਵੇਲੇ ਉੱਠ ਕੇ ਜੱਗ ਕੁੰਡ ਵਿਚ ਕੁਦ ਪਈ, ਕੁੰਡ ਵਿਚ ਗਉਰਾਂ ਦੇ ਡਿੱਗਦਿਆਂ ਕੁੰਡ ਦੀ ਅਗਨ ਸ਼ਾਂਤਿ ਹੋ ਗਈ, ਉਸ ਵੇਲੇ ਗਉਰਾਂ ਨੇ ਆਪਣੀ ਬ੍ਰਹਮ ਅਗਨਿ ਨੂੰ ਪ੍ਰਚੰਡ ਕੀਤਾ ਅਤੇ ਸੜਨ ਲੱਗ ਪਈ। ਉਧਰ ਸ਼ਿਵਜੀ ਦੇ ਗੁਪਤ ਦੂਤ ਅਤੇ ਨਾਰਦ ਨੇ ਜਾ ਕੇ ਸ਼ਿਵਜੀ ਨੂੰ ਕਿਹਾ-ਤੁਸੀਂ ਇਥੇ ਮਸਤ ਹੋਏ ਬੈਠੇ ਹੋ, ਉਧਰ ਗਉਰਾਂ ਤਾਂ ਜੱਗ ਕੁੰਡ ਵਿਚ ਸੜ ਮੋਈ ਹੈ, ਇਹ ਸੁਣਦੇ ਹੀ ਸ਼ਿਵਜੀ ਭੱਜੇ ਆਏ। ਅਤੇ ਕ੍ਰੋਧ ਨਾਲ ਜਟਾਂ ਪੁੱਟ ਕੇ ਵੀਰ ਭੱਦ੍ਰ ਨੂੰ ਪੈਦਾ ਕੀਤਾ, ਜਿਸਨੇ ਸਾਰੇ

ਯੱਗ ਦਾ ਵਿਨਾਸ਼ ਕਰ ਦਿੱਤਾ ਅਤੇ ਸ਼ਿਵਜੀ ਨੇ ਵੀ ਸਾਰੇ ਰਾਜ ਕੁਮਾਰਾਂ, ਉਨ੍ਹਾਂ ਦੀਆਂ ਫੌਜਾਂ ਅਤੇ ਦੱਖਛ ਦੇ ਜਵਾਈਆਂ ਆਦਿਕਾਂ ਸਭ ਨੂੰ ਕੱਟ ਵੱਢ ਕਰ ਦਿੱਤਾ। ਅੰਤ ਨੂੰ ਸਾਰੇ ਹਾਰ ਕੇ ਸ਼ਿਵਜੀ ਦੇ ਚਰਨੀ ਪਏ, ਤਾਂ ਸ਼ਿਵਜੀ ਪ੍ਰਸੰਨ ਹੋ ਗਏ, ਉਨ੍ਹਾਂ ਨੇ ਬੱਕਰੇ ਦਾ ਸਿਰ ਵੱਢ ਕੇ ਦੱਖਛ ਦੇ ਧੜ ਨਾਲ ਜੋੜ ਦਿੱਤਾ। ਅਤੇ ਹੋਰ ਸਾਰੇ ਰਾਜੇ ਦੇ ਜੁਆਈਆਂ ਨੂੰ ਵੀ ਜੀਉਂਦਾ ਕਰ ਦਿੱਤਾ। ਦੱਖਛ ਨੇ ਬੱਕਰੇ ਦਾ ਸਿਰ ਪ੍ਰਾਪਤ ਕਰਕੇ, ਸ਼ਿਵਜੀ ਦੀ ਉਪਮਾ ਕੀਤੀ। ਜਿਸ ਕਰਕੇ ਅਜ ਕਲ ਵੀ ਸ਼ਿਵ ਭਗਤ ਪੂਜਾ ਕਰਨ ਮਗਰੋਂ ਸ਼ਿਵਜੀ ਅੱਗੇ ਬੱਕਰਾ ਬੁਲਾਇਆ ਕਰਦੇ ਹਨ।

ਇਸ ਤੋਂ ਬਾਅਦ ਗਉਰਾਂ ਜਿਸਨੂੰ ਜੱਗ ਕੁੰਡ ਵਿਚ ਸੜਨ ਕਰਕੇ ਸਤੀ ਵੀ ਕਹਿੰਦੇ ਹਨ, ਹਿਮਾਲਾ ਦੇ ਘਰ ਪੁਨਰ ਜਨਮ ਲੈਕੇ ਫਿਰ ਰੁਦਰ ਨੂੰ ਜਾ ਮਿਲੀ ਅਤੇ ਉਸ ਨਾਲ ਵਿਆਹ ਕਰ ਲਿਆ। ਏਥੇ ਇਸਦਾ ਨਾਂ ਪਾਰਵਤੀ ਸੀ।

ਇਧਰ ਜਦੋਂ ਜਲੰਧਰ ਦੈਂਤ ਨੇ ਜਲੰਧਰ ਸ਼ਹਿਰ ਵਿਚ ਰਾਜਧਾਨੀ ਕਾਇਮ ਕਰ ਲਈ, ਇੰਦਰ ਨੂੰ ਜਿੱਤ ਲਿਆ, ਕੁਬੇਰ ਦਾ ਖਜ਼ਾਨਾ ਲੁਟ ਲਿਆ ਤਾਂ ਸ਼ਿਵਜੀ ਕੋਲ ਉਸ ਦਾ ਦੂਤ ਗਿਆ। ਦੂਤ ਨੇ ਜਾ ਕੇ ਕਿਹਾ-ਜਲੰਧਰ ਦਾ ਹੁਕਮ ਹੈ ਜਾਂ ਤਾਂ ਆਪਣੀ ਨਵੀਂ ਇਸਤਰੀ ਪਾਰਵਤੀ ਨੂੰ ਸ਼ਿੰਗਾਰ ਕਰਾ ਕੇ ਮੇਰੀ ਭੇਟਾ ਕਰ ਦੇਹੁ, ਜਾਂ ਸ਼ਸਤਰ ਲੈਕੇ ਮੇਰੇ ਨਾਲ ਜੰਗ ਕਰ। ਸ਼ਿਵਜੀ ਜੰਗ ਕਰਨ ਲਈ ਤਿਆਰ ਹੋ ਗਿਆ। ਕਈ ਬਰਸਾਂ ਤਕ ਜੰਗ ਹੁੰਦਾ ਰਿਹਾ। ਅੰਤ ਨੂੰ ਵਿਸ਼ਨੂੰ ਜਲੰਧਰ ਦਾ ਰੂਪ ਧਾਰ ਕੇ ਉਸਦੇ ਘਰ ਗਿਆ। ਉਸ ਵੇਲੇ ਜਲੰਧਰ ਦੀ ਇਸਤਰੀ ਬਿੰਦਾ "ਪਤੀ ਦੀ ਜਿੱਤ ਹੋਵੇ", ਇਸ ਕਾਮਨਾਂ ਨਾਲ ਬ੍ਰਹਮਾ ਦੀ ਪੂਜਾ ਕਰ ਰਹੀ ਸੀ, ਪਤੀ ਰੂਪ ਵਿਸ਼ਨੂੰ ਨੂੰ ਵੇਖਕੇ, ਪੂਜਾ ਨੂੰ ਛੱਡ ਕੇ ਸਤਿਕਾਰ ਨਾਲ ਖੜੀ ਹੋਈ। ਪੂਜਨ ਛੁਟਦਿਆਂ ਹੀ ਜਲੰਧਰ ਮਾਰਿਆ ਗਿਆ।

ਇਕ ਗੱਲ ਇਸ ਪ੍ਰਸੰਗ ਵਿਚ ਹੋਰ ਭੇਦ ਵਾਲੀ ਆਈ ਹੈ। ਬਿੰਦਾ ਲਛਮੀ ਦੀ ਛਾਇਆ ਸੀ, ਉਸ ਨੂੰ ਮੁਕਤ ਕਰਨ ਵਾਸਤੇ ਹੀ ਵਿਸ਼ਨੂੰ ਨੇ ਜਲੰਧਰ ਰੂਪ ਧਾਰਨ ਕੀਤਾ ਸੀ, ਕਿਉਂਕਿ ਨਾਰਦ ਨੂੰ ਭੁੱਖੇ ਤੋਰਨ ਕਰਕੇ ਨਾਰਦ ਨੇ ਕੁਪਿਤ ਹੋ ਕੇ ਸਰਾਪ ਦੇ ਦਿੱਤਾ ਕਿ ਤੂੰ ਮਰਿਆਦਾ ਪ੍ਰਸ਼ੋਤਮ ਵਿਸ਼ਨੂੰ ਭਗਵਾਨ ਦੀ ਅਰਧੰਗੀ ਹੋ ਕੇ ਅਤਿਥੂ ਸਤਿਕਾਰ ਨਹੀਂ ਕੀਤਾ। ਇਸ ਲਈ ਰਾਖਸ਼ ਜੋਨੀ ਧਾਰਨ ਕਰਨ ਦੇ ਯੋਗ ਹੈਂ। ਇਹ ਸਤਿ ਹੈ ਕਿ ਹਰੀ ਦਾ ਕੀਤਾ ਮਿਟ ਸਕਦਾ ਹੈ, ਪਰ ਹਰੀ ਦੇ ਪਿਆਰਿਆਂ ਦਾ ਕੀਤਾ ਹਰੀ ਪਾਸੋਂ ਵੀ ਨਹੀਂ ਮਿਟਦਾ। ਇਸ ਲਈ ਨਾਰਦ ਦੇ ਸਰਾਪ ਨੂੰ ਪੂਰਾ ਕਰਨ ਲਈ ਮਾਇਆ ਦੀ ਛਾਇਆ ਨੂੰ ਬਿੰਦਾ ਰੂਪ ਬਣਾ ਕੇ, ਜਲੰਧਰ ਦੀ ਇਸਤਰੀ ਬਣਾਇਆ। ਅਤੇ ਫਿਰ ਉਸਨੂੰ ਆਪਣੀ ਇਸਤਰੀ ਜਾਣ ਕੇ, ਉਸ ਦਾ ਉਧਾਰ ਕਰਨ ਲਈ ਆਪ ਜੀ ਨੇ ਜਲੰਧਰ ਰੂਪ ਧਾਰਨ ਕੀਤਾ।

ਜਦੋਂ ਗਉਰਾਂ ਪਿਤਾ ਦੇ ਹਵਨ ਕੁੰਡ ਵਿਚ ਡਿੱਗ ਕੇ ਮਰ ਗਈ, ਤਾਂ ਸ਼ਿਵਜੀ ਸਭ ਪਾਸਿਆਂ ਤੋਂ ਇੰਦ੍ਰੀਆਂ ਰੋਕ ਕੇ ਕੈਲਾਸ਼ ਤੇ ਅਖੰਡ ਸਮਾਧੀ ਵਿਚ ਇਸਥਿਤ ਹੋ ਗਏ। ਉਧਰ ਗਉਰਾਂ ਨੇ ਹਿਮਾਚਲ ਦੇ ਘਰ ਜਨਮ ਪਾ ਕੇ, ਪਾਰਬਤੀ ਨਾਮ ਪ੍ਰਾਪਤ ਕੀਤਾ, ਅਤੇ ਸ਼ਿਵ ਨੂੰ ਪਤੀ ਧਾਰਨ ਦੀ ਇਛਾ ਨਾਲ ਹਿਮਾਲੇ ਤੇ ਜਾ ਕੇ ਤਪ ਕਰਨ ਲੱਗੀ। ਸ਼ਿਵ ਪੁਰਾਣ ਵਿਚ ਕਥਾ ਹੈ, ਕਿ ਉਨ੍ਹਾਂ ਦਿਨਾਂ ਵਿਚ ਹੀ 'ਤਾਰ' ਦੈਂਤ ਦਾ ਪੁੱਤਰ 'ਤਾਰਕਾਸੁਰ' ਘੋਰ ਤਪ ਕਰ ਰਿਹਾ ਸੀ, ਜਿਸ ਨੇ ਇਕ ਹਜ਼ਾਰ ਵਰ੍ਹਾ

ਕਠਨ ਤਪ ਕੀਤਾ, ਪਰ ਫਲ ਕੁਝ ਨਾ ਹੋਇਆ। ਤਦ ਇਸ ਦੇ ਮਥੇ ਤੋਂ ਇਕ ਪ੍ਰਚੰਡ ਤੇਜ ਨਿਕਲਿਆ ਜਿਸ ਨਾਲ ਦੇਵਤੇ ਆਦਿਕ ਦੁਖੀ ਹੋਣ ਲੱਗੇ, ਇਥੋਂ ਤੱਕ ਕਿ ਇੰਦਰ ਸਿੰਘਾਸਨ ਤੇ ਬੈਠਾ ਬੈਠਾ ਹੀ ਖਿੱਚੇ ਜਾਣ ਲਗਿਆ। ਤਦ ਦੇਵਤਿਆਂ ਦੀ ਪ੍ਰਾਰਥਨਾਂ ਮੰਨ ਕੇ, ਬ੍ਰਹਮਾ ਤਾਰਕਾਸੁਰ ਨੂੰ ਵਰ ਦੇਣ ਲਈ ਉਸ ਦੇ ਪਾਸ ਗਿਆ। ਤਾਰਕਾਸੁਰ ਨੇ ਬ੍ਰਹਮਾ ਤੋਂ ਦੋ ਵਰ ਮੰਗੇ ਇਕ ਤਾਂ ਇਹ ਕਿ-ਮੇਰੇ 'ਬਰਾਬਰ ਕੋਈ ਬਲਵਾਨ ਨਾ ਹੋਵੇ।' ਦੂਜਾ ਇਹ ਕਿ-'ਮੇਰੀ ਮੌਤ ਉਸ ਦੇ ਹਥੋਂ ਹੋਵੇ, ਜੋ ਸ਼ਿਵਜੀ ਦੇ ਬੀਰਜ ਤੋਂ ਪੈਦਾ ਹੋਵੇ।' ਇਹ ਵਰ ਉਸ ਨੇ ਇਸੇ ਭਾਵ ਨੂੰ ਲੈ ਕੇ ਮੰਗਿਆ ਸੀ, ਕਿ ਗਉਰਾਂ ਮਰ ਚੁੱਕੀ ਹੈ, ਸ਼ਿਵਜੀ ਨੇ ਮੁੜ ਕੇ ਨਾ ਸ਼ਾਦੀ ਕਰਨੀ ਹੈ, ਨਾ ਸਮਾਧੀ ਖੋਹਲਣੀ ਹੈ ਅਤੇ ਨਾ ਹੀ ਉਨ੍ਹਾਂ ਦਾ ਕੋਈ ਪੁੱਤਰ ਹੋਣਾ ਹੈ। ਇਸ ਲਈ ਮੇਰੀ ਮੌਤ ਹੋਵੇਗੀ ਹੀ ਨਹੀਂ। ਉਸ ਦੀ ਮੰਗ ਅਨੁਸਾਰ ਬ੍ਰਹਮਾ ਨੇ ਵਰ ਦੇ ਦਿੱਤੇ। ਉਹ ਵਰ ਪ੍ਰਾਪਤ ਹੋ ਕੇ ਘੋਰ ਅਤਿਆਚਾਰ ਕਰਨ ਲਗਾ। ਇਸ ਲਈ ਸਾਰੇ ਦੇਵਤੇ ਦੁਖੀ ਹੋ ਕੇ ਬ੍ਰਹਮਾ ਕੋਲ ਗਏ। ਤਾਂ ਬ੍ਰਹਮਾ ਨੇ ਕਿਹਾ-'ਸ਼ਿਵ ਪੁਤਰ ਤੋਂ ਬਿਨਾਂ ਤਾਰਕਾਸੁਰ ਨੂੰ ਹੋਰ ਕੋਈ ਮਾਰ ਨਹੀਂ ਸਕਦਾ।' ਇਸ ਵੇਲੇ ਪਾਰਬਤੀ ਸ਼ਿਵਜੀ ਨੂੰ ਪਤਿ ਪ੍ਰਾਪਤ ਕਰਨ ਲਈ ਹਿਮਾਲਾ ਪਰਬਤ ਤੇ ਤਪ ਕਰ ਰਹੀ ਹੈ। ਕੋਈ ਉਪਾਉ ਕਰੋ ਜਿਸ ਨਾਲ ਸ਼ਿਵਜੀ ਦੀ ਸਮਾਧੀ ਖੁਲ੍ਹੇ, ਉਨ੍ਹਾਂ ਨੂੰ ਕਾਮ-ਭਾਵਨਾਂ ਜਾਗੇ। ਤਾਂ ਉਨ੍ਹਾਂ ਦਾ ਪਾਰਬਤੀ ਨਾਲ ਸਬੰਧ ਹੋ ਕੇ ਪੁੱਤਰ ਪੈਦਾ ਹੋ ਜਾਵੇ। ਇਹ ਸੁਣਕੇ ਦੇਵਤਿਆਂ ਨੇ ਕਾਮਦੇਵ ਨੂੰ ਪ੍ਰੇਰਣਾ ਕੀਤੀ। ਕਾਮਦੇਵ ਇਕ ਦੇਵਤਾ ਹੈ, ਜੋ ਇਸਤਰੀ ਪੁਰਸ਼ ਨੂੰ ਆਪੋ ਵਿਚ ਦੇ ਸੰਜੋਗ ਦੀ ਪ੍ਰੇਰਨਾ ਕਰਨ ਵਾਲਾ ਪੁਰਾਣਾਂ ਵਿਚ ਮੰਨਿਆ ਹੈ। ਇਸ ਦੀ ਇਸਤਰੀ ਦਾ ਨਾਮ ਰੱਤੀ ਹੈ। ਸਾਥੀ ਬਸੰਤ ਰੁਤ ਹੈ। ਘੋੜਾ ਕੋਇਲ ਹੈ, ਅਸਤਰ ਫੁੱਲਾਂ ਦਾ ਧਨੁਖ ਬਾਣ ਹੈ, ਮੋਹਨ ਉਚਾਰਨ ਵਸੀਕਰਨ ਆਦਿਕ ਪੰਜ ਫੁੱਲਾਂ ਦੇ ਤੀਰ ਹਨ। ਇਸ ਦੇ ਝੰਡੇ ਉਤੇ ਮੱਛੀ ਦਾ ਨਿਸ਼ਾਨ ਹੈ। ਦੇਵਤਿਆਂ ਦੀ ਪ੍ਰੇਰਨਾਂ ਨਾਲ ਕਾਮਦੇਵ ਸ਼ਿਵਜੀ ਦੀ ਸਮਾਧੀ ਖੋਹਲਣ ਕੈਲਾਸ਼ 'ਤੇ ਗਿਆ ਅਤੇ ਪ੍ਰੇਮ ਦੇ ਤੀਰ ਸ਼ਿਵਜੀ ਨੂੰ ਮਾਰਨ ਲੱਗਾ। ਕੁਝ ਸਮੇਂ ਮਗਰੋਂ ਸ਼ਿਵਜੀ ਦੀ ਸਮਾਧੀ ਖੁਲ੍ਹੀ, ਸਾਹਮਣੇ ਕਾਮਦੇਵ ਨੂੰ ਵੇਖ ਕੇ ਆਪ ਨੂੰ ਮਹਾਨ ਕ੍ਰੋਧ ਆ ਗਿਆ। ਉਸ ਵੇਲੇ ਤੀਸਰੇ ਨੇਤਰ ਨੂੰ ਖੋਲ੍ਹ ਕੇ, ਉਸ ਵਿਚੋਂ ਨਿਕਲੀ ਕ੍ਰੋਧ ਅਗਨਿ ਨਾਲ ਕਾਮਦੇਵ ਸੜ ਕੇ ਸਵਾਹ ਹੋ ਗਿਆ। ਕਾਮਦੇਵ ਸੜ ਗਿਆ, ਇਸ ਨਾਲ ਸਾਰੇ ਦੇਵਤਿਆਂ ਨੂੰ ਦੁੱਖ ਹੋਇਆ, ਪਰ ਸਭ ਤੋਂ ਵਧ ਕੇ ਦੁਖ ਉਸ ਦੀ ਇਸਤਰੀ ਰੱਤੀ ਨੂੰ ਹੋਇਆ। ਉਹ ਸ਼ਿਵਜੀ ਦੇ ਸਾਹਮਣੇ ਜਾ ਕੇ ਰੋਈ ਪਿੱਟੀ ਤਾਂ ਸ਼ਿਵਜੀ ਕਰੁਣਾ ਰਸ ਵਿਚ ਢਲੇ ਅਤੇ ਕਹਿਣ ਲਗੇ-ਰਤੀ ! ਅਗੇ ਪਤੀ ਤੈਨੂੰ ਇਕੋ ਦੇਹ ਵਿਚ ਪ੍ਰਾਪਤ ਹੋਇਆ ਕਰਦਾ ਸੀ, ਹੁਣ 'ਬਿਤਨ' ਤਨ ਤੋਂ ਰਹਿਤ ਅਵਸਥਾ ਹੋ ਕੇ ਸਾਰੀਆਂ ਦੇਹਾਂ ਵਿਚੋਂ ਪ੍ਰਾਪਤ ਹੋਵੇਗਾ, ਅਤੇ ਦੁਆਪਰਿ ਜੁਗ ਵਿਚ ਦਵਾਰਕਾ ਵਿਚ ਕ੍ਰਿਸ਼ਨ ਜੀ ਦੇ ਪੁੱਤਰ ਪ੍ਰਦੁਮਨ ਦੇ ਘਰ ਉਸ ਦਾ ਜਨਮ ਹੋਵੇਗਾ। ਇਸ ਲਈ ਪ੍ਰਦੁਮਨ ਦੇ ਪੁਤਰ ਅਨੁਰੁਧ ਨੂੰ ਕਾਮਦੇਵ ਦਾ ਅਵਤਾਰ ਕਿਹਾ ਜਾਂਦਾ ਹੈ।

ਸ਼ਿਵਜੀ ਦੀ ਜਦ ਸਮਾਧੀ ਖੁਲ੍ਹੀ, ਰਤੀ ਨੂੰ ਵਰ ਮਿਲ ਗਿਆ, ਸ਼ਿਵਜੀ ਕਰੁਣਾ ਦੇ ਘਰ ਵਿਚ ਆ ਗਏ। ਤਾਂ ਦੇਵਤਿਆਂ ਨੇ ਵੀ ਇੱਛਾ ਜ਼ਾਹਰ ਕੀਤੀ, ਕਿ ਅਸੀਂ ਆਪ ਦਾ ਵਿਆਹ ਵੇਖਣਾ ਚਾਹੁੰਦੇ ਹਾਂ। ਪਾਰਬਤੀ ਨਾਲ ਸ਼ਿਵਜੀ ਦਾ ਵਿਆਹ ਹੋ ਗਿਆ। ਕੇਲ-ਕ੍ਰੀੜਾ ਕਰਦਿਆਂ ਕਈ ਮੁੱਦਤਾਂ ਬੀਤ ਗਈਆਂ, ਪਰ ਸ਼ਿਵਜੀ ਦੇ ਬੀਰਜ ਤੋਂ ਕੋਈ ਪੁੱਤਰ ਨਾ ਹੋਇਆ। ਇਧਰ ਦੇਵਤਿਆਂ ਨੂੰ ਤਾਰਕਾਸੁਰ ਦਾ ਵੱਡਾ ਦੁੱਖ ਸਤਾ ਰਿਹਾ ਸੀ। ਇਕ ਦਿਨ ਦੇਵਤਿਆਂ ਨੇ ਅਗਨਿ ਦੇਵਤਾ ਨੂੰ ਸ਼ਿਵਜੀ ਦੇ ਸਥਾਨ ਤੇ ਭੇਜਿਆ। ਅਗਨਿ

ਕਬੂਤਰ ਰੂਪ ਹੋ ਕੇ ਗਿਆ। ਉਸ ਵੇਲੇ ਸ਼ਿਵਜੀ ਕੇਲ-ਕ੍ਰੀੜਾ ਵਿਚ ਪ੍ਰਵਿਰਤ ਸਨ। ਅਗਨਿ ਨੂੰ ਵੇਖ ਕੇ ਆਪ ਨੇ ਕਿਹਾ-ਪਾਰਬਤੀ ਵਿਚ ਸਾਡਾ ਬੀਰਜ ਧਾਰਣ ਕਰਨ ਦੀ ਸਮਰੱਥਾ ਨਹੀਂ ਹੈ, ਤੂੰ ਹੀ ਧਾਰਨ ਕਰ। ਇਹ ਕਹਿ ਕੇ ਬੀਰਜ ਅਗਨਿ ਉਤੇ ਸੁੱਟ ਦਿੱਤਾ। ਉਹ ਬੀਰਜ ਤੋਂ ਕਾਰਤਿਕੇਜ ਦਾ ਜਨਮ ਹੋਇਆ। ਜਿਸ ਨੇ ਦੇਵਤਿਆਂ ਦਾ ਸੈਨਾਪਤਿ ਹੋ ਕੇ, ਤਾਰਕਾਸੁਰ ਨਾਲ ਘੋਰ ਯੁੱਧ ਕੀਤਾ, ਅਤੇ ਅੰਤ ਨੂੰ ਤਾਰਕਾਸੁਰ ਕਾਰਤਿਕੇਜ ਦੇ ਹਥੋਂ ਹੀ ਮੋਇਆ ਅਤੇ ਦੇਵਤੇ ਸੁਖੀ ਹੋ ਗਏ।

ਇਸ ਤਰ੍ਹਾਂ ਨਾਲ ਸ਼ਿਵਜੀ ਦੇ ਬਹੁਤ ਪ੍ਰਸੰਗ ਹਨ, ਜੋ ਗ੍ਰੰਥ ਕਰਤਾ ਜੀ ਨੇ ਕਈ ਇਕ ਸੰਖੇਪ ਨਾਲ ਇਸ਼ਾਰੇ ਮਾਤਰ ਪਰਗਟ ਕੀਤੇ ਹਨ।

ਇਤਿ ਬਚਿਤ੍ਰ ਨਾਟਕ ਗ੍ਰੰਥੇ, 'ਜਲੰਧਰ' ਅਵਤਾਰ ਬਾਰ੍ਹਵਾਂ ਸਮਾਪਤਮ॥ ਸਤੁ ਸੁਭਮ ਸਤੁ॥ ੧੨॥੨੮॥੩੨੯॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਬਾਰ੍ਹਵਾਂ ਅਵਤਾਰ 'ਜਲੰਧਰ' ਸਮਾਪਤ॥ ਸਤ ਸੁਭਮ ਸਤ॥੧੨॥ ੨੮॥੩੨੯॥ ਚਲਦਾ॥

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫਤਹ॥
ਸ੍ਰੀ ਭਗਉਤੀ ਜੀ ਸਹਾਇ॥

# ਤੇਰ੍ਹਵਾਂ ਅਵਤਾਰ 'ਵਿਸ਼ਨੂੰ'

**ਚੌਪਈ॥ ਅਬ ਮੈ ਗਨੋ ਬਿਸ਼ਨ ਅਵਤਾਰਾ॥ ਜੈਸਕ ਧਰਜੋ ਸਰੂਪ ਮੁਰਾਰਾ॥**
**ਬਿਆਕੁਲ ਹੋਤੁ ਧਰਨ ਜਬ ਭਾਰਾ॥ ਕਾਲ ਪੁਰਖ ਪਹਿ ਕਰਤ ਪੁਕਾਰਾ॥ ੧॥**

ਹੁਣ ਮੈਂ ਬਿਸ਼ਨ ਅਵਤਾਰ ਨੂੰ ਕਥਨ ਕਰਦਾ ਹਾਂ। ਜਿਸ ਤਰ੍ਹਾਂ ਮੁਰਾਰੀ ਮਨੁੱਖੀ ਸਰੂਪ ਧਾਰਦਾ ਹੈ। ਧਰਤੀ ਪਾਪਾਂ ਦੇ ਭਾਰ ਨਾਲ ਜਦੋਂ ਵਿਆਕੁਲ ਹੁੰਦੀ ਹੈ, ਤਦੋਂ ਅਕਾਲ ਪੁਰਖ ਪਾਸ ਪੁਕਾਰ ਕਰਦੀ ਹੈ॥੧॥

**ਅਸੁਰ ਦੇਵਤਨ ਦੇਤਿ ਭਜਾਈ॥ ਛੀਨ ਲੇਤ ਭੂਅ ਕੀ ਠਕੁਰਾਈ॥**
**ਕਰਤ ਪੁਕਾਰ ਧਰਣ ਭਰ ਭਾਰਾ॥ ਕਾਲ ਪੁਰਖ ਤਬ ਹੋਤ ਕ੍ਰਿਪਾਰਾ॥ ੨॥**

ਦੈਂਤ ਦੇਵਤਿਆਂ ਨੂੰ ਜਦੋਂ ਭਜਾ ਦੇਂਦੇ ਹਨ ਅਤੇ ਧਰਤੀ ਦੀ ਬਾਦਸ਼ਾਹਤ ਦੇਵਤਿਆਂ ਪਾਸੋਂ ਖੋਹ ਲੈਂਦੇ ਹਨ। ਤਦੋਂ ਧਰਤੀ ਪਾਪਾਂ ਦੇ ਭਾਰ ਨਾਲ ਭਰਕੇ ਪੁਕਾਰ ਕਰਦੀ ਹੈ, ਤਦ ਅਕਾਲ ਪੁਰਖ ਧਰਤੀ ਤੇ ਦਿਆਲ ਹੁੰਦੇ ਹਨ॥ ੨॥

**ਦੋਹਰਾ॥ ਸਭ ਦੇਵਨ ਕੋ ਅੰਸ ਲੈ ਤਤ ਆਪਨ ਠਹਰਾਇ॥**
**ਬਿਸ਼ਨ ਰੂਪ ਧਾਰਤ ਤਦਿਨ ਗ੍ਰਿਹ ਅਦਿੱਤ ਕੇ ਆਇ॥ ੩॥**

ਸਾਰੇ ਦੇਵਤਿਆਂ ਦੇ ਅੰਸ ਲੈ ਕੇ, ਅਕਾਲ ਪੁਰਖ ਉਸ ਵਿਚ ਆਪਣਾ ਤੱਤ੍ਵ ਕਾਇਮ ਕਰਕੇ ਬਿਸ਼ਨ ਰੂਪ ਧਾਰਦਾ ਹੈ ਅਤੇ ਅਦਿਤਿ ਦੇ ਘਰ ਆ ਕੇ ਉਸੇ ਦਿਨ ਪ੍ਰਗਟ ਹੁੰਦਾ ਹੈ॥ ੩॥

**ਚੌਪਈ॥ ਆਨ ਹਰਤ ਪ੍ਰਿਥਵੀ ਕੋ ਭਾਰਾ॥ ਬਹੁ ਬਿਧਿ ਅਸੁਰਨ ਕਰਤ ਸੰਘਾਰਾ॥**
**ਭੂਮ ਭਾਰ ਹਰ ਸੁਰ ਪੁਰ ਜਾਈ॥ ਕਾਲ ਪੁਰਖ ਮੋ ਰਹਤ ਸਮਾਈ॥ ੪॥**

ਜਗਤ ਵਿਚ ਆ ਕੇ ਧਰਤੀ ਦਾ ਭਾਰ ਦੂਰ ਕਰਦਾ ਹੈ, ਬਹੁਤ ਤਰ੍ਹਾਂ ਨਾਲ ਦੈਂਤਾਂ ਨੂੰ ਮਾਰਦਾ ਹੈ। ਪ੍ਰਿਥਵੀ ਦਾ ਭਾਰ ਦੂਰ ਕਰਕੇ ਸੁਰਪੁਰੀ ਵਿਚ ਚਲਾ ਜਾਂਦਾ ਹੈ ਤੇ ਅਕਾਲ ਪੁਰਖ ਵਿਚ ਅਭੇਦ ਹੋ ਰਹਿੰਦਾ ਹੈ॥੪॥

**ਸਕਲ ਕਥਾ ਜਉ ਛੋਰ ਸੁਨਾਊਂ॥ ਬਿਸ਼ਨ ਪ੍ਰਬੰਧ ਕਹਤ ਸ੍ਰਮ ਪਾਊਂ॥**

**ਤਾ ਤੇ ਥੋਰੀਐ ਕਥਾ ਪ੍ਰਕਾਸ਼ੀ ॥ ਰੋਗ ਸੋਗ ਤੇ ਰਾਖਿ ਅਬਿਨਾਸ਼ੀ ॥ ੫ ॥**

ਸਾਰੀ ਕਥਾ ਜੇਕਰ ਮੁੱਢ ਤੋਂ ਸੁਣਾਵਾਂ, ਤਾਂ ਵਿਸ਼ਨ ਪ੍ਰਬੰਧ ਭਾਵ ਗ੍ਰੰਥ ਕਹਿੰਦਿਆਂ ਬਹੁਤ ਮਿਹਨਤ ਕਰਨੀ ਪਵੇਗੀ। ਇਸ ਲਈ ਥੋੜੀ ਕਥਾ ਪ੍ਰਕਾਸ਼ ਕੀਤੀ ਹੈ। ਰੋਗਾਂ ਸੋਗਾਂ ਤੋਂ ਵਾਹਿਗੁਰੂ ਰਖਿਆ ਕਰੇ॥ ੫ ॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਤੇਰਵਾਂ 'ਬਿਸ਼ਨੁ' ਅਵਤਾਰ ਸਮਾਪਤਮ॥ ਸਤੁ ਸੁਭਮ ਸਤੁ॥ ੧੩॥ ੫॥ ੩੩੪॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਤੇਰੁਵਾਂ ਅਵਤਾਰ 'ਵਿਸ਼ਨੂੰ' ਸਮਾਪਤ॥ ਸਤ ਸੁਭਮ ਸਤ॥ ੧੩॥ ੫॥ ੩੩੪॥ ਚਲਦਾ॥

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਚੌਦ੍ਹਵਾਂ ਅਵਤਾਰ 'ਵਿਸ਼ਨੂੰ'

**ਦੋਹਰਾ॥ ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ਼॥**
**ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ਼॥੧॥**

ਅਕਾਲ ਪੁਰਖ ਦੀ ਦੇਹ ਵਿਚ ਕ੍ਰੋੜਾਂ ਵਿਸ਼ਨੂੰ ਤੇ ਸ਼ਿਵ ਹਨ। ਕ੍ਰੋੜਾਂ ਇੰਦਰ ਤੇ ਕਿੰਨੇ ਹੀ ਬ੍ਰਹਮਾ ਹਨ, ਅਤੇ ਕ੍ਰੋੜਾਂ ਸੂਰਜ, ਚੰਦ੍ਰਮਾਂ ਤੇ ਵਰੁਣ ਦੇਵਤਾ ਹਨ॥੧॥

**ਚੌਪਈ॥ ਸ੍ਰਮਿਤ ਬਿਸ਼ਨ ਤੱਹ ਰਹਤ ਸਮਾਈ॥ ਸਿੰਧ ਬਿੰਧ ਜੱਹ ਗਨਜੋ ਨ ਜਾਈ॥**
**ਸ਼ੇਸ਼ਨਾਗ ਸੇ ਕੋਟਕ ਤਹਾਂ॥ ਸੋਵਤ ਸੈਨ ਸਰਪ ਕੀ ਜਹਾਂ॥੨॥**

ਮਿਹਨਤ ਕਰਨ ਕਰਕੇ ਥੱਕਿਆ ਹੋਇਆ ਵਿਸ਼ਨੂੰ ਪ੍ਰਭੂ ਵਿਚ ਲੀਨ ਰਹਿੰਦਾ ਹੈ ਅਤੇ ਉਸ ਅਕਾਲ ਪੁਰਖ ਵਿਚ ਕਿੰਨੇ ਸਾਗਰ ਅਤੇ ਕਿੰਨੀਆਂ ਧਰਤੀਆਂ ਹਨ ਕਿ ਉਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ ਅਕਾਲ ਪੁਰਖ ਜਿਸ ਸੇਜ ਤੇ ਸੌਂਦਾ ਹੈ, ਉਸਦੇ ਨੇੜੇ ਕਰੋੜਾਂ ਸ਼ੇਸਨਾਗ ਸੁਭਾਇਮਾਨ ਹੁੰਦੇ ਹਨ॥੨॥

**ਸਹੰਸ੍ਰ ਸੀਸ ਤਬ ਧਰਤਨ ਜੰਗਾ॥ ਸਹੰਸ੍ਰ ਪਾਵ ਕਰ ਸਹੰਸ ਅਭੰਗਾ॥**
**ਸਹੰਸ੍ਰ ਰਾਛ ਸੋਭਤ ਹੈਂ ਤਾਕੇ॥ ਲਛਮੀ ਪਾਵ ਪਲੋਸਤ ਵਾਕੇ॥੩॥**

ਹਜ਼ਾਰਾਂ ਸਿਰ ਅਤੇ ਹਜ਼ਾਰਾਂ ਲੱਤਾਂ ਜਿਸ ਨੇ ਸਰੀਰ ਤੇ ਧਾਰਨ ਕੀਤੀਆਂ ਹੋਈਆਂ ਹਨ। ਜਿਸ ਦੇ ਹਜ਼ਾਰਾਂ ਪੈਰ ਅਤੇ ਹਜ਼ਾਰਾਂ ਹੱਥ ਨਾ ਟੁਟਣ ਵਾਲੇ ਹਨ। ਉਸ ਦੇ ਸਰੀਰ ਤੇ ਹਜ਼ਾਰਾਂ ਅੱਖਾਂ ਸ਼ੋਭਦੀਆਂ ਹਨ ਅਤੇ ਲਛਮੀ ਉਨ੍ਹਾਂ ਦੇ ਪੈਰਾਂ ਨੂੰ ਪਲੋਸਦੀ ਹੈ॥੩॥

**ਦੋਹਰਾ॥ ਮਧੁ ਕੀਟਭ ਕੇ ਬਧ ਨਮਿਤ ਜਾ ਦਿਨ ਜਗਤ ਮੁਰਾਰ॥**
**ਸੁ ਕਬਿ ਸਜਾਮਿ ਤਾਕੋ ਕਹੇ ਚੌਦਸਵੋਂ ਅਵਤਾਰ॥੪॥**

ਮਧੁ ਅਤੇ ਕੈਟਭ ਦੈਂਤਾਂ ਦੇ ਮਾਰਨ ਵਾਸਤੇ, ਜਿਸ ਦਿਨ ਮੁਰਾਰੀ ਭਾਵ ਵਿਸ਼ਨੂੰ ਨੇ ਅਵਤਾਰ ਧਾਰਿਆ ਸੀ, ਕਵੀ ਸਜਾਮ ਕਹਿੰਦਾ ਹੈ ਕਿ ਉਹ ਵਿਸ਼ਨੂੰ ਦਾ ਚੌਦਵਾਂ ਅਵਤਾਰ ਸੀ॥੪॥

**ਚੌਪਈ॥ ਸ੍ਰਵਣ ਮੈਲ ਤੇ ਅਸੁਰ ਪ੍ਰਕਾਸ਼ਤ॥ ਚੰਦ ਸੂਰ ਜਨ ਦੁਤਿਯ ਪ੍ਰਭਾਸ਼ਤ॥**

**ਮਾਜਾ ਤਜਤ ਬਿਸ਼ਨ ਕਹ ਤਬ ਹੀ॥ ਕਰਤ ਉਪਾਧ ਅਸੁਰ ਮਿਲਿ ਜਬ ਹੀ॥ ੫॥**

ਕੰਨਾਂ ਦੀ ਮੈਲ ਤੋਂ ਮਧੂ ਤੇ ਕੈਟਭ ਦੋ ਬਹੁਤ ਤੇਜਸਵੀ ਦੈਂਤ ਪ੍ਰਗਟ ਹੋਏ, ਮਾਨੋ ਦੂਜੇ ਚੰਦਰਮਾਂ ਤੇ ਸੂਰਜ ਚੜ੍ਹੇ ਸਨ। ਅਕਾਲ ਪੁਰਖ ਦੀ ਆਗਿਆ ਨਾਲ ਵਿਸ਼ਨੂੰ ਨੇ ਫਿਰ ਮਾਇਆ ਨੂੰ ਤਿਆਗ ਕੇ ਅਵਤਾਰ ਧਾਰਨ ਕੀਤਾ ਜਦ ਉਨ੍ਹਾਂ ਦੈਂਤਾਂ ਨੇ ਉਪੱਦਰ ਮਚਾਉਣਾਂ ਸ਼ੁਰੂ ਕਰ ਦਿੱਤਾ॥੫॥

**ਤਿਨ ਸੋਂ ਕਰਤ ਬਿਸ਼ਨ ਘਮਾਸਾਨਾ॥ ਬਰਖ ਹਜਾਰ ਪੰਚ ਪਰਮਾਨਾ॥**
**ਕਾਲ ਪੁਰਖ ਤਬ ਹੋਤ ਸਹਾਈ॥ ਦੂਹੂੰਅਨਿ ਹਨਤ ਕ੍ਰੋਧ ਉਪਜਾਈ॥ ੬॥**

ਵਿਸ਼ਨੂੰ ਉਨ੍ਹਾਂ ਦੋਹਾਂ ਨਾਲ ਮੱਲ ਯੁੱਧ ਕਰਦਾ ਹੈ, ਇਹ ਘੋਲ ਪੰਜ ਹਜ਼ਾਰ ਵਰ੍ਹੇ ਤਕ ਚਲਿਆ। ਅਕਾਲ ਪੁਰਖ ਅੰਤ ਨੂੰ ਮਦਦਗਾਰ ਹੋਇਆ। ਤਦ ਕ੍ਰੋਧ ਪੈਦਾ ਕਰਕੇ ਵਿਸ਼ਨੂੰ ਨੇ ਦੋਹਾਂ ਨੂੰ ਮਾਰ ਦਿੱਤਾ॥੬॥

**ਦੋਹਰਾ॥ ਧਾਰਤ ਹੈ ਐਸੋ ਬਿਸ਼ਨ ਚੌਦਸਵੋਂ ਅਵਤਾਰ॥**
**ਸੰਤ ਸੰਬੂਹਨਿ ਸੁਖ ਨਮਿਤ ਦਾਨਵ ਦੂਹੂੰ ਸੰਘਾਰ॥੭॥**

ਸਾਰੇ ਸੰਤਾ ਨੂੰ ਸੁਖ ਦੇਣ ਵਾਸਤੇ, ਅਤੇ ਦੋਹਾਂ ਦੈਂਤਾਂ ਨੂੰ ਮਾਰਨ ਵਾਸਤੇ, ਵਿਸ਼ਨੂੰ ਇਸ ਤਰ੍ਹਾਂ ਨਾਲ ਚੌਦ੍ਹਵਾਂ ਅਵਤਾਰ ਧਾਰਦਾ ਹੈ॥੭॥

ਭਾਵਾਰਥ – ਕਾਲਿਕਾ ਪੁਰਾਣ ਅਤੇ ਮਹਾਂ ਭਾਰਤ ਵਿਚ ਕਥਾ ਹੈ, ਜਦੋਂ ਵਿਸ਼ਨੂੰ ਜਲ ਵਿਚ ਸੁਤਾ ਪਿਆ ਸੀ। ਉਸ ਵੇਲੇ ਉਨ੍ਹਾਂ ਦੇ ਕੰਨ ਵਿਚੋਂ ਦੋ ਦੈਂਤ ਮਧੂ ਤੇ ਕੈਟਭ ਨਿਕਲੇ ਤੇ ਕਮਲ ਤੇ ਬੈਠੇ ਹੋਏ ਬ੍ਰਹਮਾ ਨੂੰ ਖਾਣ ਲਈ ਦੌੜੇ। ਉਨ੍ਹਾਂ ਦਾ ਭਿਆਨਕ ਰੂਪ ਵੇਖ ਕੇ, ਬ੍ਰਹਮਾ ਨੇ ਆਪਣੇ ਇਸ਼ਟ ਦੀ ਅਰਾਧਨਾਂ ਕੀਤੀ, ਤਾਂ ਵਿਸ਼ਨੂੰ ਨੇ ਉਨ੍ਹਾਂ ਨਾਲ ਪੰਜ ਹਜ਼ਾਰ ਵਰ੍ਹਾ ਘੋਲ ਕੀਤਾ। ਅੰਤ ਨੂੰ ਦੋਹਾਂ ਦੈਂਤਾਂ ਨੇ ਵਿਸ਼ਨੂੰ ਨੂੰ ਕਿਹਾ-ਕਿ ਅਸੀਂ ਦੋ ਜਣੇ ਹਾਂ, ਤੂੰ ਇਕੱਲਾ ਹੈਂ, ਤੂੰ ਸਾਥੋਂ ਵੱਡਾ ਬਲਵਾਨ ਹੈਂ। ਤੇਰੇ ਬਲ ਤੇ ਅਸੀਂ ਰੀਝੇ ਹਾਂ ਅਤੇ ਖੁਸ਼ ਹੋ ਕੇ ਵਰ ਦੇਂਦੇ ਹਾਂ, ਜੋ ਚਾਹੇਂ ਮੰਗ ਲੈ। ਵਿਸ਼ਨੂੰ ਨੇ ਕਿਹਾ-ਜੇ ਦਾਨ ਦੇਂਦੇ ਹੋ ਤਾਂ ਆਪਣੇ ਸਿਰ ਦਿਓ। ਉਨ੍ਹਾਂ ਨੇ ਕਿਹਾ-ਸਿਰ ਬੇਸ਼ਕ ਕੱਟ ਲੈ, ਪਰ ਪਾਣੀ ਵਿਚ ਸਿਰ ਨਾ ਕਟੀਂ, ਚੂੰਕਿ ਉਸ ਵੇਲੇ ਸਭ ਪਾਸੇ ਪਾਣੀ ਹੀ ਪਾਣੀ ਸੀ, ਅਜੇ ਧਰਤੀ ਪੈਦਾ ਹੀ ਨਹੀਂ ਹੋਈ ਸੀ। ਇਸ ਲਈ ਵਿਸ਼ਨੂੰ ਨੇ ਜਲ ਉਪਰ ਚੌਕੜਾ ਮਾਰ ਲਿਆ ਅਤੇ ਮਧੂ ਨੂੰ ਸੱਜੇ ਪੱਟ ਤੇ, ਅਤੇ ਕੈਟਭ ਨੂੰ ਖੱਬੇ ਪੱਟ ਤੇ ਲਿਟਾ ਕੇ ਉਨ੍ਹਾਂ ਦੇ ਸਿਰ ਕੱਟ ਲਏ। ਮਧੂ ਅਤੇ ਕੈਟਭ ਦੇ ਮਰਨ ਤੋਂ ਉਨ੍ਹਾਂ ਦੀ ਮਿੱਝ, ਜੋ ਸਮੁੰਦਰ ਤੇ ਫੈਲੀ ਸੀ, ਉਸ ਤੋਂ ਧਰਤੀ ਬਣੀ ਹੈ। ਇਸੇ ਕਰਕੇ ਇਸ ਦਾ ਨਾਮ 'ਮੇਦਨੀ' ਕਿਹਾ ਜਾਂਦਾ ਹੈ। ਦੇਵੀ ਭਾਗਵਤ ਸਕੰਧ ੯, ਅਧਯਾ: ੩, ਸਲੋਕ ੭ ਵਿਚ ਲਿਖਿਆ ਹੈ, ਮਿੱਟੀ ਦੇ ਕਿਣਕਿਆਂ ਦੀ ਗਿਣਤੀ ਕੀਤੀ ਜਾ ਸਕਦੀ ਹੈ। ਪਰ ਬ੍ਰਹਮੰਡਾਂ ਦੀ ਗਿਣਤੀ ਨਹੀਂ ਹੋ ਸਕਦੀ। ਹਰੇਕ ਬ੍ਰਹਮੰਡ ਵਿਚ ਆਪਣੇ ਆਪਣੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਸੋਭਾ ਪਾ ਰਹੇ ਹਨ ਜਦ ਕਿ ਬ੍ਰਹਮੰਡ ਹੀ ਅਨਗਿਣਤ ਹਨ ਤਾਂ ਇਨ੍ਹਾਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਗਿਣਤੀ ਕੌਣ ਕਰ ਸਕਦਾ ਹੈ?

ਲਿੰਗ ਪੁਰਾਣ ਵਿਚ ਲਿਖਿਆ ਹੈ-ਅਸੰਖ ਰੁਦ੍ਰ, ਅਸੰਖ ਬ੍ਰਹਮਾ ਅਤੇ ਅਸੰਖ ਵਿਸ਼ਨੂੰ ਹਨ, ਪਰ ਮਹੇਸ੍ਵਰ ਇਕੋ ਹੈ। ਇਸੇ ਭਾਵ ਨੂੰ ਲੈ ਕੇ ਸਤਿਗੁਰੂ ਜੀ ਨੇ ਫੁਰਮਾਇਆ ਹੈ-

'ਕਾਲ ਪੁਰਖ ਕੀ ਦੇਹਿ ਮੈ ਕੋਟਿਕ ਬਿਸ਼ਨ ਮਹੇਸ਼॥

ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ਼॥'

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਚਤ੍ਰ ਦਸਵੋਂ 'ਵਿਸ਼ਨੂੰ' ਅਵਤਾਰ ਸਮਾਪਤੰ॥ ਸਤੁ ਸੁਭਮ ਸਤੁ॥ ੧੪॥੭॥੩੪੧॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਚੋਦ੍ਹਵਾਂ ਅਵਤਾਰ 'ਵਿਸ਼ਨੂੰ' ਸਮਾਪਤ॥ ਸਤ ਸ਼ੁਭਮ ਸਤ॥੧੪॥੭॥੩੪੧॥ ਚਲਦਾ॥

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਭਗਉਤੀ ਜੀ ਸਹਾਇ॥

# ਪੰਦ੍ਰਵਾਂ ਅਵਤਾਰ 'ਅਰਹੰਤ ਦੇਵ'

**ਚੌਪਈ॥ ਜਬ ਜਬ ਦਾਨਵ ਕਰਤ ਪਸਾਰਾ॥ ਤਬ ਤਬ ਬਿਸ਼ਨ ਕਰਤ ਸੰਘਾਰਾ॥**
**ਸਕਲ ਅਸੁਰ ਇਕਠੇ ਤਹਾਂ ਭ੍ਏ॥ ਸੁਰ ਅਰੁ ਗੁਰ ਮੰਦਰ ਚਲ ਗਏ॥ ੧॥**

ਜਦੋਂ ਜਦੋਂ ਦੈਂਤ ਪਸਾਰਾ ਕਰਦੇ ਹਨ, ਤਦੋ ਤਦੋਂ ਵਿਸ਼ਨੂੰ ਇਨ੍ਹਾਂ ਦਾ ਨਾਸ ਕਰਦਾ ਹੈ। ਇਕ ਵਾਰੀ ਸਾਰੇ ਦੈਂਤ ਇਕੱਠੇ ਹੋ ਗਏ। ਅਤੇ ਸਾਰੇ ਦੈਂਤ ਗੁਰੂ ਸ਼ੁਕ੍ਰਾਚਾਰਜ ਦੇ ਮੰਦਰ ਵਿਚ ਚਲੇ ਗਏ॥ ੧॥

**ਸਭਹੂੰ ਮਿਲਿ ਅਸ ਕਰਜੋ ਬਿਚਾਰਾ॥ ਦਈਤਨ ਕਰਤ ਘਾਤ ਅਸੁਰਾਰਾ॥**
**ਤਾ ਤੇ ਐਸ ਕਰੌ ਕਿਛੁ ਘਾਤਾ॥ ਜਾ ਤੇ ਬਨੇ ਹਮਾਰੀ ਬਾਤਾ॥ ੨॥**

ਸਾਰਿਆਂ ਨੇ ਮਿਲਕੇ ਅਜੇਹੀ ਵਿਚਾਰ ਕੀਤੀ ਕਿ ਸਦਾ ਹੀ ਦੇਵਤੇ ਦੈਂਤਾਂ ਦਾ ਨਾਸ ਕਰਦੇ ਹਨ। ਇਸ ਲਈ ਕੋਈ ਅਜੇਹੀ ਚਾਲ ਕਰੋ, ਜਿਸ ਕਰਕੇ ਸਾਡੀ ਗੱਲ ਬਣ ਜਾਏ॥ ੨॥

**ਦਈਤ ਗੁਰੂ ਇਮ ਬਚਨ ਬਖਾਨਾ॥ ਤੁਮ ਦਾਨਵੋ ਨ ਭੇਦ ਪਛਾਨਾ॥**
**ਵੇ ਮਿਲਿ ਜੱਗ ਕਰਤ ਬਹੁ ਭਾਂਤਾ॥ ਕੁਸ਼ਲ ਹੋਤੁ ਤਾ ਤੇ ਦਿਨ ਰਾਤਾ॥ ੩॥**

ਦੈਂਤਾਂ ਦੇ ਗੁਰੂ ਸ਼ੁਕ੍ਰ ਨੇ ਇਹ ਬਚਨ ਕਿਹਾ ਕਿ ਹੇ ਦੈਂਤੋ! ਤੁਸਾਂ ਇਸ ਭੇਦ ਨੂੰ ਪਛਾਣਿਆਂ ਨਹੀਂ ਹੈ। ਉਹ ਮਿਲ ਕੇ ਬਹੁਤ ਤਰ੍ਹਾਂ ਦੇ ਯੱਗ ਕਰਦੇ ਹਨ, ਇਸ ਕਰ ਕੇ ਉਨ੍ਹਾਂ ਨੂੰ ਦਿਨ ਰਾਤ ਅਨੰਦ ਪ੍ਰਾਪਤ ਹੁੰਦਾ ਹੈ॥ ੩॥

**ਤੁਮਹੂੰ ਕਰੋ ਜੱਗ ਆਰੰਭਨ॥ ਬਿਜੈ ਹੋਇ ਤੁਮਰੀ ਤਾ ਤੇ ਰਣ॥**
**ਜੱਗ ਅਰੰਭਜ ਦਾਨਵਨ ਕਰਾ॥ ਬਚਨ ਸੁਨਤ ਸੁਰ ਪੁਰ ਥਰਹਰਾ॥ ੪॥**

ਤੁਸੀਂ ਵੀ ਯੱਗ ਦਾ ਅਰੰਭ ਕਰ ਦੇਵੋ, ਤਾਂ ਤੇ ਜਗ ਵਿਚ ਤੁਹਾਡੀ ਹੀ ਜਿੱਤ ਹੋਵੇਗੀ। ਇਹ ਗੱਲ ਸੁਣਦਿਆਂ ਦੈਂਤਾਂ ਨੇ ਯੱਗ ਸ਼ੁਰੂ ਕਰ ਦਿੱਤਾ। ਯੱਗ ਹੋਣ ਦੀ ਗੱਲ ਨੂੰ ਸੁਣ ਕੇ ਦੇਵ ਲੋਕ ਕੰਬ ਗਿਆ॥ ੪॥

**ਬਿਸ਼ਨ ਬੋਲ ਕਰਿ ਕਰੋ ਬਿਚਾਰਾ॥ ਅਬ ਕਛੁ ਕਰੋ ਮੰਤ੍ਰ ਅਸੁਰਾਰਾ॥**

**ਬਿਸ਼ਨ ਨਵੀਨ ਕਹਜੋ ਬਪੁ ਧਰਿਹੋ ॥ ਜੱਗਿ ਬਿਘਨ ਅਸੁਰਨ ਕੋ ਕਰਿਹੋ ॥ ੫ ॥**

ਵਿਸ਼ਨੂੰ ਨੂੰ ਸਭ ਦੇਵਤਿਆਂ ਨੂੰ ਸੱਦ ਕੇ ਕਿਹਾ, "ਹੇ ਦੈਂਤ ਘਾਤਕ! ਹੁਣ ਕੁਝ ਉਪਾਅ ਕਰੋ। ਅੰਤ ਨੂੰ ਵਿਸ਼ਨੂੰ ਨੇ ਕਿਹਾ-ਮੈਂ ਹੁਣ ਨਵਾਂ ਸਰੀਰ ਧਾਰਦਾ ਹਾਂ, ਅਤੇ ਦੈਂਤਾਂ ਦੇ ਯੱਗ ਵਿਚ ਵਿਘਨ ਪਾਵਾਂਗਾ ॥ ੫ ॥

**ਬਿਸ਼ਨ ਅਧਿਕ ਕੀਨੋ ਇਸ਼ਨਾਨਾ ॥ ਦੀਨੇ ਅਮਿਤ ਦਿਜਨ ਕਹ ਦਾਨਾ ॥**
**ਮਨ ਮੋ ਕਵਲਾ ਸਿਰਜੋ ਗਜਾਨਾ ॥ ਕਾਲ ਪੁਰਖ ਕੋ ਧਰਯੋ ਧਜਾਨਾ ॥ ੬ ॥**

ਬਹੁਤ ਤਰ੍ਹਾਂ ਦੇ ਵਿਸ਼ਨੂੰ ਨੇ ਇਸ਼ਨਾਨ ਕੀਤੇ, ਅਨੇਕਾਂ ਬ੍ਰਾਹਮਣਾਂ ਨੂੰ ਦਾਨ ਦਿੱਤੇ। ਵਿਸ਼ਨੂੰ ਦੇ ਹਿਰਦੇ ਵਿਚ ਕਮਲ ਫੁੱਲ ਤੋਂ ਪੈਦਾ ਹੋਏ ਬ੍ਰਹਮਾ ਨੇ ਗਿਆਨ ਦਾ ਸੰਚਾਰ ਕੀਤਾ ਅਤੇ ਫਿਰ ਵਿਸ਼ਨੂੰ ਨੇ ਮਨ ਵਿਚ ਅਕਾਲ ਪੁਰਖ ਦਾ ਧਿਆਨ ਧਰਿਆ ॥ ੬ ॥

**ਕਾਲ ਪੁਰਖ ਤਬ ਭਏ ਦਇਆਲਾ ॥ ਦਾਸ ਜਾਨ ਕਹ ਬਚਨ ਰਿਸਾਲਾ ॥**
**ਧਰ ਅਰਹੰਤ ਦੇਵ ਕੋ ਰੂਪਾ ॥ ਨਾਸ ਕਰੋ ਅਸੁਰਨ ਕੇ ਭੂਪਾ ॥ ੭ ॥**

ਅਕਾਲ ਪੁਰਖ ਜੀ ਤਦ ਦਿਆਲ ਹੋਏ, ਵਿਸ਼ਨੂੰ ਨੂੰ ਆਪਣਾ ਦਾਸ ਜਾਣ ਕੇ ਉਨ੍ਹਾਂ ਨੇ ਸੁੰਦਰ ਬਚਨ ਕਹੇ ਕਿ ਤੂੰ ਜਾ ਕੇ ਅਰਹੰਤ ਦੇਵ ਦਾ ਰੂਪ ਧਾਰਨ ਕਰੋ, ਅਤੇ ਜਾ ਕੇ ਦੈਂਤਾਂ ਦੇ ਰਾਜੇ ਦਾ ਯੱਗ ਨਾਸ ਕਰ ਦੇਵੋ ॥ ੭ ॥

**ਬਿਸ਼ਨ ਦੇਵ ਆਗਯਾ ਜਬ ਪਾਈ ॥ ਕਾਲ ਪੁਰਖ ਕੀ ਕਰੀ ਬਡਾਈ ॥**
**ਭੂਅ ਅਰਹੰਤ ਦੇਵ ਬਨ ਆਯੋ ॥ ਆਨ ਅਉਰ ਹੀ ਪੰਥ ਚਲਾਯੋ ॥ ੮ ॥**

ਬਿਸ਼ਨ ਦੇਵ ਨੂੰ ਜਦੋਂ ਹੁਕਮ ਮਿਲਿਆ, ਤਾਂ ਉਸ ਨੇ ਅਕਾਲ ਪੁਰਖ ਦੀ ਵਡਿਆਈ ਕੀਤੀ। ਫਿਰ ਅਰਹੰਤ ਦੇਵ ਬਣ ਕੇ ਧਰਤੀ ਤੇ ਆਇਆ ਅਤੇ ਆਣ ਕੇ ਇਕ ਹੋਰ ਤਰ੍ਹਾਂ ਦਾ ਹੀ ਪੰਥ ਤੋਰ ਦਿੱਤਾ ॥ ੮ ॥

**ਜਬ ਅਸੁਰਨ ਕੋ ਭਜੋ ਗੁਰੁ ਆਈ ॥ ਬਹੁਤਿ ਭਾਂਤਿ ਨਿਜ ਮਤਹਿ ਚਲਾਈ ॥**
**ਸ੍ਰਾਵਗ ਮਤ ਉਪਰਾਜਨ ਕੀਆ ॥ ਸੰਤ ਸਬੂਹਨ ਕੋ ਸੁਖ ਦੀਆ ॥ ੯ ॥**

ਜਦੋਂ ਵਿਸ਼ਨੂੰ ਆਣ ਕੇ ਦੈਂਤਾਂ ਦਾ ਗੁਰੂ ਅਰਹੰਤ ਦੇਵ ਹੋ ਗਿਆ, ਤਾਂ ਉਸਨੇ ਬਹੁਤ ਤਰ੍ਹਾਂ ਦੇ ਆਪਣੇ ਮੱਤ ਤੋਰ ਦਿੱਤੇ, ਸਰੇਵੜਿਆਂ ਦਾ ਮੱਤ ਪੈਦਾ ਕੀਤਾ ਤੇ ਸਾਰੇ ਸੰਤਾਂ ਨੂੰ ਸੁਖੀ ਕਰ ਦਿੱਤਾ ॥ ੯ ॥

**ਸਭਹੂੰ ਹਾਥ ਮੋਚਨਾ ਦੀਏ ॥ ਸਿਖਾ ਹੀਣ ਦਾਨਵ ਬਹੁ ਕੀਏ ॥**
**ਸਿਖਾ ਹੀਣ ਕੋਈ ਮੰਤ੍ਰ ਨ ਫੁਰੈ ॥ ਜੋ ਕਈ ਜਪੈ ਉਲਟ ਤਿਹ ਪਰੈ ॥ ੧੦ ॥**

ਬਹੁਰ ਜੱਗ ਕੋ ਕਰਬ ਮਿਟਾਯੋ ॥ ਜੀਅ ਹਿੰਸਾ ਤੇ ਸਭਹੂੰ ਹਟਾਯੋ ॥
ਬਿਨ ਹਿੰਸਾ ਕੀਅ ਜੱਗ ਨ ਹੋਈ ॥ ਤਾ ਤੇ ਜੱਗ ਕਰੈ ਨਾ ਕੋਈ ॥ ੧੧ ॥

ਫਿਰ ਯੱਗ ਕਰਨ ਤੋਂ ਮਨ੍ਹਾਂ ਕਰ ਦਿੱਤਾ, ਜੀਵ ਮਾਰਨ ਤੋਂ ਸਭਨਾਂ ਨੂੰ ਹਟਾ ਦਿੱਤਾ। ਜੀਵ ਮਾਰੇ ਤੋਂ ਬਿਨਾਂ ਯੱਗ ਨਹੀਂ ਹੋ ਸਕਦਾ, ਇਸ ਲਈ ਯੱਗ ਕੋਈ ਨਹੀਂ ਸੀ ਕਰਦਾ ॥ ੧੧ ॥

ਯਾਤੇ ਭਯੋ ਜਗਨ ਕੋ ਨਾਸਾ ॥ ਜੋ ਜੀਯ ਹਨੇ ਹੋਇ ਉਪਹਾਸਾ ॥
ਜੀਅ ਮਰੇ ਬਿਨੁ ਜੱਗ ਨ ਹੋਈ ॥ ਜੱਗ ਕਰੈ ਪਾਵੈ ਨਹੀ ਕੋਈ ॥ ੧੨ ॥

ਇਸ ਕਰਕੇ ਯੱਗਾਂ ਦਾ ਨਾਸ ਹੋ ਗਿਆ, ਕਿਉਂਕਿ ਜੋ ਜੀਵ ਨੂੰ ਮਾਰਦਾ ਸੀ, ਜਗਤ ਵਿਚ ਉਸਦੀ ਨਿੰਦਾ ਹੁੰਦੀ ਸੀ। ਜੀਵ ਮਾਰੇ ਤੋਂ ਬਿਨਾਂ ਯੱਗ ਨਹੀਂ ਹੁੰਦਾ, ਇਸ ਲਈ ਕੋਈ ਵੀ ਯੱਗ ਕਰਨਾ ਨਹੀਂ ਸੀ ਚਾਹੁੰਦਾ ॥ ੧੨ ॥

ਇਹ ਬਿਧਿ ਦੀਯੋ ਸਭਨ ਉਪਦੇਸਾ ॥ ਜੱਗ ਸਕੈ ਕੋ ਕਰ ਨ ਨਰੇਸ਼ਾ ॥
ਅਪੰਥ ਪੱਥ ਸਭ ਲੋਗਨ ਲਾਯਾ ॥ ਧਰਮ ਕਰਮ ਕੋਊ ਕਰਨ ਨ ਪਾਯਾ ॥ ੧੩ ॥

ਸਭਨਾਂ ਨੂੰ ਇਸ ਤਰ੍ਹਾਂ ਦਾ ਉਪਦੇਸ਼ ਦੇ ਦਿੱਤਾ। ਕੋਈ ਰਾਜਾ ਵੀ ਜੱਗ ਨਹੀਂ ਸੀ ਕਰ ਸਕਦਾ। ਕੁਮਾਰਗ ਦੇ ਰਸਤੇ ਸਾਰੇ ਲੋਕਾਂ ਨੂੰ ਲਾ ਦਿੱਤਾ। ਕੋਈ ਭੀ ਧਰਮ ਦਾ ਕਰਮ ਕਰ ਨਹੀਂ ਸੀ ਸਕਦਾ ॥ ੧੩ ॥

ਦੋਹਰਾ ॥ ਅੰਨਿ ਅੰਨਿ ਤੇ ਹੋਤੁ ਜਜੋ ਘਾਸਿ ਘਾਸਿ ਤੇ ਹੋਇ ॥
ਤੈਸੇ ਮਨੁਛ ਮਨੁਛ ਤੇ ਅਵਰੁ ਨ ਕਰਤਾ ਕੋਇ ॥ ੧੪ ॥

ਅੰਨ ਤੋਂ ਅੰਨ ਜਿਵੇਂ ਪੈਦਾ ਹੁੰਦਾ ਹੈ, ਘਾਸ ਤੋਂ ਘਾਸ ਜਿਵੇਂ ਪੈਦਾ ਹੁੰਦਾ ਹੈ। ਮਨੁੱਖ ਤੋਂ ਮਨੁੱਖ ਤਿਵੇਂ ਪੈਦਾ ਹੁੰਦਾ ਹੈ। ਇਸ ਵਿਚ ਹੋਰ ਕੋਈ ਕਰਤਾ ਨਹੀਂ ਹੈ ॥ ੧੪ ॥

ਚੌਪਈ ॥ ਐਸ ਗਿਆਨ ਸਭਹੂੰਨ ਦ੍ਰਿੜਾਯੋ ॥ ਧਰਮ ਕਰਮ ਕੋਊ ਕਰਨ ਨ ਪਾਯੋ ॥
ਇਹ ਬ੍ਰਿਤ ਬੀਚ ਸਭੋ ਚਿਤ ਦੀਨਾ ॥ ਅਸੁਰ ਬੰਸ ਤਾਤੇ ਭਜੋ ਛੀਨਾ ॥ ੧੫ ॥

ਇਹੋ ਗਿਆਨ ਸਭਨਾਂ ਨੂੰ ਅਰਹੰਤ ਨੇ ਨਿਸ਼ਚੇ ਕਰਾ ਦਿੱਤਾ। ਇਸ ਲਈ ਧਰਮ ਦਾ ਕੰਮ ਕੋਈ ਕਰ ਹੀ ਨਹੀਂ ਸੀ ਸਕਦਾ। ਇਸੇ ਬ੍ਰਿਤੀ ਵਿਚ ਸਭਨਾਂ ਨੇ ਚਿੱਤ ਜੋੜ ਦਿੱਤਾ। ਇਸ ਲਈ

ਦੈਂਤਾਂ ਦੀ ਕੁਲ ਕਮਜ਼ੋਰ ਹੋ ਗਈ॥੧੫॥

**ਨਾਵਨ ਦੈਤ ਨ ਪਾਵੈ ਕੋਈ॥ ਬਿਨੁ ਇਸ਼ਨਾਨ ਪਵਿਤ੍ਰ ਨ ਹੋਈ॥**
**ਬਿਨੁ ਪਵਿਤ੍ਰ ਕੋਈ ਫੁਰੇ ਨ ਮੰਤ੍ਰਾ॥ ਨਿਫਲ ਭਏ ਤਾ ਤੈ ਸਭ ਜੰਤ੍ਰਾ॥੧੬॥**

ਕੋਈ ਦੈਂਤ ਇਸ਼ਨਾਨ ਨਹੀਂ ਸੀ ਕਰਦਾ, ਇਸ਼ਨਾਨ ਤੋਂ ਬਿਨਾਂ ਪਵਿਤਰ ਨਹੀਂ ਹੋ ਸਕਦਾ। ਪਵਿਤਰ ਹੋਏ ਤੋਂ ਬਿਨਾਂ ਕੋਈ ਮੰਤਰ ਨਹੀਂ ਫੁਰਦਾ, ਇਸ ਕਰਕੇ ਸਾਰੇ ਜੰਤਰ ਵੀ ਨਿਸਫਲ ਹੋ ਗਏ॥੧੬॥

**ਦਸ ਸਹੰਸ੍ਰ ਬਰਖ ਕੀਅ ਰਾਜਾ॥ ਸਭ ਜਗ ਮੋ ਮਤ ਐਸੁ ਪਰਾਜਾ॥**
**ਧਰਮ ਕਰਮ ਸਭ ਹੀ ਮਿਟਿ ਗਯੋ॥ ਤਾ ਤੇ ਛੀਨ ਅਸੁਰ ਕੁਲ ਭਯੋ॥੧੭॥**

ਅਰਹੰਤ ਨੇ ਦਸ ਹਜ਼ਾਰ ਵਰ੍ਹਾ ਰਾਜ ਕੀਤਾ। ਸਾਰੇ ਜਗਤ ਵਿਚ ਇਹ ਮੱਤ ਪੈਦਾ ਕਰ ਦਿੱਤਾ। ਧਰਮ ਦੇ ਕੰਮ ਸਾਰੇ ਮਿਟ ਗਏ। ਇਕ ਪ੍ਰਕਾਰ ਨਾਲ ਉਨ੍ਹਾਂ ਪਾਸੋਂ ਦੈਂਤਾਂ ਦੀ ਕੁਲ ਹੀ ਖੋਹ ਲਈ॥੧੭॥

**ਦੇਵ ਰਾਇ ਜੀਅ ਮੋ ਭਲ ਮਾਨਾ॥ ਬਡਾ ਕਰਮੁ ਅਬ ਬਿਸ਼ਨ ਕਰਾਨਾ॥**
**ਆਨੰਦ ਬਢਾ ਸ਼ੋਕੁ ਮਿਟ ਗਯੋ॥ ਘਰਿ ਘਰਿ ਸਭਹੁ ਬਧਾਵਾ ਭਯੋ॥੧੮॥**

ਦੇਵਤਿਆਂ ਦੇ ਰਾਜੇ ਇੰਦਰ ਨੇ ਮਨ ਵਿਚ ਚੰਗਾ ਮੰਨਿਆ, ਕਿ ਵਿਸ਼ਨੂੰ ਨੇ ਹੁਣ ਵੱਡਾ ਕੰਮ ਕੀਤਾ ਹੈ, ਅਨੰਦ ਵਧ ਗਿਆ ਤੇ ਸ਼ੋਕ ਮਿਟ ਗਿਆ, ਇਸ ਲਈ ਸਭਨਾਂ ਦੇ ਘਰ ਘਰ ਵਿਚ ਖੁਸ਼ੀਆਂ ਹੋਈਆਂ॥੧੮॥

**ਦੋਹਰਾ॥ ਬਿਸ਼ਨ ਐਸ ਉਪਦੇਸ਼ ਦੈ ਸਭਹੂੰ ਧਰਮ ਛੁਡਾਇ॥**
**ਅਮਰਾਵਤਿ ਸੁਰ ਨਗਰ ਮੋ ਬਹੁਰਿ ਬਿਰਾਜਯੋ ਜਾਇ॥੧੯॥**

ਬਿਸ਼ਨ ਜੀ ਨੇ ਇਸ ਤਰ੍ਹਾਂ ਦਾ ਉਪਦੇਸ਼ ਦੇ ਕੇ, ਸਭਨਾਂ ਤੋਂ ਧਰਮ ਛੁਡਵਾ ਕੇ, ਆਪ ਮੁੜਕੇ ਇੰਦਰ ਪੁਰੀ ਤੋਂ ਉਪਰ, ਬੈਕੁੰਠ ਧਾਮ ਵਿਚ ਜਾ ਕੇ ਬਿਰਾਜ ਗਏ॥੧੯॥

**ਸ੍ਰਾਵਗੇਸ਼ ਕੋ ਰੂਪ ਧਰ ਦੈਤ ਕੁਪੰਥ ਸਭ ਡਾਰ॥**
**ਪੰਦ੍ਰਸਵੋਂ ਅਵਤਾਰ ਇਮ ਧਾਰਤ ਭਯੋ ਮੁਰਾਰ॥੨੦॥**

ਸ੍ਰਾਵਕਾਂ ਦੇ ਸਵਾਮੀ ਅਰਹੰਤ ਦੇਵ ਦਾ ਰੂਪ ਧਾਰ ਕੇ, ਸਾਰੇ ਦੈਂਤਾਂ ਨੂੰ ਪੁੱਠੇ ਰਸਤੇ ਪਾਉਣ ਲਈ, ਇਸ ਤਰ੍ਹਾਂ ਦਾ ਪੰਦਰ੍ਹਵਾਂ ਅਵਤਾਰ ਮੁਰਾਰੀ ਨੇ ਧਾਰਨ ਕੀਤਾ ਸੀ॥੨੦॥

ਭਾਵਾਰਥ :- ਦੈਂਤਾਂ ਨੇ ਵੈਦਿਕ ਧਰਮ ਕਰਨੇ ਸ਼ੁਰੂ ਕਰ ਦਿੱਤੇ, ਤਾਂ ਉਨ੍ਹਾਂ ਨੂੰ ਵੈਦਿਕ ਮਾਰਗ ਤੋਂ ਭ੍ਰਸ਼ਟ ਕਰਨ ਲਈ ਅਰਹੰਤ ਜੈਨ ਧਰਮ ਦਾ ਆਦਿ ਅਚਾਰਜ ਰੂਪ ਵਿਸ਼ਨੂੰ ਨੇ ਧਾਰਨ ਕੀਤਾ, ਜਿਸ ਨੇ ਦੈਂਤਾਂ ਨੂੰ ਵੈਦਿਕ ਮਾਰਗ ਤੋਂ ਹਟਾ ਕੇ ਜੈਨ ਮਤ ਦਾ ਪ੍ਰਚਾਰ ਕਰਕੇ ਉਸ ਰਸਤੇ ਤੇ ਚਲਾ

ਦਿੱਤਾ। ਇਸ ਜੈਨ ਧਰਮ ਦਾ ਆਦਿ ਅਚਾਰਜ ਕਦੋਂ ਹੋਇਆ ਸੀ ? ਜਾਂ ਇਉਂ ਕਹੋ, ਜੈਨ ਧਰਮ ਕਿੰਨਾਂ ਕੁ ਪ੍ਰਾਚੀਨ ਹੈ ? ਇਸ ਗੱਲ ਬਾਰੇ ਠੀਕ ਠੀਕ ਨਹੀਂ ਕਿਹਾ ਜਾ ਸਕਦਾ। ਜੈਨ ਗ੍ਰੰਥਾਂ ਅਨੁਸਾਰ ਅਖੀਰਲਾ ਤੀਰਥੰਕਰ ਮਹਾਂਵੀਰ ਜਾਂ ਵਰਧਮਾਨ ਹੋਇਆ ਹੈ, ਜਿਸ ਨੇ ਈਸਾ ਤੋਂ ੫੨੭ ਵਰ੍ਹੇ ਪਹਿਲੇ ਨਿਰਵਾਣ ਪ੍ਰਾਪਤ ਕੀਤਾ ਸੀ। ਇਸੇ ਸਮੇਂ ਤੋਂ ਪਿੱਛੋਂ, ਕੁਝ ਲੋਕ ਖਾਸ ਕਰਕੇ ਯੂਰਪੀਨ ਵਿਦਵਾਨ ਜੈਨ ਧਰਮ ਦਾ ਪ੍ਰਚੱਲਿਤ ਹੋਣਾ ਮੰਨਦੇ ਹਨ। ਉਨ੍ਹਾਂ ਦੇ ਅਨੁਸਾਰ ਇਹ ਧਰਮ-ਬੋਧ ਤੋਂ ਪਿੱਛੋਂ, ਉਸੇ ਦੇ ਕੁਝ ਤੱਥਾਂ ਨੂੰ ਲੈ ਕੇ ਅਤੇ ਉਨ੍ਹਾਂ ਵਿਚ ਕੁਝ ਬ੍ਰਾਹਮਣ ਧਰਮ ਦੀ ਸੈਲੀ ਮਿਲਾਕੇ-ਖੜਾ ਕੀਤਾ ਗਿਆ। ਜਿਸ ਤਰ੍ਹਾਂ ਬੋਧੀਆਂ ਵਿਚ ੨੪ ਬੁੱਧ ਹਨ, ਉਸੇ ਤਰ੍ਹਾਂ ਜੈਨੀਆਂ ਵਿਚ ਵੀ ੨੪ ਤੀਰਥੰਕਰ ਹਨ। ਹਿੰਦੂ ਧਰਮ ਵਾਂਗੂ ਜੈਨੀਆਂ ਵਿਚ ਵੀ ਆਪਣੇ ਗ੍ਰੰਥਾਂ ਨੂੰ ਆਗਮ ਅਤੇ ਪੁਰਾਣ ਆਦਿਕਾਂ ਵਿਚ ਵੰਡਿਆ ਹੋਇਆ ਹੈ, ਪਰ ਪ੍ਰੋਫੈਸਰ ਜੇਕੋਬੀ ਆਦਿਕਾਂ ਦੇ ਕਥਨ ਅਨੁਸਾਰ ਇਹ ਨਿਸਚੇ ਕੀਤਾ ਗਿਆ ਹੈ ਕਿ ਜੈਨ ਧਰਮ ਬੋਧ ਧਰਮ ਤੋਂ ਪਹਿਲਾਂ ਦਾ ਹੈ। ਉਦਯਗਿਰਿ, ਜੂਨਾਂ ਗਢ ਆਦਿਕਾਂ ਦੇ ਸਿਰਲੇਖਾਂ ਤੋਂ ਭੀ ਜੈਨ ਧਰਮ ਦੀ ਪ੍ਰਾਚੀਨਤਾ ਪ੍ਰਗਟ ਹੁੰਦੀ ਹੈ। ਅਜਿਹਾ ਮਲੂਮ ਹੁੰਦਾ ਹੈ, ਕਿ ਜੱਗਾਂ ਦੀ ਕੁਰਬਾਣੀ ਆਦਿ ਵੇਖਕੇ, ਜੋ ਵਿਰੋਧ ਦਾ ਬੀਜ ਬਹੁਤ ਪਹਿਲੇ ਤੋਂ ਹੁੰਦਾ ਆ ਰਿਹਾ ਸੀ, ਸਮਾਂ ਪਾ ਕੇ ਉਸੇ ਨੇ ਜੈਨ ਧਰਮ ਦਾ ਰੂਪ ਧਾਰਨ ਕੀਤਾ। ਭਾਰਤੀਯ ਜੋਤਿਸ਼ ਵਿਚ ਯੂਨਾਨੀਆਂ ਦੀ ਪੱਧਤਿ ਦਾ ਪ੍ਰਚਾਰ ਵਿਕ੍ਰਮੀ ਸੰਮਤ ਤੋਂ ਤਿੰਨ ਸੌ ਵਰ੍ਹੇ ਪਿੱਛੋਂ ਹੋਇਆ ਹੈ। ਪਰ ਜੈਨੀਆਂ ਦੇ ਮੂਲ ਗ੍ਰੰਥ ਅੰਗਾਂ ਵਿਚ ਯੂਨਾਨੀ ਜੋਤਿਸ਼ ਦਾ ਕੁਝ ਵੀ ਅਭਾਸ ਨਹੀਂ ਹੈ। ਜਿਸ ਤਰ੍ਹਾਂ ਬ੍ਰਾਹਮਣਾਂ ਦੀ ਵੇਦ ਸੰਹਿਤਾ ਵਿਚ ਪੰਚ ਵਰਖਾਤਮਕ ਯੁਗ ਹੈ ਤੇ ਕ੍ਰਿਤਕਾ ਤੋਂ ਨਛੱਤ੍ਰਾਂ ਦੀ ਗਿਣਤੀ ਹੈ, ਇਸੇ ਤਰ੍ਹਾਂ ਜੈਨੀਆਂ ਦੇ ਅੰਗ ਗ੍ਰੰਥ ਵਿਚ ਵੀ ਹੈ। ਇਸ ਤੋਂ ਉਨ੍ਹਾਂ ਦੀ ਪ੍ਰਾਚੀਨਤਾ ਸਿੱਧ ਹੁੰਦੀ ਹੈ। ਜੈਨੀ ਲੋਗ ਸ੍ਰਿਸ਼ਟੀ ਕਰਤਾ ਨਹੀਂ ਮੰਨਦੇ, ਜਿੰਨ ਜਾਂ ਅਰਹੰਤ ਨੂੰ ਹੀ ਈਸ਼ਵਰ ਮੰਨਦੇ ਹਨ। ਉਨ੍ਹਾਂ ਦੀ ਪ੍ਰਾਰਥਨਾ ਕਰਦੇ ਹਨ, ਅਤੇ ਉਨਾਂ ਦੇ ਨਮਿਤ ਮੰਦਰ ਆਦਿ ਬਣਵਾਉਂਦੇ ਹਨ। ਜਿੰਨ ੨੪ ਹੋਏ ਹਨ, ਜਿਨ੍ਹਾਂ ਦੇ ਨਾਮ ਏਹ ਹਨ -

ਰਿਖਭ ਦੇਵ, ਅਜਿਤ ਨਾਥ, ਸੰਭਵ ਨਾਥ, ਅਭਿਨੰਦਨ, ਸੁਮਤਿ ਨਾਥ, ਪਦਮ ਪ੍ਰਭ, ਸੁਪਾਰਸ੍ਵ, ਚੰਦਰ ਪ੍ਰਭ, ਸੁਵਿਧਿ ਨਾਥ, ਅਰ ਨਾਥ, ਮਲਿ ਨਾਥ, ਮੁਨਿਸੁਵ੍ਰਤ ਸਵਾਮੀ, ਨਮਿ ਨਾਥ, ਨੇਮਿ ਨਾਥ, ਪਾਰਸ੍ਵ ਨਾਥ, ਮਹਾਂਵੀਰ ਸਵਾਮੀ। ਇਨ੍ਹਾਂ ਵਿਚੋਂ ਕੇਵਲ ਮਹਾਂਵੀਰ ਸਵਾਮੀ ਇਤਿਹਾਸਿਕ ਪੁਰਖ ਹੈ, ਜਿਸ ਦਾ ਈਸਾ ਤੋਂ ੫੨੭ ਵਰ੍ਹੇ ਪਹਿਲੇ ਹੋਣਾ ਗ੍ਰੰਥਾਂ ਵਿਚੋਂ ਜ਼ਾਹਰ ਹੁੰਦਾ ਹੈ, ਬਾਕੀਆਂ ਬਾਰੇ ਅਨੇਕ ਤਰ੍ਹਾਂ ਦੀਆਂ ਅਲੌਕਿਕ ਤੇ ਪ੍ਰਕ੍ਰਿਤੀ ਦੇ ਵਿਰੁਧ ਕਥਾਵਾਂ ਹਨ। ਰਿਖਭ ਦੇਵ ਦੀ ਕਥਾ ਭਾਗਵਤ ਆਦਿਕ ਪੁਰਾਣਾਂ ਵਿਚ ਭੀ ਆਈ ਹੈ ਅਤੇ ਉਨ੍ਹਾਂ ਦੀ ਗਿਣਤੀ ਹਿੰਦੂਆਂ ਦੇ ੨੪ ਅਵਤਾਰਾਂ ਵਿਚ ਹੈ। ਜਿਸ ਤਰ੍ਹਾਂ ਹਿੰਦੂਆਂ ਵਿਚ 'ਕਾਲ' ਸਮੇਂ ਦੀ ਵੰਡ ਮਨੁੰਤਰ ਤੇ ਕਲਪ ਆਦਿ ਨਾਲ ਕੀਤੀ ਹੋਈ ਹੈ, ਇਸੇ ਤਰ੍ਹਾਂ ਜੈਨੀਆਂ ਵਿਚ 'ਕਾਲ' ਦੋ ਤਰ੍ਹਾਂ ਦਾ ਹੈ, ਉਤਸ ਪਿਰਣੀ ਅਤੇ ਅਵਸ ਪਿਰਣੀ। ਹਰੇਕ ਉਤਸ ਪਿਰਣੀ ਤੇ ਅਵਸ ਪਿਰਣੀ ਵਿਚ ੨੪-੨੪ ਜਿੰਨ ਜਾਂ ਤੀਰਥੰਕਰ ਹੁੰਦੇ ਹਨ। ਉਪਰ ਜੋ ੨੪ ਤੀਰਥੰਕਰ ਗਿਣੇ ਗਏ ਹਨ, ਇਹ ਵਰਤਮਾਨ ਅਵਸਪਿਰਣੀ ਦੇ ਹਨ। ਜੋ ਇਕ ਵਾਰ ਤੀਰਥੰਕਰ ਹੋ ਜਾਂਦਾ ਹੈ, ਉਹ ਫਿਰ ਦੂਸਰੀ ਉਤਸਪਿਰਣੀ ਜਾਂ ਅਵਸਪਿਰਣੀ ਵਿਚ ਜਨਮ ਨਹੀਂ ਲੈਂਦਾ। ਹਰੇਕ ਉਤਸਪਿਰਣੀ ਜਾਂ ਅਵਸਪਿਰਣੀ ਵਿਚ ਨਵੇਂ ਨਵੇਂ ਜੀਵ ਤੀਰਥੰਕਰ ਹੋਇਆ ਕਰਦੇ ਹਨ। ਇਨ੍ਹਾਂ ਤੀਰਥੰਕਰਾਂ ਦੇ ਉਪਦੇਸ਼ਾਂ ਨੂੰ ਲੈ ਕੇ ਗਣਧਰ ਲੋਕ ਬਾਰਾਂ ਅੰਗਾਂ ਦੀ ਰਚਨਾ ਕਰਦੇ ਹਨ। ਇਹ ਬਾਰਾਂ

ਅੰਗ ਜੈਨ ਧਰਮ ਦੇ ਮੂਲ ਗ੍ਰੰਥ ਮੰਨੇ ਜਾਂਦੇ ਹਨ। ਇਨ੍ਹਾਂ ਦੇ ਨਾਮ ਇਹ ਹਨ-ਅਚਾਰਾਂਗ, ਸੂਤ੍ਰਕ੍ਰਿਤਾਂਗ, ਸਥਾਨਾਂਗ, ਸਮਵਾਯਾਂਗ, ਭਗਵਤੀ, ਸੂਤਰ, ਸਜਾਤਾਧਰਮ ਕਥਾ, ਉਪਾਸਕ ਦਸਾਂਗ, ਅੰਤਕ੍ਰਿਤ ਦਸਾਂਗ, ਅਨੁੱਤਰੋਪਪਾਤਿਕ ਦਸਾਂਗ, ਪ੍ਰਸਨਵਜਾਕਰਣ, ਵਿਪਾਕ ਸੂਤ, ਦ੍ਰਿਸਟਿਵਾਦ।

ਇਨ੍ਹਾਂ ਵਿਚੋਂ ਯਾਰਾਂ ਅੰਗ ਤਾਂ ਮਿਲਦੇ ਹਨ, ਪਰ ਬਾਰਵਾਂ 'ਦ੍ਰਿਸ਼ਟਿਵਾਦ' ਨਹੀਂ ਮਿਲਦਾ। ਇਹ ਸਾਰੇ ਅੰਗ ਅਰਧਮਾਗਧੀ ਪ੍ਰਾਕ੍ਰਿਤ ਭਾਸ਼ਾ ਵਿਚ ਹਨ ਅਤੇ ਵੱਧ ਤੋਂ ਵੱਧ ਵੀਹ-ਬਾਈ ਸੌ ਵਰ੍ਹੇ ਦੇ ਪੁਰਾਣੇ ਹਨ। ਇਨ੍ਹਾਂ ਆਗਮਾਂ ਜਾਂ ਅੰਗਾਂ ਨੂੰ ਸਵੇਤਾਂਬਰ ਜੈਨ ਮੰਨਦੇ ਹਨ, ਪਰ ਦਿਗਾਂਬਰ ਪੂਰਾ ਪੂਰਾ ਨਹੀਂ ਮੰਨਦੇ। ਉਨ੍ਹਾਂ ਦੇ ਪੁਸਤਕ ਸੰਸਕ੍ਰਿਤ ਵਿਚ ਵਖਰੇ ਹਨ। ਜਿਨ੍ਹਾਂ ਵਿਚ ਇਨ੍ਹਾਂ ਤੀਰਥੰਕਰਾਂ ਦੀਆਂ ਕਥਾਵਾਂ ਹਨ ਅਤੇ ਜੋ ੨੪ ਪੁਰਾਣਾਂ ਦੇ ਨਾਮ ਤੋਂ ਪ੍ਰਸਿਧ ਹਨ। ਅਸਲ ਵਿਚ ਜੈਨ ਧਰਮ ਦੇ ਤੱਤ੍ਵਾਂ ਨੂੰ ਇਕੱਠਾ ਕਰ ਕੇ ਪ੍ਰਗਟ ਕਰਨ ਵਾਲੇ ਮਹਾਂਵੀਰ ਸਵਾਮੀ ਹੀ ਹੋਏ ਹਨ। ਉਨ੍ਹਾਂ ਦੇ ਵਡੇ ਚੇਲੇ ਇੰਦਰਭੂਤਿ ਜਾਂ ਗੌਤਮ ਸਨ, ਜਿਨ੍ਹਾਂ ਨੂੰ ਕੁਝ ਯੂਰਪੀਅਨ ਵਿਦਵਾਨਾਂ ਨੇ ਭੁਲ ਨਾਲ ਸ਼ਾਕਜ ਮੁਨੀ, ਗੌਤਮ ਬੁੱਧ ਸਮਝਿਆ ਸੀ। ਜੈਨ ਧਰਮ ਦੀਆਂ ਦੋ ਸੰਪ੍ਰਦਾਵਾਂ ਹਨ ਸਵੈਤਾਂਬਰ ਅਤੇ ਦਿਗੰਬਰ। ਸਵੇਤਾਂਬਰ ਯਾਰਾਂ ਅੰਗਾਂ ਨੂੰ ਮੁਖ ਧਰਮ ਮੰਨਦੇ ਹਨ ਅਤੇ ਦਿਗੰਬਰ ੨੪ ਪੁਰਾਣਾਂ ਨੂੰ ਮੰਨਦੇ ਹਨ। ਇਸ ਤੋਂ ਬਿਨਾਂ ਸਵੇਤਾਂਬਰ ਲੋਕ ਤੀਰਥੰਕਰਾਂ ਦੀਆਂ ਮੂਰਤੀਆਂ ਨੂੰ ਕੱਛ ਜਾਂ ਲੰਗੋਟ ਪਹਿਨਾਉਂਦੇ ਹਨ, ਅਤੇ ਦਿਗੰਬਰ ਲੋਕ ਨੰਗੀਆਂ ਰਖਦੇ ਹਨ। ਇਨ੍ਹਾਂ ਗੱਲਾਂ ਤੋਂ ਬਿਨਾਂ ਸਿਧਾਂਤ ਵਿਚ ਕੋਈ ਭੇਦ ਨਹੀਂ ਹੈ।

ਅਰਹੰਤ ਦੇਵ ਨੇ ਸੰਸਾਰ ਨੂੰ ਦ੍ਰਵਜਾਰਥਿਕ ਤਰੀਕੇ ਨਾਲ ਅਨਾਦਿ ਦਸਿਆ ਹੈ। ਜਗਤ ਦਾ ਨਾ ਤਾਂ ਕੋਈ ਕਰਤਾ ਹੈ ਅਤੇ ਨਾ ਕੋਈ ਜੀਵਾਂ ਨੂੰ ਦੁਖ ਸੁਖ ਦੇਣ ਵਾਲਾ ਹੈ। ਆਪਣੇ ਆਪਣੇ ਕਰਮਾਂ ਦੇ ਅਨੁਸਾਰ ਜੀਵ ਸੁਖ ਦੁਖ ਪਾਉਂਦੇ ਹਨ। ਜੀਵ ਜਾਂ ਆਤਮਾ ਦਾ ਮੂਲ ਸੁਭਾਵ ਸੁਧ, ਬੁੱਧ, ਸੱਤ ਚਿਤ ਅਨੰਦ ਸਰੂਪ ਹੈ। ਕੇਵਲ ਕਰਮ ਦੇ ਪੜਦੇ ਨਾਲ ਉਸਦਾ ਮੂਲ ਸ੍ਵਰੂਪ ਢਕਿਆ ਜਾਂਦਾ ਹੈ। ਜਿਸ ਵੇਲੇ ਇਹ ਪੌਦਗਿਲਕ ਭਾਵ ਅਟ ਜਾਂਦਾ ਹੈ, ਉਸ ਵੇਲੇ 'ਆਤਮਾ' ਪਰਮਾਤਮਾ ਦੀ ਉਚ ਦਸ਼ਾ ਨੂੰ ਪ੍ਰਾਪਤ ਹੁੰਦੀ ਹੈ। ਜੈਨ ਮਤ ਸਜਾਤਵਾਦ ਦੇ ਨਾਮ ਨਾਲ ਭੀ ਪ੍ਰਸਿਧ ਹੈ। ਸਜਾਤਵਾਦ ਦਾ ਅਰਥ ਹੈ, ਅਨੇਕਾਂਤਵਾਦ ਅਰਥਾਤ ਇਕ ਹੀ ਪਦਾਰਥ ਵਿੱਚ ਨਿੱਤ੍ਵ ਅਤੇ ਅਨਿੱਤ੍ਰ, ਸਾਦ੍ਰਿਸਜ ਤੇ ਵਿਰੂਪਤ੍ਰ, ਸਤਜ ਤੇ ਅਸਤਜ ਅਭਿਲਾਸਜਤ੍ਵ ਤੇ ਅਨਭਿਲਾਸ਼ਜਤ੍ਵ ਆਦਿ ਪਰਸਪਰ ਭਿੰਨ ਧਰਮਾਂ ਦਾ ਸਾਪੇਖਛਜ ਸਵੀਕਾਰ, ਇਸ ਮਤ ਦੇ ਅਨੁਸਾਰ ਅਕਾਸ਼ ਤੋਂ ਲੈ ਕੇ ਦੀਵੇ ਤਕ ਸਾਰੇ ਪਦਾਰਥ ਨਿੱਤ ਅਤੇ ਅਨਿੱਤ ਆਦਿਕ ਦੋਹਾਂ ਧਰਮਾਂ ਵਿਚ ਸੰਜੁਕਤ ਹਨ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਪੰਦਰਵੋਂ 'ਅਰਹੰਤ ਦੇਵ' ਅਵਤਾਰ ਸਮਾਪਤਮ॥ ਸਤੁ ਸੁਭਮ ਸਤੁ॥੧੫॥੨੦॥੩੬੧॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਪੰਦਰ੍ਹਵਾਂ ਅਵਤਾਰ 'ਅਰਹੰਤ ਦੇਵ' ਸਮਾਪਤ॥ ਸਤ ਸ਼ੁਭਮ ਸਤ॥ ੧੫॥੨੦॥੩੬੧॥ ਚਲਦਾ॥

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫਤਹ॥
ਸ੍ਰੀ ਭਗਉਤੀ ਜੀ ਸਹਾਇ॥

# ਸੋਲ੍ਹਵਾਂ ਅਵਤਾਰ 'ਰਾਜਾ ਮਨੁ'

**ਚੌਪਈ॥ ਸ੍ਰਾਵਗ ਮਤ ਸਭ ਹੀ ਜਨ ਲਾਗੇ॥ ਧਰਮ ਕਰਮ ਸਭ ਹੀ ਤਜ ਭਾਗੇ॥ ਤਜਾਗ ਦਈ ਸਭ ਹੂੰ ਹਰਿ ਸੇਵਾ॥ ਕੋਈ ਨ ਮਾਨਤ ਭੇ ਗੁਰਦੇਵਾ॥ ੧॥**

ਜੈਨ ਮੱਤ ਵਿਚ ਸਾਰੇ ਹੀ ਪੁਰਸ਼ ਲੱਗ ਗਏ, ਧਰਮ ਦੇ ਕਰਮ ਸਭਨਾਂ ਨੇ ਛੱਡ ਦਿੱਤੇ। ਹਰੀ ਦੀ ਸੇਵਾ ਪੂਜਾ ਸਭਨਾਂ ਨੇ ਛੱਡ ਦਿੱਤੀ। ਕੋਈ ਵੀ ਪਰਮਾਤਮਾ ਨੂੰ ਨਹੀਂ ਮੰਨਦਾ ਸੀ॥ ੧॥

**ਸਾਧਿ ਅਸਾਧਿ ਸਭੈ ਹੁਐ ਗਏ॥ ਧਰਮ ਕਰਮ ਸਭ ਹੂੰ ਤਜ ਦਏ॥ ਕਾਲ ਪੁਰਖ ਆਗਯਾ ਤਬ ਦੀਨੀ॥ ਬਿਸ਼ਨ ਚੰਦ ਸੋਈ ਬਿਧਿ ਕੀਨੀ॥ ੨॥**

ਸਾਰੇ ਸਾਧ ਵੀ ਅਸਾਧ ਹੋ ਗਏ, ਧਰਮ ਦੇ ਕਰਮ ਸਭਨਾਂ ਨੇ ਛੱਡ ਦਿੱਤੇ। ਅਕਾਲ ਪੁਰਖ ਨੇ ਤਦੋਂ ਹੁਕਮ ਦਿੱਤਾ, ਅਤੇ ਸ਼ਾਂਤ ਰੂਪ ਵਿਸ਼ਨੂੰ ਨੇ ਉਹੀ ਜੁਗਤੀ ਕੀਤੀ॥ ੨॥

**ਮਨੁ ਹ੍ਵੈ ਰਾਜਵਤਾਰ ਅਵਤਾਰਾ॥ ਮਨੁ ਸਿਮ੍ਰਿਤਹਿ ਪ੍ਰਚੁਰ ਜਗ ਕਰਾ॥ ਸਕਲ ਕੁਪੰਥੀ ਪੰਥ ਚਲਾਏ॥ ਪਾਪ ਕਰਨ ਤੇ ਲੋਕ ਹਟਾਏ॥ ੩॥**

ਮਨੁ ਰਾਜੇ ਦਾ ਅਵਤਾਰ ਹੋ ਕੇ ਵਿਸ਼ਨੂੰ ਪ੍ਰਗਟ ਹੋਇਆ, ਮਨੂ ਸਿਮ੍ਰਤੀ ਦਾ ਜਿਸ ਨੇ ਜਗਤ ਵਿਚ ਪ੍ਰਚਾਰ ਕੀਤਾ। ਸਾਰੇ ਕੁਪੰਥੀ ਭਾਵ ਜੈਨ ਮਾਰਗੀਆਂ ਨੂੰ ਵੈਸ਼ਨਵ ਧਰਮ ਦੇ ਰਾਹ ਤੇ ਤੋਰਿਆ, ਅਤੇ ਪਾਪ ਦੇ ਕੰਮਾਂ ਤੋਂ ਲੋਕਾਂ ਨੂੰ ਹਟਾ ਦਿੱਤਾ॥ ੩॥

**ਰਾਜ ਅਵਤਾਰ ਭਯੋ ਮਨੁ ਰਾਜਾ॥ ਸਭ ਹੀ ਸਜੇ ਧਰਮ ਕੇ ਸਾਜਾ॥ ਪਾਪ ਕਰਾ ਤਾਕੋ ਗਹਿ ਮਾਰਾ॥ ਸਗਲ ਪ੍ਰਜਾ ਕਹੁ ਮਾਰਗ ਡਾਰਾ॥ ੪॥**

ਰਾਜ ਅਵਤਾਰ ਰੂਪ ਵਿਸ਼ਨੂੰ ਮਨੂ ਰਾਜਾ ਹੋਇਆ, ਜਿਸਨੇ ਸਾਰੇ ਹੀ ਧਰਮ ਦੇ ਸਾਜ ਪੈਦਾ ਕਰ ਦਿੱਤੇ। ਜਿਸ ਨੇ ਕੋਈ ਪਾਪ ਕਰਮ ਕੀਤਾ ਉਸੇ ਨੂੰ ਹੀ ਫੜ ਕੇ ਮਾਰ ਦਿੱਤਾ। ਇਸ ਤਰ੍ਹਾਂ ਨਾਲ ਸਾਰੀ ਪਰਜਾ ਨੂੰ ਧਰਮ ਦੇ ਰਾਹ ਤੇ ਚਲਾ ਦਿੱਤਾ॥ ੪॥

**ਪਾਪ ਕਰਾ ਜਾਹੀ ਤੱਹ ਮਾਰਸ॥ ਸਕਲ ਪ੍ਰਜਾ ਕਹੁ ਧਰਮ ਸਿਖਾਰਸ॥ ਨਾਮ ਦਾਨ ਸਭਹੂੰਨ ਸਿਖਾਰਾ॥ ਸ੍ਰਾਵਗ ਪੰਥ ਦੂਰ ਕਰ ਡਾਰਾ॥ ੫॥**

ਜਿਥੇ ਵੀ ਕਿਸੇ ਨੇ ਪਾਪ ਕੀਤਾ, ਉਥੇ ਹੀ ਉਸ ਨੂੰ ਮਾਰ ਦਿੱਤਾ। ਸਾਰੀ ਪਰਜਾ ਨੂੰ ਧਰਮ ਦਾ ਰਾਹ ਸਿਖਾ ਦਿੱਤਾ। ਸਭ ਨੂੰ ਇਸ਼ਨਾਨ ਕਰਨਾ ਅਤੇ ਦਾਨ ਦੇਣਾ ਸਿਖਾ ਦਿੱਤਾ, ਅਤੇ ਜੈਨ ਮੱਤ ਜਗਤ ਵਿਚੋਂ ਦੂਰ ਕਰ ਦਿੱਤਾ॥ ੫॥

**ਜੇ ਜੇ ਭਾਜ ਦੂਰ ਕਹੁੱ ਗਏ॥ ਸ੍ਰਾਵਗ ਧਰਮ ਸੋਊ ਰਹਿ ਗਏ॥**
**ਅਉਰ ਪ੍ਰਜਾ ਸਭ ਮਾਰਗ ਲਾਈ॥ ਕੁਪੰਥ ਪੰਥ ਤੇ ਸੁਪੰਥ ਚਲਾਈ॥ ੬॥**

ਜਿਹੜੇ ਜਿਹੜੇ ਭੱਜ ਕੇ ਦੂਰ ਦੇਸਾਂ ਨੂੰ ਚਲੇ ਗਏ, ਜੈਨ ਮੱਤ ਵਿਚ ਓਹੀ ਰਹਿ ਗਏ। ਹੋਰ ਸਾਰੀ ਪਰਜਾ ਨੂੰ ਵੈਦਿਕ ਰਸਤੇ ਤੇ ਲਾ ਦਿੱਤਾ, ਸਭਨਾਂ ਨੂੰ ਬੁਰੇ ਰਸਤੇ ਤੋਂ ਹਟਾਂ ਕੇ ਸ਼ੁਭ ਰਸਤੇ ਦੇ ਰਾਹ ਤੇ ਤੋਰ ਦਿੱਤਾ॥ ੬॥

**ਰਾਜ ਅਵਤਾਰ ਭਯੋ ਮਨੁ ਰਾਜਾ॥ ਕਰਮ ਧਰਮ ਜਗ ਮੋ ਭਲ ਸਾਜਾ॥**
**ਸਕਲ ਕੁਪੰਥੀ ਪੰਥ ਚਲਾਏ॥ ਪਾਪ ਕਰਮ ਤੇ ਧਰਮ ਲਗਾਏ॥ ੭॥**

ਇਸ ਤਰ੍ਹਾਂ ਰਾਜ ਅਵਤਾਰ ਰੂਪ ਮਨੁ ਰਾਜਾ ਹੋਇਆ ਹੈ, ਜਿਸ ਨੇ ਜਗਤ ਵਿਚ ਧਰਮ ਦਾ ਕਰਮ ਚੰਗਾ ਬਣਾ ਦਿੱਤਾ। ਸਾਰੇ ਕੁਪੰਥੀਆਂ ਨੂੰ ਸ਼ੁਭ ਰਸਤੇ ਤੇ ਤੋਰ ਦਿੱਤਾ, ਪਾਪ ਦੇ ਕੰਮਾ ਤੋਂ ਹਟਾ ਕੇ ਧਰਮ ਦੇ ਕੰਮਾਂ ਵਿਚ ਲਾ ਦਿੱਤਾ॥ ੭॥

**ਦੋਹਰਾ॥ ਪੰਥ ਕੁਪੰਥੀ ਸਭ ਲਗੇ ਸ੍ਰਾਵਗ ਮਤ ਭਯੋ ਦੂਰ॥**
**ਮਨੁ ਰਾਜਾ ਕੋ ਜਗਤ ਮੋ ਰਹਿਯੋ ਸੁ ਜਸੁ ਭਰਪੂਰ॥ ੮॥**

ਸਾਰੇ ਜੈਨ ਮਾਰਗੀਏ ਵੈਦਿਕ ਧਰਮ ਦੇ ਰਸਤੇ ਤੁਰ ਪਏ। ਜੈਨ ਮਤ ਜਗਤ ਵਿਚੋਂ ਦੂਰ ਹੋ ਗਿਆ। ਇਸ ਤਰ੍ਹਾਂ ਦਾ ਜਗਤ ਵਿਚ ਮਨੁ ਰਾਜਾ ਅਵਤਾਰ ਹੋਇਆ ਸੀ, ਜਿਸ ਦਾ ਸੋਹਣਾ ਜਸ ਜਗਤ ਵਿਚ ਭਰਪੂਰ ਹੋ ਰਿਹਾ ਹੈ॥ ੮॥

ਭਾਵਾਰਥ :- ਵੇਦਾਂ ਵਿਚ ਮਨੁ ਨੂੰ ਯੱਗਾਂ ਦਾ ਆਦਿ ਪ੍ਰਵਿਤਕ ਲਿਖਿਆ ਹੈ, ਇਸ ਦਾ ਭਾਵ ਇਹ ਹੈ ਕਿ ਅਰਹੰਤ ਦੇ ਉਪਦੇਸ਼ ਨਾਲ ਜਗਤ ਤੋਂ ਯੱਗਾਂ ਦਾ ਅਭਾਂਵ ਹੋ ਚੁਕਾ ਸੀ, ਉਸ ਨੂੰ ਦੁਬਾਰਾ ਮਨੁ ਨੇ ਅਰੰਭ ਕੀਤਾ, ਸਗੋਂ ਜੋ ਜੋ ਪੁਰਸ਼ ਯੱਗ ਕਰਮਾਂ ਵਿਚ ਵਿਘਨਕਾਰੀ ਸਨ, ਉਨ੍ਹਾਂ ਨੂੰ ਪ੍ਰਾਣ-ਦੰਡ ਦੇ ਕੇ ਦੂਜਿਆਂ ਨੂੰ ਕੰਨ ਕਰ ਦਿੱਤੇ ਕਿ ਵੈਸ਼ਨਵ ਧਰਮ ਵਿਚ ਰੋਕ ਪਾਉਣ ਵਾਲੇ ਦਾ ਅੰਤ ਇਹ ਹੈ। ਇਸੇ ਲਈ ਵੇਦਾਂ ਵਿਚ ਮਨੁ ਯੱਗਾਂ ਦਾ ਪ੍ਰਵਿਰਤਕ ਲਿਖਿਆ ਹੈ। ਰਿਗ ਵੇਦ ਵਿਚ ਕਨੂ ਤੇ ਅੜ੍ਹਿ ਨੂੰ ਯੱਗ ਪ੍ਰਵਿਰਤਨ ਵਿਚ ਮਨੁ ਦੇ ਸਹਾਇਕ ਲਿਖਿਆ ਹੈ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਸੋਲ੍ਹਵੇਂ ਅਵਤਾਰ 'ਮਨੁ ਰਾਜਾ' ਸਮਾਪਤਮ॥ ੧੬॥ ੮॥ ੩੬੯॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ ਸੋਲ੍ਹਵਾਂ ਅਵਤਾਰ ਰਾਜਾ ਮਨੁ ਸਮਾਪਤ॥ ੧੬॥ ੮॥ ੩੬੯॥ ਚਲਦਾ॥

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਭਗਉਤੀ ਜੀ ਸਹਾਇ॥

# ਸਤਾਰ੍ਹਵਾਂ ਅਵਤਾਰ 'ਧਨੰਤਰ ਵੈਦ'

**ਚੌਪਈ॥ ਸਭ ਧਨਵੰਤ ਭਏ ਜਗ ਲੋਗਾ॥ ਏਕ ਨ ਰਹਾ ਤਿਨੋ ਤਨ ਸੋਗਾ॥**
**ਭਾਂਤ ਭਾਂਤ ਭੱਛਤ ਪਕਵਾਨਾ॥ ਉਪਜਤ ਰੋਗ ਦੇਹ ਤਿਨ ਨਾਨਾ॥੧॥**

ਜਦੋਂ ਸਾਰੇ ਜਗਤ ਦੇ ਲੋਗ ਧਨ ਵਾਲੇ ਹੋ ਗਏ। ਉਨ੍ਹਾਂ ਦੇ ਸਰੀਰ ਵਿਚ ਇਕ ਵੀ ਫਿਕਰ ਨਾ ਰਿਹਾ। ਰੰਗਾਂ ਰੰਗਾਂ ਦੇ ਪਕਵਾਨ ਭਾਵ ਘਿਉ ਦੇ ਬਣੇ ਹੋਏ ਪਦਾਰਥ ਖਾਂਦੇ ਸਨ। ਇਸ ਲਈ ਉਨ੍ਹਾਂ ਦੀ ਦੇਹ ਵਿਚ ਅਨੇਕਾਂ ਰੋਗ ਪੈਦਾ ਹੋ ਗਏ॥੧॥

**ਰੋਗਾਕੁਲ ਸਭ ਹੀ ਭਏ ਲੋਗਾ॥ ਉਪਜਾ ਅਧਿਕ ਪ੍ਰਜਾ ਕੋ ਸੋਗਾ॥**
**ਪਰਮ ਪੁਰਖ ਕੀ ਕਰੀ ਬਡਾਈ॥ ਕ੍ਰਿਪਾ ਕਰੀ ਤਿਨ ਪਰ ਹਰਿ ਰਾਈ॥੨॥**

ਸਾਰੇ ਹੀ ਲੋਗ ਰੋਗ ਨਾਲ ਬੜੇ ਦੁਖੀ ਹੋਏ ਅਤੇ ਪਰਜਾ ਨੂੰ ਵੱਡੇ ਸੋਗ ਭਾਵ ਗ਼ਮ ਫਿਕਰ ਪੈਦਾ ਹੋ ਗਏ। ਫਿਰ ਸਭਨਾਂ ਨੇ ਮਿਲ ਕੇ ਪਰਮ ਪੁਰਖ ਵਾਹਿਗੁਰੂ ਦੀ ਸਿਫਤ ਸਲਾਹ ਕੀਤੀ, ਜਿਸ ਕਰਕੇ ਪ੍ਰਭੂ ਨੇ ਉਨ੍ਹਾਂ ਉੱਤੇ ਕ੍ਰਿਪਾ ਕੀਤੀ॥੨॥

**ਬਿਸ਼ਨ ਚੰਦ ਕੋ ਕਹਾ ਬੁਲਾਈ॥ ਧਰ ਅਵਤਾਰ ਧਨੰਤਰ ਜਾਈ॥**
**ਆਯੁਰਬੇਦ ਕੋ ਕਰੋ ਪ੍ਰਕਾਸ਼ਾ॥ ਰੋਗ ਪ੍ਰਜਾ ਕੋ ਕਰਿਯਹੁ ਨਾਸਾ॥੩॥**

ਵਿਸ਼ਨੂੰ ਨੂੰ ਸੱਦ ਕੇ ਵਾਹਿਗੁਰੂ ਨੇ ਕਿਹਾ-ਹੁਣ ਤੁਸੀਂ ਧਨੰਤਰੀ ਅਵਤਾਰ ਧਾਰ ਕੇ ਜਗਤ ਵਿਚ ਜਾਓ। ਜਗਤ ਵਿਚ 'ਆਯੁਰ ਵੇਦ' ਵੈਦਿਕ ਦੇ ਗ੍ਰੰਥ ਨੂੰ ਰੋਸ਼ਨ ਕਰੋ ਅਤੇ ਪਰਜਾ ਦੇ ਸਾਰੇ ਰੋਗਾਂ ਨੂੰ ਨਾਸ ਕਰੋ॥੩॥

**ਦੋਹਰਾ॥ ਤਾ ਤੇ ਦੇਵ ਇਕਤ੍ਰ ਹੁਐ ਮਥਜੋ ਸਮੁੰਦ੍ਰਹਿ ਜਾਇ॥**
**ਰੋਗ ਬਿਨਾਸਨ ਪ੍ਰਜਾ ਹਿਤ ਕਢਜੋ ਧਨੰਤਰ ਰਾਇ॥੪॥**

ਇਸ ਲਈ ਦੇਵਤੇ ਦੈਂਤਾਂ ਨੇ ਮਿਲਕੇ ਸਮੁੰਦਰ ਨੂੰ ਜਾ ਕੇ ਰਿੜਕਿਆ ਅਤੇ ਲੋਕਾਂ ਦੇ ਰੋਗਾਂ ਨੂੰ ਨਾਸ ਕਰਨ ਵਾਸਤੇ ਸਮੁੰਦਰ ਵਿਚੋਂ ਧਨੰਤਰੀ ਵੈਦ ਨੂੰ ਕੱਢ ਲਿਆਂਦਾ॥੪॥

**ਚੌਪਈ॥ ਆਯੁਰਬੇਦ ਤਿਨ ਕੀਯੋ ਪ੍ਰਕਾਸ਼ਾ॥ ਜਗ ਕੇ ਰੋਗ ਕਰੇ ਸਭ ਨਾਸਾ॥**

**ਬਈਦ ਸ਼ਾਸਤ੍ਰ ਕਹੁ ਪ੍ਰਗਟ ਦਿਖਾਵਾ॥ ਭਿੰਨ ਭਿੰਨ ਅਉਖਧੀ ਬਤਾਵਾ॥ ੫॥**

'ਆਯੁਰ ਵੇਦ' ਉਸ ਧਨੰਤਰੀ ਨੇ ਜਗਤ ਵਿਚ ਪ੍ਰਗਟ ਕੀਤਾ, ਅਤੇ ਜਗਤ ਦੇ ਸਾਰੇ ਰੋਗਾਂ ਨੂੰ ਨਾਸ ਕਰ ਦਿੱਤਾ। ਵੈਦਿਕ ਸ਼ਾਸਤਰ ਨੂੰ ਪ੍ਰਗਟ ਕਰਕੇ ਵਿਖਾ ਦਿੱਤਾ, ਜਿਸ ਵਿਚ ਵੱਖੋ ਵੱਖਰੇ ਰੋਗਾਂ ਦੀ ਦਵਾਈ ਦੱਸੀ ਹੈ॥ ੫॥

**ਦੋਹਰਾ॥ ਰੋਗ ਰਹਤ ਕਰ ਅਉਖਧੀ ਸਭ ਹੀ ਕਰੋ ਜਹਾਨ॥**
**ਕਾਲ ਪਾਇ ਤੱਛਕ ਹਨਿਯੋ ਸੁਰ ਪੁਰ ਕੀਯੋ ਪਯਾਨ॥ ੬॥**

ਰੋਗਾਂ ਨੂੰ ਨਾਸ ਕਰਨ ਵਾਲੀ ਦਵਾਈ ਸਾਰੇ ਜਗਤ ਲਈ ਉਸ ਨੇ ਪਰਗਟ ਕਰ ਦਿੱਤੀ। ਸਮਾਂ ਪਾ ਕੇ ਉਸ ਨੂੰ ਤੱਛਕ ਨਾਗ ਨੇ ਡੰਗ ਮਾਰਿਆ, ਇਸ ਲਈ ਉਹ ਸੁਰਗ ਨੂੰ ਕੂਚ ਕਰ ਗਿਆ॥ ੬॥

ਭਾਵਾਰਥ :- ਹਰਿਵੰਸ ਵਿਚ ਲਿਖਿਆ ਹੈ ਕਿ ਜਦੋਂ ਧਨੰਤਰੀ ਸਮੁੰਦਰ ਵਿਚੋਂ ਨਿਕਲੇ ਤਾਂ ਇਨ੍ਹਾਂ ਦੇ ਤੇਜ ਨਾਲ ਅਠੇ ਦਿਸ਼ਾ ਜਗਮਗ ਕਰ ਉਠੀਆਂ। ਇਹ ਆਪਣੇ ਸਾਹਮਣੇ ਵਿਸ਼ਨੂੰ ਨੂੰ ਵੇਖ ਕੇ ਠਠੰਬਰ ਕੇ ਖੜੇ ਰਹੇ। ਇਸ ਲਈ ਵਿਸ਼ਨੂੰ ਭਗਵਾਨ ਨੇ ਇਨ੍ਹਾਂ ਨੂੰ 'ਅਵਜ' ਨਾਮ ਨਾਲ ਬੁਲਾਇਆ। ਭਗਵਾਨ ਦੇ ਬੁਲਾਵਣ ਤੇ ਇਸ ਨੇ ਉਨ੍ਹਾਂ ਪਾਸ ਪ੍ਰਾਰਥਨਾ ਕੀਤੀ ਕਿ 'ਜੱਗ ਵਿਚ ਮੇਰਾ ਭਾਗ ਤੇ ਸਥਾਨ ਕਾਇਮ ਕਰ ਦਿੱਤਾ ਜਾਵੇ।' ਵਿਸ਼ਨੂੰ ਨੇ ਕਿਹਾ ਕਿ 'ਭਾਗ ਤੇ ਸਥਾਨ ਤਾਂ ਵੰਡੇ ਗਏ ਹਨ। ਪਰ ਤੁਸੀਂ ਦੂਜੇ ਜਨਮ ਵਿਚ ਖਾਸ ਸਿੱਧਿ ਪ੍ਰਾਪਤ ਕਰੋਗੇ। ਅਣਮਾਦਿਕ ਸਿੱਧੀਆਂ ਤੁਹਾਨੂੰ ਗਰਭ ਤੋਂ ਹੀ ਪ੍ਰਾਪਤ ਰਹਿਣਗੀਆਂ, ਅਤੇ ਤੁਸੀਂ ਸਰੀਰ ਦੇ ਹੁੰਦਿਆਂ ਹੀ ਦੇਵਤੇ ਦੀ ਪਦਵੀ ਪ੍ਰਾਪਤ ਕਰੋਗੇ। ਤੁਸੀਂ ਆਯੁਰਵੇਦ ਨੂੰ ਅੱਠਾਂ ਹਿੱਸਿਆਂ ਵਿਚ ਵੰਡ ਦਿਓਗੇ।'

ਦ੍ਵਾਪੁਰ ਜੁਗ ਵਿਚ ਕਾਸ਼ਿਰਾਜ 'ਧਨ੍ਹ' ਨੇ ਪੁੱਤਰ ਦੇ ਵਾਸਤੇ 'ਅਵਜ' ਦੇਵ ਦੀ ਅਰਾਧਨਾਂ ਕੀਤੀ। ਅਵਜ ਦੇਵ ਨੇ ਧਨ੍ਹ ਦੇ ਘਰ ਆਪ ਹੀ ਅਵਤਾਰ ਲਿਆ ਅਤੇ ਭਾਰਦ੍ਵਾਜ ਰਿਖਿ ਤੋਂ ਆਯੁਰ ਵੇਦ ਸ਼ਾਸਤ੍ਰ ਪੜ੍ਹ ਕੇ ਪ੍ਰਜਾ ਨੂੰ ਰੋਗਾਂ ਤੋਂ ਰਹਿਤ ਕੀਤਾ। ਭਾਵ ਪ੍ਰਕਾਸ਼ ਗ੍ਰੰਥ ਵਿਚ ਲਿਖਿਆ ਹੈ ਕਿ ਇੰਦਰ ਨੇ ਆਯੁਰ ਵੇਦ ਸ਼ਾਸਤ੍ਰ ਸਿਖਾ ਕੇ ਧਨੰਤਰਿ ਨੂੰ ਲੋਕਾਂ ਦੇ ਭਲੇ ਵਾਸਤੇ ਧਰਤ ਤੇ ਭੇਜਿਆ ਸੀ। ਧਨੰਤਰਿ ਕਾਂਸ਼ੀ ਵਿਚ ਪੈਦਾ ਹੋਇਆ ਅਤੇ ਬ੍ਰਹਮਾ ਦੇ ਵਰ ਨਾਲ ਕਾਂਸ਼ੀ ਦੇ ਰਾਜਾ ਬਣੇ ਸਨ।

ਕਲਜੁਗ ਦੇ ਜ਼ਮਾਨੇ ਵਿਚ, ਜਦ ਪ੍ਰੀਛਤ ਨੇ ਸ੍ਰਿੰਗੀ ਰਿਖੀ ਦੇ ਗਲ ਵਿਚ ਮੋਇਆ ਹੋਇਆ ਸੱਪ ਪਾ ਦਿੱਤਾ, ਅਤੇ ਉਸ ਦੇ ਪੁੱਤਰ ਸਿੰਗੀ ਰਿਖੀ ਨੇ ਰਾਜੇ ਨੂੰ ਤੱਛਕ ਦੇ ਡੰਗ ਨਾਲ ਮਰਨ ਦਾ ਸਰਾਪ ਦਿੱਤਾ ਸੀ। ਤਦੋਂ ਸਰਾਪ ਦਾ ਪ੍ਰੇਰਿਆ ਹੋਇਆ ਤੱਛਕ ਪ੍ਰੀਛਤ ਨੂੰ ਡੰਗਣ ਲਈ ਤੁਰਿਆ। ਉਧਰੋਂ ਧਨੰਤਰ ਵੀ ਪ੍ਰੀਛਤ ਨੂੰ ਤੱਛਕ ਦੇ ਡੰਗ ਤੋਂ ਬਚਾਉਣ ਲਈ ਤੁਰਿਆ। ਰਸਤੇ ਵਿਚ ਦੋਹਾਂ ਦਾ ਮੇਲ ਹੋ ਗਿਆ। ਆਪੋ ਵਿਚ ਦੀਆਂ ਗੱਲਾਂ ਬਾਤਾਂ ਵਿਚ ਤੱਛਕ ਨੇ ਕਿਹਾ-ਮੇਰਾ ਡੰਗਿਆ ਕਦੇ ਬਚ ਨਹੀਂ ਸਕਦਾ। ਧਨਵੰਤਰੀ ਨੇ ਕਿਹਾ-ਮੇਰਾ ਮੰਤ੍ਰਿਆ ਕਦੇ ਕੋਈ ਮਰ ਹੀ ਨਹੀਂ ਸਕਦਾ। ਦੋਹਾਂ ਦੀ ਆਪੋ ਆਪਣੇ ਜ਼ੋਰ ਉਤੇ ਜ਼ਿੱਦ ਬੱਝ ਗਈ। ਤਾਂ ਆਪੋ ਆਪਣਾ ਜ਼ੋਰ ਅਜ਼ਮਾਉਣ ਲਗੇ। ਤੱਛਕ

ਨੇ ਇਕ ਬੋਹੜ ਦੇ ਦ੍ਰਖਤ ਨੂੰ ਜਿਸ ਉਤੇ ਕਈ ਜਾਨਵਰ ਬੈਠੇ ਹੋਏ ਸਨ ਡੰਗ ਮਾਰ ਕੇ ਸਾੜ ਕੇ ਸਵਾਹ ਕਰ ਦਿੱਤਾ। ਫਿਰ ਧਨੰਤਰਿ ਨੇ ਮੰਤ੍ਰ ਪੜ੍ਹ ਕੇ ਜਲ ਦਾ ਛੱਟਾ ਦਿੱਤਾ, ਤਾ ਬੋਹੜ ਜਿਉਂ ਦਾ ਤਿਉਂ ਹੋ ਗਿਆ। ਇਹ ਚਮਤਕਾਰ ਦੇਖ ਕੇ ਤੱਛਕ ਹੈਰਾਨ ਹੋ ਗਿਆ, ਅਤੇ ਧਨੰਤਰਿ ਨੂੰ ਕਹਿਣ ਲੱਗਾ ਤੂੰ ਜਿਤਨਾ ਧਨ ਚਾਹੇਂ, ਲੈ ਕੇ ਮੁੜ ਜਾਹ। ਪਰ ਧਨੰਤਰ ਨੇ ਕਿਹਾ ਕਿ ਮੈਂ ਇਸ ਤਰ੍ਹਾਂ ਧਨ ਲੈ ਕੇ ਪਾਪੀ ਬਣਕੇ ਨਰਕਾਂ ਦਾ ਅਧਿਕਾਰੀ ਨਹੀਂ ਹੁੰਦਾ। ਅੰਤ ਨੂੰ ਤੱਛਕ ਉਨ੍ਹਾਂ ਦੇ ਨਾਲ ਜਾਂਦਾ ਜਾਂਦਾ ਲੋਪ ਹੋ ਗਿਆ, ਅਤੇ ਅੱਗੇ ਜਾ ਕੇ ਸੋਟੀ ਬਣ ਕੇ ਪੈ ਗਿਆ। ਇਧਰੋਂ ਧਨਵੰਤਰਿ ਨੇ ਸੋਟੀ ਕੋਲ ਪੁਜ ਕੇ ਸੋਟੀ ਚੁਕ ਲਈ ਅਤੇ ਤੁਰ ਪਿਆ। ਥੋੜੀ ਦੂਰ ਅਗੇ ਗਿਆ ਤਾਂ ਧਨਵੰਤਰਿ ਦੀਆਂ ਮੋਰਾਂ ਵਿਚ ਖੁਰਕ ਹੋਈ। ਉਸ ਵੇਲੇ ਧਨਵੰਤਰਿ ਦੀ ਅਜਿਹੀ ਮਤ ਮਾਰੀ ਗਈ, ਜੋ ਸੋਟੀ ਨਾਲ ਖੁਰਕਣ ਲੱਗਾ। ਮੌਕਾ ਪਾ ਕੇ ਤੱਛਕ ਨੇ ਧਨੰਤਰਿ ਦੀ ਪਿੱਠ ਵਿਚ ਡੰਗ ਮਾਰ ਦਿੱਤਾ। ਧਨੰਤਰਿ ਨੇ ਤੱਛਕ ਦਾ ਡੰਗ ਸਮਝ ਕੇ ਆਪਣੇ ਚੇਲਿਆਂ ਨੂੰ ਕਿਹਾ-ਹੁਣ ਮੈਂ ਬਚ ਨਹੀਂ ਸਕਾਂਗਾ। ਕਿਉਂਕਿ ਜਿਥੇ ਤੱਛਕ ਨੇ ਡੰਗ ਮਾਰਿਆ ਹੈ, ਉਥੇ ਮੇਰੀ ਨਿਗਾਹ ਨਹੀਂ ਜਾ ਸਕਦੀ, ਅਤੇ ਨਿਗਾਹ ਪੁਜੇ ਤੋਂ ਬਿਨਾਂ ਮੰਤ੍ਰ ਦਾ ਜ਼ੋਰ ਨਹੀਂ ਚਲਦਾ। ਤੁਸੀਂ ਮੈਨੂੰ ਸਾੜਨਾਂ ਨਹੀਂ, ਸਗੋਂ ਮੈਨੂੰ ਰਿੰਨ੍ਹ ਕੇ ਖਾ ਲੈਣਾ, ਮੇਰੀ ਸਾਰੀ ਵਿਦਿਆ ਤੁਹਾਨੂੰ ਆਪਣੇ ਆਪ ਪ੍ਰਾਪਤ ਹੋ ਜਾਏਗੀ। ਫਿਰ ਤੱਛਕ ਨੂੰ ਕਿਹਾ, "ਤੂੰ ਮੇਰੇ ਨਾਲ ਧੋਖਾ ਕੀਤਾ। ਪਰ ਹੱਛਾ, ਇਕ ਧਨੰਤਰਿ ਮਰਦਾ ਹੈ, ਅਤੇ ਮੇਰੇ ਮਾਸ ਨੂੰ ਖਾ ਕੇ ਇਹ ਮੇਰੇ ਬਹੱਤਰ ਚੇਲੇ ਵੀ ਧਨੰਤਰ ਹੋ ਜਾਣਗੇ। ਇਹ ਕਹਿ ਕੇ ਧਨੰਤਰਿ ਨੇ ਪ੍ਰਾਣ ਦੇ ਦਿੱਤੇ ਤੇ ਚੇਲਿਆਂ ਨੇ ਉਸ ਨੂੰ ਰਿੰਨਣਾ ਧਰ ਦਿੱਤਾ। ਇਹ ਵੇਖ ਕੇ ਤੱਛਕ ਨੂੰ ਫਿਕਰ ਲੱਗਾ, ਉਹ ਬੁੱਢੇ ਬ੍ਰਾਹਮਣ ਦਾ ਰੂਪ ਧਾਰ ਕੇ ਉਨ੍ਹਾਂ ਦੇ ਕੋਲ ਆ ਕੇ ਪੁੱਛਣ ਲੱਗਾ ਕਿ ਕੀ ਰਿੰਨਦੇ ਹੋ? ਉਨ੍ਹਾਂ ਬ੍ਰਹਮਚਾਰੀਆਂ ਨੇ ਸਭ ਸੱਚ ਸੱਚ ਦੱਸ ਦਿੱਤਾ, ਤਾਂ ਬ੍ਰਾਹਮਣ ਰੂਪ ਤੱਛਕ ਨੇ ਕਿਹਾ-ਮਨੁਖ ਦਾ ਮਾਸ ਖਾਣਾ ਮਹਾਂ ਪਾਪ ਹੈ ਇਹ ਸੁਟ ਦਿਓ। ਪਰ ਚੇਲਿਆਂ ਨੇ ਉਸ ਦਾ ਕਿਹਾ ਨਾ ਮੰਨਿਆ। ਤਾਂ ਉਥੋਂ ਦੇ ਰਾਜੇ ਕੋਲ ਜਾ ਕੇ ਬ੍ਰਾਹਮਣ ਰੂਪਧਾਰੀ ਤੱਛਕ ਨੇ ਕਿਹਾ ਕਿ ਹੇ ਰਾਜਨ ਤੇਰੇ ਰਾਜ ਵਿਚ ਇਤਨਾ ਘੋਰ ਉਪੱਦਰ ਹੋ ਰਿਹਾ ਹੈ, ਕਿ ਜੰਗਲ ਵਿਚ ਫਲਾਣੀ ਥਾਂ ਤੇ ਕਈ ਬ੍ਰਹਮਚਾਰੀ ਆਪਣੇ ਗੁਰੂ ਨੂੰ ਮਾਰਕੇ, ਉਸਦਾ ਮਾਸ ਰਿੰਨ੍ਹ ਕੇ ਖਾਣਾ ਚਾਹੁੰਦੇ ਹਨ। ਜੇਕਰ ਉਨ੍ਹਾਂ ਨੇ ਗੁਰੂ ਦਾ ਮਾਸ ਖਾ ਲਿਆ ਤਾਂ ਤੇਰੀਆਂ ਸਤ ਕੁਲਾਂ ਨਰਕਾਂ ਨੂੰ ਜਾਣਗੀਆਂ। ਬ੍ਰਾਹਮਣ ਦੀ ਇਹ ਗੱਲ ਸੁਣ ਕੇ, ਰਾਜੇ ਨੇ ਉਸੇ ਵੇਲੇ ਘੋੜ ਚੜ੍ਹੀ ਫੌਜ ਦੇ ਕੇ, ਹੁਕਮ ਕੀਤਾ ਕਿ ਜਾਓ, ਉਨ੍ਹਾਂ ਬ੍ਰਹਮਚਾਰੀਆਂ ਤੋਂ ਅਚਾਰਜ ਦਾ ਮਾਸ ਖੋਹ ਕੇ ਕਾਵਾਂ ਕੁੱਤਿਆਂ ਨੂੰ ਪਾ ਦਿਓ। ਰਾਜੇ ਦਾ ਹੁਕਮ ਹੁੰਦੇ ਹੀ ਸਿਪਾਹੀਆਂ ਨੇ ਜੰਗਲ ਵਿਚ ਪੁੱਜ ਕੇ, ਉਨ੍ਹਾਂ ਧਨੰਤਰ ਦੇ ਚੇਲਿਆਂ ਪਾਸੋਂ, ਧਨੰਤਰ ਦਾ ਮਾਸ ਖੋਹ ਕੇ ਧਰਤੀ ਤੇ ਸੁਟ ਦਿੱਤਾ। ਜਿਸ ਕਰਕੇ ਉਸ ਮਾਸ ਨੂੰ ਕਾਂ-ਕੁੱਤੇ ਤੇ ਇੱਲਾਂ ਕੀੜੀਆਂ ਨੇ ਖਾ ਲਿਆ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਸਤਾਰ੍ਵਾਂ ਅਵਤਾਰ 'ਧਨੰਤਰ ਬੈਦ' ਸਮਾਪਤਮ॥ ਸਤੁ ਸੁਭਮ ਸਤੁ॥੧੭॥੬॥੩੭੫॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ ਸਤਾਰ੍ਵਾਂ ਅਵਤਾਰ 'ਧਨੰਤਰ ਵੈਦ' ਸਮਾਪਤ॥ ਸਤ ਸੁਭਮ ਸਤ॥ ੧੭॥੬॥੩੭੫॥ ਚਲਦਾ॥

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਭਗਉਤੀ ਜੀ ਸਹਾਇ ॥

# ਅਠਾਰ੍ਹਵਾਂ ਅਵਤਾਰ 'ਸੂਰਜ'

**ਚੌਪਈ ॥ ਬਹੁਰ ਬਢੇ ਦਿਤਿ ਪੁਤ੍ਰ ਅਤੁਲਿ ਬਲਿ ॥ ਅਰਿ ਅਨੇਕ ਜੀਤੇ ਜਿਨ ਜਲ ਥਲ ॥**
**ਕਾਲ ਪੁਰਖ ਕੀ ਆਗਜਾ ਪਾਈ ॥ ਰਵਿ ਅਵਤਾਰ ਧਰਯੋ ਹਰਿ ਰਾਈ ॥੧॥**

ਫੇਰ ਦਿੱਤੀ ਦੇ ਪੁੱਤਰਾਂ ਭਾਵ ਦੈਂਤਾਂ ਦਾ ਅਤੁੱਲ ਬਲ ਵਧ ਗਿਆ ਅਤੇ ਉਨ੍ਹਾਂ ਨੇ ਅਨੇਕਾਂ ਵੈਰੀ ਜਲ ਥਲ ਵਿਚ ਜਿੱਤ ਲਏ। ਉਸ ਸਮੇਂ ਅਕਾਲ ਪੁਰਖ ਦਾ ਹੁਕਮ ਹੋਇਆ, ਤਾਂ ਵਿਸ਼ਨੂੰ ਜੀ ਨੇ ਸੂਰਜ ਅਵਤਾਰ ਆਣ ਧਰਿਆ ॥੧॥

**ਜੇ ਜੇ ਹੋਤ ਅਸੁਰ ਬਲਵਾਨਾ ॥ ਰਵਿ ਮਾਰਤ ਤਿਨ ਕੋ ਬਿਧਿ ਨਾਨਾ ॥**
**ਅੰਧਕਾਰ ਧਰਨੀ ਤੇ ਹਰੇ ॥ ਪ੍ਰਜਾ ਕਾਜ ਗ੍ਰਿਹ ਕੇ ਉਠਿ ਪਰੇ ॥੨॥**

ਜਿਹੜੇ ਜਿਹੜੇ ਦੈਂਤ ਬਲਵਾਨ ਹੁੰਦੇ ਸਨ, ਸੂਰਜ ਉਨ੍ਹਾਂ ਨੂੰ ਅਨੇਕ ਤਰ੍ਹਾਂ ਨਾਲ ਮਾਰਦਾ ਸੀ। ਧਰਤੀ ਤੋਂ ਹਨੇਰੇ ਦਾ ਨਾਸ ਕਰ ਦਿੱਤਾ, ਜਿਸ ਕਰਕੇ ਪਰਜਾ ਉੱਠ ਕੇ ਘਰ ਦੇ ਕੰਮਾਂ ਵਿਚ ਲੱਗ ਗਈ ਹੈ ॥੨॥

## ਨਰਾਜ ਛੰਦ ॥

**ਬਿਸਾਰ ਆਲਸੰ ਸਭੈ ਪ੍ਰਭਾਤ ਲੋਗ ਜਾਗਹੀਂ ॥**
**ਅਨੰਤ ਜਾਪ ਕੋ ਜਪੈਂ ਬਿਅੰਤ ਧਜਾਨ ਪਾਗਹੀਂ ॥**
**ਦੁਰੰਤ ਕਰਮ ਕੋ ਕਰੈਂ ਅਥਾਪ ਥਾਪ ਥਾਪਹੀਂ ॥**
**ਗਾਇਤ੍ਰੀ ਸੰਧਿਯਾਨ ਕੈ ਅਜਾਪ ਜਾਪ ਜਾਪਹੀਂ ॥੩॥**

ਆਲਸ ਨੂੰ ਛੱਡ ਕੇ ਸਾਰੇ ਲੋਕ ਅੰਮ੍ਰਿਤ ਵੇਲੇ ਜਾਗਦੇ ਸਨ। ਬੇਅੰਤ ਆਦਮੀ ਜਾਪ ਨੂੰ ਜਪਦੇ ਸਨ ਅਤੇ ਬੇਅੰਤ ਧਿਆਨ ਵਿਚ ਜੁੜ ਜਾਂਦੇ ਸਨ। ਬਹੁਤ ਹੀ ਮੁਸ਼ਕਿਲ ਕਰਮ ਕਰਦੇ ਸਨ, ਅਤੇ ਨਾ ਥਾਪੇ ਜਾਣ ਵਾਲੇ ਦੀ ਥਾਪਨਾ ਨੂੰ ਥਾਪਦੇ ਸਨ। ਸੰਧਿਆ ਬੰਦਨ ਤੇ ਗਾਇਤਰੀ ਦੇ ਅਜਾਪ ਜਾਪ ਨੂੰ ਜਪਦੇ ਸਨ ॥੩॥

**ਸੁ ਦੇਵ ਕਰਮ ਆਦਿ ਲੈ ਪ੍ਰਭਾਤ ਜਾਗ ਕੈ ਕਰੈਂ॥**
**ਸੁ ਜੱਗ ਧੂਪ ਦੀਪ ਹੋਮ ਬੇਦ ਬ੍ਯਾਕਰਨੁ ਚਰੈਂ॥**
**ਸੁ ਪਿਤ੍ਰ ਕਰਮ ਹੈਂ ਜਿਤੇ ਸੋ ਬ੍ਰਿਤਬ੍ਰਿਤ ਕੋ ਕਰੈਂ॥**
**ਜੁ ਸ਼ਾਸਤ੍ਰ ਸਿੰਮ੍ਰਿਤਿ ਉਚਰੰਤ ਸੁ ਧਰਮ ਧ੍ਯਾਨ ਕੋ ਧਰੈਂ॥ ੪॥**

ਅੰਮ੍ਰਿਤ ਵੇਲੇ ਜ਼ਾਗ ਕੇ ਲੋਕੀਂ ਦੇਵ ਕਰਮ ਆਦਿਕ ਕਰਦੇ ਹਨ। ਜੱਗ, ਧੂਪ, ਦੀਪ, ਹੋਮ ਕਰਦੇ ਸਨ, ਅਤੇ ਵੇਦ ਤੇ ਵਿਆਕਰਣ ਪੜ੍ਹਦੇ ਸਨ। ਜਿੰਨੇ ਪਿਤ੍ਰੀ ਕਰਮ ਕਰਦੇ ਸਨ, ਉਨ੍ਹਾਂ ਨੂੰ ਸਾਰੇ ਵਿਧੀ ਪੂਰਬਕ ਬ੍ਰਿਤ ਭਾਵ ਸੁਰਤਿ ਨਾਲ ਕਰਦੇ ਸਨ। ਸ਼ਾਸਤਰ ਸਿੰਮ੍ਰਤੀਆਂ ਪੜ੍ਹਦੇ ਸਨ, ਅਤੇ ਧਰਮ ਦਾ ਧਿਆਨ ਧਰਦੇ ਸਨ॥ ੪॥

**ਅਰਧ ਨਰਾਜ ਛੰਦ॥ ਸੁ ਧੂੰਮ ਧੂੰਮ ਧੂੰਮ ਹੀ॥ ਕਰੰਤ ਸੈਨ ਭੂੰਮ ਹੀ॥**
**ਬਿਅੰਤ ਧ੍ਯਾਨ ਧ੍ਯਾਵਹੀਂ॥ ਦੁਰੰਤ ਠਉਰ ਪਾਵਹੀਂ॥ ੫॥**

ਕਈ ਧੂਣੀਆਂ ਤਪਾਉਣ ਵਾਲੇ ਧੂਣੀਆਂ ਹੀ ਤਪਾਉਂਦੇ ਸਨ, ਕਈ ਜਿਮੀ ਤੇ ਹੀ ਸੌਂਦੇ ਸਨ। ਬੇਅੰਤ ਹੀ ਸਵੇਰੇ ਉੱਠ ਕੇ ਧਿਆਨ ਧਰਦੇ ਸਨ, ਬੜੀ ਮੁਸ਼ਕਲ ਨਾਲ ਮੁਕਤੀ ਨੂੰ ਪ੍ਰਾਪਤ ਕਰਦੇ ਸਨ॥ ੫॥

**ਅਨੰਤ ਮੰਤ੍ਰ ਉਚਰੈਂ॥ ਸੁ ਜੋਗ ਜਾਪਨਾ ਕਰੈਂ॥**
**ਨ੍ਰਿਬਾਨ ਪੁਰਖ ਧ੍ਯਾਵਹੀਂ॥ ਬਿਮਾਨ ਅੰਤਿ ਪਾਵਹੀਂ॥ ੬॥**

ਅਨੰਤ ਹੀ ਮੰਤਰ ਸਿਮਰਦੇ ਸਨ ਤੇ ਜੋਗ ਜਾਪ ਨੂੰ ਕਰਦੇ ਹਨ। ਨਿਰਬਾਨ ਪੁਰਖ ਨੂੰ ਧਿਆਉਂਦੇ ਸਨ, ਅੰਤ ਵੇਲੇ ਦੇਵ ਪਦਵੀ ਪਾਉਂਦੇ ਭਾਵ ਦੇਵ ਪੁਰੀ ਨੂੰ ਜਾਂਦੇ ਸਨ॥ ੬॥

**ਦੋਹਰਾ॥ ਬਹੁਤ ਕਾਲ ਇਮ ਬੀਤਯੋ ਕਰਤ ਧਰਮੁ ਅਰੁ ਦਾਨ॥**
**ਬਹੁਰਿ ਅਸੁਰਿ ਬਢਿਯੋ ਪ੍ਰਬਲ ਦੀਰਘੁ ਕਾਇ ਦੁਤ ਮਾਨ॥ ੭॥**

ਬਹੁਤ ਸਾਰਾ ਸਮਾਂ ਇਸ ਤਰ੍ਹਾਂ ਧਰਮ ਅਤੇ ਦਾਨ ਕਰਦਿਆਂ ਬੀਤ ਗਿਆ। ਫੇਰ ਇਕ ਦੈਂਤ ਨੇ ਜ਼ੋਰ ਫੜਿਆ ਜਿਸ ਦਾ ਨਾਮ 'ਦੀਰਘ ਕਾਇ' ਸੀ, ਅਤੇ ਜੋ ਵੱਡੇ ਦੁਤ ਮਾਨ ਭਾਵ ਤੇਜ ਵਾਲਾ ਸੀ॥ ੭॥

**ਚੌਪਈ॥ ਬਾਣ ਪ੍ਰਜੰਤ ਬਢਧ ਨਿਤਪ੍ਰਤਿ ਤਨ॥ ਨਿਸ ਦਿਨ ਘਾਤ ਕਰਤ ਦਿਜ ਦੇਵਨ॥**
**ਦੀਰਘੁਕਾਇਐ ਸੋ ਰਿਪੁ ਭਯੋ॥ ਰਵਿ ਰਥ ਹਟਕ ਚਲਨ ਤੇ ਗਯੋ॥ ੮॥**

ਹਰ ਰੋਜ਼ ਇਕ ਗਜ ਭਰ ਉਸ ਦੀਰਘ ਕਾਇ ਦੈਂਤ ਦਾ ਸਰੀਰ ਵਧਦਾ ਸੀ, ਅਤੇ ਰਾਤ

ਦਿਨ ਉਹ ਦੇਵਤੇ ਤੇ ਬ੍ਰਾਹਮਣਾਂ ਦਾ ਨਾਸ ਕਰਦਾ ਸੀ। ਇਸ ਤਰ੍ਹਾਂ ਦੀਰਘ ਕਾਇ ਨਾਮ ਦਾ ਰਾਖਸ਼ ਸੂਰਜ ਦਾ ਵੈਰੀ ਹੋ ਗਿਆ। ਉਸਦੀ ਲੰਬਾਈ ਕਰਕੇ ਸੂਰਜ ਦਾਂ ਰਥ ਚੱਲਣ ਤੋਂ ਰੁਕ ਗਿਆ॥ ੮॥

**ਅੜਿਲ॥ ਹਟਕ ਚਲਤ ਰਥੁ ਭਯੋ ਭਾਨ ਕੋਪਜੋ ਤਬੈ॥**
**ਅਸਤ੍ਰ ਸ਼ਸਤ੍ਰ ਲੈ ਚਲਜੋ ਸੰਗ ਲੈ ਦਲ ਸਭੈ॥**
**ਮੰਡਜੋ ਬਿਬਧ ਪ੍ਰਕਾਰ ਤਹਾਂ ਰਣ ਜਾਇਕੈ॥**
**ਹੋ ਨਿਰਖ ਦੇਵ ਅਰੁ ਦੈਤ ਰਹੇ ਉਰਝਾਇਕੈ॥ ੯॥**

ਸੂਰਜ ਦਾ ਚਲਦਾ ਚਲਦਾ ਰਥ ਜਦ ਅਟਕ ਗਿਆ, ਤਦੋਂ ਸੂਰਜ ਨੂੰ ਗੁੱਸਾ ਆਇਆ ਤਾਂ ਉਹ ਅਸਤਰ ਸ਼ਸਤਰ ਲੈ ਕੇ, ਅਤੇ ਸਾਰੀ ਫੌਜ ਨੂੰ ਨਾਲ ਲੈ ਕੇ ਤੁਰ ਪਿਆ। ਉਸ ਨੇ ਅਨੇਕ ਤਰ੍ਹਾਂ ਨਾਲ ਰਣ ਭੂਮੀ ਵਿਚ ਜਾ ਕੇ ਜੰਗ ਸ਼ੁਰੂ ਕਰ ਦਿੱਤਾ। ਜਿਸ ਨੂੰ ਵੇਖ ਕੇ ਦੇਵਤੇ ਅਤੇ ਦੈਂਤ ਵੀ ਉਲਝ ਗਏ॥ ੯॥

**ਗਹ ਗਹ ਪਾਨ ਕ੍ਰਿਪਾਣ ਦੁਬਹੀਯਾ ਰਣ ਭਿਰੇ॥**
**ਟੂਕ ਟੂਕ ਹੁਐ ਗਿਰੇ ਨ ਪਗ ਪਾਛੇ ਫਿਰੇ॥**
**ਅੰਗਨਿ ਸੋਭੇ ਘਾਇ ਪ੍ਰਭਾ ਅਤ ਹੀ ਬਢੇ॥**
**ਹੋ ਬਸਤ੍ਰ ਮਨੋ ਛਿਟਕਾਇ ਜਨੇਤੀ ਸੇ ਚਢੇ॥ ੧੦॥**

ਹੱਥਾਂ ਵਿਚ ਤਲਵਾਰਾਂ ਫੜ ਫੜ ਕੇ, ਸੂਰਮੇ ਜੰਗ ਲੜਨ ਲੱਗੇ ਅਤੇ ਟੋਟੇ ਟੋਟੇ ਹੋ ਕੇ ਧਰਤੀ ਉਤੇ ਡਿੱਗ ਪਏ, ਪਰ ਪਿੱਛੇ ਨੂੰ ਪੈਰ ਨਾ ਮੋੜਿਆ। ਸਰੀਰ ਉਪਰਲੇ ਜ਼ਖਮ ਸ਼ੋਭਦੇ ਸਨ ਅਤੇ ਉਨ੍ਹਾਂ ਵਿਚੋਂ ਵਗ ਰਹੇ ਲਹੂ ਕਰਕੇ ਬੜੀ ਭਾਰੀ ਸੁੰਦਰਤਾ ਫੱਬ ਰਹੀ ਸੀ। ਉਹ ਇਸ ਤਰ੍ਹਾਂ ਪ੍ਰਤੀਤ ਹੁੰਦੇ ਸਨ ਮਾਨੋ ਚਮਕਦਾਰ ਕਪੜੇ ਪਾ ਕੇ ਜਾਂਞੀ ਲੋਕ ਜੰਞ ਨੂੰ ਚੜ੍ਹੇ ਸਨ॥ ੧੦॥

## ਅਨਭਵ ਛੰਦ॥

**ਅਨਹਦ ਬੱਝੇ॥ ਧੁਣ ਘਣ ਲੱਜੇ॥ ਘਣ ਹਣ ਘੋਰੰ॥ ਜਣ ਬਣ ਮੋਰੰ॥ ੧੧॥**

ਧੌਂਸੇ ਵੱਜਦੇ ਸਨ, ਜਿਹਨਾਂ ਦੀ ਆਵਾਜ਼ ਅਗੇ ਬੱਦਲ ਵੀ ਸ਼ਰਮਿੰਦੇ ਹੁੰਦੇ ਸਨ। ਡੱਗਿਆਂ ਦੇ ਵੱਜਣ ਤੋਂ ਜੋ ਗੂੰਜ ਉਠਦੀ ਸੀ, ਏਦਾਂ ਪ੍ਰਤੀਤ ਹੁੰਦਾ ਸੀ ਜਿਵੇਂ ਜੰਗਲ ਵਿਚ ਮੋਰ ਕੂਕਦੇ ਸਨ॥ ੧੧॥

## ਮਧੁਰ ਧੁਨ ਛੰਦ॥

**ਢਲ ਹਲ ਢਾਲੰ॥ ਜਿਮ ਗੁਲ ਲਾਲੰ॥ ਖੜ ਭੜ ਬੀਰੰ॥ ਤੜ ਸੜ ਤੀਰੰ॥ ੧੨॥**

ਢਾਲਾਂ ਉਤੇ ਤਲਵਾਰਾਂ ਦੇ ਵੱਜਣ ਨਾਲ ਇੰਝ ਚਿੰਗਾੜੇ ਨਿਕਲਦੇ ਸਨ ਜਿਵੇਂ ਨਾਲ ਗੁਲਾਬ ਦੇ ਫੂਲ ਹੋਣ। ਸੂਰਮਿਆਂ ਵਿਚ ਖਲਬਲੀ ਮਚੀ ਹੋਈ ਸੀ, ਅਤੇ ਤੀਰਾਂ ਦੀ ਤੜ ਸੜ ਅਵਾਜ਼ ਆ ਰਹੀ ਸੀ॥੧੨॥

**ਰੁਣ ਝੁਣ ਬਾਜੇ॥ ਜਣ ਘਣ ਗਾਜੇ॥ ਢੰਮਕ ਢੋਲੰ॥ ਖੜ ਰੜ ਖੋਲੰ॥੧੩॥**

ਵਾਜੇ ਰੁਣ ਝੁਣ ਕਰਦੇ ਸਨ, ਜਾਣੋਂ ਬੱਦਲ ਗੱਜਦੇ ਹਨ। ਢੋਲਾਂ ਦੀ ਢਮਕਾਰ ਹੋ ਰਹੀ ਸੀ, ਖੋਲਾਂ ਦੀ ਖੜ ਖੜ ਅਵਾਜ਼ ਨਿਕਲਦੀ ਸੀ॥੧੩॥

**ਥਰ ਹਰ ਕੰਪੈ॥ ਹਰਿ ਹਰਿ ਜੰਪੈ॥ ਰਣ ਰੰਗ ਰੱਤੇ॥ ਜਣ ਗਣ ਮੱਤੇ॥੧੪॥**

ਡਰਪੋਕ ਥਰ ਥਰ ਕੰਬਦੇ ਸਨ ਅਤੇ ਹਰਿ ਹਰਿ ਜਪਦੇ ਸਨ, ਜੰਗ ਦੇ ਰੰਗ ਵਿਚ ਸੂਰਮੇ ਰੱਤੇ ਹੋਏ ਸਨ, ਮਾਨੋ ਮਸਤ ਹਾਥੀ ਘੁਲ ਰਹੇ ਸਨ॥੧੪॥

**ਥਰਕਤ ਸੂਰੰ॥ ਨਿਰਖਤ ਹੂਰੰ॥ ਸਰਬਰ ਛੂਟੇ॥ ਕਟ ਭਟ ਲੂਟੇ॥੧੫॥**

ਸੂਰਮੇ ਏਧਰ ਓਧਰ ਫਿਰ ਰਹੇ ਸਨ ਤੇ ਹੂਰਾਂ ਉਨ੍ਹਾਂ ਨੂੰ ਵੇਖ ਰਹੀਆਂ ਸਨ। ਜ਼ੋਰ ਨਾਲ ਤੀਰ ਚਲਦੇ ਸਨ, ਜਿਹਨਾਂ ਨਾਲ ਕੱਟੇ ਸੂਰਮੇ ਆਪਣੇ ਪ੍ਰਾਣ ਲੁਟਾ ਰਹੇ ਸਨ॥੧੫॥

**ਚਮਕਤ ਬਾਣੰ॥ ਫਰਹ ਨਿਸਾਣੰ॥ ਚਟ ਪਟ ਜੂਟੇ॥ ਅਰ ਉਰ ਫੂਟੇ॥੧੬॥**

ਤੀਰ ਚਮਕਦੇ ਸਨ, ਝੰਡੇ ਝੂਲਦੇ ਸਨ। ਝਟ ਪਟ ਸੂਰਮੇ ਜੰਗ ਵਿਚ ਜੁੱਟ ਜਾਂਦੇ ਸਨ, ਅਤੇ ਵੈਰੀ ਦੀ ਛਾਤੀ ਨੂੰ ਪਾੜ ਰਹੇ ਸਨ॥੧੬॥

**ਨਰ ਬਰ ਗੱਜੇ॥ ਸਰ ਬਰ ਸੱਜੇ॥ ਸਿਲਹੱ ਸੰਜੋਯੰ॥ ਸੁਰ ਪੁਰ ਪੋਯੰ॥੧੭॥**

ਬਲਵਾਨ ਬੰਦੇ ਗੱਜ ਰਹੇ ਸਨ, ਜੋ ਤੀਰਾਂ ਕਮਾਨਾਂ ਨਾਲ ਸਜੇ ਹੋਏ ਸਨ। ਸੰਜੋਆਂ ਨਾਲ ਸੱਜੇ ਹੋਏ ਸੁਰਗ ਪੁਰੀ ਵਿਚ ਪਹੁੰਚਦੇ ਜਾਂਦੇ ਸਨ॥੧੭॥

**ਸਰਬਰ ਛੂਟੇ॥ ਅਰ ਉਰ ਫੂਟੇ॥ ਚਟ ਪਟ ਚਰਮੰ॥ ਫਟ ਫੁਟ ਬਰਮੰ॥੧੮॥**

ਸ੍ਰੇਸ਼ਟ ਤੀਰ ਛੱਡਦੇ ਸਨ, ਵੈਰੀ ਦੀ ਛਾਤੀ ਨੂੰ ਪਾੜ ਦੇਂਦੇ ਸਨ। ਢਾਲਾਂ ਨੂੰ ਫਟ ਪਾੜ ਦੇਂਦੇ ਅਤੇ ਕਵਚ ਨੂੰ ਤੋੜ ਦੇਂਦੇ ਸਨ॥੧੮॥

**ਨਰਾਜ ਛੰਦ॥ ਦਿਨੇਸ਼ ਬਾਣ ਪਾਣ ਲੈ ਰਿਪੇਸ਼ ਤਾਕ ਧਾਈਯੰ॥**
**ਅਨੰਤ ਜੁੱਧ ਕ੍ਰੁੱਧ ਸੁੱਧੁ ਭੂਮ ਮੈ ਮਚਾਈਯੰ॥**
**ਕਿਤੇਕ ਭਾਜ ਚਾਲੀਯੰ ਸੁਰੇਸ਼ ਲੋਗ ਕੋ ਗਏ॥**
**ਨਿਸੰਤ ਜੀਤ ਜੀਤ ਕੈ ਅਨੰਤ ਸੂਰਮਾ ਲਏ॥੧੯॥**

ਸੂਰਜ ਹੱਥ ਵਿਚ ਧਨੁਖ ਬਾਣ ਲੈ ਕੇ ਵੱਡੇ ਦੁਸ਼ਮਣ ਨੂੰ ਤੱਕ ਕੇ ਭੱਜਿਆ। ਜੁੱਧ-ਭੂਮੀ ਵਿਚ ਜਾ ਕੇ ਕ੍ਰੋਧ ਕਰਕੇ ਅਨੇਕ ਤਰ੍ਹਾਂ ਨਾਲ ਜੁੱਧ ਨੂੰ ਮਚਾਇਆ। ਕਿੰਨੇ ਹੀ ਦੈਂਤ ਭੱਜ ਗਏ ਅਤੇ ਕਿੰਨੇ ਹੀ ਮਰ ਕੇ ਇੰਦਰ ਪੁਰੀ ਨੂੰ ਚਲੇ ਗਏ। ਜਿਨ੍ਹਾਂ ਨੇ ਅਨੰਤ ਸੂਰਮੇ ਜਿੱਤ ਲਏ ਸਨ, ਉਨ੍ਹਾਂ ਨੂੰ ਰਾਤ ਦਾ ਅੰਤ ਕਰਨ ਵਾਲੇ ਸੂਰਜ ਨੇ ਜਿੱਤ ਲਿਆ॥੧੯॥

**ਸਮੱਟ ਸੇਲ ਸਾਮੁਹੇ ਸਰੱਕ ਸੂਰ ਝਾੜਹੀਂ॥**
**ਬਬੱਕ ਬਾਘ ਜਜੋਂ ਬਲੀ ਹਲੱਕ ਹਾਕ ਮਾਰਹੀਂ॥**
**ਅਭੰਗ ਅੰਗ ਭੰਗ ਹ੍ਵੈ ਉਤੰਗ ਜੰਗ ਮੋ ਗਿਰੇ॥**
**ਸੁਰੰਗ ਸੂਰਮਾ ਸਭੈ ਨਿਸ਼ੰਗ ਜਾਨ ਕੈ ਅਰੇ॥੨੦॥**

ਸੂਰਮੇ ਇਕੱਠੇ ਹੋ ਕੇ ਸਾਹਮਣੇ ਵੱਲ ਨੂੰ ਸਰ ਸਰ ਕਰਦਾ ਬਰਛਾ ਚਲਾਉਂਦੇ ਸਨ। ਬਾਘ ਵਾਂਗੂੰ ਸੂਰਮੇ ਬੜਕਾਂ ਮਾਰਦੇ ਸਨ, ਅਤੇ ਹੱਲਾ ਕਰਨ ਲਈ ਲਲਕਾਰੇ ਮਾਰਦੇ ਸਨ। ਜਿਹਨਾਂ ਦੇ ਅੰਗ ਕਦੇ ਭੰਗ ਨਹੀਂ ਸਨ ਹੋਏ, ਉਨ੍ਹਾਂ ਦੇ ਅੰਗ ਭੰਗ ਹੁੰਦੇ ਜਾ ਰਹੇ ਸਨ। ਉਹ ਉੱਛਲ ਉੱਛਲ ਕੇ ਰਣ ਭੂਮੀ ਵਿਚ ਡਿੱਗਦੇ ਜਾਂਦੇ ਸਨ। ਸੂਹੇ ਰੰਗ ਵਿਚ ਰੰਗੇ ਹੋਏ ਸਾਰੇ ਸੂਰਮੇ ਨਿਡਰ ਹੋ ਕੇ ਵੈਰੀ ਨਾਲ ਅੜੇ ਹੋਏ ਸਨ॥੨੦॥

**ਅਰਧ ਨਰਾਜ ਛੰਦ॥ ਨਵੰ ਨਿਸ਼ਾਣ ਬਾਜੀਯੰ॥ ਘਟਾ ਘਮੰਡ ਲਾਜੀਯੰ॥**
**ਤਬੱਲ ਤੂੰਦਰੰ ਬਜੇ॥ ਸੁਣੰਤ ਸੂਰਮਾ ਗਜੇ॥੨੧॥**

ਨਵੇਂ ਨਗਾਰੇ ਵੱਜਦੇ ਸਨ, ਘਮੰਡ ਵਾਲੀਆਂ ਘਟਾਂ ਵੀ ਇਨ੍ਹਾਂ ਦੀ ਅਵਾਜ਼ ਅਗੇ ਸ਼ਰਮਿੰਦੀਆਂ ਹੁੰਦੀਆਂ ਸਨ। ਕਸੇ ਹੋਏ ਤਬੱਲ ਭਾਵ ਛੋਟੇ ਨਗਾਰੇ ਵੱਜਣ ਲਗੇ। ਜਿਨ੍ਹਾਂ ਦੀ ਅਵਾਜ਼ ਸੁਣ ਕੇ ਸੂਰਮੇ ਗੱਜਣ ਲੱਗ ਪਏ॥੨੧॥

**ਸੁ ਜੂਝਿ ਜੂਝਿ ਕੈ ਪਰੈਂ॥ ਸੁਰੇਸ਼ ਲੋਗ ਬਿਚਰੈਂ॥**
**ਚੜੈ ਬਿਵਾਨ ਸੋਭਹੀ॥ ਅਦੇਵ ਦੇਵ ਲੋਭਹੀ॥੨੨**

ਲੜਾਕੇ ਸੂਰਬੀਰ ਸ਼ਹੀਦ ਹੋ ਕੇ ਡਿੱਗਦੇ ਸਨ, ਅਤੇ ਇੰਦਰ ਲੋਕ ਨੂੰ ਚਲੇ ਜਾਂਦੇ ਸਨ। ਬਿਮਾਨਾਂ ਉੱਤੇ ਚੜ੍ਹ ਕੇ ਸੋਭਾ ਪਾਉਂਦੇ ਸਨ, ਜਿਹਨਾਂ ਨੂੰ ਵੇਖ ਕੇ ਦੈਂਤ ਅਤੇ ਦੇਵਤੇ ਉਸ ਪਦਵੀ ਨੂੰ ਪਾਉਣ ਲਈ ਲੁਭਾਇਮਾਨ ਹੋ ਰਹੇ ਸਨ॥੨੨॥

**ਬੇਲੀ ਬਿੰਦ੍ਰਮ ਛੰਦ॥**

ਡਾਕਣੀ 'ਡਾਹ ਡਾਹ' ਕਰਦਾ ਡਮਰੂ ਵਜਾਉਂਦੀ ਸੀ, ਅਤੇ 'ਕਹ ਕਹ' ਕਰਕੇ ਹੱਸਦੀ ਹੋਈ ਕਲਜੋਗਣੀ ਕੂਕਾਂ ਮਾਰਦੀ ਸੀ। ਝਮ ਝਮ ਕਰਕੇ ਬਰਛੇ ਚਮਕਦੇ ਸਨ, ਜੋ ਜੰਗ ਵਿਚ ਹਾਥੀਆਂ ਤੇ ਘੋੜਿਆਂ ਨੂੰ ਉਲਟਾ ਕੇ ਸੁਟ ਰਹੇ ਸਨ॥ ੨੩॥

**ਢਮ ਢਮਕ ਢੋਲ ਢਮੱਕੀਯੰ॥ ਝਲ ਝਲਕ ਤੇਗ ਝਲੱਕੀਯੰ॥**
**ਜਟ ਛੋਰ ਰੁਦ੍ਰ ਤਹ ਨੱਚੀਯੰ॥ ਬਿਕ੍ਰਾਰ ਮਾਰ ਜਹ ਮੱਚੀਯੰ॥ ੨੪॥**

ਢੰਮ ਢੰਮ ਕਰਕੇ ਢੋਲ ਖੜਕਦੇ ਸਨ, ਝਲ ਝਲ ਕਰਦੇ ਤੇਗੇ ਝਲਕ ਰਹੇ ਸਨ। ਸਿਰ ਦਾ ਜੂੜਾ ਖੋਲ੍ਹ ਕੇ ਸ਼ਿਵਜੀ ਉਥੇ ਨੱਚਦਾ ਸੀ, ਜਿਥੇ ਡਰੌਣੀ ਮਾਰ ਮੱਚੀ ਹੋਈ ਸੀ॥ ੨੪॥

**ਤੋਟਕ ਛੰਦ॥ ਉਥਕੇ ਰਣ ਬੀਰਣ ਬਾਜ ਬਰੰ॥ ਝਮਕੀ ਘਣ ਬਿੱਜੁ ਕ੍ਰਿਪਾਣ ਕਰੰ॥**
**ਲਹਕੇ ਰਣ ਧੀਰਣ ਬਾਣ ਉਰੰ॥ ਰੰਗ ਸ੍ਰੋਣਤ ਰੱਤ ਕਢੇ ਦੁਸਰੰ॥ ੨੫॥**

ਸੂਰਮੇ ਰਣ ਵਿਚ ਬਲ ਨਾਲ ਘੋੜਿਆਂ ਨੂੰ ਉਲਟਾ ਸੁਟਦੇ ਸਨ, ਬੱਦਲਾਂ ਵਿਚ ਜਿਵੇਂ ਬਿੱਜਲੀ ਚਮਕਦੀ ਹੈ, ਹੱਥਾਂ ਵਿਚ ਇਵੇਂ ਕਿਰਪਾਨਾਂ ਚਮਕਦੀਆਂ ਸਨ। ਰਣ ਦੇ ਧੀਰਜਵਾਨ ਸੂਰਮਿਆਂ ਦੀ ਛਾਤੀ ਵਿਚੋਂ ਬਾਣ ਲੰਘ ਕੇ, ਲਹੂ ਦੇ ਰੰਗ ਨਾਲ ਰੱਤੇ ਹੋ ਕੇ ਦੂਸਰੇ ਪਾਸੇ ਨਿਕਲਦੇ ਜਾਂਦੇ ਸਨ॥ ੨੫॥

**ਫਰਹੰਤ ਧੁਜਾ ਥਹਰੰਤ ਭਟੰ॥ ਨਿਰਖੰਤ ਲਜੀ ਛਬਿ ਸਜਾਮ ਘਟੰ॥**
**ਚਮਕੰਤ ਸੁ ਬਾਣ ਕ੍ਰਿਪਾਣ ਰਣੰ॥ ਜਿਮ ਕਉਂਧਿਤ ਸਾਵਣ ਬਿੱਜੁ ਘਣੰ॥ ੨੬॥**

ਝੰਡੇ ਝੂਲਦੇ ਸਨ, ਸੂਰਮੇ ਫਿਰਦੇ ਸਨ, ਜਿਹਨਾਂ ਨੂੰ ਵੇਖਦਿਆਂ ਕਾਲੀਆਂ ਘਟਾਵਾਂ ਵੀ ਸ਼ਰਮਸਾਰ ਹੁੰਦੀਆਂ ਸਨ। ਜੰਗ ਵਿਚ ਤੀਰ ਤਲਵਾਰ ਇੰਝ ਚਮਕਦੇ ਸਨ, ਜਿਵੇਂ ਸਾਵਣ ਦੇ ਬੱਦਲਾਂ ਵਿਚ ਬਿਜਲੀ ਚਮਕਦੀ ਹੈ॥ ੨੬॥

**ਦੋਹਰਾ॥ ਕਥਾ ਬ੍ਰਿਧ ਤੇ ਮੈ ਡਰੋ ਕਹਾਂ ਕਰੋ ਬਖਜਾਨ॥**
**ਨਿਸਾਹੰਤ ਅਸੁਰੇਸ਼ ਸੋਸਰ ਤੇ ਭਯੋ ਨਿਧਾਨ॥ ੨੭॥**

ਕਥਾ ਵਧ ਜਾਏਗੀ, ਇਸ ਲਈ ਮੈਂ ਡਰਦਾ ਹਾਂ, ਬਹੁਤਾ ਕਥਨ ਕੀ ਕਰਾਂ ? ਸਾਰ ਇਹ ਹੈ ਕਿ ਰਾਤ ਦਾ ਅੰਤ ਕਰਨ ਵਾਲੇ ਸੂਰਜ ਦੇ ਤੀਰ ਨਾਲ ਦੈਂਤ ਰਾਜ ਦੀਰਘ ਕਾਇ ਦਾ ਅੰਤ ਹੋ ਗਿਆ॥ ੨੭॥

ਭਾਵਾਰਥ :- ਸੂਰਜ ਧਰਤੀ ਤੋਂ ਚਾਰ ਕ੍ਰੋੜ ਪੈਹਠ ਲੱਖ ਮੀਲ ਦੂਰ ਹੈ। ਉਸ ਦਾ ਵਿਆਸ
ਧਰਤੀ ਦੇ ਵਿਆਸ ਨਾਲੋਂ ੧੦੮ ਗੁਣਾਂ ਵੱਡਾ ਹੈ। ਘਨ ਫਲ ਦੇ ਹਿਸਾਬ ਨਾਲ ਦੇਖੀਏ ਤਾਂ ਜਿੰਨੀ
ਜਗ੍ਹਾਂ ਸੂਰਜ ਨੇ ਘੇਰੀ ਹੋਈ ਹੈ, ਓਨੀ ਜਗ੍ਹਾਂ ਵਿਚ ਧਰਤੀ ਦੇ ਅਜਿਹੇ ੧੨੫੦੦੦੦ ਗੋਲੇ ਆਉਣਗੇ।
ਸਾਰ ਅੰਸ਼ ਇਹ ਹੈ, ਸੂਰਜ ਧਰਤੀ ਨਾਲੋਂ ਬਹੁਤ ਹੀ ਵੱਡਾ ਹੈ। ਪਰ ਸੂਰਜ ਜਿੰਨਾਂ ਵੱਡਾ ਹੈ, ਓਨਾ
ਬੋਝਲ ਨਹੀਂ ਹੈ। ਉਸ ਦਾ ਭਾਰ ਮੁਕਾਬਲੇ ਨਾਲ ਧਰਤੀ ਤੋਂ ਚੁਥਾਈ ਹੈ। ਅਰਥਾਤ ਜੇ ਅਸੀਂ ਇਕ

ਟੁਕੜਾ ਧਰਤੀ ਦਾ, ਅਤੇ ਓਨਾਂ ਹੀ ਵਡਾ ਟੁਕੜਾ ਸੂਰਜ ਦਾ ਲੈ ਲਈਏ ਤਾਂ ਧਰਤੀ ਦਾ ਟੁਕੜਾ ਤੋਲ ਵਿਚ ਸੂਰਜ ਦੇ ਟੁਕੜੇ ਨਾਲੋਂ ਚੌਗੁਣਾਂ ਹੋਵੇਗਾ। ਕਾਰਨ ਇਹ ਹੈ ਕਿ ਸੂਰਜ ਧਰਤੀ ਵਾਂਗੂੰ ਨਿਗਰ ਨਹੀਂ ਹੈ, ਉਹ ਤਰਲ-ਪ੍ਰਕਾਸ਼ਵਾਨ ਦ੍ਰਵ ਦੀ ਸ਼ਕਲ ਵਿਚ ਹੈ। ਸੂਰਜ ਦੇ ਤਲ ਤੇ ਜਿੰਨੀ ਗਰਮੀ ਹੈ, ਉਸ ਦਾ ਛੇਤੀ ਨਾਲ ਅਨੁਮਾਨ ਨਹੀਂ ਹੋ ਸਕਦਾ। ਉਸਦੀ ਗਰਮੀ ੨੦੦੦੦ ਡਿਗਰੀ ਤਕ ਅਨੁਮਾਨ ਕੀਤੀ ਗਈ ਹੈ। ਇਸੇ ਗਰਮੀ ਦੇ ਅਨੁਸਾਰ ਉਸ ਦੇ ਬੇਹੱਦ ਉਜਾਲੇ ਦਾ ਅਨੁਮਾਨ ਕਰਨਾ ਚਾਹੀਦਾ ਹੈ। ਅਕਸਰ ਅਸਾਂ ਲੋਕਾਂ ਨੂੰ ਸੂਰਜ ਦਾ ਤਲਾ ਬਿਲਕੁਲ ਸਾਫ ਤੇ ਨਿਸ਼ਕਲੰਕ ਨਜ਼ਰ ਪੈਂਦਾ ਹੈ, ਪਰ ਉਸ ਵਿਚ ਵੀ ਬਹੁਤ ਸਾਰੇ ਕਾਲੇ ਨਿਸ਼ਾਨ ਹਨ। ਇਹਨਾਂ ਵਿਚ ਵਚਿਤ੍ਰਤਾ ਇਹ ਹੈ ਕਿ ਇਹ ਕਿਸੇ ਬੱਧੇ ਹੋਏ ਨਿਯਮ ਅਨੁਸਾਰ ਘਟਦੇ ਵਧਦੇ ਰਹਿੰਦੇ ਹਨ। ਕਦੇ ਕਾਲੇ ਦਾਗਾਂ ਦੀ ਗਿਣਤੀ ਵਧ ਜਾਂਦੀ ਹੈ, ਅਤੇ ਕਦੇ ਘਟ ਜਾਂਦੀ ਹੈ। ਜਿਸ ਸਾਲ ਇਹਨਾਂ ਦੀ ਗਿਣਤੀ ਬਹੁਤ ਹੁੰਦੀ ਹੈ, ਉਸ ਵਰ੍ਹੇ ਵਿਚ ਧਰਤੀ ਤੇ ਚੁੰਬਕ ਸ਼ਕਤੀ ਦਾ ਖਜੋਭ ਬਹੁਤ ਵਧ ਜਾਂਦਾ ਹੈ, ਅਤੇ ਬਿਜਲੀ ਸ਼ਕਤੀ ਦੇ ਕਈ ਨਜ਼ਾਰੇ ਨਜ਼ਰ ਪੈਂਦੇ ਹਨ। ਕਈ ਸਾਇੰਸਦਾਨਾਂ ਦਾ ਅਨੁਮਾਨ ਹੈ ਕਿ ਇਨ੍ਹਾਂ ਦਾਗਾਂ ਦਾ ਬਰਖਾ ਨਾਲ ਵੀ ਸੰਬੰਧ ਹੈ। ਜਿਸ ਵਰ੍ਹੇ ਵਿਚ ਇਹ ਦਾਗ ਬਹੁਤ ਹੁੰਦੇ ਹਨ, ਉਸ ਸਾਲ ਬਰਖਾ ਵੀ ਬਹੁਤ ਹੁੰਦੀ ਹੈ।

ਪੌਰਾਣਿਕ ਸਮੇਂ ਵਿਚ ਸੂਰਜ ਨੂੰ ਵਿਸ਼ਨੂੰ ਦਾ ਅਵਤਾਰ ਕਰਕੇ ਮੰਨਿਆ ਗਿਆ, ਜਿਸ ਨੂੰ ਦੀਰਘ ਕਾਇ ਜੋ ਇਕ ਗਜ ਰੋਜ਼ ਵਧਦਾ ਸੀ ਦਾ ਨਾਸ ਕੀਤਾ। ਨਾਸ ਕਰਨ ਦਾ ਕਾਰਣ ਵੀ ਏਹੀ ਦੱਸਿਆ ਹੈ ਕਿ ਦੀਰਘ ਕਾਇ ਦੇ ਨਿੱਤ ਦੇ ਵਾਧੇ ਨੇ ਸੂਰਜ ਦੇ ਰਥ ਦਾ ਰਾਹ ਰੋਕ ਲਿਆ, ਜਿਸ ਤੋਂ ਸੂਰਜ ਨੂੰ ਗੁੱਸਾ ਆਇਆ ਅਤੇ ਉਸ ਨੂੰ ਨਾਸ ਕਰ ਦਿੱਤਾ। ਸੂਰਜ ਨੂੰ ਧਨੁਰ ਵਿਦਿਆ ਦਾ ਅਚਾਰਜ ਵੀ ਮੰਨਿਆ ਜਾਂਦਾ ਹੈ। ਪੁਰਾਣਾਂ ਵਿਚ ਇਸ ਦੇ ਸੰਬੰਧ ਦੀਆਂ ਕਈ ਅਲੌਕਿਕ ਕਥਾਵਾਂ ਆਉਂਦੀਆਂ ਹਨ ਜੈਸਾ ਕਿ ਵਿਸ਼੍ਵਕਰਮਾਂ ਨੇ ਸੂਰਜ ਨੂੰ ਖਰਾਦ ਤੇ ਧਰ ਕੇ ਛਿਲਿਆ ਅਤੇ ਉਸ ਨਾਲੋਂ ਲਥੇ ਹੋਏ ਬੂਰੇ ਤੋਂ ਸੁਦਰਸ਼ਨ ਚਕਰ ਰਚਿਆ ਗਿਆ ਆਦਿਕ ਪੁਰਾਣਾਂ ਵਿਚ ਇਸ ਦੀ ਉਤਪੱਤੀ ਬਾਰੇ ਇਉਂ ਲਿਖਿਆ ਹੈ। "ਨਾਰਾਇਣ ਤੋਂ ਬ੍ਰਹਮਾ, ਬ੍ਰਹਮਾ ਤੋਂ ਮਰੀਚਿ, ਮਰੀਚਿ ਤੋਂ ਕਸ਼ਜਪ, ਕਸ਼ਜਪ ਤੋਂ ਸੂਰਜ, ਸੂਰਜ ਤੋਂ ਵੈਵਸ੍ਵਤ ਮਨੁ ਅਤੇ ਵੈਵਸ੍ਵਤ ਮਨੁ ਤੋਂ ਇਖ੍ਵਾਕੁ ਹੋਏ। ਅਗੇ ਇਸ ਦੀ ਕੁਲ ਵਿਚ ਸ੍ਰੀ ਰਾਮ ਚੰਦਰ ਜੀ ਆਦਿਕ ਚਾਰੇ ਭਾਈ ਹੋਏ, ਅਤੇ ਸੋਢੀ ਬੰਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਵੀ ਇਸੇ ਬੰਸ ਨਾਲ ਸਿਲਸਿਲਾ ਮਿਲਦਾ ਹੈ। ਯਮ ਤੇ ਸ਼ਨੀ ਸੂਰਜ ਦੇ ਪੁੱਤਰ, ਮ੍ਰਿਤੂ ਤੇ ਜਮਨਾ ਨਦੀ ਸੂਰਜ ਦੀ ਕੰਨਿਆ ਹੈ। ਉਧਰ ਪੰਡੂ ਦੀ ਰਾਣੀ ਕੁੰਤੀ ਨੇ ਕੁਆਰਪੁਣੇ ਵਿਚ ਸੂਰਜ ਤੋਂ ਕਰਣ ਨੂੰ ਪੈਦਾ ਕੀਤਾ ਸੀ, ਆਦਿਕ ਕਈ ਪ੍ਰਕਰਣ ਮਿਲਦੇ ਹਨ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ 'ਸੂਰਜ' ਅਸ਼ਟ ਦਸਮੋ ਅਵਤਾਰ ਸਮਾਪਤਮ॥ ਸਤੁ ਸੁਭਮ ਸਤੁ॥੧੮॥੨੭॥੪੦੨॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਅਠਾਰਵਾਂ ਅਵਤਾਰ 'ਸੂਰਜ' ਸਮਾਪਤ॥ ਸਤ ਸ਼ੁਭਮ ਸਤ॥੧੮॥ ੨੭॥੪੦੨॥ ਚਲਦਾ॥

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਉਨ੍ਹੀਵਾਂ ਅਵਤਾਰ 'ਚੰਦ'

**ਦੋਧਕ ਛੰਦ॥ ਫੇਰਿ ਗਨੋ ਨਿਸਰਾਜ ਬਿਚਾਰਾ॥ ਜੈਸ ਧਰਜੋ ਅਵਤਾਰ ਮੁਰਾਰਾ॥ ਬਾਤ ਪੁਰਾਤਨ ਭਾਖ ਸੁਨਾਊਂ॥ ਜਾ ਤੇ ਕਬ ਕੁਲ ਸਰਬ ਰਿਝਾਊਂ॥੧॥**

ਹੁਣ ਮੈਂ ਰਾਤ ਦੇ ਰਾਜੇ ਚੰਦ ਦਾ ਵਿਚਾਰ ਕਥਨ ਕਰਦਾ ਹਾਂ, ਜਿਸ ਤਰ੍ਹਾਂ ਵਿਸ਼ਨੂੰ ਨੇ ਚੰਦ ਅਵਤਾਰ ਧਰਿਆ ਸੀ ਉਹ ਪੁਰਾਣੀ ਕਥਾ ਸੁਣਾਉਂਦਾ ਹਾਂ। ਜਿਸ ਨੂੰ ਸੁਣ ਕੇ ਸਾਰੇ ਕਵੀ ਲੋਕ ਪ੍ਰਸੰਨ ਹੋ ਜਾਣਗੇ॥੧॥

**ਨੈਕ ਕ੍ਰਿਸਾ ਕਹੁ ਠਉਰ ਨ ਹੋਈ॥ ਭੂਖਨ ਲੋਗ ਮਰੈ ਸਭ ਕੋਈ॥ ਅੰਧਿ ਨਿਸਾ ਦਿਨ ਭਾਨੁ ਜਰਾਵੈ॥ ਤਾਤੇ ਕ੍ਰਿਸ ਕਹੂੰ ਹੋਨ ਨ ਪਾਵੈ॥੨॥**

ਥੋੜ੍ਹੀ ਜਿੰਨੀ ਖੇਤੀ ਵੀ, ਕਿਸੇ ਜਗ੍ਹਾ ਤੇ ਨਹੀਂ ਸੀ ਹੁੰਦੀ। ਭੁੱਖ ਨਾਲ ਸਾਰੇ ਲੋਕ ਮਰ ਰਹੇ ਸਨ। ਹਨੇਰੀ ਰਾਤ ਬੀਤਨ ਮਗਰੋਂ ਦਿਨੇ ਸੂਰਜ ਖੇਤੀਆਂ ਨੂੰ ਸਾੜ ਦੇਂਦਾ ਸੀ। ਇਸ ਕਰਕੇ ਖੇਤੀ ਕਿਤੇ ਵੀ ਨਹੀਂ ਹੋ ਸਕਦੀ ਸੀ॥੨॥

**ਲੋਗ ਸਭੈ ਇਹ ਤੇ ਅਕੁਲਾਨੇ॥ ਭਾਜਿ ਚਲੇ ਜਿਮ ਪਾਤ ਪੁਰਾਨੇ॥ ਭਾਂਤ ਹੀ ਭਾਂਤ ਕਰੇ ਹਰਿ ਸੇਵਾ॥ ਤਾਂ ਤੇ ਪ੍ਰਸੰਨ ਭਏ ਗੁਰਦੇਵਾ॥੩॥**

ਸਾਰੇ ਲੋਕ ਇਸ ਕਰਕੇ ਵਿਆਕੁਲ ਹੋ ਗਏ। ਉਹ ਇਸ ਤਰ੍ਹਾਂ ਭੱਜ ਤੁਰੇ, ਜਿਸ ਤਰ੍ਹਾਂ ਪੁਰਾਣੇ ਪੱਤਰ ਹਵਾ ਦੇ ਨਾਲ ਉੱਡ ਜਾਂਦੇ ਹਨ। ਤਰ੍ਹਾਂ ਤਰ੍ਹਾਂ ਨਾਲ ਹਰੀ ਦੀ ਸੇਵਾ ਕਰਨ ਲੱਗੇ। ਜਿਸ ਕਰਕੇ ਗੁਰਦੇਵ ਭਾਵ ਪਰਮਾਤਮਾ ਪ੍ਰਸੰਨ ਹੋ ਗਿਆ॥੩॥

**ਨਾਰਿ ਨ ਸੇਵ ਕਰੈਂ ਨਿਜ ਨਾਥੰ॥ ਲੀਨੇ ਹੀ ਰੋਸੁ ਫਿਰੈਂ ਜੀਅ ਸਾਥੰ॥ ਕਾਮਨਿ ਕਾਮੁ ਕਹੂੰ ਨ ਸੰਤਾਵੈ॥ ਕਾਮ ਬਿਨਾ ਕੋਊ ਕਾਮੁ ਨ ਭਾਵੈ॥੪॥**

ਇਸਤਰੀਆਂ ਆਪਣੇ ਪਤੀਆਂ ਦੀ ਸੇਵਾ ਨਹੀਂ ਕਰਦੀਆਂ ਸਨ, ਸਗੋਂ ਜੀਅ ਵਿਚ ਗੁੱਸਾ ਲਈ ਫਿਰਦੀਆਂ ਸਨ। ਕਿਉਂਕਿ ਕਿਸੇ ਇਸਤਰੀ ਨੂੰ ਕਦੇ ਕਾਮ ਦਾ ਸੰਤਾਪ ਨਹੀਂ ਹੁੰਦਾ ਸੀ। ਇਸ ਲਈ ਕਾਮ ਵਾਸ਼ਨਾ ਤੋਂ ਬਿਨਾਂ ਕਿਸੇ ਨੂੰ ਕੋਈ ਕੰਮ ਵੀ ਚੰਗਾ ਨਹੀਂ ਸੀ ਲੱਗਦਾ॥੪॥

**ਤੋਮਰ ਛੰਦ॥ ਪੂਜੇ ਨ ਕੋ ਤ੍ਰੀਯਾ ਨਾਥੰ॥ ਐਂਠੀ ਫਿਰੈ ਜੀਅ ਸਾਥੰ॥**
**ਦੂਖੁ ਵੈ ਨ ਤਿਨ ਕਹੁ ਕਾਮ॥ ਤਾਤੇ ਨ ਬਿਨਵਤ ਬਾਮ॥ ੫॥**

ਕੋਈ ਵੀ ਇਸਤਰੀ ਪਤੀ ਦੀ ਸੇਵਾ ਨਹੀਂ ਸੀ ਕਰਦੀ, ਅਤੇ ਆਪਣੇ ਆਪ ਵਿਚ ਹੀ ਆਕੜੀ ਫਿਰਦੀ ਸੀ। ਕਿਉਂਕਿ ਕਾਮ ਉਨ੍ਹਾਂ ਨੂੰ ਦੁਖ ਨਹੀਂ ਸੀ ਦੇਂਦਾ ਇਸ ਕਰਕੇ ਇਸਤਰੀ ਪਤੀ ਅੱਗੇ ਨਿੰਮ੍ਰਤਾ ਭਾਵ ਨਹੀਂ ਧਾਰਦੀ ਸੀ॥ ੫॥

**ਕਰ ਹੈ ਨ ਪਤਿ ਕੀ ਸੇਵ॥ ਪੂਜੇ ਨ ਗੁਰ ਗੁਰਦੇਵ॥**
**ਧਰ ਹੈਂ ਨ ਹਰਿ ਕੋ ਧਯਾਨ॥ ਕਰਿ ਹੈਂ ਨ ਨਿਤ ਇਸ਼ਨਾਨ॥ ੬॥**

ਪਤੀ ਦੀ ਸੇਵਾ ਨਹੀਂ ਕਰਦੀਆਂ ਸਨ ਅਤੇ ਨਾ ਹੀ ਗੁਰੂ ਗੁਰਦੇਵ ਪ੍ਰਭੂ ਦੀ ਪੂਜਾ ਕਰਦੀਆਂ ਸਨ। ਹਰੀ ਦਾ ਧਿਆਨ ਵੀ ਨਹੀਂ ਧਰਦੀਆਂ ਸਨ ਅਤੇ ਨਾ ਹੀ, ਹਰ ਰੋਜ਼ ਇਸ਼ਨਾਨ ਕਰਦੀਆਂ ਸਨ॥ ੬॥

**ਤਬ ਕਾਲ ਪੁਰਖ ਬੁਲਾਇ॥ ਬਿਸ਼ਨੈ ਕਹਜੋ ਸਮਝਾਇ॥**
**ਸਸਿ ਕੋ ਧਰਹੁ ਅਵਤਾਰ॥ ਨਹੀ ਆਨ ਬਾਤ ਬਿਚਾਰ॥ ੭॥**

ਜਦੋਂ ਅਜਿਹੀ ਜਗਤ ਦੀ ਦਸ਼ਾ ਵੇਖੀ ਤਦੋਂ ਅਕਾਲ ਪੁਰਖ ਨੇ ਵਿਸ਼ਨੂੰ ਨੂੰ ਬੁਲਾਇਆ ਅਤੇ ਸਮਝਾ ਕੇ ਕਿਹਾ-ਜਗਤ ਵਿਚ ਜਾ ਕੇ ਚੰਦ ਦਾ ਅਵਤਾਰ ਧਾਰੋ, ਇਸ ਤੋਂ ਬਿਨਾਂ ਹੋਰ ਕਿਸੇ ਗੱਲ ਦੀ ਵਿਚਾਰ ਨਾ ਕਰੋ॥ ੭॥

**ਤਬ ਬਿਸ਼ਨ ਸੀਸ ਨਿਵਾਇ॥ ਕਰਿ ਜੋਰਿ ਕਹੀ ਬਨਾਇ॥**
**ਧਰਿਹੋਂ ਦਿਨਾਂਤ ਵਤਾਰ॥ ਜਿਤ ਹੋਇ ਜਗਤ ਕੁਮਾਰ॥ ੮॥**

ਤਦ ਵਿਸ਼ਨੂੰ ਨੇ ਸਿਰ ਨਿਵਾ ਕੇ ਅਤੇ ਹੱਥ ਜੋੜ ਕੇ ਕਿਹਾ-ਮੈਂ ਆਪ ਦੇ ਹੁਕਮ ਅਨੁਸਾਰ ਚੰਦ ਅਵਤਾਰ ਧਾਰਨ ਕਰਦਾ ਹਾਂ, ਜਿਸ ਕਰਕੇ ਜਗਤ ਵਿਚ ਪੁਰਖ ਦੀ ਜਿੱਤ ਹੋਵੇਗੀ॥ ੮॥

**ਤਬ ਮਹਾਂ ਤੇਜ ਮੁਰਾਰ॥ ਧਰਿਯੋ ਸੁ ਚੰਦ੍ਰ ਅਵਤਾਰ॥**
**ਤਨ ਕੈ ਮਦਨ ਕੋ ਬਾਨ॥ ਮਾਰਿਯੋ ਤ੍ਰੀਯਨ ਕਹ ਤਾਨ॥ ੯॥**

ਤਦੋਂ ਵੱਡੇ ਤੇਜ ਵਾਲੇ ਵਿਸ਼ਨੂੰ ਨੇ, ਬੜਾ ਸੁੰਦਰ ਚੰਦਰਮਾ ਦਾ ਅਵਤਾਰ ਧਾਰਨ ਕੀਤਾ। ਜਿਸ ਨੇ ਕਾਮ ਦਾ ਤੀਰ ਖਿੱਚ ਕੇ ਅਤੇ ਇਸਤਰੀਆਂ ਨੂੰ ਨਿਸ਼ਾਨਾ ਕਰਕੇ ਮਾਰ ਦਿੱਤਾ॥ ੯॥

**ਤਾ ਤੇ ਭਈ ਤ੍ਰੀਯ ਦੀਨ॥ ਸਭ ਗਰਬ ਹੁਐ ਗਜੋ ਛੀਨ॥**
**ਲਾਗੀ ਕਰਨ ਪਤਿ ਸੇਵ॥ ਯਾਤੇ ਪ੍ਰਸੰਨਿ ਭਏ ਦੇਵ॥ ੧੦॥**

ਇਸ ਕਰਕੇ ਇਸਤਰੀਆਂ ਦੀਨ ਹੋ ਗਈਆਂ ਸਾਰਾ ਹੀ ਹੰਕਾਰ ਉਨ੍ਹਾਂ ਦਾ ਨਾਸ ਹੋ ਗਿਆ। ਪਤੀ ਦੀ ਸੇਵਾ ਕਰਨ ਲੱਗੀਆਂ। ਜਿਸ ਕਰਕੇ ਪਤੀ ਦੇਵ ਵੀ ਉਨ੍ਹਾਂ ਤੇ ਪ੍ਰਸੰਨ ਹੋਏ॥੧੦॥

**ਬਹੁ ਕ੍ਰਿਸਾ ਲਾਗੀ ਹੋਨ॥ ਲਖ ਚੰਦ੍ਰਮਾ ਕੀ ਜੋਨ॥**
**ਸਭ ਭਏ ਸਿਧ ਬਿਚਾਰ॥ ਇਮ ਭਯੋ ਚੰਦ੍ਰ ਅਵਤਾਰ॥੧੧॥**

ਚੰਦਰਮਾ ਦੀ ਚਾਨਣੀ ਨੂੰ ਵੇਖ ਕੇ, ਖੇਤੀਆਂ ਵੀ ਬਹੁਤ ਹੋਣ ਲੱਗੀਆਂ। ਸਾਰੇ ਬਿਚਾਰ ਪੂਰੇ ਹੋ ਗਏ। ਇਸ ਤਰ੍ਹਾਂ ਦਾ ਚੰਦਰਮਾ ਅਵਤਾਰ ਹੋਇਆ॥੧੧॥

**ਇਮ ਹਰਿ ਧਰਾ ਚੰਦ੍ਰ ਅਵਤਾਰਾ॥ ਬਢਿਯੋ ਗਰਬ ਲਹਿ ਰੂਪ ਅਪਾਰਾ॥**
**ਆਨ ਕਿਸੂ ਕਹੁ ਚਿਤ ਨ ਲਿਆਯੋ॥ ਤਾਤੇ ਤਾਹਿ ਕਲੰਕ ਲਗਾਯੋ॥੧੨॥**

ਵਿਸ਼ਨੂੰ ਨੇ ਇਸ ਤਰ੍ਹਾਂ ਨਾਲ ਚੰਦਰਮਾ ਅਵਤਾਰ ਧਾਰਿਆ ਸੀ। ਪਰ ਉਸ ਵਿਚ ਆਪਣਾ ਅਪਾਰ ਰੂਪ ਵੇਖ ਕੇ ਗਰਬ ਭਾਵ ਹੰਕਾਰ ਵਧ ਗਿਆ। ਅਤੇ ਹੋਰ ਕਿਸੇ ਨੂੰ ਉਸ ਨੇ ਚੇਤੇ ਵੀ ਨਾ ਲਿਆਂਦਾ। ਇਸੇ ਕਰਕੇ ਹੀ ਫਿਰ ਉਸਨੂੰ ਕਲੰਕ ਲੱਗ ਗਿਆ॥੧੨॥

**ਭਜਤ ਭਯੋ ਅੰਬਰ ਕੀ ਦਾਰਾ॥ ਤਾ ਤੇ ਕੀਯ ਮੁਨ ਰੋਸ ਅਪਾਰਾ॥**
**ਕਿਸਨਾਰਜੁਨ ਮ੍ਰਿਗ ਚਰਮ ਚਲਾਯੋ॥ ਤਿਹ ਕਰਿ ਤਾਹਿ ਕਲੰਕ ਲਗਾਯੋ॥੧੩॥**

ਗੌਤਮ ਰਿਸ਼ੀ ਦੀ ਇਸਤ੍ਰੀ ਨਾਲ ਚੰਦਰਮਾ ਨੇ ਕੇਲ ਕ੍ਰੀੜਾ ਕੀਤੀ। ਇਸ ਕਰਕੇ ਮੁਨੀ ਨੇ ਬਹੁਤ ਗੁੱਸਾ ਕੀਤਾ ਅਤੇ ਉਸਨੇ ਕਾਲੇ ਹਿਰਨ ਦੀ ਖਲੜੀ ਚੰਦਰਮਾਂ ਨੂੰ ਮਾਰੀ, ਜਿਸ ਕਰਕੇ ਚੰਦਰਮਾਂ ਨੂੰ ਦਾਗ ਲੱਗ ਗਏ ਅਤੇ ਉਹ ਕਲੰਕਤ ਹੋ ਗਿਆ॥੧੩॥

**ਸ੍ਰਾਪ ਲਗਯੋ ਤਾਂਕੋ ਮੁਨ ਸੰਦਾ॥ ਘਟਤ ਬਢਤ ਤਾ ਦਿਨ ਤੇ ਚੰਦਾ॥**
**ਲਜਿਤ ਅਧਿਕ ਹਿਰਦੇ ਮੋ ਭਯੋ॥ ਗਰਬ ਅਖਰਬ ਦੂਰ ਹੁਐ ਗਯੋ॥੧੪**

ਦੂਜਾ ਗੌਤਮ ਮੁਨੀ ਦਾ ਵੀ ਉਸਨੂੰ ਸਰਾਪ ਲੱਗਾ। ਉਸ ਦਿਨ ਤੋਂ ਚੰਦਰਮਾਂ ਵਧਦਾ ਘਟਦਾ ਹੈ। ਉਸ ਦਿਨ ਤੋਂ ਹਿਰਦੇ ਵਿਚ ਚੰਦਰਮਾ ਬਹੁਤ ਸ਼ਰਮਿੰਦਾ ਹੋਇਆ ਹੈ ਅਤੇ ਜੋ ਬਹੁਤ ਹੰਕਾਰ ਚੰਦ੍ਰਮਾ ਦੇ ਹਿਰਦੇ ਵਿਚ ਸੀ, ਉਹ ਸਾਰਾ ਹੀ ਦੂਰ ਹੋ ਗਿਆ॥੧੪॥

**ਤਪਸਾ ਕਰੀ ਬਹੁਤੁ ਤਿਹ ਕਾਲਾ॥ ਕਾਲ ਪੁਰਖ ਪੁਨ ਭਯੋ ਦਿਆਲਾ॥**
**ਛਈ ਰੋਗ ਤਿਹ ਸਕਲ ਬਿਨਾਸਾ॥ ਭਯੋ ਸੂਰ ਤੇ ਊਚ ਨਿਵਾਸਾ॥੧੫॥**

ਫਿਰ ਚੰਦਰਮਾ ਨੇ ਬਹੁਤ ਚਿਰ ਤੱਕ ਤਪਸਿਆ ਕੀਤੀ। ਤਦ ਅਕਾਲ ਪੁਰਖ ਉਸ ਉਤੇ ਕ੍ਰਿਪਾਲੂ ਹੋਏ। ਉਨ੍ਹਾਂ ਨੇ ਉਸਦਾ ਸਾਰਾ ਖਈ ਰੋਗ ਨਾਸ ਕਰ ਦਿੱਤਾ, ਅਤੇ ਚੰਦਰਮਾ ਨੂੰ ਸੂਰਜ ਨਾਲੋਂ ਵੀ ਉੱਚੇ ਸਥਾਨ ਤੇ ਵਾਸਾ ਮਿਲਿਆ॥੧੫॥

ਭਾਵਾਰਥ-ਸਾਇੰਸਦਾਨਾਂ ਨੇ ਸੂਰਜ ਚੰਦਰਮਾ ਨੂੰ ਜੋ ਕੁਝ ਮੰਨਿਆ ਹੈ, ਉਹ ਪੁਰਾਣਾਂ ਨਾਲੋਂ ਭਿੰਨ ਹੈ। ਇਸ ਲਈ ਅਸੀਂ ਪਹਿਲੇ ਵਿਗਿਆਨਿਕ ਮੱਤ ਕਹਿ ਕੇ ਮਗਰੋਂ ਪੌਰਾਣਿਕ ਮੱਤ ਵਰਣਨ ਕਰਾਂਗੇ।

ਸਾਇੰਸ ਅਨੁਸਾਰ ਚੰਦਰਮਾਂ ਇਕ ਅਕਾਸ਼ ਵਿਚ ਚਮਕਣ ਵਾਲਾ ਉਪਗ੍ਰਹਿ ਹੈ। ਜੋ ਮਹੀਨੇ ਵਿਚ ਇਕ ਵੇਰੀ ਪ੍ਰਿਥਵੀ ਦੀ ਪ੍ਰਕਰਮਾਂ ਕਰਦਾ ਹੈ, ਅਤੇ ਸੂਰਜ ਤੋਂ ਪ੍ਰਕਾਸ਼ ਲੈ ਕੇ ਚਮਕਦਾ ਹੈ। ਇਹ ਉਪਗ੍ਰਹਿ ਧਰਤੀ ਦੇ ਸਭ ਤੋਂ ਨੇੜੇ ਹੈ। ਅਰਥਾਤ ਇਹ ਧਰਤੀ ਤੋਂ ੨੩੮੮੦੦ ਮੀਲ ਦੇ ਫਾਸਲੇ ਤੇ ਹੈ। ਇਸ ਦਾ ਵਿਆਸ ੨੧੬੨ ਮੀਲ ਹੈ ਅਤੇ ਇਸਦਾ ਪਰਿਮਾਣ ਧਰਤੀ ਦਾ ੧੪੯ ਹੈ। ਇਸਦਾ ਬੋਝ, ਧਰਤੀ ਤੇ ਬੋਝ ਦਾ ੧੮੦ ਵਾਂ ਹਿੱਸਾ ਹੈ। ਇਸ ਨੂੰ ਧਰਤੀ ਦੇ ਚੁਗਿਰਦੇ ਫਿਰਨ ਵਿਚ ੨੭ ਦਿਨ, ੭ ਘੰਟੇ, ੪੩ ਮਿੰਟ ਅਤੇ ਸਾਢੇ ੧੧ ਸੈਕੰਡ ਲੱਗਦੇ ਹਨ। ਪਰਵਰਤਨ ਵਿਚ ਜੋ ਮਹੀਨਾ ਆਉਂਦਾ ਹੈ, ਉਹ ੨੯ ਦਿਨ, ੧੨ ਘੰਟੇ, ੪੪ ਮਿੰਟ ਅਤੇ ੨.੭ ਸੈਕੰਡ ਦਾ ਹੁੰਦਾ ਹੈ।

ਚੰਦ੍ਰਮਾ ਦੇ ਚੁਫੇਰੇ ਫਿਰਨ ਦੀ ਗਤਿ ਚਾਲ ਵਿਚ ਸੂਰਜ ਦੀ ਕ੍ਰਿਆ ਨਾਲੋਂ ਬਹੁਤ ਕੁਝ ਭੇਦ ਪੈਂਦਾ ਰਹਿੰਦਾ ਹੈ। ਚੰਦਰਮਾਂ ਦਾ ਇਕ ਹੀ ਪਾਸਾ ਧਰਤੀ ਵੱਲ ਹਮੇਸ਼ਾਂ ਹੀ ਰਹਿੰਦਾ ਹੈ। ਇਸ ਵਲਿੱਖਣਤਾ ਨੂੰ ਵੇਖ ਕੇ ਕਈ ਲੋਕਾਂ ਨੂੰ ਭਰਮ ਹੋਇਆ ਸੀ ਕਿ ਇਹ ਧੁਰੇ ਦੁਆਲੇ ਘੁੰਮਦਾ ਹੀ ਨਹੀਂ ਹੈ। ਚੰਦ੍ਰ-ਮੰਡਲ ਵਿਚ ਬਹੁਤ ਸਾਰੇ ਧੱਬੇ ਨਜ਼ਰ ਆਉਂਦੇ ਹਨ, ਜਿਨ੍ਹਾਂ ਨੂੰ ਪੁਰਾਣਾਂਨੁਸਾਰ ਸਾਧਾਰਣ ਲੋਕੀਂ ਕਲੰਕ ਆਦਿਕ ਕਹਿੰਦੇ ਹਨ। ਪਰ ਇਕ ਚੰਗੀ ਦੂਰਬੀਨ ਦੇ ਜ਼ਰੀਏ ਵੇਖਣ ਨਾਲ ਇਹ ਧੱਬੇ ਗੁੰਮ ਹੋ ਜਾਂਦੇ ਹਨ, ਅਤੇ ਇਹਨਾਂ ਦੀ ਜ਼ਗ੍ਹਾ ਪੁਰ ਪਹਾੜ, ਘਾਟੀਆਂ, ਟੋਏ, ਜੁਆਲਾਮੁਖੀ ਪਹਾੜਾਂ ਦੇ ਮੋਘੇ ਆਦਿਕ ਅਨੇਕਾਂ ਪਦਾਰਥ ਦਿਖਾਈ ਦਿੰਦੇ ਹਨ, ਚੰਦ੍ਰਮਾਂ ਦਾ ਬਹੁਤ ਸਾਰਾ ਹਿਸਾ ਤਲ ਧਰਤੀ ਦੇ ਜ੍ਵਾਲਾ ਮੁਖੀ ਪਹਾੜਾਂ ਨਾਲ ਭਰੇ ਹੋਏ ਕਿਸੇ ਇਲਾਕੇ ਜੇਹਾ ਹੈ। ਚੰਦ੍ਰਮਾ ਵਿਚ ਵਾਯੂ ਮੰਡਲ ਨਹੀਂ ਹੈ ਤੇ ਨਾ ਹੀ ਬੱਦਲ ਜਾਂ ਪਾਣੀ ਹੈ ਚੰਦ੍ਰਮਾਂ ਵਿਚ ਗਰਮੀ ਬਹੁਤ ਪੈਂਦੀ ਹੈ। ਪ੍ਰਾਚੀਨ ਭਾਰਤ ਦੇ ਜੋਤਸ਼ੀਆਂ ਦੇ ਮੱਤ ਨਾਲ ਵੀ ਚੰਦ੍ਰਮਾ ਇਕ ਗ੍ਰਹਿ ਹੈ, ਜੋ ਸੂਰਜ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੁੰਦਾ ਹੈ। ਭਾਸ਼ਕਰਾਚਾਰਜ ਦੇ ਮਤ ਨਾਲ ਵੀ ਚੰਦ੍ਰਮਾ ਇਕ ਗ੍ਰਹਿ ਹੈ, ਜੋ ਸੂਰਜ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੁੰਦਾ ਹੈ। ਭਾਸ਼ਕਰਾਚਾਰਜ ਦੇ ਮੱਤ ਨਾਲ ਚੰਦ੍ਰਮਾ ਜਲ ਰੂਪ ਹੈ। ਉਸ ਵਿਚ ਆਪਣਾ ਕੋਈ ਤੇਜ ਨਹੀਂ। ਇਸ ਦਾ ਜਿੰਨਾਂ ਹਿੱਸਾ ਸੂਰਜ ਦੇ ਸਾਹਮਣੇ ਹੁੰਦਾ ਹੈ, ਓਨਾ ਨਜ਼ਰ ਪੈਂਦਾ ਹੈ। ਠੀਕ ਉਸੇ ਤਰ੍ਹਾਂ, ਜਿਸ ਤਰ੍ਹਾਂ ਧੁੱਪ ਵਿਚ ਘੜਾ ਰੱਖਣ ਨਾਲ ਉਸ ਦਾ ਇਕ ਪਾਸਾ ਚਮਕਦਾ ਹੈ, ਅਤੇ ਦੂਜਾ ਪਾਸਾ ਉਸੇ ਦੇ ਛਾਂ ਨਾਲ ਅਪ੍ਰਕਾਸ਼ਿਤ ਰਹਿੰਦਾ ਹੈ। ਜਿਸ ਦਿਨ ਚੰਦ੍ਰਮਾ ਦੇ ਹੇਠਲੇ ਹਿਸੇ ਪੁਰ ਅਰਥਾਤ ਉਸ ਹਿਸੇ ਪੁਰ ਜੋ ਸਾਡੇ ਵੱਲੇ ਰਹਿੰਦਾ ਹੈ, ਸੂਰਜ ਦਾ ਪ੍ਰਕਾਸ਼ ਬਿਲਕੁਲ ਨਹੀਂ ਪੈਂਦਾ, ਉਸ ਦਿਨ ਮਸਿਆ ਹੁੰਦੀ ਹੈ। ਅਜਿਹਾ ਤਦੇ ਹੁੰਦਾ ਹੈ, ਜਦ ਸੂਰਜ ਤੇ ਚੰਦ੍ਰਮਾ ਇਕ ਰਾਸਿ ਵਿਚ ਸਥਿਤ ਅਰਥਾਤ ਸਮ ਸੂਤ੍ਰ ਵਿਚ ਹੁੰਦੇ ਹਨ। ਚੰਦ੍ਰਮਾਂ ਬਹੁਤ ਛੇਤੀ ਨਾਲ ਸੂਰਜ ਦੀ ਸੇਧ ਨਾਲੋਂ ਪੂਰਬ ਵੱਲੇ ਹੱਟ ਜਾਂਦਾ ਹੈ। ਅਤੇ ਉਸ ਦੀ ਇਕ ਇਕ ਕਲਾ ਸਿਲਸਿਲੇ ਵਾਰ ਪ੍ਰਕਾਸ਼ਿਤ ਹੋਣ ਲਗਦੀ ਹੈ। ਚੰਦ੍ਰਮਾਂ ਸੂਰਜ ਦੀ ਸੇਧ ਸਮ ਸੂਤਰ ਪਾਤ ਨਾਲੋਂ ਜਿੰਨਾਂ ਬਹੁਤਾ ਹਟਦਾ ਜਾਏਗਾ, ਉਸ ਦਾ ਓਨਾ ਹੀ ਬਹੁਤ ਹਿਸਾ ਪ੍ਰਕਾਸ਼ਿਤ ਹੁੰਦਾ ਜਾਏਗਾ। ਦੂਜ ਦੇ ਦਿਨ ਚੰਦ੍ਰਮਾਂ ਦੇ ਪਿਛਲੇ ਹਿਸੇ ਤੇ ਸੂਰਜ ਦਾ ਜਿੰਨਾਂ ਪ੍ਰਕਾਸ਼ ਪੈਂਦਾ ਹੈ, ਓਨਾ ਹਿੱਸਾ ਪ੍ਰਕਾਸ਼ਿਤ ਨਜ਼ਰ ਪੈਂਦਾ ਹੈ। ਸੂਰਜ ਸਿਧਾਂਤ ਦੇ ਮਤਾਨੁਸਾਰ ਚੰਦ੍ਰਮਾਂ ਸੂਰਜ ਦੀ ਸੇਧ

ਨਾਲੋਂ ੬ ਰਾਸਿ ਪੁਰ ਚਲਾ ਜਾਂਦਾ ਹੈ, ਤਦ ਉਸਦਾ ਸੰਗ੍ਰਹਿ ਅੱਧਾ ਹਿੱਸਾ ਪ੍ਰਕਾਸ਼ਿਤ ਹੋ ਜਾਂਦਾ ਹੈ, ਅਤੇ ਸਾਨੂੰ ਪੂਰਨਮਾਸ਼ੀ ਦਾ ਪੂਰਾ ਚੰਦਰਮਾ ਨਜ਼ਰ ਪੈਂਦਾ ਹੈ। ਪੂਰਨਮਾਸੀ ਤੋਂ ਬਿਨਾਂ ਜਿਉਂ ਜਿਉਂ ਚੰਦਰਮਾਂ ਵੱਧਦਾ ਜਾਂਦਾ ਹੈ, ਤਿਉਂ ਤਿਉਂ ਸੂਰਜ ਦੀ ਸੇਧ ਤੋਂ ਉਸ ਦਾ ਫ਼ਾਸਲਾ ਘਟ ਹੁੰਦਾ ਜਾਂਦਾ ਹੈ, ਅਰਥਾਤ ਉਹ ਸੂਰਜ ਦੀ ਸੇਧ ਦੀ ਤਰਫ਼ ਆਉਂਦਾ ਜਾਂਦਾ ਹੈ ਅਤੇ ਪ੍ਰਕਾਸ਼ਿਤ ਹਿਸਾ ਸਿਲਸਿਲੇ ਵਾਰ ਹਨੇਰੇ ਵਿਚ ਹੁੰਦਾ ਜਾਂਦਾ ਹੈ।

ਅਨੁਪਾਤ ਦੇ ਮਤਾਨੁਸਾਰ ਪ੍ਰਕਾਸ਼ਿਤ ਅਤੇ ਅਪ੍ਰਕਾਸ਼ਿਤ ਹਿੱਸਿਆਂ ਦੇ ਇਸ ਘਟਣ ਅਤੇ ਵੱਧਣ ਦਾ ਹਿਸਾਬ ਜਾਣਿਆ ਜਾ ਸਕਦਾ ਹੈ। ਏਹੀ ਮੱਤ ਆਰਯਾ ਭੱਟ, ਸ੍ਰੀ ਪਤਿ, ਰਜਾਨ ਰਾਜ, ਲਲ, ਬ੍ਰਹਮ ਗੁਪਤ ਆਦਿਕ ਸਾਰੇ ਪੁਰਾਣੇ ਜੋਤਸ਼ੀਆਂ ਦਾ ਹੈ।

ਪੁਰਾਣਾਂ ਅਨੁਸਾਰ ਚੰਦਰਮਾ ਸਮੁੰਦਰ ਰਿੜਕਣ ਦੇ ਸਮੇਂ, ਉਸ ਵਿਚੋਂ ਨਿਕਲੇ ਚੋਦਾਂ ਰਤਨਾਂ ਵਿਚੋਂ ਇਕ ਰਤਨ ਹੈ ਅਤੇ ਦੇਵਤਿਆਂ ਵਿਚ ਗਿਣਿਆਂ ਜਾਂਦਾ ਹੈ। ਜਦ ਰਾਹੂ ਨਾਮੀਂ ਦੈਂਤ ਦੇਵਤਾ ਰੂਪ ਬਣ ਕੇ ਤੇ ਦੇਵਤਿਆਂ ਦੀ ਕਤਾਰ ਵਿਚ ਚੁਪ ਚਾਪ ਬੈਠ ਕੇ ਅੰਮ੍ਰਿਤ ਪੀ ਰਿਹਾ ਸੀ, ਤਦ ਚੰਦਰਮਾ ਨੇ ਇਹ ਬ੍ਰਿਤਾਂਤ ਵਿਸ਼ਨੂੰ ਨੂੰ ਕਹਿ ਦਿੱਤਾ। ਵਿਸ਼ਨੂੰ ਨੇ ਉਸ ਅਸੁਰ ਦੇ ਦੋ ਟੋਟੇ ਕਰ ਦਿਤੇ, ਜੋ ਰਾਹੂ ਅਤੇ ਕੇਤੂ ਹੋਏ। ਉਸੇ ਪੁਰਾਣੇ ਵੈਰ ਦੇ ਸਬੱਬ ਰਾਹੂ ਗ੍ਰਹਿਣ ਦੇ ਸਮੇਂ ਚੰਦਰਮਾ ਨੂੰ ਗ੍ਰਸਿਆ ਕਰਦਾ ਹੈ। ਚੰਦਰਮਾ ਦੇ ਧੱਬਿਆਂ ਸਬੰਧੀ ਵੀ ਵੱਖੋ ਵੱਖਰੀਆਂ ਕਥਾਵਾਂ ਪ੍ਰਸਿਧ ਹਨ। ਕਈ ਲੋਕ ਕਹਿੰਦੇ ਹਨ ਕਿ ਦੱਖ ਪ੍ਰਜਾਪਤਿ ਦੇ ਸਰਾਪ ਨਾਲ ਚੰਦਰਮਾ ਨੂੰ ਖਈ ਰੋਗ ਹੋ ਗਿਆ। ਉਸੇ ਦੀ ਸ਼ਾਂਤੀ ਲਈ ਉਹ ਆਪਣੀ ਗੋਦ ਵਿਚ ਇਕ ਕਾਲਾ ਹਿਰਨ ਲਈ ਰਖਦਾ ਹੈ। ਕਿਸੇ ਦੇ ਮੱਤ ਵਿਚ ਇਉਂ ਮੰਨਿਆ ਹੈ, ਕਿ ਚੰਦਰਮਾ ਨੇ ਆਪਣੀ ਗੁਰੂ-ਪਤਨੀ ਨਾਲ ਭੋਗ ਕੀਤਾ ਸੀ, ਇਸੇ ਕਾਰਣ ਗੁਰੂ ਦੇ ਸਰਾਪ ਨਾਲ ਉਸ ਦੇ ਸਰੀਰ ਤੇ ਕਾਲਾ ਦਾਗ ਪੈ ਗਿਆ। ਕਿਤੇ ਕਿਤੇ ਇਹ ਭੀ ਲਿਖਿਆ ਹੈ ਕਿ ਜਦ ਇੰਦਰ ਨੇ ਅਹਿਲਯਾ ਦਾ ਸਤ੍ਰ ਭੰਗ ਕੀਤਾ ਸੀ, ਤਦ ਚੰਦਰਮਾਂ ਨੇ ਇੰਦਰ ਨੂੰ ਸਹਾਇਤਾ ਦਿੱਤੀ ਸੀ। ਗੋਤਮ ਨੇ ਗੁੱਸੇ ਨਾਲ ਚੰਦਰਮਾ ਨੂੰ ਆਪਣੇ ਕਰਮੰਡਲ ਅਤੇ ਮ੍ਰਿਗ ਚਰਤ ਨਾਲ ਮਾਰਿਆ ਸੀ, ਜਿਸ ਦੇ ਦਾਗ ਉਸ ਦੇ ਸਰੀਰ ਤੇ ਪੈ ਗਏ ਸਨ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਉਨੀਸਵੋਂ ਅਵਤਾਰ 'ਚੰਦ੍ਰ' ਸਮਾਪਤਮ॥ ਸਤੁ ਸੁਭਮ ਸਤੁ॥੧੯॥੧੫॥੪੧੭॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਉਨੀਵਾਂ ਅਵਤਾਰ 'ਚੰਦ' ਸਮਾਪਤ॥ ਸਤ ਸੁਭਮ ਸਤ॥੧੯॥ ੧੫॥੪੧੭॥ ਚਲਦਾ॥

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਸ੍ਰੀ ਭਗਉਤੀ ਜੀ ਸਹਾਇ ॥

# ਵੀਹਵਾਂ ਅਵਤਾਰ 'ਸ੍ਰੀ ਰਾਮ'

## ਅਧਿਆਇ ਪਹਿਲਾ

## ਸੁਬਾਹ ਮਰੀਚ ਕਤਲ

**ਚੌਪਈ ॥ ਅਬ ਮੈ ਕਹੌ ਰਾਮ ਅਵਤਾਰਾ ॥ ਜੈਸ ਜਗਤ ਮੋ ਕਰਾ ਪਸਾਰਾ ॥**
**ਬਹੁਤੁ ਕਾਲ ਬੀਤਤ ਭਯੋ ਜਬੈ ॥ ਅਸੁਰਨ ਬੰਸ ਪ੍ਰਗਟ ਭਯੋ ਤਬੈ ॥ ੧ ॥**

ਹੁਣ ਮੈਂ ਰਾਮ ਅਵਤਾਰ ਦੀ ਕਥਾ ਕਹਿੰਦਾ ਹਾਂ, ਜਿਸ ਤਰ੍ਹਾਂ ਜਗਤ ਵਿਚ ਉਸਦੀ ਸ਼ੋਭਾ ਪਸਰੀ ਹੋਈ ਸੀ। ਬਹੁਤ ਸਮਾਂ ਜਦ ਬੀਤ ਗਿਆ, ਤਦ ਦੈਂਤਾਂ ਦੀ ਕੁਲ ਪ੍ਰਗਟ ਹੋ ਗਈ ॥ ੧ ॥

**ਅਸੁਰ ਲਗੇ ਬਹੁ ਕਰੈ ਬਿਖਾਧਾ ॥ ਕਿਨਹੂੰ ਨ ਤਿਨੈ ਤਨਕ ਮੈ ਸਾਧਾ ॥**
**ਸਕਲ ਦੇਵ ਇਕਠੇ ਤਬ ਭਏ ॥ ਛੀਰ ਸਮੁੰਦ੍ਰ ਜਹ ਥੋ ਤਿਹ ਗਏ ॥ ੨ ॥**

ਦੈਂਤ ਬਹੁਤ ਤੰਗ ਕਰਨ ਲੱਗੇ, ਕਿਸੇ ਨੇ ਵੀ ਉਨ੍ਹਾਂ ਨੂੰ ਛਿਨ ਵਿਚ ਸਿੱਧਾ ਨਾ ਕੀਤਾ। ਸਾਰੇ ਦੇਵਤੇ ਇਕੱਠੇ ਹੋਏ ਅਤੇ ਖੀਰ ਸਮੁੰਦਰ ਵਿਚ ਜਿਥੇ ਬ੍ਰਹਮਾ ਵਾਸ ਰਖਦਾ ਹੈ, ਉਸਦੇ ਪਾਸ ਚਲੇ ਗਏ ॥ ੨ ॥

**ਬਹੁ ਚਿਰ ਬਸਤ ਭਏ ਤਿਹ ਠਾਮਾ ॥ ਬਿਸ਼ਨ ਸਹਿਤ ਬ੍ਰਹਮਾ ਜਿੰਹ ਨਾਮਾ ॥**
**ਬਾਰ ਬਾਰ ਹੀ ਦੁਖਤ ਪੁਕਾਰਤ ॥ ਕਾਨ ਪਰੀ ਕਲ ਕੇ ਧੁਨਿ ਆਰਤ ॥ ੩ ॥**

ਵਿਸ਼ਨੂੰ ਦੇ ਸਮੇਤ ਬ੍ਰਹਮਾ ਨਾਮ ਵਾਲੇ ਦੇਵਤੇ ਜਿਥੇ ਰਹਿੰਦੇ ਸਨ, ਉਥੇ ਉਹ ਬਹੁਤ ਚਿਰ ਰਹੇ ਅਤੇ ਬਾਰ ਬਾਰ ਹੀ ਦੁੱਖ ਭਰੀ ਪੁਕਾਰ ਕੀਤੀ। ਉਨ੍ਹਾਂ ਦੀ ਦੁੱਖ ਭਰੀ ਪੁਕਾਰ ਦੀ ਅਵਾਜ਼ ਕਾਲ ਪੁਰਖ ਦੇ ਕੰਨੀਂ ਪਈ, ਤੇ ਅਕਾਲ ਪੁਰਖ ਨੇ ਉਨ੍ਹਾਂ ਦੀ ਪੁਕਾਰ ਸੁਣ ਲਈ ॥ ੩ ॥

**ਤੋਟਕ ਛੰਦ ॥ ਬਿਸ਼ਨਾਦਕ ਦੇਵ ਲਖੇ ਬਿਮਨੰ ॥ ਮ੍ਰਿਦ ਹਾਸ ਕਰੀ ਕਰ ਕਾਲ ਧੁਨੰ ॥**
**ਵਤਾਰ ਧਰੋ ਰਘੁਨਾਥ ਹਰੰ ॥ ਚਿਰ ਰਾਜ ਕਰੋ ਸੁਖ ਸੋ ਅਵਧੰ ॥ ੪ ॥**

ਵਿਸ਼ਨੂੰ ਮਨ ਹੀ ਮਨ ਵਿਚ ਮੁਸਕਰਾ ਕੇ ਕਹਿਣ ਲੱਗੇ, "ਤੁਸੀਂ ਡਰੋ ਨਾ, ਮੈਂ ਆਪ ਰਘੂਕੁਲ ਵਿਚ ਅਵਤਾਰ ਧਾਰਾਂਗਾ ਅਤੇ ਸਭ ਦੇ ਦੁੱਖ ਦੂਰ ਕਰਾਂਗਾ। ਕਾਫੀ ਸਮੇਂ ਤਕ ਅਯੁਧਿਆ ਵਿਚ ਸੁਖ ਸ਼ਾਂਤੀ ਦਾ ਰਾਜ ਕਰਾਂਗਾ॥੪॥

**ਬਿਸ਼ਨੇਸ਼ ਧੁਣੰ ਸੁਣ ਬ੍ਰਹਮ ਮੁਖੰ॥ ਅਬ ਸੁੱਧ ਚਲੀ ਰਘੁਬੰਸ ਕਥੰ॥**
**ਜੁ ਪੈ ਛੋਰ ਕਥਾ ਕਵਿ ਯਾ ਹਰਫੈ॥ ਇਨ ਬਾਤਨ ਕੋ ਇਕ ਗ੍ਰੰਥ ਬਢੈ॥੫॥**

ਜਦ ਅਕਾਲ ਪੁਰਖ ਦੀ ਅਵਾਜ਼ ਬ੍ਰਹਮਾ ਆਦਿਕ ਮੁੱਖ ਤੋਂ ਦੇਵਤਿਆਂ ਨੇ ਸੁਣ ਲਈ, ਤਾਂ ਆਪੋ ਆਪਣੇ ਲੋਕਾਂ ਨੂੰ ਚਲੇ ਗਏ। ਹੁਣ ਇਸ ਤੋਂ ਅਗੋ ਨਿਰੋਲ ਰਘੁਬੰਸ ਦੀ ਕਥਾ ਤੁਰੀ ਹੈ। ਗ੍ਰੰਥ ਕਰਤਾ ਜੇ ਇਸ ਕਥਾ ਨੂੰ ਮੁੱਢ ਤੋਂ ਕਥਨ ਕਰੇ ਤਾਂ ਇਹਨਾਂ ਗੱਲਾਂ ਦਾ ਇਕ ਵੱਡਾ ਗ੍ਰੰਥ ਬਣ ਜਾਏਗਾ ਇਸ ਲਈ ਕੁਝ ਗੱਲਾਂ ਛੱਡ ਦਿੱਤੀਆਂ ਹਨ॥੫॥

**ਤਿਹ ਤੇ ਕਹੀ ਥੋਰੀਐ ਬੀਨ ਕਥਾ॥ ਬਲਿ ਤ੍ਵੈ ਉਪਜੀ ਬੁਧ ਮੱਧਿ ਜਥਾ॥**
**ਜਹ ਭੂਲਿ ਭਈ ਹਮ ਦੇ ਲਹੀਯੋ॥ ਸੁ ਕਬੋ ਤਹ ਅੱਛ੍ਰ ਬਨਾ ਕਹੀਯੋ॥੬॥**

ਇਸ ਕਰਕੇ ਸੰਖੇਪ ਕਥਾ ਕਹੀ ਹੈ, ਹੇ ਵਾਹਿਗੁਰੂ! ਤੇਰੀ ਤਾਕਤ ਨਾਲ, ਜਿੰਨੀ ਕੁ ਮੇਰੀ ਬੁੱਧੀ ਵਿਚ ਪ੍ਰਗਟ ਹੋਈ ਹੈ। ਜਿਥੇ ਮੇਰੇ ਕੋਲੋਂ 'ਭੁਲ ਹੋਈ' ਹੋਵੇ, ਉਹ ਮੇਰੀ ਮੰਨਣਾ ਹੇ ਕਵੀਓ! ਉਸ ਜਗ੍ਹਾ ਤੇ ਅੱਖਰਾਂ ਨੂੰ ਠੀਕ ਬਣਾ ਕੇ ਕਥਨ ਕਰਨਾ॥੬॥

**ਰਘੁਰਾਜ ਭਯੋ ਰਘੁਬੰਸ ਮਣੰ॥ ਜਿਹ ਰਾਜ ਕਰਯੋ ਪੁਰ ਅਉਧ ਘਣੰ॥**
**ਸੋਊ ਕਾਲ ਜਿਣਯੋ ਨ੍ਰਿਪਰਾਜ ਜਬੰ॥ ਭੁਅ ਰਾਜ ਕਰਯੋ ਅਜ ਰਾਜ ਤਬੰ॥੭**

ਇਸ ਰਾਘਵ ਕੁਲ ਵਿਚ ਮਣੀ ਸਮਾਨ ਸ਼ੋਮਣੀ 'ਰਘੂ' ਰਾਜਾ ਹੋਇਆ ਹੈ। ਜਿਸ ਨੇ ਅਯੁਧਿਆ ਪੁਰੀ ਵਿਚ ਬਹੁਤ ਚਿਰ ਰਾਜ ਕੀਤਾ ਸੀ। ਜਦੋਂ ਉਸ ਮਹਾਰਾਜੇ ਰਘੂ ਨੂੰ ਕਾਲ ਨੇ ਜਿੱਤ ਲਿਆ ਤਾਂ ਧਰਤੀ ਦਾ ਰਾਜ ਉਸ ਦੇ ਪੁੱਤਰ 'ਅਜ ਰਾਜ' ਨੇ ਕੀਤਾ ਸੀ॥੭॥

**ਅਜ ਰਾਜ ਹਣਯੋ ਜਬ ਕਾਲ ਬਲੀ॥ ਸੁ ਨ੍ਰਿਪਤ ਕਥਾ ਦਸਰਥ ਚਲੀ॥**
**ਚਿਰ ਰਾਜ ਕਰੋ ਸੁਖ ਸੋਂ ਅਵਧੰ॥ ਮ੍ਰਿਗ ਮਾਰ ਬਿਹਾਰ ਬਣੰ ਸੁ ਪ੍ਰਭੰ॥੮॥**

'ਅਜ' ਰਾਜੇ ਨੂੰ ਜਦੋਂ ਬਲੀ ਕਾਲ ਨੇ ਮਾਰ ਲਿਆ, ਤਾਂ ਰਾਜ ਦੀ ਕਥਾ ਦਸਰਥ ਦੇ ਨਾਮ ਦੀ ਤੁਰੀ ਅਰਥਾਤ ਫਿਰ ਦਸਰਥ ਰਾਜਾ ਹੋਇਆ। ਉਸ ਨੇ ਵੀ ਬੜਾ ਚਿਰ ਅਯੁਧਿਆ ਵਿਚ ਸੁਖ ਨਾਲ ਰਾਜ ਕੀਤਾ। ਉਹ ਰਾਜਾ ਹਿਰਨ ਮਾਰਣ ਲਈ ਬਣ ਵਿਚ ਫਿਰਦਾ ਰਹਿੰਦਾ ਸੀ॥੮॥

**ਜਗ ਧਰਮ ਕਥਾ ਪ੍ਰਚੁਰੀ ਤਬ ਤੇ॥ ਸੁ ਮਿਤ੍ਰੇਸ਼ ਮਹੀਪ ਭਯੋ ਜਬ ਤੇ॥**
**ਦਿਨ ਰੈਣ ਬਨੈਸਨ ਬੀਚ ਫਿਰੈ॥ ਮ੍ਰਿਗ ਰਾਜ ਕਰੀ ਮ੍ਰਿਗ ਨੇਤ ਹਰੈ॥੯॥**

ਜਗ ਵਿਚ ਧਰਮ ਦੀ ਕਥਾ ਤਦ ਤੋਂ ਫੈਲ ਗਈ, ਜਦ ਤੋਂ ਦਸਰਥ ਰਾਜਾ ਹੋਇਆ। ਉਹ ਦਿਨ ਰਾਤ ਘੋਰ ਜੰਗਲਾਂ ਵਿਚ ਫਿਰਦਾ ਸੀ ਅਤੇ ਮ੍ਰਿਗਰਾਜ ਭਾਵ ਸ਼ੇਰ, ਕਰੀ ਭਾਵ ਹਾਥੀ ਤੇ ਹਰਨਾਂ ਨੂੰ ਨਿਤ ਹੀ ਮਾਰਦਾ ਰਹਿੰਦਾ ਸੀ॥ ੯॥

**ਇਹ ਭਾਂਤਿ ਕਥਾ ਉਹ ਠੌਰ ਭਈ॥ ਅਬ ਰਾਮ ਜਯਾ ਪਰ ਬਾਤ ਗਈ॥**
**ਕੁਹੜਾਮ ਜਹਾਂ ਸੁਨੀਐ ਸ਼ਹਰੰ॥ ਤਹੱ ਕੌਸਲ ਰਾਜ ਨ੍ਰਿਪੇਸ਼ ਬਰੰ॥੧੦॥**

ਇਸ ਤਰ੍ਹਾਂ ਦੀ ਕਥਾ ਤਾਂ ਉਸ ਪਾਸੇ ਹੋਈ, ਹੁਣ ਰਾਮ ਜੀ ਦੀ ਮਾਤਾ ਪੁਰ ਵਾਰਤਾ ਆ ਗਈ। ਜਿਹੜਾ 'ਕੁਹੜਾਮ ਸ਼ਹਿਰ ਸੁਣੀਂਦਾ ਹੈ, ਕੋਸ਼ਲ ਰਾਜ ਦਾ ਮਹਾਰਾਜਾ ਹੀ ਉਥੋਂ ਦਾ ਮਾਲਕ ਸੀ॥ ੧੦॥

ਭਾਵਾਰਥ : - ਘਾਘਰਾ ਤੇ ਸਰਜੂ, ਇਹਨਾਂ ਦੋਹਾਂ ਦਰਿਆਵਾਂ ਦੇ ਦਰਮਿਆਨ ਦੇ ਇਲਾਕੇ ਦਾ ਨਾਮ 'ਕੋਸ਼ਲਾ' ਹੈ, ਇਥੋਂ ਦਾ ਪ੍ਰਧਾਨ ਸ਼ਹਿਰ ਅਯੁਧਿਆ ਹੈ, ਅਰਥਾਤ ਅਯੁਧਿਆ ਦੇ ਇਲਾਕੇ ਵਿਚ ਹੀ 'ਕੁਹੜਾਮ' ਸ਼ਹਿਰ ਹੈ।

**ਉਪਜੀ ਤਹ ਧਾਮ ਸੁਤਾ ਕੁਸ਼ਲੰ॥ ਜਿਹ ਜੀਤ ਲਈ ਸਸ ਅੰਗ ਕਲੰ॥**
**ਜਬ ਹੀ ਸੁਧ ਪਾਇ ਸੁਯੰਬ੍ਰ ਕਰਿਓ॥ ਅਵਧੇਸ਼ ਨਰੇਸ਼ਹ ਚੀਨ੍ਹ ਬਰਿਓ॥੧੧॥**

ਉਸ 'ਕੁਹੜਾਮ ਪਤਿ' ਦੇ ਘਰ ਕੁਸ਼ਲਿਆ ਨਾਮ ਦੀ ਇਕ ਕੰਨਿਆ ਪੈਦਾ ਹੋਈ। ਜਿਸ ਨੇ ਚੰਦਰਮਾ ਦੀਆਂ ਸੋਲ੍ਹਾਂ ਕਲਾਂ ਜਿਤ ਲਈਆਂ ਹਨ। ਜਦੋਂ ਉਸ ਕੰਨਿਆਂ ਨੇ ਹੋਸ਼ ਸੰਭਾਲੀ ਤਾਂ ਰਾਜੇ ਨੇ ਸ੍ਵਯੰਬਰ ਰਚਾ ਦਿੱਤਾ, ਕੁਸ਼ਲਿਆ ਨੇ ਪਛਾਣ ਕਰਕੇ ਅਵਧੇਸ਼ ਅਯੁਧਿਆ ਦੇ ਮਹਾਰਾਜੇ ਦਸਰਥ ਨੂੰ ਵਰ ਲਿਆ॥ ੧੧॥

**ਪੁਨਿ ਸੈਨ ਸਮਿੱਤ੍ਰ ਨਰੇਸ਼ ਬਰੰ॥ ਜਿਹ ਜੁਧ ਲਯੋ ਮੱਦ੍ਰ ਦੇਸ ਹਰੰ॥**
**ਸੁਮਿਤ੍ਰਾ ਤਿਹ ਧਾਮ ਭਈ ਦੁਹਿਤਾ॥ ਜਿਹ ਜੀਤ ਲਈ ਸਸ ਸੂਰ ਪ੍ਰਭਾ॥੧੨॥**

ਫਿਰ ਇਕ 'ਸੁਮਿਤ੍ਰ ਸੈਨ' ਨਾਮ ਵਾਲਾ ਬਲਵਾਨ ਰਾਜਾ ਹੋਇਆ ਹੈ। ਜਿਸ ਨੇ ਯੁਧ ਕਰਕੇ ਮੱਦਰ ਦੇਸ ਨੂੰ ਕਾਬੂ ਕਰ ਲਿਆ ਸੀ। ਉਸ ਦੇ ਘਰ 'ਸੁਮਿਤ੍ਰਾ' ਨਾਂ ਦੀ ਕੰਨਿਆ ਹੋਈ ਸੀ, ਜਿਸ ਨੇ ਚੰਦਰਮਾ ਤੇ ਸੂਰਜ ਦੀ ਸੁੰਦਰਤਾ ਨੂੰ ਜਿੱਤ ਲਿਆ ਸੀ॥ ੧੨॥

**ਸੋਊ ਬਾਰਿ ਸਬੁੱਧ ਭਈ ਜਬ ਹੀ॥ ਅਵਧੇਸ਼ਹ ਚੀਨ ਬਰਿਓ ਤਬ ਹੀ॥**
**ਗਨ ਯਾਹ ਭਯੋ ਕਸ਼ਟੁਆਰ ਨ੍ਰਿਪੰ॥ ਜਿਹੱ ਕੇਕਈ ਧਾਮ ਸੁ ਤਾਸੁ ਪ੍ਰਭੰ॥੧੩॥**

ਓਹ ਲੜਕੀ ਜਦੋਂ ਹੀ ਹੁਸ਼ਿਆਰ ਹੋਈ, ਤਦ ਉਸ ਨੇ ਵੀ ਮਹਾਰਾਜੇ ਦਸਰਥ ਨੂੰ ਪਛਾਣ ਕੇ ਵਰ ਲਿਆ। ਇਹ ਗਿਣ ਕੇ ਹੁਣ ਕਸ਼ਟੁਆਰ ਰਾਜੇ ਦਾ ਹਾਲ ਕਹਿੰਦੇ ਹਾਂ। ਜਿਸਦੇ ਘਰ ਕੇਕਈ

**ਇਨ ਤੇ ਗ੍ਰਿਹ ਮੋ ਸੁਤ ਜਉਨ ਥੀਓ ॥ ਤਬ ਬੈਠ ਨਰੇਸ ਬਿਚਾਰ ਕੀਓ ॥**
**ਤਬ ਕੇਕਈ ਨਾਰ ਬਿਚਾਰ ਕਰੀ ॥ ਜਿਹ ਤੇ ਸਸ ਸੂਰਜ ਸੋਭ ਧਰੀ ॥ ੧੪ ॥**

ਜਦੋਂ ਦਸਰਥ ਮਹਾਰਾਜੇ ਨੇ ਕੇਕਈ ਨੂੰ ਵਿਆਹੁਣਾ ਚਾਹਿਆ ਤਾਂ ਕਸਟੁਆਰ ਦੇ ਰਾਜੇ ਨੇ ਕਿਹਾ - ਇਸ ਦੇ ਪੇਟ ਤੋਂ ਤੇਰੇ ਘਰ ਵਿਚ ਜੇਹੜਾ ਪੁੱਤਰ ਹੋਵੇਗਾ, ਉਹੀ ਰਾਜ ਦਾ ਹੱਕਦਾਰ ਹੋਵੇਗਾ। ਜੇ ਇਹ ਮਨਜ਼ੂਰ ਹੈ, ਤਾਂ ਮੈਂ ਲੜਕੀ ਵਿਆਹ ਦਿੰਦਾ ਹਾਂ। ਦਸਰਥ ਰਾਜੇ ਨੇ ਇਹ ਗੱਲ ਸੁਣ ਕੇ ਉਸ ਵੇਲੇ ਬੈਠ ਕੇ ਵਿਚਾਰ ਕੀਤੀ, ਅਤੇ ਕੇਕਈ ਇਸਤਰੀ ਦੇ ਰੂਪ ਬਾਰੇ ਵੀ ਵਿਚਾਰ ਕੀਤੀ। ਤਾਂ ਇਉਂ ਪ੍ਰਤੀਤ ਹੋਇਆ ਕਿ ਜਿਵੇਂ ਉਸ ਤੋਂ ਚੰਦਰਮਾਂ ਤੇ ਸੂਰਜ ਨੇ ਸੋਭਾ ਧਾਰਨ ਕੀਤੀ ਹੋਈ ਸੀ। ਦਸਰਥ ਰਾਜੇ ਨੂੰ ਕੇਕਈ ਚੰਦਰਮਾਂ ਸੂਰਜ ਨਾਲੋਂ ਵੀ ਸੁੰਦਰ ਨਜ਼ਰ ਆਈ ॥ ੧੪ ॥

**ਤਿਹ ਬਜਾਹਤ ਮਾਂਗ ਲਏ ਦੁ ਬਰੰ ॥ ਜਿਹ ਤੇ ਅਵਧੇਸ਼ ਕੇ ਪ੍ਰਾਣ ਹਰੰ ॥**
**ਸਮਝੀ ਨ ਨਰੇਸ਼ਰ ਬਾਤ ਹੀਏ ॥ ਤਬ ਹੀ ਤਹ ਕੋ ਬਰ ਦੋਇ ਦੀਏ ॥ ੧੫ ॥**

ਵਿਆਹ ਵੇਲੇ ਕੇਕਈ ਨੇ ਦੋ ਵਰ ਮੰਗ ਲਏ, ਜਿਨ੍ਹਾਂ ਕਰਕੇ ਮਹਾਰਾਜੇ ਦਸਰਥ ਦੇ ਪ੍ਰਾਣ ਨਾਸ ਹੋਏ। ਮਹਾਰਾਜੇ ਨੇ ਇਹ ਗੱਲ ਨਾ ਸਮਝੀ, ਅਤੇ ਉਸ ਵੇਲੇ ਉਸ ਨੂੰ ਦੋ ਵਰ ਦੇਣੇ ਮਨਜ਼ੂਰ ਕਰ ਲਏ ॥ ੧੫ ॥

ਭਾਵਾਰਥ : - ਰਾਮਾਯਣਾਂਕ ਦੇ ਸਫ਼ਾ ੫੭ ਤੇ ਲਿਖਿਆ ਹੈ "ਭਰਤ ਦੇ ਜਨਮ ਤੋਂ ਪਹਿਲੇ, ਉਸ ਦੀ ਮਾਤਾ ਕੇਕਈ ਦੇ ਵਿਆਹ ਤੋਂ ਵੀ ਪਹਿਲੇ ਉਸ ਦੇ ਨਾਨੇ ਨੇ ਮਹਾਰਾਜਾ ਦਸਰਥ ਤੋਂ ਪ੍ਰਤਿਗਿਆ ਕਰਾ ਲਈ ਸੀ, ਕਿ ਕੇਕਈ ਦਾ ਪੁੱਤਰ ਹੀ ਰਾਜ ਦਾ ਅਧਿਕਾਰੀ ਹੋਵੇਗਾ। ਇਸੇ ਸ਼ਰਤ ਤੇ ਕੇਕਈ ਦਾ ਵਿਵਾਹ ਹੋਇਆ ਸੀ। ਦਸਰਥ ਨੇ ਆਪਣੇ ਕਾਮੀਪਣ ਦੇ ਕਾਰਣ ਇਹ ਸ਼ਰਤ ਮਨਜ਼ੂਰ ਕੀਤੀ ਸੀ।

ਇਹ ਗੱਲ ਸਭ ਨੂੰ ਪਤਾ ਸੀ ਕਿ ਮਹਾਰਾਜ ਦਸਰਥ ਦੀਆਂ ਦੋ ਪਟਰਾਣੀਆਂ ਸਨ, ਤੀਜੀ ਪਟਰਾਣੀ ਕੇਕਈ ਨੇ ਤਦੇ ਇਹ ਵਰ ਮੰਗਿਆ ਸੀ ਕਿ ਮੇਰੇ ਪੁਤਰ ਨੂੰ ਰਾਜ ਅਤੇ ਹੋਰ ਚਾਹੇ ਕੋਈ ਰਾਜਕੁਮਾਰ ਵੱਡਾ ਹੋਵੇ, ਉਸ ਨੂੰ ਬਨਬਾਸ ਮਿਲੇ। ਦਸਰਥ ਨੇ ਉਸ ਵੇਲੇ ਤਾਂ ਇਹ ਵਰ ਦੇ ਦੇਣੇ ਇਕ ਮਾਮੂਲੀ ਖਿਆਲ ਕੀਤਾ, ਅਤੇ ਦੇ ਵੀ ਦਿੱਤੇ। ਪਰ ਅੰਤ ਨੂੰ ਇਹੋ ਵਰ ਰਾਜੇ ਦੀ ਮੌਤ ਦਾ ਕਾਰਣ ਹੋਏ।

**ਪੁਨ ਦੇਵ ਅਦੇਵਨ ਜੁੱਧ ਪਰੋ ॥ ਜਹ ਜੁੱਧ ਘਣੋ ਨ੍ਰਿਪ ਆਪ ਕਰੋ ॥**
**ਹਤ ਸਾਰਥੀ ਸਜੰਦਨ ਨਾਰ ਹਕਿਯੋ ॥ ਯਹ ਕੌਤਕ ਦੇਖ ਨਰੇਸ਼ ਚਕਿਯੋ ॥ ੧੬ ॥**

ਦੇਵਤੇ ਤੇ ਦੈਂਤਾਂ ਦਾ ਫਿਰ ਇਕ ਸਮੇਂ ਜੰਗ ਹੋਇਆ। ਜਿਸ ਵਿਚ ਬਹੁਤਾ ਜੰਗ ਰਾਜੇ ਨੇ ਆਪ ਕੀਤਾ। ਉਸ ਜੰਗ ਵਿਚ ਰਾਜੇ ਦਾ, ਰਥਵਾਹੀ, ਮਾਰਿਆ ਗਿਆ, ਤਾਂ ਉਸ ਵੇਲੇ ਦਸਰਥ ਦੀ ਇਸਤਰੀ ਕੇਕਈ ਰਾਣੀ ਨੇ, ਰੱਥ ਨੂੰ ਆਪ ਹੱਕਿਆ ਸੀ। ਇਸ ਕੌਤਕ ਨੂੰ ਵੇਖ ਕੇ ਰਾਜਾ ਦਸਰਥ

ਚੱਕ੍ਰਿਤ ਹੋ ਗਿਆ ਸੀ॥੧੬॥

**ਪੁਨ ਰੀਝ ਦਏ ਦੋਊ ਤੀਅ ਬਰੰ॥ ਚਿਤ ਮੋ ਸੁ ਬਿਚਾਰ ਕਛੂ ਨ ਕਰੰ॥**
**ਕਹੀ ਨਾਟਕ ਮੱਧ ਚਰਿਤ੍ਰ ਕਥਾ॥ ਜਯ ਦੀਨ ਸੁਰੇਸ਼ ਨਰੇਸ਼ ਜਥਾ॥੧੭॥**

ਫਿਰ ਰਾਜੇ ਨੇ ਖੁਸ਼ ਹੋ ਇਸਤਰੀ ਨੂੰ ਦੋ ਵਰ ਦੇਣੇ ਮੰਨ ਲਏ, ਚਿਤ ਵਿਚ ਇਹਨਾਂ ਦੇ ਨਤੀਜੇ ਦਾ ਕੁਝ ਵੀ ਵਿਚਾਰ ਨਾ ਕੀਤਾ। ਇਹ ਕਥਾ ਹਨੂੰਮਾਨ ਨਾਟਕ, ਅਤੇ ਰਾਮਾਇਣ ਆਦਿਕ ਰਾਮ ਚਰਿਤ੍ਰ ਦੀਆਂ ਪੁਸਤਕਾਂ ਵਿਚ ਵਿਸਥਾਰ ਨਾਲ ਕਹੀ ਹੋਈ ਹੈ, ਕਿ ਜਿਸ ਤਰ੍ਹਾਂ ਦਸਰਥ ਰਾਜੇ ਨੇ ਇੰਦਰ ਨੂੰ ਦੈਂਤਾਂ ਤੋਂ ਜਿੱਤ ਲੈ ਦਿੱਤੀ ਸੀ॥੧੭॥

ਭਾਵਾਰਥ : - ਪਿਛੇ ਇਹ ਗੱਲ ਕਹੀ ਹੈ, ਜੋ ਕੇਕਈ ਦੇ ਵਿਆਹ ਸਮੇਂ ਰਾਜੇ ਨੇ ਦੋ ਵਰ ਦਿੱਤੇ ਹਨ, ਅਤੇ ਫਿਰ ਕਿਹਾ ਹੈ, ਕਿ ਦੇਵਤੇ ਦੈਂਤਾਂ ਦੇ ਜੰਗ ਵਿਚ ਕੇਕਈ ਦੀ ਬਹਾਦਰੀ ਵੇਖ ਕੇ ਰਾਜੇ ਨੇ ਦੋ ਵਰ ਦੇਣੇ ਪ੍ਰਵਾਨ ਕੀਤੇ ਸਨ। ਗ੍ਰੰਥ ਕਰਤਾ ਜੀ ਦੱਸਦੇ ਹਨ, ਇਹ ਨਾਟਕ ਆਦਿਕਾਂ ਦਾ ਮਤ ਹੈ, ਅਸੀਂ ਇਸ ਨਾਲ ਸਹਿਮਤ ਨਹੀਂ ਹਾਂ।

**ਅਰਿ ਜੀਤਿ ਅਨੇਕ ਅਨੇਕ ਬਿਧੰ॥ ਸਭ ਕਾਜ ਨਰੇਸ੍ਵਰ ਕੀਨ ਸਿਧੰ॥**
**ਦਿਨ ਰੈਣ ਬਿਹਾਰਤ ਮੱਧਿ ਬਣੰ॥ ਜਲ ਨੈਨ ਦਿਜਾਇ ਤਹਾਂ ਸ੍ਰਵਣੰ॥੧੮॥**

ਅਨੇਕ ਤਰ੍ਹਾਂ ਨਾਲ ਅਨੇਕਾਂ ਵੈਰੀ ਜਿੱਤ ਲਏ, ਰਾਜੇਸ੍ਵਰ ਦਸਰਥ ਨੇ ਸਾਰੇ ਕੰਮ ਸਿੱਧ ਕਰ ਲਏ। ਦਸਰਥ ਮਹਾਰਾਜਾ ਦਿਨ ਰਾਤ ਜੰਗਲ ਵਿਚ ਸ਼ਿਕਾਰ ਲਈ ਫਿਰਦਾ ਸੀ। ਇਕ ਦਿਨ ਉਥੇ ਹੀ ਸ੍ਰਵਣ ਨਾਮ ਦਾ ਬ੍ਰਾਹਮਣ ਜਲ ਲੈਣ ਵਾਸਤੇ ਆ ਗਿਆ॥੧੮॥

**ਪਿਤ ਮਾਤ ਤਜੇ ਦੋਊ ਅੰਧ ਭੁਯੰ॥ ਗਹਿ ਪਾਤ੍ਰ ਚਲਿਯੋ ਜਲੁ ਲੈਨ ਸੁਯੰ॥**
**ਮੁਨਿ ਨੋ ਦਿਤ ਕਾਲ ਸਿਧਾਰ ਤਹਾਂ॥ ਨ੍ਰਿਪ ਬੈਠ ਪਤਊਵਨ ਬਾਂਧ ਜਹਾਂ॥੧੯॥**

ਸ੍ਰਵਣ ਆਪਣੇ ਦੋਹਾਂ ਅੰਨ੍ਹੇ ਮਾਤਾ ਪਿਤਾ ਨੂੰ ਪਿੱਛੇ ਵੈਂਹਗੀ ਵਿਚ ਬਿਠਾ ਧਰਤੀ ਤੇ ਛੱਡ ਗਿਆ ਸੀ, ਅਤੇ ਆਪ ਬਰਤਨ ਫੜ ਕੇ ਜਲ ਲੈਣ ਵਾਸਤੇ ਚਲਾ ਆਇਆ ਸੀ। ਸ੍ਰਵਣ ਮੁਨੀ ਕਾਲ ਦਾ, ਪ੍ਰੇਰਿਆ ਹੋਇਆ ਉਥੇ ਚਲਾ ਗਿਆ। ਜਿਥੇ ਦਸਰਥ ਰਾਜਾ, ਸ਼ਿਸ਼ਤ ਬੰਨ੍ਹ ਕੇ ਬੈਠਾ ਸੀ॥੧੯॥

**ਭਭਕੰਤ ਘਟੰ ਅਤਿ ਨਾਦਿ ਹੁਅੰ॥ ਧੁਨਿ ਕਾਨ ਪਰੀ ਅਜ ਰਾਜਸੁਅੰ॥**
**ਗਹਿ ਪਾਣ ਸੁ ਬਾਣਹਿ ਤਾਨ ਧਨੰ॥ ਮ੍ਰਿਗ ਜਾਣ ਦਿਜੰ ਸਰ ਸੁੱਧ ਹਨੰ॥੨੦॥**

ਘੜੇ ਦਾ ਭੱਕ ਭੱਕ ਕਰ ਕੇ ਜਦੋਂ ਵੱਡਾ ਸ਼ਬਦ ਹੋਇਆ, ਤਾਂ ਅਜ ਰਾਜੇ ਦਾ ਪੁੱਤਰ ਦਸਰਥ ਦੇ ਕੰਨੀਂ ਉਹ ਅਵਾਜ਼ ਪਈ। ਉਸ ਵੇਲੇ ਹੱਥ ਵਿਚ ਤੀਰ ਫੜ ਕੇ, ਧਨੁੱਖ ਖਿਚਿਆ ਅਤੇ ਹਿਰਨ ਸਮਝ ਕੇ ਬ੍ਰਾਹਮਣ ਨੂੰ ਤੀਰ ਮਾਰ ਦਿੱਤਾ॥੨੦॥

**ਗਿਰ ਗਜੋ ਸੁ ਲਗੇ ਸਰ ਸੁੱਧ ਮੁਨੰ ॥ ਨਿਸਰੀ ਮੁਖ ਤੇ ਹਹਕਾਰ ਧੁਨੰ ॥**
**ਮ੍ਰਿਗਨਾਂਤ ਕਹਾ ਨ੍ਰਿਪ ਜਾਇ ਲਹੈ ॥ ਦਿਜ ਦੇਖ ਦੋਊ ਕਰ ਦਾਂਤ ਗਹੈ ॥ ੨੧ ॥**

ਤੀਰ ਦੇ ਲੱਗਦਿਆਂ ਹੀ ਮੁਨੀ ਡਿੱਗ ਪਿਆ, ਉਸ ਦੇ ਮੂੰਹੋਂ 'ਹਾਇ ਹਾਇ' ਦੀ ਅਵਾਜ਼ ਨਿਕਲੀ। ਕਿਥੇ ਹਿਰਨ ਮਰਿਆ ਹੈ ਇਹ ਗੱਲ ਨੂੰ ਜਾਨਣ ਲਈ ਰਾਜਾ ਤਲਾਬ ਦੇ ਦੂਜੇ ਕੰਢੇ ਗਿਆ, ਅਤੇ ਬ੍ਰਾਹਮਣ ਨੂੰ ਵੇਖ ਕੇ ਰਾਜੇ ਨੇ ਦੋਵੇਂ ਹੱਥ ਦੰਦਾਂ ਨਾਲ ਫੜ ਲਏ। ਬ੍ਰਾਹਮਣ ਦੀ ਹਾਲਤ ਵੇਖ ਕੇ ਰਾਜਾ ਗ਼ਮ ਨਾਲ ਉਦਾਸ ਹੋ ਗਿਆ ॥ ੨੧ ॥

**ਸਰਵਣ ਬਾਚਿ ॥ ਕਛੁ ਪ੍ਰਾਨ ਰਹੇ ਤਿਹ ਮੱਧ ਤਨੰ ॥ ਨਿਕਰੰਤ ਕਹਾ ਜੀਅ ਬਿੱਪ ਨ੍ਰਿਪੰ ॥**
**ਮੁਰ ਤਾਤਰੁ ਮਾਤ ਨ੍ਰਿਚੱਛ ਪਰੇ ॥ ਤਿਹ ਪਾਨ ਪਿਆਇ ਨ੍ਰਿਪਾਧ ਮਰੇ ॥ ੨੨ ॥**

ਸ੍ਰਵਣ ਦੇ ਸਰੀਰ ਵਿਚ ਕੁਝ ਪ੍ਰਾਣ ਰਹਿੰਦੇ ਸਨ। ਬ੍ਰਾਹਮਣ ਦੀ ਆਤਮਾ ਨੇ ਦੇਹ ਵਿਚੋਂ ਨਿਕਲਦਿਆਂ ਰਾਜੇ ਨੂੰ ਕਿਹਾ ਕਿ ਹੇ ਨੀਚ ਰਾਜੇ! ਮੇਰੇ ਅੰਨ੍ਹੇ ਮਾਤਾ ਤੇ ਪਿਤਾ ਫਲਾਣੀ ਥਾਂ ਤੇ ਹਨ। ਉਨ੍ਹਾਂ ਨੂੰ ਪਾਣੀ ਪਿਆ ਦੇਹੁ ॥ ੨੨ ॥

**ਪਾਧੜੀ ਛੰਦ ॥ ਬਿਨ ਚੱਛ ਭੂਪ ਦੋਊ ਤਾਤ ਮਾਤ ॥ ਤਿਨ ਦੇਹ ਪਾਨ ਤੁਹ ਕਹੌ ਬਾਤ ॥**
**ਮਮ ਕਥਾ ਨ ਤਿਨ ਕਹੀਯੋ ਪ੍ਰਬੀਨ ॥ ਸੁਨਿ ਮਰਜੋ ਪੁਤ੍ਰ ਤੇਊ ਹੋਹਿ ਛੀਨ ॥ ੨੩ ॥**

ਹੇ ਰਾਜਨ! ਮੇਰੇ ਮਾਤਾ-ਪਿਤਾ, ਦੋਵੇਂ ਅੱਖਾਂ ਤੋਂ ਹੀਣੇ ਹਨ, ਤੈਨੂੰ ਇਹੀ ਗੱਲ ਕਹਿੰਦਾ ਹਾਂ ਤੂੰ ਉਨ੍ਹਾਂ ਨੂੰ ਜਾ ਕੇ ਪਾਣੀ ਪਿਆ ਦੇਹੁ। ਹੇ ਚਤੁਰ! ਮੇਰੀ ਕਥਾ ਉਨ੍ਹਾਂ ਨੂੰ ਨਾ ਦੱਸੀਂ, ਕਿਉਂਕਿ ਉਹ ਪੁੱਤਰ ਦਾ ਮਰਨਾ ਸੁਣਦਿਆਂ ਦੋਵੇਂ ਮਰ ਜਾਣਗੇ ॥ ੨੩ ॥

**ਇਹ ਭਾਂਤ ਜਬੈ ਦਿਜ ਕਹੈ ਬੈਨ ॥ ਜਲ ਸੁਨਤ ਭੂਪ ਚੁਐ ਚਲੇ ਨੈਨ ॥**
**ਧ੍ਰਿਗ ਮੋਹ ਜਿਨ ਸੁ ਕੀਨੋ ਕੁਕਰਮ ॥ ਹਤਿ ਭਯੋ ਰਾਜ ਅਰੁ ਗਯੋ ਧਰਮ ॥ ੨੪ ॥**

ਜਦੋਂ ਬ੍ਰਾਹਮਣ ਨੇ ਇਸ ਤਰ੍ਹਾਂ ਦੇ ਬਚਨ ਕਹੇ ਤਾਂ ਸੁਣਦਿਆਂ ਹੀ ਰਾਜੇ ਦੀਆਂ ਅੱਖਾਂ ਤੋਂ ਜਲ ਵੱਗ ਤੁਰਿਆ। ਦਸਰਥ ਨੇ ਕਿਹਾ ਮੈਨੂੰ ਧ੍ਰਿਕਾਰ ਹੈ, ਜਿਸ ਨੇ ਐਸਾ ਬੁਰਾ ਕਰਮ ਕੀਤਾ ਹੈ। ਜਿਸ ਨਾਲ ਰਾਜ ਨਾਸ ਹੋ ਗਿਆ ਹੈ, ਅਤੇ ਧਰਮ ਭ੍ਰਿਸ਼ਟ ਹੋ ਗਿਆ ਹੈ ॥ ੨੪ ॥

**ਜਬ ਲਯੋ ਭੂਪ ਤਿਹ ਸਰ ਨਿਕਾਰ ॥ ਤਬ ਤਜੇ ਪ੍ਰਾਣ ਮੁਨ ਬਰ ਉਦਾਰ ॥**
**ਪੁਨ ਭਯੋ ਰਾਵ ਮਨ ਮੈ ਉਦਾਸ ॥ ਗ੍ਰਿਹ ਪਲਟ ਜਾਨ ਕੀ ਤਜੀ ਆਸ ॥ ੨੫ ॥**

ਜਦੋਂ ਰਾਜੇ ਨੇ ਉਸ ਦੀ ਦੇਹ ਵਿਚੋਂ ਤੀਰ ਕਢ ਲਿਆ, ਤਦੋਂ ਮਹਾਂ ਮੁਨੀ ਨੇ ਪ੍ਰਾਣ ਤਿਆਗ ਦਿੱਤੇ। ਫਿਰ ਰਾਜਾ ਮਨ ਵਿਚ ਉਦਾਸ ਹੋ ਗਿਆ, ਅਤੇ ਘਰ ਮੁੜ ਜਾਣ ਦੀ ਆਸਾ ਹੀ ਛੱਡ ਦਿੱਤੀ ॥ ੨੫ ॥

ਜੀਅ ਠਟੀ ਕਿ ਧਾਰੋ ਜੋਗ ਭੇਸ॥ ਕਹੂੰ ਬਸੌ ਜਾਇ ਬਨਿ ਤਿਆਗਿ ਦੇਸ॥
ਕਿਹ ਕਾਜ ਮੋਰ ਯਹ ਰਾਜ ਸਾਜ॥ ਦਿਜ ਮਾਰਿ ਕੀਯੋ ਜਿਨ ਅਸ ਕੁਕਾਜ॥ ੨੬॥

ਮਨ ਵਿਚ ਧਾਰ ਲਈ, ਕਿ ਜੋਗ ਭੇਸ ਨੂੰ ਧਾਰ ਲਵਾਂ, ਅਤੇ ਦੇਸ ਨੂੰ ਤਿਆਗ ਕੇ ਕਿਤੇ ਜੰਗਲ ਵਿਚ ਜਾ ਕੇ ਵਾਸਾ ਕਰ ਲਵਾਂ। ਉਹ ਸੋਚਣ ਲੱਗਾ ਕਿ ਮੇਰਾ ਇਹ ਰਾਜ ਸਮਾਜ ਕਿਸ ਕੰਮ ਹੈ ਜਿਸ ਨੇ ਬ੍ਰਾਹਮਣ ਨੂੰ ਮਾਰ ਕੇ, ਇਸ ਤਰ੍ਹਾਂ ਦਾ ਬੁਰਾ ਕਰਮ ਕੀਤਾ ਹੈ॥ ੨੬॥

ਇਹ ਭਾਂਤ ਕਹੀ ਪੁਨਿ ਨ੍ਰਿਪ ਪ੍ਰਬੀਨ॥ ਸਭ ਜਗਤਿ ਕਾਲ ਕਰ ਮੈ ਅਧੀਨ॥
ਅਬ ਕਰੋ ਕਛੂ ਐਸੋ ਉਪਾਇ॥ ਜਾ ਤੇ ਸੁ ਬਚੈ ਤਿਹ ਤਾਤ ਮਾਇ॥ ੨੭॥

ਚਤੁਰ ਰਾਜੇ ਨੇ ਫਿਰ ਇਸ ਤਰ੍ਹਾਂ ਦੀ ਗੱਲ ਕਹੀ, ਕਿ ਸਾਰੇ ਜਗਤ ਦੀ, ਕ੍ਰਿਆ ਕਾਲ ਦੇ ਅਧੀਨ ਹੈ। ਹੁਣ ਕੁਝ ਅਜਿਹਾ ਉਪਾ ਕਰਾਂ, ਜਿਸ ਕਰ ਕੇ ਉਸ ਦੇ ਮਾਤਾ ਪਿਤਾ ਬਚ ਜਾਣ॥ ੨੭॥

ਭਰਿ ਲਯੋ ਕੁੰਭ ਸਿਰ ਪੈ ਉਠਾਇ॥ ਤੱਹ ਗਯੋ ਜਹਾਂ ਦਿਜ ਤਾਤ ਮਾਇ॥
ਜਬ ਗਯੋ ਨਿਕਟ ਤਿਨ ਕੇ ਸੁ ਧਾਰ॥ ਤਬ ਲਖੀ ਦੁਹੂੰ ਤਿਹ ਪਾਵ ਚਾਰ॥ ੨੮॥

ਘੜਾ ਪਾਣੀ ਦਾ ਭਰ ਕੇ ਰਾਜੇ ਨੇ ਸਿਰ ਉਤੇ ਚੁਕ ਲਿਆ ਅਤੇ ਉਥੇ ਗਿਆ, ਜਿਥੇ ਬ੍ਰਾਹਮਣ ਦੇ ਮਾਤਾ ਪਿਤਾ ਸਨ। ਜਦ ਉਨ੍ਹਾਂ ਦੇ ਨੇੜੇ ਚਲਾ ਗਿਆ, ਤਦ ਉਨ੍ਹਾਂ ਦੋਹਾਂ ਨੇ ਰਾਜੇ ਦੇ ਪੈਰਾਂ ਦੇ ਖੜਾਕ ਨੂੰ ਸੁਣ ਲਿਆ॥ ੨੮॥

ਦਿਜ ਬਾਚ ਰਾਜਾ ਸੋਂ॥ ਕੱਹ ਕਹੋ ਪੁਤ੍ਰ ਲਾਗੀ ਅਵਾਰ॥ ਸੁਨਿ ਰਹਿਓ ਮੋਨ ਭੂਪਤ ਉਦਾਰ॥
ਫਿਰਿ ਕਹਯੋ ਕਾਹਿ ਬੋਲਤ ਨ ਪੂਤ॥ ਚੁਪ ਰਹੇ ਰਾਜ ਲਹਿਕੈ ਕਸੂਤ॥ ੨੯॥

ਬ੍ਰਾਹਮਣ ਰਾਜੇ ਨੂੰ ਕਹਿਣ ਲੱਗਾ, ਦੱਸੋ ਪੁੱਤਰ, ਦੇਰੀ ਕਿਉਂ ਲੱਗੀ ਹੈ ? ਇਹ ਸੁਣ ਕੇ ਭਲਾ ਪੁਰਸ਼ ਰਾਜਾ, ਚੁਪ ਹੋ ਰਿਹਾ। ਬੁੱਢੇ ਬ੍ਰਾਹਮਣ ਨੇ ਮੁੜ ਕੇ ਕਿਹਾ ਕਿ ਪੁੱਤਰ ! ਬੋਲਦਾ ਕਿਉਂ ਨਹੀਂ ? ਮਾੜਾ ਕੰਮ ਕਰਕੇ ਰਾਜਾ ਕੀ ਬੋਲਦਾ, ਇਸ ਲਈ ਚੁਪ ਰਿਹਾ॥ ੨੯॥

ਨ੍ਰਿਪ ਦੀਓ ਪਾਨ ਤਿਹ ਪਾਨ ਜਾਇ॥ ਚਕਿ ਰਹੇ ਅੰਧ ਤਿਹ ਕਰ ਛੁਹਾਇ॥
ਕਰ ਕੋਪ ਕਹਿਯੋ ਤੂ ਆਹਿ ਕੋਇ॥ ਇਮ ਸੁਨਤ ਸ਼ਬਦ ਨ੍ਰਿਪ ਦਯੋ ਰੋਇ॥ ੩੦॥

ਰਾਜੇ ਨੇ ਉਸ ਦੇ ਹੱਥ ਵਿਚ ਜਾ ਕੇ ਪਾਣੀ ਫੜਾ ਦਿੱਤਾ। ਅੰਨ੍ਹਾਂ ਬ੍ਰਾਹਮਣ ਉਸ ਦਸਰਥ ਦੇ ਹੱਥ ਨੂੰ ਛੋਹ ਕੇ ਹੈਰਾਨ ਹੋ ਗਿਆ। ਫਿਰ ਕ੍ਰੋਧ ਕਰ ਕੇ ਕਿਹਾ ਸੱਚ ਦੱਸ ਤੂੰ ਕੌਣ ਹੈ ? ਇਸ ਤਰ੍ਹਾਂ ਦਾ ਬਚਨ ਸੁਣਦਿਆਂ ਰਾਜਾ ਰੋ ਪਿਆ॥ ੩੦॥

## ਰਾਜਾ ਬਾਚ ਦਿਜ ਸੋਂ ॥

**ਹਉ ਪੁਤ੍ਰ ਘਾਤ ਤਵ ਬ੍ਰਹਮਣੇਸ਼ ॥ ਜਿਹ ਹਨਿਯੋ ਸ੍ਰਵਣ ਤਵ ਸੁਤ ਸੁਦੇਸ਼ ॥**
**ਮੈ ਪਰਜੋ ਸਰਣ ਦਸਰਥ ਰਾਇ ॥ ਚਾਹੋ ਸੁ ਕਰੋ ਮੋਹਿ ਬਿੱਪ ਆਇ ॥ ੩੧ ॥**

ਹੇ ਰਾਜ ਰਿਖੀ ! ਮੈਂ ਤੇਰੇ ਪੁੱਤਰ ਨੂੰ ਮਾਰਨ ਵਾਲਾ ਹਾਂ, ਜਿਸ ਨੇ ਤੇਰੇ ਸਰਵਣ ਪੁੱਤਰ ਨੂੰ ਆਪਣੇ ਦੇਸ਼ ਵਿਚ ਮਾਰਿਆ ਹੈ। ਮੈਂ ਦਸਰਥ ਰਾਜਾ ਤੇਰੀ ਸ਼ਰਣੀ ਪਿਆ ਹਾਂ, ਹੇ ਬ੍ਰਾਹਮਣ ! ਜੋ ਕਰਨਾ ਚਾਹੋ, ਉਹੀ ਵਰਤਾਉ ਮੇਰੇ ਨਾਲ ਕਰੋ ॥ ੩੧ ॥

**ਰਾਖੈ ਤੁ ਰਾਖ ਮਾਰੈ ਤੁ ਮਾਰ ॥ ਮੈ ਪਰੋ ਸ਼ਰਣ ਤੁਮਰੈ ਦੁਆਰ ॥**
**ਤਬ ਕਹੀ ਤਿਨੋ ਦਸਰਥ ਰਾਇ ॥ ਬਹੁ ਕਾਸ਼ਟ ਅਗਨ ਦ੍ਵੈ ਦੇਇ ਮੰਗਾਇ ॥ ੩੨ ॥**

ਰਾਜਾ ਕਹਿਣ ਲੱਗਾ, "ਰਖਿਆ ਚਾਹੋ ਤਾਂ ਰਖੋ, ਮਾਰਿਆ ਚਾਹੋ ਤਾ ਮਾਰੋ, ਮੈਂ ਤੁਹਾਡੇ ਦਰ ਤੇ ਤੁਹਾਡੀ ਸ਼ਰਣੀ ਪਿਆ ਹਾਂ। ਤਦ ਉਨ੍ਹਾਂ ਦੋਹਾਂ ਨੇ ਦਸਰਥ ਰਾਜੇ ਨੂੰ ਕਿਹਾ ਕਿ ਬਹੁਤ ਸਾਰੀਆਂ ਲਕੜਾਂ ਅਤੇ ਅੱਗ ਇਹ ਦੋਵੇਂ ਚੀਜ਼ਾਂ ਮੰਗਵਾ ਦੇਹ ॥ ੩੨ ॥

**ਤਬ ਲੀਯੋ ਅਧਿਕ ਕਾਸ਼ਟ ਮੰਗਾਇ ॥ ਚੜ ਬੈਠੇ ਤਹਾਂ ਸਲ੍ਹ ਕਉ ਬਨਾਇ ॥**
**ਚਹੂੰ ਓਰ ਦਈ ਜੁਆਲਾ ਜਗਾਇ ॥ ਦਿਜ ਜਾਨ ਗਈ ਪਾਵਕ ਸਿਰਾਇ ॥ ੩੩ ॥**

ਤਦ ਬਹੁਤ ਸਾਰੀਆਂ ਲਕੜਾਂ ਮੰਗਵਾ ਲਈਆਂ, ਉਸ ਦੀ ਚਿਖਾ ਬਣਾ ਕੇ ਦੋਵੇਂ ਉਸ ਉਤੇ ਚੜ੍ਹ ਬੈਠੇ। ਚੌਹੀਂ ਪਾਸੀਂ ਅੱਗ ਮਚਾ ਦਿੱਤੀ, ਪਰ ਬ੍ਰਾਹਮਣ ਨੂੰ ਜਾਣ ਕੇ ਅੱਗ ਠੰਡੀ ਹੋ ਗਈ ॥ ੩੩ ॥

**ਤਬ ਜੋਗ ਅਗਨਿ ਤਨ ਤੇ ਉਪ੍ਰਾਜ ॥ ਦੁਹੂੰ ਮਰਨ ਜਰਨ ਕੋ ਸਜਿਯੋ ਸਾਜ ॥**
**ਤੇ ਭਸਮ ਭਏ ਤਿਹ ਬੀਚ ਆਪ ॥ ਤਿਹ ਕੋਪ ਦੁਹੂੰ ਨ੍ਰਿਪ ਦੀਯੋ ਸ੍ਰਾਪ ॥ ੩੪ ॥**

ਤਦ ਉਨ੍ਹਾਂ ਨੇ ਜੋਗ ਅਗਨਿ ਆਪਣੇ ਸਰੀਰ ਤੋਂ ਪੈਦਾ ਕੀਤੀ, ਅਤੇ ਦੋਹਾਂ ਨੇ ਸੜ ਕੇ ਮਰਨ ਦੀ ਤਿਆਰੀ ਬਣਾ ਲਈ। ਉਸ ਵਿਚ ਉਹ ਆਪ ਸੜ ਕੇ ਸਵਾਹ ਹੋ ਗਏ ਅਤੇ ਉਨ੍ਹਾਂ ਦੋਹਾਂ ਨੇ ਕ੍ਰੋਧ ਕਰ ਕੇ ਰਾਜੇ ਨੂੰ ਸਰਾਪ ਦੇ ਦਿੱਤਾ ॥ ੩੪ ॥

## ਦਿਜ ਬਾਚ ਰਾਜਾ ਸੋਂ ॥

**ਜਿਮ ਤਜੇ ਪ੍ਰਾਣ ਹਮ ਸੁਤਿ ਬਿਛੋਹ ॥ ਤਿਮ ਲਗੋ ਸ੍ਰਾਪ ਸੁਨ ਭੂਪ ਤੋਹ ॥**
**ਇਮ ਭਾਖ ਜਰਜੋ ਦਿਜ ਸਹਿਤ ਨਾਰਿ ॥ ਤਜ ਦੇਹ ਕੀਯੋ ਸੁਰਪੁਰ ਬਿਹਾਰ ॥ ੩੫ ॥**

ਜਿਸ ਤਰ੍ਹਾਂ ਅਸਾਂ ਦੋਹਾਂ ਨੇ ਪੁੱਤਰ ਦੇ ਵਿਛੋੜੇ ਨਾਲ ਪ੍ਰਾਣ ਤਿਆਗੇ ਹਨ। ਹੇ ਰਾਜਨ !

ਸੁਣੋ, ਤੈਨੂੰ ਸਾਡਾ ਇਹ ਸਰਾਪ ਲੱਗੇ, ਕਿ ਇਸ ਤਰ੍ਹਾਂ ਤੂੰ ਵੀ ਪੁੱਤਰ ਦੇ ਵਿਛੋੜੇ ਨਾਲ ਪ੍ਰਾਣ ਤਿਆਗੇਂ। ਇਸ ਤਰ੍ਹਾਂ ਬ੍ਰਾਹਮਣ ਕਹਿ ਕੇ, ਇਸਤਰੀ ਸਮੇਤ ਸੜ ਗਿਆ। ਦੇਹ ਤਿਆਗ ਕੇ, ਸਵਰਗ ਵਿਚ ਪਹੁੰਚ ਗਏ॥ ੩੫॥

**ਰਾਜਾ ਬਾਚ॥ ਤਬ ਚਹੀ ਭੂਪ ਹਊਂ ਜਰੌਂ ਆਜ॥ ਕੈ ਅਤਿਥ ਹੋਊਂ ਤਜ ਰਾਜ ਸਾਜ॥**
**ਕੈ ਗ੍ਰਿਹਿ ਜੈ ਕੈ ਕਰਹੌਂ ਉਚਾਰ॥ ਮੈ ਦਿਜ ਆਯੋ ਨਿਜ ਕਰ ਸੰਘਾਰ॥੩੬॥**

ਤਦ ਰਾਜਾ ਆਪਣੇ ਆਪ ਨੂੰ ਕਹਿਣ ਲੱਗਾ ਕਿ ਅੱਜ ਮੈਂ ਵੀ ਸੜ ਜਾਵਾ? ਜਾਂ ਰਾਜ ਸਾਜ ਛੱਡ ਕੇ, ਜੋਗੀ ਹੋ ਜਾਵਾਂ? ਘਰ ਜਾ ਕੇ ਜਾਂ ਇਹ ਕਹਿ ਦੇਵਾਂ ਕਿ 'ਮੈਂ ਆਪਣੇ ਹੱਥਾਂ ਨਾਲ ਬ੍ਰਾਹਮਣ ਨੂੰ ਮਾਰਕੇ ਆਇਆ ਹਾਂ॥ ੩੬॥

**ਦੇਵ ਬਾਨੀ ਬਾਚ॥ ਤਬ ਭਈ ਦੇਵ ਬਾਨੀ ਬਨਾਇ॥ ਜਿਨ ਕਰੋ ਦੁੱਖ ਦਸਰਥ ਰਾਇ॥**
**ਤਵ ਧਾਮ ਹੋਹਿਗੇ ਪੁਤ੍ਰ ਬਿਸ਼ਨ॥ ਸਭ ਕਾਜ ਆਜ ਸਿਧ ਭਏ ਜਿਸਨ॥੩੭॥**

ਤਦੋਂ ਭਲੀ ਪ੍ਰਕਾਰ ਅਕਾਸ਼ ਬਾਣੀ ਹੋਈ-ਹੇ ਦਸਰਥ ਰਾਜੇ! ਤੁਸੀਂ ਦੁਖੀ ਨਾ ਹੋਵੋ। ਤੁਹਾਡੇ ਘਰ ਵਿਚ ਵਿਸ਼ਨੂੰ ਭਗਵਾਨ ਜੀ ਪੁੱਤਰ ਹੋਣਗੇ। ਅਜ ਸਾਰੇ ਦੇਵਤਿਆਂ ਦੇ ਕਾਰਜ ਸਿੱਧ ਹੋਏ ਹਨ॥ ੩੭॥

**ਹ੍ਵੈ ਹੈ ਸੁ ਨਾਮ ਰਾਮਾਵਤਾਰ॥ ਕਰ ਹੈ ਸੁ ਸਕਲ ਜਗ ਕੋ ਉਧਾਰ॥**
**ਕਰ ਹੈ ਸੁ ਤਨਕ ਮੈ ਦੁਸ਼ਟ ਨਾਸ॥ ਇਹ ਭਾਂਤ ਕੀਰਤ ਕਰ ਹੈ ਪ੍ਰਕਾਸ॥੩੮॥**

ਤੁਹਾਡੇ ਘਰ 'ਰਾਮ' ਨਾਮ ਵਾਲਾ ਅਵਤਾਰ ਹੋਏਗਾ, ਜਿਹੜਾ ਸਾਰੇ ਜਗਤ ਦਾ ਉਧਾਰ ਕਰੇਗਾ। ਉਹ ਇਕ ਛਿਨ ਵਿਚ ਦੁਸ਼ਟਾਂ ਦਾ ਨਾਸ ਕਰੇਗਾ, ਇਸ ਤਰ੍ਹਾਂ ਨਾਲ ਜਗਤ ਤੇ ਆਪਣੀ ਕੀਰਤੀ ਦਾ ਉਜਾਲਾ ਕਰੇਗਾ॥ ੩੮॥

**ਨਰਾਜ ਛੰਦ॥ ਨਚਿੰਤ ਭੂਪ ਚਿੰਤ ਧਾਮ ਰਾਮ ਰਾਇ ਆਇ ਹੈਂ॥**
**ਦੁਰੰਤ ਦੁਸ਼ਟ ਜੀਤ ਕੈ ਸੁ ਜੈਤ ਪੱਤ੍ਰ ਪਾਇ ਹੈਂ॥**
**ਅਖਰਬ ਗਰਬ ਜੇ ਭਰੇ ਸੁ ਸਰਬ ਗਰਬ ਘਾਲ ਹੈਂ॥**
**ਫਿਰਾਇ ਛੱਤ੍ਰ ਸੀਸ ਪੈ ਛਤੀਸ ਛੋਣ ਪਾਲ ਹੈਂ॥੩੯॥**

ਰਾਜਨ! ਚਿੱਤ ਤੋਂ ਬੇਫਿਕਰ ਹੋ ਜਾਓ, ਤੁਹਾਡੇ ਘਰ ਰਾਮ ਰਾਜਾ ਆਵੇਗਾ ਜੋ ਦੁਸ਼ਟਾਂ ਨੂੰ ਜਿੱਤ ਕੇ, ਵਿਜੈ ਪੱਤਰ ਪਾਵੇਗਾ। ਜੋ ਬੇਅੰਤ ਹੰਕਾਰ ਦੇ ਭਰੇ ਹੋਏ ਹਨ, ਉਨ੍ਹਾਂ ਦਾ ਸਾਰਾ ਹੰਕਾਰ ਨਾਸ ਕਰੇਗਾ। ਉਹ ਆਪਣੇ ਸਿਰ ਉਤੇ ਛੱਤਰ ਫਿਰਾਏਗਾ, ਅਤੇ ਰਾਜਾ ਹੋ ਕੇ ਧਰਤੀ ਦੀ ਪਾਲਣਾ ਕਰੇਗਾ॥ ੩੯॥

ਅਖੰਡ ਖੰਡ ਖੰਡ ਕੈ ਅਡੰਡ ਡੰਡ ਦੰਡ ਹੈਂ॥
ਅਜੀਤ ਜੀਤ ਜੀਤ ਕੈ ਬਿਸੇਖ ਰਾਜ ਮੰਡ ਹੈਂ॥
ਕਲੰਕ ਦੂਰ ਕੈ ਸਭੈ ਨਿਸ਼ੰਕ ਲੰਕ ਘਾਇ ਹੈਂ॥
ਸੁ ਜੀਤ ਬਾਹ ਬੀਸ ਗਰਬ ਈਸ ਕੋ ਮਿਟਾਇ ਹੈਂ॥੪੦॥

ਉਹ ਨਾ ਖੰਡੇ ਜਾਣ ਵਾਲਿਆਂ ਨੂੰ ਟੋਟੇ ਟੋਟੇ ਕਰੇਗਾ। ਡੰਡੇ ਨਾਲ ਦੰਡ ਹੀਣਿਆਂ ਨੂੰ ਡੰਡ ਦੇਵੇਗਾ। ਨਾ ਜ਼ਿਤੇ ਜਾਣ ਵਾਲਿਆਂ ਨੂੰ ਜਿੱਤ ਜਿੱਤ ਕੇ ਵੱਡਾ ਭਾਰਾ ਰਾਜ ਕਾਇਮ ਕਰੇਗਾ। ਸਾਰੇ ਕਲੰਕ ਦੂਰ ਕਰੇਗਾ ਅਤੇ ਨਿਸ਼ੰਗ ਹੋ ਕੇ ਲੰਕਾ ਨੂੰ ਮਾਰੇਗਾ। ਵੀਹ ਬਾਹਵਾਂ ਵਾਲੇ ਰਾਵਣ ਨੂੰ ਜਿਤ ਕੇ, ਸ਼ਿਵਜੀ ਦਾ ਹੰਕਾਰ ਮਿਟਾਵੇਗਾ॥ ੪੦॥

ਸਿਧਾਰ ਭੂਪ ਧਾਮ ਕੋ ਇਤੋ ਨ ਸ਼ੋਕ ਕੋ ਧਰੋ॥
ਬੁਲਾਇ ਬਿੱਪ ਛੋਣ ਕੇ ਅਰੰਭ ਜੱਗ ਕੋ ਕਰੋ॥
ਸੁਣੰਤ ਬੈਣ ਰਾਵ ਰਾਜਧਾਨੀਐ ਸਿਧਾਰੀਅੰ॥
ਬੁਲਾਇਕੈ ਬਸ਼ਿਸ਼ਟ ਰਾਜਸੂਇ ਕੋ ਸੁਧਾਰੀਅੰ॥੪੧॥

ਹੇ ਰਾਜਨ ! ਘਰ ਜਾਓ, ਰਤਾ ਮਾਤ੍ਰ ਵੀ ਸ਼ੋਕ ਨਾ ਮੰਨੋ, ਅਤੇ ਧਰਤੀ ਦੇ ਬ੍ਰਾਹਮਣਾਂ ਨੂੰ ਬੁਲਾ ਕੇ ਜੱਗ ਨੂੰ ਅਰੰਭ ਕਰੋ। ਰਾਜਾ ਦਸਰਥ ਇਹਨਾਂ ਬਚਨਾਂ ਨੂੰ ਸੁਣ ਕੇ, ਰਾਜਧਾਨੀ ਅਯੁਧਿਆ ਨੂੰ ਚਲਾ ਗਿਆ, ਵਸ਼ਿਸ਼ਟ ਜੀ ਨੂੰ ਬੁਲਾ ਕੇ ਰਾਜਸੂਅ ਜੱਗ ਕਰਨ ਲੱਗਾ॥ ੪੧॥

ਅਨੇਕ ਦੇਸ ਦੇਸ ਕੇ ਨਰੇਸ਼ ਬੋਲਕੈ ਲਏ॥
ਦਿਜੇਸ਼ ਬੇਸ ਬੇਸ ਕੇ ਛਿਤੇਸ਼ ਧਾਮ ਆ ਗਏ॥
ਅਨੇਕ ਭਾਂਤ ਮਾਨ ਕੈ ਦਿਵਾਨ ਬੋਲਕੈ ਲਏ॥
ਸੁ ਜੱਗ ਰਾਜਸੂਇ ਕੋ ਅਰੰਭ ਤਾ ਦਿਨਾ ਭਏ॥੪੨॥

ਰਾਜੇ ਦਸਰਥ ਨੇ ਦੇਸਾਂ ਦੇ ਸੈਨਾਪਤੀ ਬੁਲਾ ਲਏ ਅਤੇ ਤਰ੍ਹਾਂ ਤਰ੍ਹਾਂ ਦੇ ਬ੍ਰਾਹਮਣ ਰਾਜੇ ਦਸਰਥ ਦੇ ਘਰ ਆ ਗਏ। ਅਨੇਕ ਤਰ੍ਹਾਂ ਦਾ ਮਾਣ ਦੇ ਕੇ, ਮੰਤਰੀਆਂ ਨੂੰ ਬੁਲਾ ਲਿਆ, ਉਸੇ ਦਿਨ ਤੋਂ ਰਾਜਸੂਅ ਯੱਗ ਦਾ ਅਰੰਭ ਹੋ ਗਿਆ॥ ੪੨॥

ਸੁ ਪਾਦਿ ਅਰਘ ਆਸਨੰ ਅਨੇਕ ਧੂਪ ਦੀਪ ਕੈ॥
ਪਖਾਰ ਪਾਇ ਬ੍ਰਹਮਣੰ ਪ੍ਰਦੱਛਣਾ ਬਿਸੇਖ ਦੈ॥

**ਕਰੋਰ ਕੋਰ ਦੱਛਨਾਦਿ ਏਕ ਏਕ ਕਉ ਦਈ॥**
**ਸੁ ਜੱਗ ਰਾਜਸੂਇ ਕੀ ਅਰੰਭ ਤਾ ਦਿਨਾ ਭਈ॥੪੩॥**

ਚਰਣ ਧੋਣ ਲਈ ਪਾਣੀ, ਆਸਣ ਤੇ ਧੂਪ ਦੀਪ ਦੇ ਕੇ, ਬ੍ਰਾਹਮਣਾਂ ਦੇ ਚਰਣ ਧੋ ਕੇ ਬਹੁਤ ਪ੍ਰਕਰਮਾਂ ਕੀਤੀਆਂ। ਕ੍ਰੋੜ ਕ੍ਰੋੜ ਰੁਪਿਆ ਦਛਣਾਂ ਇਕ ਇਕ ਬ੍ਰਾਹਮਣ ਨੂੰ ਦਿੱਤੀ। ਉਸ ਦਿਨ ਤੋਂ ਰਾਜਸੂਯ ਯੱਗ ਦਾ ਅਰੰਭ ਹੋ ਗਿਆ॥੪੩॥

**ਨਟੇਸ਼ ਦੇਸ ਦੇਸ ਕੇ ਅਨੇਕ ਗੀਤ ਗਾਵਹੀ॥**
**ਅਨੰਤ ਦਾਨ ਮਾਨ ਲੈ ਬਿਸੇਖ ਸੋਭ ਪਾਵਹੀ॥**
**ਪ੍ਰਸੰਨਿ ਲੋਗ ਜੇ ਭਏ ਸੁ ਜਾਤ ਕਉਨ ਤੇ ਕਹੇ॥**
**ਬਿਮਾਨ ਆਸਮਾਨ ਕੇ ਪਛਾਨ ਮੋਨ ਹ੍ਵੈ ਰਹੇ॥੪੪**

ਨਟ-ਰਾਜ ਦੇਸ਼ਾਂ ਦੇਸ਼ਾਂ ਦੇ ਆਏ ਜੋ ਅਨੇਕਾਂ ਗੀਤਾਂ ਨੂੰ ਗਾਉਂਦੇ ਸਨ। ਰਾਜੇ ਦਸਰਥ ਤੋਂ ਬੇਅੰਤ ਦਾਨ ਤੇ ਮਾਣ ਲੈ ਕੇ ਵਡੀ ਸੋਭਾ ਪਾ ਰਹੇ ਸਨ। ਕਿੰਨੇ ਲੋਕ ਪ੍ਰਸੰਨ ਹੋਏ ਸਨ, ਉਹ ਕਿਸ ਪਾਸੋਂ ਕਿਹਾ ਜਾ ਸਕਦਾ ਹੈ ਅਕਾਸ਼ ਦੇ ਦੇਵਤੇ, ਉਨ੍ਹਾਂ ਦੀ ਖੁਸ਼ੀ ਨੂੰ ਪਛਾਣ ਕੇ ਚੁਪ ਹੋ ਰਹੇ ਸਨ॥੪੪॥

**ਹੁਤੀ ਜਿਤੀ ਅਪੱਛਰਾ ਚਲੀ ਸੁਵਰਗ ਛੋਰ ਕੈ॥**
**ਬਿਸੇਖ ਹਾਇ ਭਾਇ ਕੈ ਨਚੰਤ ਅੰਗ ਮੋਰ ਕੈ॥**
**ਬਿਅੰਤ ਭੂਪ ਰੀਝਹੀ ਅਨੰਤ ਦਾਨ ਪਾਵਹੀਂ॥**
**ਬਿਲੋਕ ਅੱਛਰਾਨ ਕੋ ਅਪੱਛਰਾ ਲਜਾਵਹੀਂ॥੪੫॥**

ਇੰਦਰ ਦੇ ਦਰਬਾਰ ਦੀਆਂ ਜਿੰਨੀਆਂ ਅਪੱਛਰਾਂ ਹੁੰਦੀਆਂ ਸਨ, ਉਹ ਸਭ ਸਵਰਗ ਨੂੰ ਛੱਡਕੇ ਚਲੀਆਂ ਆਈਆਂ। ਖਾਸ ਤਰ੍ਹਾਂ ਦੇ ਹਾਵ-ਭਾਵ ਕਰਕੇ, ਅੰਗ ਮੋੜ ਮੋੜ ਕੇ ਨੱਚਦੀਆਂ ਸਨ। ਅਨੇਕਾਂ ਰਾਜੇ ਉਨ੍ਹਾਂ ਦਾ ਨਾਚ ਵੇਖ ਕੇ ਖੁਸ਼ ਹੁੰਦੇ ਸਨ ਅਤੇ ਨੱਚਣ ਵਾਲੀਆਂ ਉਨ੍ਹਾਂ ਤੋਂ ਬੇਅੰਤ ਤਰ੍ਹਾਂ ਦੇ ਦਾਨ ਅਤੇ ਇਨਾਮ ਪਾਉਂਦੀਆਂ ਸਨ। ਉਨ੍ਹਾਂ ਨੱਚਣ ਵਾਲੀਆਂ ਇਸਤਰੀਆਂ ਨੂੰ ਵੇਖ ਕੇ ਸ੍ਵਰਗ ਦੀਆਂ ਅਪੱਛਰਾਂ ਵੀ ਸ਼ਰਮਸਾਰ ਹੋ ਰਹੀਆਂ ਸਨ॥੪੫॥

**ਅਨੰਤ ਦਾਨ ਮਾਨ ਦੈ ਬੁਲਾਇ ਸੂਰਮਾ ਲਏ॥**
**ਦੁਰੰਤ ਸੈਨ ਸੰਗ ਦੈ ਦਸੋ ਦਿਸਾ ਪਠੈ ਦਏ॥**
**ਨਰੇਸ਼ ਦੇਸ ਦੇਸ ਕੇ ਨ੍ਰਿਪੇਸ਼ ਪਾਇ ਪਾਰੀਅੰ॥**
**ਮਹੇਸ਼ ਜੀਤ ਕੈ ਸਭੈ ਸੁ ਛਤ੍ਰਪਤ੍ਰ ਢਾਰੀਅੰ॥੪੬॥**

ਕਈ ਤਰ੍ਹਾਂ ਦਾ ਇਨਾਮ ਤੇ ਸਨਮਾਨ ਦੇ ਕੇ ਸੂਰਮਿਆਂ ਨੂੰ ਸੱਦ ਲਿਆ, ਅਤੇ ਉਨ੍ਹਾਂ ਨੂੰ ਅਜਿਤ ਫੌਜ ਨਾਲ ਦੇ ਕੇ, ਦਸਾਂ ਦਿਸ਼ਾਂ ਵਿਚ ਭੇਜ ਦਿੱਤਾ। ਉਨ੍ਹਾਂ ਨੇ ਦੇਸ਼ਾਂ ਦੇਸ਼ਾਂ ਦੇ ਰਾਜਿਆਂ ਨੂੰ ਜਿੱਤ ਕੇ ਮਹਾਰਾਜਾ ਦਸਰਥ ਦੇ ਚਰਣੀਂ ਪਾ ਦਿੱਤਾ, ਇਸ ਤਰ੍ਹਾਂ ਨਾਲ ਸਾਰੇ ਮਹੇਸ ਭਾਵ ਰਾਜਿਆਂ ਨੂੰ ਜਿੱਤਕੇ ਦਸਰਥ ਨੇ ਆਪਣੇ ਸਿਰ ਪੁਰ ਛੱਤ੍ਰ ਤੇ ਪੱਤ੍ਰ ਝੁਲਵਾਇਆ॥ ੪੬॥

**ਰੂਆਮਲ ਛੰਦ॥ ਜੀਤ ਜੀਤ ਨ੍ਰਿਪੰ ਨਰੇਸ਼ੁਰ ਸ਼ੱਤ੍ਰ ਮਿੱਤ੍ਰ ਬੁਲਾਇ॥**
**ਬਿਪ੍ਰ ਆਦਿ ਬਿਸ਼ਿਸ਼ਟ ਤੇ ਲੈ ਕੈ ਸਭੈ ਰਿਖਰਾਇ॥**
**ਕ੍ਰੁੱਧ ਜੁੱਧ ਕਰੇ ਘਨੇ ਅਵਗਾਹਿ ਗਾਹਿ ਸੁਦੇਸ਼॥**
**ਆਨ ਆਨ ਅਵਧੇਸ਼ ਕੇ ਪਗ ਲਾਗੀਅੰ ਅਵਨੇਸ਼॥ ੪੭॥**

ਦਸਰਥ ਮਹਾਰਾਜੇ ਨੇ ਰਾਜਿਆਂ ਨੂੰ ਜਿੱਤ ਜਿੱਤ ਕੇ, ਸਾਰੇ ਮਿੱਤਰ ਤੇ ਸ਼ੱਤਰੂ ਬੁਲਾ ਲਏ। ਵਸ਼ਿਸ਼ਟ ਆਦਿ ਤੋਂ ਲੈ ਕੇ ਬ੍ਰਾਹਮਣ ਅਤੇ ਸਾਰੇ ਰਾਜ ਰਿਖੀ ਬੁਲਾ ਲਏ। ਫੌਜਾਂ ਨੇ ਕ੍ਰੋਧ ਨਾਲ ਬੜੇ ਜੁੱਧ ਕੀਤੇ, ਅਤੇ ਫਿਰ ਕੇ ਸਾਰੇ ਦੇਸ਼ ਨੂੰ ਗਾਹ ਲਿਆ। ਸਾਰੇ ਰਾਜੇ ਅਯੁਧਿਆ ਵਿਚ ਆ ਕੇ ਦਸਰਥ ਰਾਜੇ ਦੇ ਚਰਨੀ ਲੱਗੇ॥ ੪੭॥

**ਭਾਂਤਿ ਭਾਂਤਿਨ ਦੈ ਲਏ ਸਨਮਾਨ ਆਨ ਨ੍ਰਿਪਾਲ॥**
**ਅਰਬ ਖਰਬਨ ਦਰਬ ਦੈ ਗਜ ਰਾਜ ਬਾਜ ਬਿਸਾਲ॥**
**ਹੀਰ ਚੀਰ ਨ ਕੋ ਸਕੈ ਗਨ ਜਟਤ ਜੀਨ ਜਰਾਇ॥**
**ਭਾਉ ਭੂਖਨ ਕੋ ਕਹੈ ਬਿਧ ਤੇ ਨ ਜਾਤ ਬਤਾਇ॥ ੪੮॥**

ਰਾਜਿਆਂ ਨੂੰ ਹਰ ਪ੍ਰਕਾਰ ਦਾ ਸਨਮਾਨ ਦਿੱਤਾ। ਅਰਬਾਂ ਖਰਬਾਂ ਧਨ ਦੇ ਰੂਪ ਵਿਚ ਅਤੇ ਬੇਅੰਤ ਹਾਥੀ ਅਤੇ ਘੋੜੇ ਦਿੱਤੇ। ਹੀਰ ਵਸਤਰ ਅਤੇ ਮਣੀਆ ਜੜਤ ਘੋੜਿਆਂ ਦੀਆਂ ਕਾਠੀਆਂ ਦੀ ਤਾਂ ਗਿਣਤੀ ਹੀ ਨਹੀਂ ਸੀ ਹੋ ਸਕਦੀ। ਗਹਿਣਿਆਂ ਦੇ ਸਹੱਪਣ ਦਾ ਵਰਣਨ ਤਾਂ ਬ੍ਰਹਮਾ ਵੀ ਨਹੀਂ ਸੀ ਕਰ ਸਕਦਾ॥ ੪੮॥

**ਪਸ਼ਮ ਬਸਤ੍ਰ ਪਟੰਬਰਾਦਿਕ ਦੀਏ ਭੂਖਨ ਭੂਪ॥**
**ਰੂਪ ਅਰੂਪ ਸਰੂਪ ਸੋਭਿਤ ਕਉਨ ਇੰਦ੍ਰ ਕਰੂਪ॥**
**ਦੁਸ਼ਟ ਪੁਸ਼ਟ ਤ੍ਰਸੈ ਸਭੈ ਥਰਹਰਜੋ ਸੁਨਿ ਗਿਰਰਾਇ॥**
**ਕਾਟਿ ਕਾਟਿਨ ਦੈ ਮੁੜੈ ਨ੍ਰਿਪ ਬਾਂਟਿ ਬਾਂਟਿ ਲੁਟਾਇ॥ ੪੯॥**

ਪਸ਼ਮ ਦੇ ਰੇਸ਼ਮੀ ਕਪੜੇ, ਤੇ ਪੱਟ ਦੇ ਬਸਤ੍ਰ ਵੀ ਰਾਜਿਆਂ ਨੂੰ ਭੇਟਾ ਕੀਤੇ ਗਏ। ਬੁਲਾਏ

ਗਏ ਰਾਜੇ ਉਪਮਾਂ ਤੋਂ ਰਹਿਤ ਰੂਪ ਵਾਲੇ ਸਨ, ਅਤੇ ਉਨ੍ਹਾਂ ਦੇ ਸਰੂਪ ਦੀਆ ਸ਼ੋਭਾ ਸਾਹਮਣੇ ਇੰਦ੍ਰ ਵੀ ਭੈੜੇ ਰੂਪ ਵਾਲਾ ਮਲੂਮ ਹੁੰਦਾ ਸੀ ? ਵੱਡੇ ਵੱਡੇ ਵੈਰੀ ਕੰਬ ਗਏ, ਰਾਜਾ ਦਸਰਥ ਦੇ ਦਾਨ ਨੂੰ ਸੁਣ ਕੇ ਸੁਮੇਰ ਪ੍ਰਬਤ ਕੰਬ ਗਿਆ। ਅਤੇ ਸੋਚਣ ਲੱਗਾ ਕਿ ਰਾਜਾ ਦਸਰਥ ਮੈਨੂੰ ਵੀ ਕੱਟ ਕੱਟ ਕੇ ਕਿਤੇ ਵੰਡ ਨਾ ਦੇਵੇ, ॥੪੯॥

**ਬੇਦ ਧੁਨ ਕਰਿ ਕੈ ਸਭੈ ਦਿਜ ਕੀਅਸ ਜੱਗ ਅਰੰਭ॥**
**ਭਾਂਤਿ ਭਾਂਤਿ ਬੁਲਾਇ ਹੋਮਤ ਰਿੱਤ ਜਾਨ ਅਸੰਭ॥**
**ਅਧਿਕ ਮੁਨਿਬਰ ਜਉ ਕੀਯੋ ਬਿਧ ਪੂਰਬ ਹੋਮ ਬਨਾਇ॥**
**ਜੱਗ ਕੁੰਡਹੁੱ ਤੇ ਉਠੇ ਤਬ ਜੱਗ ਪੁਰਖ ਅਕੁਲਾਇ॥ ੫੦॥**

ਵੇਦਾਂ ਦੀ ਧੁਨਿ ਕਰ ਕੇ, ਸਾਰੇ ਪੰਡਤਾਂ ਨੇ ਜੱਗ ਅਰੰਭ ਕੀਤਾ, ਤਰ੍ਹਾਂ ਤਰ੍ਹਾਂ ਦੇ ਰਿੱਤਜ ਬੁਲਾਏ, ਜੋ ਅਮੋਲਕ ਪਦਾਰਥ ਹੋਮ ਕਰਦੇ ਸਨ। ਵਡੇ ਵਡੇ ਮੁਨੀਆਂ ਨੇ ਵਿਧਿ ਪੂਰਬਕ ਬਣਾ ਕੇ ਬਲੀਆਂ ਹੋਮ ਕੀਤੀਆਂ ਸਨ। ਜਦੋਂ ਵਿਧੀ ਪੂਰਬਕ ਜੱਗ ਸੰਪੂਰਣ ਹੋਇਆ ਤਾਂ ਜੱਗ ਕੁੰਡ ਵਿਚੋਂ ਸਾਰੇ ਪੁਰਖ ਬੜੇ ਵੇਗ ਨਾਲ ਉਠੇ॥ ੫੦॥

**ਖੀਰ ਪਾਤ੍ਰ ਕਢਾਇ ਲੈ ਕਰਿ ਦੀਨ ਨ੍ਰਿਪ ਕੇ ਆਨ॥**
**ਭੂਪ ਪਾਇ ਪ੍ਰਸੰਨਿ ਭਯੋ ਜਿਮੁ ਦਾਰਦੀ ਲੈ ਦਾਨ॥**
**ਚਤ੍ਰ ਭਾਗ ਕਰਜੋ ਤਿਸੈ ਨਿਜ ਪਾਨ ਲੈ ਨ੍ਰਿਪਰਾਇ॥**
**ਏਕ ਏਕ ਦਯੋ ਦੁਹੂ ਤ੍ਰੀਅ ਏਕ ਕੋ ਦੁਇ ਭਾਇ॥ ੫੧॥**

ਜੱਗ ਪੁਰਖ ਆਪਣੇ ਹੱਥ ਵਿਚ ਖੀਰ ਦਾ ਬਰਤਨ ਕਢ ਲਿਆਇਆ ਸੀ, ਜੋ ਉਸ ਨੇ ਰਾਜੇ ਨੂੰ ਆਣ ਕੇ ਦਿੱਤਾ। ਰਾਜਾ ਦਸਰਥ ਇਸ ਤਰ੍ਹਾਂ ਪ੍ਰਸੰਨ ਹੋਇਆ ਉਸ ਨੂੰ ਪ੍ਰਾਪਤ ਕਰ ਕੇ, ਜਿਸ ਤਰ੍ਹਾਂ ਜਨਮ ਦਾ ਕੰਗਲਾ ਦਾਨ ਲੈ ਕੇ ਪ੍ਰਸੰਨ ਹੁੰਦਾ ਹੈ। ਮਹਾਰਾਜੇ ਦਸਰਥ ਨੇ ਆਪਣੇ ਹਥ ਵਿਚ ਲੈ ਕੇ ਉਸ ਦੇ ਚਾਰ ਹਿਸੇ ਕਰ ਦਿਤੇ। ਇਕ ਇਕ ਹਿੱਸਾ ਦੋਹਾਂ ਰਾਣੀਆਂ ਨੂੰ ਦੇ ਦਿੱਤੇ ਤੇ ਇਕ ਰਾਣੀ ਸੁਮਿਤ੍ਰਾਂ ਨੂੰ, ਦੋ ਹਿੱਸੇ ਦੇ ਦਿੱਤੇ॥ ੫੧॥

ਗਰਭਵੰਤ ਭਈ ਤ੍ਰਿਯੋ ਤ੍ਰਿਯ ਛੀਰ ਕੋ ਕਰਿ ਪਾਨ॥
ਤਾਹਿ ਰਾਖਤ ਭੀ ਭਲੋ ਦਸ ਦੋਇ ਮਾਸ ਪ੍ਰਮਾਨ॥
ਮਾਸ ਤ੍ਰਿਉਦਸਮੋ ਚਢਜੋ ਤਬ ਸੰਤਨ ਹੇਤ ਉਧਾਰ॥
ਰਾਵਣਾਰਿ ਪ੍ਰਗਟ ਭਏ ਜਗ ਆਨ ਰਾਮ ਅਵਤਾਰ॥ ੫੨॥

ਉਸ ਖੀਰ ਨੂੰ ਖਾਣ ਕਰ ਕੇ, ਤਿੰਨੇ ਇਸਤਰੀਆਂ ਗਰਭ ਵਾਲੀਆਂ ਹੋ ਗਈਆਂ। ਬਾਰਾਂ ਮਹੀਨੇ ਉਨ੍ਹਾਂ ਨੇ ਉਸ ਗਰਭ ਦੀ ਭਲੀ ਪ੍ਰਕਾਰ ਰਾਖੀ ਕੀਤੀ, ਤੇਰ੍ਹਵਾਂ ਮਹੀਨਾਂ ਜਦ ਚੜ੍ਹਿਆ, ਤਦ ਸੰਤਾਂ ਦੇ ਉਧਾਰ ਵਾਸਤੇ, ਰਾਵਣ ਦੇ ਵੈਰੀ ਸ੍ਰੀ ਰਾਮ ਅਵਤਾਰ ਜੀ ਜਗਤ ਵਿਚ ਆਣ ਕੇ ਪ੍ਰਗਟ ਹੋਏ॥ ੫੨॥

ਭਰਥ ਲਛਮਨ ਸ਼ਤ੍ਰੁਘਨ ਪੁਨ ਭਏ ਤੀਨ ਕੁਮਾਰ॥
ਭਾਂਤਿ ਭਾਂਤਿਨ ਬਾਜੀਯੰ ਨ੍ਰਿਪ ਰਾਜ ਬਾਜਨ ਦੁਆਰ॥
ਪਾਇ ਲਾਗ ਬੁਲਾਇ ਬਿਪੱਨ ਦੀਨ ਦਾਨ ਦੁਰੰਤਿ॥
ਸ਼ੱਤ੍ਰ ਨਾਸਤ ਹੋਹਿਗੇ ਸੁਖ ਪਾਇ ਹੈਂ ਸਭ ਸੰਤ॥ ੫੩॥

ਫਿਰ ਭਰਤ, ਲਛਮਨ ਤੇ ਸ਼ਤਰੁਘਨ ਇਹ ਤਿੰਨ ਪੁੱਤਰ ਹੋਰ ਹੋਏ। ਰਾਜੇ ਦੇ ਰਾਜ ਦੁਆਰੇ ਤੇ ਕਈ ਤਰ੍ਹਾਂ ਦੇ ਵਾਜੇ ਵੱਜਣ ਲੱਗੇ। ਬ੍ਰਾਹਮਣਾਂ ਨੂੰ ਬੁਲਾਕੇ, ਉਨ੍ਹਾਂ ਦੇ ਚਰਨ ਲੱਗ ਕੇ ਅਤਿਅੰਤ ਦਾਨ ਦਿੱਤੇ। ਹੁਣ ਵੈਰੀ ਨਾਸ ਹੋ ਜਾਣਗੇ ਅਤੇ ਸਾਰੇ ਸੰਤ ਸੁਖ ਪਾਉਣਗੇ, ਹਰ ਕੋਈ ਕਹਿੰਦਾ ਸੀ॥ ੫੩॥

ਲਾਲ ਜਾਲ ਪ੍ਰਵੇਸ਼ਟ ਰਿਖਬਰ ਬਾਜ ਰਾਜ ਸਮਾਜ॥
ਭਾਂਤਿ ਭਾਂਤਿਨ ਦੇਤ ਭਜੋ ਦਿਜ ਪਤਨ ਕੋ ਨ੍ਰਿਪਰਾਜ॥
ਦੇਸ ਅਉਰ ਬਿਦੇਸ ਭੀਤਰਿ ਠਉਰ ਠਉਰ ਮਹੰਤ॥
ਨਾਚ ਨਾਚ ਉਠੇ ਸਭੈ ਜਨੁ ਆਜ ਲਾਗ ਬਸੰਤ॥ ੫੪॥

ਜਿਨ੍ਹਾਂ ਘੋੜਿਆਂ ਦੇ ਗਲਾਂ ਵਿਚ ਲਾਲਾਂ ਦੇ ਹਾਰ ਪਾਏ ਹੋਏ ਸਨ, ਅਤੇ ਤਰ੍ਹਾਂ ਤਰ੍ਹਾਂ ਦੇ ਹੋਰ ਪਦਾਰਥ ਰਿਖੀ ਸਮਾਜ ਤੇ ਬ੍ਰਾਹਮਣ ਮੰਡਲੀ ਨੂੰ ਮਹਾਰਾਜਾ ਦਸਰਥ ਨੇ ਦਿੱਤੇ ਸਨ। ਦੇਸਾਂ ਤੇ ਪ੍ਰਦੇਸ਼ਾਂ ਵਿਚਲੇ ਥਾਂ ਥਾਂ ਦੇ ਮਹੰਤ ਨੱਚ ਰਹੇ ਸਨ, ਜਿਵੇਂ ਅੱਜ ਹੀ ਇਹਨਾਂ ਦੇ ਘਰ ਬਸੰਤ ਆ ਗਈ ਹੋਵੇ॥ ੫੪॥

ਕਿੰਕਣੀਨ ਕੇ ਜਾਲ ਭੂਖਿਤ ਬਾਜ ਅਉ ਗਜਰਾਜ॥
ਸਾਜ ਸਾਜ ਦਏ ਦਿਜੇਸ਼ਨ ਆਜ ਕਉਸ਼ਲ ਰਾਜ॥

**ਰੰਕ ਰਾਜ ਭਏ ਘਨੇ ਤਹ ਰੰਕ ਰਾਜਨ ਜੈਸ॥**
**ਰਾਮ ਜਨਮਤ ਭਯੋ ਉਤਸਵ ਅਉਧ ਪੁਰ ਮੈ ਐਸ॥ ੫੫॥**

ਘੁੰਘਰੀਆਂ ਦੇ ਜਾਲ ਨਾਲ ਸ਼ਿੰਗਾਰੇ ਹੋਏ, ਘੋੜੇ ਅਤੇ ਹਾਥੀ, ਸਜਾ ਸਜਾ ਕੇ ਅੱਜ ਰਾਜਾ ਦਸਰਥ ਬ੍ਰਾਹਮਣਾਂ ਨੂੰ ਦੇ ਰਿਹਾ ਸੀ। ਦਾਨ ਪ੍ਰਾਪਤ ਕਰਕੇ ਸਾਰੇ ਕੰਗਲੇ ਲੋਕ ਰਾਜਿਆਂ ਵਰਗੇ ਹੋ ਗਏ ਸਨ। ਰਾਮ ਦੇ ਜਨਮ ਦਾ ਉਤਸ਼ਵ ਇਸ ਤਰ੍ਹਾਂ ਦਾ ਅਯੁਧਿਆ ਪੁਰੀ ਵਿਚ ਹੋਇਆ ਸੀ॥ ੫੫॥

**ਦੁੰਦਭ ਅਉਰ ਮ੍ਰਿਦੰਗ ਤੂਰ ਤੁਰੰਗ ਤਾਨ ਅਨੇਕ॥**
**ਬੀਨ ਬੀਨ ਬਜੰਤ ਛੀਨ ਪ੍ਰਬੀਨ ਬੀਨ ਬਿਸੇਖ॥**
**ਝਾਂਝ ਬਾਰ ਤਰੰਗ ਤੁਰਹੀ ਭੇਰਨਾਦਿ ਨਿਯਾਨਿ॥**
**ਮੋਹਿ ਮੋਹਿ ਗਿਰੇ ਧਰਾ ਪਰ ਸਰਬ ਬ੍ਯੋਮ ਬਿਵਾਨ॥ ੫੬॥**

ਧੌਂਸੇ, ਮ੍ਰਿਦੰਗ, ਤੂਰ, ਤਾਨ ਤਰੰਗ ਤੇ ਬੀਨ ਇਸ ਤਰ੍ਹਾਂ ਦੇ ਅਨੇਕਾਂ ਮਨਮੋਹਨ ਵਾਜੇ ਵੱਜਦੇ ਸਨ। ਵੀਣਾ ਉਤੇ ਚੋਣਵੇਂ ਮਨੋਹਰ ਗੀਤ ਵਜਾਏ ਗਏ। ਝੰਝ, ਬਾਰ ਜਲ ਤਰੰਗ, ਤੁਰੀ ਭੇਰੀ ਅਤੇ ਸੁਤਰੀ ਨਗਾਰੇ ਵੱਜਦੇ ਸਨ। ਐਸੇ ਰਾਗ ਰੰਗ ਨੂੰ ਸੁਣ ਕੇ ਸਾਰੇ ਦੇਵਤੇ ਮੋਹਤ ਹੋ ਕੇ ਬਿਮਾਨਾਂ ਤੋਂ ਧਰਤੀ ਤੇ ਡਿੱਗ ਡਿੱਗ ਪੈਂਦੇ ਸਨ॥ ੫੬॥

**ਜੱਤ੍ਰ ਤੱਤ੍ਰ ਬਿਦੇਸ ਦੇਸਨ ਹੋਤ ਮੰਗਲਚਾਰ॥**
**ਬੈਠ ਬੈਠ ਕਰੈ ਲਗੇ ਸਭ ਬਿਪ੍ਰ ਬੇਦ ਬਿਚਾਰ॥**
**ਧੂਪ ਦੀਪ ਮਹੀਪ ਗ੍ਰੇਹ ਸਨੇਹ ਦੇਤ ਬਨਾਇ॥**
**ਫੂਲ ਫੂਲ ਫਿਰੈ ਸਭੈ ਗਣ ਦੇਵ ਦੇਵਨ ਰਾਇ॥ ੫੭॥**

ਜਿਥੇ ਕਿਥੇ ਦੇਸ਼ਾਂ ਵਿਦੇਸ਼ਾਂ ਵਿਚ ਮੰਗਲਾਚਾਰ ਹੋ ਰਿਹਾ ਸੀ। ਸਭ ਬ੍ਰਾਹਮਣ ਥਾਂ ਪਰ ਥਾਂ ਬੈਠ ਕੇ ਵੇਦਾਂ ਦਾ ਵਿਚਾਰ ਕਰਨ ਲੱਗੇ ਹੋਏ ਸਨ। ਰਾਜ ਭਵਨ ਪੁਰ ਧੂਪ ਅਤੇ ਦੀਵੇ ਜਗ ਰਹੇ ਸਨ, ਜਿਨ੍ਹਾਂ ਵਿਚ ਲੋਕੀਂ ਸਨੇਹ ਦਾ ਤੇਲ ਪਾ ਰਹੇ ਸਨ। ਦੇਵਤੇ, ਗਣ ਤੇ ਇੰਦਰ ਫੁੱਲ ਵਾਂਗੂੰ ਫੁਲੇ ਖਿੜੇ ਮਥੇ ਪ੍ਰਸੰਨ ਚਿੱਤ ਫਿਰ ਰਹੇ ਸਨ॥ ੫੭॥

**ਆਜ ਕਾਜ ਭਏ ਸਭੈ ਇਹ ਭਾਂਤਿ ਬੋਲਤ ਬੈਨ॥**
**ਭੂੰਮ ਭੂਰ ਉਠੀ ਜਯਤ ਧੁਨ ਬਾਜ ਬਾਜਤ ਗੈਨ॥**
**ਐਨ ਐਨ ਧੁਜਾ ਬਧੀ ਸਭ ਬਾਟ ਬੰਦਨਵਾਰ॥**
**ਲੀਪ ਲੀਪ ਧਰੇ ਮੱਲਯਾਗਰ ਹਾਟ ਪਾਟ ਬਜਾਰ॥ ੫੮॥**

'ਅੱਜ ਸਾਡੇ ਸਾਰੇ ਕੰਮ ਪੂਰੇ ਹੋ ਗਏ ਹਨ' ਦੇਵਤੇ ਆਪੋ ਵਿਚ ਇਸ ਤਰ੍ਹਾਂ ਦੇ ਬਚਨ ਬੋਲਦੇ ਸਨ। ਧਰਤੀ ਦੇ ਵਡੇ ਜ਼ੋਰ ਨਾਲ ਜੈ ਜੈ ਕਾਰ ਦੀ ਆਵਾਜ਼ ਹੋ ਰਹੀ ਸੀ, ਅਕਾਸ਼ ਵਿਚ ਵਾਜੇ ਵੱਜਦੇ ਸਨ। ਘਰ ਘਰ ਉਤੇ ਝੰਡੀਆਂ ਬੱਧੀਆਂ ਹੋਈਆਂ ਸਨ, ਅਤੇ ਸਾਰੇ ਰਸਤਿਆਂ ਵਿਚ ਬੰਦਨਵਾਰ ਕੀਤੀ ਮੱਕੜੀ ਤਾਣੀ ਹੋਈ ਸੀ। ਬਜ਼ਾਰਾਂ ਵਿਚ ਹੱਟੀਆਂ ਦੇ ਤਖ਼ਤੇ ਚੰਦਨ ਨਾਲ ਲਿੰਬ ਪੋਚ ਕੇ ਸੁਥਰੇ ਕੀਤੇ ਸਨ॥ ੫੮॥

ਸਾਜ ਸਾਜ ਤੁਰੰਗ ਕੰਚਨ ਦੇਤ ਦੀਨਨ ਦਾਨ॥
ਮਸਤ ਹਸਤ ਦਏ ਅਨੇਕਨ ਇੰਦ੍ਰ ਦੁਰਦ ਸਮਾਨ॥
ਕਿੰਕਣੀ ਕੇ ਜਾਲ ਭੂਖਤ ਦਏ ਸਜੰਦਨ ਸੁੱਧ॥
ਗਾਇਨਨ ਕੇ ਪੁਰ ਮਨੋ ਇਹ ਭਾਂਤ ਆਵਤ ਬੁੱਧ॥ ੫੯॥

ਘੋੜਿਆਂ ਨੂੰ ਸੋਨੇ ਦੇ ਸਾਜਾਂ ਨਾਲ ਸਜਾ ਕੇ ਦੀਨਾਂ ਨੂੰ ਦਾਨ ਕਰ ਰਹੇ ਸਨ। ਅਨੇਕਾਂ ਹੀ ਮਸਤ ਹਾਥੀ ਦਿਤੇ ਸਨ, ਜੋ ਇੰਦ੍ਰ ਦੇ ਹਾਥੀ ਸਮਾਨ ਸਨ। ਘੁੰਘਰੀਆਂ ਦੇ ਹਾਰਾਂ ਨਾਲ ਸਜੇ ਹੋਏ ਚੰਗੇ ਰੱਥ ਦਿੱਤੇ ਸਨ। ਇਸ ਤਰ੍ਹਾਂ ਮਲੂਮ ਹੁੰਦਾ ਸੀ ਮਾਨੋ ਇਹ ਗਵੱਯਾਂ ਦਾ ਹੀ ਸ਼ਹਿਰ ਹੈ॥ ੫੯॥

ਬਾਜ ਸਾਜ ਦਏ ਇਤੇ ਜਿਹ ਪਾਈਐ ਨਹੀ ਪਾਰ॥
ਦਯੋਸ ਦਯੋਸ ਬਢੈ ਲਗਯੋ ਰਨਧੀਰ ਰਾਮਵਤਾਰ॥
ਸ਼ਸਤ੍ਰ ਸ਼ਾਸਤ੍ਰਨ ਕੀ ਸਭੈ ਬਿਧ ਦੀਨ ਤਾਹਿ ਸੁਧਾਰ॥
ਅਸ਼ਟ ਦਯੋਸਨ ਮੋ ਗਏ ਲੈ ਸਰਬ ਰਾਮਕੁਮਾਰ॥ ੬੦॥

ਘੋੜੇ ਤੇ ਸਮਾਨ ਏਨਾ ਦਿੱਤਾ ਗਿਆ ਸੀ, ਜਿਨ੍ਹਾਂ ਦਾ ਅੰਤ ਨਹੀਂ ਆ ਸਕਦਾ। ਰਣਧੀਰ, ਰਾਮ ਅਵਤਾਰ ਜੀ ਦਿਨੋਂ ਦਿਨ ਵਧਣ ਲੱਗੇ। ਸ਼ਸਤਰ ਤੇ ਸ਼ਾਸਤਰਾਂ ਦੇ ਸਾਰੇ ਤਰੀਕਿਆਂ ਵਿਚ ਉਨ੍ਹਾਂ ਨੂੰ ਲਾਇਕ ਕਰ ਦਿੱਤਾ ਸੀ। ਅੱਠ ਦਿਨਾਂ ਵਿਚ ਹੀ ਰਾਮ ਕੁਮਾਰ ਜੀ ਨੇ ਸਭ ਤਰ੍ਹਾਂ ਦੇ ਹੁਨਰ, ਇਲਮ ਨੂੰ ਪ੍ਰਾਪਤ ਕਰ ਲਿਆ ਸੀ॥ ੬੦॥

ਬਾਨ ਪਾਨ ਕਮਾਨ ਲੈ ਬਿਹਰੰਤ ਸਰਜੂ ਤੀਰ॥
ਪੀਤ ਪੀਤ ਪਿਛੌਰ ਕਾਰਨ ਧੀਰ ਚਾਰਹੁੰ ਬੀਰ॥
ਬੇਖ ਬੇਖ ਨ੍ਰਿਪਾਨ ਕੇ ਬਿਹਰੰਤ ਬਾਲਕ ਸੰਗ॥
ਭਾਂਤ ਭਾਂਤਨ ਕੇ ਧਰੇ ਤਨ ਚੀਰ ਰੰਗ ਤਰੰਗ॥ ੬੧॥

ਧਨੁੱਖ ਬਾਨ ਹੱਥ ਵਿਚ ਲੈ ਕੇ ਚਾਰੇ ਭਰਾ ਸਰਜੂ ਨਦੀ ਕੇ ਕੰਢੇ ਫਿਰਦੇ ਸਨ ਅਤੇ ਪੀਲੇ

ਪੀਲੇ ਜਾਨਵਰਾਂ ਦਾ ਪਿੱਛਾ ਕਰਦੇ ਸਨ। ਚਾਰੇ ਭਰਾ ਰਣ ਦੇ ਧੀਰਜਵਾਨ ਸਨ। ਰਾਜਿਆਂ ਦੇ ਵੇਸ ਭੇਖ ਵਾਲੇ ਚਾਰੇ ਭਰਾ ਬਾਲਕਾਂ ਨਾਲ ਫਿਰਦੇ ਸਨ। ਤਰ੍ਹਾਂ ਤਰ੍ਹਾਂ ਦੇ ਰੰਗ ਬਰੰਗੇ ਬਸਤਰ ਤਨ ਤੇ ਪਾਏ ਹੋਏ ਹੁੰਦੇ ਸਨ॥ ੬੧॥

**ਐਸ ਬਾਤ ਭਈ ਇਤੈ ਉਹ ਓਰ ਬਿਸ੍ਵਾਮਿਤ੍ਰ॥**
**ਜੱਗ ਕੋ ਸੁ ਕਰਜੋ ਅਰੰਭਨ ਤੋਖਨਾਰਥ ਪਿਤ੍ਰ॥**
**ਹੋਮ ਕੀ ਲੈ ਬਾਸਨਾ ਉਠ ਧਾਤ ਦੈਤ ਦੁਰੰਤ॥**
**ਲੂਟ ਖਾਤ ਸਭੈ ਸਮਗਰੀ ਮਾਰ ਕੂਟ ਮਹੰਤ॥ ੬੨॥**

ਇਸ ਤਰ੍ਹਾਂ ਦੀ ਗੱਲ ਏਧਰ ਹੋ ਰਹੀ ਸੀ, ਅਤੇ ਦੂਸਰੇ ਪਾਸੇ ਜੰਗਲ ਵਿਚ ਵਿਸ਼੍ਵਾਮਿੱਤ੍ਰ ਨੇ ਆਪਣੇ ਪਿੱਤਰਾਂ ਨੂੰ ਪ੍ਰਸੰਨ ਕਰਨ ਵਾਸਤੇ ਜੱਗ ਨੂੰ ਅਰੰਭ ਕੀਤਾ ਸੀ। ਹੋਮ ਦੀ ਵਾਸ਼ਨਾਂ ਲੈਂਦੇ ਹੀ ਦੈਂਤ ਆ ਜਾਂਦੇ ਸਨ ਤੇ ਆ ਕੇ ਸਾਰੀ ਸਮਗਰੀ ਲੁਟ ਖਾਂਦੇ ਸਨ, ਅਤੇ ਮਹੰਤ ਨੂੰ ਮਾਰ ਕੁੱਟ ਜਾਂਦੇ ਸਨ॥ ੬੨॥

**ਲੂਟ ਖਾਤ ਹਵਿਖਜ ਜੇ ਤਿਨ ਪੈ ਕਛੂ ਨ ਬਸਾਇ॥**
**ਤਾਕ ਅਉਧਹ ਆਇਯੋ ਤਬ ਰੋਸ ਕੈ ਮੁਨਿ ਰਾਇ॥**
**ਆਇ ਭੂਪਤ ਕੱਉ ਕਹਾ ਸੁਤ ਦੇਹੁ ਮੋਕਉ ਰਾਮ॥**
**ਨਾਤ੍ਰ ਤੋਕੱਉ ਭਸਮ ਕਰਿ ਹੱਉ ਆਜ ਹੀ ਇਹ ਠਾਮ॥ ੬੩॥**

ਯੱਗ ਦੀ ਸਮਗਰੀ ਨੂੰ ਜਿਹੜੇ ਲੁਟ ਖਾਂਦੇ ਸਨ, ਉਨ੍ਹਾਂ ਉਤੇ ਮੁਨੀ ਦਾ ਕੁਝ ਵੱਸ ਨਹੀਂ ਚਲਦਾ ਸੀ, ਤਦੋਂ ਮੁਨੀ ਮਹਾਰਾਜ ਅਯੁਧਿਆ ਨੂੰ ਤੱਕ ਕੇ ਆਇਆ, ਜਿਸ ਨੇ ਵੱਡਾ ਕ੍ਰੋਧ ਕੀਤਾ ਹੋਇਆ ਸੀ ਵਿਸ੍ਵਾਮਿਤ੍ਰ ਜੀ ਨੇ ਰਾਜੇ ਨੂੰ ਆ ਕੇ ਕਿਹਾ-ਯੱਗ ਵਿਚ ਸਹਾਇਤਾ ਕਰਨ ਵਾਸਤੇ ਮੈਨੂੰ ਆਪਣਾ ਪੁੱਤਰ 'ਸ੍ਰੀ ਰਾਮ ਚੰਦ੍ਰ' ਮੇਰੇ ਨਾਲ ਤੋਰ ਦੇਹੁ! ਨਹੀਂ ਤਾਂ ਤੈਨੂੰ ਇਸੇ ਜਗ੍ਹਾ ਤੇ ਸਰਾਪ ਦੇ ਕੇ ਭਸਮ ਕਰ ਦੇਵਾਂਗਾ॥ ੬੩॥

**ਕੋਪ ਦੇਖ ਮੁਨੀਸ਼ ਕੱਉ ਨ੍ਰਿਪ ਪੂਤ ਤਾ ਸੰਗ ਦੀਨ॥**
**ਜੱਗ ਮੰਡਲ ਕੱਉ ਚਲਜੋ ਲੈ ਤਾਹਿ ਸੰਗਿ ਪ੍ਰਬੀਨ॥**
**ਏਕ ਮਾਰਗ ਦੂਰ ਹੈ ਇਕ ਨੇਰਿ ਹੈ ਸੁਨਿ ਰਾਮ॥**
**ਰਾਹ ਮਾਰਤ ਰਾਛਸੀ ਜਿਹ ਤਾਰਕਾ ਗਨਿ ਨਾਮ॥ ੬੪॥**

ਮੁਨੀਰਾਜ ਦਾ ਕ੍ਰੋਧ ਵੇਖ ਕੇ, ਰਾਜੇ ਦਸਰਥ ਨੇ ਰਾਮ ਤੇ ਲਛਮਨ ਦੋਵੇਂ ਪੁੱਤਰ ਉਸ ਦੇ

ਨਾਲ ਤੋਰ ਦਿੱਤੇ। ਵਡਾ ਚਤੁਰ ਮੁਨੀ ਵਿਸ੍ਵਾਮਿਤ੍ਰ ਉਨ੍ਹਾਂ ਨੂੰ ਲੈ ਕੇ ਜੱਗ ਮੰਡਲ ਸਥਾਨ ਨੂੰ ਤੁਰ ਚਲਿਆ। ਰਸਤੇ ਵਿਚ ਜਾ ਕੇ ਮੁਨੀ ਨੇ ਕਿਹਾ-ਹੇ ਰਾਮ ਜੀ! ਸੁਣੋ, ਇਕ ਦੂਰ ਦਾ ਰਸਤਾ ਹੈ, ਅਤੇ ਇਕ ਨੇੜੇ ਦਾ ਹੈ, ਪਰ ਨੇੜੇ ਦੇ ਰਾਹ ਵਿਚ ਇਕ ਰਾਖਸ਼ਨੀ ਮਾਰਦੀ ਹੈ, ਜਿਸ ਦਾ ਨਾਮ 'ਤਾੜਿਕਾ' ਹੈ॥ ੬੪॥

**ਜਉਨ ਮਾਰਗ ਤੀਰ ਹੈ ਤਿਹ ਗਾਹ ਚਾਲਹੁ ਆਜ॥**
**ਚਿੱਤ ਚਿੰਤ ਨ ਕੀਜੀਐ ਦਿਵ ਦੇਵ ਕੇ ਹੈਂ ਕਾਜ॥**
**ਬਾਟਿ ਚਾਪੈ ਜਾਤ ਹੈਂ ਤਬ ਲਉ ਨਿਸਾਚਰ ਆਨ॥**
**ਜਾਹੁਗੇ ਕਤ ਰਾਮ ਕਹਿ ਮਗਿ ਰੋਕਿਯੋ ਤਜਿ ਕਾਨ॥ ੬੫॥**

ਰਾਮ ਜੀ ਨੇ ਕਿਹਾ-ਜਿਹੜਾ ਰਸਤਾ ਨੇੜੇ ਦਾ ਹੈ, ਅੱਜ ਉਸੇ ਰਸਤੇ ਚੱਲੋ। ਚਿੱਤ ਵਿਚ ਰਤਾ ਭਰ ਵੀ ਚਿੰਤਾ ਨ ਕਰੋ, ਦੇਵ ਭਾਵ ਪ੍ਰਭੂ ਕੰਮ ਪੂਰੇ ਕਰੇਗਾ। ਰਸਤੇ ਵਿਚ ਖੁਸ਼ੀ ਖੁਸ਼ੀ ਜਾਂਦੇ ਸਨ, ਤਦ ਨੂੰ ਰਾਖਸ਼ਣੀ ਆ ਗਈ। ਕਹਿਣ ਲਗੀ-ਹੇ ਰਾਮ ਕਿਥੇ ਜਾਓਗੇ? ਅਤੇ ਪ੍ਰਵਾਹ ਛੱਡ ਕੇ ਇਨ੍ਹਾਂ ਦਾ ਰਸਤਾ ਉਸ ਨੇ ਰੋਕ ਲਿਆ॥ ੬੫॥

**ਦੇਖ ਰਾਮ ਨਿਸਾਚਰੀ ਗਹਿ ਲੀਨ ਬਾਨ ਕਮਾਨ॥**
**ਭਾਲ ਮਧ ਪ੍ਰਹਾਰਿਯੋ ਸੁਰ ਤਾਨ ਕਾਨ ਪ੍ਰਮਾਨ॥**
**ਬਾਨ ਲਾਗਤ ਹੀ ਗਿਰੀ ਬਿਸੰਭਾਰੁ ਦੇਹਿ ਬਿਸਾਲ॥**
**ਹਾਥਿ ਸ੍ਰੀ ਰਘੁਨਾਥ ਕੇ ਭਜੋ ਪਾਪਨੀ ਕੋ ਕਾਲ॥ ੬੬॥**

ਰਾਖਸ਼ਨੀ ਨੂੰ ਵੇਖਦਿਆਂ ਹੀ ਰਾਮ ਨੇ ਧਨੁੱਖ ਬਾਣ ਫੜ ਲਿਆ ਅਤੇ ਕੰਨ ਤੱਕ ਖਿੱਚ ਕੇ ਤੀਰ ਉਸ ਦੇ ਮੱਥੇ ਵਿਚ ਮਾਰ ਦਿੱਤਾ। ਤੀਰ ਵੱਜਦਿਆਂ ਹੀ ਵੱਡੀ ਭਾਰੀ ਦੇਹ ਵਾਲੀ ਬੇਸੁਧ ਹੋ ਕੇ ਡਿੱਗ ਪਈ। ਇਸ ਤਰ੍ਹਾਂ ਉਸ ਪਾਪਨੀ ਦਾ ਸ੍ਰੀ ਰਾਮ ਚੰਦ੍ਰ ਜੀ ਦੇ ਹਥੋਂ ਅੰਤ ਹੋ ਗਿਆ॥ ੬੬॥

**ਐਸ ਤਾਹਿ ਸੰਘਾਰ ਕੈ ਕਰ ਜੱਗ ਮੰਡਲ ਮੰਡ॥**
**ਆਇਗੇ ਤਬ ਲਉ ਨਿਸਾਚਰ ਦੀਹ ਦੋਇ ਪ੍ਰਚੰਡ॥**
**ਭਾਜ ਭਾਜ ਚਲੇ ਸਭੈ ਰਿਖ ਠਾਢ ਭੇ ਹਠਿ ਰਾਮ॥**
**ਜੁੱਧ ਕ੍ਰੁੱਧ ਕਰਜੋ ਤਿਹੂੰ ਤਿਹ ਠਉਰ ਸੋਰਹ ਜਾਮ॥ ੬੭॥**

ਇਸ ਤਰ੍ਹਾਂ ਉਸਨੂੰ ਮਾਰ ਕੇ, ਯੱਗ ਸਥਾਨ ਵਿਚ ਬੈਠ ਕੇ, ਯੱਗ ਦੀ ਰਾਖੀ ਕਰਨ ਲੱਗੇ। ਇਹ ਤੱਕ ਕੇ ਤਦੋਂ ਵਡੇ ਤੇਜ ਵਾਲੇ ਦੋ ਨਿਸਾਚਰ ਆ ਗਏ। ਜਿਨ੍ਹਾਂ ਨੂੰ ਵੇਖ ਕੇ ਸਾਰੇ ਰਿਖੀ ਡਰ

ਕੇ ਭੱਜ ਚਲੇ, ਪਰ ਹਠ ਵਾਲੇ ਰਾਮ ਜੀ ਉਥੇ ਹੀ ਖੜੇ ਰਹੇ। ਉਨ੍ਹਾਂ ਨੇ ਕ੍ਰੋਧ ਨੂੰ ਧਾਰ ਕੇ ਉਸ ਜਗ੍ਹਾ ਉਤੇ ਸੋਲ੍ਹਾਂ ਪਹਿਰ ਤਕ ਜੁੱਧ ਕੀਤਾ॥ ੬੭॥

**ਮਾਰ ਮਾਰ ਪੁਕਾਰ ਦਾਨਵ ਸ਼ਸਤ੍ਰ ਅਸਤ੍ਰ ਸੰਭਾਰ॥**
**ਬਾਨ ਪਾਨ ਕਮਾਨ ਕੱਉ ਧਰ ਤਬਰ ਤਿੱਛ ਕੁਠਾਰ॥**
**ਘੇਰਿ ਘੇਰਿ ਦਸੋ ਦਿਸ਼ਾ ਨਹਿ ਸੂਰਬੀਰ ਪ੍ਰਮਾਥ॥**
**ਆਇਕੈ ਜੂਝੇ ਸਭੈ ਰਣ ਰਾਮ ਏਕਲ ਸਾਥ॥ ੬੮॥**

ਆਪੋ ਆਪਣੇ ਸ਼ਸਤਰ ਅਸਤਰ ਸੰਭਾਰ ਕੇ ਦੈਂਤ ਮਾਰੋ ਮਾਰ ਬੋਲਦੇ ਸਨ। ਉਨ੍ਹਾਂ ਨੇ ਹੱਥਾਂ ਵਿਚ ਧਨੁਖ ਬਾਣ, ਤਿਖੇ ਗੰਡਾਸੇ ਤੇ ਕੁਹਾੜੇ ਫੜੇ ਹੋਏ ਸਨ। ਦਸਾਂ ਦਿਸ਼ਾਂ ਵਿਚ ਸੂਰਬੀਰਾਂ ਨੇ ਘੇਰਾ ਘੱਤਿਆ ਹੋਇਆ ਸੀ। ਇਕੱਲੇ ਹੀ ਸ੍ਰੀ ਰਾਮ ਜੀ ਦੇ ਨਾਲ ਆ ਕੇ ਸਾਰੇ ਸੂਰਮੇ ਰਣ ਭੂਮੀ ਵਿਚ ਲੜ ਰਹੇ ਸਨ॥ ੬੮॥

## ਰਸਾਵਲ ਛੰਦ॥

**ਰਣੰ ਪੇਖ ਰਾਮੰ॥ ਧੁਜੰ ਧਰਮ ਧਾਮੰ॥ ਚਹੂੰ ਓਰ ਢੂਕੇ॥ ਮੁਖੰ ਮਾਰ ਕੂਕੇ॥ ੬੯॥**

ਇਸ ਤਰ੍ਹਾਂ ਰਣ ਭੂਮੀ ਵਿਚ ਸ੍ਰੀ ਰਾਮ ਜੀ ਅਡੋਲ ਖੜੇ ਦਿੱਸ ਰਹੇ ਸਨ, ਜਿਵੇਂ ਧਰਮ ਸਥਾਨ ਦਾ ਝੰਡਾ ਹੁੰਦਾ ਹੈ। ਚੌਹਾਂ ਪਾਸਿਆਂ ਤੋਂ ਰਾਖਸ਼ ਨੇੜੇ ਢੁਕੇ ਹੋਏ ਸਨ ਅਤੇ ਮੂੰਹੋਂ ਮਾਰ ਲੌ, ਮਾਰ ਲੌ ਬੋਲਦੇ ਸਨ॥ ੬੯॥

**ਬਜੇ ਘੋਰ ਬਾਜੇ॥ ਧੁਣੰ ਮੇਘ ਲਾਜੇ॥ ਝੰਡਾ ਗੱਡ ਗਾੜੇ॥ ਮੰਡੇ ਬੈਰ ਬਾੜੇ॥ ੭੦॥**

ਘੋਰ ਵਾਜੇ ਵੱਜਦੇ ਸਨ, ਜਿਨ੍ਹਾਂ ਦੀ ਅਵਾਜ ਅੱਗੇ ਬੱਦਲਾਂ ਦੀ ਧੁਣੀ ਸ਼ਰਮਸਾਰ ਹੁੰਦੀ ਸੀ। ਪੱਕੇ ਝੰਡੇ ਗੱਡ ਕੇ ਤੇ ਵੈਰ ਕੱਢਣ ਲਈ ਲੜਦੇ ਸਨ॥ ੭੦॥

**ਕੜੱਕੇ ਕਮਾਣੰ॥ ਝੜੱਕੇ ਕ੍ਰਿਪਾਣੰ॥ ਢਲਾ ਢੁੱਕ ਢਾਲੈ॥ ਚਲੀ ਪੀਤ ਪਾਲੈ॥ ੭੧॥**

ਕਮਾਣਾਂ ਕੜਕਦੀਆਂ ਸਨ, ਤਲਵਾਰਾਂ ਝਟਕ ਝਟਕ ਵ੍ਰਨ ਲੱਗੀਆਂ। ਢਾਲਾਂ ਖੜਕ ਖੜਕ ਖੜਕਣ ਲੱਗੀਆਂ, ਪਾਲਾਂ ਦੀਆਂ ਪਾਲਾਂ ਹੀ ਵੱਢੀਆਂ ਜਾਣ ਲੱਗੀਆਂ॥ ੭੧॥

**ਰਣੰ ਰੰਗ ਰੱਤੇ॥ ਮਨੋ ਮੱਲ ਮੱਤੇ॥ ਸਰੰ ਧਾਰ ਬਰਖੇ॥ ਮਹਿਖੁਆਸ ਕਰਖੇ॥ ੭੨॥**

ਦੋਵੇਂ ਪਾਸੇ ਰਣ ਰੰਗ ਵਿਚ ਇੰਝ ਰੱਤੇ ਹੋਏ ਸਨ, ਮਾਨੋ ਮਸਤ ਮਲ ਘੁਲ ਰਹੇ ਸਨ। ਤੀਰਾਂ ਦਾ ਮੀਂਹ ਵੱਸਦਾ ਸੀ, ਧਨੁਖਾਂ ਨੂੰ ਖਿੱਚਦੇ ਸਨ॥ ੭੨॥

**ਕਰੀ ਬਾਨ ਬਰਖਾ॥ ਸੁਣੇ ਜੀਤ ਕਰਖਾ॥ ਸੁਬਾਹੰ ਮਰੀਚੰ॥ ਚਲੇ ਬਾਫ ਮੀਚੰ॥ ੭੩॥**

ਤੀਰਾਂ ਦੀ ਵਰਖਾ ਕੀਤੀ ਅਤੇ ਸੁਬਾਹੂ ਤੇ ਮਰੀਚ ਨਾਮੀਂ ਦੈਂਤਾਂ ਨੇ ਜਿੱਤ ਹੁੰਦੀ ਵੇਖ ਕੇ ਖਿਚ ਖਿੱਚ ਤੀਰ ਮਾਰੇ। ਮੌਤ ਦੀ ਪ੍ਰਵਾਹ ਛੱਡ ਕੇ ਉਹ ਰਾਮ ਦੇ ਸਾਹਮਣੇ ਆ ਗਏ॥ ੭੩॥

**ਇਕੈ ਬਾਰ ਟੂਟੇ॥ ਮਨੋ ਬਾਜ ਛੂਟੇ॥ ਲਯੋ ਘੇਰਿ ਰਾਮੰ॥ ਸਸੰ ਜੇਮ ਕਾਮੰ॥ ੭੪॥**

ਦੋਵੇਂ ਦੈਂਤ ਇਕੋ ਵੇਰੀ ਇਸ ਤਰ੍ਹਾਂ ਟੁਟ ਕੇ ਆ ਪਏ, ਮਾਨੋ ਬਾਜ ਛੁਟ ਕੇ ਆਏ ਸਨ। ਇਉਂ ਰਾਮ ਨੂੰ ਘੇਰ ਲਿਆ ਜਿਵੇਂ ਚੰਦ੍ਰਮਾ ਨੂੰ, ਕਾਮਦੇਵ ਘੇਰ ਲੈਂਦਾ ਹੈ॥ ੭੪॥

**ਘਿਰਜੋ ਦੈਤ ਸੈਣੰ॥ ਜਿਮੰ ਰੁਦ੍ਰ ਮੈਣੰ॥ ਰੁਕੇ ਰਾਮ ਜੰਗੰ॥ ਮਨੋ ਸਿੰਧ ਗੰਗੰ॥ ੭੫॥**

ਇਉਂ ਦੈਂਤ ਦੀ ਸੈਨਾ ਨੇ ਰਾਮ ਨੂੰ ਘੇਰ ਲਿਆ ਸੀ, ਜਿਵੇਂ ਸਮੁੰਦਰ ਵਿਚ ਗੰਗਾ ਮਿਲੀ ਹੁੰਦੀ ਹੈ॥ ੭੫॥

**ਰਣੰ ਰਾਮ ਬੱਜੇ॥ ਧੁਣੰ ਮੇਘ ਲੱਜੇ॥ ਰੁਲੇ ਤੱਛ ਮੁੱਛੰ॥ ਗਿਰੇ ਸੂਰ ਸ੍ਵੱਛੰ॥ ੭੬॥**

ਰਾਮ ਜੀ ਰਣ ਵਿਚ ਲਲਕਾਰਦੇ ਸਨ, ਜਿਸ ਅੱਗੇ ਬੱਦਲਾਂ ਦੀ ਧੁਨੀ ਲੱਜਾਵਾਨ ਹੁੰਦੀ ਸੀ। ਵੱਢੇ ਟੁਕੇ ਰੁਲ ਰਹੇ ਸਨ। ਵੱਡੇ ਵੱਡੇ ਸੂਰਮੇ ਡਿੱਗੇ ਹੋਏ ਸਨ॥ ੭੬॥

**ਚਲੈ ਐਂਠ ਮੁੱਛੈ॥ ਕਹਾਂ ਰਾਮ ਪੁੱਛੈ॥ ਅਬੈ ਹਾਥਿ ਲਾਗੇ॥ ਕਹਾ ਜਾਹੁ ਭਾਗੇ॥ ੭੭॥**

ਮੁੱਛਾਂ ਨੂੰ ਵੱਟ ਚਾੜ੍ਹ ਕੇ ਚਲੇ ਆਉਂਦੇ ਸਨ, ਪੁਛਦੇ ਸਨ-ਰਾਮ ਕਿਥੇ ਹੈ? ਜੇ ਹੁਣ ਹੱਥ ਆ ਲੱਗਣਗੇ ਤਾਂ ਫਿਰ ਕਿਥੇ ਭੱਜ ਜਾਣਗੇ? ਸਾਡੇ ਹਥੋਂ ਜੀਊਂਦੇ ਨਹੀਂ ਜਾ ਸਕਦੇ ॥੭੭॥

**ਰਿਪੰ ਪੇਖ ਰਾਮੰ॥ ਹਠਜੋ ਧਰਮ ਧਾਮੰ॥ ਕਰੈ ਨੈਣ ਰਾਤੰ॥ ਧੁਨਰ ਬੇਦ ਗਜਾਤੰ॥ ੭੮॥**

ਰਾਮ ਜੀ ਨੇ ਵੈਰੀ ਨੂੰ ਵੇਖ ਲਿਆ, ਜੋ ਰਾਮ ਧਰਮ ਦਾ ਸਥਾਨ ਅਤੇ ਹਠੀ ਯੋਧਾ ਸੀ। ਉਸ ਨੇ ਨੈਣ ਰੱਤੇ ਕੀਤੇ ਹੋਏ ਸਨ, ਜੋ ਧਨੁਸ਼ ਵਿਦਿਆ ਦੇ ਜਾਣਨ ਵਾਲਾ ਸੀ॥ ੭੮॥

**ਧਨੰ ਉਗ੍ਰ ਕਰਖਜੋ॥ ਸਰੰਧਾਰ ਬਰਖਜੋ॥ ਹਣੀ ਸ਼ਤ੍ਰ ਸੈਣੰ॥ ਹਸੇ ਦੇਵ ਗੈਣੰ॥ ੭੯॥**

ਉਸ ਰਾਮ ਜੀ ਨੇ ਕਠੋਰ ਧਨੁੱਖ ਨੂੰ ਖਿੱਚਿਆ ਅਤੇ ਤੀਰਾਂ ਦਾ ਮੀਂਹ ਵਸਾ ਦਿੱਤਾ। ਜਿਸ ਦੇ ਨਾਲ ਵੈਰੀ ਸੈਨਾ ਮਾਰ ਦਿੱਤੀ। ਇਹ ਵੇਖ ਕੇ ਅਕਾਸ਼ ਵਿਚ ਖੜੇ ਦੇਵਤੇ ਹੱਸ ਰਹੇ ਸਨ॥ ੭੯॥

**ਭਜੀ ਸਰਬ ਸੈਣੰ॥ ਲਖੀ ਮ੍ਰੀਚ ਨੈਣੰ॥ ਫਿਰਿਯੋ ਰੋਸ ਪ੍ਰੇਰਜੋ॥ ਮਨੋ ਸਾਪ ਛੇੜਜੋ॥ ੮੦॥**

ਸੈਨਾ ਸਾਰੀ ਭੱਜ ਗਈ, ਅਤੇ ਮਰੀਚ ਨੇ ਆਪਣੀ ਅੱਖੀਂ ਵੇਖ ਲਿਆ। ਫਿਰ ਉਹ ਗੁੱਸੇ ਨਾਲ ਇਸ ਤਰ੍ਹਾਂ ਮੁੜਿਆ ਮਾਨੋ ਕਿਸੇ ਸੱਪ ਨੂੰ ਛੇੜਿਆ ਹੋਵੇ॥ ੮੦॥

**ਹਣਜੋ ਰਾਮ ਬਾਣੰ॥ ਕਰਜੋ ਸਿੰਧ ਪਜਾਣੰ॥ ਤਜਜੋ ਰਾਜ ਦੇਸੰ॥ ਲਯੋ ਜੋਗ ਭੇਸੰ॥ ੮੧॥**

ਰਾਮ ਜੀ ਨੇ ਮੁਖੀ ਤੋਂ ਬਿਨਾਂ ਖਾਲੀ ਤੀਰ ਉਸ ਨੂੰ ਮਾਰਿਆ, ਜਿਸਦੇ ਨਾਲ ਮਰੀਚ ਉੱਡ ਕੇ ਸਮੁੰਦਰ ਦੇ ਕੰਢੇ ਤੇ ਜਾ ਡਿੱਗਾ। ਉਹ ਇਥੋਂ ਦੇ ਰਾਜੇ ਦਾ ਦੇਸ ਛੱਡ ਗਿਆ, ਅਤੇ ਉਸ ਨੇ

ਜੋਗ ਭੇਸ ਨੂੰ ਧਾਰ ਲਿਆ॥ ੮੧॥

**ਸੁ ਬਸੰਤ੍ਰ ਉਤਾਰੇ॥ ਭਗਵੇ ਬਸਤ੍ਰ ਧਾਰੇ॥ ਬਸਜੋ ਲੰਕ ਬਾਗੰ॥ ਪੁਨਰ ਦ੍ਰੋਹ ਤਿਆਗੰ॥ ੮੨॥**

ਸੁੰਦਰ ਕਪੜੇ ਮਰੀਚ ਨੇ ਉਤਾਰ ਦਿੱਤੇ, ਅਤੇ ਸਰੀਰ ਉਤੇ ਭਗਵੇਂ ਬਸਤਰ ਪਾ ਲਏ। ਲੰਕਾ ਦੇ ਬਾਗ ਵਿਚ ਜਾ ਕੇ ਵੱਸਣ ਲੱਗਾ, ਅਤੇ ਅੱਗੇ ਨੂੰ ਰਾਮ ਨਾਲ ਵੈਰ ਕਰਨਾ ਛੱਡ ਦਿੱਤਾ॥ ੮੨॥

**ਸਰੋਸੰ ਸੁਬਾਹੰ॥ ਚੜਜੋ ਲੈ ਸਿਪਾਹੰ॥ ਠਟਜੋ ਆਣ ਜੁਧੰ॥ ਭਯੋ ਨਾਦ ਉੱਧੰ॥ ੮੩॥**

ਸੁਬਾਹੂ ਜੋ ਗੁਸੇ ਨਾਲ, ਏਧਰ ਫੌਜ ਲੈ ਕੇ ਚੜ੍ਹਿਆ ਸੀ। ਉਸ ਨੇ ਆਣ ਕੇ ਜੰਗ ਸ਼ੁਰੂ ਕੀਤਾ, ਅਤੇ ਵਡੇ ਜ਼ੋਰ ਨਾਲ ਰੌਲਾ ਪਾਇਆ॥ ੮੩॥

**ਸੁਭੰ ਸੈਣ ਸਾਜੀ॥ ਤੁਰੇ ਤੁੰਦ ਤਾਜੀ॥ ਗਜਾ ਜੂਹ ਗੱਜੇ॥ ਧੁਣੰ ਮੇਘ ਲੱਜੇ॥ ੮੪॥**

ਸੋਹਣੀ ਸੈਨਾ ਉਸ ਨੇ ਸਜਾਈ ਹੋਈ ਸੀ, ਕ੍ਰੋਧ ਭਰੇ ਘੋੜੇ ਭੱਜ ਰਹੇ ਸਨ। ਸਾਰੇ ਹਾਥੀ ਚਿੰਘਾੜਦੇ ਸਨ, ਜਿਨ੍ਹਾਂ ਦੀ ਅਵਾਜ਼ ਅੱਗੇ ਬੱਦਲਾਂ ਦੀ ਧੁਨ ਸ਼ਰਮਸਾਰ ਹੋ ਰਹੀ ਸੀ॥ ੮੪॥

**ਢਕਾ ਢੁੱਕ ਢਾਲੰ॥ ਸੁਭੀ ਪੀਤ ਲਾਲੰ॥ ਗਹੇ ਸ਼ਸਤ੍ਰ ਉੱਠੇ॥ ਸਰੰਧਾਰ ਬੁੱਠੇ॥ ੮੫॥**

ਸੂਰਮੇ ਨੇੜੇ ਢੁਕੇ ਤਾਂ ਉਨ੍ਹਾਂ ਦੀਆਂ ਢਾਲਾਂ ਆਪੋ ਵਿਚ ਠਹਿਕਣ ਲੱਗੀਆਂ, ਜਿਨ੍ਹਾਂ ਦੀਆਂ ਪੀਲੀਆਂ ਤੇ ਲਾਲ ਬਰਦੀਆਂ ਸੋਭਦੀਆਂ ਸਨ, ਉਹ ਜੋਧੇ ਸ਼ਸਤਰ ਫੜ ਕੇ ਖੜੇ ਸਨ, ਅਤੇ ਤੀਰਾਂ ਦਾ ਮੀਂਹ ਵਸਾਉਂਦੇ ਸਨ॥ ੮੫॥

**ਬਹੇ ਅਗਨ ਅਸਤ੍ਰੰ॥ ਛੁਟੇ ਸਰਬ ਸ਼ਸਤ੍ਰੰ॥ ਰੰਗੇ ਸ੍ਰੋਣ ਐਸੇ॥ ਚੜੇ ਬਜਾਹ ਜੈਸੇ॥ ੮੬॥**

ਜਿੱਦਾਂ ਆਤਸ਼ਬਾਜ਼ੀ ਦੀਆਂ ਹਵਾਈਆਂ ਚਲਦੀਆਂ ਹਨ, ਏਦਾਂ ਸਾਰੇ ਸ਼ਸਤਰ ਚਲਦੇ ਸਨ। ਲਹੂ ਨਾਲ ਰੰਗੇ ਹੋਏ ਸੂਰਮੇ ਏਦਾਂ ਮਲੂੰਮ ਹੁੰਦੇ ਸਨ, ਜਿਵੇਂ ਵਿਆਹ ਨੂੰ ਚੜ੍ਹੇ ਸਨ॥ ੮੬॥

**ਘਣੇ ਘਾਇ ਘੂਮੇ॥ ਮਦੀ ਜੈਸ ਝੂਮੇ॥ ਗਹੇ ਬੀਰ ਐਸੇ॥ ਫੂਲੇ ਫੂਲ ਜੈਸੇ॥ ੮੭॥**

ਬਹੁਤੇ ਸੂਰਮੇ ਜ਼ਖਮੀ ਹੋ ਕੇ ਇਸ ਤਰ੍ਹਾਂ ਘੁੰਮਦੇ ਸਨ, ਸ਼ਰਾਬੀ ਜਿਸ ਤਰ੍ਹਾਂ ਝੂਮਦੇ ਹਨ। ਇਸ ਤਰ੍ਹਾਂ ਸੂਰਮੇ ਸੋਭ ਰਹੇ ਸਨ, ਜਿਸ ਤਰ੍ਹਾਂ ਲਾਲ ਗੁਲਾਬ ਫੁੱਲ ਖਿੜੇ ਹੁੰਦੇ ਹਨ॥ ੮੭॥

**ਹਨਜੋ ਦਾਨਵੇਸੰ॥ ਭਯੋ ਆਪ ਭੇਸੰ॥ ਬਜੇ ਘੋਰ ਬਾਜੇ॥ ਧੁਣੰ ਅੱਭ੍ਰ ਲਾਜੇ॥ ੮੮॥**

ਦੈਂਤ ਰਾਜ ਸੁਬਾਹੂ ਹਠ ਨਾਲ 'ਆਪ ਰੂਪ' ਹੋ ਰਿਹਾ ਸੀ। ਘੋਰ ਵਾਜੇ ਵੱਜਦੇ ਸਨ, ਜਿਨ੍ਹਾਂ ਦੀ ਧੁਨ ਅਗੇ ਬੱਦਲ ਸ਼ਰਮਿੰਦੇ ਹੁੰਦੇ ਸਨ॥ ੮੮॥

**ਰਥੀ ਨਾਗ ਕੂਟੇ॥ ਫਿਰੈਂ ਬਾਜ ਛੂਟੇ॥ ਭਯੋ ਜੁੱਧ ਭਾਰੀ॥ ਛੁਟੀ ਰੁਦ੍ਰ ਤਾਰੀ॥ ੮੯॥**

ਰਥਾਂ ਵਾਲਿਆਂ ਨੇ ਹਾਥੀ ਮਾਰ ਸੁਟੇ ਸਨ, ਕਈ ਘੋੜੇ ਛੁਟੇ ਫਿਰਦੇ ਸਨ। ਭਾਰਾ ਜੰਗ ਹੋਇਆ, ਜਿਸ ਕਰਕੇ ਸ਼ਿਵਜੀ ਦੀ ਸਮਾਧੀ ਖੁਲ੍ਹ ਗਈ॥ ੮੯॥

**ਬਜੇ ਘੰਟ ਭੇਰੀ॥ ਡਹੇ ਡਾਮ ਡੇਰੀ॥ ਰਣੰਕੇ ਨਿਸ਼ਾਣੰ॥ ਕਣੰਕੇ ਕਿਕਾਣੰ॥੯੦॥**

ਘੰਟੇ ਦੇ ਭੇਰੀਆਂ ਵਜਦੇ ਸਨ, ਜਿਹਨਾਂ ਦੀ ਡਹੇ ਡਹੇ ਡੰਮ ਡੰਮ ਦੀ ਅਵਾਜ਼ ਨਿਕਲਦੀ ਸੀ। ਧੌਂਸੇ, ਗੂੰਜਦੇ ਸਨ, ਅਤੇ ਘੋੜੇ ਹਿਣਕਦੇ ਸਨ॥੯੦॥

**ਧਹਾ ਧੂਹ ਧੋਪੰ॥ ਟਕਾ ਟੂਕ ਟੋਪੰ॥ ਕਟੇ ਚਰਮ ਬਰਮੰ॥ ਪਲਿਯੋ ਛਤ੍ਰ ਧਰਮੰ॥੯੧**

ਠਾਹ ਠਾਹ ਕਰਕੇ ਧੋਪ ਦੀ ਅਵਾਜ਼ ਹੁੰਦੀ ਸੀ, 'ਟਕਾ ਟਕ' ਕਰ ਕੇ ਟੋਪਾਂ ਦਾ ਖੜਾਕ ਹੁੰਦਾ ਸੀ। ਢਾਲਾਂ ਤੇ ਸੰਜੋਆਂ ਕੱਟੀਆਂ ਗਈਆਂ ਸਨ, ਯੋਧਿਆਂ ਨੇ ਛੱਤ੍ਰੀ ਧਰਮ ਨੂੰ ਇਸ ਤਰ੍ਹਾਂ ਨਾਲ ਪਾਲਿਆ ਸੀ॥੯੧॥

**ਭਯੋ ਦੁੰਦ ਜੁੱਧੰ॥ ਭਰਯੋ ਰਾਮ ਕ੍ਰੁੱਧੰ॥ ਕਟੀ ਦੁਸ਼ਟ ਬਾਹੰ॥ ਸੰਘਾਰਯੋ ਸੁਬਾਹੰ॥੯੨॥**

ਜਦ ਦੋਹਾਂ-ਰਾਮ ਤੇ ਸੁਬਾਹੂ ਦਾ ਦ੍ਵੰਦ ਜੰਗ ਹੋਇਆ ਤਾਂ ਰਾਮ ਜੀ ਕ੍ਰੋਧ ਨਾਲ ਭਰ ਗਏ। ਉਨ੍ਹਾਂ ਨੇ ਦੁਸ਼ਟ ਦੀਆਂ ਬਾਂਹਾਂ ਕੱਟ ਦਿੱਤੀਆਂ ਅੰਤੇ ਅੰਤ ਨੂੰ ਸੁਬਾਹੂ ਨੂੰ ਮਾਰ ਦਿੱਤਾ॥੯੨॥

**ਤ੍ਰਸੈ ਦੈਤ ਭਾਜੇ॥ ਰਣੰ ਰਾਮ ਗਾਜੇ॥ ਭੂਅੰ ਭਾਰ ਉਤਾਰਯੋ॥ ਰਿਖੀਸ਼ੰ ਉਬਾਰਯੋ॥੯੩॥**

ਦੈਂਤ ਡਰਦੇ ਹੋਏ ਭੱਜ ਗਏ, ਰਣ ਵਿਚ ਰਾਮ ਜੀ ਗੱਜਦੇ ਸਨ। ਇਸ ਤਰ੍ਹਾਂ ਨਾਲ ਉਨ੍ਹਾਂ ਨੇ ਧਰਤੀ ਦਾ ਭਾਰ ਉਤਾਰ ਦਿੱਤਾ ਅਤੇ ਰਿਖੀਆਂ ਨੂੰ ਬਚਾ ਲਿਆ ਸੀ॥੯੩॥

**ਸਭੈ ਸਾਧ ਹਰਖੇ॥ ਭਏ ਜੀਤ ਕਰਖੇ॥ ਕਰੈ ਦੇਵ ਅਰਚਾ॥ ਰਰੈ ਬੇਦ ਚਰਚਾ॥੯੪॥**

ਸਾਰੇ ਸਾਧ ਪ੍ਰਸੰਨ ਹੋ ਰਹੇ ਸਨ, ਜਿਤ ਦੇ ਗੀਤਾਂ ਦਾ ਉਚਾਰਨ ਹੋ ਰਿਹਾ ਸੀ। ਦੇਵਤੇ ਨਿਧੱੜਕ ਹੋ ਕੇ ਜੱਗ ਦੀ ਤਿਆਰੀ ਕਰਨ ਲੱਗੇ ਅਤੇ ਵੇਦ ਮੰਤਰ ਉਚਾਰਨ ਲੱਗੇ॥੯੪॥

**ਭਯੋ ਜੱਗ ਪੂਰੰ॥ ਗਏ ਪਾਪ ਦੂਰੰ॥ ਸੁਰੰ ਸਰਬ ਹਰਖੇ॥ ਧਨੰ ਧਾਰ ਬਰਖੇ॥੯੫॥**

ਵਿਸ਼੍ਵਾਮਿਤ੍ਰ ਦਾ ਜੱਗ ਪੂਰਾ ਹੋ ਗਿਆ, ਸਾਰ ਪਾਪ ਦੂਰ ਹੋ ਗਏ। ਸਾਰੇ ਦੇਵਤੇ ਪ੍ਰਸੰਨ ਹੋਏ, ਅਤੇ ਰਾਮ ਜੀ ਨੂੰ ਧੰਨ ਧੰਨ ਕਹਿੰਦੇ ਹੋਏ ਫੁੱਲਾਂ ਦਾ ਮੀਂਹ ਵਸਾਉਣ ਲੱਗੇ॥੯੫॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਰਾਮ ਅਵਤਾਰ ਕਥਾ 'ਸਬਾਹੂ ਮਰੀਚ' ਬੱਧਹ ਜਗਯ ਸੰਪੂਰਨ ਕਰਨੰ ਪ੍ਰਥਮ ਧਿਆਇ ਸਮਾਪਤਹਿ॥ ਸਤੁ ਸੁਭਮ ਸਤੁ॥੧॥੯੫॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮ ਅਵਤਾਰ ਕਥਾ, 'ਸਬਾਹੂ ਮਰੀਚ' ਕਤਲ, ਜੱਗ ਸੰਪੂਰਨ ਹੋਇਆ, ਪਹਿਲਾ ਅਧਿਆਏ ਸਮਾਪਤ॥ ਸਤ ਸੁਭਮ ਸਤ॥੧॥੯੫॥ ਚਲਦਾ॥

# ਅਧਿਆਇ ਦੂਸਰਾ

# ਸੀਤਾ ਸੁਅੰਬਰ

## ਰਸਾਵਲ ਛੰਦ

**ਰਚਜੋ ਸੁਯੰਬ੍ਰ ਸੀਤਾ ॥ ਮਹਾਂ ਸੁੱਧ ਗੀਤਾ ॥ ਬਿਧੰ ਚਾਰ ਬੈਣੀ ॥ ਮ੍ਰਿਗੀ ਰਾਜ ਨੈਣੀ ॥ ੯੬ ॥**

ਰਾਜਾ ਜਨਕ ਦੀ ਪੁੱਤਰੀ ਸੀਤਾ, ਜਿਹੜੀ ਗੀਤਾ ਵਾਂਗ ਪਾਕ ਪਵਿਤਰ ਸੀ, ਜਿਹੜੀ ਮਿੱਠੇ ਬੋਲਾਂ ਨਾਲ ਹਿਰਦੇ ਨੂੰ ਵਿੰਨ੍ਹ ਦਿੰਦੀ ਸੀ ਅਤੇ ਹਿਰਨ ਦੀਆਂ ਅਖਾਂ ਵਰਗੀਆਂ ਜਿਸ ਦੀਆਂ ਅਖਾਂ ਸਨ, ਉਸ ਦਾ ਸੁਅੰਬਰ ਰਚਿਆ ਗਿਆ ॥ ੯੬ ॥

**ਸੁਣਜੋ ਮੋਨਨੇਸੰ ॥ ਚਤੁਰ ਚਾਰ ਦੇਸੰ ॥ ਲਯੋ ਸੰਗਰਾਮੰ ॥ ਚਲਜੋ ਧਰਮ ਧਾਮੰ ॥ ੯੭ ॥**

ਮੁਨੀਸ਼ਵਰ ਵਿਸ਼ਵਾਮਿੱਤਰ ਜਿਹੜਾ ਸਾਰੇ ਦੇਸ਼ਾਂ ਵਿਚ ਪ੍ਰਸਿੱਧ ਸੀ, ਨੇ ਸੁਅੰਬਰ ਦੀ ਬਾਬਤ ਸੁਣਿਆ ਅਤੇ ਰਾਮ ਨੂੰ ਨਾਲ ਲੈ ਕੇ ਧਰਮ ਦੀ ਨਗਰੀ ਜਨਕ ਪੁਰੀ ਨੂੰ ਚਲ ਪਿਆ ॥ ੯੭ ॥

**ਸੁਨੋ ਰਾਮ ਪਿਆਰੇ ॥ ਚਲੋ ਸਾਥ ਹਮਾਰੇ ॥ ਸੀਆ ਸੁਯੰਬ੍ਰ ਕੀਨੋ ॥ ਨ੍ਰਿਪੰ ਬੋਲ ਲੀਨੋ ॥ ੯੮ ॥**

ਵਿਸ੍ਵਾਮਿਤ੍ਰ ਨੇ ਕਿਹਾ--ਹੇ ਪਿਆਰੇ ਰਾਮ ਜੀ ! ਸੁਣੋ, ਮੇਰੇ ਨਾਲ ਜਨਕ ਪੁਰੀ ਨੂੰ ਚਲੋ। ਕਿਉਂਕਿ ਸੀਤਾ ਦਾ ਸੁਅੰਬਰ ਰਚਿਆ ਹੈ, ਇਸ ਲਈ ਰਾਜਾ ਜਨਕ ਨੇ ਮੈਨੂੰ ਬੁਲਾ ਲਿਆ ਹੈ ॥ ੯੮ ॥

**ਤਹਾ ਪ੍ਰਾਤ ਜੱਈਐ ॥ ਸੀਆ ਜੀਤ ਲੱਈਐ ॥ ਕਹੀ ਮਾਨ ਮੇਰੀ ॥ ਬਨੀ ਬਾਤ ਤੇਰੀ ॥ ੯੯ ॥**

ਉਥੇ ਪ੍ਰਾਤਾਕਾਲ ਚਲੋ, ਸੀਤਾ ਨੂੰ ਜਿੱਤ ਲਿਆਓ। ਮੇਰੀ ਕਹੀ ਗੱਲ ਮੰਨ ਲੋ, ਇਹ ਤੇਰੀ ਵਡਿਆਈ ਦੀ ਗੱਲ ਬਣੀ ਹੈ ॥ ੯੯ ॥

**ਬਲੀ ਪਾਨ ਬਾਂਕੇ ॥ ਨਿਪਾਤੋ ਪਿਨਾਕੇ ॥ ਸੀਆ ਜੀਤ ਆਨੋ ॥ ਹਨੋ ਸਰਬ ਦਾਨੋ ॥ ੧੦੦ ॥**

ਆਪਣੇ ਬਲੀ ਤੇ ਬਾਂਕੇ ਹੱਥਾਂ ਨਾਲ ਸ਼ਿਵਜੀ ਦੇ ਧਨੁਖ ਨੂੰ ਭੰਨ ਤੋੜ ਦਿਓ। ਸੀਤਾ ਨੂੰ ਜਿੱਤ ਲਿਆਓ, ਅਤੇ ਸਾਰੇ ਦੈਂਤਾਂ ਨੂੰ ਮਾਰ ਦਿਓ ॥ ੧੦੦ ॥

**ਚਲੇ ਰਾਮ ਸੰਗੰ ॥ ਸੁਹਾਏ ਨਿਖੰਗੰ ॥ ਭਏ ਜਾਇ ਠਾਢੇ ॥ ਮਹਾਂ ਮੋਦ ਬਾਢੇ ॥ ੧੦੧ ॥**

ਰਾਮ ਲਛਮਣ ਵਿਸ਼੍ਵਾਮਿਤ੍ਰ ਨਾਲ ਚਲੇ ਜਾ ਰਹੇ ਸਨ, ਦੋਹਾਂ ਦੀ ਪਿੱਠ ਪਿਛੇ ਭੱਥੇ ਸੋਭ ਰਹੇ ਸਨ। ਜਨਕਪੁਰੀ ਵਿਚ ਜਾ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ। ਉਨ੍ਹਾਂ ਸਨਮਾਨ ਸਹਿਤ ਉੱਚੀ ਜਗ੍ਹਾ ਤੇ ਬਿਠਾਇਆ ਗਿਆ ॥ ੧੦੧ ॥

**ਪੁਰੰ ਨਾਰ ਦੇਖੈ ॥ ਸਹੀ ਕਾਮ ਲੇਖੈ ॥ ਰਿਪੰ ਸ਼ਤ੍ਰ ਜਾਨੈ ॥ ਸਿਧੰ ਸਾਧ ਮਾਨੈ ॥ ੧੦੨ ॥**

ਸ਼ਹਿਰ ਦੀਆਂ ਨਾਰੀਆਂ ਨੇ ਵੇਖਿਆ ਤਾਂ ਰਾਮ ਜੀ ਨੂੰ ਉਨ੍ਹਾਂ ਨੇ ਸੱਚਾ ਕਾਮ ਰੂਪ ਕਰਕੇ ਜਾਣਿਆਂ। ਵੈਰੀਆਂ ਨੇ ਸ਼ੱਤਰੂ ਰੂਪ ਕਰ ਕੇ ਜਾਣਿਆਂ, ਅਤੇ ਸੰਤਾਂ ਨੇ ਸਾਧੂ ਰੂਪ ਕਰਕੇ ਮੰਨਿਆ॥ ੧੦੨॥

**ਸਿਸੰ ਬਾਲ ਰੂਪੰ॥ ਲਹਜੋ ਭੂਪ ਭੂਪੰ॥ ਤਪਜੋ ਪਉਨ ਹਾਰੀ॥ ਭਟੰ ਸ਼ਸਤ੍ਰ ਧਾਰੀ॥ ੧੦੩॥**

ਬਾਲਕਾਂ ਨੇ ਬਾਲ ਰੂਪ ਕਰ ਕੇ, ਰਾਜਿਆਂ ਨੇ ਰਾਜਾ ਕਰ ਕੇ, ਤਪੀਆਂ ਨੇ ਪੌਣ ਹਾਰੀ ਭਾਵ ਤਪੀਆ ਕਰ ਕੇ, ਸੂਰਮਿਆਂ ਨੇ ਸ਼ਸਤਰਧਾਰੀ ਭਾਵ ਸੂਰਮਾ ਕਰਕੇ ਉਨ੍ਹਾਂ ਨੂੰ ਜਾਣਿਆ ਸੀ॥ ੧੦੩॥

**ਨਿਸਾ ਚੰਦ ਜਾਨਜੋ॥ ਦਿਨੰ ਭਾਨ ਮਾਨਜੋ॥ ਗਣੰ ਰੁਦ੍ਰ ਰੇਖਯੋ॥ ਸੁਰੰ ਇੰਦ੍ਰ ਦੇਖਜੋ॥ ੧੦੪॥**

ਰਾਤ ਨੇ ਰਾਮ ਨੂੰ ਚੰਦ੍ਰਮਾ ਰੂਪ ਕਰ ਕੇ ਜਾਣਿਆਂ, ਦਿਨ ਨੇ ਸੂਰਜ ਰੂਪ ਕਰ ਕੇ ਮੰਨਿਆ, ਗਣਾਂ ਨੇ ਰੁਦ੍ਰ ਰੂਪ ਸਮਝਿਆ ਸੀ, ਅਤੇ ਦੇਵਤਿਆਂ ਨੇ ਇੰਦਰ ਰੂਪ ਕਰਕੇ ਦੇਖਿਆ ਸੀ॥ ੧੦੪॥

**ਸ੍ਰੁਤੰ ਬ੍ਰਹਮ ਜਾਨਜੋ॥ ਦਿਜੰ ਬਜਾਸ ਮਾਨਜੋ॥ ਹਰੀ ਬਿਸ਼ਨ ਲੇਖੇ॥ ਸੀਆ ਰਾਮ ਦੇਖੇ॥ ੧੦੫॥**

ਵੇਦਾਂ ਨੇ ਬ੍ਰਹਮ ਰੂਪ ਕਰ ਕੇ ਜਾਣਿਆ ਸੀ, ਪੰਡਿਤਾਂ ਨੇ ਬਿਆਸ ਰੂਪ ਕਰਕੇ ਮੰਨਿਆ ਸੀ। ਹਰੀ ਨੂੰ ਵਿਸ਼ਨੂੰ ਅਵਤਾਰ ਲੱਗੇ ਅਤੇ ਸੀਤਾ ਨੇ ਰਾਮ ਭਾਵ ਸ੍ਵਾਮੀ ਰੂਪ ਕਰ ਕੇ ਵੇਖਿਆ ਸੀ॥ ੧੦੫॥

**ਸੀਆ ਪੇਖ ਰਾਮੰ॥ ਬਿਧੀ ਬਾਨ ਕਾਮੰ॥ ਗਿਰੀ ਝੂਮਿ ਭੂਮੰ॥ ਮਦੀ ਜਾਣੁ ਘੂਮੰ॥ ੧੦੬॥**

ਸੀਤਾ ਨੇ ਰਾਮ ਨੂੰ ਵੇਖਿਆ, ਤੇ ਕਾਮ ਦੇ ਤੀਰ ਨਾਲ ਉਹ ਵਿੰਨ੍ਹੀ ਗਈ, ਅਤੇ ਇਸ ਤਰ੍ਹਾਂ ਘੇਰਨੀ ਖਾ ਕੇ ਧਰਤੀ ਤੇ ਡਿੱਗ ਪਈ, ਜਾਣੋ ਸ਼ਰਾਬੀ ਨੇ ਘੇਰਨੀ ਖਾਧੀ ਹੋਵੇ॥ ੧੦੬॥

**ਉਠੀ ਚੇਤ ਐਸੇ॥ ਮਹਾਂਬੀਰ ਜੈਸੇ॥ ਰਹੀ ਨੈਨ ਜੋਰੀ॥ ਸਸੰ ਜਿਉ ਚਕੋਰੀ॥ ੧੦੭॥**

ਸੁਚੇਤ ਹੋ ਕੇ ਫਿਰ ਇਸ ਤਰ੍ਹਾਂ ਉਠੀ, ਜਿਸ ਤਰ੍ਹਾਂ ਬਹਾਦਰ ਯੋਧਾ ਬੇਹੋਸ਼ੀ ਤੋਂ ਜਾਗਦਾ ਹੈ, ਅਤੇ ਫਿਰ ਸ੍ਰੀ ਰਾਮ ਜੀ ਵੱਲ ਅੱਖਾਂ ਜੋੜ ਕੇ ਇਉਂ ਖਲੋ ਰਹੀ, ਜਿਵੇਂ ਚਕੋਰੀ ਚੰਦਰਮਾ ਵੱਲੇ ਅੱਖਾਂ ਜੋੜ ਖਲੋਂਦੀ ਹੈ॥ ੧੦੭॥

**ਰਹੇ ਮੋਹ ਦੋਨੋ॥ ਟਰੇ ਨਾਹਿ ਕੋਨੋ॥ ਰਹੇ ਠਾਂਢ ਐਸੇ॥ ਰਣੰ ਬੀਰ ਜੈਸੇ॥ ੧੦੮॥**

ਸੀਤਾ ਤੇ ਰਾਮ ਦੋਵੇਂ ਇਕ ਦੂਜੇ ਉਤੇ ਮੋਹਿਤ ਹੋ ਗਏ। ਦੋਹਾਂ ਵਿਚੋਂ ਪਿਛੇ ਵਲ ਕੋਈ ਵੀ ਨਾ ਮੁੜਿਆ। ਏਦਾਂ ਇਕ ਦੂਜੇ ਵੱਲੇ ਵੇਖਦੇ ਹੋਏ ਖਲੋ ਰਹੇ ਸਨ ਜਿਵੇਂ ਜੰਗ ਵਿਚ ਸੂਰਮੇ ਇਕ ਦੂਜੇ ਦੇ ਵਾਰ ਨੂੰ ਰੋਕਨ ਵਾਸਤੇ, ਇਕ ਦੂਜੇ ਨੂੰ ਵੇਖਦੇ ਰਹਿੰਦੇ ਹਨ॥ ੧੦੮॥

**ਪਠੇ ਕੋਟ ਦੂਤੰ॥ ਚਲੇ ਪਉਨ ਪੂਤੰ॥ ਕੁਵੰਡਾਨ ਡਾਰੇ॥ ਨਰੇਸ਼ੇ ਦਿਖਾਰੇ॥ ੧੦੯॥**

ਸੀਤਾ ਦੇ ਸੁਅੰਬਰ ਦੀਆਂ ਖਬਰਾਂ ਦੇ ਕੇ ਰਾਜੇ ਜਨਕ ਨੇ ਕ੍ਰੋੜਾਂ ਦੂਤ ਭੇਜੇ ਸਨ। ਜੋ ਪੌਣ ਦੇ ਪੁੱਤਰ ਵਾਂਗ ਤੁਰੇ। ਜਦ ਦੇਸਾਂ ਦੇਸਾਂ ਦੇ ਰਾਜੇ ਇਕੱਠੇ ਹੋ ਗਏ ਤਾਂ ਸ਼ਿਵ ਧਨੁੱਖ ਨੂੰ ਲਿਆ ਕੇ ਰਾਜ ਸਭਾ ਵਿਚ ਰੱਖ ਦਿੱਤਾ ਅਤੇ ਸਾਰੇ ਰਾਜਿਆਂ ਨੂੰ ਵਿਖਾ ਦਿੱਤਾ॥ ੧੦੯॥

ਨੋਟ-ਜਨਕ ਪ੍ਰੋਹਤ ਸਤਾ ਨੰਦ ਨੇ ਉਹ ਸ਼ਿਵ ਧਨੁੱਖ ਸਭ ਨੂੰ ਵਿਖਾ ਕੇ, ਉੱਚੀ ਅਵਾਜ਼ ਨਾਲ

ਇਹ ਕਿਹਾ, ਕਿ 'ਜਿਹੜਾ ਕੋਈ ਇਸ ਸ਼ਿਵ ਧਨੁੱਖ ਨੂੰ ਤੋੜੇਗਾ, ਉਹ ਸੀਤਾ ਨੂੰ ਵਿਆਹੁਣ ਦਾ ਹੱਕਦਾਰ ਹੋਵੇਗਾ'। ਇਹ ਸੁਣ ਕੇ ਸਾਰੇ ਦੇਸਾਂ ਦੇਸਾਂ ਦੇ ਰਾਜਿਆਂ ਨੇ ਆਪੋ ਆਪਣਾ ਜ਼ੋਰ ਲਾ ਕੇ ਵੇਖਿਆ, ਪਰ ਧਨੁਖ ਕਿਸੇ ਪਾਸੇਂ ਵੀ ਨਾ ਹਿਲਿਆ, ਤਾਂ ਅੰਤ ਨੂੰ-

**ਲਯੋ ਰਾਮ ਪਾਨੰ ॥ ਭਰਯੋ ਬੀਰ ਮਾਨੰ ॥ ਹਸਯੋ ਐਚ ਲੀਨੋ ॥ ਉਭੈ ਟੂਕ ਕੀਨੋ ॥੧੧੦॥**

ਰਾਮ ਨੇ ਸ਼ਿਵ ਧਨੁੱਖ ਨੂੰ ਹੱਥ ਵਿਚ ਚੁਕ ਲਿਆ ਅਤੇ ਭਰਪੂਰ ਮਾਨ ਅਤੇ ਸੂਰਬੀਰਤਾ ਨਾਲ ਸ਼ਿਵਜੀ ਦੇ ਗੰਡੀਵ ਧਨੁੱਖ ਨੂੰ ਚੁਕ ਲਿਆ।ਉਹ ਫਿਰ ਹੱਸਿਆ ਤੇ ਧਨੁੱਖ ਨੂੰ ਖਿੱਚ ਕੇ ਚਿੱਲਾ ਚੜ੍ਹਾ ਲਿਆ। ਫਿਰ ਉਸ ਨੇ ਉਸ ਦੇ ਦੋ ਟੋਟੇ ਕਰ ਦਿੱਤੇ॥੧੧੦॥

**ਸਭੈ ਦੇਵ ਹਰਖੇ ॥ ਘਨੰ ਪੁਹਪ ਬਰਖੇ ॥ ਲਜਾਨੇ ਨਰੇਸ਼ੰ ॥ ਚਲੇ ਆਪ ਦੇਸੰ ॥੧੧੧॥**

ਸਾਰੇ ਦੇਵਤੇ ਪ੍ਰਸੰਨ ਹੋਏ, ਅਕਾਸ਼ ਤੋਂ ਫੁੱਲ ਵਰਸਾਉਣ ਲੱਗੇ। ਫਿਰ ਇੱਕਠੇ ਹੋਏ ਸਾਰੇ ਰਾਜੇ ਸ਼ਰਮਸਾਰ ਹੋ ਗਏ ਅਤੇ ਆਪੋ ਆਪਣੇ ਦੇਸਾਂ ਨੂੰ ਤੁਰ ਗਏ॥੧੧੧॥

**ਤਬੈ ਰਾਜ ਕੰਨਿਆ ॥ ਤਿਹ ਲੋਕ ਧੰਨਿਆ ॥ ਧਰੇ ਫੂਲ ਮਾਲਾ ॥ ਬਰਯੋ ਰਾਮ ਬਾਲਾ ॥੧੧੨॥**

ਉਸੇ ਵੇਲੇ ਰਾਜ ਪੁੱਤਰੀ ਸੀਤਾ, ਜੋ ਤਿੰਨਾ ਲੋਕਾਂ ਵਿਚ ਧੰਨ ਹੈ, ਉਸ ਨੇ ਰਾਮ ਜੀ ਨੂੰ ਫੁਲਾਂ ਦੀ ਮਾਲਾ ਪਹਿਨਾ ਦਿੱਤੀ। ਇਸ ਤਰ੍ਹਾਂ ਨਾਲ ਰਾਜ ਕੁਮਾਰੀ ਨੇ ਰਾਮ ਨੂੰ ਵਰ ਲਿਆ ਸੀ॥੧੧੨॥

## ਭੁਜੰਗ ਪ੍ਰਯਾਤ ਛੰਦ ॥

**ਕਿਧੋ ਦੇਵ ਕੰਨਿਆਂ ਕਿਧੋ ਬਾਸਵੀ ਹੈ ॥ ਕਿਧੋ ਜੱਛਨੀ ਕਿੰਨ੍ਰਨੀ ਨਾਗਨੀ ਹੈ ॥**
**ਕਿਧੋ ਗੰਧ੍ਰਬੀ ਦੈਤ ਜਾ ਦੇਵਤਾ ਸੀ। ਕਿਧੋ ਸੂਰਜਾ ਸੁਧ ਸੋਧੀ ਸੁਧਾ ਸੀ ॥੧੧੩॥**

ਇਹ ਸੀਤਾ ਨਹੀਂ ਕਿਤੇ ਦੇਵ ਪੁੱਤਰੀ ਹੈ ਜਾਂ ਇੰਦ੍ਰਾਣੀ ਹੈ ਜਾਂ ਜੱਛਨੀ ਹੈ ਜਾਂ ਕਿੰਨਰਨੀ ਹੈ ਜਾਂ ਨਾਗ ਪੁੱਤਰੀ ਹੈ ਜਾਂ ਗੰਧਰਬ ਪੁੱਤਰੀ ਹੈ ਜਾਂ ਦੈਂਤ ਪੁੱਤਰੀ ਹੈ ਜਾਂ ਸੂਰਜ ਪੁੱਤਰੀ ਹੈ ਜਾਂ ਸੋਧੀ ਹੋਈ ਪਵਿਤ੍ਰਤਾਈ ਹੈ ਜਾਂ ਅੰਮ੍ਰਿਤ ਹੈ ?॥੧੧੩॥

**ਕਿਧੋ ਜੱਛ ਬਿੱਦਿਆ ਧਰੀ ਗੰਧ੍ਰਬੀ ਹੈ ॥ ਕਿਧੋ ਰਾਗਨੀ ਭਾਗ ਪੂਰੇ ਰਚੀ ਹੈ ॥**
**ਕਿਧੋ ਸੁਵਰਨ ਕੀ ਚਿਤ੍ਰ ਕੀ ਪੁੱਤ੍ਰਕਾ ਹੈ ॥ ਕਿਧੋ ਕਾਮ ਕੀ ਕਾਮਨੀ ਕੀ ਪ੍ਰਭਾ ਹੈ ॥੧੧੪॥**

ਕੀ ਇਹ ਜੱਛ ਕੰਨਿਆ, ਬਿੱਦਿਆ ਧਰ ਕੰਨਿਆ ਜਾਂ ਗੰਧ੍ਰਬ ਕੰਨਿਆ ਹੈ? ਕੀ ਇਹ ਪੂਰੇ ਭਾਗ ਦੀ ਰਚੀ ਹੋਈ ਕੋਈ ਸੁਰੀਲੀ ਰਾਗਨੀ ਹੈ? ਕੀ ਇਹ ਸੋਨੇ ਦੇ ਚਿੱਤਰ ਦੀ ਪੁਤਲੀ ਹੈ? ਜਾਂ ਕੀ ਇਹ ਕਾਮ ਦੀ ਇਸਤਰੀ ਰੱਤੀ ਦੀ ਪ੍ਰਭਾ ਹੈ॥੧੧੪॥

**ਕਿਧੋ ਚਿੱਤ੍ਰ ਕੀ ਪੁੱਤ੍ਰਕਾ ਸੀ ਬਨੀ ਹੈ ॥ ਕਿਧੋ ਸੰਖਨੀ ਚਿੱਤ੍ਰਨੀ ਪਦਮਨੀ ਹੈ ॥**
**ਕਿਧੋ ਰਾਗ ਪੂਰੇ ਭਰੀ ਰਾਗ ਮਾਲਾ ॥ ਬਰੀ ਰਾਮ ਤੈਸੀ ਸੀਆ ਆਜ ਬਾਲਾ ॥੧੧੫॥**

ਕੀ ਇਹ ਮੂਰਤ ਦੀ ਪੁਤਲੀ ਜੇਹੀ ਬਣੀ ਹੋਈ ਹੈ ਜਾਂ ਸੰਖਨੀ ਜਾਂ ਚਿੱਤ੍ਰਨੀ ਜਾਂ ਪਦਮਨੀ ਹੈ? ਜਾਂ ਪੂਰੇ ਰਾਗਾਂ ਦੀ ਭਰੀ ਹੋਈ ਰਾਗ ਮਾਲਾ ਹੈ? ਉਸ ਤਰ੍ਹਾਂ ਦੀ ਅੱਜ ਰਾਮ ਨੇ ਸੀਤਾ ਇਸਤਰੀ ਵਿਆਹੀ ਹੈ॥੧੧੫॥

**ਛਕੇ ਪ੍ਰੇਮ ਦੋਨੋ ਲਗੇ ਨੈਨ ਐਸੇ॥ ਮਨੋ ਫਾਂਧ ਫਾਂਧੈ ਮ੍ਰਿਗੀਰਾਜ ਜੈਸੇ॥**
**ਬਿਧੰ ਬਾਕ ਬੈਣੀ ਕਟੰ ਦੇਸ ਛੀਣੰ॥ ਰੰਗੇ ਰੰਗ ਰਾਮੰ ਸੁਨੈਣੰ ਪ੍ਰਬੀਣੰ॥੧੧੬॥**

ਦੋਵੇਂ ਸੀਤਾ ਤੇ ਰਾਮ ਪ੍ਰੇਮ ਵਿਚ ਮਸਤ ਸਨ, ਇਨ੍ਹਾਂ ਦੇ ਨੈਣ ਆਪੋ ਵਿਚ ਇਸ ਤਰ੍ਹਾਂ ਲਗੇ ਹੋਏ ਸਨ ਜਿਸ ਤਰ੍ਹਾਂ ਮਾਨੋ ਫਾਂਧੀ ਨੇ ਮ੍ਰਿਗੀਰਾਜ ਭਾਵ ਹੀਰੇ ਹਰਨ ਨੂੰ ਫਸਾ ਲਿਆ ਸੀ। ਚੰਦ੍ਰਮਾ ਜੇਹਾ ਮੁਖ ਹੈ। ਸੁਰਸ੍ਵਤੀ ਸਮਾਨ ਬੋਲਣ ਵਾਲੀ ਹੈ, ਜਿੱਸਦੀ ਲੱਕ ਵਾਲੀ ਥਾਂ ਪਤਲੀ ਹੈ। ਇਸ ਤਰ੍ਹਾਂ ਦੇ ਸੁੰਦਰ ਸਰੂਪ ਦੇ ਰੰਗ ਭਾਵ ਪ੍ਰੇਮ ਵਿਚ ਸੁੰਦਰ ਨੈਣਾਂ ਵਾਲੇ ਪ੍ਰਬੀਨ ਪੁਰਸ਼ ਸ੍ਰੀ ਰਾਮ ਜੀ ਰੰਗੇ ਗਏ ਸਨ॥੧੧੬॥

**ਜਿਣੀ ਰਾਮ ਸੀਤਾ ਸੁਣੀ ਸ੍ਰਉਣ ਰਾਮੰ॥ ਗਹੇ ਸ਼ਸਤ੍ਰ ਅਸਤ੍ਰੰ ਰਿਸਜੇ ਤਉਨ ਜਾਮੰ॥**
**ਕਹਾ ਜਾਤ ਭਾਖਜੋ ਰਹੋ ਰਾਮ ਠਾਢੇ॥ ਲਖੋ ਆਜ ਕੈਸੇ ਭਏ ਬੀਰ ਗਾਢੇ॥੧੧੭॥**

ਸ੍ਰੀ ਰਾਮ ਜੀ ਨੇ ਸੀਤਾ ਜਿੱਤ ਲਈ ਹੈ, ਇਹ ਗੱਲ ਪਰਸਰਾਮ ਨੇ ਜਿਸ ਵੇਲੇ ਕੰਨੀ ਸੁਣੀ ਤਾਂ ਉਸੇ ਵੇਲੇ ਕ੍ਰੋਧ ਨਾਲ ਭਰ ਗਿਆ ਅਤੇ ਉਸ ਨੇ ਅਸਤਰ ਸ਼ਸਤਰ ਫੜ ਲਏ। ਫਿਰ ਉਥੇ ਆ ਕੇ ਕਹਿਣ ਲਗਾ-ਹੇ ਰਾਮ! ਕਿਥੇ ਜਾਂਦਾ ਹੈਂ? ਖੜਾ ਰਹੁ ਤਾਂਕਿ ਮੈਂ ਅੱਜ ਵੇਖ ਲਵਾਂ, ਜੋ ਕਿਸ ਤਰ੍ਹਾਂ ਦੇ ਬਹਾਦਰ ਯੋਧੇ ਹੋ॥੧੧੭॥

## ਭਾਖਾ ਪਿੰਗਲ ਦੀ॥ ਸੁੰਦਰੀ ਛੰਦ॥

**ਭਟ ਹੁੰਕੇ ਧੁੰਕੇ ਬੰਕਾਰੇ॥ ਰਣ ਬੱਜੇ ਗੱਜੇ ਨੱਗਾਰੇ॥**
**ਰਣ ਹੁੱਲ ਕਲੋਲੰ ਹੁੱਲਾਲੰ॥ ਢਾਲ ਹੱਲੰ ਢੱਲੰ ਉੱਛਾਲੰ॥੧੧੮॥**

ਬਹਾਦਰ ਸੂਰਮੇ ਹੁੰਗਾਰੇ ਮਾਰਦੇ ਅਤੇ ਜੈ ਕਾਰੇ ਛੱਡਦੇ ਸਨ, ਰਣ ਦੇ ਅੰਦਰ ਨਗਾਰੇ ਵੱਜ ਗੱਜ ਰਹੇ ਸਨ। ਰਣ ਭੂਮੀ ਵਿਚ ਧੱਕਮ ਧੱਕੀ ਦਾ ਰੌਲਾ ਗੌਲਾ ਪੈ ਰਿਹਾ ਸੀ ਅਤੇ ਢਾਲਾਂ ਨਾਲ ਇਕ ਦੂਜੇ ਨੂੰ ਧੱਕਾ ਦੇ ਕੇ, ਢਾਲਾਂ ਨੂੰ ਹੀ ਉਛਾਲਦੇ ਸਨ॥੧੧੮॥

**ਰਣ ਉੱਠੇ ਕੁੱਠੇ ਮੁੱਛਾਲੇ॥ ਸਰ ਛੁੱਟੇ ਜੁੱਟੇ ਭੀਹਾਲੇ॥**
**ਰਤੁ ਡਿੱਗੇ ਭਿੱਗੇ ਜੋਧਾਣੰ॥ ਕਣਣੰਛੇ ਕੱਛੇ ਕਿਕਾਣੰ॥੧੧੯॥**

ਰਣ ਵਿਚ ਮੁਛਾਂ ਵਾਲੇ ਸੂਰਮੇ ਇਕੱਠੇ ਹੋ ਕੇ ਜੰਗ ਲਈ ਤਿਆਰ ਹੋ ਗਏ, ਤੀਰ ਚਲਣ ਲੱਗੇ, ਡਰੌਣੇ ਯੋਧੇ ਆਪੋ ਵਿਚ ਜੁੱਟ ਪਏ। ਲਹੂ ਨਾਲ ਲੱਥ ਪੱਥ ਕਈ ਯੋਧੇ ਧਰਤੀ ਤੇ ਡਿੱਗ ਪਏ,

ਅਤੇ ਖਾਲੀ ਘੋੜੇ ਹਿਣਕਦੇ ਹੋਏ ਫਿਰਨ ਲੱਗੇ॥੧੧੯॥

**ਭੀਖਣੀਯੰ ਭੇਰੀ ਭੁੰਕਾਰੰ॥ ਝਲ ਲੰਕੇ ਖੰਡੇ ਦੁੱਧਾਰੰ॥**
**ਜੁੱਧੰ ਜੁੱਝਾਰੰ ਬੁੱਬਾੜੇ॥ ਰੁੱਲੀਏ ਪਖਰੀਏ ਆਹਾੜੇ॥੧੨੦॥**

ਭੂਤਨੀਆਂ ਡਰੌਣੀਆਂ 'ਭੂੰ-ਭੂੰ ਕਰਦੀਆਂ ਸਨ, ਦੁੱਧਾਰੇ ਖੰਡੇ ਲਿਸ਼ਕਦੇ ਸਨ, ਲੜਾਕੇ ਯੋਧੇ ਲਲਕਾਰਦੇ ਸਨ, ਘੋੜ ਚੜ੍ਹੇ ਸੂਰਮੇ ਮੁਰਦੇ ਹੋ ਕੇ ਰੁਲ ਰਹੇ ਸਨ॥੧੨੦॥

**ਬੱਕੇ ਬੱਬਾੜੇ ਬੱਕਾਰੰ॥ ਨੱਚੇ ਪੱਖਰੀਏ ਜੁਝਾਰੰ॥**
**ਬੱਜੇ ਸੰਗਲੀਏ ਭੀਹਾਲੇ॥ ਰਣ ਰੱਤੇ ਮੱਤੇ ਮੁੱਛਾਲੇ॥੧੨੧॥**

ਯੋਧੇ ਬੜ੍ਹਕਾਂ ਮਾਰਦੇ ਸਨ, ਲੜਾਕੇ ਸੂਰਮੇ ਕਾਠੀਆਂ ਵਾਲੇ ਘੋੜਿਆਂ ਨੂੰ ਨਚਾਉਂਦੇ ਸਨ, ਸੰਗਲਾਂ ਨਾਲ ਬੱਧੇ ਹੋਏ ਡਰੌਣੇ ਧੌਂਸੇ ਵੱਜਦੇ ਸਨ, ਰਣ ਦੇ ਰੰਗ ਵਿਚ ਮਸਤ ਮੁੱਛਾਂ ਵਾਲੇ ਸੂਰਮੇ ਫਿਰਦੇ ਸਨ॥੧੨੧॥

**ਉਛਲੀਏ ਕੱਛੀ ਕੱਛਾਲੇ॥ ਉੱਡੇ ਜਣੁ ਪੱਬੰ ਪੱਛਾਲੇ॥**
**ਜੁੱਟੇ ਭੱਟ ਛੁੱਟੇ ਮੁੱਛਾਲੇ॥ ਰੁਲੀਏ ਆਹਾੜੰ ਪਖਰਾਲੇ॥੧੨੨॥**

ਕੱਛ ਦੇਸ਼ ਦੇ ਸੂਰਮੇ ਇਸ ਤਰਾਂ ਉੱਛਲ ਰਹੇ ਸਨ ਮਾਨੋ ਖੰਬਾਂ ਵਾਲੇ ਪਹਾੜ ਉੱਡੇ ਜਾਂਦੇ ਸਨ। ਭੱਟ ਮੁੱਛਾਂ ਨੂੰ ਤਾਅ ਦਿੰਦੇ ਹੋਏ ਆਪੋ ਵਿਚ ਜੁਟੇ ਹੋਏ ਸਨ, ਅਤੇ ਬੰਬਲਾਂ ਵਾਲੇ ਨੇਜ਼ੇ ਚਲਦੇ ਸਨ, ਅਤੇ ਕਵਚਧਾਰੀ ਸੂਰਮੇ ਮਿੱਟੀ ਵਿਚ ਰੁੱਲ ਰਹੇ ਸਨ॥੧੨੨॥

**ਬੱਜੇ ਸੰਧੂਰੰ ਨੱਗਾਰੇ॥ ਕੱਛੇ ਕੱਛੀਲੇ ਲੁੱਝਾਰੇ॥**
**ਗਣ ਹੂਰੰ ਪੂਰੰ ਗੈਣਾਯੰ॥ ਅੰਜਨਯੰ ਅੰਜੇ ਨੈਣਾਯੰ॥੧੨੩॥**

ਰਣ ਸਿੰਘੇ ਤੇ ਨਗਾਰੇ ਵੱਜਦੇ ਸਨ, ਲੜਾਕੇ ਬੀਰ ਤਲਵਾਰਾਂ ਲੈ ਕੇ ਫਿਰਦੇ ਸਨ। ਸਾਰਾ ਆਕਾਸ਼ ਹੂਰਾਂ ਦੇ ਝੁੰਡਾਂ ਨਾਲ ਭਰ ਗਿਆ ਸੀ, ਜਿਨ੍ਹਾਂ ਨੇ ਅੱਖਾਂ ਵਿਚ ਅੰਜਨ ਪਾਇਆ ਹੋਇਆ ਸੀ॥੧੨੩॥

**ਰਣ ਣੱਕੇ ਨਾਦੰ ਨਾਫੀਰੰ॥ ਬੱਬਾੜੇ ਬੀਰੰ ਹਾਬੀਰੰ॥**
**ਉੱਘੇ ਜਣ ਨੇਜੇ ਜੱਟਾਲੇ॥ ਛੁੱਟੇ ਸਿਲ ਸਿਤਿਯੰ ਮੁੱਛਾਲੇ॥੧੨੪॥**

ਨਫੀਰੀਆਂ ਤੇ ਨਾਦ ਭਾਵ ਛੋਟੇ ਨਗਾਰੇ ਗੂੰਜਦੇ ਸਨ। ਸੂਰਮਿਆਂ ਨੂੰ ਮਾਰਨ ਵਾਲੇ ਸੂਰਮੇ ਲਲਕਾਰਦੇ ਸਨ। ਨੰਗੇ ਨੇਜ਼ੇ ਇਉਂ ਮਲੂੰਮ ਹੁੰਦੇ ਸਨ, ਮਾਣੋ ਜਟਾਂ ਵਾਲੇ ਸਾਧੂ ਖੜੇ ਸਨ। ਬੰਬਲਾ ਵਾਲੇ ਚਮਕਦਾਰ ਸੇਲੇ ਉਨ੍ਹਾਂ ਦੇ ਹਥੋਂ ਛੁਟ ਗਏ ਸਨ॥੧੨੪॥

ਭਟ ਡਿੱਗੇ ਘਾਯੰ ਅੱਘਾਯੰ॥ ਤਨ ਸੁੱਭੇ ਅੱਧੇ ਅੱਧਾਯੰ॥
ਦਲ ਗੱਜੇ ਬੱਜੇ ਨੀਸ਼ਾਣੰ॥ ਚੰਚਲੀਏ ਤਾਜੀ ਹੀਹਾਣੰ॥੧੨੫॥

ਜ਼ਖਮ ਤੋਂ ਹੀਣੇ ਸੂਰਮੇ ਜ਼ਖਮੀ ਹੋ ਕੇ ਡਿੱਗੇ ਪਏ ਸਨ। ਜਿਨ੍ਹਾਂ ਦੇ ਤਨ ਅੱਧੇ ਅੱਧ ਹੋ ਕੇ ਸ਼ੋਭ ਰਹੇ ਸਨ। ਫੌਜਾਂ ਗਜਦੀਆਂ ਸਨ, ਧੌਂਸੇ ਵੱਜਦੇ ਸਨ। ਚੰਚਲ ਘੋੜੇ ਹਿਣਕਦੇ ਸਨ॥੧੨੫॥

ਰਵ ਦਿਸਜੰ ਚਿੰਕੀ ਚਾਵੰਡੇ॥ ਖੰਡੇ ਖੰਡੇ ਕੈ ਆਖੰਡੇ॥
ਰਣ ਡਕੇ ਗਿੱਧੰ ਉੱਧਾਣੰ॥ ਜੈ ਜੰਪੈ ਸਿੱਧੰ ਸੁੱਧਾਣੰ॥੧੨੬॥

ਚਾਰੇ ਪਾਸੇ ਇੱਲਾਂ ਚੀਕਦੀਆਂ ਸਨ, ਸਾਬਤਾਂ ਨੂੰ ਖੰਡੇ ਨਾਲ ਟੁਕੜੇ ਟੁਕੜੇ ਕਰ ਦਿੱਤਾ ਸੀ। ਉੱਚੇ ਬੈਠ ਕੇ ਗਿੱਧਾਂ ਖੁਸ਼ੀ ਵਿਚ ਬੋਲਦੀਆਂ ਸਨ, ਮਾਨੋ ਸੁਧ ਸਿਧੀਆਂ ਜੈ ਜੈ ਜਪਦੀਆਂ ਸਨ॥੧੨੬॥

ਫੁੱਲੇ ਜਣ ਕਿੱਸਕ ਬਾਸੰਤੰ॥ ਰਣ ਰੱਤੇ ਸੂਰਾ ਸਾਮੰਤੰ॥
ਡਿੱਗੇ ਰਣ ਸੁੰਡੀ ਸੁੰਡਾਣੰ॥ ਧਰ ਭੂਰੰ ਪੂਰੰ ਮੁੰਡਾਣੰ॥੧੨੭॥

ਬਸੰਤ ਰੁਤ ਵਿਚ ਮਾਨੋ ਕੇਸੂ ਫੁਲੇ ਹੋਏ ਹਨ, ਇਵੇਂ ਹੀ ਬਹਾਦਰ-ਸੂਰਮੇ ਰਣ ਵਿਚ ਲਾਲ ਹੋਏ ਫਿਰਦੇ ਸਨ। ਰਣ ਵਿਚ ਹਾਥੀ ਅਤੇ ਹਾਥੀਆਂ ਦੇ ਸਿਰ ਤੇ ਸੁੰਡ ਡਿੱਗੇ ਪਏ ਸਨ, ਧਰਤੀ ਸੂਰਮਿਆਂ ਦੇ ਬਹੁਤੇ ਸਿਰਾਂ ਨਾਲ ਭਰੀ ਹੋਈ ਸੀ॥੧੨੭॥

## ਮਧੁਰ ਧੁਨ ਛੰਦ॥

ਤਰ ਭਰ ਰਾਮੰ॥ ਪਰਹਰ ਕਾਮੰ॥ ਧਰ ਬਰ ਧੀਰੰ॥ ਪਰਹਰਿ ਤੀਰੰ॥੧੨੮॥

ਰਾਮ ਨੇ ਤੀਰਾਂ ਨਾਲ ਤਰਥੱਲੀ ਪਾ ਦਿੱਤੀ, ਅਤੇ ਸਭ ਇੱਛਾਵਾਂ ਤਿਆਗ ਕੇ ਜੋਸ਼ ਨਾਲ ਲੜਾਈ ਕੀਤੀ। ਉਸ ਨੇ ਬੜੇ ਧੀਰਜ ਨਾਲ ਤੀਰ ਮਾਰੇ॥੧੨੮॥

ਦਰ ਬਰ ਗਜਾਨੰ॥ ਧਰ ਹਰਿ ਧਜਾਨੰ॥ ਥਰਹਰ ਕੰਪੈ॥ ਹਰਿ ਹਰਿ ਜੰਪੈ॥੧੨੯॥

ਰਾਮ ਨੂੰ ਵੇਖਕੇ ਸਾਰੇ ਦਲ ਦਾ ਬਲ, ਗਿਆਨ ਅਤੇ ਧਿਆਨ, ਦੂਰ ਹੋ ਗਿਆ ਸੀ। ਸਾਰੇ ਥਰ ਥਰ ਕੰਬਦੇ ਸਨ, ਅਤੇ ਹਰਿ ਹਰਿ ਅਤੇ ਸ਼ਿਵ ਸ਼ਿਵ ਜਪਦੇ ਸਨ॥੧੨੯॥

ਕ੍ਰੋਧੰ ਗਲਿਤੰ॥ ਬੋਧੰ ਦਲਿਤੰ॥ ਕਰ ਸਰ ਸਰਤਾ॥ ਧਰਮਰ ਹਰਤਾ॥੧੩੦॥

ਸੂਰਮੇ ਰਾਮ ਦੇ ਜ਼ੋਰ ਨੂੰ ਵੇਖ ਕੇ, ਆਪਣੇ ਕ੍ਰੋਧ ਨੂੰ ਪੀ ਰਹੇ ਸਨ। ਰਾਮ ਦੇ ਸਰ ਸਰ ਕਰਦੇ ਤੀਰ ਜਿਸ ਨੂੰ ਵੱਜਦੇ ਉਹੀ ਧਰਤੀ ਉੱਤੇ ਲੇਟ ਜਾਂਦਾ॥੧੩੦॥

ਸਰਬਰ ਪਾਣੰ॥ ਧਰ ਕਰ ਮਾਣੰ॥ ਅਰ ਉਰ ਸਾਲੀ॥ ਧਰ ਉਰ ਮਾਲੀ॥੧੩੧॥

ਕਈ ਸੂਰਮੇ ਆਪਣੇ ਹੱਥ ਵਿਚਲੇ ਚੰਗੇ ਤੀਰਾਂ ਨੂੰ, ਕਮਾਨਾਂ ਵਿਚ ਧਰ ਕੇ ਵੈਰੀ ਦੀ ਛਾਤੀ

ਵਿਚ ਛੇਕ ਕਰਦੇ ਸਨ, ਜਿਸ ਕਰਕੇ ਵੈਰੀ ਧਰਤੀ ਤੇ ਛਾਤੀ, ਮਲ ਰਹੇ ਸਨ, ਅਰਥਾਤ ਧਰਤੀ ਤੇ ਤੜਫ ਰਹੇ ਸਨ॥੧੩੧॥

**ਕਰ ਬਰ ਕੋਪੰ॥ ਥਰਹਰ ਧੋਪੰ॥ ਗਰ ਬਰ ਕਰਣੰ॥ ਘਰ ਬਰ ਹਰਣੰ॥੧੩੨॥**

ਕ੍ਰੋਧ ਵਿਚ ਭਰੇ ਬਲਵਾਨ ਰਾਮ ਦੇ ਹੱਥ ਵਿਚ ਸ਼ਸਤਰ ਨੂੰ ਥਰਥਰ ਕੰਬਦਾ ਵੇਖ ਕੇ ਹੰਕਾਰ ਕਰਨ ਵਾਲੇ ਸੂਰਮੇ, ਘਬਰਾ ਕੇ ਭੱਜਦੇ ਜਾ ਰਹੇ ਸਨ॥੧੩੨॥

**ਛਰ ਹਰ ਅੰਗੰ॥ ਚਰ ਖਰ ਸੰਗੰ॥ ਜਰ ਬਰ ਜਾਮੰ॥ ਝਰ ਹਰ ਰਾਮੰ॥੧੩੩॥**

ਸੂਰਬੀਰਾਂ ਦਾ ਹਰ ਅੰਗ ਤੀਰਾਂ ਨਾਲ ਵਿੰਨ੍ਹਿਆ ਜਾਣ ਲੱਗਾ ਅਤੇ ਰਾਮ ਬੜੇ ਕ੍ਰੋਧ ਨਾਲ ਸ਼ਸਤਰਾਂ ਦੀ ਵਰਖਾ ਕਰਨ ਲੱਗਾ। ੧੩੩॥

**ਟਰ ਧਰ ਜਾਯੰ॥ ਠਰ ਹਰਿ ਪਾਯੰ॥ ਢਰ ਹਰ ਢਾਲੰ॥ ਥਰਹਰ ਕਾਲੰ॥੧੩੪॥**

ਜਿਹੜਾ ਵੀ ਸੂਰਮਾ ਉਸ ਵੱਲ ਵਧੱਦਾ ਸੀ, ਉਹ ਪ੍ਰਭੂ ਨੂੰ ਪਿਆਰਾ ਹੋ ਜਾਂਦਾ ਸੀ। ਢਾਲਾਂ ਦੀ ਗੜਗੜਾਹਟ ਨੂੰ ਸੁਣ ਕੇ ਕਾਲ ਦੇਵਤਾ ਵੀ ਕੰਬਣ ਲੱਗਾ॥੧੩੪॥

**ਅਰ ਬਰ ਦਰਣੰ॥ ਨਰ ਬਰ ਹਰਣੰ॥ ਧਰ ਬਰ ਧੀਰੰ॥ ਫਰ ਹਰ ਤੀਰੰ॥੧੩੫॥**

ਵੈਰੀਆਂ ਨੂੰ ਦਲਣ ਵਾਲਾ, ਹੰਕਾਰੀਆਂ ਦਾ ਹੰਕਾਰ ਨਾਸ ਕਰਨ ਵਾਲਾ, ਧੀਰਜਧਾਰੀ ਰਾਮ ਤੀਰਾਂ ਨੂੰ ਭੁਆਉਣ ਲੱਗਾ॥੧੩੫॥

**ਬਰ ਨਰ ਦਰਣੰ॥ ਭਰ ਹਰ ਕਰਣੰ॥ ਹਰ ਹਰ ਰੜਤਾ॥ ਬਰ ਹਰ ਗੜਤਾ॥੧੩੬॥**

ਬੁਰੇ ਮਨੁਖਾਂ ਨੂੰ ਮਾਰਨ ਵਾਲਾ, ਆਪਣਾ ਕਰਤਵ ਪਾਲਣ ਕਰਨ ਵਾਲਾ ਦੁਸ਼ਮਣ ਤੋਂ ਹਰ ਹਰ ਕਰਵਾਉਣ ਵਾਲਾ ਰੋਲਾ ਪਾ ਪਾ ਗੱਜਣ ਲੱਗਾ॥੧੩੬॥

**ਸਰਬਰ ਹਰਤਾ॥ ਚਰਮਰ ਧਰਤਾ॥ ਬਰਮਰ ਪਾਣੰ॥ ਕਰਬਰ ਜਾਣੰ॥੧੩੭॥**

ਰਾਮ ਦੇ ਸ਼ਕਤੀ ਸ਼ਾਲੀ ਹਥਾਂ ਦਾ ਸੁਆਦ ਚੱਖ ਕੇ ਦੁਸ਼ਮਣ ਧਰਤੀ ਤੇ ਲੇਟ ਜਾਂਦਾ ਅਤੇ ਮੌਤ ਰਾਣੀ ਨੂੰ ਵਿਆਹ ਲੈਂਦਾ॥੧੩੭॥

**ਹਰਬਰ ਹਾਰੰ॥ ਕਰ ਬਰ ਬਾਰੰ॥ ਗਡਬਡ ਰਾਮੰ॥ ਗੜਬੜ ਧਾਮੰ॥੧੩੮॥**

ਹਰੇਕ ਦੇ ਬਲ ਨੂੰ ਹਰਨ ਵਾਲਾ, ਬਲ ਨਾਲ ਵਾਰ ਕਰਨ ਵਾਲਾ ਰਾਮ ਜੋਸ਼ ਨਾਲ ਲਲਕਾਰਿਆ, ਉਸ ਸਮੇਂ ਸਾਰੇ ਪਾਸੇ ਖਲਬਲੀ ਮਚੀ ਹੋਈ ਸੀ॥੧੩੮॥

## ਚਰਪਟ ਛੀਗਾ ਕੇ ਆਦ ਕ੍ਰਿਤ ਛੰਦ॥

**ਖੱਗੰ ਖਜਾਤਾ॥ ਗਜਾਨੰ ਗਜਾਤਾ॥ ਚਿੱਤ੍ਰੰ ਬਰਮਾ॥ ਚਾਰੰ ਚਰਮਾ॥੧੩੯॥**

ਉਹ ਤਲਵਾਰ ਨੂੰ ਚਲਾਉਣ ਵਾਲਾ ਤੇ ਗਿਆਨ ਨੂੰ ਜਾਣਨ ਵਾਲਾ ਸੀ, ਉਸ ਨੇ ਵਚਿੱਤਰ ਸੰਜੋਅ ਧਾਰੀ ਹੋਈ ਸੀ। ਅਤੇ ਸੁੰਦਰ ਢਾਲ ਫੜੀ ਹੋਈ ਸੀ॥੧੩੯॥

**ਸ਼ਾਸਤ੍ਰੰ ਗਜਾਤਾ॥ ਸ਼ਸਤ੍ਰੰ ਖਜਾਤਾ॥ ਚਿਤ੍ਰੰ ਜੋਧੀ॥ ਜੁੱਧੰ ਕ੍ਰੋਧੀ॥੧੪੦॥**

ਉਹ ਸ਼ਾਸਤਰਾਂ ਨੂੰ ਜਾਣਨ ਵਾਲਾ ਸੀ, ਸ਼ਸਤਰਾਂ ਨੂੰ ਚਲਾਉਣ ਵਾਲਾ ਵਚਿਤ੍ਰ ਸੂਰਮਾ ਸੀ, ਅਤੇ ਜੰਗ ਵਿਚ ਕ੍ਰੋਧ ਕਰਨੇ ਵਾਲਾ ਸੀ॥੧੪੦॥

**ਬੀਰੰ ਬਰਣੰ॥ ਭੀਰੰ ਭਰਣੰ॥ ਸ਼ਤ੍ਰੰ ਹਰਤਾ॥ ਅੱਤ੍ਰੰ ਧਰਤਾ॥੧੪੧॥**

ਬੀਰਾਂ ਨੂੰ ਜ਼ਖਮੀ ਕਰਨ ਵਾਲਾ ਰਣ ਵਿਚ ਕਾਇਰਾਂ ਨੂੰ ਭੈ ਦੇਣ ਵਾਲਾ ਸੀ, ਸ਼ੱਤਰੂਆਂ ਨੂੰ ਮਾਰਨ ਵਾਲਾ ਅਸਤਰਾਂ ਨੂੰ ਧਾਰਨ ਵਾਲਾ ਸੀ॥੧੪੧॥

**ਬਰਮੰ ਬੇਧੀ॥ ਚਰਮੰ ਛੇਦੀ॥ ਛੱਤ੍ਰੰ ਹੰਤਾ॥ ਅੱਤ੍ਰੰ ਗੰਤਾ॥੧੪੨॥**

ਰਾਮ ਸੰਜੋਆਂ ਨੂੰ ਭੰਨਣ ਵਾਲਾ ਢਾਲਾਂ ਨੂੰ ਤੋੜਨ ਵਾਲਾ ਸੀ, ਛੱਤ੍ਰੀਆਂ ਨੂੰ ਮਾਰਨ ਵਾਲਾ ਅਤੇ ਅਸਤਰਾਂ ਨੂੰ ਜਾਣਨ ਵਾਲਾ ਸੀ॥੧੪੨॥

**ਜੁੱਧੰ ਧਾਮੀ॥ ਬੁੱਧੰ ਗਾਮੀ॥ ਸ਼ਸਤ੍ਰੰ ਖਜਾਤਾ॥ ਅਸਤ੍ਰੰ ਗਜਾਤਾ॥੧੪੩॥**

ਜੁੱਧ ਕਰਨ ਵਾਲਾ ਸੀ, ਬੁਧੀਮਾਨਾਂ ਨੂੰ ਹੈਰਾਨ ਕਰਨ ਵਾਲਾ ਸ਼ਸਤਰਾਂ ਨੂੰ ਜਾਣਨ ਵਾਲਾ ਅਤੇ ਅਸਤਰਾਂ ਦੇ ਚਲਾਉਣ ਦੇ ਭੇਦ ਨੂੰ ਜਾਣਨ ਵਾਲਾ ਸੀ॥੧੪੩॥

**ਜੁੱਧਾ ਮਾਲੀ॥ ਕੀਰਤ ਸਾਲੀ॥ ਧਰਮੰ ਧਾਮੰ॥ ਰੂਪੰ ਰਾਮੰ॥੧੪੪॥**

ਜੁੱਧ ਦੀ ਮਾਲੀ ਜਿੱਤਣ ਵਾਲਾ ਸੀ, ਕੀਰਤੀ ਦਾ ਸਥਾਨ, ਧਰਮ ਦਾ ਘਰ ਅਤੇ ਸੁੰਦਰ ਰੂਪ ਵਾਲਾ ਸੀ॥੧੪੪॥

**ਧੀਰੰ ਧਰਤਾ॥ ਬੀਰੰ ਹਰਤਾ॥ ਜੁੱਧੰ ਜੇਤਾ॥ ਸ਼ਸਤ੍ਰੰ ਨੇਤਾ॥੧੪੫॥**

ਉਹ ਧੀਰਜ ਨੂੰ ਧਾਰਨ ਵਾਲਾ ਯੋਧਿਆਂ ਸੂਰਮਿਆਂ ਨੂੰ ਮਾਰਨ ਵਾਲਾ ਜੁੱਧ ਨੂੰ ਜਿੱਤਣ ਵਾਲਾ ਅਤੇ ਸ਼ਸਤਰਾਂ ਨੂੰ ਚਲਾਉਣ ਵਾਲਾ ਸੀ॥੧੪੫॥

**ਦੂਰਦੰ ਗਾਮੀ॥ ਧਰਮੰ ਧਾਮੀ॥ ਜੋਗੰ ਜ੍ਵਾਲੀ॥ ਜੋਤੰ ਮਾਲੀ॥੧੪੬॥**

ਉਹ ਹਾਥੀ ਦੀ ਮਸਤ ਚਾਲ ਚਲਣ ਵਾਲਾ ਅਤੇ ਧਰਮ ਦਾ ਘਰ ਸੀ, ਜੋਗ ਦੀ ਜੁਆਲਾ ਅਤੇ ਸੂਰਜ ਸਮਾਨ ਤੇਜ ਵਾਲਾ ਸੀ॥੧੪੬॥

## ਪਰਸਰਾਮ ਬਾਚ॥ ਸ੍ਵੈਯਾ॥

**ਤੂਣਿ ਕਸੇ ਕਟ ਚਾਂਪ ਧਰੇ ਕਰ ਕੋਪ ਕਹੀ ਦਿਜ ਰਾਮ ਅਹੋ॥**
**ਗੂਹ ਤੋਰ ਸਰਾਸਨ ਸ਼ੰਕਰ ਕੋ ਸੀਅ ਜਾਤ ਹਰੇ ਤੁਮ ਕਉਨ ਕਹੋ॥**

**ਬਿਨ ਸਾਚ ਕਹੇ ਨਹੀ ਪ੍ਰਾਨ ਬਚੇ ਜਿਨ ਕੰਠ ਕੁਠਾਰ ਕੀ ਧਾਰ ਸਹੋ ॥**
**ਘਰ ਜਾਹੁ ਚਲੇ ਤਜ ਰਾਮ ਰਣੰ ਜਿਨ ਜੂਝ ਮਰੋ ਪਲ ਠਾਢ ਰਹੋ ॥ ੧੪੭ ॥**

ਰਾਮ ਨੇ ਲੱਕ ਨਾਲ ਭੱਥਾ ਬੱਧਾ ਹੋਇਆ ਸੀ, ਹੱਥ ਵਿਚ ਧਨੁਖ ਫੜਿਆ ਹੋਇਆ ਸੀ, ਤੇ ਪਰਸਰਾਮ ਬ੍ਰਾਹਮਣ ਨੇ ਬੜੇ ਕ੍ਰੋਧ ਨਾਲ ਕਿਹਾ, "ਹੇ ਰਾਮ ! ਘਰ ਵਿਚ ਪਏ ਹੋਏ ਸ਼ਿਵਜੀ ਦੇ ਧਨੁਖ ਨੂੰ ਤੋੜ ਕੇ, ਸੀਤਾ ਨੂੰ ਲਈ ਜਾਂਦਾ ਹੈਂ। ਦੱਸ ਤੂੰ ਕੌਣ ਹੈਂ ? ਸੱਚ ਦੱਸੇ ਤੋਂ ਬਿਨਾਂ ਤੇਰੇ ਪ੍ਰਾਣ ਨਹੀਂ ਬਚਣਗੇ। ਨਹੀ ਤਾਂ ਗਲੇ ਉਤੇ ਕੁਹਾੜੇ ਦੀ ਧਾਰ ਨੂੰ ਸਹਾਰ ਲੈ। ਹੇ ਰਾਮ ਤੂੰ ਰਣ ਨੂੰ ਛੱਡ ਕੇ ਘਰ ਨੂੰ ਚਲਿਆ ਜਾਹ, ਲੜਾਈ ਵਿਚ ਮਰ ਨਾ, ਜੇ ਇਕ ਵੀ ਪਲ ਖੜਾ ਰਹੇਂਗਾ ਤਾਂ ਜ਼ਰੂਰ ਹੀ ਮਾਰਿਆ ਜਾਏਂਗਾ ॥ ੧੪੭ ॥

**ਜਾਨਤ ਹੋ ਅਵਿਲੋਕ ਮੁਝੈ ਹਠਿ ਏਕ ਬਲੀ ਨਹੀ ਠਾਢ ਰਹੈਂਗੇ ॥**
**ਤਾਤਿ ਗਹਜੋ ਜਿਨ ਕੇ ਤ੍ਰਿਣ ਦਾਂਤਨ ਤੇਨ ਕਹਾ ਰਣ ਆਜ ਗਹੈਂਗੇ ॥**
**ਬੰਬ ਬਜੇ ਰਣ ਖੰਭ ਗਡੇ ਗਹਿ ਹਾਥ ਹਥਿਆਰ ਕਹੂੰ ਉਮਹੈਂਗੇ ॥**
**ਭੂਮ ਅਕਾਸ਼ ਪਤਾਲ ਦੁਰੈਬੇ ਕਉ ਰਾਮ ਕਹੋ ਕਹਾਂ ਠਾਮ ਲਹੈਂਗੇ ॥ ੧੪੮ ॥**

ਇਹ ਮੈਂ ਜਾਣਦਾ ਹਾਂ ਕਿ ਮੈਨੂੰ ਵੇਖਕੇ, ਹਠੀ ਜਾਂ ਬਲੀ, ਇਕ ਵੀ ਰਣਭੂਮੀ ਵਿਚ ਖੜਾ ਨਹੀਂ ਰਹੇਗਾ। ਜਿਸ ਦੇ ਬਾਪ ਨੇ ਦੰਦਾਂ ਵਿਚ ਘਾਹ ਲੈ ਕੇ, ਮੈਥੋਂ ਛੁਟਕਾਰਾ ਪਾਇਆ ਹੋਵੇ, ਕੀ ਉਹਦਾ ਪੁੱਤਰ ਅਜ ਮੇਰੇ ਨਾਲ ਜੰਗ ਕਰਨ ਲਈ ਹਥਿਆਰ ਫੜ ਸਕੇਗਾ ? ਜਦੋਂ ਧੌਂਸਾ ਵੱਜੇਗਾ ਤੇ ਰਣ ਵਿਚ ਪਰਸਰਾਮ ਖੰਭੇ ਵਾਂਗੂੰ ਗੱਡਿਆ ਜਾਏਗਾ, ਤਦੋਂ ਹੱਥ ਵਿਚ ਹਥਿਆਰ ਫੜਨ ਦੀ ਉਮੰਗ ਕਿਸ ਨੂੰ ਹੋਵੇਗੀ ? ਹੇ ਰਾਮ ! ਦੱਸ ਉਸ ਵੇਲੇ ਲੁਕਣ ਵਾਸਤੇ ਧਰਤੀ, ਅਕਾਸ਼ ਤੇ ਪਤਾਲ ਵਿਚ ਜਗ੍ਹਾ ਕਿਥੋਂ ਲਭੇਂਗਾ ॥ ੧੪੮ ॥

**ਕਬਿ ਬਾਚ ॥ ਯੌ ਜਬ ਬੈਨ ਸੁਨੇ ਅਰਿ ਕੇ ਤਬ ਸ੍ਰੀ ਰਘੁਬੀਰ ਬਲੀ ਬਲਕਾਨੇ ॥**
**ਸਾਤ ਸਮੁੰਦ੍ਰਨ ਲੌ ਗਰਵੇ ਗਿਰ ਭੂਮ ਅਕਾਸ਼ ਦੋਊ ਥਹਰਾਨੇ ॥**
**ਜੱਛ ਭੁਜੰਗ ਦਿਸਾ ਬਿਦਿਸਾਨ ਕੇ ਦਾਨਵ ਦੇਵ ਦੁਹੂੰ ਡਰ ਮਾਨੇ ॥**
**ਸ੍ਰੀ ਰਘੁਨਾਥ ਕਮਾਨ ਲੇ ਹਾਥ ਕਹੌ ਰਿਸਕੈ ਕਿਹ ਪੈ ਸਰ ਤਾਨੇ ॥ ੧੪੯ ॥**

ਇਸ ਤਰ੍ਹਾਂ ਦੇ ਬਚਨ ਜਦੋਂ ਵੈਰੀ ਦੇ ਸੁਣੇ, ਤਦੋਂ ਸ੍ਰੀ ਰਾਮ ਚੰਦਰ ਸੂਰਮੇ ਬਲਵਾਨ ਬੋਲੇ, "ਮੈਥੋਂ ਡਰਦੇ ਸੱਤ ਸਮੁੰਦਰਾਂ ਤਕ ਪਹਾੜ ਦਬ ਗਏ ਅਤੇ ਧਰਤੀ ਤੇ ਅਕਾਸ਼ ਦੋਵੇਂ ਕੰਬਦੇ ਹਨ। ਚੌਹਾਂ ਪਾਸਿਆਂ ਤੇ ਚੌਹਾਂ ਕੋਨਿਆਂ ਦੇ ਜੱਛ ਤੇ ਭੁਜੰਗ, ਦੇਵਤੇ ਤੇ ਦੈਂਤ ਦੋਵੇਂ ਡਰ ਮੰਨਦੇ ਹਨ। ਸ੍ਰੀ ਰਾਮ ਚੰਦਰ ਜੀ ਹੱਥ ਵਿਚ ਧਨੁਖ ਲੈ ਕੇ ਕਹਿਣ ਲਗੇ-ਦੱਸ, ਕ੍ਰੋਧ ਨਾਲ ਕਿਸ ਦੇ ਉੱਤੇ ਤੀਰ

ਸ੍ਰੀ ਰਾਮ ਚੰਦਰ ਜੀ ਹੱਥ ਵਿਚ ਧਨੁਖ ਲੈ ਕੇ ਕਹਿਣ ਲਗੇ-ਦੱਸ, ਕ੍ਰੋਧ ਨਾਲ ਕਿਸ ਦੇ ਉੱਤੇ ਤੀਰ ਖਿੱਚੀਏ ? ਹੇ ਪਰਸਰਾਮ ! ਤੂੰ ਬ੍ਰਾਹਮਣ ਹੈਂ, ਅਤੇ ਬ੍ਰਾਹਮਣ ਉਤੇ ਤੀਰ ਖਿੱਚਣਾ ਛੱਤ੍ਰੀ ਧਰਮ ਤੋਂ ਉਲਟ ਹੈ॥ ੧੪੯॥

## ਪਰਸਰਾਮ ਬਾਚ ਰਾਮ ਸੋਂ॥

**ਜੇਤਕ ਬੈਨ ਕਹੇ ਸੁ ਕਹੇ ਜੁ ਪੈ ਫੇਰਿ ਕਹੈ ਤੁ ਪੈ ਜੀਤ ਨ ਜੈ ਹੋ॥**
**ਹਾਥ ਹਥਿਆਰ ਗਹੇ ਸੁ ਗਹੇ ਜੁ ਪੈ ਫੇਰਿ ਗਹੇ ਤੁ ਪੈ ਫੇਰਿ ਨ ਲੈ ਹੋ॥**
**ਰਾਮ ਰਿਸੈ ਰਣ ਮੈ ਰਘੁਬੀਰ ਕਹੋ ਭਜਿਕੈ ਕਤ ਪ੍ਰਾਨ ਬਚੈਹੋ॥**
**ਤੋਰ ਸਰਾਸਨ ਸ਼ੰਕਰ ਕੋ ਹਰਿ ਸੀਅ ਚਲੇ ਘਰਿ ਜਾਨ ਨ ਪੈਹੋ॥੧੫੦॥**

ਸ੍ਰੀ ਰਾਮ ਜੀ ਨੂੰ ਪਰਸਰਾਮ ਨੇ ਕਿਹਾ ਕਿ ਜਿੰਨੇ ਕੁ ਬਚਨ ਪਿਛੇ ਤੂੰ ਕਹੇ ਹਨ, ਉਹ ਕਹਿ ਲਏ, ਪਰ ਜੇਕਰ ਹੁਣ ਫਿਰ ਉਹੀ ਕਹੇਂਗਾ ਤਾਂ ਜੀਉਂਦਾ ਨਾ ਜਾਏਂਗਾ। ਹਥ ਵਿਚ ਹਥਿਆਰ ਜਿਹੜੇ ਫੜ ਲਏ, ਸੋ ਫੜ ਲਏ ਪਰ ਜੇਕਰ ਹੁਣ ਮੁੜ ਕੇ ਫੜੇਂਗਾ ਤਾਂ ਫਿਰ ਮੁੜ ਕੇ ਨਾ ਲਭੇਂਗਾ। ਜਦੋਂ ਪਰਸਰਾਮ ਰਣ ਵਿਚ ਕ੍ਰੋਧ ਕਰੇਗਾ, ਤਦ ਹੇ ਰਘੁਬੀਰ ! ਦੱਸ ਭੱਜ ਕੇ ਕਿਥੇ ਜਾ ਕੇ ਪ੍ਰਾਣ ਬਚਾਵੇਂਗਾ ? ਸ਼ਿਵਜੀ ਦਾ ਧਨੁੱਖ ਤੋੜ ਕੇ ਸੀਤਾ ਨੂੰ ਲੈ ਚਲਿਆ ਹੈਂ, ਪਰ ਘਰ ਤਕ ਜਾਣ ਨਾ ਪਾਏਂਗਾ॥ ੧੫੦॥

## ਰਾਮ ਬਾਚ ਪਰਸਰਾਮ ਸੋਂ॥

**ਬੋਲ ਕਹੇ ਸੁ ਸਹੇ ਦਿਜ ਜੂ ਜੁ ਫੇਰਿ ਕਹੇ ਤੁ ਪੈ ਪ੍ਰਾਨ ਖ੍ਵੈਹੋ॥**
**ਬੋਲਤ ਐਂਟਕਹਾ ਸਠ ਜਿਉ ਸਭ ਦਾਂਤ ਤੁਰਾਇ ਅਬੈ ਘਰਿ ਜੈਹੋ॥**
**ਧੀਰ ਤਬੈ ਲਹਿਹੈ ਤੁਮ ਕੱਉ ਜਦ ਭੀਰ ਪਰੀ ਇਕ ਤੀਰ ਚਲੈਹੋ॥**
**ਬਾਤ ਸੰਭਾਰ ਕਹੋ ਮੁਖਿ ਤੇ ਇਨ ਬਾਤਨ ਕੋ ਅਬੀ ਹੀ ਫਲਿ ਪੈਹੋ॥੧੫੧॥**

ਪਰਸਰਾਮ ਨੂੰ ਸ੍ਰੀ ਰਾਮ ਜੀ ਨੇ ਕਿਹਾ, "ਹੇ ਪੰਡਿਤ ਜੀ ! ਜੇਹੜੇ ਬਚਨ ਤੁਸਾਂ ਕਹੇ, ਉਹ ਮੈਂ ਸਹਾਰ ਲਏ, ਜੇਕਰ ਹੁਣ ਫੇਰ ਕੋਈ ਬਚਨ ਕਹੋਗੇ ਤਾਂ ਆਪਣੇ ਪ੍ਰਾਣ ਗੁਆ ਲਓਗੇ। ਮੂਰਖ ਵਾਂਗੂੰ ਆਕੜ ਕੇ ਕਿਉਂ ਬੋਲਦੇ ਹੋ, ਹੁਣੇ ਸਾਰੇ ਦੰਦ ਭੰਨਾ ਕੇ ਘਰ ਨੂੰ ਜਾਓਗੇ। ਤਦ ਤੈਨੂੰ ਜੋਧਾ ਜਾਣਾਂਗੇ, ਜਦ ਭੀੜ ਦੇ ਪਿਆਂ ਇਕ ਤੀਰ ਵੀ ਚਲਾ ਸਕੇਂ। ਸੰਭਾਲ ਕੇ ਗੱਲ ਮੂੰਹੋਂ ਆਖੀਂ, ਚੇਤੇ ਰੱਖ, ਇਹਨਾਂ ਗੱਲਾਂ ਦਾ ਫਲ ਹੁਣ ਹੀ ਪਾ ਲਵੇਂਗਾ॥" ੧੫੧॥

## ਪਰਸਰਾਮ ਬਾਚ॥

**ਤਉ ਤੁਮ ਸਾਚ ਲਖੋ ਮਨ ਮੈ ਪ੍ਰਭ ਜਉ ਤੁਮ ਰਾਮਵਤਾਰ ਕਹਾਓ॥**

**ਰੁਦ੍ਰ ਕੁਵੰਡ ਬਿਹੰਡਿਯ ਜਿਉ ਕਰ ਤਿਉ ਅਪਨੋ ਬਲ ਮੋਹਿ ਦਿਖਾਓ ॥**
**ਤਉਹੀ ਗਦਾ ਕਰ ਸਾਰੰਗ ਚਕ੍ਰ ਲਤਾ ਭ੍ਰਿਗੁ ਕੀ ਉਰ ਮੱਧ ਸੁਹਾਓ ॥**
**ਮੋਰੋ ਉਤਾਰ ਕੁਵੰਡ ਮਹਾਂਬਲ ਮੋਹੂ ਕੌਉ ਆਜ ਚੜਾਇ ਦਿਖਾਓ ॥ ੧੫੨ ॥**

ਫਿਰ ਪਰਸਰਾਮ ਕਹਿਣ ਲਗਾ, "ਮੈਂ ਤਦ ਹੀ ਤੁਹਾਨੂੰ ਮਨ ਵਿਚ ਸੱਚਾ ਪ੍ਰਭੂ ਜਾਣਾਂਗਾ, ਜੇ ਤੁਸੀਂ ਸਚ ਮੁਚ ਹੀ ਰਾਮ ਅਵਤਾਰ ਕਹਾਉਂਦੇ ਹੋ ਤਾਂ ਜਿਸ ਤਰ੍ਹਾਂ ਸ਼ਿਵਜੀ ਦਾ ਤੁਸਾਂ ਧਨੁੰਖ ਤੋੜ ਦਿੱਤਾ ਹੈ, ਤਿਵੇਂ ਤੁਸੀਂ ਆਪਣਾ ਜ਼ੋਰ ਮੈਨੂੰ ਵੀ ਦਿਖਾਓ। ਤਿਵੇਂ ਹੀ ਹੱਥ ਵਿਚ ਗਦਾ, ਸਾਰੰਗ, ਧਨੁੱਖ ਤੇ ਸੁਦਰਸ਼ਨ ਚੱਕ੍ਰ, ਅਤੇ ਹਿਰਦੇ ਵਿਚ ਭ੍ਰਿਗੁਲਤਾ ਨਾਲ ਸੋਭਾ ਵਾਲੇ ਹੋਵੋ। ਅਰਥਾਤ ਚਤਰਭੁਜ ਰੂਪ ਹੋ ਕੇ ਦਰਸ਼ਨ ਦੇਵੋ। ਹੇ ਵਡੇ ਬਲ ਵਾਲੇ ! ਮੇਰੇ ਇਸ ਧਨੁੱਖ ਦਾ ਚਿਲਾ ਅੱਜ ਉਤਾਰਕੇ ਫਿਰ ਮੈਨੂੰ ਚੜ੍ਹਾ ਕੇ ਦਿਖਾ ਦੇਵੋ ॥ ੧੫੨ ॥

## ਕਬਿ ਬਾਚ ॥

**ਸ੍ਰੀ ਰਘੁਬੀਰ ਸਿਰੋਮਨ ਸੂਰ ਕੁੰਵਡ ਲਯੋ ਕਰ ਮੈ ਹਸਿਕੈ ॥**
**ਲੀਅ ਚਾਂਪ ਚਟਾਕ ਚੜਾਇ ਬਲੀ ਖਟ ਟੂਕ ਕਰਜੋ ਛਿਨ ਮੈ ਕਸਿਕੈ ॥**
**ਨਭ ਕੀ ਗਤਿ ਤਾਹਿ ਹਤੀ ਸਰ ਸੋ ਅਧ ਬੀਚ ਹੀ ਬਾਤ ਰਹੀ ਬਸਿ ਕੈ ॥**
**ਨ ਬਸਾਤ ਕਛੂ ਨਟ ਕੇ ਬਟ ਜਜੋਂ ਭਵ ਪਾਸ ਨਿਸ਼ੰਗਿ ਰਹੈ ਫਸਿਕੈ ॥ ੧੫੩ ॥**

ਕਵੀ ਜੀ ਕਹਿੰਦੇ ਹਨ ਕਿ ਜਦ ਪਰਸਰਾਮ ਨੇ ਇਹ ਕਥਨ ਕੀਤਾ, ਤਦ ਸੂਰਮਿਆਂ ਦੇ ਸਿਰਤਾਜ ਸ੍ਰੀ ਰਾਮ ਚੰਦਰ ਜੀ ਨੇ ਹੱਸ ਕੇ ਉਸਦਾ ਧਨੁੱਖ, ਹਥ ਵਿਚ ਫੜ ਲਿਆ। ਬਲ ਕਰ ਕੇ ਚਟੱਕ ਹੀ ਧਨੁੱਖ ਚੜ੍ਹਾ ਲਿਆ, ਅਤੇ ਉਸ ਨੂੰ ਛਿਨ ਵਿਚ ਹੀ ਖਿੱਚ ਕੇ ਛੇ ਟੋਟੇ ਕਰ ਦਿੱਤਾ। ਧਨੁੱਖ ਦੇ ਟੁਟਦਿਆਂ ਹੀ ਏਨੀ ਭਿਅੰਕਰ ਆਵਾਜ਼ ਪੈਦਾ ਹੋਈ, ਮਾਨੋ ਆਕਾਸ਼ ਦੀ ਛਾਤੀ ਵਿਚ ਤੀਰ ਜਾਂ ਲੱਗਾ ਹੋਵੇ ਅਤੇ ਆਕਾਸ਼ ਫੱਟ ਗਿਆ ਹੋਵੇ। ਜਿਸ ਤਰ੍ਹਾਂ ਨੱਟ ਦੇ ਰਸੇ ਨੱਟ ਉੱਛਲਦਾ ਹੈ। ਇਸ ਤਰ੍ਹਾਂ ਸਾਰਾ ਸੰਸਾਰ ਧਨੁੱਖ ਦੇ ਟੁੱਟਣ ਨਾਲ ਹਿਲ ਗਿਆ ਅਤੇ ਧਨੁੱਖ ਦੇ ਦੋਵਾਂ ਟੁਕੜਿਆਂ ਦੇ ਵਿਚ ਫੱਸ ਕੇ ਰਹਿ ਗਿਆ ॥ ੧੫੩ ॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਸ੍ਰੀ ਰਾਮਾਵਤਾਰ, 'ਸੀਤਾ ਸੁਅੰਬਰ ਸ੍ਰੀ ਰਾਮ ਜੁੱਧ ਜਯਤ' ਦੁਤੀਆ ਧਿਆਇ ਸਮਾਪਤਮ ॥ ਸਤੁ ਸੁਭਮ ਸਤੁ ॥ ੨ ॥ ੧੫੩ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਸ੍ਰੀ ਰਾਮ ਅਵਤਾਰ, 'ਸੀਤਾ ਸੁਅੰਬਰ ਸ੍ਰੀ ਰਾਮ ਜੁੱਧ ਵਿਜੈ' ਦੂਸਰਾ ਅਧਿਆਏ ਸਮਾਪਤ ॥ ਸਤ ਸੁਭਮ ਸਤ ॥ ੨ ॥ ੧੫੩ ॥ ਚਲਦਾ ॥

# ਅਧਿਆਏ ਤੀਸਰਾ
# ਅਉਧ ਪ੍ਰਵੇਸ਼ ਵਰਣਨ

**ਸ੍ਵੈਯਾ॥ ਭੇਟ ਭੁਜਾ ਭਰ ਅੰਕ ਭਲੇ ਭਰਿ ਨੈਨ ਦੋਊ ਨਿਰਖੇ ਰਘੁਰਾਈ॥**
**ਗੁੰਜਤ ਭ੍ਰਿੰਗ ਕਪੋਲਨ ਊਪਰ ਨਾਗ ਲਵੰਗ ਰਹੇ ਲਿਵ ਲਾਈ॥**
**ਕੰਜ ਕੁਰੰਗ ਕਲਾ ਨਿਧ ਕੇਹਰਿ ਕੋਕਲ ਹੇਰ ਹੀਏ ਹਹਰਾਈ॥**
**ਬਾਲ ਲਖੈਂ ਛਬ ਖਾਟ ਪਰੈਂ ਨਹਿ ਬਾਟ ਚਲੈ ਨਿਰਖੇ ਅਧਿਕਾਈ॥੧੫੪॥**

ਪਰਸਰਾਮ ਜੀ ਸ੍ਰੀ ਰਾਮ ਜੀ ਨੂੰ ਚੰਗੀ ਤਰ੍ਹਾਂ ਜੱਫੀ ਪਾ ਕੇ ਤੇ ਗਲ ਲਗਾ ਕੇ ਮਿਲੇ, ਅਤੇ ਦੋਹਾਂ ਨੈਣਾਂ ਨਾਲ ਉਸ ਨੇ ਰਾਮ ਜੀ ਦਾ ਦਰਸ਼ਨ ਕੀਤਾ। ਸ੍ਰੀ ਰਾਮ ਜੀ ਦੀਆਂ ਟੇਢੀਆਂ ਜ਼ੁਲਫਾਂ ਇਉਂ ਪ੍ਰਤੀਤੀ ਹੁੰਦੀਆਂ ਸਨ, ਮਾਨੋ ਸੱਪਾਂ ਦੇ ਬੱਚੇ ਲਟਕ ਰਹੇ ਸਨ। ਲੱਤਾਂ ਨੂੰ ਵੇਖ ਕੇ ਕੇਲਾ, ਅੱਖਾਂ ਨੂੰ ਵੇਖ ਕੇ ਕੁਰੰਗ, ਮੁੱਖ ਨੂੰ ਵੇਖ ਕੇ ਚੰਦ੍ਰਮਾਂ, ਲੱਕ ਨੂੰ ਵੇਖ ਕੇ ਸ਼ੇਰ ਅਤੇ ਅਵਾਜ਼ ਨੂੰ ਸੁਣ ਕੇ ਕੋਇਲ ਦਿਲ ਵਿਚ ਪਸ਼ੇਮਾਨ ਹੋ ਰਹੀ ਸੀ। ਜੋ ਇਸਤਰੀਆਂ ਸ੍ਰੀ ਰਾਮ ਜੀ ਦੀ ਛਬਿ ਨੂੰ ਵੇਖਦੀਆਂ ਸਨ, ਉਨ੍ਹਾਂ ਨੂੰ ਮੰਜੀ ਤੇ ਲੇਟਣਾ ਭੁਲ ਜਾਂਦਾ ਸੀ ਅਤੇ ਜੋ ਰਾਹੀ ਦੇਖਦੇ ਸਨ, ਉਹ ਰਸਤਾ ਭੁਲ ਜਾਂਦੇ ਸਨ॥੧੫੪॥

**ਸੀਅ ਰਹੀ ਮੁਰਝਾਇ ਮਨੈ ਮਨ ਰਾਮ ਕਹਾ ਮਨ ਬਾਤ ਧਰੈਂਗੇ॥**
**ਤੋਰ ਸਰਾਸਨਿ ਸ਼ੰਕਰ ਕੋ ਜਿਮ ਮੋਹਿ ਬਰਿਓ ਤਿਮ ਅਉਰ ਬਰੈਂਗੇ॥**
**ਦੂਸਰ ਬਜਾਹ ਬਧੂ ਅਬ ਹੀ ਮਨ ਤੇ ਮੁਹਿ ਨਾਥ ਬਿਸਾਰ ਡਰੈਂਗੇ॥**
**ਦੇਖਤ ਹੌ ਨਿਜ ਭਾਗ ਭਲੇ ਬਿਧ ਆਜ ਕਹਾ ਇਹ ਠੌਰ ਕਰੈਂਗੇ॥੧੫੫॥**

ਸ੍ਰੀ ਰਾਮ ਜੀ ਨੇ ਪਰਸਰਾਮ ਦਾ ਜਦ ਧਨੁੱਖ ਚੜ੍ਹਾਇਆ, ਤਾਂ ਉਸ ਵੇਲੇ ਸੀਤਾ ਮਨ ਵਿਚ ਉਦਾਸ ਹੋ ਕੇ ਸੋਚਣ ਲੱਗੀ, ਕਿ ਕੀ ਸ੍ਵਾਮੀ ਜੀ ਮਨ ਵਿਚ ਕਿਸ ਗੱਲ ਨੂੰ ਵੱਸਾ ਲੈਣਗੇ ? ਜਿਵੇਂ ਸ਼ਿਵਜੀ ਦਾ ਧਨੁੱਖ ਤੋੜਕੇ ਮੈਨੂੰ ਵਿਆਹਿਆ ਹੈ, ਤਿਵੇਂ ਇਸ ਦੇ ਧਨੁੱਖ ਨੂੰ ਤੋੜਕੇ ਇਕ ਹੋਰ ਨੂੰ ਵੀ ਵਿਆਹ ਲਿਆਉਣਗੇ ? ਜੇਕਰ ਹੁਣੇ ਹੀ ਇਨ੍ਹਾਂ ਨੇ ਦੂਜੀ ਇਸਤਰੀ ਵਿਆਹ ਲਈ, ਤਦ ਤਾਂ ਸਵਾਮੀ ਜੀ ਮੈਨੂੰ ਜ਼ਰੂਰ ਹੀ ਮਨ ਤੋਂ ਭੁਲਾ ਦੇਣਗੇ। ਕੀ ਅੱਜ ਮੈਂ ਆਪਣੇ ਚੰਗੇ ਭਾਗ ਦੇਖ ਰਹੀ ਹਾਂ ? ਪਤਾ ਨਹੀਂ ਅੱਜ ਵਿੱਧ ਮਾਤਾ ਕੀ ਕਰਦੀ ਹੈ ?॥੧੫੫॥

**ਤਉ ਹੀ ਲਉ ਰਾਮ ਜਿਤੇ ਦਿਜ ਕਉ ਅਪਨੇ ਦਲ ਆਇ ਬਜਾਇ ਬਧਾਈ॥**
**ਭੱਗੁਲ ਲੋਕ ਫਿਰੈ ਸਭ ਹੀ ਰਣ ਮੋ ਲਖ ਰਾਘਵ ਕੀ ਅਧਿਕਾਈ॥**

**ਸੀਅ ਰਹੀ ਰਨ ਰਾਮ ਜਿਤੇ ਅਵਧੇਸ਼ਰ ਬਾਤ ਜਬੈ ਸੁਨਿ ਪਾਈ॥**
**ਫੂਲਿ ਗਯੋ ਅਤਿ ਹੀ ਮਨ ਮੈ ਧਨ ਕੇ ਘਨ ਕੀ ਬਰਖਾ ਬਰਖਾਈ॥੧੫੬॥**

ਇੰਨੇ ਚਿਰ ਨੂੰ ਰਾਮ ਜੀ ਬ੍ਰਾਹਮਣ ਨੂੰ ਜਿੱਤ ਕੇ ਆਪਣੇ ਦਲ ਵਿਚ ਆ ਗਏ ਅਤੇ ਵਜੰਤਰੀਆਂ ਨੇ ਵਧਾਈ ਵਜਾ ਦਿੱਤੀ। ਭਗੌੜੇ ਲੋਕ ਜੋ ਘਰਾਂ ਨੂੰ ਉੱਠ ਭਜੇ ਸਨ, ਸਾਰੇ ਪਿੱਛੇ ਮੁੜ ਆਏ, ਜਦੋਂ ਉਨ੍ਹਾਂ ਨੇ ਜੰਗ ਵਿਚ ਰਾਮ ਚੰਦਰ ਦੀ ਜਿੱਤ ਸੁਣੀ। 'ਸੀਤਾ ਆਪਣੇ ਕੋਲ ਰਹੀ ਹੈ, ਅਤੇ ਪਰਸਰਾਮ ਨਾਲ ਜੰਗ ਵਿਚ ਰਾਮ ਜੀ ਜਿੱਤੇ ਹਨ', ਇਹ ਗੱਲ ਜਦੋਂ ਦਸਰਥ ਨੇ ਸੁਣ ਲਈ ਤਦੋਂ ਮਨ ਵਿਚ ਵੱਡਾ ਪ੍ਰਸੰਨ ਹੋਇਆ ਅਤੇ ਬੱਦਲ ਹੋ ਕੇ ਉਸ ਨੇ ਧਨ ਦਾ ਮੀਂਹ ਵਸਾ ਦਿੱਤਾ॥੧੫੬॥

**ਬੰਦਨਵਾਰ ਬਧੀ ਸਭ ਹੀ ਦਰ ਚੰਦਨ ਸੌ ਛਿਰਕੇ ਗ੍ਰਿਹ ਸਾਰੇ॥**
**ਕੇਸਰ ਡਾਰਿ ਬਰਾਤਨ ਪੈ ਸਭ ਹੀ ਜਨ ਹੁਇ ਪੁਰਹੂਤ ਪਧਾਰੇ॥**
**ਬਾਜਤ ਤਾਲ ਮੁਚੰਗ ਪਖਾਵਜ ਨਾਚਤ ਕੋਟਨਿ ਕੋਟਿ ਅਖਾਰੇ॥**
**ਆਨਿ ਮਿਲੇ ਸਭ ਹੀ ਅਗੂਆ ਸੁਤ ਕੱਉ ਪਿਤੁ ਲੈ ਪੁਰ ਅਉਧ ਸਿਧਾਰੇ॥੧੫੭॥**

ਸਾਰਿਆਂ ਘਰਾਂ ਦੇ ਬੂਹਿਆਂ ਉਤੇ ਬੰਧਨ ਵਾਰ ਬੱਧੀ ਗਈ, ਚੰਦਨ ਨਾਲ ਸਾਰੇ ਘਰ ਸੁਗੰਧੀ ਵਾਲੇ ਕੀਤੇ ਗਏ। ਕੇਸਰ ਘੋਲ ਕੇ ਜਾਂਞੀਆਂ ਉੱਪਰ ਪਾਇਆ ਗਿਆ, ਸਾਰੇ ਹੀ ਪੁਰਸ਼ ਇੰਦਰ ਵਾਂਗੂੰ ਹੋ ਕੇ ਤੁਰੇ। ਕੈਂਸੀਆਂ ਸਰੰਗੀ ਤੇ ਜੋੜੀ ਵੱਜਦੀ ਸੀ ਅਤੇ ਕੋਟਾਨ ਕੋਟ ਅਖਾਰੇ ਨਚਦੇ ਸਨ। ਪੇਸ਼ਵਾਈ ਵਾਲੇ ਸਾਰੇ ਪੁਰਸ਼ ਅਗੋਂ ਆਣ ਕੇ ਮਿਲੇ, ਪੁੱਤਰ ਨੂੰ ਲੈ ਕੇ ਪਿਤਾ ਅਯੁਧਿਆਂ ਸ਼ਹਿਰ ਅੰਦਰ ਚਲੇ ਗਏ॥੧੫੭॥

**ਚੌਪਈ॥ ਸਭਹੂ ਮਿਲਿ ਗਿਲ ਕੀਯੋ ਉਛਾਹਾ॥ ਪੂਤ ਤਿਹੂੰ ਕਉ ਰਚਯੋ ਬਿਯਾਹਾ॥**
**ਰਾਮ ਸੀਅ ਬਰ ਕੈ ਘਰਿ ਆਏ॥ ਦੇਸ ਬਿਦੇਸਨ ਹੋਤ ਬਧਾਏ॥੧੫੮॥**

ਸਭ ਨੇ ਮਿਲ ਗਿਲ ਕੇ ਉਤਸ਼ਾਹ ਕੀਤਾ, ਰਾਜੇ ਨੇ ਤਿੰਨਾਂ ਪੁੱਤਰਾਂ ਦਾ ਵਿਆਹ ਰਚਾਇਆ। ਸੀਤਾ ਨੂੰ ਵਿਆਹ ਕੇ ਰਾਮ ਜੀ ਘਰ ਆਏ। ਦੇਸਾਂ ਪ੍ਰਦੇਸਾਂ ਵਿਚ ਖੁਸ਼ੀ ਹੋ ਰਹੀ ਸੀ॥੧੫੮॥

**ਜਹ ਤਹ ਹੋਤ ਉਛਾਹ ਅਪਾਰੂ॥ ਤਿਹੂੰ ਸੁਤਨ ਕੋ ਬਜਾਹ ਬਿਚਾਰੂ॥**
**ਬਾਜਤ ਤਾਲ ਮ੍ਰਿਦੰਗ ਅਪਾਰੰ॥ ਨਾਚਤ ਕੋਟਨ ਕੋਟ ਅਖਾਰੰ॥੧੫੯॥**

ਥਾਂ ਪਰ ਥਾਂ ਵੱਡੇ ਵੱਡੇ ਉੱਤਸਵ ਹੋ ਰਹੇ ਸਨ, ਰਾਜੇ ਦੇ ਤਿੰਨ ਪੁੱਤਰਾਂ ਦੇ ਵਿਆਹ ਦੀ ਹੀ ਚਰਚਾ ਹੋ ਰਹੀ ਸੀ। ਅਪਾਰਾਂ ਹੀ ਕੈਂਸੀਆਂ ਤੇ ਮ੍ਰਿਦੰਗ ਵੱਜਦੇ ਸਨ। ਕਰੋੜਾਂ ਨਾਚੀਆਂ ਨਾਚੇ ਨਾਚ ਕਰ ਰਹੇ ਸਨ॥੧੫੯॥

**ਬਨ ਬਨ ਬੀਰ ਪਖਰੀਆ ਚਲੇ॥ ਜੋਬਨਵੰਤ ਸਿਪਾਹੀ ਭਲੇ॥**

**ਭਏ ਜਾਇ ਇਸਥਤ ਨ੍ਰਿਪ ਦਰ ਪਰ ॥ ਮਹਾਰਥੀ ਅਰੁ ਮਹਾ ਧਨੁਰਧਰ ॥ ੧੬੦ ॥**

ਘੋੜ ਚੜ੍ਹੇ ਸੂਰਮੇ ਬਣ ਠਣ ਕੇ ਜਾ ਰਹੇ ਸਨ, ਜੋ ਜੋਬਨ ਵਾਲੇ ਚੰਗੇ ਸਿਪਾਹੀ ਸਨ। ਰਾਜੇ ਦੇ ਬੂਹੇ ਤੇ ਜਾ ਕੇ ਖੜੇ ਹੋ ਗਏ। ਜਿਹੜੇ ਮਹਾਂਰਥੀ ਤੇ ਵੱਡੇ ਧਨੁੱਖ ਨੂੰ ਧਾਰਨ ਵਾਲੇ ਸਨ ॥ ੧੬੦ ॥

**ਬਾਜਤ ਜੰਗ ਮੁਚੰਗ ਅਪਾਰੰ ॥ ਢੋਲ ਮ੍ਰਿਦੰਗ ਸੁਰੰਗ ਸੁਧਾਰੰ ॥**
**ਗਾਵਤ ਗੀਤ ਚੰਚਲਾ ਨਾਰੀ ॥ ਨੈਨ ਨਚਾਇ ਬਜਾਵਤ ਤਾਰੀ ॥ ੧੬੧ ॥**

ਅਪਾਰਾਂ ਹੀ ਜੰਗ ਦੇ ਟਲ ਤੇ ਮੁਚੰਗ ਵੱਜਦੇ ਸਨ। ਢੋਲ, ਮ੍ਰਿਦੰਗ ਤੇ ਸੁਰੰਗੀ ਦੀ ਸੁਰ ਵੀ ਮਿਲਾਉਂਦੇ ਸਨ। ਚੰਚਲ ਨਾਰੀਆਂ ਉਨ੍ਹਾਂ ਸਾਜ਼ਾਂ ਨਾਲ ਗੀਤ ਗਾਉਂਦੀਆਂ ਸਨ, ਨੈਣਾਂ ਨੂੰ ਮਟਕਾ ਮਟਕਾ ਕੇ ਹੱਥਾਂ ਨਾਲ ਤਾਲੀ ਵਜਾਉਂਦੀਆਂ ਸਨ ॥ ੧੬੧ ॥

**ਭਿੱਛਕਨ ਹਵਸ ਨ ਧਨ ਕੀ ਰਹੀ ॥ ਦਾਨ ਸ੍ਵਰਨ ਸਰਤਾ ਹੁਇ ਬਹੀ ॥**
**ਏਕ ਬਾਤ ਮਾਗਨ ਕੱਉ ਆਵੈ ॥ ਬੀਸਕ ਬਾਤ ਘਰੈ ਲੈ ਜਾਵੈ ॥ ੧੬੨ ॥**

ਮੰਗਤਿਆਂ ਨੂੰ ਧਨ ਦੀ ਖਾਹਿਸ਼ ਭਾਵ ਇੱਛਾ ਨਾ ਰਹੀ। ਦਾਨ ਅਜਿਹਾ ਹੋਇਆ ਮਾਨੋ ਸੋਨੇ ਦੀ ਨਦੀ ਹੋ ਕੇ ਵੱਗ ਰਹੀ ਸੀ। ਜੇਕਰ ਕੋਈ ਇਕ ਚੀਜ਼ ਮੰਗਣ ਨੂੰ ਆਉਂਦਾ ਸੀ, ਤਾਂ ਉਹ ਵੀਹ ਕੁ ਚੀਜ਼ਾਂ ਲੈ ਕੇ ਘਰ ਨੂੰ ਜਾਂਦਾ ਸੀ ॥ ੧੬੨ ॥

**ਬਨ ਬਨ ਚਲਤ ਭਏ ਰਘੁਨੰਦਨ ॥ ਫੂਲੇ ਪੁਹਪ ਬਸੰਤ ਜਾਨੁ ਬਨ ॥**
**ਸੋਭਤ ਕੇਸਰ ਅੰਗ ਡਰਾਯੋ ॥ ਆਨੰਦ ਹੀਏ ਉਛਰ ਜਨ ਆਯੋ ॥ ੧੬੩ ॥**

ਰਘੂ ਰਾਜਾ ਦੇ ਪੋਤਰੇ ਬਨ-ਠਨ ਕੇ ਤੁਰ ਪਏ ਸਨ, ਮਾਨੋ ਜੰਗਲ ਵਿਚ ਬਸੰਤ ਰੁੱਤ ਦੇ ਫੁੱਲ ਖਿੜੇ ਹੋਏ ਸਨ। ਉਨ੍ਹਾਂ ਦੇ ਸਰੀਰ ਤੇ ਪਾਇਆ ਹੋਇਆ ਕੇਸਰ ਏਦਾਂ ਸ਼ੋਭਾ ਪਾ ਰਿਹਾ ਸੀ ਮਾਨੋ ਹਿਰਦੇ ਦਾ ਅਨੰਦ ਉਛਲ ਕੇ ਬਾਹਰ ਆਇਆ ਹੋਵੇ ॥ ੧੬੩ ॥

**ਸਾਜਤ ਭਏ ਅਮਿਤ ਚਤੁਰੰਗਾ ॥ ਉਮੰਡ ਚਲਤ ਜਿਹ ਬਿਧਿ ਕਰਿ ਗੰਗਾ ॥**
**ਭਲ ਭਲ ਕੁਅਰ ਚੜ੍ਹੇ ਸਜ ਸੈਨਾ ॥ ਕੋਟਕ ਚੜ੍ਹੇ ਸੂਰਜਨੁ ਗੈਨਾ ॥ ੧੬੪ ॥**

ਬੇਅੰਤ ਚਾਰ ਤਰ੍ਹਾਂ ਦੀ ਸੈਨਾ ਸਜਾ ਲਈ ਸੀ ਅਤੇ ਉਹ ਇਸ ਤਰ੍ਹਾਂ ਚਲੀ ਜਿਸ ਤਰ੍ਹਾਂ ਨਾਲ ਗੰਗਾ ਉੱਛਲ ਕੇ ਚਲਦੀ ਹੈ। ਚੰਗੇ ਚੰਗੇ ਕੁਮਾਰ ਸੈਨਾ ਸਜਾ ਕੇ ਘੋੜਿਆਂ ਤੇ ਚੜ੍ਹੇ ਹੋਏ ਸਨ ਮਾਨੋ ਕ੍ਰੋੜਾਂ ਸੂਰਜ ਅਕਾਸ਼ ਵਿਚ ਚੜ੍ਹੇ ਹੋਏ ਸਨ ॥ ੧੬੪ ॥

**ਭਰਥ ਸਹਿਤ ਸੋਭਤ ਸਭ ਭ੍ਰਾਤਾ ॥ ਕਹਿ ਨ ਪਰਤ ਮੁਖ ਤੇ ਕਛੁ ਬਾਤਾ ॥**
**ਮਾਤਨ ਮਨ ਸੁੰਦਰ ਸੁਤ ਮੋਹੈਂ ॥ ਜਨੁ ਦਿਤ ਗ੍ਰਿਹ ਗਵਿ ਸਸ ਦੋਊ ਸੋਹੈਂ ॥ ੧੬੫ ॥**

ਭਰਤ ਸਮੇਤ ਸਾਰੇ ਭਰਾ ਸੋਭਾ ਪਾਉਂਦੇ ਸਨ, ਕਵੀ ਜਨ ਮੁਖ ਤੋਂ ਕੁਝ ਉਪਮਾ ਦੀ ਗੱਲ

ਨਹੀਂ ਕਹਿ ਸਕਦੇ। ਮਾਵਾਂ ਦੇ ਸੁੰਦਰ ਪੁੱਤਰ ਮਨ ਨੂੰ ਮੋਹ ਰਹੇ ਸਨ, ਮਾਨੋ ਦਿੱਤੀ ਦੇ ਘਰ ਵਿਚ ਸੂਰਜ ਚੰਦ ਦੋਵੇਂ ਸ਼ੋਭ ਰਹੇ ਸਨ॥ ੧੬੫॥

**ਇਹੱ ਬਿਧਿ ਕੈ ਸਜ ਸੁੱਧ ਬਰਾਤਾ॥ ਕਛੁ ਨ ਪਰਤ ਕਹਿ ਤਿਨਕੀ ਬਾਤਾ॥**
**ਬਾਢਤ ਕਹਤ ਗ੍ਰੰਥ ਬਾਤਨ ਕਰ॥ ਬਿਦਾ ਹੋਨ ਸਿਸ ਚਲੇ ਤਾਤ ਘਰ॥ ੧੬੬॥**

ਇਸ ਤਰ੍ਹਾਂ ਜੁਗਤੀ ਨਾਲ ਸੋਹਣੀ ਜੰਞ ਸਜੀ ਹੋਈ ਸੀ, ਕਿ ਉਨ੍ਹਾਂ ਦੀ ਕੁਝ ਉਪਮਾਂ ਕਹੀ ਨਹੀਂ ਜਾ ਸਕਦੀ। ਇਹਨਾਂ ਗੱਲਾਂ ਦੇ ਕਹਿਣ ਕਰ ਕੇ ਗ੍ਰੰਥ ਵੱਧ ਜਾਣ ਦਾ ਡਰ ਹੈ। ਇਸ ਤੋਂ ਬਾਅਦ ਤਿਆਰ ਹੋ ਸਾਰੇ ਪੁੱਤਰ, ਪਿਤਾ ਦੇ ਘਰ ਵਿਦਾ ਲੈਣ ਲਈ ਜਾ ਰਹੇ ਸਨ॥ ੧੬੬॥

**ਆਇ ਪਿਤਾ ਕਹੁ ਕੀਨ ਪ੍ਰਨਾਮਾ॥ ਜੋਰ ਪਾਨ ਠਾਢੇ ਬਲ ਧਾਮਾ॥**
**ਨਿਰਖ ਪੂਤ੍ਰ ਆਨੰਦ ਮਨ ਭਰੇ॥ ਦਾਨ ਬਹੁਤ ਬਿੱਪਨ ਕਹ ਕਰੇ॥ ੧੬੭॥**

ਪਿਤਾ ਨੂੰ ਪੁੱਤਰਾਂ ਨੇ ਆ ਕੇ ਨਮਸਕਾਰ ਕੀਤੀ। ਬਲ ਦੇ ਘਰ ਤਿੰਨੇ ਪੁੱਤਰ ਹੱਥ ਜੋੜ ਕੇ ਪਿਤਾ ਦੀ ਸਾਹਮਣੇ ਖੜੇ ਹੋ ਗਏ। ਪੁੱਤਰਾਂ ਨੂੰ ਵੇਖ ਕੇ ਪਿਤਾ ਦਾ ਮਨ ਅਨੰਦ ਨਾਲ ਭਰ ਗਿਆ, ਅਤੇ ਉਸਨੇ ਬ੍ਰਾਹਮਣਾਂ ਨੂੰ ਬਹੁਤ ਦਾਨ ਦਿੱਤਾ॥ ੧੬੭॥

**ਤਾਤ ਮਾਤ ਲੈ ਕੰਠਿ ਲਗਾਏ॥ ਜਨ ਦੁਇ ਰਤਨ ਨਿਰਧਨੀ ਪਾਏ॥**
**ਬਿਦਾ ਮਾਂਗ ਜਬ ਗਏ ਰਾਮ ਘਰ॥ ਸੀਸ ਰਹੇ ਧਰ ਚਰਨ ਕਮਲ ਪਰ॥ ੧੬੮॥**

ਮਾਤਾ ਤੇ ਪਿਤਾ ਨੇ ਪੁੱਤਰਾਂ ਨੂੰ ਇਉਂ ਗਲ ਨਾਲ ਲਾ ਲਿਆ, ਮਾਨੋ ਜਨਮ ਦੇ ਕੰਗਲਿਆਂ ਨੇ ਦੋ ਰਤਨ ਲਭ ਲਏ ਸਨ। ਜਦੋਂ ਰਾਮ ਜੀ ਦੇ ਘਰ ਬਿਦਾ ਮੰਗਣ ਗਏ, ਤਾਂ ਉਨ੍ਹਾਂ ਰਾਮ ਜੀ ਦੇ ਚਰਨਾਂ ਕਮਲਾਂ ਤੇ ਸਿਰ ਧਰ ਦਿੱਤੇ॥ ੧੬੮॥

**ਕਬਿੱਤ॥ ਰਾਮ ਬਿਦਾ ਕਰੇ ਸਿਰ ਚੂਮਜੋ ਪਾਨ ਪੀਠ ਧਰੇ**
**ਆਨਦ ਸੋ ਭਰੇ ਲੈ ਤੰਬੋਰ ਆਗੇ ਧਰੇ ਹੈਂ॥**
**ਦੁੰਦਭੀ ਬਜਾਇ ਤੀਨੋ ਭਾਈ ਯੌ ਚੜਤ ਭਏ**
**ਮਾਨੋ ਸੂਰ ਚੰਦ ਕੋਟਿ ਆਨ ਅਵਤਰੇ ਹੈਂ॥**
**ਕੇਸਰ ਸੋ ਭੀਜੇ ਪਟ ਸੋਭਾ ਦੇਤ ਐਸੀ ਭਾਂਤ**
**ਮਾਨੋ ਰੂਪ ਰਾਗ ਕੇ ਸੁਹਾਗ ਭਾਗ ਭਰੇ ਹੈਂ॥**
**ਰਾਜਾ ਅਵਧੇਸ਼ ਕੇ ਕੁਮਾਰ ਐਸੇ ਸੋਭਾ ਦੇਤ**
**ਕਾਮ ਜੂਨੇ ਕੋਰਿਕ ਕਲਿਯੋਰਾ ਕੈਧੋ ਕਰੇ ਹੈਂ॥ ੧੬੯॥**

ਸ੍ਰੀ ਰਾਮ ਜੀ ਨੇ ਭਰਾਵਾਂ ਨੂੰ ਵਿਦਾ ਕਰਨ ਲਗਿਆਂ, ਉਨ੍ਹਾਂ ਦਾ ਸਿਰ ਚੁੰਮਿਆ ਅਤੇ ਪਿੱਠ ਤੇ ਹੱਥ ਫੇਰਿਆ। ਅਨੰਦ ਨਾਲ ਭਰ ਕੇ, ਪਾਨਾਂ ਦੇ ਬੀੜੇ ਭਰਾਵਾਂ ਦੇ ਅੱਗੇ ਲਿਆ ਰਖੇ। ਧੌਂਸਾ ਵਜਵਾ ਕੇ ਤਿੰਨੇ ਭਰਾ ਇਸ ਤਰ੍ਹਾਂ ਤੁਰ ਪਏ, ਮਾਨੋ ਸੂਰਜ ਤੇ ਚੰਦਰਮਾਂ ਨੇ ਕ੍ਰੋੜਾਂ ਰੂਪ ਧਾਰੇ ਹੋਏ ਸਨ। ਕੇਸਰ ਨਾਲ ਭਿੱਜੇ ਹੋਏ ਕਪੜੇ ਏਦਾਂ ਸੋਭਾ ਦਿੰਦੇ ਸਨ, ਮਾਨੋ ਰੂਪ, ਰਾਗ, ਸੁਹਾਗ ਤੇ ਭਾਗ ਦੇ ਭਰੇ ਹੋਏ ਸਨ। ਰਾਜਾ ਦਸਰਥ ਦੇ ਪੁੱਤਰ ਇਸ ਤਰ੍ਹਾਂ ਦੀ ਸੋਭਾ ਦਿੰਦੇ ਸਨ, ਕਿ ਕਿਧਰੇ ਕਾਮ ਨੇ ਹੀ ਕ੍ਰੋੜਾਂ ਸਰੀਰ ਧਾਰੇ ਹੋਏ ਸਨ॥ ੧੬੯ ॥

**ਅਉਧ ਤੇ ਨਿਸਰ ਚਲੇ ਲੀਨੇ ਸੰਗਿ ਸੂਰ ਭਲੇ**
**ਰਨ ਤੇ ਨ ਟਲੇ ਪਲੇ ਸੋਭਾ ਹੂੰ ਕੇ ਧਾਮ ਕੇ॥**
**ਸੁੰਦਰ ਕੁਮਾਰ ਉਰਹਾਰ ਸੋਭਤ ਅਪਾਰ**
**ਤੀਨੋ ਲੋਗ ਮੱਧ ਕੀ ਮੁੱਹਯਾ ਸਭ ਬਾਮ ਕੇ॥**
**ਦੂਰਜਨ ਦਲੱਯਾ ਤੀਨੋ ਲੋਕ ਕੇ ਜਿੱਤਯਾ ਤੀਨੋ**
**ਰਾਮ ਜੂ ਕੇ ਭੱਯਾ ਹੈਂ ਚਹੱਯਾ ਹਰ ਨਾਮ ਕੇ॥**
**ਬੁੱਧ ਕੇ ਉਦਾਰ ਹੈਂ ਸ਼ਿੰਗਾਰ ਅਵਤਾਰ ਦਾਨ**
**ਸੀਲ ਕੇ ਪਹਾਰ ਕੈ ਕੁਮਾਰ ਬਨੇ ਕਾਮ ਕੇ॥ ੧੭੦ ॥**

ਉਹ ਅਯੁਧਿਆ ਤੋਂ ਨਿਕਲ ਤੁਰੇ, ਆਪਣੇ ਨਾਲ ਉਨ੍ਹਾਂ ਨੇ ਚੰਗੇ ਚੰਗੇ ਸੂਰਮੇ ਲਏ ਹੋਏ ਸਨ, ਜੰਗ ਦੇ ਵਿਚੋਂ ਜੋ ਕਦੇ ਟਲਨ ਵਾਲੇ ਨਹੀਂ, ਅਤੇ ਸੋਭਾ ਦੇ ਘਰ ਸਨ। ਸੁੰਦਰ ਸ਼ਹਿਜ਼ਾਦੇ, ਜਿਨ੍ਹਾਂ ਦੇ ਗਲਾਂ ਵਿਚ ਅਪਾਰਾਂ ਹੀ ਹਾਰ ਸ਼ੋਭਾ ਪਾ ਰਹੇ ਸਨ ਅਤੇ ਉਹ ਤਿੰਨਾਂ ਲੋਕਾਂ ਵਿਚ ਰਹਿਣ ਵਾਲੀਆਂ ਸਾਰੀਆਂ ਇਸਤਰੀਆਂ ਦੇ ਮਨ ਮੋਹਨ ਵਾਲੇ ਸਨ। ਤਿੰਨੇ ਭਰਾ ਵੈਰੀਆਂ ਨੂੰ ਦਲ ਸੁੱਟਣ ਵਾਲੇ ਅਤੇ ਤਿੰਨਾਂ ਲੋਕਾਂ ਨੂੰ ਜਿੱਤਣ ਵਾਲੇ ਸਨ। ਰਾਮ ਜੀ ਦੇ ਭਰਾ ਅਜਿਹੇ ਸਨ, ਜੋ ਹਰੀ ਦੇ ਨਾਮ ਨੂੰ ਚਾਹੁੰਣ ਵਾਲੇ ਸਨ। ਬੁੱਧਿ ਦੇ ਉਦਾਰ ਸਨ, ਸ਼ਿੰਗਾਰ ਰਸ ਦੇ ਅਵਤਾਰ ਸਨ, ਦਾਨ ਤੇ ਸੀਲ ਦੇ ਪਹਾੜ ਸਨ, ਜਾਂ ਕਾਮ ਦੇ ਕੁਮਾਰ ਬਣੇ ਹੋਏ ਸਨ॥ ੧੭੦ ॥

### ਅਸ੍ਵ ਬਰਨਨੰ॥

**ਨਾਗਰਾ ਕੇ ਨੈਨ ਹੈਂ ਕਿ ਚਾਤਰਾ ਕੇ ਬੈਨ ਹੈਂ**
**ਬਘੂਲਾ ਮਾਨੋ ਗੈਨ ਕੈਸੇ ਤੈਸੇ ਥਰਹਤ ਹੈਂ॥**
**ਨ੍ਰਿਤਕਾ ਕੇ ਪਾਉ ਹੈਂ ਕਿ ਜੂਪ ਕੈਸੇ ਦਾਉ ਹੈਂ**

ਕਿ ਛਲ ਕੋ ਦਿਖਾਊ ਕੋਊ ਤੈਸੇ ਬਿਹਰਤ ਹੈਂ॥
ਹਾਕੇ ਬਾਜ ਬੀਰ ਹੈਂ ਤੁਫੰਗ ਕੈਸੇ ਤੀਰ ਹੈਂ
ਕਿ ਅੰਜਨੀ ਕੇ ਧੀਰ ਹੈਂ ਕਿ ਧੁਜਾ ਸੇ ਫਹਰਤ ਹੈਂ॥
ਲਹਰੈਂ ਅਨੰਗ ਕੀ ਤਰੰਗ ਜੈਸੇ ਗੰਗ ਕੀ
ਅਨੰਗ ਕੈਸ ਅੰਗ ਜਜੋਂ ਨ ਕਹੂੰ ਠਹਰਤ ਹੈਂ॥੧੭੧॥

ਫਿਰ ਘੋੜਿਆਂ ਦੀ ਚਪਲਤਾ ਦਾ ਕਥਨ ਕਰਦੇ ਹਨ-ਘੋੜੇ ਨਹੀਂ, ਮਾਨੋ ਚੰਚਲ ਇਸਤਰੀ ਦੇ ਨੇਤ੍ਰ ਸਨ, ਜਾਂ ਚਤਰ ਪੁਰਸ਼ਾਂ ਦੇ ਬਚਨ ਸਨ ਜਾਂ ਅਕਾਸ਼ ਦਾ ਵਾ-ਵਰੋਲਾ ਸਨ, ਕਿਉਂਕਿ ਉਸ ਤਰ੍ਹਾਂ ਦੀ ਚਪਲਤਾ ਕਰਦੇ ਸਨ। ਘੋੜੇ ਨਹੀਂ ਮਾਨੋ ਨੱਚਣ ਵਾਲੀ ਦੇ ਪੈਰ ਸਨ, ਜਾਂ ਜੂਏ ਦੇ ਦਾਉ ਸਨ, ਜਾਂ ਛਲ ਦਾ ਵਿਖਾਵਾ ਸਨ, ਕਿਉਂਕਿ ਉਸੇ ਤਰ੍ਹਾਂ ਨਾਲ ਫਿਰਦੇ ਸਨ। ਜਦ ਸੂਰਮੇ ਬਾਜ ਘੋੜਿਆਂ ਨੂੰ ਹੱਕਦੇ ਸਨ, ਤਾਂ ਏਡੀ ਛੇਤੀ ਭੱਜ ਉੱਠਦੇ ਸਨ ਕਿ ਵੇਖਣ ਵਾਲਾ ਸਮਝਦਾ ਸੀ ਜੋ ਇਹ ਬੰਦੂਕ ਦੀ ਗੋਲੀ ਸਨ, ਜਾਂ ਧਨੁੱਖ ਵਿਚੋਂ ਨਿਕਲਿਆ ਤੀਰ ਸਨ, ਜਾਂ ਅੰਜਨੀ ਦੇ ਪੁੱਤਰ ਸਨ, ਜਾਂ ਧੁਜਾ ਦਾ ਫਰਹਾ ਸਨ। ਕਾਮ ਦੀਆਂ ਲਹਿਰਾਂ ਸਨ, ਜਾਂ ਗੰਗਾਂ ਦੀਆਂ ਮੌਜਾਂ ਸਨ ਜਾਂ ਕਾਮ ਦਾ ਹੀ ਸਰੀਰ ਸਨ, ਕਿਉਂਕਿ ਕਿਤੇ ਠਹਿਰਦੇ ਨਹੀਂ ਹਨ॥੧੭੧॥

ਨਿਸਾ ਨਿਸਨਾਥਿ ਜਾਨੈ ਦਿਨ ਦਿਨਪਤਿ ਮਾਨੈ
ਭਿੱਛਕਨ ਦਾਤਾ ਕੈ ਪ੍ਰਮਾਨੇ ਮਹਾਂ ਦਾਨ ਹੈਂ॥
ਅਉਖਧੀ ਕੈ ਰੋਗਨ ਅਨੰਤ ਰੂਪ ਜੋਗਨ
ਸਮੀਪ ਕੈ ਬਿਯੋਗਨ ਮਹੇਸ਼ ਮਹਾਮਾਨ ਹੈਂ॥
ਸ਼ੱਤ੍ਰੈ ਖੱਗ ਖਜਾਤਾ ਸਿਸ ਰੂਪਨ ਕੇ ਮਾਤਾ ਮਹਾਂ
ਗਜਾਨੀ ਗਜਾਨ ਗਜਾਤਾ ਕੈ ਬਿਧਾਤਾ ਕੈ ਸਮਾਨ ਹੈਂ॥
ਗਨਨ ਗਨੇਸ਼ ਮਾਨੇ ਸੂਰਨ ਸੁਰੇਸ਼ ਜਾਨੇ
ਜੈਸੇ ਪੇਖੇ ਤੈਸੇ ਈ ਲਖੇ ਬਿਰਾਜਮਾਨ ਹੈਂ॥੧੭੨॥

ਘੋੜਿਆਂ ਨੂੰ ਰਾਤ ਨੇ ਚੰਦਰਮਾ ਕਰਕੇ, ਸਗੋਂ ਪੂਰਨ ਮਹਾਂਦਾਨੀ ਕਰਕੇ ਜਾਣਿਆ ਸੀ, ਦਿਨ ਨੇ ਸੂਰਜ ਕਰਕੇ ਮੰਨਿਆ ਸੀ। ਮੰਗਤਿਆਂ ਨੇ ਦਾਤਾ ਕਰ ਕੇ ਮੰਨਿਆ ਰੋਗੀਆਂ ਨੇ ਔਖਧੀ ਕਰ ਕੇ, ਜੋਗੀਆਂ ਨੂੰ ਅਨੰਤ ਰੂਪ ਕਰਕੇ, ਵਿਯੋਗੀਆਂ ਨੇ 'ਸਮੀਪ' ਮਹੇਸ ਸਵਾਮੀ ਕਰਕੇ ਮਨ ਵਿਚ ਮੰਨਿਆ ਸੀ। ਸ਼ੱਤਰੂਆਂ ਨੇ ਤਲਵਾਰ ਦੀ ਚਮਕ ਕਰਕੇ, ਬਾਲਕਾਂ ਨੇ ਮਾਤਾ ਕਰ ਕੇ, ਗਿਆਨੀਆਂ ਨੇ ਗਿਆਨ-

ਗਿਆਤਾ ਕਰ ਕੇ ਜਾਂ ਬਿਧਾਤਾ ਦੇ ਸਮਾਨ ਮੰਨਿਆ ਸੀ। ਗਨਾਂ ਨੇ ਗਣੇਸ਼ ਕਰਕੇ ਮੰਨਿਆ ਅਤੇ ਦੇਵਤਿਆਂ ਨੇ ਇੰਦਰ ਕਰਕੇ ਜਾਣਿਆ ਸੀ, ਜਿਸ ਤਰ੍ਹਾਂ ਹੋ ਕੇ ਵੇਖੇ ਉਸੇ ਤਰ੍ਹਾਂ ਦੇ ਰੂਪ ਵਿਚ ਬਿਰਾਜਮਾਨ ਜਾਣੇ ਜਾਂਦੇ ਸਨ॥੧੭੨॥

**ਸੁਧਾ ਸੋਂ ਸੁਧਾਰੇ ਰੂਪ ਸੋਭਤ ਉਜਿਯਾਰੇ ਕਿਧੋਂ**
**ਸਾਚੇ ਬੀਚ ਢਾਰੇ ਮਹਾ ਸੋਭਾ ਕੈ ਸੁਧਾਰ ਕੈ॥**
**ਕਿਧੋਂ ਮਹਾ ਮੋਹਨੀ ਕੇ ਮੋਹਬੇ ਨਮਿੱਤ ਬੀਰ**
**ਬਿਧਨਾ ਬਨਾਏ ਮਹਾਂ ਬਿਧ ਸੋ ਬਿਚਾਰ ਕੈ॥**
**ਕਿਧੋਂ ਦੇਵ ਦੈਤਨ ਬਿਬਾਦ ਛਾਡ ਬਡੇ ਚਿਰ**
**ਮਥ ਕੈ ਸਮੁੰਦ੍ਰ ਛੀਰ ਲੀਨੇ ਹੈ ਨਿਕਾਰ ਕੈ॥**
**ਕਿਧੋਂ ਬਿਸ੍ਵਨਾਥ ਜੂ ਬਨਾਏ ਨਿਜ ਪੇਖਬੇ ਕਉ**
**ਅਉਰ ਨ ਸਕਤ ਐਸੀ ਸੂਰਤੈ ਸੁਧਾਰ ਕੈ॥੧੭੩॥**

ਘੋੜਿਆਂ ਦੇ ਰੂਪ ਜਿਵੇਂ ਅੰਮ੍ਰਿਤ ਤੋਂ ਸੁਧਾਰੇ ਗਏ ਸਨ ਅਤੇ ਉਹ ਬਹੁਤ ਉੱਜਲ ਸ਼ੋਭ ਰਹੇ ਸਨ। ਜਾਂ ਵੱਡੀ ਭਾਰੀ ਸੁੰਦਰਤਾ ਨੂੰ ਕਿਸੇ ਸੱਚੇ ਵਿਚ ਢਾਲ ਕੇ, ਇਹ ਸੁਧਾਰ ਕੇ ਬਣਾਏ ਗਏ ਸਨ। ਅਥਵਾ ਮਹਾਂ ਮੋਹਨੀ ਨੂੰ ਮੋਹਨ ਦੇ ਵਾਸਤੇ, ਬਿਧਾਤੇ ਸੂਰਮੇ ਨੇ ਵੱਡੀ ਜੁਗਤੀ ਨਾਲ ਵਿਚਾਰ ਕੇ ਬਣਾਏ ਸਨ। ਜਿਵੇਂ ਦੇਵਤੇ ਅਤੇ ਦੈਂਤਾਂ ਨੇ ਆਪੋ ਵਿਚ ਦਾ ਝਗੜਾ ਛੱਡ ਕੇ, ਖੀਰ ਸਮੁੰਦਰ ਨੂੰ ਬਹੁਤ ਚਿਰ ਤਕ ਰਿੜਕਕੇ ਉਸ ਵਿਚੋਂ ਇਹਨਾਂ ਨੂੰ ਕਢ ਲਿਆ ਸੀ। ਜਾਂ ਇਉਂ ਕਹੋ ਕਿ ਜਗਤ ਦੇ ਸਵਾਮੀ ਜੀ ਨੇ ਆਪਣੇ ਵੇਖਣ ਨੂੰ ਇਹ ਬਣਾਏ ਸਨ, ਤੇ ਅਜੇਹੀਆਂ ਸੂਰਤਾਂ ਨੂੰ ਦੁਬਾਰਾ ਸੁਧਾਰ ਕੇ ਬਣਾਉਣ ਦੀ ਹੋਰ ਤਾਕਤ ਉਸ ਵਿਚ ਨਹੀਂ ਸੀ॥੧੭੩॥

**ਸੀਮ ਤਜ ਆਪਨੀ ਬਿਰਾਨੇ ਦੇਸ ਲਾਂਘ ਲਾਂਘ**
**ਰਾਜਾ ਮਿਥਲੇਸ ਕੇ ਪਹੂਚੇ ਦੇਸ ਆਨ ਕੈ॥**
**ਤੁਰਹੀ ਅਨੰਤ ਬਾਜੈ ਦੁੰਦਭੀ ਅਪਾਰ ਗਾਜੈ**
**ਭਾਂਤਿ ਭਾਂਤਿ ਬਾਜਨ ਬਜਾਏ ਜ਼ੋਰ ਜਾਨ ਕੈ॥**
**ਆਗੈ ਆਨਿ ਤੀਨੈ ਨ੍ਰਿਪ ਕੰਠ ਲਾਇ ਲੀਨੇ**
**ਗੀਤ ਰੂੜ ਸਭੈ ਕੀਨੇ ਬੈਠੇ ਬੇਦ ਕੈ ਬਿਧਾਨ ਕੈ॥**

**ਬਰਖਿਯੋ ਧਨ ਕੀ ਧਾਰ ਪਾਇਯਤ ਨ ਪਾਰਾਵਾਰ**
**ਭਿੱਛਕ ਭਏ ਨ੍ਰਿਪਾਰ ਐਸੇ ਪਾਇ ਦਾਨ ਕੈ॥੧੭੪॥**

ਆਪਣੇ ਦੇਸ਼ ਦੀ ਹੱਦ ਛੱਡ ਕੇ, ਬਿਗਾਨੇ ਦੇਸਾਂ ਨੂੰ ਲੰਘ ਲੰਘ ਕੇ, ਅੰਤ ਨੂੰ ਰਾਜਾ ਮਿਥਲੇਸ ਭਾਵ ਜਨਕ ਦੇ ਦੇਸ਼ ਵਿਚ ਆਣ ਕੇ ਪਹੁੰਚ ਗਏ। ਅਨੇਕਾਂ ਤੁਰੀਆਂ ਵੱਜਦੀਆਂ ਸਨ, ਅਪਾਰਾਂ ਧੌਂਸੇ ਗੂੰਜਦੇ ਸਨ, ਤਰ੍ਹਾਂ ਤਰ੍ਹਾਂ ਦੇ ਵਾਜੇ, ਜਾਣ ਕੇ ਜ਼ੋਰ ਨਾਲ ਵਜਾਉਂਦੇ ਸਨ। ਅਗੋਂ ਰਾਜਾ ਜਨਕ ਨੇ ਆਣ ਕੇ ਤਿੰਨਾਂ ਭਰਾਵਾਂ ਨੂੰ ਗਲ ਨਾਲ ਲਾ ਲਿਆ, ਸਭ ਰੀਤਾਂ ਰਸਮਾਂ ਕੀਤੀਆਂ, ਅਤੇ ਬੇਦ ਦੀਆਂ ਬਿਧੀਆਂ ਅਨੁਸਾਰ ਬੈਠ ਗਏ। ਧਨ ਦਾ ਇਤਨਾ ਮੀਂਹ ਵੱਸਿਆ, ਜਿਸਦਾ ਆਰ ਪਾਰ ਆਦਿ-ਅੰਤ ਨਹੀਂ ਮਿਲਦਾ। ਐਸੇਂ ਸਮੇਂ ਦਾਨ ਨੂੰ ਪਾ ਕੇ ਮੰਗਤੇ ਵੀ ਰਾਜੇ ਹੋ ਗਏ ਸਨ॥੧੭੪॥

**ਬਾਨੇ ਫਹਰਾਨੇ ਘਹਰਾਨੇ ਦੁੰਦਭ ਅਰਰਾਨੇ**
**ਜਨਕ ਪੁਰੀ ਕੌ ਨੀਅਰਾਨੇ ਬੀਰ ਜਾਇ ਕੈ॥**
**ਕਹੂੰ ਚਉਰ ਢਾਰੈ ਕਹੂੰ ਚਾਰਣ ਉਚਾਰੈ**
**ਕਹੂੰ ਭਾਟਜੁ ਪੁਕਾਰੈ ਛੰਦ ਸੁੰਦਰ ਬਨਾਇ ਕੈ॥**
**ਕਹੂੰ ਬੀਨ ਬਾਜੈ ਕੋਊ ਬਾਸੁਰੀ ਮ੍ਰਿਦੰਗ ਸਾਜੈ**
**ਦੇਖੇ ਕਾਮ ਲਾਜੈ ਰਹੇ ਭਿੱਛਕ ਅਘਾਇਕੈ॥**
**ਰੰਕ ਤੇ ਸੁ ਰਾਜਾ ਭਏ ਆਸਿਖ ਅਸੇਖ ਦਏ**
**ਮਾਂਗਤ ਨ ਭਏ ਫੇਰ ਐਸੋ ਦਾਨ ਪਾਇਕੈ॥੧੭੫॥**

ਰੰਗਾਂ ਰੰਗਾਂ ਦੇ ਨਿਸ਼ਾਨ, ਅਕਾਸ਼ ਵਿਚ ਲਹਰਾਉਂਦੇ ਸਨ, ਜਨਕ ਪੁਰੀ ਦੇ ਨੇੜੇ ਜਾ ਕੇ ਸੂਰਮਿਆਂ ਨੇ ਧੌਂਸਿਆਂ ਨੂੰ ਗੂੰਜਾਅ ਦਿੱਤਾ। ਕਿਤੇ ਚੌਰ ਝੁਲਾਉਂਦੇ ਸਨ, ਕਿਤੇ ਚਾਰਣ ਬੋਲਦੇ ਸਨ, ਕਿਤੇ ਭਟ ਸੁੰਦਰ ਛੰਦ ਬਣਾ ਕੇ ਪੜ੍ਹ ਰਹੇ ਸਨ। ਕਿਤੇ ਬੀਨ ਵੱਜਦੀ ਸੀ, ਕਿਤੇ ਬੰਸਰੀ ਨਾਲ ਮ੍ਰਿਦੰਗ ਸੱਜ ਰਹੀ ਸੀ। ਐਸੇ ਸਮੇਂ ਨੂੰ ਦੇਖ ਕੇ ਕਾਮ ਸ਼ਰਮਸ਼ਾਰ ਹੋ ਰਿਹਾ ਸੀ ਅਤੇ ਮੰਗਤੇ ਪਦਾਰਥਾਂ ਨੂੰ ਪਾ ਕੇ ਰੱਜ ਗਏ ਸਨ। ਕੰਗਾਲ ਤੋਂ ਰਾਜਾ ਹੋ ਗਏ ਸਨ, ਅਨੇਕਾਂ ਅਸੀਸਾਂ ਦਿੰਦੇ ਸਨ, ਐਸੇ ਸਮੇਂ ਦਾਨ ਨੂੰ ਪਾ ਕੇ ਫਿਰ ਕਦੇ ਕਿਸੇ ਅੱਗੇ ਮੰਗਣ ਨਹੀਂ ਗਏ ਸਨ॥੧੭੫॥

**ਆਨਕੈ ਜਨਕ ਲੀਨੋ ਕੰਠ ਸੋ ਲਗਾਇ ਤਿਹੂੰ**
**ਆਦਰ ਦੁਰੰਤ ਕੈ ਅਨੰਤ ਭਾਂਤ ਲਏ ਹੈਂ॥**
**ਬੇਦ ਕੇ ਬਿਧਾਨ ਕੈਕੈ ਬਜਾਸ ਤੇ ਬਧਾਈ ਬੇਦ**

**ਏਕ ਏਕ ਬਿਪ੍ਰ ਕਉ ਬਿਸੇਖ ਸ੍ਵਰਨ ਦਏ ਹੈਂ॥**
**ਰਾਜ ਕੁਆਰ ਸਭੈ ਪਹਿਰਾਇ ਸਿਰਪਾਇਨ ਤੇ**
**ਮੋਤੀ ਮਾਨਕਨ ਕੇ ਬਰਖ ਮੇਘ ਗਏ ਹੈਂ॥**
**ਦੰਤੀ ਸ੍ਵੇਤ ਦੀਨੇ ਕੇਤੇ ਸਿੰਧਲੀ ਤੁਰੇ ਨਵੀਨੇ**
**ਰਾਜਾ ਕੇ ਕੁਮਾਰ ਤੀਨੋ ਬਜਾਹ ਕੈ ਪਠਏ ਹੈਂ॥੧੭੬॥**

ਤਿੰਨਾਂ ਨੂੰ ਜਨਕ ਨੇ ਆਣਕੇ ਗਲ ਨਾਲ ਲਾ ਲਿਆ, ਬੜਾ ਪਿਆਰ ਕਰਕੇ, ਅਨੇਕ ਤਰ੍ਹਾਂ ਨਾਲ ਸਤਕਾਰ ਕੀਤਾ। ਫਿਰ ਵੇਦ ਦੀ ਬਿਧੀ ਮੁਤਾਬਕ ਦੱਸੀਆਂ ਰੀਤਾ ਅਨੁਸਾਰ ਵਧਾਈ ਪ੍ਰਾਪਤ ਕੀਤੀ, ਇਕ ਇਕ ਬ੍ਰਾਹਮਣ ਨੂੰ ਬਹੁਤ ਬਹੁਤ ਸ੍ਵਰਨ ਭਾਵ ਮੋਹਰਾਂ ਦਿੱਤੀਆਂ। ਸਿਰ ਤੋਂ ਪੈਰਾਂ ਤੱਕ, ਰਾਜ ਕੁਮਾਰਾਂ ਨੂੰ ਸਾਰੇ ਬਸਤਰ ਪਹਿਨਾਏ ਅਤੇ ਉਸ ਵੇਲੇ ਮੋਤੀਆਂ ਤੇ ਮਾਣਕਾਂ ਦਾ ਮੀਂਹ ਵੱਸ ਗਿਆ। ਕਿੰਨੇ ਹੀ ਚਿੱਟੇ ਹਾਥੀ ਦਿੱਤੇ, ਸਿੰਧ ਦੇਸ ਦੇ ਕਿੰਨੇ ਹੀ ਨਵੇਂ ਘੋੜੇ ਦਿੱਤੇ ਇਸ ਤਰ੍ਹਾਂ ਨਾਲ ਤਿੰਨਾਂ ਰਾਜਕੁਮਾਰਾਂ ਨੂੰ ਵਿਆਹ ਕੇ ਭੇਜਿਆ॥੧੭੬॥

**ਦੋਧਕ ਛੰਦ॥ ਬਜਾਹ ਸੁਤਾ ਨ੍ਰਿਪ ਕੀ ਨ੍ਰਿਪਬਾਲੰ॥ ਮਾਂਗ ਬਿਦਾ ਮੁਖਿ ਲੀਨ ਉਤਾਲੰ॥**
**ਸਾਜਨ ਬਾਜ ਚਲੇ ਗਜ ਸੰਜੁਤ॥ ਏਸ਼ਨਏਸ਼ ਨਰੇਸ਼ਨ ਕੇ ਜੁਤ॥੧੭੭॥**

ਰਾਜ ਕੁਮਾਰਾਂ ਨੇ ਰਾਜ ਕੁਮਾਰੀਆਂ ਨੂੰ ਵਿਆਹ ਕੇ, ਉਨ੍ਹਾਂ ਛੇਤੀ ਹੀ ਰਾਜਾ ਜਨਕ ਪਾਸੋਂ ਵਿਦਾ ਮੰਗ ਲਈ। ਘੋੜਿਆਂ ਨੂੰ ਸਜਾ ਕੇ ਹਾਥੀਆਂ ਸਮੇਤ, ਮਹਾਰਾਜਿਆਂ ਤੇ ਰਾਜਿਆਂ ਦੇ ਸਣੇ ਤੁਰ ਪਏ॥੧੭੭॥

**ਦਾਜ ਸ਼ੁਮਾਰ ਸਕੈ ਕਰ ਕਉਨੈ॥ ਬੀਨ ਸਕੈ ਬਿਧਨਾ ਨਹੀ ਤਉਨੈ॥**
**ਬੇਸਨ ਬੇਸਨ ਬਾਜ ਮਹਾ ਮਤ॥ ਭੇਸਨ ਭੇਸ ਚਲੇ ਗਜ ਗੱਜਤ॥੧੭੮॥**

ਜਨਕ ਰਾਜੇ ਨੇ ਜੋ ਦਾਜ ਦਿੱਤਾ, ਉਸ ਦੀ ਗਿਣਤੀ ਕੌਣ ਕਰ ਸਕਦਾ ਹੈ, ਉਸ ਨੂੰ ਬ੍ਰਹਮਾ ਵੀ ਨਹੀਂ ਗਿਣ ਸਕਦਾ, ਰੰਗਾਂ ਰੰਗਾਂ ਦੇ ਵੱਡੇ ਮਸਤ ਘੋੜੇ ਸਨ, ਤਰ੍ਹਾਂ ਤਰ੍ਹਾਂ ਦੇ ਹਾਥੀ ਚਿੰਘਾਰਦੇ ਚਲੇ ਜਾਂਦੇ ਸਨ॥੧੭੮॥

**ਬਾਜਤ ਨਾਦ ਨਫੀਰਨ ਕੇ ਗਨ॥ ਗਾਜਤ ਸੂਰ ਪ੍ਰਮਾਥ ਮਹਾ ਮਨ॥**
**ਅਉਧ ਪੁਰੀ ਨੀਅਰਾਨ ਰਹੀ ਜਬ॥ ਪ੍ਰਾਪਤ ਭਏ ਰਘੁਨੰਦ ਤਹੀ ਤਬ॥੧੭੯॥**

ਸੰਖ ਤੇ ਨਫੀਰੀਆਂ ਦੇ ਝੁੰਡ ਵੱਜਦੇ ਸਨ, ਮਹਾਂ ਮਨ-ਪ੍ਰਮਾਥ ਸੂਰਮੇ ਗੱਜਦੇ ਹਨ, ਜਦੋਂ ਜੰਝ ਅਯੁਧਿਆ ਪੁਰੀ ਨੇੜੇ ਆ ਗਈ, ਤਦ ਅਗੋਂ ਰਘੁਨੰਦਨ ਲੈਣ ਵਾਸਤੇ ਆਏ॥੧੭੯॥

**ਮਾਤਨ ਵਾਰ ਪੀਯੋ ਜਲ ਪਾਨੰ॥ ਦੇਖ ਨਰੇਸ਼ ਰਹੇ ਛਬਿ ਮਾਨੰ॥**
**ਭੂਪ ਬਿਲੋਕਤ ਲਾਇ ਲਏ ਉਰ॥ ਨਾਚਤ ਗਾਵਤ ਗੀਤ ਭਏ ਪੁਰ॥੧੮੦॥**

ਮਾਵਾਂ ਨੇ ਪੁੱਤਰਾਂ ਦੇ ਸਿਰ ਤੋਂ ਵਾਰ ਕੇ ਪਾਣੀ ਪੀਤਾ। ਨੂੰਹਾਂ ਪੁੱਤਰਾਂ ਦੀ ਸੁੰਦਰਤਾ ਨੂੰ ਵੇਖ ਕੇ ਰਾਜੇ ਦਸਰਥ ਨੇ ਉਨ੍ਹਾਂ ਨੂੰ ਗਲ ਨਾਲ ਲਾ ਲਿਆ, ਅਤੇ ਨਗਰ ਵਾਸੀ ਨੱਚਦੇ ਤੇ ਗੀਤ ਗਾਉਂਦੇ ਸਨ॥੧੮੦॥

**ਭੂਪਜ ਬਜਾਹ ਜਬੈ ਗ੍ਰਿਹਿ ਆਏ॥ ਬਾਜਤ ਭਾਂਤਿ ਅਨੇਕ ਬਧਾਏ॥**
**ਤਾਤ ਬਸ਼ਿਸ਼ਟ ਸੁਮਿਤ੍ਰ ਬੁਲਾਏ॥ ਅਉਰ ਅਨੇਕ ਤਹਾਂ ਰਿਖ ਆਏ॥੧੮੧॥**

ਰਾਜ ਕੁਮਾਰ ਵਿਆਹ ਕੇ ਜਦੋਂ ਘਰ ਆਏ ਤਾਂ ਅਨੇਕ ਤਰ੍ਹਾਂ ਦੇ ਸ਼ਦਿਆਨੇ ਵੱਜਣ ਲੱਗੇ। ਪਿਤਾ ਨੇ ਵਸ਼ਿਸ਼ਟ ਅਤੇ ਵਿਸ਼੍ਵਾਮਿਤ੍ਰ ਨੂੰ ਵਿਸ਼ੇਸ ਤੌਰ ਤੇ ਬੁਲਾਇਆ ਅਤੇ ਹੋਰ ਵੀ ਅਨੇਕਾਂ ਰਿਖੀ ਉਸ ਵੇਲੇ ਉਥੇ ਆ ਗਏ॥੧੮੧॥

**ਘੋਰ ਉਠੀ ਘਹਰਾਇ ਘਟਾ ਤਬ॥ ਚਾਰੋ ਦਿਸ ਦਗ ਦਾਹ ਲਖਯੋ ਸਭ॥**
**ਮੰਤ੍ਰੀ ਮਿਤ੍ਰ ਸਭੈ ਅਕੁਲਾਨੇ॥ ਭੂਪਤ ਸੋ ਇਹ ਭਾਂਤ ਬਖਾਨੇ॥੧੮੨॥**

ਤਦ ਭਿਆਨਕ ਘਟਾਂ ਚੜ੍ਹ ਕੇ ਗੱਜਣ ਲੱਗੀਆਂ ਅਤੇ ਚੌਹਾਂ ਦਿਸਾਂ ਵਿਚ ਅੱਗ ਲੱਗੀ ਹੋਈ ਸਭਨਾਂ ਨੇ ਵੇਖੀ। ਮੰਤ੍ਰੀ ਤੇ ਮਿੱਤਰ ਸਾਰੇ ਹੀ ਵੇਖ ਕੇ ਘਬਰਾ ਗਏ, ਅਤੇ ਰਾਜਾ ਦਸਰਥ ਨੂੰ ਇਸ ਤਰ੍ਹਾਂ ਕਹਿਣ ਲੱਗੇ॥੧੮੨॥

**ਹੋਤ ਉਤਪਾਤ ਬਡੇ ਸੁਨ ਰਾਜਨ॥ ਮੰਤ੍ਰ ਕਰੋ ਰਿਖ ਜੋਰ ਸਮਾਜਨ॥**
**ਬੋਲਹੁ ਬਿੱਪ ਬਿਲੰਬ ਨ ਕੀਜੈ॥ ਹੈ ਕ੍ਰਿਤ ਜੱਗ ਅਰੰਭਨ ਕੀਜੈ॥੧੮੩॥**

ਵੱਡੇ ਵੱਡੇ ਉਪਦੱਰ ਹੋਣਗੇ: ਹੇ ਰਾਜਨ ਸੁਣੋ-ਰਿਖੀ ਸਮਾਜ ਨੂੰ ਇਕੱਠਾ ਕਰ ਕੇ ਇਸ ਗੱਲ ਦੀ ਵੀਚਾਰ ਕਰੋ। ਦੇਰ ਨਾ ਕਰੋ ਅਤੇ ਬ੍ਰਾਹਮਣਾਂ ਨੂੰ ਸੱਦ ਕੇ, ਅਸ੍ਵਮੇਧ ਜੱਗ ਸ਼ੁਰੂ ਕਰ ਦਿਓ॥੧੮੩॥

**ਆਇਸ ਰਾਜ ਦਯੋ ਤਤਕਾਲਹ॥ ਮੰਤ੍ਰ ਸੁਮਿੱਤ੍ਰਹ ਬੁੱਧ ਬਿਸਾਲਹ॥**
**ਹੈ ਕ੍ਰਿਪ ਜੱਗ ਅਰੰਭਨ ਕੀਜੈ॥ ਆਇਸ ਬੇਗ ਨਰੇਸ਼ ਕਰੀਜੈ॥੧੮੪॥**

ਝਟਪਟ ਹੀ ਰਾਜੇ ਨੇ ਹੁਕਮ ਦੇ ਦਿੱਤਾ ਵਿਸ਼ਾਲ ਬੁੱਧੀ ਵਾਲੇ ਮੰਤ੍ਰੀ ਤੇ ਮਿੱਤਰਾਂ ਨੂੰ ਬੁਲਾ ਲਿਆ। ਕਿਰਪਾ ਕਰਕੇ ਛੇਤੀ ਅਸ੍ਵਮੇਧ ਜੱਗ ਆਰੰਭ ਕਰੋ ਇਸ ਤਰ੍ਹਾਂ ਰਾਜੇ ਨੂੰ ਛੇਤੀ ਹੀ ਸਾਰਿਆਂ ਨੂੰ ਆਦੇਸ਼ ਕਰ ਦਿੱਤਾ॥੧੮੪॥

**ਬੋਲ ਬਡੇ ਰਿਖ ਲੀਨ ਮਹਾਂ ਦਿਜ॥ ਹੈ ਤਿਨ ਬੋਲ ਲਯੋ ਜੁਤ ਰਿੱਤਜ॥**

ਪਾਵਕ ਕੁੰਡ ਖੁਦਜੋ ਤਿਹ ਅਉਸਰ॥ ਗਾਡਿਯ ਖੰਭ ਤਹਾਂ ਧਰਮੰ ਧਰ॥ ੧੯੫॥

ਰਿਖੀ ਤੇ ਮਹਾਂ ਪੰਡਿਤ ਵੱਡੇ ਵੱਡੇ ਸੱਦ ਲਏ, ਉਹਨਾ ਨੇ ਘੋੜੇ ਸਮੇਤ ਰਿੱਤ੍ਰਜ ਬੁਲਾ ਲਏ। ਅਗਨਿ ਕੁੰਡ ਉਸੇ ਵੇਲੇ ਪੁਟਿਆ ਗਿਆ। ਉਥੇ ਹੀ ਧਰਤੀ ਵਿਚ 'ਧਰਮ ਖੰਭਾ' ਗੱਡ ਦਿੱਤਾ ਗਿਆ॥ ੧੯੫॥

ਛੋਰਿ ਲਯੋ ਹਯ ਸਾਰਹ ਤੇ ਹਯ॥ ਅਸਿਤ ਕਰਨ ਪ੍ਰਭਾਸਤ ਕੇ ਕਯ॥
ਦੇਸਨ ਦੇਸ ਨਰੇਸ਼ ਦਏ ਸੰਗਿ॥ ਸੁੰਦਰ ਸੂਰ ਸੁਰੰਗ ਸੁਭੈ ਅੰਗ॥ ੧੯੬॥

ਘੋੜ ਸ਼ਾਲਾ ਤੋਂ ਘੋੜਾ ਖੋਲ੍ਹ ਲਿਆ, ਜਿਸ ਦੇ ਕਾਲੇ ਕੰਨ ਸਨ, ਅਤੇ ਸਰੀਰ ਦੀ ਆਭਾ ਨੀਲੀ ਸੀ। ਦੇਸਾਂ ਦੇਸਾਂ ਦੇ ਰਾਜੇ ਉਸ ਦੇ ਨਾਲ ਕਰ ਦਿੱਤੇ, ਜੋ ਸੁੰਦਰ ਸੂਰਮੇ ਅੰਗ ਸੁਰੰਗ ਸੋਭਦੇ ਸਨ॥ ੧੯੬॥

ਸਮਾਨਕਾ ਛੰਦ॥ ਨਰੇਸ਼ ਸੰਗਿ ਕੈ ਦਏ॥ ਪ੍ਰਬੀਨ ਬੀਨ ਕੈ ਲਏ॥
ਸਨੱਧਬੱਧ ਹੁਇ ਚਲੇ॥ ਸੁ ਬੀਰ ਬੀਰ ਹਾ ਭਲੇ॥ ੧੯੭॥

ਘੋੜੇ ਦੇ ਨਾਲ ਕਈ ਰਾਜੇ ਭੇਜ ਦਿੱਤੇ, ਉਨ੍ਹਾਂ ਨੇ ਚੁਣ ਚੁਣ ਕੇ ਸੂਰਮੇ ਨਾਲ ਲੈ ਲਏ। ਜੋ ਹਥਿਆਰ ਬੱਧ ਹੋ ਕੇ ਤੁਰੇ। ਉਹ ਸੂਰਮੇ ਸੂਰਮਿਆਂ ਨੂੰ ਮਾਰਨ ਵਾਲੇ ਚੰਗੇ ਸੂਰਬੀਰ ਸਨ॥ ੧੯੭॥

ਬਿਦੇਸ ਦੇਸ ਗਾਹਕੈ॥ ਅਦਾਹ ਠਉਰ ਦਾਹਕੈ॥
ਫਿਰਾਇ ਬਾਜ ਰਾਜ ਕੱਉ॥ ਸੁਧਾਰ ਰਾਜ ਕਾਜ ਕੱਉ॥ ੧੯੮॥

ਫਿਰ ਉਹ ਦੇਸਾਂ ਪ੍ਰਦੇਸਾਂ ਨੂੰ ਗਾਹ ਕੇ, ਅਦਾਹ ਜਗ੍ਹਾਂ ਨੂੰ ਦਾਹ ਕੇ, ਰਾਜੇ ਦੇ ਘੋੜੇ ਨੂੰ ਸਾਰੀ ਧਰਤੀ ਉਤੇ ਫਿਰਾ ਕੇ, ਰਾਜੇ ਦੇ ਕੰਮ ਨੂੰ ਸੁਧਾਰ ਕੇ ਵਾਪਸ ਆ ਗਏ॥ ੧੯੮॥

ਨਰੇਸ਼ ਪਾਇ ਲਾਗੀਯੰ॥ ਦੁਰੰਤ ਦੋਖ ਭਾਗੀਯੰ॥
ਸੁਪੂਰ ਜੱਗ ਕੋ ਕਰਜੋ॥ ਨਰੇਸ਼ ਤ੍ਰਾਸ ਕਉ ਹਰਜੋ॥ ੧੯੯॥

ਰਾਜੇ ਦੇ ਚਰਨੀਂ ਜੋ ਆ ਲਗੇ, ਉਨ੍ਹਾਂ ਦੇ ਵੱਡੇ ਵੱਡੇ ਦੋਖ ਵੀ ਮਿਟ ਗਏ। ਉਨ੍ਹਾਂ ਨੇ ਜੱਗ ਨੂੰ ਪੂਰਾ ਕਰ ਦਿੱਤਾ, ਅਤੇ ਰਾਜੇ ਦਰਸਥ ਦੇ ਡਰ ਨੂੰ ਮਿਟਾ ਦਿੱਤਾ॥ ੧੯੯॥

ਅਨੰਤ ਦਾਨ ਪਾਇਕੈ॥ ਚਲੇ ਦਿਜੰ ਅਘਾਇ ਕੈ॥
ਦੁਰੰਤ ਆਸਿਖੈਂ ਰੜੈਂ॥ ਰਿਚਾ ਸੁ ਬੇਦ ਕੀ ਪੜੈਂ॥ ੧੯੦॥

ਅਨੇਕ ਤਰ੍ਹਾਂ ਦਾ ਦਾਨ ਪਾਕੇ ਪੰਡਤ ਧਨ ਨਾਲ ਰਜ ਕੇ ਘਰਾਂ ਨੂੰ ਚਲੇ ਗਏ। ਵੱਡੀਆਂ ਉੱਤਮ ਅਸੀਸਾਂ ਕਹਿੰਦੇ ਸਨ, ਅਤੇ ਵੇਦ ਦੀਆਂ ਰਿਚਾਂ ਨੂੰ ਉਹ ਪੜ੍ਹਦੇ ਸਨ॥ ੧੯੦॥

ਨਰੇਸ਼ ਦੇਸ ਦੇਸ ਕੇ॥ ਸੁਭੰਤ ਬੇਸ ਬੇਸ ਕੇ॥

**ਬਿਸੇਖ ਸੂਰ ਸੋਭਹੀਂ॥ ਸੁਸ਼ੀਲ ਨਾਰਿ ਲੋਭਹੀਂ॥੧੯੧॥**

ਉਹ ਦੇਸਾਂ ਦੇਸਾਂ ਦੇ ਰਾਜੇ ਰੂਪ ਰੰਗ ਕਰਕੇ ਸੋਭਦੇ ਸਨ। ਸੂਰਮੇ ਖਾਸ ਸੋਭਾ ਵਾਲੇ ਸਨ, ਉਨ੍ਹਾਂ ਦੇ ਰੂਪ ਨੂੰ ਵੇਖ ਕੇ ਸੁਸ਼ੀਲ ਇਸਤ੍ਰੀਆਂ ਵੀ ਲਲਚਾਅ ਰਹੀਆਂ ਸਨ॥੧੯੧॥

**ਝਜੰਤ੍ਰ ਕੋਟ ਬਾਜਹੀਂ॥ ਸਨਾਇ ਭਰੇ ਸਾਜਹੀਂ॥**
**ਬਨਾਇ ਦੇਵਤਾ ਧਰੈਂ॥ ਸਮਾਨ ਜਾਇ ਪਾ ਪਰੈਂ॥੧੯੨॥**

ਕ੍ਰੋੜਾਂ ਵਾਜੇ ਵੱਜਦੇ ਸਨ, ਸਨਾਇ ਤੇ ਭੇਰੀਆਂ ਸਜ ਰਹੀਆਂ ਸਨ। ਕਈ ਦੇਵਤੇ ਬਣਾ ਕੇ ਰਖੇ ਹੋਏ ਸਨ ਜਿਨ੍ਹਾਂ ਦਾ ਸਨਮਾਨ ਕਰਦੇ ਹੋਏ ਜਾਕੇ ਪੈਰੀਂ ਪੈਂਦੇ ਸਨ॥੧੯੨॥

**ਕਰੈ ਡੰਡਉਤ ਪਾ ਪਰੈਂ॥ ਬਿਸੇਖ ਭਾਵਨਾ ਧਰੈਂ॥**
**ਸੁ ਮੰਤ੍ਰ ਜੰਤ੍ਰ ਜਾਪੀਐ॥ ਦੁਰੰਤ ਥਾਪ ਥਾਪੀਐ॥੧੯੩॥**

ਡੰਡੌਤ ਬੰਧਨਾ ਕਰਦੇ ਤੇ ਪੈਰੀਂ ਪੈਂਦੇ ਸਨ, ਖਾਸ ਭਾਵਨਾ ਅਤੇ ਸ਼ਰਧਾ ਰਖਦੇ ਸਨ, ਮੰਤ੍ਰ ਜਪਦੇ ਸਨ, ਅਤੇ ਜੰਤ੍ਰ ਲਿਖਦੇ ਸਨ, ਵੱਡੀਆਂ ਵੱਡੀਆਂ ਥਾਪਨਾਵਾਂ ਨੂੰ ਕਾਇਮ ਕਰਦੇ ਸਨ॥੧੯੩॥

**ਨਚਾਤ ਚਾਰੁ ਮੰਗਨਾ॥ ਸੁਜਾਨ ਦੇਵ ਅੰਗਨਾ॥**
**ਕਮੀ ਨ ਕਉਨ ਕਾਜ ਕੀ॥ ਪ੍ਰਭਾਵ ਰਾਮਰਾਜ ਕੀ॥੧੯੪॥**

ਸੁੰਦਰ ਇਸਤ੍ਰੀਆਂ ਅਤੇ ਅਪੱਛਰਾਂ ਨਾਚ ਕਰਦੀਆਂ ਸਨ, ਕਿਸੇ ਗੱਲ ਦਾ ਘਾਟਾ ਨਹੀਂ ਸੀ, ਇਹ ਸਭ ਰਾਮ ਦੇ ਰਾਜ ਦਾ ਪ੍ਰਤਾਪ ਸੀ॥੧੯੪॥

**ਸਾਰਸੁਤੀ ਛੰਦ॥ ਦੇਸ ਦੇਸਨ ਕੀ ਕ੍ਰਿਆ ਸਿਖਵੰਤ ਹੈਂ ਦਿਜ ਏਕ॥**
**ਬਾਨ ਅਉਰ ਕਮਾਨ ਕੀ ਬਿਧ ਦੇਤ ਆਨ ਅਨੇਕ॥**
**ਭਾਂਤ ਭਾਂਤਨ ਸੋਂ ਪੜ੍ਹਾਵਤ ਬਾਰ ਨਾਰ ਸ਼ਿੰਗਾਰ॥**
**ਕੋਕ ਕਾਬਜ ਪੜੈ ਕਹੂੰ ਬਜਾਕਰਨ ਬੇਦ ਬਿਚਾਰ॥੧੯੫॥**

ਇਕ ਹੋਰ ਪੰਡਿਤ ਦੇਸਾਂ ਦੇਸਾਂ ਦੀ ਕ੍ਰਿਆ ਸਿਖਾਉਂਦੇ ਸਨ, ਅਨੇਕਾਂ ਨੂੰ ਤੀਰ ਅਤੇ ਕਮਾਨ ਦੀ ਜੁਗਤੀ ਦੀ ਸਿਖਿਆ ਦਿੱਤੀ ਜਾ ਰਹੀ ਸੀ। ਤਰ੍ਹਾਂ ਤਰ੍ਹਾਂ ਨਾਲ ਬੱਚਿਆਂ ਤੇ ਇਸਤ੍ਰੀਆਂ ਨੂੰ ਸ਼ਿੰਗਾਰ ਰਸ ਪੜ੍ਹਾਉਂਦੇ ਸਨ, ਕਿਤੇ ਕੋਈ ਕੋਈ ਕੋਕ ਸ਼ਾਸਤਰ ਪੜ੍ਹਦਾ ਸੀ, ਅਤੇ ਕਿਤੇ ਕੋਈ ਵਿਆਕਰਣ, ਤੇ ਕੋਈ ਵੇਦਾਂ ਦੇ ਵਿਚਾਰ ਪੜ੍ਹਦੇ ਸਨ॥੧੯੫॥

**ਰਾਮ ਪਰਮ ਪਵਿਤ੍ਰ ਹੈ ਰਘੁਬੰਸ ਕੇ ਅਵਤਾਰ॥**
**ਦੁਸ਼ਟ ਦੈਤਨ ਕੇ ਸੰਘਾਰਕ ਸੰਤ ਪ੍ਰਾਨ ਅਧਾਰ॥**

ਦੇਸਿ ਦੇਸਿ ਨਰੇਸ਼ ਜੀਤ ਅਸੇਸ ਕੀਨ ਗੁਲਾਮ॥
ਜੱਤ੍ਰ ਤੱਤ੍ਰ ਧੁਜਾ ਬਧੀ ਜੈਪੱਤ੍ਰ ਕੀ ਸਭ ਧਾਮ॥੧੯੬॥

ਸ੍ਰੀ ਰਾਮ ਜੀ ਪਰਮ ਪਵਿੱਤ੍ਰ ਰਘੁ ਕੁਲ ਦੇ ਅਵਤਾਰ ਸਨ। ਦੁਸਟ ਦੈਂਤਾਂ ਨੂੰ ਨਾਸ ਕਰਨ ਵਾਲੇ ਸਨ ਅਤੇ ਸੰਤਾਂ ਦੇ ਪ੍ਰਾਣਾਂ ਦਾ ਆਸਰਾ ਸਨ। ਦੇਸਾਂ ਦੇਸਾਂ ਦੇ ਰਾਜਿਆਂ ਨੂੰ ਜਿੱਤ ਕੇ, ਸਭਨਾਂ ਨੂੰ ਗੁਲਾਮ ਕਰ ਲਿਆ ਸੀ। ਥਾਂ ਪਰ ਥਾਂ, ਸਾਰੇ ਘਰਾਂ ਉਤੇ, ਜਿੱਤ ਦੀ ਨਿਸ਼ਾਨੀ ਰੂਪ ਝੰਡੇ ਲਹਿਰਾ ਰਹੇ ਸਨ॥੧੯੬॥

ਬਾਟ ਤੀਨ ਦਿਸ਼ਾ ਤਿਹੂੰ ਸੁਤ ਰਾਜਧਾਨੀ ਰਾਮ॥
ਬੋਲ ਰਾਜ ਬਿਸ਼ਿਸ਼ਟ ਕੀਨ ਬਿਚਾਰ ਕੇਤਕ ਜਾਮ॥
ਸਾਜ ਰਾਘਵ ਰਾਜ ਕੇ ਘਟ ਪੂਰ ਰਾਖਸ਼ਿ ਏਕ॥
ਆਂਬ੍ਰ ਮਉਲਨ ਦੀਸੁ ਉਦਕੰ ਅਉਰ ਪੁਹਪ ਅਨੇਕ॥੧੯੭॥

ਰਾਜੇ ਦਸਰਥ ਨੇ ਤਿੰਨੇ ਦਿਸ਼ਾਂ ਤਿੰਨਾਂ ਪੁੱਤਰਾਂ ਨੂੰ ਵੰਡ ਦਿੱਤੀਆਂ, ਅਤੇ ਰਾਜਧਾਨੀ ਰਾਮ ਨੂੰ ਦੇਣ ਲਈ ਰਾਜੇ ਨੇ ਵਿਸ਼ਿਸਟ ਮੁਨੀ ਨੂੰ ਸੱਦ ਕੇ, ਕਿੰਨੇ ਪਹਿਰਾਂ ਤੱਕ ਉਸ ਨਾਲ ਇਸ ਗੱਲ ਦੀ ਵੀਚਾਰ ਕੀਤੀ। ਰਾਮ ਜੀ ਦੇ ਰਾਜ ਤਿਲਕ ਦੇ ਸਮਾਨ ਨੂੰ ਇਕ ਘੜੇ ਵਿਚ ਭਰ ਕੇ ਰੱਖ ਦਿੱਤਾ। ਜੋ ਅੰਬ ਦਾ ਮੌਲ (ਬੂਰ) ਨਦੀਆਂ ਦਾ ਪਾਣੀ ਅਤੇ ਹੋਰ ਅਨੇਕਾਂ ਫੁਲ ਆਦਿਕ ਸਨ॥੧੯੭॥

ਥਾਰ ਚਾਰ ਅਪਾਰ ਕੁੰਕਮ ਚੰਦਨਾਦਿ ਅਨੰਤ॥
ਰਾਜ ਸਾਜ ਧਰੇ ਸਭੈ ਤਹ ਆਨ ਆਨ ਦੁਰੰਤ॥
ਮੰਥਰਾ ਇਕ ਗਾਂਧ੍ਰਬੀ ਬ੍ਰਹਮਾ ਪਠੀ ਤਿਹ ਕਾਲ॥
ਬਾਜ ਸਾਜ ਸਣੈ ਚੜੀ ਸਭ ਸੁਭ੍ਰ ਧਉਲ ਉਤਾਲ॥੧੯੮॥

ਕੇਸਰ ਤੇ ਚੰਦਨ ਲਿਆ ਕੇ ਚਾਰ ਥਾਲਾਂ ਵਿਚ ਭਰ ਦਿੱਤਾ ਅਤੇ ਉਸ ਰਾਜ ਤਿਲਕ ਦੀ ਸਮਗ੍ਰੀ ਦੇ ਨਾਲ ਹੀ ਲੁਕਾ ਕੇ ਰੱਖ ਦਿੱਤਾ। ਉਸ ਵੇਲੇ ਬ੍ਰਹਮਾ ਨੇ ਇਕ ਮੰਥਰਾ ਨਾਮ ਦੀ ਗਾਂਧਰਬਨੀ ਨੂੰ ਭੇਜ ਦਿੱਤਾ। ਖੁਸ਼ੀਆਂ ਦੇ ਸਾਰੇ ਸਮਾਨ ਸਮੇਤ ਵਾਜਿਆਂ ਨੂੰ ਵੱਜਦਾ ਵੇਖਕੇ ਉਹ ਮੰਥਰਾ ਛੇਤੀ ਨਾਲ ਸੁੰਦਰ ਮੰਦਰ ਉਪਰ ਚੜ੍ਹ ਗਈ॥੧੯੮॥

ਬੇਣ ਬੀਣ ਮ੍ਰਿਦੰਗ ਬਾਜ ਸੁਣੇ ਰਹੀ ਚਕ ਬਾਲ॥
ਰਾਮਰਾਜ ਉਠੀ ਜਯਤ ਧੁਨਿ ਭੂਮ ਭੂਰ ਬਿਸਾਲ॥
ਜਾਤ ਹੀ ਸੰਗਿ ਕੇਕਈ ਇਹ ਭਾਂਤ ਬੋਲੀ ਬਾਤਿ॥

**ਹਾਥ ਬਾਤ ਛੁਟੀ ਚਲੀ ਬਰ ਮਾਂਗ ਹੈਂ ਕਿਹ ਰਾਤਿ॥੧੯੯॥**

ਜਦੋਂ ਉਸ ਨੇ ਬੰਸਰੀ, ਬੀਣਾ ਤੇ ਮ੍ਰਿਦੰਗ ਆਦਿਕ ਵਾਜੇ ਸੁਣੇ, ਤਾਂ ਮੰਥਰਾ ਇਸਤ੍ਰੀ ਹੈਰਾਨ ਹੋ ਰਹੀ। ਏਨੇ ਨੂੰ ਧਰਤੀ ਉਤੋਂ ਵੱਡੇ ਜ਼ੋਰ ਨਾਲ 'ਰਾਮ ਦੇ ਰਾਜ ਦੀ ਜੈ ਦੀ ਧੁਨਿ' ਉੱਠੀ। ਮੰਥਰਾ ਜਿਸ ਨੂੰ ਸੁਣ ਕੇ ਹੇਠਾਂ ਉਤਰੀ, ਅਤੇ ਅੰਦਰ ਜਾਂਦਿਆਂ ਹੀ ਕੇਕਈ ਨਾਲ ਇਸ ਤਰ੍ਹਾਂ ਦੀ ਗੱਲ ਕਹਿਣ ਲੱਗੀ। ਹੁਣ ਗੱਲ ਹੱਥੋਂ ਨਿਕਲ ਚਲੀ ਹੈ, ਤੂੰ ਸ੍ਵਾਮੀ ਪਾਸੋਂ ਉਹ ਵਰ ਕਿਹੜੀ ਰਾਤ ਨੂੰ ਮੰਗੇਂਗੀ॥੧੯੯॥

**ਕੇਕਈ ਇਮ ਜਉ ਸੁਨੀ ਭਈ ਦੁੱਖਤਾ ਸਰਬੰਗ॥**
**ਝੂਮ ਭੂਮ ਗਿਰੀ ਮ੍ਰਿਗੀ ਜਿਮ ਲਾਗ ਬਾਣ ਸੁਰੰਗ॥**
**ਜਾਤ ਹੀ ਅਵਧੇਸ਼ ਕਉ ਇਹ ਭਾਂਤ ਬੋਲੀ ਬੈਨ॥**
**ਦੀਜੀਏ ਬਰ ਭੂਪ ਮੋਕਉ ਜੋ ਕਹੇ ਦੁਇ ਦੈਨ॥੨੦੦॥**

ਕੇਕਈ ਨੇ ਜਦੋਂ ਇਸ ਤਰ੍ਹਾਂ ਦੀ ਗੱਲ ਸੁਣੀ ਤਾਂ ਹਰ ਪਖੋਂ ਦੁੱਖੀ ਹੋਈ। ਗਸ਼ ਖਾ ਕੇ ਧਰਤੀ ਤੇ ਇਸ ਤਰ੍ਹਾਂ ਡਿੱਗ ਪਈ, ਜਿਵੇਂ ਸੋਹਣੀ ਹਿਰਨੀ ਤੀਰ ਲੱਗਣ ਨਾਲ ਡਿੱਗਦੀ ਹੈ। ਜਦੋਂ ਸੁਰਤ ਆਈ ਤਾਂ ਰਾਜੇ ਕੋਲ ਗਈ, ਅਤੇ ਜਾਂਦਿਆਂ ਹੀ ਰਾਜੇ ਨੂੰ ਇਸ ਤਰ੍ਹਾਂ ਦੇ ਬਚਨ ਕਹਿਣ ਲੱਗੀ- ਹੇ ਰਾਜਨ! ਮੈਨੂੰ ਵਰ ਦੇਵੋ ਜੋ ਆਪ ਨੇ ਮੈਨੂੰ ਦੋ ਵਰ ਦੇਣੇ ਕਹੇ ਹੋਏ ਹਨ॥੨੦੦॥

**ਰਾਮ ਕੋ ਬਨ ਦੀਜੀਐ ਮਮ ਪੂਤ ਕਉ ਨਿਜ ਰਾਜ॥**
**ਰਾਜ ਸਾਜ ਸੁ ਸੰਪਦਾ ਦੋਊ ਚਉਰ ਛੱਤ੍ਰ ਸਮਾਜ॥**
**ਦੇਸ ਅਉਰਿ ਬਿਦੇਸ ਕੀ ਠਕੁਰਾਇ ਦੈ ਸਭ ਮੋਹਿ॥**
**ਸੱਤ ਸੀਲ ਸਤੀ ਜਤਿੱਬ੍ਰਤ ਤਉ ਪਛਾਨੋ ਤੋਹਿ॥੨੦੧॥**

ਰਾਮ ਨੂੰ ਬਨਵਾਸ ਦੇਵੋ ਅਤੇ ਮੇਰੇ ਪੁੱਤਰ ਨੂੰ ਆਪਣਾ ਰਾਜ ਦੇਵੋ। ਰਾਜ ਦਾ ਸਾਮਾਨ, ਸੰਪਦਾ ਦੋਵੇਂ-ਚੌਰ ਤੇ ਛੱਤ੍ਰ ਅਤੇ ਦੇਸ਼ ਬਿਦੇਸ਼ ਦੀ ਹਕੂਮਤ ਇਹ ਸਭ ਮੇਰੇ ਪੁੱਤਰ ਨੂੰ ਦੇਵੋ। ਤਦ ਮੈਂ ਤੈਨੂੰ ਸੱਤ, ਸ਼ੀਲ, ਜਤ ਤੇ ਬਰਤ ਨੂੰ ਪਾਲਣ ਵਾਲਾ ਸਤੀ ਪਛਾਣਾਂਗੀ॥੨੦੧॥

**ਰਾਜਾ ਬਾਚ॥ ਪਾਪਨੀ ਬਨ ਰਾਮ ਕੋ ਪੈਹੈਂ ਕਹਾ ਜਸ ਕਾਢ॥**
**ਭਸਮ ਆਨਨ ਤੇ ਗਈ ਕਹਿ ਕੈ ਸਕੇ ਅਸਿ ਬਾਢ॥**
**ਕੋਪ ਭੂਪ ਕੁਅੰਡ ਲੈ ਤੁਹਿ ਕਾਟੀਐ ਇਹ ਕਾਲ॥**
**ਨਾਸ ਤੋਰਨ ਕੀਜੀਐ ਤਕ ਛਾਡੀਐ ਤੁਹਿ ਬਾਲ॥੨੦੨॥**

ਦਸਰਥ ਨੇ ਕਿਹਾ-ਹੇ ਪਾਪਣ ਵਨ ਵਿਚ ਰਾਮ ਨੂੰ ਕੱਢ ਕੇ ਕੀ ਜਸ ਪਾਵੇਂਗੀ? ਤੇਰੇ ਮੂੰਹ ਵਿਚ ਸਵਾਹ ਪੈ ਗਈ, ਇਹ ਤਲਵਾਰ ਵਰਗੀ ਤਿੱਖੀ ਗੱਲ ਕਿਸ ਤਰ੍ਹਾਂ ਕਹਿ ਦਿੱਤੀ ਹੈ? ਫਿਰ ਗੁੱਸੇ ਨਾਲ ਰਾਜਾ ਧਨੁੱਖ ਲੈ ਕੇ ਕਹਿਣ ਲੱਗਾ-ਇਸੇ ਵੇਲੇ ਤੇਰਾ ਸਿਰ ਕੱਟ ਦੇਵਾਂ, ਪਰ ਤੇਰਾ ਨਾਸ ਨਹੀਂ ਕਰਦਾ, ਅਤੇ ਤੈਨੂੰ ਇਸਤ੍ਰੀ ਵੇਖ ਕੇ ਛੱਡਦਾ ਹਾਂ॥੨੦੨॥

**ਨਗ ਸਰੂਪੀ ਛੰਦ॥ ਨਰਦੇਵ ਦੇਵ ਰਾਮ ਹੈ॥ ਅਭੇਵ ਧਰਮ ਧਾਮ ਹੈ॥ ਅਬੁੱਧ ਨਾਰਿ ਤੈ ਮਨੈ॥ ਬਿਸੁੱਧ ਬਾਤ ਕੋ ਭਨੈ॥੨੦੩॥**

ਮਨੁੱਖ ਤੇ ਦੇਵਤਿਆ ਦਾ ਸਵਾਮੀ ਰਾਮ ਹੈ ਅਤੇ ਭੇਤ ਭਾਵ ਤੋਂ ਰਹਿਤ ਧਰਮ ਦਾ ਘਰ ਹੈ। ਹੇ ਬੇਅਕਲ ਇਸਤਰੀ! ਤੂੰ ਆਪਣੇ ਮਨ ਤੋਂ ਬਹੁਤ ਬੁਰੀ ਗੱਲ ਕਹੀ ਹੈ॥੨੦੩॥

**ਅਗਾਧਿ ਦੇਵ ਅਨੰਤ ਹੈ॥ ਅਭੂਤ ਸੋਭਵੰਤ ਹੈ॥ ਕ੍ਰਿਪਾਲ ਕਰਮ ਕਾਰਣੰ॥ ਬਿਹਾਲ ਦਿਆਲ ਤਾਰਣੰ॥੨੦੪॥**

ਰਾਮ ਅੰਤ ਤੋਂ ਰਹਿਤ ਅਗਾਧ ਦੇਵ ਹੈ, ਤੱਤ੍ਹਾਂ ਦੀ ਬਨਾਵਟ ਤੋਂ ਬਿਨਾਂ ਸ਼ੋਭਾ ਵਾਲਾ ਹੈ, ਕ੍ਰਿਪਾਲੂ ਤੇ ਬਖਸ਼ਸ਼ ਕਰਨ ਵਾਲਾ ਹੈ, ਬੁਰੀ ਹਾਲਤ ਨੂੰ ਸੁਧਾਰਨ ਵਾਲਾ ਦਿਆਲੂ ਹੈ॥੨੦੪॥

**ਅਨੇਕ ਸੰਤ ਤਾਰਣੰ॥ ਅਦੇਵ ਦੇਵ ਕਾਰਣੰ॥ ਸੁਰੇਸ਼ ਭਾਇ ਰੂਪਣੰ॥ ਸਮਿੱਧ੍ਰ ਸਿੱਧ ਕ੍ਰੂਪਣੰ॥੨੦੫॥**

ਅਨੇਕਾਂ ਸੰਤਾਂ ਨੂੰ ਤਾਰਨ ਵਾਲਾ (ਰਾਮ) ਹੈ, ਦੈਂਤਾਂ ਤੇ ਦੇਵਤਿਆਂ ਦੇ ਕਰਨ ਵਾਲਾ ਹੈ। ਇੰਦਰ ਦੇ ਰੂਪ ਵਾਲਾ ਹੈਂ, ਵੱਡੀ ਸੰਪਦਾ ਵਾਲਾ ਪ੍ਰਸਿੱਧ ਰਾਜਾ ਹੈ॥੨੦੫॥

**ਬਰੰ ਨਰੇਸ਼ ਦੀਜੀਐ॥ ਕਹੇ ਸੁ ਪੂਰ ਕੀਜੀਐ॥ ਨ ਸੰਕ ਰਾਜ ਧਾਰੀਐ॥ ਨ ਬੋਲ ਬੋਲ ਹਾਰੀਐ॥੨੦੬॥**

ਫਿਰ ਕੇਕਈ ਨੇ ਕਿਹਾ-ਹੇ ਰਾਜਨ! ਮੈਨੂੰ ਵਰ ਦੇਵੋ, ਜੋ ਤੁਸਾਂ ਕਿਹਾ ਹੋਇਆ ਹੈ ਉਹ ਪੂਰਾ ਕਰੋ। ਕੋਈ ਸ਼ੰਕਾ ਮਨ ਵਿਚ ਨਾ ਧਾਰੋ, ਬਚਨ ਕਹਿ ਕੇ ਬਚਨ ਤੋਂ ਨਾ ਮੁਕਰੋ॥੨੦੬॥

## *ਨਗ ਸਰੂਪੀ ਅੱਧਾ ਛੰਦ॥*

**ਨ ਲਾਜੀਐ॥ ਨ ਭਾਜੀਐ॥ ਰਘੁਏਸ਼ ਕੋ॥ ਬਨੇਸ਼ ਕੋ॥੨੦੭॥**

ਹੇ ਰਾਜਨ! ਲੱਜਾ ਨਾ ਕਰੋ, ਬਚਨ ਤੋਂ ਨਾ ਫਿਰੋ, ਰਾਮਚੰਦ੍ਰ ਨੂੰ ਤਪੋਬਨ ਨੂੰ ਭੇਜੋ॥੨੦੭॥

**ਬਿਦਾ ਕਰੋ॥ ਧਰਾ ਹਰੋ॥ ਨ ਭਾਜੀਐ॥ ਬਿਰਾਜੀਐ॥੨੦੮॥**

ਉਸਨੂੰ ਵਿਦਾ ਕਰ ਦੇਵੋ, ਧਰਤੀ ਦਾ ਭਾਰ ਦੂਰ ਕਰੋ, ਬਚਨ ਤੋਂ ਨਾ ਫਿਰੋ, ਕਾਇਮ

ਹੋਵੇ॥੨੦੮॥

**ਬਿਸ਼ਿਸ਼ਟ ਕੋ॥ ਦਿਜਿਸ਼ਟ ਕੋ॥ ਬੁਲਾਈਐ॥ ਪਠਾਈਐ॥੨੦੯॥**

ਹੇ ਰਾਜਨ! ਵਸ਼ਿਸ਼ਟ ਨੂੰ ਅਤੇ ਰਾਜ ਪ੍ਰੋਹਤ ਨੂੰ ਸਦਵਾ ਲਵੋ, ਉਨ੍ਹਾਂ ਦੇ ਸਾਹਮਣੇ ਰਾਮਚੰਦ੍ਰ ਨੂੰ ਬਨ ਜਾਣ ਦੀ ਆਗਿਆ ਦੇ ਕੇ ਭੇਜ ਦੇਵੋ॥੨੦੯॥

**ਨਰੇਸ਼ ਜੀ॥ ਉਸੇਸ ਲੀ॥ ਘੁਮੇ ਘਿਰੇ॥ ਧਰਾ ਗਿਰੇ॥੨੧੦॥**

ਰਾਜਾ ਦਸਰਥ ਜੀ ਨੇ ਠੰਡਾ ਸਾਹ ਲਿਆ, ਅਤੇ ਘੇਰਨੀ ਖਾ ਕੇ ਧਰਤੀ ਤੇ ਡਿਗ ਪਏ॥੨੧੦॥

**ਸੁਚੇਤ ਭੇ॥ ਅਚੇਤ ਤੇ॥ ਉਸਾਸ ਲੈ॥ ਉਦਾਸ ਹ੍ਵੈ॥੨੧੧॥**

ਜਦ ਸੁਚੇਤ ਹੋਏ ਤਾਂ ਅਜਾਨਪਣੇ ਨਾਲ ਹਉਕਾ ਲਿਆ, ਅਤੇ ਉਦਾਸ ਹੋ ਗਏ॥੨੧੧॥

## ਉਗਾਧ ਛੰਦ॥

**ਸਬਾਰ ਨੈਣੰ॥ ਉਦਾਸ ਬੈਣੰ॥ ਕਹਿਯੋ ਕੁਨਾਰੀ॥ ਕੁਬ੍ਰਿਤਕਾਰੀ॥੨੧੨॥**

ਰਾਜੇ ਨੇ ਜਲ ਭਰੀਆਂ ਅੱਖਾਂ ਨਾਲ ਵੇਖਿਆ, ਅਤੇ ਉਦਾਸ ਬਚਨਾਂ ਨਾਲ ਕਿਹਾ-ਹੇ ਬੁਰੀ ਇਸਤਰੀ! ਹੇ ਭੈੜੀ ਮੱਤ ਵਾਲੀਏ॥੨੧੨॥

**ਕਲੰਕ ਰੂਪਾ॥ ਕੁਵਿਰਤ ਕੂਪਾ॥ ਨਿਲੱਜ ਨੈਣੀ॥ ਕੁਬਾਕ ਬੈਣੀ॥੨੧੩॥**

ਹੇ ਕਲੰਕ ਰੂਪ! ਹੇ ਬੁਰੇ ਸੁਭਾਵ ਦੇ ਖੂਹ! ਹੇ ਬੇਸ਼ਰਮ ਅੱਖਾਂ ਵਾਲੀ! ਹੇ ਬੁਰੇ ਬਚਨ ਬੋਲਣ ਵਾਲੀ॥੨੧੩॥

**ਕਲੰਕ ਕਰਣੀ॥ ਸਮ੍ਰਿੱਧ ਹਰਣੀ॥ ਅਕ੍ਰਿੱਤ ਕਰਮਾ॥ ਨਿਲੱਜ ਧਰਮਾ॥੨੧੪॥**

ਕਲੰਕ ਦੇਣ ਵਾਲੀ! ਹੇ ਰਾਜ ਸਮਗਰੀ ਨੂੰ ਨਾਸ ਕਰਨ ਵਾਲੀ! ਹੇ ਅਯੋਗ ਕਰਮਾਂ ਦੇ ਕਰਨ ਵਾਲੀ! ਹੇ ਬੇਸ਼ਰਮ ਧਰਮ ਵਾਲੀ॥੨੧੪॥

**ਅਲੱਜ ਧਾਮੰ॥ ਨਿਲੱਜ ਬਾਮੰ॥ ਅਸੋਭ ਕਰਣੀ॥ ਸਸੋਭ ਹਰਣੀ॥੨੧੫॥**

ਤੂੰ ਨਿਰਲੱਜ ਇਸਤਰੀ ਹੈਂ ਤੈਨੂੰ ਕੁਲ ਦੀ ਲਾਜ ਨਹੀਂ, ਤੂੰ ਸ਼ੋਭਾ ਖਟਣ ਦੀ ਬਜਾਏ ਸ਼ੋਭਾ ਨਾਸ ਕਰ ਦਿੱਤੀ ਹੈ॥੨੧੫॥

**ਨਿਲੱਜ ਨਾਰੀ॥ ਕੁਕਰਮ ਕਾਰੀ॥ ਅਧਰਮ ਰੂਪਾ॥ ਅਕੱਜ ਕੂਪਾ॥੨੧੬॥**

ਹੇ ਬੇਸ਼ਰਮ ਔਰਤ, ਬੁਰੇ ਕਰਮ ਕਰਨ ਵਾਲੀ ਅਧਰਮ ਦਾ ਰੂਪ ਤੂੰ ਨਾ ਕੱਜੇ ਜਾਣ ਵਾਲਾ ਖੂਹ ਹੈਂ॥੨੧੬॥

**ਪਹਿਪਿਟਆਰੀ॥ ਕੁਕਰਮ ਕਾਰੀ॥ ਮਰੈ ਨ ਮਰਣੀ॥ ਅਕਾਜ ਕਰਣੀ॥੨੧੭॥**

ਹੇ ਧੋਖੇ ਬਾਜ਼, ਖੋਟੀ ਇਸਤਰੀ, ਬੁਰੇ ਕੰਮ ਕਰਨ ਵਾਲੀ ਤੈਨੂੰ ਮੌਤ ਆ ਜਾਵੇ॥੨੧੭॥

**ਕੇਕਈ ਬਾਚ॥ਨਰੇਸ਼ ਮਾਨੋ॥ਕਹਜੋ ਪਛਾਨੋ॥ਬਦਜੋ ਸੁ ਦੇਹੂ॥ਬਰੰ ਦੁ ਮੋਹੂ॥੨੧੮॥**

ਕੇਕਈ ਨੇ ਰਾਜਨ ਨੂੰ ਕਿਹਾ-ਮੇਰਾ ਕਿਹਾ ਮੰਨੋ, ਆਪਣਾ ਕਿਹਾ ਯਾਦ ਕਰੋ, ਜੋ ਮੈਂ ਬਚਨ ਲਿਆ ਹੈ ਉਹ ਦੇਵੋ, ਦੋ ਵਰ ਮੈਂ ਲੈਣੇ ਹਨ॥੨੧੮॥

**ਚਿਤਾਰ ਲੀਜੈ॥ਕਹਜੋ ਸੁ ਦੀਜੈ॥ਨ ਧਰਮ ਹਾਰੋ॥ਨ ਭਰਮ ਟਾਰੋ॥੨੧੯॥**

ਹੇ ਰਾਜ਼ਨ! ਚੇਤੇ ਕਰ ਲੈ, ਜੋ ਕਿਹਾ ਹੋਇਆ ਹੈ, ਉਹ ਦੇਵੋ, ਧਰਮ ਨੂੰ ਨਾ ਹਾਰ ਰਮ ਦੇ ਵਿਚ ਫਸ ਕੇ ਪ੍ਰਣ ਨਾ ਟਾਲੋ॥੨੧੯॥

**ਬੁਲੈ ਬਸ਼ਿਸ਼ਟੈ॥ ਅਪੂਰਬ ਇਸ਼ਟੈ॥ ਕਹੀ ਸੀਏਸੈ॥ ਨਿਕਾਰ ਦੇਸੈ॥੨੨੦॥**

ਆਪਣੇ ਇਸ਼ਟ ਦੇਣ ਅਤੇ ਵਿਸ਼ਿਸ਼ਟ ਜੀ ਦੇ ਸਾਹਮਣੇ ਇਹ ਕੰਮ ਪੂਰਾ ਕਰੋ ਅਤੇ ਰਾਮ ਨੂੰ ਬਨਵਾਸ ਦੇਵੋ॥੨੨੦॥

**ਬਿਲਮ ਨ ਕੀਜੈ॥ ਸੁ ਮਾਨ ਲੀਜੈ॥ ਰਿਖੇਸ਼ ਰਾਮੰ॥ ਨਿਕਾਰ ਧਾਮੰ॥੨੨੧॥**

ਦੇਰੀ ਨਾ ਕਰੋ, ਮੇਰੀ ਬੇਨਤੀ ਮੰਨ ਲਵੋ, ਰਾਮ ਨੂੰ ਰਿਖੀ ਵੇਸ ਧਰਾ ਕੇ ਘਰ ਤੋਂ ਕੱਢ ਦਿਓ॥੨੨੧॥

**ਰਹੇ ਨ ਇਆਨੀ॥ ਭਈ ਦਿਵਾਨੀ॥ ਚੁਪੈ ਨ ਬਉਰੀ॥ ਬਕੈਤ ਡਉਰੀ॥੨੨੨॥**

ਰਾਜੇ ਨੇ ਕਿਹਾ ਹੇ ਮੂਰਖ! ਚੁੱਪ ਨਹੀਂ ਰਹਿੰਦੀ? ਤੂੰ ਦਿਵਾਨੀ ਹੋ ਗਈ ਹੈਂ? ਪਾਗਲੇ! ਚੁੱਪ ਨਹੀਂ ਕਰਦੀ? ਬਕਵਾਸ ਕਿਉਂ ਕਰਦੀ ਹੈਂ?॥੨੨੨॥

**ਧ੍ਰਿਗੰ ਸਰੂਪਾ॥ਨਿਖੇਧ ਕੂਪਾ॥ਦੁਬਾਕ ਬੈਣੀ॥ਨਰੇਸ਼ ਛੈਣੀ ੨੨੩॥**

ਤੇਰੇ ਸਰੂਪ ਨੂੰ ਧ੍ਰਿਗ ਹੈ, ਤੂੰ ਨੀਚਤਾ ਦਾ ਖੂਹ ਹੈਂ, ਬੁਰੇ ਬਚਨ ਬੋਲਣ ਵਾਲੀ ਹੈਂ, ਅਤੇ ਰਾਜ ਨੂੰ ਨਾਸ ਕਰਨ ਵਾਲੀ ਛੈਣੀ ਹੈਂ॥੨੨੩॥

**ਨਿਕਾਰ ਰਾਮੰ॥ ਅਧਾਰ ਧਾਮੰ॥ ਹਤਜੋ ਨਿਜੇਸ਼ੰ॥ ਕੁਕਰਮ ਭੇਸੰ॥੨੨੪॥**

ਰਾਮ ਨੂੰ ਬਨਵਾਸ ਦੇ ਕੇ, ਤੂੰ ਮੈਥੋਂ ਇਹ ਕੁਕਰਮ ਅਤੇ ਅਧਰਮ ਕਰਵਾਉਣਾ ਚਾਹੁੰਦੀ ਹੈਂ। ਕੀ ਤੂੰ ਆਪਣੇ ਸਵਾਮੀ ਦਾ ਨਾਸ ਕਰਨਾ ਚਾਹੁੰਦੀ ਹੈਂ?। ੨੨੪॥

**ਉਗਾਥਾ ਛੰਦ॥**

**ਅਜਿੱਤ ਜਿੱਤੇ ਅਬਾਹ ਬਾਹੇ॥ ਅਖੰਡ ਖੰਡੇ ਅਦਾਹ ਦਾਹੇ॥**
**ਅਭੰਡ ਭੰਡੇ ਅਡੰਗ ਡੰਗੇ॥ ਅਮੁੰਨ ਮੁੰਨੇ ਅਭੰਗ ਭੰਗੇ॥੨੨੫॥**

ਰਾਜਾ ਕਹਿਣ ਲੱਗਾ ਇਸਤ੍ਰੀਆਂ ਨੇ ਨਾ ਜਿੱਤੇ ਜਾਣ ਵਾਲੇ ਜਿੱਤ ਲਏ ਹਨ। ਨਾ ਬਾਹੇ ਜਾਣ ਵਾਲੇ ਬਾਹ ਲਏ ਹਨ। ਨਾ ਖੰਡੇ ਜਾਣ ਵਾਲੇ ਖੰਡ ਦਿੱਤੇ ਹਨ, ਨਾ ਸੜਨ ਵਾਲੇ ਸਾੜ ਦਿੱਤੇ ਹਨ। ਨਾ ਭੰਡੇ ਜਾਣ ਵਾਲੇ ਭੰਡ ਦਿੱਤੇ ਹਨ, ਨਾ ਡੰਗੇ ਜਾਣ ਵਾਲੇ ਡੰਗ ਦਿੱਤੇ ਹਨ। ਨਾ ਮੁੰਨੇ ਜਾਣ ਵਾਲੇ ਮੁੰਨ ਲਏ ਹਨ, ਨਾ ਭੰਗ ਹੋਣ ਵਾਲੇ ਭੰਗ ਕਰ ਦਿੱਤੇ ਹਨ॥੨੨੫॥

**ਅਕਰਮ ਕਰਮੰ ਅਲੱਖ ਲੱਖੇ॥ ਅਡੰਡ ਡੰਡੇ ਅਭੱਖ ਭੱਖੇ॥**
**ਅਥਾਹ ਥਾਹੇ ਅਦਾਹ ਦਾਹੇ॥ ਅੰਭਗ ਭੰਗੇ ਅਬਾਹ ਬਾਹੇ॥੨੨੬॥**

ਇਸ ਭੈੜੀ ਇਸਤਰੀ ਨੇ ਨਾ ਕੀਤੇ ਜਾਣ ਵਾਲਿਆਂ ਨੂੰ ਕਰ ਲਿਆ ਹੈ, ਨਾ ਲਖੇ ਜਾਣ ਵਾਲੇ ਲਖ ਲਏ ਹਨ। ਨਾ ਡੰਡ ਹੇਠਾਂ ਆਉਣ ਵਾਲਿਆਂ ਨੂੰ ਡੰਡ ਹੇਠ ਲੈ ਆਂਦਾ ਹੈ, ਨਾ ਖਾਧੇ ਜਾਣ ਵਾਲਿਆਂ ਨੂੰ ਖਾ ਲਿਆ ਹੈ। ਨਾ ਥਾਹ ਮਿਲਣ ਵਾਲਿਆਂ ਦੀ ਥਾਹ ਪਾ ਲਈ ਹੈ, ਨਾ ਸੜਨ ਵਾਲਿਆਂ ਨੂੰ ਸਾੜ ਦਿੱਤਾ ਹੈ। ਨਾ ਭੱਜਣ ਵਾਲਿਆਂ ਨੂੰ ਭੰਨ ਦਿੱਤਾ ਹੈ, ਨਾ ਫੜੇ ਜਾਣ ਵਾਲਿਆਂ ਨੂੰ ਫੜ ਲਿਆ ਹੈ॥੨੨੬॥

**ਅਭਿੱਜ ਭਿੱਜੇ ਅਜਾਲ ਜਾਲੇ॥ ਅਖਾਪ ਥਾਪੇ ਅਚਾਲ ਚਾਲੇ॥**
**ਅਭਿੰਨ ਭਿੰਨੇ ਅਡੰਡ ਡਾਂਡੇ॥ ਅਕਿੱਤ ਕਿੱਤੇ ਅਮੁੰਡ ਮਾਂਡੇ॥੨੨੭॥**

ਇਸ ਨੇ ਨਾ ਭਿੱਜਣ ਵਾਲਿਆਂ ਨੂੰ ਭਿਉਂ ਲਿਆ ਹੈ, ਨਾ ਫਸਣ ਵਾਲਿਆਂ ਨੂੰ ਫਸਾ ਲਿਆ ਹੈ। ਨਾ ਖੋਹਣ ਵਾਲਿਆਂ ਨੂੰ ਖਪਾ ਦਿੱਤਾ ਹੈ, ਨਾ ਚਲਣ ਵਾਲਿਆਂ ਨੂੰ ਚਲਾ ਦਿੱਤਾ ਹੈ। ਨਾ ਭਿੱਦਨ ਵਾਲਿਆਂ ਨੂੰ ਭੇਦ ਦਿੱਤਾ ਹੈ। ਨਾ ਡੰਨੇ ਜਾਣ ਵਾਲਿਆਂ ਨੂੰ ਡੰਨ ਲਾਇਆ ਹੈ। ਨਾ ਕੀਤੇ ਜਾਣ ਵਾਲਿਆਂ ਨੂੰ ਕਰ ਦਿੱਤਾ ਹੈ, ਨਾ ਮੰਡੇ ਜਾਣ ਵਾਲਿਆਂ ਨੂੰ ਮੰਡ ਦਿੱਤਾ ਹੈ॥੨੨੭॥

**ਅਛਿੱਨ ਛਿੱਦੇ ਅਦੱਗ ਦਾਗੇ॥ ਅਚੋਰ ਚੋਰੇ ਅਠੱਗ ਠਾਗੇ॥**
**ਅਭਿੱਦ ਭਿੱਦੇ ਅਫੋੜ ਫੋੜੇ॥ ਅਕੱਜ ਕੱਜੇ ਅਜੋੜ ਜੋੜੇ॥੨੨੮॥**

ਇਸ ਨੇ ਨਾ ਛਿਦਨ ਵਾਲਿਆਂ ਨੂੰ ਛੇਦ ਦਿੱਤਾ ਹੈ, ਨਾ ਦਾਗੇ ਜਾਣ ਵਾਲਿਆਂ ਨੂੰ ਦਾਗ ਲਿਆ ਹੈ, ਨਾ ਚੁਰਾਏ ਜਾਣ ਵਾਲਿਆਂ ਨੂੰ ਚੁਰਾ ਲਿਆ ਹੈ, ਨਾ ਠੱਗੇ ਜਾਣ ਵਾਲਿਆਂ ਨੂੰ ਠੱਗ ਲਿਆ ਹੈ। ਨਾ ਪਾਟਨ ਵਾਲਿਆਂ ਨੂੰ ਪਾੜ ਦਿੱਤਾ ਹੈ, ਨਾ ਫਿਸਣ ਵਾਲਿਆਂ ਨੂੰ ਫੇਹ ਦਿੱਤਾ ਹੈ, ਨਾ ਕੱਜੇ ਜਾਣ ਵਾਲਿਆਂ ਨੂੰ ਕੱਜ ਲਿਆ ਹੈ, ਨਾ ਜੋੜੇ ਜਾਣ ਵਾਲਿਆਂ ਨੂੰ ਜੋੜ ਲਿਆ ਹੈ॥੨੨੮॥

**ਅਦੱਗ ਦੱਗੇ ਅਮੋੜ ਮੋੜੇ॥ ਅਖਿੱਚ ਖਿੱਚੇ ਅਜੋੜ ਜੋੜੇ॥**
**ਅਕੱਢ ਕੱਢੇ ਅਸਾਧ ਸਾਧੇ॥ ਅਫੱਟ ਫੱਟੇ ਅਫਾਧ ਫਾਧੇ॥੨੨੯॥**

ਇਸ ਨੇ ਬੇਦਾਗਾਂ ਨੂੰ ਦਾਗ ਦਿੱਤਾ ਹੈ। ਅਮੋੜਾਂ ਨੂੰ ਮੋੜ ਦਿੱਤਾ ਹੈ। ਅਖਿੱਚਾਂ ਨੂੰ ਖਿੱਚ ਲਿਆ ਹੈ। ਅਜੋੜਾਂ ਨੂੰ ਜੋੜ ਲਿਆ ਹੈ। ਨਾ ਕੱਢੇ ਜਾਣ ਵਾਲਿਆਂ ਨੂੰ ਕੱਢ ਲਿਆ ਹੈ, ਅਸਾਧਾਂ ਨੂੰ ਸਾਧ

ਲਿਆ ਹੈ, ਅਫੱਟਾਂ ਨੂੰ ਫੱਟ ਲਾ ਦਿੱਤਾ ਹੈ, ਨਾ ਫਸਣ ਵਾਲਿਆਂ ਨੂੰ ਫਸਾ ਲਿਆ ਹੈ॥੨੨੯॥

**ਅਧੰਧ ਧੰਧੇ ਅਕੱਜ ਕੱਜੇ॥ ਅਭਿੰਨ ਭਿੰਨੇ ਅਭੱਜ ਭੱਜੇ॥**
**ਅਛੇੜ ਛੇੜੇ ਅਲੱਧ ਲੱਧੇ॥ ਅਜਿੱਤ ਜਿੱਤੇ ਅਬੱਧ ਬੱਧੇ॥੨੩੦॥**

ਇਸ ਨੇ ਧੰਧੇ ਤੋਂ ਹੀਣਿਆਂ ਨੂੰ ਧੰਧੇ ਵਿਚ ਪਾਇਆ ਹੈ, ਅਕੱਜਾਂ ਨੂੰ ਕੱਜਿਆ ਹੈ ਅਭਿੰਨਾਂ ਨੂੰ ਭਿੰਨ ਕਰ ਦਿੱਤਾ ਹੈ, ਨਾ ਭੱਜਨ ਵਾਲਿਆਂ ਨੂੰ ਭੰਨ ਦਿੱਤਾ ਹੈ। ਨਾ ਛਿੜਨ ਵਾਲਿਆਂ ਨੂੰ ਛੇੜ ਦਿੱਤਾ ਹੈ, ਨਾ ਲੱਭਣ ਵਾਲਿਆਂ ਨੂੰ ਲੱਭ ਲਿਆ ਹੈ, ਨਾ ਜਿਤੇ ਜਾਣ ਵਾਲਿਆਂ ਨੂੰ ਜਿੱਤ ਲਿਆ ਹੈ, ਨਾ ਬੱਝਨ ਵਾਲਿਆਂ ਨੂੰ ਬੰਧਨ ਵਿਚ ਪਾ ਦਿੱਤਾ ਹੈ॥੨੩੦॥

**ਅਚੀਰ ਚੀਰੇ ਅਤੋੜ ਤਾੜੇ॥ ਅਠੱਟ ਠੱਟੇ ਅਪਾੜ ਪਾੜੇ॥**
**ਅਧੱਕ ਧੱਕੇ ਅਪੰਗ ਪੰਗੇ॥ ਅਜੁੱਧ ਜੁੱਧੇ ਅਜੰਗ ਜੰਗੇ॥੨੩੧॥**

ਇਸ ਨੇ ਨਾ ਚੀਰੇ ਜਾਣ ਵਾਲਿਆਂ ਨੂੰ ਚੀਰ ਦਿੱਤਾ ਹੈ, ਨਾ ਤਾੜੇ ਜਾਣ ਵਾਲਿਆਂ ਨੂੰ ਤਾੜਿਆ ਹੈ। ਅਠੱਟ ਨੂੰ ਠੱਟਿਆ ਹੈ, ਨਾ ਪਾਟਨ ਵਾਲਿਆਂ ਨੂੰ ਪਾੜਿਆ ਹੈ। ਨਾ ਧੱਕੇ ਜਾਣ ਵਾਲਿਆਂ ਨੂੰ ਧਕਿਆ ਹੈ, ਅਪਿੰਗਲਾਂ ਨੂੰ ਪਿੰਗਲਾ ਕਰ ਦਿੱਤਾ ਹੈ। ਜੁੱਧ ਤੋਂ ਹੀਣਿਆਂ ਨੂੰ ਜੁੱਧ ਵਿਚ, ਅਤੇ ਜੰਗ ਤੋਂ ਹੀਣਿਆਂ ਨੂੰ ਜੰਗ ਵਿਚ ਫਸਾ ਦਿੱਤਾ ਹੈ॥੨੩੧॥

**ਅਕੁੱਟ ਕੁੱਟੇ ਅਘੁੱਟ ਘਾਏ॥ ਅਚੂਰ ਚੂਰੇ ਅਦਾਵ ਦਾਏ॥**
**ਅਭੀਰ ਭੀਰੇ ਅਭੰਗ ਭੰਗੇ॥ ਅਟੁੱਕ ਟੁੱਕੇ ਅਕੰਗ ਕੰਗੇ॥੨੩੨॥**

ਨਾ ਕੁਟੇ ਜਾਣ ਵਾਲਿਆਂ ਨੂੰ ਕੁੱਟਿਆ ਹੈ: ਨਾ ਘੁੱਟੇ ਜਾਣ ਵਾਲਿਆਂ ਨੂੰ ਘੁੱਟਿਆ ਹੈ। ਨਾ ਚੂਰਨ ਹੋਣ ਵਾਲਿਆਂ ਨੂੰ ਚੂਰਾ ਕਰ ਦਿੱਤਾ ਹੈ, ਨਾ ਦਾਅ ਵਿਚ ਫਸਣ ਵਾਲਿਆਂ ਨੂੰ ਦਾਅ ਵਿਚ ਲੈ ਫਸਾ ਲਿਆ ਹੈ। ਬਹਾਦਰਾਂ ਨੂੰ ਕਾਇਰ ਕਰ ਦਿੱਤਾ ਹੈ, ਅਭੰਗਾਂ ਨੂੰ ਭੰਨਿਆ ਹੈ। ਅਟੁੱਕਾਂ ਨੂੰ ਟੁੱਕਿਆ ਹੈ, ਅਕੰਗਾਂ ਨੂੰ ਕੰਗਿਆ ਹੈ॥੨੩੨॥

**ਅਖਿੱਦ ਖੇਦੇ ਅਢਾਹ ਢਾਹੇ॥ ਅਗੰਜ ਗੰਜੇ ਅਬਾਹ ਬਾਹੇ॥**
**ਅਮੁੰਨ ਮੁੰਨੇ ਅਹੇਹ ਹੇਹੇ॥ ਵਿਰੰਚਨ ਨਾਰੀ ਤੇ ਸੁੱਖ ਕੇਹੇ॥੨੩੩॥**

ਨਾ ਦੁਖੀ ਹੋਣ ਵਾਲਿਆਂ ਨੂੰ ਦੁਖੀ ਕੀਤਾ ਹੈ: ਨਾ ਢਹਿਣ ਵਾਲਿਆਂ ਨੂੰ ਢਾਹਿਆ ਹੈ। ਨਾ ਗੰਜਨ ਵਾਲਿਆਂ ਨੂੰ ਗੰਜਨ ਕੀਤਾ ਹੈ: ਨਾ ਪਕੜੇ ਜਾਣ ਵਾਲਿਆਂ ਨੂੰ ਫੜਿਆ ਹੈ। ਨਾ ਮੁੰਨੇ ਜਾਣ ਵਾਲਿਆਂ ਦਾ ਸਿਰ ਮੁੰਨਿਆ ਤੇ, ਨਾ ਧੱਕੇ ਖਾਣ ਵਾਲਿਆਂ ਨੂੰ ਧੱਕੇ ਮਾਰੇ ਹਨ। ਜਿਹੜੇ ਇਸ ਤਰ੍ਹਾਂ ਦੇ ਗੁਣਾਂ ਵਾਲੀ ਇਸਤ੍ਰੀ ਦੇ ਮੋਹ ਵਿਚ ਫਸੇ ਹਨ, ਤਿੰਨ੍ਹਾਂ ਨੂੰ ਸੁੱਖ ਕੇਹਾ ਹੈ ? ਜੋ ਇਸਤ੍ਰੀਆਂ ਦੇ ਮੋਹ ਵਿਚ ਫਸਿਆ ਹੈ, ਉਨ੍ਹਾਂ ਨੂੰ ਕਦੇ ਵੀ ਸੁੱਖ ਨਹੀਂ ਹੋਵੇਗਾ॥੨੩੩॥

ਦੋਹਰਾ ॥ ਇਹ ਬਿਧਿ ਕੇਕਈ ਹਠ ਗਹ੍ਯੋ ਬਰ ਮਾਂਗਨ ਨ੍ਰਿਪ ਤੀਰ ॥
ਅਤਿ ਆਤਰ ਕਿਆ ਕਹਿ ਸਕੈ ਬਿਧ੍ਯੋ ਕਾਮ ਕੇ ਤੀਰ ॥ ੨੩੪ ॥

ਇਸ ਤਰ੍ਹਾਂ ਇਸਤ੍ਰੀ ਕੇਕਈ ਨੇ ਰਾਜੇ ਪਾਸੋਂ ਵਰ ਮੰਗਣ ਲਈ ਹਠ ਫੜਿਆ ਹੋਇਆ ਸੀ। ਕਾਮ ਦੇ ਤੀਰ ਦਾ ਵਿੰਨ੍ਹਿਆ ਹੋਇਆ ਰਾਜਾ ਦਸਰਥ ਵੱਡਾ ਦੁਖੀ ਹੋ ਰਿਹਾ ਸੀ, ਪਰ ਕਹਿ ਕੀ ਸਕਦਾ ਸੀ॥ ੨੩੪ ॥

ਬਹੁ ਬਿਧਿ ਪਰ ਪਾਇਨ ਰਹੇ ਮੋਰੇ ਬਚਨ ਅਨੇਕ ॥
ਗਹਿਅਉ ਹਠਿ ਅਬਲਾ ਰਹੀ ਮਾਨ੍ਯੋ ਬਚਨ ਨ ਏਕ ॥ ੨੩੫ ॥

ਬਹੁਤ ਤਰ੍ਹਾਂ ਕਰ ਕੇ ਰਾਜਾ ਰਾਣੀ ਦੇ ਪੈਰੀਂ ਪੈ ਰਿਹਾ ਸੀ, ਅਨੇਕਾਂ ਵਾਰ ਨਾ ਨਾ ਦੇ ਬਚਨ ਵੀ ਕਹੇ ਸਨ, ਪਰ ਇਸਤ੍ਰੀ ਵੱਡੇ ਹਠ ਨੂੰ ਫੜ ਰਹੀ ਸੀ: ਉਸ ਨੇ ਇਕ ਬਚਨ ਵੀ ਨਹੀਂ ਮੰਨਿਆ ॥ ੨੩੫ ॥

ਬਰ ਦ੍ਯੋ ਮੈ ਛੋਰੋ ਨਹੀ ਤੈਂ ਕਰਿ ਕੋਟਿ ਉਪਾਇ ॥
ਘਰ ਮੋ ਸੁਤ ਕਉ ਦੀਜੀਐ ਬਨਬਾਸੈ ਰਘੁਰਾਇ ॥ ੨੩੬ ॥

ਪਰ ਕੇਕਈ ਕਹਿ ਰਹੀ ਹੈ ਕਿ ਤੁਸਾਂ ਵਰ ਦਿੱਤਾ ਸੀ, ਹੁਣ ਮੈਂ ਨਹੀਂ ਛੱਡਾਂਗੀ, ਭਾਵੇਂ ਤੁਸੀਂ ਕ੍ਰੋੜਾਂ ਉਪਾਓ ਕਰੋ। ਮੇਰੇ ਪੁੱਤਰ ਨੂੰ ਘਰ ਵਿਚ ਰਾਜ ਦੇਵੋ ਅਤੇ ਰਾਮ ਚੰਦ੍ਰ ਨੂੰ ਬਨਵਾਸ ਦਿਓ ॥ ੨੩੬ ॥

ਭੂਪ ਧਰਨ ਬਿਨ ਬੁੱਧਿ ਗਿਰ੍ਯੋ ਸੁਨਤ ਬਚਨ ਤ੍ਰਿਯ ਕਾਨ ॥
ਜਿਮ ਮ੍ਰਿਗੇਸ਼ ਬਨ ਕੇ ਬਿਖੈ ਬਧ੍ਯੋ ਬਧ ਕਰਿ ਬਾਨ ॥ ੨੩੭ ॥

ਇਸਤ੍ਰੀ ਦੇ ਬਚਨ ਕੰਨੀਂ ਸੁਣਦਿਆਂ ਹੀ ਰਾਜਾ ਬੇਸੁਧ ਹੋ ਕੇ ਧਰਤੀ ਤੇ ਡਿੱਗ ਪਿਆ। ਜਿਸ ਤਰ੍ਹਾਂ ਬਨ ਦੇ ਵਿਚ ਸ਼ਿਕਾਰੀ ਦੇ ਤੀਰ ਨਾਲ ਵਿੰਨ੍ਹਿਆ ਹੋਇਆ ਸ਼ੇਰ ਡਿੱਗ ਪੈਂਦਾ ਹੈ ॥ ੨੩੭ ॥

ਤਰਫਰਾਤ ਪ੍ਰਿਥਵੀ ਪਰ੍ਯੋ ਸੁਨਿ ਬਨ ਰਾਮ ਉਚਾਰ ॥
ਪਲਕ ਪ੍ਰਾਨ ਤਜਾਗੇ ਤਜਤ ਮੱਧਿ ਸਫਰਿ ਸਰ ਬਾਰ ॥ ੨੩੮ ॥

ਰਾਮ ਨੂੰ ਬਣ ਵਿਚ ਭੇਜਣ ਦੇ ਸ਼ਬਦ ਸੁਣ ਕੇ ਰਾਜਾ ਧਰਤੀ ਤੇ ਪਿਆ ਇਸ ਤਰ੍ਹਾਂ ਤੜਫਿਆ ਜਿਵੇਂ ਜਲ ਵਿਚੋਂ ਬਾਹਰ ਪਈ ਮੱਛੀ ਤੜਫਦੀ ਹੈ ॥ ੨੩੮ ॥

ਰਾਮ ਨਾਮ ਸ੍ਰਵਨਨ ਸੁਣ੍ਯੋ ਉਠਿ ਥਿਰ ਭਯੋ ਸੁਚੇਤ ॥
ਜਨੁ ਰਣ ਸੁਭਟ ਗਿਰ੍ਯੋ ਉਠ੍ਯੋ ਗਹਿ ਅਸ ਨਿਡਰ ਸੁਚੇਤ ॥ ੨੩੯ ॥

ਰਾਜੇ ਨੇ ਜਦੋਂ ਰਾਮ ਦਾ ਨਾਮ ਕੰਨਾਂ ਨਾਲ ਸੁਣਿਆ, ਉਸੇ ਵੇਲੇ ਸੁਚੇਤ ਹੋ ਕੇ ਉਠ ਬੈਠਾ।

ਮਾਨੋ। ਲੜਾਈ ਵਿਚ ਡਿੱਗਾ ਘਾਇਲ ਹੋਇਆ ਸੂਰਮਾ ਖੜਾ ਹੋਇਆ ਹੋਵੇ॥ ੨੩੯॥

**ਪ੍ਰਾਨ ਪਤਨ ਨ੍ਰਿਪ ਬਰ ਸਹੋ ਧਰਮ ਨ ਛੋਰਾ ਜਾਇ॥**
**ਦੈਨ ਕਹੇ ਜੋ ਬਰ ਹੁਤੇ ਤਨ ਜੁਤ ਦਏ ਉਠਾਇ॥ ੨੪੦॥**

ਰਾਮ ਨੇ ਕਿਹਾ, "ਹੇ ਮਹਾਰਾਜ ਪ੍ਰਾਣ ਜਾਂਦੇ ਹਨ ਤਾਂ ਜਾਣ, ਪਰ ਧਰਮ ਨੂੰ ਛੱਡਣਾ ਠੀਕ ਨਹੀਂ। ਜਿਹੜੇ ਦੋ ਵਰ ਆਪਣੇ ਕੈਕਈ ਮਾਤਾ ਨੂੰ ਦੇਣੇ ਮੰਨੇ ਹਨ, ਉਹ ਆਪਣੇ ਤਨ ਬਲ ਨਾਲ ਪੂਰੇ ਕਰੋ॥ ੨੪੦॥

### *ਕੇਕਈ ਬਾਚ ਨ੍ਰਿਪੋ ਬਾਚ॥ ਬਸ਼ਿਸ਼ਟ ਸੌਂ॥*

**ਰਾਮ ਪਯਾਨੋ ਬਨ ਕਰੈ ਭਰਥ ਕਰੈ ਠਕੁਰਾਇ॥**
**ਬਰਖ ਚਤਰ ਦਸ ਕੇ ਬਿਤੇ ਫਿਰਿ ਰਾਜਾ ਰਘੁਰਾਇ॥ ੨੪੧॥**

ਕੇਕਈ ਨੇ ਰਾਜਾ ਦਸਰਥ ਅਤੇ ਵਿਸ਼ਿਸਟ ਨੂੰ ਕਿਹਾ-ਰਾਮ ਬਨ ਵਿਚ ਜਾਵੇ ਅਤੇ ਭਰਥ ਰਾਜ ਕਰੇ। ਚੌਦਾਂ ਬਰਸ ਗੁਜ਼ਰ ਜਾਣ ਮਗਰੋਂ ਸ੍ਰੀ ਰਾਮ ਚੰਦ੍ਰ ਜੀ ਰਾਜਾ ਹੋਵਣਗੇ॥ ੨੪੧॥

**ਕਹੀ ਬਸ਼ਿਸ਼ਟ ਸੁਧਾਰ ਕਰਿ ਸ੍ਰੀ ਰਘੁਬੀਰ ਸੋ ਜਾਇ॥**
**ਬਰਖ ਚਤੁਰ ਦਸ ਭਰਥ ਨ੍ਰਿਪ ਪੁਨਿ ਨ੍ਰਿਪ ਸ੍ਰੀ ਰਘੁਰਾਇ॥ ੨੪੨॥**

ਇਹ ਗੱਲ ਸੁਧਾਰ ਕੇ ਵਸ਼ਿਸਟ ਨੇ ਸ੍ਰੀ ਰਾਮ ਚੰਦ੍ਰ ਜੀ ਨੂੰ ਜਾ ਕੇ ਆਖੀ ਕਿ ਚੌਦਾਂ ਵਰ੍ਹੇ ਭਰਥ ਰਾਜ ਕਰੇਗਾ, ਮਗਰੋਂ ਤੁਸੀਂ ਰਾਜਾ ਹੋਵੋਗੇ॥ ੨੪੨॥

**ਸੁਨਿ ਬਸ਼ਿਸ਼ਟ ਕੋ ਬਚ ਸ੍ਰਵਣ ਰਘੁਪਤਿ ਫਿਰੇ ਸਸੋਗ॥**
**ਉਤ ਦਸਰਥ ਤਨ ਕੋ ਤਜਯੋ ਸ੍ਰੀ ਰਘੁਬੀਰ ਬਿਯੋਗ॥ ੨੪੩॥**

ਵਸ਼ਿਸਟ ਜੀ ਦੇ ਬਚਨ ਕੰਨੀਂ ਸੁਣ ਕੇ, ਸ੍ਰੀ ਰਾਮ ਜੀ ਉਦਾਸ ਹੋ ਕੇ ਘਰ ਨੂੰ ਮੁੜ ਆਏ। ਉਧਰ ਦਸਰਥ ਰਾਜੇ ਨੇ ਸ੍ਰੀ ਰਾਮਚੰਦ੍ਰ ਜੀ ਦੇ ਵਿਯੋਗ ਵਿਚ ਸਰੀਰ ਤਿਆਗ ਦਿੱਤਾ॥ ੨੪੩॥

**ਸੋਰਠਾ॥ ਗ੍ਰਿਹਿ ਆਵਤ ਰਘੁਰਾਇ ਸਭੁ ਧਨ ਦੀਯੋ ਲੁਟਾਇ ਕੈ॥**
**ਕਟਿ ਤਰਕਸ਼ੀ ਸੁਹਾਇ ਬੋਲਤ ਭੇ ਸੀਅ ਸੋ ਬਚਨ॥ ॥ ੨੪੪॥**

ਘਰ ਆਉਂਦਿਆਂ ਹੀ ਸ੍ਰੀ ਰਾਮ ਚੰਦ੍ਰ ਜੀ ਨੇ ਸਾਰਾ ਧਨ ਲੁਟਾ ਦਿੱਤਾ। ਉਨ੍ਹਾਂ ਦੇ ਲੱਕ ਨਾਲ ਛੋਟੀ ਜੇਹੀ ਤੀਰਾਂ ਦੀ ਭੱਥੀ ਸੋਭਦੀ ਸੀ, ਉਹ ਸੀਤਾ ਨੂੰ ਕਹਿਣ ਲੱਗੇ॥ ੨੪੪॥

**ਸੁਨਿ ਸੀਅ ਸੁਜੱਸ ਸੁਜਾਨ ਰਹੋ ਕੌਸ਼ੱਲਿਆ ਤੀਰ ਤੁਮ॥**
**ਰਾਜ ਕਰਉ ਫਿਰਿ ਆਨ ਤੋਹਿ ਸਹਿਤ ਬਨਬਾਸ ਬਸਿ॥ ੨੪੫॥**

ਹੇ ਸਿਆਣੀ ਸੁਜਾਨ ਸੀਤਾ! ਸੁਣੋ, ਤੂੰ ਕੌਸ਼ਲਿਆ ਦੇ ਕੋਲ ਰਹੋ, ਮੈਂ ਚੌਦਾਂ ਵਰ੍ਹੇ ਬਨਵਾਸ ਵੱਸ ਕੇ ਫੇਰ ਆਣ ਕੇ ਤੇਰੇ ਸਹਿਤ ਰਾਜ ਕਰਾਂਗਾ॥੨੪੫॥

## ਸੀਤਾ ਬਾਚ ਰਾਮ ਸੋਂ॥

**ਮੈ ਨ ਤਜੋਂ ਪੀਅ ਸੰਗਿ ਕੈਸੋਈ ਦੁਖ ਜੀਅ ਪੈ ਪਰੇ।**
**ਤਨਕ ਨ ਮੋਰਉ ਅੰਗਿ ਅੰਗਿ ਤੇ ਹੋਇ ਅਨੰਗ ਕਿਨ॥੨੪੬॥**

ਸੀਤਾ ਨੇ ਸ੍ਰੀ ਰਾਮ ਜੀ ਨੂੰ ਕਿਹਾ-ਸੁਆਮੀ ਜੀ! ਮੈਂ ਤੁਹਾਡਾ ਸਾਥ ਨਹੀਂ ਛੱਡਾਂਗੀ, ਭਾਵੇਂ ਕੈਸਾ ਵੀ ਦੁੱਖ ਮੇਰੇ ਸਰੀਰ ਤੇ ਪੈ ਜਾਵੇ। ਛਿਨ ਭਰ ਭੀ ਤੁਹਾਥੋਂ ਅੰਗ ਭਾਵ ਮੂੰਹ ਨਹੀਂ ਮੋੜਾਂਗੀ। ਚਾਹੇ ਮੇਰਾ ਸਰੀਰ ਨਾ ਰਹੇ॥੨੪੬॥

## ਰਾਮ ਬਾਚ ਸੀਤਾ ਪ੍ਰਤਿ॥ ਮਨੋਹਰ ਛੰਦ॥

**ਜਉ ਨ ਰਹਉ ਸਸੁਰਾਰ ਕ੍ਰਿਸੋਦਰ ਜਾਹਿ ਪਿਤਾ ਗ੍ਰਿਹ ਤੋਹਿ ਪਠੈ ਦਿਉ॥**
**ਨੇਕ ਸੁ ਭਾਨਨ ਤੇ ਹਮ ਕੱਉ ਜੋਈ ਠਾਟ ਕਹੋ ਸੋਈ ਗਾਠ ਗਿਠੈ ਦਿਉ॥**
**ਜੇ ਕਿਛੁ ਚਾਹ ਕਰੋ ਧਨ ਕੀ ਟੂਕ ਮੋਹ ਕਹੋ ਸਭ ਤੋਹਿ ਉਠੈ ਦਿਉ॥**
**ਕੇਤਕ ਅਉਧ ਕੋ ਰਾਜ ਸਲੋਚਨ ਰੰਕ ਕੋ ਲੰਕ ਨਿਸ਼ੰਕ ਲੁਟੈ ਦਿਉ॥੨੪੭॥**

ਪਦ ਅਰਥ - ਸਸੁਰਾਨ=ਸਹੁਰਾ ਘਰ। ਕ੍ਰਿਸੋਦਰਿ=ਪਤਲੇ ਲੱਕ ਵਾਲੀ। ਸੁ ਭਾਨਨ=ਸੋਹਣਾ ਮੁਖ। ਗਾਠ=ਜੋੜ। ਕੇਤਕ=ਕੀ ਹੈ? ਅਉਧ=ਅਯੁਧਜਾ। ਸਲੋਚਨਾ=ਸੁੰਦਰ ਅੱਖਾਂ ਵਾਲੀਏ!

ਰਾਮ ਨੇ ਸੀਤਾ ਨੂੰ ਕਿਹਾ-ਹੇ ਪਤਲੇ ਲੱਕ ਵਾਲੀ ਸੀਤਾ! ਜੇ ਤੂੰ ਇਥੇ ਸਹੁਰੇ ਘਰ ਵਿਚ ਨਾ ਰਹਿਣਾ ਚਾਹੇਂ ਤਾਂ ਪਿਤਾ ਦੇ ਘਰ ਚਲੀ ਜਾਹੁ, ਮੈਂ ਹੁਣੇ ਹੀ ਤੈਨੂੰ ਭੇਜ ਦਿੰਦਾ ਹਾਂ। ਤੂੰ ਆਪਣੇ ਸੋਹਣੇ ਮੁਖ ਤੋਂ ਥੋੜ੍ਹਾ ਜਿਹਾ ਇਸ਼ਾਰਾ ਕਰ ਜਿਹੜੀ ਗੱਲ ਕਹੇਂਗੀ, ਮੈਂ ਉਹੀ ਜੋੜ, ਜੋੜ-ਦੇਵਾਂਗਾ, ਜੇ ਤੇਰੇ ਮਨ ਵਿਚ ਧਨੁ ਦੀ ਕੁਝ ਚਾਹ ਹੈ? ਤਾਂ ਰਤਾ ਮਾਤ੍ਰ ਮੈਨੂੰ ਕਹੋ, ਇਹ ਸਾਰਾ ਧਨ ਚੁੱਕ ਕੇ ਤੈਨੂੰ ਦੇ ਦੇਵਾਂ? ਹੇ ਸੁਲੋਚਨੀ! ਅਯੁਧਿਆ ਦਾ ਰਾਜ ਕੀ ਹੈ, ਜੇ ਤੂੰ ਕਹੇਂ ਤਾਂ ਨਿਡੱਰ ਹੋ ਕੇ ਲੰਕਾ ਦਾ ਰਾਜ ਕੰਗਾਲਾਂ ਤੋਂ ਲੁਟਵਾ ਦੇਵਾਂ? ॥੨੪੭॥

**ਘੋਰ ਸੀਅ ਬਨ ਤੂੰ ਸੁ ਕੁਮਾਰ ਕਹੋ ਹਮਸੋਂ ਕਸ ਤੈ ਨਿਬਹੈ ਹੈ॥**
**ਗੁੰਜਤ ਸਿੰਘ ਡਕਾਰਤ ਕੋਲ ਭਯਾਨਕ ਭੀਲ ਲਖੇ ਭ੍ਰਮ ਐਹੈ॥**
**ਸੂੰਕਤ ਸਾਪ ਬਕਾਰਤ ਬਾਘ ਭਕਾਰਤ ਭੂਤ ਮਹਾ ਦੁਖ ਪੈਹੈ॥**
**ਤੂੰ ਸੁ ਕੁਮਾਰ ਰਚੀ ਕਰਤਾਰ ਬਿਚਾਰ ਚਲੇ ਤੁਹਿ ਕਿਉਂ ਬਨਿ ਐਹੈ॥੨੪੮॥**

ਹੇ ਸੀਤਾ! ਜੰਗਲ ਡਰਾਉਣਾ ਹੈ, ਤੂੰ ਰਾਜ ਕੁਮਾਰੀ ਹੈਂ, ਮੈਨੂੰ ਦੱਸ, ਤੇਰਾ ਸਾਡੇ ਨਾਲ ਕਿਸ ਤਰ੍ਹਾਂ ਨਿਰਬਾਹ ਹੋਵੇਗਾ? ਸ਼ੇਰ ਗੂੰਜਦੇ ਹਨ, ਸੂਰ ਡਕਾਰ ਮਾਰਦੇ ਹਨ, ਡਰੌਣੇ ਭੀਲਾਂ ਨੂੰ ਵੇਖ ਕੇ ਡਰ ਆਵੇਗਾ। ਸੱਪ ਸੂਕਦੇ ਹਨ, ਚਿੱਤਰੇ ਬਕਾਰਦੇ ਹਨ, ਭੂਤ ਭਕਾਰਦੇ ਹਨ, ਇਸ ਲਈ ਬਹੁਤਾ ਦੁੱਖ ਪਾਵੇਂਗੀ। ਤੂੰ ਸੁੰਦਰ ਰਾਜ ਕੁਮਾਰੀ ਹੈਂ, ਤੈਨੂੰ ਕਰਤਾਰ ਨੇ ਐਸਾ ਹੀ ਰਚਿਆ ਹੈ, ਵੀਚਾਰ ਕੇ ਤੁਰ, ਕਿ ਉਥੇ ਤੇਰੀ ਕਿਸ ਤਰ੍ਹਾਂ ਬਣਿ ਆਵੇਗੀ?॥੨੪੮॥

## ਸੀਤਾ ਵਾਚ ਰਾਮ ਸੋਂ॥

**ਸੂਲ ਸਹੋਂ ਤਨ ਸੂਕ ਰਹੋਂ ਪਰ ਸੀ ਨ ਕਹੋਂ ਸਿਰ ਸੂਲ ਸਹੋਂਗੀ॥**
**ਬਾਘ ਬੁਕਾਰ ਫਨੀਨ ਫੁਕਾਰ ਸੁ ਸੀਸ ਗਿਰੋ ਪਰ ਸੀ ਨ ਕਹੋਂਗੀ॥**
**ਬਾਸ ਕਹਾ ਬਨਬਾਸ ਭਲੋ ਨਹੀ ਪਾਸ ਤਜੋ ਪੀਯ ਪਾਇ ਗਹੋਂਗੀ॥**
**ਹਾਸ ਕਹਾ ਇਹ ਉਦਾਸ ਸਮੈ ਗ੍ਰਿਹਆਸ ਰਹੋ ਪਰ ਮੈ ਨ ਰਹੋਂਗੀ॥੨੪੯॥**

ਸੂਲ ਸਹਾਰਾਂਗੀ, ਤਨ ਸੁੱਕ ਜਾਵੇ, ਸਾਰੇ ਸਿਰ ਤੇ ਦੁੱਖ ਸਹਾਰਾਂਗੀ, ਪਰ 'ਸੀ' ਮੁੱਖੋਂ ਨਹੀਂ ਕਹਾਂਗੀ। ਸ਼ੇਰਾਂ ਦਾ ਬੋਲਣਾ, ਸੱਪਾਂ ਦਾ ਸ਼ੂਕਨਾ ਆਦਿਕ ਦੁੱਖਾਂ ਦਾ ਪਹਾੜ ਸਿਰ ਉਤੇ ਡਿਗ ਪਵੇ, ਪਰ ਮੈਂ 'ਸੀ' ਕਦੇ ਵੀ ਨਹੀਂ ਕਹਾਂਗੀ। ਮਹਲ ਨਾਲੋਂ, ਵਣ ਦਾ ਵਸਣਾ ਚੰਗਾ ਹੈ, ਪਤੀ ਜੀ! ਮੈਂ ਤੁਹਾਡਾ ਸਾਥ ਨਹੀਂ ਛੱਡਾਂਗੀ, ਤੁਹਾਡੇ ਚਰਨ ਫੜਾਂਗੀ। ਇਸ ਦੁੱਖ ਦੇ ਸਮੇਂ ਜਦ ਮੇਰਾ ਪਤੀ ਵਣ ਵਿਚ ਹੋਵੇ ਤੇ ਮਹਿਲਾਂ ਵਿਚ ਖੁਸ਼ੀਆਂ ਮੰਨਾਵਾਂ, ਹੇ ਪਤੀ ਦੇਵ! ਇਸ ਗੱਲ ਦੀ ਮੈਥੋਂ ਆਸ ਨ ਰੱਖੋ॥੨੪੯॥

## ਰਾਮ ਵਾਚ ਸੀਤਾ ਪ੍ਰਤਿ॥

**ਰਾਸ ਕਹੋ ਤੁਹਿ ਬਾਸ ਕਰੋ ਗ੍ਰਿਹ ਸਾਸੁ ਕੀ ਸੇਵ ਭਲੀ ਬਿਧਿ ਕੀਜੈ॥**
**ਕਾਲ ਹੀ ਬਾਸ ਬਨੈ ਮ੍ਰਿਗ ਲੋਚਨਿ ਰਾਜ ਕਰੋਂ ਤੁਮ ਸੋ ਸੁਨ ਲੀਜੈ॥**
**ਜੌਨ ਲਗੈ ਜੀਯ ਅਉਧ ਸੁਭਾਨਨਿ ਜਾਹਿ ਪਿਤਾ ਗ੍ਰਿਹ ਸਾਚ ਭਨੀਜੈ॥**
**ਤਾਤ ਕੀ ਬਾਤ ਗਡੀ ਜੀਯ ਜਾਤ ਸਿਧਾਤ ਬਨੈ ਮੁਹਿ ਆਇਸ ਦੀਜੈ॥੨੫੦॥**

ਰਾਮ ਨੇ ਸੀਤਾ ਨੂੰ ਕਿਹਾ-ਹੇ ਸੀਤਾ! ਮੈਂ ਸੱਚ ਕਹਿੰਦਾ ਹਾਂ, ਤੁਸੀਂ ਘਰ ਵਿਚ ਨਿਵਾਸ ਕਰੋ ਅਤੇ ਚੰਗੀ ਤਰ੍ਹਾਂ ਨਾਲ ਸੱਸ ਦੀ ਸੇਵਾ ਕਰਨੀ। ਹੇ ਮ੍ਰਿਗ ਨੈਣੀ! ਸੁਣੋ ਬਨਵਾਸ ਦਾ ਸਮਾਂ ਗੁਜਾਰ ਕੇ ਕੱਲ ਹੀ ਵਾਪਸ ਆ ਕੇ ਮੈਂ ਤੁਹਾਡੇ ਨਾਲ ਮਿਲ ਕੇ ਰਾਜ ਕਰਾਂਗਾ। ਹੇ ਚੰਦ੍ਰ ਮੁਖੀ! ਜੇਕਰ ਜੀਅ ਅਯੁਧਿਆ ਵਿਚ ਨਾ ਲੱਗੇ ਤਾਂ ਪਿਤਾ ਜੀ ਦੇ ਘਰ ਚਲੇ ਜਾਓ, ਮੈਂ ਸਚ ਕਹਿੰਦਾ ਹਾਂ। ਪਿਤਾ ਜੀ ਦੀ ਗੱਲ ਮੇਰੇ ਚਿੱਤ ਵਿਚ ਵੱਸ ਗਈ ਹੈ, ਇਸ ਲਈ ਮੈਨੂੰ ਵਣ ਵਿਚ ਜਾਣਾ ਚਾਹੀਦਾ ਹੈ

ਤੁਸੀਂ ਹੁਣ ਮੈਨੂੰ ਆਗਿਆ ਦੇ ਦਿਓ॥ ੨੫੦॥

## ਲਛਮਣ ਵਾਚ॥

**ਬਾਤ ਇਤੈ ਇਹ ਭਾਂਤ ਭਈ ਸੁਨ ਆਇਗੇ ਭ੍ਰਾਤ ਸਰਾਸਨ ਲੀਨੇ॥**
**ਕਉਨ ਕੁਪੂਤ ਭਯੋ ਕੁਲ ਮੇ ਜਿਨ ਰਾਮਹਿ ਬਾਸ ਬਨੈ ਕਹੁ ਦੀਨੇ॥**
**ਕਾਮ ਕੇ ਬਾਨ ਬਧਿਯੋ ਬਸ ਕਾਮਨ ਕੂਰ ਕੁਚਾਲ ਮਹਾ ਮਤਿ ਹੀਨੇ॥**
**ਰਾਂਡ ਕੁਭਾਂਡ ਕੇ ਹਾਥ ਬਿਕਿਯੋ ਕਪਿ ਨਾਚਤ ਨਾਚ ਛਰੀ ਜਿਮ ਚੀਨੇ॥ ੨੫੧॥**

ਇਧਰ ਇਸ ਤਰ੍ਹਾਂ ਦੀ ਗੱਲ ਹੋਈ, ਜਿਸ ਨੂੰ ਸੁਣ ਕੇ ਭਰਾਤਾ ਲਛਮਣ ਹੱਥ ਵਿਚ ਧਨੁੱਖ ਬਾਨ ਲੈ ਕੇ ਆ ਗਿਆ। ਕਹਿਣ ਲੱਗਾ-ਸੂਰਜ ਕੁਲ ਵਿਚ ਕੌਣ ਕਪੁੱਤ੍ਰ ਪੈਦਾ ਹੋਇਆ ਹੈ ਜਿਸ ਨੇ ਰਾਮ ਨੂੰ ਬਨਵਾਸ ਦਿੱਤਾ ਹੈ। ਕਾਮ ਦੇ ਬਾਣ ਦਾ ਵਿੰਨਿਆ, ਇਸਤ੍ਰੀ ਦੇ ਵਸ ਹੋਣ ਵਾਲਾ ਮਤ ਤੋਂ ਹੀਣਾ ਹੈ। ਉਹ ਉਸ ਮਾੜੀ ਇਸਤਰੀ ਦੇ ਹੱਥ ਵਿਕਿਆ ਹੋਇਆ ਏਦਾਂ ਨੱਚਦਾ ਹੈ, ਜਿਵੇਂ ਸੋਟੀ ਦੇ ਇਸ਼ਾਰੇ ਨੂੰ ਪਛਾਣ ਕੇ ਬਾਂਦਰ ਨੱਚਦਾ ਹੈ॥ ੨੫੧॥

**ਕਾਮ ਕੋ ਡੰਡ ਲੀਏ ਕਰ ਕੇਕਈ ਬਾਨਰ ਜਿਉ ਨ੍ਰਿਪ ਨਾਚ ਨਚਾਵੈ॥**
**ਐਠਨ ਐਠ ਅਮੈਠ ਲੀਏ ਢਿਗ ਬੈਠ ਸੂਆ ਜਿਮ ਪਾਠ ਪੜ੍ਹਾਵੈ॥**
**ਸਉਤਨ ਸੀਸ ਹ੍ਵੈ ਈਸਕ ਈਸ ਪ੍ਰਿਥੀਸ ਜਿਉ ਚਾਮ ਕੇ ਦਾਮ ਚਲਾਵੈ॥**
**ਕੂਰ ਕਜਾਤ ਕੁਪੰਥ ਦੁਰਾਨਨ ਲੋਗ ਗਯੋ ਪਰਲੋਕ ਗਵਾਵੈ॥ ੨੫੨॥**

ਕਲੰਦਰ ਰੂਪ ਕੇਕਈ ਹੈ, ਜੋ ਕਾਮ ਦੀ ਸੋਟੀ ਹੱਥ ਵਿਚ ਲੈ ਕੇ, ਬਾਂਦਰ ਵਾਂਗੂੰ ਰਾਜੇ ਦਸਰਥ ਨੂੰ ਨਾਚ ਨਚਾਉਂਦੀ ਹੈ। ਅਭਿਮਾਨ ਦੀ ਭਰੀ ਅਭਿਮਾਨਨੀ ਨੇ ਅਮੋੜਤਾ ਧਾਰ ਕੇ ਤੇ ਕੋਲ ਬੈਠ ਕੇ ਰਾਜੇ ਨੂੰ ਤੋਤੇ ਵਾਂਗੂੰ ਪਾਠ ਪੜ੍ਹਾਇਆ ਹੈ। ਸੁਆਮੀ ਦਾ ਸੁਆਮੀ ਹੋ ਕੇ, ਸੌਂਕਣਾਂ ਦੇ ਸਿਰ ਉਤੇ ਰਾਜੇ ਵਾਂਗੂੰ ਚੰਮ ਦੇ ਚਲਾਉਂਦੀ ਹੈ, ਅਰਥਾਤ ਕੇਕਈ ਪਤੀ ਦਾ ਮਾਲਕ ਹੋ ਕੇ, ਸੌਂਕਣਾ ਦੇ ਸਿਰ ਉਤੇ ਮਨ ਮਰਜੀ ਦੇ ਹੁਕਮ ਤੋਰਦੀ ਹੈ। ਭੈੜੇ ਮੂੰਹ ਵਾਲੀ, ਝੂਠੀ, ਨੀਚ ਜਾਤ ਵਾਲੀ, ਭੈੜੇ ਰਾਹ ਤੇ ਚਲ ਕੇ ਇਸ ਲੋਕ ਨੂੰ ਤਾਂ ਗੁਵਾ ਚੁਕੀ ਹੈ ਅਤੇ ਹੁਣ ਪ੍ਰਲੋਕ ਨੂੰ ਗੁਆਉਣ ਲੱਗੀ ਹੈ॥ ੨੫੨॥

**ਲੋਗ ਕੁਟੇਵ ਲਗੇ ਉਨ ਕੀ ਪ੍ਰਭ ਪਾਵ ਤਜੇ ਮੁਹਿ ਕਜੋ ਬਨ ਐਹੈ॥**
**ਜਿਉ ਹਟ ਬੈਠ ਰਹੋ ਘਰਿ ਮੋ ਜਸ ਕਜੋ ਚਲਿਹੈ ਰਘੁਬੰਸ ਲਜੈ ਹੈ॥**
**ਕਾਲ ਹੀ ਕਾਲ ਉਚਾਰਤ ਕਾਲ ਗਯੋ ਇਹ ਕਾਲ ਸਭੋ ਛਲ ਜੈਹੈ॥**
**ਧਾਮ ਰਹੋ ਨਹੀ ਸਾਚ ਕਹੋਂ ਇਹ ਘਾਤ ਗਈ ਫਿਰ ਹਾਥ ਨ ਐਹੈ॥ ੨੫੩॥**

ਲਛਮਣ ਨੇ ਕਿਹਾ, "ਤੁਸੀਂ ਤਾਂ ਲੋਕਾਂ ਦੀਆਂ ਕੋੜੀਆਂ ਗੱਲਾਂ ਵਿਚ ਆ ਗਏ ਹੋ, ਪਰ ਤੁਸੀਂ ਮੈਨੂੰ ਆਪਣੇ ਚਰਨਾਂ ਨਾਲੋਂ ਤੋੜ ਕੇ ਕਿਉਂ ਵਣ ਨੂੰ ਜਾ ਰਹੇ ਹੋ ? ਘਰ ਵਿਚ ਰਹੋ ਨਹੀਂ ਤਾਂ ਰਘੁਕੁਲ ਦੀ ਬਦਨਾਮੀ ਹੋਵੇਗੀ। ਆਪ ਦੇ ਜਾਣ ਪਿਛੋਂ ਸਾਰੇ ਕਾਲ ਦਾ ਸ਼ਿਕਾਰ ਹੋ ਜਾਣਗੇ। ਹੇ ਭਾਈ ! ਮੈਂ ਇਹ ਸੱਚ ਕਹਿੰਦਾ ਹਾਂ ਕੈਕਈ ਦਾ ਕੀਤਾ ਹੋਇਆ ਇਹ ਵਾਰ ਜੇ ਸਫਲ ਹੋ ਗਿਆ ਤਾਂ ਕੁਝ ਵੀ ਹੱਥ ਵਿਚ ਨਹੀਂ ਆਉਣਾ ॥੨੫੩॥

**ਚਾਂਪ ਧਰੈ ਕਰ ਚਾਰ ਕੁ ਤੀਰ ਤੁਨੀਰ ਕਸੇ ਦੋਊ ਬੀਰ ਸੁਹਾਏ ॥**
**ਆਵਧ ਰਾਜ ਤ੍ਰੀਯਾ ਜਿਹ ਸੋਭਤ ਹੋਨ ਬਿਦਾ ਤਿਹ ਤੀਰ ਸਿਧਾਏ ॥**
**ਪਾਇ ਪਰੇ ਭਰ ਨੈਨ ਰਹੇ ਭਰ ਮਾਤ ਭਲੀ ਬਿਧ ਕੰਠ ਲਗਾਏ ॥**
**ਬੋਲੇ ਤੇ ਪੂਤ ਨ ਆਵਤ ਧਾਮ ਬੁਲਾਇ ਲਿਉਂ ਆਪਨ ਤੇ ਕਿਮੁ ਆਏ ॥ ੨੫੪ ॥**

ਹੱਥ ਵਿਚ ਧਨੁੱਖ ਧਰਿ ਲਿਆ ਸੁੰਦਰ ਛੋਟੀ ਤਲਵਾਰ ਅਤੇ ਭੱਥਾ ਲੱਕ ਨਾਲ ਕੱਸ ਲਿਆ ਇਸ ਤਰ੍ਹਾਂ ਨਾਲ ਦੋਵੇਂ ਭਾਈ ਸ਼ੋਭਾ ਪਾ ਰਹੇ ਸਨ। ਰਾਜੇ ਦਸਰਥ ਦੀਆਂ ਰਾਣੀਆਂ ਕੁਸ਼ਲਿਆ ਤੇ ਸੁਮਿੱਤ੍ਰਾਂ ਜਿਥੇ ਬੈਠੀਆਂ ਸਨ, ਬਿਦਾ ਹੋਣ ਵਾਸਤੇ, ਉਨ੍ਹਾਂ ਦੇ ਕੋਲ ਚਲੇ ਆਏ ਸਨ। ਜਾ ਕੇ ਚਰਨੀ ਪੈ ਗਏ ਅਤੇ ਅੱਖਾਂ ਜਲ ਦੀਆਂ ਭਰੀਆਂ ਸਨ। ਗਲਵਕੜੀ ਭਰ ਕੇ ਚੰਗੀ ਤਰ੍ਹਾਂ ਘੁਟ ਕੇ ਗਲ ਨਾਲ ਲਾਇਆ ਅਤੇ ਕਹਿਣ ਲੱਗੀਆਂ, ਹੇ ਪ੍ਰਭੂ ਅੱਗੇ ਤਾਂ ਬੁਲਾਉਣ ਤੇ ਵੀ ਘਰ ਨਹੀਂ ਆਉਂਦੇ ਸੀ, ਸਦਕੇ ਜਾਵਾਂ ਅੱਜ ਆਪਣੇ ਆਪ ਕਿਵੇਂ ਆਏ ਹੋ॥ ੨੫੪॥

## *ਰਾਮ ਬਾਚ ਮਾਤਾ ਪ੍ਰਤਿ ॥*

**ਤਾਤ ਦਯੋ ਬਨਬਾਸ ਹਮੈ ਤੁਮ ਦੇਹ ਰਜਾਇ ਅਬੈ ਤਹ ਜਾਊ ॥**
**ਕੰਟਕ ਕਾਨਨ ਬੇਹੜ ਗਾਹਿ ਤ੍ਰਿਯੋਦਸ ਬਰਖ ਬਿਤੇ ਫਿਰੇ ਆਊ ॥**
**ਜੀਤ ਰਹੇ ਤੁ ਮਿਲੋ ਫਿਰਿ ਮਾਤ ਮਰੇ ਗਏ ਭੂਲਿ ਪਰੀ ਬਖਸਾਊ ॥**
**ਭੂਪਹ ਕੈ ਅਰਿਣੀ ਬਰ ਤੇ ਬਸ ਕੇ ਬਨ ਮੋ ਫਿਰਿ ਰਾਜ ਕਮਾਊ ॥ ੨੫੫ ॥**

ਰਾਮ ਚੰਦ੍ਰ ਜੀ ਮਾਤਾ ਨੂੰ ਕਹਿਣ ਲੱਗੇ-ਮੈਨੂੰ ਪਿਤਾ ਜੀ ਨੇ ਬਨਵਾਸ ਦਿੱਤਾ ਹੈ। ਤੁਸੀਂ ਆਗਿਆ ਦਿਓ, ਤਾਂ ਕਿ ਹੁਣੇ ਹੀ ਮੈਂ ਉਥੇ ਚਲਾ ਜਾਵਾਂ। ਜੰਗਲ ਦੇ ਕੰਡੇ ਤੇ ਔਖੀਆਂ ਘਾਟੀਆਂ ਨੂੰ ਗਾਹਕੇ, ਤੇਰਾਂ ਵਰ੍ਹੇ ਬੀਤਨ ਮਗਰੋਂ ਮੁੜ ਕੇ ਆ ਜਾਵਾਂਗਾ। ਜੀਉਂਦਾ ਰਿਹਾ ਤਾਂ ਹੇ ਮਾਤਾ ! ਮੁੜਕੇ ਤੁਹਾਨੂੰ ਆਣ ਮਿਲਾਂਗਾ। ਜੇ ਮਰ ਗਿਆ ਤਾਂ ਜਿਹੜੀ ਕੋਈ ਭੁੱਲ ਹੋ ਗਈ ਹੋਈ ਹੈ, ਉਹ ਹੁਣੇ ਹੀ ਤੁਹਾਥੋਂ ਬਖਸ਼ਾਉਂਦਾ ਹਾਂ। ਰਾਜੇ ਦਸਰਥ ਨੂੰ ਕੈਕਈ ਦੇ ਵਰ ਰੂਪ ਰਿਣ ਤੋਂ ਮੁਕਤ ਕਰਕੇ, ਜੰਗਲ ਦੇ ਵਾਸ ਮਗਰੋਂ, ਫੇਰ ਆ ਕੇ ਰਾਜ ਭੋਗਾਂਗਾ॥ ੨੫੫॥

## ਮਾਤਾ ਬਾਚ ਰਾਮ ਸੋਂ ॥

**ਮਾਤ ਸੁਨੀ ਇਹ ਬਾਤ ਜਬੈ ਤਬ ਰੋਵਤ ਹੀ ਸੁਤ ਕੇ ਉਰ ਲਾਗੀ ॥**
**ਹਾ ਰਘੁਬੀਰ ਸਿਰੋਮਣ ਰਾਮ ਚਲੇ ਬਨ ਕਉ ਮੁਹਿ ਕੱਉ ਕਤ ਤਿਆਗੀ ॥**
**ਨੀਰ ਬਿਨਾ ਜਿਮ ਮੀਨ ਦਸ਼ਾ ਤਿਮ ਭੂਖ ਪਿਆਸ ਗਈ ਸਭ ਭਾਗੀ ॥**
**ਝੂਮ ਝਰਾਕ ਝਰੀ ਝਟ ਬਾਲ ਬਿਸਾਲ ਦਵਾ ਉਨ ਕੀ ਉਰ ਲਾਗੀ ॥ ੨੫੬ ॥**

ਮਾਂ ਨੇ ਜਦੋਂ ਇਹ ਗੱਲ ਸੁਣੀ, ਤਦੋਂ ਹੀ ਰੋਂਦਿਆਂ ਰੋਂਦਿਆਂ ਉਹ ਪੁੱਤਰ ਦੇ ਗਲ ਲੱਗ ਗਈ। ਕਹਿਣ ਲੱਗੀ ਹੇ! ਰਘੁਕੁਲ ਦੇ ਸੂਰਬੀਰਾਂ ਦੇ ਸ਼ਰੋਮਣੀ ਰਾਮ! ਤੁਸੀਂ ਮੈਨੂੰ ਕਿਉਂ ਅਤੇ ਕਿਸ ਕਰਕੇ ਛੱਡ ਕੇ ਵਣ ਨੂੰ ਚਲੇ ਹੋ? ਪਾਣੀ ਤੋਂ ਬਿਨਾ ਮੱਛੀ ਦੀ ਜੋ ਹਾਲਤ ਹੁੰਦੀ ਹੈ ਤਿਵੇਂ ਹੀ ਕੁਸ਼ੱਲਿਆ ਦੀ ਹਾਲਤ ਹੋਈ, ਅਤੇ ਉਸਦੀ ਸਾਰੀ ਭੁੱਖ ਤਰੇਹ ਦੂਰ ਹੋ ਗਈ। ਘੇਰਨੀ ਦਾ ਝਟਕਾ ਖਾ ਕੇ ਉਹ ਝਟ ਡਿੱਗ ਪਈ ਅਤੇ ਉਸਦੇ ਹਿਰਦੇ ਵਿਚ ਰਾਮ ਤੇ ਲਛਮਣ ਦੇ ਵਿਛੋੜੇ ਦੀ ਅੱਗ ਲੱਗ ਗਈ॥ ੨੫੬ ॥

**ਜੀਵਤ ਪੂਤ ਤਵਾਨਨ ਪੇਖ ਸੀਅ ਤੁਮਰੀ ਦੁਤ ਦੇਖ ਅਘਾਤੀ ॥**
**ਚੀਨ ਸੁਮਿਤ੍ਰਜ ਕੀ ਛਬ ਕੋ ਸਭ ਸ਼ੋਕ ਬਿਸਾਰ ਹੀਏ ਹਰਖਾਤੀ ॥**
**ਕੇਕਈ ਆਦਿਕ ਸਉਤਨ ਕੱਉ ਲਖਿ ਭਉਹ ਚੜ੍ਹਾਇ ਸਦਾ ਗਰਬਾਤੀ ॥**
**ਤਾਕਹੁ ਤਾਤ ਅਨਾਥ ਜਿਉ ਆਜ ਚਲੇ ਬਨ ਕੋ ਤਜਿ ਕੈ ਬਿਲਲਾਤੀ ॥ ੨੫੭ ॥**

ਪਦ ਅਰਥ - ਤਵਾਨਨ=ਤੇਰਾ ਮੁਖ। ਦੁਤ=ਸੁੰਦਰਤਾਈ। ਹਰਖਾਈ=ਅਨੰਦਮਈ ਹੁੰਦੀ ਹਾਂ। ਗਰਬਾਤੀ=ਮਾਨ ਕਰਦੀ ਹਾਂ।

ਹੇ ਪੁੱਤਰ! ਤੇਰਾ ਮੁੱਖ ਵੇਖਕੇ ਜੀਊਂਦੀ ਹਾਂ। ਹੇ ਸੀਤਾ! ਤੇਰੀ ਸੁੰਦਰਤਾ ਨੂੰ ਵੇਖਕੇ ਮੈਂ ਰੱਜਦੀ ਹਾਂ ਅਤੇ ਲੱਛਮਣ ਦੀ ਛਬ ਨੂੰ ਵੇਖਕੇ, ਸਾਰੇ ਸ਼ੋਕ ਭੁਲਾਕੇ ਹਿਰਦੇ ਵਿਚ ਅਨੰਦਮਈ ਹੁੰਦੀ ਹਾਂ। ਕੇਕਈ ਆਦਿਕ ਸੌਂਕਣਾਂ ਨੂੰ ਵੇਖਕੇ, ਭੌਹਾਂ ਚੜ੍ਹਾਕੇ ਸਦਾ ਹੀ ਮਾਨ ਕਰਦੀ ਹਾਂ। ਹੇ ਪੁੱਤਰ! ਤਦੇ ਹੀ ਮੈਨੂੰ ਅਨਾਥ ਵਾਂਗੂੰ ਰੋਂਦੀ ਨੂੰ ਛੱਡਕੇ ਵਣ ਨੂੰ ਤੁਰ ਚਲੇ ਹੋ॥ ੨੫੭ ॥

**ਹੋਰ ਰਹੇ ਜਨ ਕੋਰ ਕਈ ਮਿਲਿ ਜੋਰ ਰਹੇ ਕਰ ਏਕ ਨ ਮਾਨੀ ॥**
**ਲੱਛਨ ਮਾਤ ਕੇ ਧਾਮ ਬਿਦਾ ਕਹੁ ਜਾਤ ਭਏ ਜੀਅ ਮੋ ਇਹ ਠਾਨੀ ॥**
**ਸੋ ਸੁਨਿ ਬਾਤ ਪਪਾਤ ਧਰਾ ਪਰ ਘਾਤ ਭਲੀ ਇਹ ਬਾਤ ਬਖਾਨੀ ॥**
**ਜਾਨੁਕ ਸੇਲ ਸੁਮਾਰ ਲਗੇ ਛਿਤ ਸੋਵਤ ਸੂਰ ਵਡੋ ਅਭਿਮਾਨੀ ॥ ੨੫੮ ॥**

ਕਰੋੜਾਂ ਹੀ ਮਿਲਕੇ ਆਦਮੀ ਵਣ ਜਾਣ ਤੋਂ ਰੋਕ ਰਹੇ ਸਨ ਅਤੇ ਜੋਰ ਵੀ ਲਾ ਰਹੇ ਸਨ। ਪਰ ਰਾਮ ਜੀ ਨੇ ਇਕ ਦੀ ਗੱਲ ਵੀ ਨਹੀਂ ਮੰਨੀ। ਫਿਰ ਲੱਛਮਣ ਦੀ ਮਾਤਾ ਦੇ ਘਰ ਨੂੰ ਤੁਰ ਪਏ। ਦਿਲ ਵਿਚ ਇਹ ਗੱਲ ਠਾਨ ਲਈ, ਕਿ ਉਸ ਪਾਸੋਂ ਵਿਦਾ ਮੰਗ ਲਈਏ। ਉਹ ਇਸ ਗੱਲ ਨੂੰ ਸੁਣਦਿਆਂ ਹੀ ਧਰਤੀ ਤੇ ਡਿੱਗ ਪਈ। ਇਸ ਮੌਕੇ ਦੀ ਇਹ ਉਪਮਾ ਕਹੀ ਗਈ ਹੈ। ਮਾਨੋ ਬਰਛੇ ਦੀ ਮਾਰ ਲੱਗਦਿਆਂ ਹੀ ਵੱਡਾ ਅਭਿਮਾਨੀ ਸੂਰਮਾ ਧਰਤੀ ਉੱਤੇ ਸੌਂ ਰਿਹਾ ਹੋਵੇ॥ ੨੫੮॥

**ਕਉਨ ਕੁਜਾਤ ਕੁਕਾਜ ਕੀਯੋ ਜਿਨ ਰਾਘਵ ਕੋ ਇਹ ਭਾਂਤ ਬਖਾਨਜੋ॥**
**ਲੋਕ ਅਲੋਕ ਗਵਾਇ ਦੁਰਾਨਨ ਭੂਪ ਸੰਘਾਰ ਮਹਾਂ ਸੁਖ ਮਾਨਜੋ॥**
**ਭਰਮ ਗਯੋ ਉਡ ਕਰਮ ਕਰਜੋ ਘਟ ਧਰਮ ਕੋ ਤਿਆਗਿ ਅਧਰਮ ਪ੍ਰਮਾਨਜੋ॥**
**ਨਾਕ ਕਟੀ ਨਿਰਲਾਜ ਨਿਸਾਚਰ ਨਾਹਨਿ ਪਾਤਤ ਨੇਹੁ ਨ ਮਾਨਜੋ॥ ੨੫੯॥**

ਉਹ ਕਹਿਣ ਲੱਗੀ, ਕਿਸ ਨੀਚਣੀ ਨੇ ਇਹ ਬੁਰਾ ਕੰਮ ਕੀਤਾ ਹੈ; ਜੋ ਰਾਮ ਚੰਦ੍ਰ ਨੂੰ ਇਸ ਤਰ੍ਹਾਂ ਕਿਹਾ ਹੈ। ਭੈੜੇ ਮੂੰਹ ਵਾਲੀ ਨੇ ਲੋਕ ਪ੍ਰਲੋਕ ਨੂੰ ਗਵਾਕੇ; ਰਾਜੇ ਨੂੰ ਮਾਰਕੇ, ਵੱਡਾ ਸੁਖ ਮੰਨਿਆ ਹੈ। ਸਾਰਾ ਭੁਲੇਖਾ ਮਿਟ ਗਿਆ, ਕਿਉਂਕਿ ਉਸਨੇ ਨੀਚ ਕਰਮ ਕੀਤਾ ਹੈ, ਧਰਮ ਨੂੰ ਛੱਡ ਕੇ, ਅਧਰਮ ਕਬੂਲ ਕੀਤਾ ਹੈ। ਉਸ ਬੇਸ਼ਰਮ ਰਾਖਸ਼ਨੀ ਕੁਲ ਦੀ ਨੱਕ ਵੱਢ ਦਿੱਤੀ ਹੈ ਕਿਉਂਕਿ ਉਸਨੇ ਰਾਜੇ ਨੂੰ ਮਾਰਦੇ ਹੋਇਆਂ ਵੀ ਨੇਹੁ ਪਿਆਰ ਨੂੰ ਨਹੀਂ ਮੰਨਿਆ॥ ੨੫੯॥

## ਸੁਮਿਤ੍ਰਾਂ ਬਾਚ॥ ਲਛਮਨ ਸੋਂ॥

**ਦਾਸ ਕੋ ਭਾਵ ਧਰੇ ਰਹੀਯੋ ਸੁਤ ਮਾਤ ਸਰੂਪ ਸੀਅ ਪਹਿਚਾਨੋ॥**
**ਤਾਤ ਕੀ ਤੁੱਲਿ ਸੀਆਪਤਿ ਕੱਉ ਕਰਿ ਕੈ ਇਹ ਬਾਤ ਸਹੀ ਕਰਿ ਮਾਨੋ॥**
**ਜੇਤਕ ਕਾਨਨ ਕੇ ਦੁਖ ਹੈ ਸਭ ਸੋ ਸੁਖ ਕੈ ਤਨ ਪੈ ਅਨਮਾਨੋ॥**
**ਰਾਮ ਕੇ ਪਾਇ ਗਹੇ ਰਹੀਯੋ ਬਨ ਕੈ ਘਰ ਕੋ ਘਰ ਕੈ ਬਨੁ ਜਾਨੋ॥ ੨੬੦॥**

ਲੱਛਮਣ ਨੂੰ ਸੁਮਿਤ੍ਰਾਂ ਨੇ ਕਿਹਾ-ਹੇ ਪੁੱਤਰ! ਦਾਸ ਭਾਵ ਨੂੰ ਧਾਰੀ ਰਹਿਣਾ। ਸੀਤਾ ਨੂੰ ਮਾਤਾ ਸਰੂਪ ਸਮਝਣਾ ਹੈ। ਪਿਤਾ ਦੇ ਬਰਾਬਰ ਸੀਤਾ ਦੇ ਪਤੀ (ਸ੍ਰੀ ਰਾਮ ਜੀ) ਨੂੰ ਜਾਣ ਕੇ ਇਹ ਗੱਲ ਸਹੀ ਕਰ ਕੇ ਮੰਨੋ, ਜਿੰਨੇ ਵੀ ਜੰਗਲ ਦੇ ਦੁੱਖ ਹਨ ਉਨ੍ਹਾਂ ਸਾਰਿਆਂ ਨੂੰ ਤਨ ਉਤੇ ਸੁਖ ਵਿਚਾਰ ਲੈਣਾ। ਰਾਮ ਜੀ ਦੇ ਚਰਨ ਫੜੀ ਰਹਿਨਾ, ਘਰ ਨੂੰ ਵਣ ਬਣਾ ਲੈ, ਅਤੇ ਵਣ ਨੂੰ ਘਰ ਕਰ ਕੇ ਜਾਣ ਲੈਣਾ॥ ੨੬੦॥

**ਰਾਜੀਵ ਲੋਚਨ ਰਾਮ ਕੁਮਾਰ ਚਲੇ ਬਨ ਕੱਉ ਸੰਗਿ ਭ੍ਰਾਤਿ ਸੁਹਾਯੋ॥**
**ਦੇਵ ਅਦੇਵ ਨਿਛੱਤ੍ਰ ਸਚੀਪਤ ਚੱਉਕ ਚਕੇ ਮਨ ਮੋਦ ਬਢਾਯੋ॥**

**ਆਨਨ ਬਿੰਬ ਪਰਜੋ ਬਸੁਧਾ ਪਰ ਫੈਲਿ ਗਇਯੋ ਫਿਰਿ ਹਾਥਿ ਨ ਆਯੋ ॥**
**ਬੀਚ ਅਕਾਸ਼ ਨਿਵਾਸ ਕੀਯੋ ਤਿਨ ਤਾਹੀ ਤੇ ਨਾਮ ਮਯੰਕ ਕਹਾਯੋ ॥ ੨੯੧ ॥**

ਆਨਨ ਬਿੰਬ=ਮੂੰਹ ਦਾ ਪਰਛਾਵਾਂ ਰਾਮ ਚੰਦ੍ਰ ਦਾ। ਬਸੁਧਾ=ਧਰਤੀ। ਮਯੰਕ=ਚੰਦ੍ਰਮਾ।

ਕਮਲ ਸਮਾਨ ਅੱਖਾਂ ਵਾਲੇ ਸ੍ਰੀ ਰਾਮ ਕੁਮਾਰ ਜੀ ਵਣ ਨੂੰ ਚਲ ਪਏ, ਨਾਲ ਛੋਟਾ ਭਾਈ ਸੋਭਾ ਪਾਉਂਦਾ ਸੀ। ਦੇਵਤੇ, ਦੈਂਤਾਂ, ਨੱਛਤਰ ਤੇ ਇੰਦਰ ਆਦਿਕ ਸਾਰੇ ਚੌਂਕ ਕੇ ਚਕ੍ਰਿਤ ਹੋਏ, ਅਤੇ ਮਨ ਵਿਚ ਅਨੰਦ ਵਧਾਇਆ ਜਿਸ ਦੇ ਮੂੰਹ ਦਾ ਪਰਛਾਵਾਂ ਧਰਤੀ ਤੇ ਪੈ ਕੇ ਫੈਲ ਗਿਆ ਪਰ ਮੁੜ ਕੇ ਹੱਥ ਨਹੀਂ ਆਇਆ। ਉਸ ਨੇ ਅਕਾਸ਼ ਵਿਚ ਨਿਵਾਸ ਕੀਤਾ ਹੋਇਆ ਸੀ, ਇਸੇ ਕਰ ਕੇ ਨਾਮ ਚੰਦ੍ਰਮਾ ਕਹਾਇਆ ਹੈ ॥ ੨੯੧ ॥

ਕਵਿਰਾਜ ਜੀ ਨੇ ਮਯੰਕ=ਨੂੰ 'ਮਹੀਅੰਕ' ਬਣਾ ਕੇ, ਭਾਵ ਕਢਿਆ ਹੈ ਕਿ ਇਹ ਚੰਦ੍ਰਮਾ ਆਪਣੇ ਆਪ ਵਿਚ ਕੋਈ ਚੀਜ਼ ਨਹੀਂ, ਸ੍ਰੀ ਰਾਮ ਜੀ ਦੇ ਮੂੰਹ ਦੇ ਪ੍ਰਛਾਵੇਂ ਦਾ ਅਕਸ ਹੈ।

**ਦੋਹਰਾ ॥ ਪਿਤ ਆਗਿਆ ਤੇ ਬਨ ਚਲੇ ਤਜਿ ਗ੍ਰਿਹਿ ਰਾਮ ਕੁਮਾਰ ॥**
**ਸੰਗ ਸੀਆ ਮ੍ਰਿਗਲੋਚਨੀ ਜਾ ਕੀ ਪ੍ਰਭਾ ਅਪਾਰ ॥ ੨੯੨ ॥**

ਪਿਤਾ ਦੀ ਆਗਿਆ ਨਾਲ ਸ੍ਰੀ ਰਾਮ ਕੁਮਾਰ ਜੀ ਘਰ ਨੂੰ ਛੱਡ ਕੇ ਵਣ ਨੂੰ ਚਲੇ ਸਨ। ਨਾਲ ਹੀ ਮ੍ਰਿਗਨੈਨੀ ਸੀਤਾ ਸੀ, ਜਿਸ ਦੀ ਅਪਾਰ ਸੁੰਦਰਤਾ ਸੀ ॥ ੨੯੨ ॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ, ਰਾਮਅਵਤਾਰ 'ਅਉਧ ਪ੍ਰਵੇਸ਼ ਕਥਨੰ ਸ੍ਰੀ ਰਾਮ ਬਨਬਾਸ ਦੀਬੋ' ਸਮਾਪਤਮ ॥ ਸਤੁ ਸੁਭਮ ਸਤੁ ॥ ੩ ॥ ੨੯੨ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, ਕਥਾ 'ਅਉਧ ਪ੍ਰਵੇਸ਼, ਸ੍ਰੀ ਰਾਮ ਚੰਦਰ ਨੂੰ ਬਨਬਾਸ ਦੇਣਾ' ਤੀਸਰਾ ਅਧਿਆਏ ਸਮਾਪਤ ॥ ਸਤ ਸ਼ੁਭਮ ਸਤ ॥ ੩ ॥ ੨੯੨ ॥ ਚਲਦਾ ॥

# ਚੌਥਾ ਅਧਿਆਏ

# ਬਨਵਾਸ ਵਰਣਨ

## ਸੀਤਾ ਅਨਮਾਨ ਬਾਚ ॥ ਬਿਜੈ ਛੰਦ ॥

**ਚੰਦ ਕੀ ਅੰਸ ਚਕੋਰਨ ਕੈ ਕਰਿ ਮੋਰਨ ਬਿੱਦੁਲਤਾ ਅਨਮਾਨੀ ॥**
**ਮੱਤ ਗਇੰਦਨ ਇੰਦ੍ਰ ਬਧੂ ਭੁਨਸਾਰ ਛਟਾ ਰਵਿ ਕੀ ਜੀਅ ਜਾਨੀ ॥**
**ਦੇਵਨ ਦੋਖਨ ਕੀ ਹਰਤਾ ਅਰ ਦੇਵਨ ਕਾਲ ਕ੍ਰਿਯਾ ਕਰ ਮਾਨੀ ॥**

**ਦੇਸਨ ਸਿੰਧ ਦਿਸੇਸਨ ਬਿੰਧ ਜੋਗੇਸਨ ਗੰਗ ਕੈ ਰੰਗ ਪਛਾਨੀ॥ ੨੬੩॥**

ਚਕੋਰਾਂ ਨੇ ਸੀਤਾ ਨੂੰ ਚੰਦ੍ਰਮਾ ਦੀ ਅੰਸ ਕਰ ਕੇ, ਮੋਰਾਂ ਨੇ ਬਿਜਲੀ ਕਰਕੇ ਵਿਚਾਰਿਆ। ਇੰਦਰ ਨੇ ਸੱਚੀ ਰੂਪ ਕਰਕੇ, ਅਤੇ ਪ੍ਰਾਤਾਕਾਲ ਨੇ ਸੂਰਜ ਦੀ ਛਟਾ ਰੂਪ ਕਰਕੇ, ਸੀਤਾ ਨੂੰ ਜੀਅ ਵਿਚ ਜਾਣਿਆ। ਦੇਵਤਿਆਂ ਨੇ ਦੋਖਾਂ ਦੀ ਹਰਤਾ ਕਰਕੇ, ਦੈਂਤਾਂ ਨੇ ਕਾਲ ਦੀ ਕ੍ਰਿਆ ਰੂਪ ਕਰਕੇ ਸੀਤਾ ਨੂੰ ਮੰਨਿਆ। ਦੇਸਾਂ ਨੇ ਸਮੁੰਦਰ ਕਰ ਕੇ, ਦਿੱਗਜਾਂ ਬਿੰਧਯਾਚਲ ਪਰਬਤ ਕਰ ਕੇ, ਅਤੇ ਜੋਗੀਸਰਾਂ ਨੇ ਗੰਗਾ ਦੇ ਰੰਗ ਕਰ ਕੇ ਸੀਤਾ ਨੂੰ ਪਛਾਣਿਆ॥ ੨੬੩॥

**ਦੋਹਰਾ॥ ਉਤ ਰਘੁਬਰ ਬਨ ਕੋ ਚਲੇ ਸੀਅ ਸਹਿਤ ਤਜਿ ਗ੍ਰੇਹ॥**
**ਇਤੈ ਦਸ਼ਾ ਜਿਹ ਬਿਧਿ ਭਈ ਸਕਲ ਸਾਧ ਸੁਨਿ ਲੇਹ॥ ੨੬੪॥**

ਉਧਰ ਸ੍ਰੀ ਰਾਮ ਜੀ ਸੀਤਾ ਸਮੇਤ ਘਰ ਨੂੰ ਛੱਡ ਕੇ ਵਣ ਨੂੰ ਚਲੇ ਗਏ। ਇਧਰ ਜਿਸ ਤਰਾਂ ਦੀ ਹਾਲਤ ਹੋਈ, ਸਾਰੇ ਸੰਤੋ ਉਹ ਧਿਆਨ ਦੇ ਕੇ ਸੁਣ ਲਵੋ॥ ੨੬੪॥

## ਮਾਤਾ ਬਾਚ॥ ਕਬਿੱਤ॥

**ਸਭੈ ਸੁਖ ਲੈ ਕੇ ਗਏ ਗਾੜ੍ਹੋ ਦੂਖ ਦੇਤ ਭਏ**
**ਰਾਜਾ ਦਸਰਥ ਜੂ ਕਉ ਕੈ ਕੈ ਆਜ ਪਾਤ ਹੋ॥**
**ਅਜ ਹੂੰ ਨ ਛੀਜੈ ਬਾਤ ਮਾਨ ਲੀਜੈ ਰਾਜ ਕੀਜੈ**
**ਕਹੋ ਕਾਜ ਕਉਨ ਕੌ ਹਮਾਰੇ ਸ੍ਰੋਣ ਨਾਥ ਹੋ॥**
**ਰਾਜਸੀ ਕੇ ਧਾਰੋ ਸਾਜ ਸਾਧਨ ਕੈ ਕੀਜੈ ਕਾਜ**
**ਕਹੋ ਰਘੁਰਾਜ ਆਜ ਕਾਹੇ ਕਉ ਸਿਧਾਤ ਹੋ॥**
**ਤਾਪਸੀ ਕੇ ਭੇਸ ਕੀਨੇ ਜਾਨਕੀ ਕੋ ਸੰਗ ਲੀਨੇ**
**ਮੇਰੇ ਬਨਬਾਸੀ ਮੋ ਉਦਾਸੀ ਦੀਏ ਜਾਤ ਹੋ॥ ੨੬੫॥**

ਆਪਣੇ ਆਪ ਮਾਤਾ ਕੁਸ਼ਲਿਆ ਕਹਿ ਰਹੀ ਹੈ, "ਸਾਰੇ ਸੁੱਖ ਲੈ ਕੇ ਚਲੇ ਗਏ ਹਨ, ਭਾਰੇ ਦੁੱਖ ਦੇ ਗਏ ਹਨ, ਕਿਉਂਕਿ ਰਾਜਾ ਦਸਰਥ ਜੀ ਨੂੰ ਅੱਜ ਨਾਸ ਕਰ ਗਏ ਹਨ। ਅਜੇ ਵੀ ਗੱਲ ਨਾਸ ਨਹੀਂ ਹੋਈ। ਮੇਰੀ ਗੱਲ ਮੰਨ ਲੈ, ਅਤੇ ਰਾਜ ਕਰੋ, ਦੱਸੋ ਕਿਸ ਕੰਮ ਵਾਸਤੇ ਸਾਡੇ ਲਹੂ ਵਿਚ ਨਹਾਉਂਦੇ ਹੋ? ਰਾਜਿਆਂ ਦਾ ਸਾਜ ਧਾਰੋ, ਸੰਤਾਂ ਵਾਲੇ ਕੰਮ ਕਰੋ, ਦੱਸੋ, ਰਾਮ ਚੰਦ੍ਰ ਅੱਜ ਵਣ ਨੂੰ ਕਿਉਂ ਤੁਰੇ ਜਾਂਦੇ ਹੋ? ਤਪਸੀਆਂ ਦਾ ਭੇਸ ਕੀਤਾ ਹੋਇਆ ਹੈ ਅਤੇ ਸੀਤਾ ਨੂੰ ਨਾਲ ਲਿਆ ਹੋਇਆ ਹੈ। ਹੇ ਮੇਰੇ ਬਨਵਾਸੀ ਪੁੱਤਰ! ਮੈਨੂੰ ਉਦਾਸੀ ਦੇਈ ਜਾਂਦੇ ਹੋ॥ ੨੬੫॥

ਕਾਰੇ ਕਾਰੇ ਕਰਿ ਬੇਸ ਰਾਜਾ ਜੂ ਕੋ ਛੋਰਿ ਦੇਸ
ਤਾਪਸੀ ਕੋ ਕੈ ਕੈ ਭੇਸ ਸਾਥਿ ਹੀ ਸਿਧਾਰਿ ਹੌਂ॥
ਕੁਲ ਹੂੰ ਕੀ ਕਾਨ ਛੋਰੌਂ ਰਾਜਸੀ ਕੇ ਰਾਜ ਤੋਰੌਂ
ਸੰਗਿ ਤੇ ਨ ਮੋਰੌਂ ਮੁਖ ਐਸੋ ਕੈ ਬਿਚਾਰਿ ਹੌਂ॥
ਮੁੰਦ੍ਰਾ ਕਾਨ ਧਾਰੌਂ ਸਾਰੇ ਮੁਖ ਪੈ ਬਿਭੂਤਿ ਡਾਰੌਂ
ਹਠਿ ਕੋ ਨ ਹਾਰੈ ਪੂਤ ਰਾਜ ਸਾਜ ਜਾਰਿ ਹੌਂ॥
ਜੁਗੀਆ ਕੋ ਕੀਨੋ ਬੇਸ ਕਉਸ਼ਲ ਕੇ ਛੋਰ ਕ੍ਰੇਸ
ਰਾਜਾ ਰਾਮਚੰਦ ਜੂਕੇ ਸੰਗਿਹੀ ਸਿਧਾਰਿ ਹੌਂ॥੨੯੬॥

ਕਾਲਾ ਕਾਲਾ ਮੈਂ ਵੇਸ ਕਰ ਕੇ, ਰਾਜੇ ਦਾ ਦੇਸ ਛੱਡ ਕੇ, ਤਪੱਸੀਆਂ ਦਾ ਵੇਸ ਧਾਰਨ ਕਰ ਕੇ, ਤੁਹਾਡੇ ਨਾਲ ਹੀ ਚਲਦੀ ਹਾਂ। ਕੁਲ ਦੀ ਕਾਨ ਨੂੰ ਛੱਡਦੀ ਹਾਂ: ਰਾਜਸੀ ਦੇ ਸਮਾਨ ਤੋੜਦੀ ਹਾਂ, ਤੇ ਸਾਥ ਨਾਲੋਂ ਮੂੰਹ ਨਹੀਂ ਮੋੜਾਂਗੀ। ਅਜਿਹਾ ਵੀ ਵਿਚਾਰ ਕਰਦੀ ਹਾਂ ਕਿ ਕੰਨਾਂ ਵਿਚ ਮੁੰਦਰਾਂ ਪਾ ਲਵਾਂ, ਸਾਰੇ ਮੂੰਹ ਉਤੇ ਸੁਆਹ ਮਲ ਲਵਾਂ, ਹੇ ਪੁੱਤਰ ! ਹਠ ਤੋਂ ਨਹੀਂ ਹਾਰਾਂਗੀ, ਰਾਜ ਦੇ ਵਸਤਰਾਂ ਨੂੰ ਸਾੜਦੀ ਹਾਂ। ਜੋਗੀਆਂ ਵਾਲਾ ਭੇਸ ਕਰ ਲਵਾਂ ਕੌਸ਼ਲ ਦੇਸ ਦੇ ਕਲੇਸ਼ਾਂ ਨੂੰ ਛੱਡ ਦੇਵਾਂ, ਅਤੇ ਰਾਜਾ ਰਾਮ ਚੰਦਰ ਜੀ ਦੇ ਨਾਲ ਵਣ ਵਿਚ ਚਲੀ ਜਾਵਾਂਗੀ॥੨੯੬॥

## ਅਪੂਰਬ ਛੰਦ॥

ਕਾਨਨੇ ਗੇ ਰਾਮ॥ ਧਰਮ ਕਰਮੰ ਧਾਮ॥ ਲੱਛਨੈ ਲੈ ਸੰਗਿ॥ ਜਾਨਕੀ ਸੁਭੰਗਿ॥੨੯੭॥

ਸ੍ਰੀ ਰਾਮ ਜੀ ਜੰਗਲ ਵਿਚ ਚਲੇ ਗਏ ਸਨ, ਉਹ ਧਰਮ ਦੇ ਕੰਮਾਂ ਦਾ ਘਰ ਹਨ, ਲੱਛਮਣ ਅਤੇ ਸੀਤਾ ਵੀ ਨਾਲ ਸੋਭਦੀ ਹੈ॥੨੯੭॥

ਤਾਤ ਤਿਆਗੇ ਪ੍ਰਾਨ॥ ਉੱਤਰੇ ਬਜੇਮਾਨ॥ ਬਿੱਚਰੇ ਬਿਚਾਰ॥ ਮੰਤ੍ਰੀਜੰ ਅਪਾਰ॥੨੯੮॥

ਪਿਤਾ ਨੇ ਪ੍ਰਾਣ ਤਿਆਗ ਦਿੱਤੇ ਸਨ, ਉਸ ਲਈ ਸੁਰਗ ਲੋਕ ਤੋਂ ਬਿਮਾਨ ਉਤਰੇ ਸਨ ਇਧਰ ਅਨੇਕਾਂ ਮੰਤਰੀ ਬੈਠਕੇ ਵਿਚਾਰਾਂ ਵਿਚਾਰਦੇ ਸਨ॥੨੯੮॥

ਬੈਠਜੋ ਬਸ਼ਿਸ਼ਟ॥ ਸਰਬ ਬਿੱਪ ਇਸ਼ਟ॥ ਮੁਕੱਲਿਯੋ ਕਾਗਦ॥ ਪੱਠਏ ਮਾਗਧ॥੨੯੯॥

ਵਸ਼ਿਸ਼ਟ ਜੀ ਬੈਠੇ ਸਨ, ਜੋ ਸਾਰੇ ਪੰਡਤਾਂ ਦੇ ਪੂਜਨੀਕ ਸਨ, ਉਨ੍ਹਾਂ ਨੇ ਪੱਤਰ ਭੇਜਿਆ ਸੀ, ਜੋ ਮਾਗਧ ਦੂਤ ਦੇ ਹੱਥ ਗਿਆ ਸੀ॥੨੯੯॥

**ਸੰਕੜੇ ਸਾਵੰਤ॥ ਮੱਤਏ ਮੱਤੰਤ॥ ਮੁੱਕਲੇ ਕੇ ਦੂਤ॥ ਪਉਨ ਕੇ ਸੇ ਪੂਤ॥ ੨੭੦॥**

ਸੈਂਕੜੇ ਸੂਰਮੇ, ਬੈਠ ਕੇ ਮਤੇ ਪਕਾਉਂਦੇ ਸਨ, ਅੰਤ ਨੂੰ ਦੂਤ ਭੇਜ ਦਿੱਤੇ ਜੋ ਪੌਣ ਦੇ ਪੁੱਤਰ ਵਾਂਗੂੰ ਤੇਜ ਜਾਣ ਵਾਲੇ ਸਨ॥ ੨੭੦॥

**ਅਸ਼ਟਨ ਦਜੰ ਲਾਖ॥ ਦੂਤ ਗੇ ਚਰਬਾਖ॥ ਭਰਤ ਆਗੇ ਜਹਾਂ॥ ਜਾਤ ਭੇ ਤੇ ਤਹਾਂ॥ ੨੭੧॥**

ਪਦ ਅਰਥ - ਲਾਖ=ਲੰਘ ਕੇ। ਚਰਬਾਖ=ਚਲਾਕ

ਅੱਠ ਨਦੀਆਂ ਲੰਘਕੇ, ਚਲਾਕ ਦੂਤ ਚਲੇ ਗਏ, ਅੱਗੇ ਭਰਤ ਜਿਥੇ ਰਹਿੰਦਾ ਸੀ ਦੂਤ ਉਥੇ ਜਾਕੇ ਪਹੁੰਚ ਗਏ॥ ੨੭੧॥

**ਉਚਰੇ ਸੰਦੇਸ਼॥ ਊਰਧ ਗੇ ਅਉਧੇਸ਼॥ ਪੱਤ੍ਰ ਬਾਚੇ ਭਲੇ॥ ਲਾਗ ਸੰਗੰ ਚਲੇ॥ ੨੭੨॥**

ਭਰਤ ਨੂੰ ਦੂਤ ਨੇ ਸੁਨੇਹਾ ਦਿੱਤਾ, ਕਿ ਰਾਜਾ ਦਸਰਥ ਸੁਰਗ ਚਲੇ ਗਏ ਹਨ। ਭਰਤ ਨੇ ਭਲੀ ਪ੍ਰਕਾਰ ਪੱਤਰ ਪੜ੍ਹ ਲਏ, ਅਤੇ ਉਨ੍ਹਾਂ ਦੇ ਨਾਲ ਲੱਗ ਕੇ ਤੁਰ ਪਏ॥ ੨੭੨॥

**ਕੋਪ ਜੀਯੰ ਜਗਜੇ॥ ਧਰਮ ਭਰਮੰ ਭਗਜੇ॥ ਕਾਸ਼ਮੀਰੰ ਤਜਜੇ॥ ਰਾਮ ਰਾਮੰ ਭਜਜੇ॥ ੨੭੩॥**

ਭਰਤ ਦੇ ਜੀਅ ਵਿਚ ਕ੍ਰੋਧ ਜਾਗ ਪਿਆ, ਧਰਮ ਦਾ ਭਰਮ ਮਿਟ ਗਿਆ, ਕਸ਼ਮੀਰ ਨੂੰ ਛੱਡ ਦਿੱਤਾ ਅਤੇ ਰਾਮ ਰਾਮ ਜਪਣ ਲੱਗਾ॥ ੨੭੩॥

**ਪੁੱਜਏ ਅਵੱਧ॥ ਸੂਰਮਾ ਸਨੱਧ॥ ਹੇਰਿਓ ਅਉਧੇਸ਼॥ ਮ੍ਰਿਤਕੰ ਕੇ ਭੇਸ॥ ੨੭੪॥**

ਅਯੁਧਿਆ ਵਿਚ ਸਨੱਧ ਬੱਧ ਸੂਰਮੇ ਭਰਤ ਤੇ ਸ਼ਤ੍ਰੂਘਨ ਜੀ ਪਹੁੰਚ ਗਏ, ਮੁਰਦਾ ਰੂਪ ਵਿਚ ਰਾਜੇ ਦਸਰਥ ਨੂੰ ਜਾ ਕੇ ਵੇਖਿਆ॥ ੨੭੪॥

## ਭਰਥ ਬਾਚ ਕੇਕਈ ਸੋਂ॥

**ਲਖਜੇ ਕਸੂਤ॥ ਬੁੱਲਜੋ ਸਪੂਤ॥ ਧ੍ਰਿਗ ਮਈਯਾ ਤੋਹਿ॥ ਲਜਿ ਲਈਯਾ ਮੋਹਿ॥ ੨੭੫॥**

ਭਰਤ ਨੇ ਕੇਕਈ ਨੂੰ ਕਿਹਾ, "ਹੇ ਮਾਂ! ਜਦ ਤੂੰ ਇਹ ਵੇਖਿਆ ਕਿ ਮਹਾਂ ਕੁਕਰਮ ਹੋ ਗਿਆ ਹੈ ਤਾਂ ਮੈਨੂੰ ਬੁਲਾ ਲਿਆ ਹੈ, ਤੈਨੂੰ ਧਿਰਕਾਰ ਹੈ ਤੂੰ ਮੈਨੂੰ ਕਾਸੇ ਜੋਗਾ ਨਹੀਂ ਛੱਡਿਆ ॥ ੨੭੫॥

**ਕਾ ਕਰਜੇ ਕੁਕਾਜ॥ ਕਜੇ ਜੀਐ ਨਿਲਾਜ॥ ਮੋਹਿ ਜੈਬੇ ਤਹੀ॥ ਰਾਮ ਹੈਗੇ ਜਹੀ॥ ੨੭੬॥**

ਤੂੰ ਕੈਸਾ ਮੰਦਾ ਕੰਮ ਕੀਤਾ ਹੈ? ਲੱਜਾ ਤੋਂ ਬਿਨਾਂ ਕਿਉਂ ਜੀਊ ਰਹੀ ਹੈਂ? ਮੈਂ ਉਥੇ ਹੀ ਜਾਵਾਂਗਾ, ਰਾਮ ਜੀ ਜਿੱਥੇ ਗਏ ਹਨ॥ ੨੭੬॥

## ਕੁਸਮ ਬਚਿਤ੍ਰ ਛੰਦ॥

**ਤਿਹ ਬਨਬਾਸੀ ਰਘੁਬਰ ਜਾਨੈ॥ ਦੁਖ ਸੁਖ ਸਮ ਕਰ ਸੁਖ ਦੁਖ ਮਾਨੈ॥**
**ਬਲਕਲ ਧਰ ਕਰ ਅਬ ਬਨ ਜੈਹੈਂ॥ ਰਘੁਪਤ ਸੰਗ ਹਮ ਬਨ ਫਲ ਖੈਹੈਂ॥ ੨੭੭॥**

ਭਰਤ ਨੇ ਰਾਮ ਜੀ ਨੂੰ ਜਦੋਂ ਬਨਵਾਸੀ ਜਾਣ ਲਿਆ; ਤਾਂ ਵਣ ਦੇ ਦੁੱਖਾਂ ਨੂੰ ਘਰ ਦੇ ਸੁੱਖ ਦੇ ਬਰਾਬਰ ਜਾਣਿਆ, ਅਤੇ ਘਰ ਦੇ ਸੁੱਖਾਂ ਨੂੰ ਵਣ ਦੇ ਦੁੱਖਾਂ ਜੇਹਾ ਮੰਨਿਆ। ਇਸ ਲਈ ਕਹਿਣ ਲੱਗਾ, ਭੋਜ ਪੱਤਰ ਦੇ ਬਸਤ੍ਰ ਧਾਰਨ ਕਰਕੇ ਹੁਣ ਮੈਂ ਵਣ ਨੂੰ ਜਾਵਾਂਗਾ, ਅਤੇ ਰਾਮ ਚੰਦ੍ਰ ਜੀ ਦੇ ਨਾਲ ਮਿਲਕੇ ਮੈਂ ਵੀ ਵਣ ਦੇ ਫਲ ਖਾਵਾਂਗਾ॥ ੨੭੭॥

**ਇਮ ਕਹ ਬਚਨਾ ਘਰ ਬਰ ਛੋਰੇ॥ ਬਲਕਲ ਧਰ ਤਨ ਭੂਖਨ ਤੋਰੇ॥**
**ਅਵਧਿਸ਼ ਜਾਰੇ ਅਵਧਹਿ ਛਾਡਜੇ॥ ਰਘੁਪਤਿ ਪਗ ਤਰ ਕਰ ਘਰ ਮਾਂਡਜੇ॥ ੨੭੮॥**

ਭਰਤ ਨੇ ਇਸ ਤਰ੍ਹਾਂ ਦੇ ਬਚਨ ਕਹਿ ਕੇ, ਘਰ ਬਾਰ ਛੱਡ ਦਿੱਤਾ, ਭੋਜ ਪੱਤਰ ਦੇ ਬਸਤਰ ਸਰੀਰ ਉਤੇ ਧਾਰ ਲਏ, ਅਤੇ ਗਹਿਣੇ ਭੰਨ ਦਿੱਤੇ। ਰਾਜੇ ਦਰਸਥ ਦਾ ਸਸਕਾਰ ਕਰਕੇ, ਭਰਤ ਨੇ ਅਯੁਧਿਆ ਨਗਰ ਨੂੰ ਛੱਡ ਦਿੱਤਾ, ਅਤੇ ਸ੍ਰੀ ਰਾਮ ਚੰਦ੍ਰ ਜੀ ਦੇ ਚਰਨਾਂ ਵਿਚ ਘਰ ਬਣਾ ਲਿਆ॥ ੨੭੮॥

**ਲਖ ਜਲ ਥਲ ਕਹ ਤਜ ਕੁਲ ਧਾਏ॥ ਮੁਨ ਮਨ ਸੰਗਿ ਲੈ ਤਿਹ ਠਾਂ ਆਏ॥**
**ਲਖ ਬਲ ਰਾਮੰ ਖਲ ਦਲ ਭੀਰੰ॥ ਗਹਿ ਧਨ ਪਾਣੰ ਸਿਤ ਧਰ ਤੀਰੰ॥ ੨੭੯॥**

ਜਲਾਂ ਥਲਾਂ ਨੂੰ ਵੇਖ ਕੇ, ਸਭ ਨੂੰ ਛੱਡ ਕੇ ਅੱਗੇ ਤੁਰੇ, ਮਹਾਂ ਮੁਨੀਆਂ ਨੂੰ ਨਾਲ ਲੈ ਕੇ ਉਸ ਜਗ੍ਹਾ ਤੇ ਆ ਗਏ। ਰਾਮ ਨੇ ਫੌਜ ਦੀ ਭੀੜ ਦੀ ਖਲਬਲੀ ਜਾਣ ਕੇ ਸਮਝਿਆ ਜੋ ਕੋਈ ਵੈਰੀ ਆਇਆ ਹੈ। ਇਸ ਲਈ ਹੱਥ ਵਿਚ ਧਨੁੱਖ ਫੜ ਕੇ ਉਸ ਵਿਚ ਚਮਕਦਾ ਚਮਕਦਾ ਤੀਰ ਧਰ ਨਿਸ਼ਾਨਾ ਬੰਨ੍ਹ ਲਿਆ॥ ੨੭੯॥

**ਗਹਿ ਧਨੁ ਰਾਮੰ ਸਰ ਬਰ ਪੂਰੰ॥ ਅਰਬਰ ਥਹਰੇ ਖਲ ਦਲ ਸੂਰੰ॥**
**ਨਰ ਬਰ ਹਰਖੇ ਘਰ ਘਰ ਅਮਰੰ॥ ਅਮਰਰਿ ਧਰਕੇ ਲਹ ਕਰ ਸਮਰੰ॥ ੨੮੦॥**

ਰਾਮ ਨੇ ਜਦ ਧਨੁੱਖ ਨੂੰ ਫੜ ਕੇ, ਬਲ ਨਾਲ ਤੀਰ ਧਰਿਆ, ਤਾਂ ਇੰਦਰ ਤੇ ਸੂਰਜ ਆਦਿਕ ਦੇਵਤਿਆਂ ਦੇ ਦਲ ਦੇ ਸੂਰਮੇ ਕੰਬਣ ਲੱਗ ਪਏ। ਘਰ ਘਰ ਵਿਚ ਭਲੇ ਪੁਰਖ ਤੇ ਦੇਵਤੇ ਪ੍ਰਸੰਨ ਹੋ ਰਹੇ ਸਨ, ਪਰ ਦੇਵਤਿਆਂ ਦੇ ਵੈਰੀ ਦੈਂਤ ਜੁੱਧ ਨੂੰ ਜਾਣ ਕੇ ਕੰਬ ਰਹੇ ਸਨ॥ ੨੮੦॥

**ਤਬ ਚਿਤ ਅਪਨੇ ਭਰਥਰ ਜਾਨੀ॥ ਰਨ ਰੰਗ ਰਾਤੇ ਰਘੁਬਰ ਮਾਨੀ॥**
**ਦਲ ਬਲ ਤਜਿ ਕਰਿ ਇਕਲੇ ਨਿਸਰੇ॥ ਰਘੁਬਰ ਨਿਰਖੇ ਸਭ ਦੁਖ ਬਿਸਰੇ॥ ੨੮੧॥**

ਤਦ ਭਰਥ ਨੇ ਆਪਣੇ ਚਿਤ ਵਿਚ ਇਹ ਗੱਲ ਜਾਨੀ, ਕਿ ਮੇਰੇ ਦਲ ਬਲ ਨੂੰ ਵੇਖ ਕੇ ਸ੍ਰੀ ਰਾਮ ਚੰਦ੍ਰ ਜੀ ਨੇ ਰਣ ਰੰਗ ਦੀ ਰੀਤੀ ਮੰਨੀ ਹੈ। ਇਸ ਲਈ ਦਲ ਬਲ ਨੂੰ ਛੱਡਕੇ ਇਕੱਲੇ ਬਾਹਰ ਹੋ ਨਿਕਲੇ ਅਤੇ ਸ੍ਰੀ ਰਾਮ ਚੰਦ੍ਰ ਜੀ ਨੂੰ ਵੇਖਿਆ ਤਾਂ ਸਾਰੇ ਦੁੱਖ ਭੁਲ ਗਏ॥੨੯੧॥

**ਦ੍ਰਿਗ ਜਬ ਨਿਰਖੇ ਭਟ ਮਣ ਰਾਮੰ॥ ਸਿਰ ਧਰ ਟੇਕਜੋ ਤਜ ਕਰ ਕਾਮੰ॥**
**ਇਮ ਗਤਿ ਲਖਿ ਕਰ ਰਘੁਪਤਿ ਜਾਨੀ॥ ਭਰਥਰ ਆਏ ਤਜ ਰਜਧਾਨੀ॥੨੯੨॥**

ਜਦੋਂ ਸੂਰਮਿਆਂ ਦੇ ਸਿਰਤਾਜ ਰੂਪ ਰਾਮ ਨੂੰ ਅੱਖੀਂ ਵੇਖਿਆ ਤਾਂ ਕਾਮਨਾ ਦਾ ਤਿਆਗ ਕਰ ਕੇ ਧਰਤੀ ਤੇ ਸਿਰ ਰੱਖ ਕੇ ਮੱਥਾ ਟੇਕਿਆ। ਇਸ ਰੀਤੀ ਨੂੰ ਜਾਣ ਕੇ ਸ੍ਰੀ ਰਾਮਚੰਦ੍ਰ ਜੀ ਨੇ ਇਹ ਗੱਲ ਜਾਣ ਲਈ, ਕਿ ਰਾਜਧਾਨੀ ਛੱਡ ਕੇ ਭਰਥ ਜੀ ਆਏ ਸਨ॥੨੯੨॥

**ਰਿਪਹਾ ਨਿਰਖੇ ਭਰਥਰ ਜਾਨੇ॥ ਅਵਧਿਸ਼ ਮੂਏ ਤਿਨ ਮਨ ਮਾਨੇ॥**
**ਰਘੁਬਰ ਲਛਮਨ ਪਰਹਰ ਬਾਨੰ॥ ਗਿਰ ਤਰ ਆਏ ਤਜ ਅਭਿਮਾਨੰ॥੨੯੩॥**

ਭਰਤ ਅਤੇ ਸ਼ਤਰੂਘਣ ਨੂੰ ਵੇਖ ਕੇ ਰਾਮ ਨੇ ਪਹਿਚਾਣ ਲਿਆ ਅਤੇ ਰਾਮ ਲੱਛਮਣ ਦੇ ਮਨ ਵਿਚ ਇਹ ਗੱਲ ਵੀ ਆ ਗਈ ਕਿ ਰਾਜਾ ਦਸਰਥ ਸਵਰਗ ਸੁਧਾਰ ਚੁਕੇ ਸਨ। ਰਾਮ ਅਤੇ ਲੱਛਮਣ ਨੇ ਤੀਰ ਕਮਾਨਾਂ ਨੂੰ ਛੱਡ ਦਿੱਤਾ ਅਤੇ ਮਨ ਦੇ ਰੋਸ ਨੂੰ ਮਟਾਉਂਦੇ ਹੋਏ ਪਹਾੜ ਤੋਂ ਥਲੇ ਆ ਗਏ॥੨੯੩॥

**ਦਲ ਬਲ ਤਜਿ ਕਰਿ ਮਿਲਿ ਗਲ ਰੋਏ॥ ਦੁਖ ਕਸਿ ਬਿਧਿ ਦੀਆ ਸੁਖ ਸਭ ਖੋਏ॥**
**ਅਬ ਘਰ ਚਲੀਏ ਰਘੁਬਰ ਮੇਰੇ॥ ਤਜਿ ਹਠਿ ਲਾਗੇ ਸਭ ਪਗ ਤੇਰੇ॥੨੯੪॥**

ਦਲ ਬਲ ਨੂੰ ਛੱਡਕੇ ਦੋਵੇਂ ਭਾਈ ਇਕ ਦੂਜੇ ਦੇ ਗਲ ਮਿਲਕੇ ਰੋਏ ਅਤੇ ਕਹਿਣ ਲੱਗੇ "ਬਿਧਾਤਾ ਨੇ ਕੈਸੇ ਦੁੱਖ ਦਿੱਤੇ ਹਨ, ਜੋ ਸਾਰੇ ਸੁੱਖ ਮਿਟ ਗਏ ਹਨ।" ਭਰਥ ਨੇ ਕਿਹਾ-ਹੇ ਮੇਰੇ ਸ੍ਵਾਮੀ ਸ੍ਰੀ ਰਾਮ ਜੀ ! ਹੁਣ ਘਰ ਨੂੰ ਚਲੋ, ਹੱਠ ਨੂੰ ਛੱਡ ਦੇਵੋ। ਅਸੀਂ ਸਾਰੇ ਆਪ ਦੇ ਚਰਣੀ ਲੱਗਦੇ ਹਾਂ॥੨੯੪॥

## ਰਾਮ ਬਾਚ ਭਰਥ ਸੋਂ॥ ਕੰਠ ਅਭੂਖਨ ਛੰਦ॥

**ਭਰਥ ਕੁਮਾਰ ਨ ਅਉਹਠ ਕੀਜੈ॥ ਜਾਹ ਘਰੈ ਨ ਹਮੈ ਦੁਖ ਦੀਜੈ॥**
**ਕਾਜ ਕਹਜੋ ਜੁ ਹਮੈ ਹਮ ਮਾਨੀ॥ ਤ੍ਰਿਯੋਦਸ ਬਰਖ ਬਸੈ ਬਨ ਧਾਨੀ॥੨੯੫॥**

ਸ੍ਰੀ ਰਾਮ ਜੀ ਨੇ ਭਰਥ ਨੂੰ ਕਿਹਾ-ਹੇ ਭਰਥ ਕੁਮਾਰ ਜਿਦ ਨਾ ਕਰੋ, ਘਰ ਨੂੰ ਜਾਓ ਸਾਨੂੰ ਦੁੱਖ ਨਾ ਦਿਓ। ਜੋ ਕੰਮ ਪਿਤਾ ਜੀ ਨੇ ਸਾਨੂੰ ਕਿਹਾ ਹੈ, ਉਹ ਅਸਾਂ ਮੰਨ ਲਿਆ ਹੈ। ਤੇਰਾਂ ਵਰ੍ਹੇ ਅਸੀਂ ਬਨ ਵਿਚ ਵਸਾਂਗੇ॥੨੯੫॥

**ਤ੍ਰਿਯੋਦਸ ਬਰਖ ਬਿਤੈ ਫਿਰਿ ਐਹੈਂ ॥ ਰਾਜ ਸੰਘਾਸਨ ਛੱਤ੍ਰ ਸੁਹੈਹੈਂ ॥**
**ਜਾਹੁ ਘਰੈ ਸਿਖ ਮਾਨ ਹਮਾਰੀ ॥ ਰੋਵਤ ਤੋਰ ਉਤੈ ਮਹਤਾਰੀ ॥ ੨੯੬ ॥**

ਅਗੋਂ ਤੇਰਾਂ ਵਰ੍ਹੇ ਬਿਤਾਕੇ ਫੇਰ ਆਵਾਂਗੇ, ਤਦ ਰਾਜ ਸਿੰਘਾਸਨ ਤੇ ਛੱਤ੍ਰ ਨਾਲ ਸੋਭਾ ਪਾਵਾਂਗੇ। ਘਰ ਨੂੰ ਜਾਹੁ, ਮੇਰੀ ਸਿਖਿਆ ਮੰਨ, ਕਿਉਂਕਿ ਉਧਰ ਤੇਰੀ ਮਾਤਾ ਰੋ ਰਹੀ ਹੈ॥ ੨੯੬॥

## ਭਰਥ ਬਾਚ ਰਾਮ ਪ੍ਰਤਿ ॥

**ਜਾਉ ਕਹਾ ਪਗ ਭੇਟ ਕਹਉ ਤਹੁ ॥ ਲਾਜ ਨ ਲਾਗਤ ਰਾਮ ਕਹੋ ਮੁਹ ॥**
**ਮੈ ਅਤ ਦੀਨ ਮਲੀਨ ਬਿਨਾ ਗਤ ॥ ਰਾਖ ਲੈ ਰਾਜ ਬਿਧੇ ਚਰਨਾਮਤ ॥ ੨੯੭ ॥**

ਕਿਥੇ ਜਾਵਾਂ ? ਤੁਹਾਡੇ ਚਰਨਾਂ ਨੂੰ ਛੋਹਕੇ ਕਹਿੰਦਾ ਹਾਂ, ਹੇ ਰਾਮ ! ਮੈਨੂੰ ਰਾਜ ਕਰਨ ਨੂੰ ਕਹਿੰਦੇ ਹੋ ਤੁਹਾਨੂੰ ਲਾਜ ਨਹੀਂ ਲੱਗਦੀ ? ਕਿਉਂਕਿ ਮੈਂ ਵੱਡਾ ਦੀਨ, ਮਨ ਦਾ ਮਲੀਨ, ਮਰਯਾਦਾ ਤੋਂ ਬਿਨਾਂ ਤੁਰਨ ਵਾਲਾ ਹਾਂ। ਇਸ ਲਈ ਆਪਣੇ ਰਾਜ ਨੂੰ ਲੈ ਕੇ, ਮੇਰੀ ਮਤਿ ਨੂੰ ਆਪਣੇ ਚਰਨਾਂ ਵਿਚ ਰੱਖ ਲੈ॥ ੨੯੭॥

ਭਾਵਾਰਥ - ਭਰਤ ਨੇ ਸ੍ਰੀ ਰਾਮ ਜੀ ਨੂੰ ਕਿਹਾ ਹੈ, ਜੋ ਤੁਸੀਂ ਮੈਨੂੰ ਰਾਜ ਕਰਨ ਨੂੰ ਕਹਿਣ ਤੋਂ ਸੰਕੋਚ ਕਰੋ, ਕਿਉਂਕਿ ਮੇਰੇ ਕਾਰਣ ਹੀ ਆਪ ਨੂੰ ਬਨਵਾਸ ਹੋਇਆ ਹੈ। ਫਿਰ ਆਪ ਮੈਨੂੰ ਮਾਨ ਦੇਂਦੇ ਹੋ। ਇਹ ਯੋਗ ਨਹੀਂ, ਇਹ ਮਰਯਾਦਾ ਹੈ ਕਿ ਵੱਡਾ ਪੁੱਤਰ ਰਾਜ ਦਾ ਅਧਿਕਾਰੀ ਹੈ। ਮੇਰੀ ਮਾਤਾ ਨੇ ਤੁਹਾਡਾ ਹੱਕ ਮੇਰੇ ਵਾਸਤੇ ਖੋਹ ਲਿਆ ਹੈ। ਇਸ ਲਈ ਮੈਂ ਮਰਯਾਦਾ ਤੋਂ ਬਿਨਾਂ ਤੁਰਨ ਵਾਲਾ ਹਾਂ, ਜਿਸਦਾ ਮੁੱਢ ਹੀ ਅਧਰਮ ਹੈ, ਉਸ ਤੋਂ ਧਰਮ ਦੀ ਆਸ ਨਹੀਂ ਕਰਨੀ ਚਾਹੀਦੀ। ਜਦ ਰਾਜੇ ਵਿਚ ਧਰਮ ਨਹੀਂ ਤਾਂ ਇਨਸਾਫ ਨਹੀਂ ਹੋਵੇਗਾ। ਇਸ ਲਈ ਇਕ ਅਧਰਮੀ ਨੂੰ ਰਾਜ ਦਾ ਅਧਿਕਾਰੀ ਬਣਾਉਣ ਵਿਚ ਤੁਹਾਨੂੰ ਲਾਜ ਹੋਣੀ ਚਾਹੀਦੀ ਹੈ। ਇਸ ਲਈ ਤੁਹਾਡਾ ਰਾਜ ਹੈ, ਤੁਸੀਂ ਸਾਂਭੋ, ਮੇਰਾ ਧਰਮ ਤੁਹਾਡੀ ਸੇਵਾ ਕਰਨਾ ਹੈ। ਮੈਨੂੰ ਚਰਨਾਂ ਵਿਚ ਜੋੜੀ ਰੱਖੋ।

**ਚੱਛ ਬਿਹੀਨ ਸੁਪੱਛ ਜਿਮੰ ਕਰ ॥ ਤਿਉ ਪ੍ਰਭ ਤੀਰ ਗਿਰਜੋ ਪਗ ਭਰਥਰ ॥**
**ਅੰਕ ਰਹੇ ਗਹ ਰਾਮ ਤਿਸੈ ਤਬ ॥ ਰੋਇ ਮਿਲੇ ਲਛਨਾਦਿ ਭੱਯਾ ਸਭ ॥ ੨੯੮ ॥**

ਜਿਸ ਤਰ੍ਹਾਂ ਅੱਖਾਂ ਤੋਂ ਹੀਣਾ ਪੰਛੀ ਬੇ-ਸੁੱਧ ਹੋ ਕੇ ਡਿੱਗ ਪੈਂਦਾ ਹੈ ਉਸੇ ਤਰ੍ਹਾਂ ਸ੍ਰੀ ਰਾਮ ਜੀ ਦੇ ਚਰਨਾਂ ਦੇ ਕੋਲ ਭਰਥ ਡਿੱਗ ਪਿਆ। ਰਾਮ ਜੀ ਨੇ ਉਸ ਵੇਲੇ ਉਸਨੂੰ ਫੜਕੇ ਗੋਦੀ ਵਿਚ ਲੈ ਲਿਆ, ਬਾਅਦ ਵਿਚ ਲੱਛਮਣ ਆਦਿਕ ਸਾਰੇ ਭਰਾ ਰੋ ਰੋ ਕੇ ਗਲ ਮਿਲੇ॥ ੨੯੮॥

**ਪਾਨ ਪੀਆਇ ਜਗਾਇ ਸੁ ਬੀਰਹ ॥ ਫੇਰਿ ਕਹਜੋ ਹਸ ਸ੍ਰੀ ਰਘੁਬੀਰਹ ॥**
**ਤ੍ਰਿਯੋਦਸ ਬਰਖ ਗਏ ਫਿਰਿ ਐਹੈ ॥ ਜਾਹੁ ਹਮੈ ਕਛੁ ਕਾਜ ਕਿਵੈ ਹੈ ॥ ੨੯੯ ॥**

ਪਾਣੀ ਪਿਆਰੇ ਰਾਮ ਜੀ ਨੇ ਭਰਥ ਭ੍ਰਾਤਾ ਨੂੰ ਉਪਦੇਸ਼ ਕੀਤਾ, ਅਤੇ ਫੇਰ ਹੱਸਕੇ ਕਿਹਾ, "ਤੇਰਾਂ ਵਰ੍ਹੇ ਬੀਤ ਗਏ ਤਾਂ ਅਸੀਂ ਮੁੜ ਆਵਾਂਗੇ। ਹੁਣ ਤੂੰ ਘਰ ਨੂੰ ਜਾਹ, ਅਸੀਂ ਵਣ ਵਿਚ ਕੁਝ ਕੰਮ ਕਰਨਾ ਹੈ"॥੨੮੯॥

**ਚੀਨ ਗਏ ਚਤਰਾ ਚਿਤ ਮੋ ਸਭ ॥ ਸ੍ਰੀ ਰਘੁਬੀਰ ਕਹੀ ਅਸ ਕੈ ਜਬ ॥**
**ਮਾਤ ਸਮੋਧ ਸੁ ਪਾਵਰਿ ਲੀਨੀ ॥ ਅਉਰ ਬਸੇ ਪੁਰ ਅਉਧ ਨ ਚੀਨੀ ॥੨੯੦॥**

ਜਦ ਸ੍ਰੀ ਰਾਮ ਜੀ ਨੇ ਇਸ ਤਰ੍ਹਾਂ ਨਾਲ ਵਿਚਾਰ ਦੀ ਗੱਲ ਕਹੀ, ਤਾਂ ਸਾਰੇ ਚੱਤਰ ਪੁਰਸ਼ ਚਿੱਤ ਵਿਚ ਸਮਝ ਗਏ, ਕਿ ਸ੍ਰੀ ਰਾਮ ਜੀ ਨੇ ਵਣ ਵਿਚ ਆਉਣ ਦਾ ਇਹ ਇਕ ਬਹਾਨਾ ਬਣਾਇਆ ਸੀ। ਭਰਥ ਜੀ ਨੇ ਰਾਮ ਜੀ ਦੀਆਂ ਖੜਾਵਾਂ ਚੁਕ ਲਈਆਂ ਅਤੇ ਇਰਾਦਾ ਕਰ ਲਿਆ ਕਿ ਮੈਂ ਹੋਰ ਪੁਰ ਵਸਾਕੇ ਉਸ ਵਿਚ ਵਸਾਂਗਾ ਪਰ ਅਯੁਧਯਾ ਨੂੰ ਜਾ ਕੇ ਨਹੀਂ ਵੇਖਾਂਗਾ॥੨੯੦॥

**ਸੀਸ ਜਟਾਨ ਕੌ ਜੂਟ ਧਰੇ ਬਰ ॥ ਰਾਜ ਸਮਾਜ ਦੀਯੋ ਪਉਵਾ ਪਰ ॥**
**ਰਾਜ ਕਰੇ ਦਿਨੁ ਹੋਤ ਉਜਿਆਰੇ ॥ ਰੈਨਿ ਭਏ ਰਘੁ ਰਾਜ ਸੰਭਾਰੈ ॥੨੯੧॥**

ਸਿਰ ਉਤੇ ਭਰਥ ਨੇ ਜਟਾਵਾਂ ਦਾ ਵੱਡਾ ਸਾਰਾ ਜੂੜਾ ਧਾਰ ਲਿਆ, ਅਤੇ ਰਾਜ ਦਾ ਭਾਰ ਰਾਮ ਜੀ ਦੀਆਂ ਖੜਾਵਾਂ ਤੇ ਧਰ ਦਿੱਤਾ। ਦਿਨ ਦੇ ਚਾਨਣ ਹੁੰਦੇ ਤੱਕ ਭਰਥ ਰਾਜ ਦੇ ਕੰਮ ਕਰੇ, ਅਤੇ ਰਾਤ ਹੁੰਦੇ ਹੀ ਰਾਮ ਜੀ ਦੀ ਯਾਦ ਵਿਚ ਬੈਠ ਜਾਵੇ ਸਾਰੀ ਰਾਤ ਸਿਮਰਨ ਕਰੇ॥੨੯੧॥

**ਜੱਜਰ ਭਯੋ ਝੁਰ ਝੰਝਰ ਜਿਉ ਤਨ ॥ ਰਾਖਤ ਸ੍ਰੀ ਰਘੁਰਾਜ ਬਿਖੇ ਮਨ ॥**
**ਬੈਰਨ ਕੇ ਰਨ ਬਿੰਦ ਨਿਕੰਦਤ ॥ ਭਾਖਤ ਕੰਠਿ ਅਭੂਖਨ ਛੰਦਤ ॥੨੯੨॥**

ਪੁਰਾਣੇ ਸੁੱਕੇ ਬ੍ਰਿਛ ਵਾਂਗੂ ਭਰਥ ਦਾ ਸਰੀਰ ਕਮਜ਼ੋਰ ਹੋ ਗਿਆ। ਪਰ ਮਨ ਵਿਚ ਸਦਾ ਸ੍ਰੀ ਰਾਮ ਜੀ ਦੀ ਯਾਦ ਰੱਖਦਾ ਸੀ। ਵੈਰੀਆਂ ਦੇ ਸਮੂਹਾਂ ਨੂੰ ਰਣ ਵਿਚ ਨਾਸ ਕਰਦਾ ਸੀ। ਗਹਿਣਿਆਂ ਦੇ ਥਾਂ ਆਪਣੇ ਗਲ ਵਿਚ ਕੈਂਠੀ ਤੇ ਮਾਲਾ ਪਾਉਂਦਾ ਸੀ॥੨੯੨॥

### ਝੂਲਾ ਛੰਦ ॥

**ਇਤੈ ਰਾਮ ਰਾਜੰ ॥ ਕਰੈ ਦੇਵ ਕਾਜੰ ॥ ਧਰੇ ਬਾਨ ਪਾਨੰ ॥ ਭਰੇ ਬੀਰ ਮਾਨੰ ॥੨੯੩॥**

ਇਧਰ ਰਾਮ ਚੰਦ੍ਰ ਜੀ, ਦੇਵਤਿਆਂ ਦੇ ਕੰਮ ਨੂੰ ਕਰਦੇ ਸਨ, ਹੱਥ ਵਿਚ ਧਨੁਸ਼ ਬਾਣ ਫੜਿਆ ਸੀ ਅਤੇ ਜੋ ਸੂਰਮਤਾ ਵਿਚ ਭਰੇ ਹੋਏ ਸਨ॥੨੯੩॥

**ਜਹਾਂ ਸਾਲ ਭਾਰੇ ॥ ਦ੍ਰੁਮ ਤਾਲ ਨਜਾਰੇ ॥ ਛੁਏ ਸੁਰਗ ਲੋਕੰ ॥ ਹਰੈ ਜਾਤ ਸੋਕੰ ॥੨੯੪॥**

ਜਿਥੇ ਸਾਲ ਦੇ ਵੱਡੇ ਵੱਡੇ ਦਰਖਤ ਸਨ, ਅਤੇ ਹੋਰ ਕਈ ਪ੍ਰਕਾਰ ਦੇ ਦਰਖਤ ਅਤੇ ਸਰੋਵਰ ਸਨ, ਉਹ ਸਥਾਨ ਸਵਰਗ ਲੋਕ ਵਾਂਗ ਸੋਭ ਰਿਹਾ ਸੀ ਅਤੇ ਸਭ ਦੁਖਾਂ ਨੂੰ ਨਵਿਰਤ ਕਰ ਰਿਹਾ

ਸੀ। ੨੯੪॥

**ਤਹਾਂ ਰਾਮ ਪੈਠੇ॥ ਮਹਾਂਬੀਰ ਐਠੇ॥ ਲੀਏ ਸੰਗਿ ਸੀਤਾ॥ ਮਹਾਂ ਸੁਭ੍ਰ ਗੀਤਾ॥ ੨੯੫॥**

ਉਸ ਵਣ ਵਿਚ ਰਾਮ ਜੀ ਰਹਿਣ ਲੱਗੇ ਅਤੇ ਮਹਾਂਬੀਰਾਂ ਵਾਂਗ ਸੁਭਾਇਮਾਨ ਹੋਣ ਲੱਗੇ! ਉਨ੍ਹਾਂ ਦੇ ਨਾਲ ਗੀਤਾ ਵਾਂਗ ਪਵਿੱਤਰ ਸੀਤਾ ਵੀ ਸੀ॥ ੨੯੫॥

**ਬਿਧੰ ਬਾਕ ਬੈਣੀ॥ ਮ੍ਰਿਗੀ ਰਾਜ ਨੈਣੀ॥ ਕਟੰ ਛੀਨ ਦੇ ਸੀ॥ ਪਰੀ ਪਦਮਨੀ ਸੀ॥ ੨੯੬॥**

ਸੀਤਾ ਚੰਦ੍ਰਮਾ ਜਿਹੇ ਮੂੰਹ ਵਾਲੀ ਸੁਰਸ੍ਵਤੀ ਜਿਹੇ ਮਿਠੇ ਵਚਨਾਂ ਵਾਲੀ, ਹੀਰੇ ਹਿਰਨ ਵਰਗੀਆਂ ਅੱਖਾਂ ਵਾਲੀ, ਪਤਲੇ ਲੱਕ ਵਾਲੀ, ਪਰੀ ਜਾਂ ਪਦਮਨੀ ਜੇਹੀ ਸੁੰਦਰ ਸੀ॥ ੨੯੬॥

## ਝੂਲਨਾ ਛੰਦ॥

**ਚੜੈ ਪਾਨ ਬਾਨੀ ਧਰੇ ਸਾਨ ਮਾਨੋ ਚਛਾ ਬਾਨ ਸੋਹੈ ਦੋਊ ਰਾਮ ਰਾਨੀ॥**
**ਫਿਰੈ ਖਿਆਲ ਸੋ ਏਕ ਹਵਾਲ ਸੇਤੀ ਛੁਟੇ ਇੰਦ੍ਰ ਸੇਤੀ ਮਨੋ ਇੰਦ੍ਰ ਧਾਨੀ॥**
**ਮਨੋ ਨਾਗ ਬਾਂਕੇ ਲਜੀ ਆਬ ਫਾਂਕੈ ਰੰਗੇ ਰੰਗ ਸੁਹਾਬ ਸੌ ਰਾਮ ਬਾਰੇ॥**
**ਮ੍ਰਿਗਾ ਦੇਖਿ ਮੋਹੇ ਲਖੇ ਮੀਨ ਰੋਹੇ ਜਿਨੈ ਨੈਕ ਚੀਨੇ ਤਿਨੌ ਪ੍ਰਾਨ ਵਾਰੇ॥ ੨੯੭॥**

ਰਾਮ ਦੇ ਹੱਥ ਵਿਚ ਫੜੇ ਤਿਖੇ ਤੀਰ ਸ਼ੋਭ ਰਹੇ ਸਨ ਅਤੇ ਰਾਮ ਦੀ ਰਾਣੀ ਸੀਤਾਂ ਦੇ ਦੋਵੇਂ ਨੈਣ ਵੀ ਤੀਰਾਂ ਵਾਂਗ ਵਿੰਨ੍ਹਦੇ ਸਨ। ਉਹ ਰਾਮ ਦੇ ਨਾਲ ਸੋਚਾਂ ਵਿਚ ਗਲਤਾਨ ਇਸ ਤਰ੍ਹਾਂ ਘੁੰਮ ਰਹੀ ਸੀ ਜਿਵੇਂ ਰਾਜ ਖੁਸ ਜਾਣ ਦੇ ਬਾਅਦ ਇੰਦਰ ਘੁੰਮ ਰਿਹਾ ਹੋਵੇ। ਉਸਦੀਆਂ ਜ਼ੁਲਫਾਂ ਨਾਗਾਂ ਵਾਂਗ ਸ਼ੋਭ ਰਹੀਆਂ ਸਨ। ਹਿਰਨ ਉਸਨੂੰ ਵੇਖ ਕੇ ਮੋਹਿਤ ਹੋ ਰਹੇ ਸਨ। ਮੱਛੀਆਂ ਉਸਦੀ ਸੁੰਦਰਤਾਂ ਨੂੰ ਵੇਖ ਕੇ ਲੱਜਿਤ ਹੋ ਰਹੀਆਂ ਸਨ। ਭਾਵ ਜਿਸ ਵੀ ਉਸ ਨੂੰ ਵੇਖਿਆ ਉਹ ਉਸ ਤੋਂ ਬਲਿਹਾਰ ਹੋ ਗਿਆ॥ ੨੯੭॥

**ਸੁਨੇ ਕੂਕ ਕੇ ਕੋਕਲਾ ਕੋਪ ਕੀਨੇ ਮੁਖੰ ਦੇਖ ਕੈ ਚੰਦ ਦਾਰੇਰ ਖਾਈ॥**
**ਲਖੇ ਨੈਨ ਬਾਂਕੇ ਮਨੈ ਮੀਨ ਮੋਹੈ ਲਖੇ ਜਾਤ ਕੇ ਸੂਰ ਕੀ ਜੋਤਿ ਛਾਈ॥**
**ਮਨੋ ਫੂਲ ਫੂਲੇ ਲਗੇ ਨੈਨ ਝੂਲੇ ਲਖੇ ਲੋਗ ਭੂਲੇ ਬਨੇ ਜੋਰ ਐਸੇ॥**
**ਲਖੇ ਨੈਨ ਥਾਰੇ ਬਿਧੇ ਰਾਮ ਪਿਆਰੇ ਰੰਗੇ ਰੰਗ ਸ਼ਰਾਬ ਸੁਹਾਬ ਜੈਸੇ॥ ੨੯੮॥**

ਸੀਤਾ ਦੇ ਮਿੱਠੇ ਬੋਲਾਂ ਨੂੰ ਸੁਣ ਕੇ, ਕੋਇਲ ਨੇ ਗੁੱਸਾ ਕੀਤਾ, ਅਤੇ ਸੀਤਾ ਦੇ ਮੁੱਖ ਨੂੰ ਦੇਖ ਕੇ ਚੰਦ੍ਰਮਾ ਨੇ ਵੀ ਤਿਊੜੀ ਪਾਈ, ਅਰਥਾਤ ਚੰਦ੍ਰਮਾ ਵੀ ਲੱਜਿਤ ਹੋ ਗਿਆ। ਸੀਤਾ ਦੇ ਐਸੇ ਸੁੰਦਰ ਨੈਣਾਂ ਉੱਤੇ ਮੱਛੀ ਮੋਹਿਤ ਹੋ ਰਹੀ ਸੀ, ਅਤੇ ਲੰਘਦੇ ਜਾਂਦਿਆਂ ਸੀਤਾ ਦੇ ਸਰੀਰ ਦਾ ਪਰਛਾਵਾਂ ਜੋ ਪਾਣੀ ਵਿਚ ਪੈਂਦਾ ਸੀ, ਉਸ ਅੱਗੇ ਸੂਰਜ ਦੀ ਜੋਤਿ ਫਿੱਕੀ ਪੈ ਰਹੀ ਸੀ। ਮਸਤੀ ਨਾਲ ਨੈਣ ਇਸ

ਤਰ੍ਹਾਂ ਝੂਲਦੇ ਸਨ, ਮਾਨੋ ਖਿੜੇ ਹੋਏ ਫੂਲ ਲੱਗੇ ਹੋਏ ਸਨ। ਜਿਧਰੋਂ ਲੰਘਦੇ ਸਨ, ਉਧਰ ਦੇ ਲੋਕ ਭੁੱਲੇ ਫਿਰਦੇ ਸਨ, ਸੀਤਾ ਤੇ ਰਾਮ ਦੀ ਜੋੜੀ ਇਸ ਤਰ੍ਹਾਂ ਦੀ ਬਣੀ ਹੋਈ ਸੀ ਕਿ ਵੇਖ ਕੇ ਲੋਕ ਕਹਿੰਦੇ ਸਨ, "ਹੇ ਪਿਆਰੇ ਰਾਮ! ਤੁਹਾਡੇ ਨੈਣਾਂ ਨੂੰ ਜਾਣ ਕੇ, ਇਸ ਤਰ੍ਹਾਂ ਵਿੰਨੇ ਗਏ ਹਾਂ, ਜਿਸ ਤਰ੍ਹਾਂ ਸ਼ਰਾਬ ਦੇ ਸੂਹੇ ਰੰਗ ਵਿਚ ਰੰਗੇ ਹੋਏ ਮਤਵਾਲੇ ਹੋ ਜਾਂਦੇ ਹਨ"॥੨੯੮॥

**ਰੰਗੇ ਰੰਗ ਰਾਤੇ ਮਯੰ ਮੱਤ ਮਾਤੇ ਮਕਬੂਲਿ ਗੁੱਲਾਬ ਕੇ ਫੂਲ ਸੋਹੈਂ॥**
**ਨਰਗਸ ਨੇ ਦੇਖਕੈ ਨਾਕ ਐਂਠਾ ਮ੍ਰਿਗੀਰਾਜ ਕੇ ਦੇਖਤੈਂ ਮਾਨ ਮੋਹੈਂ॥**
**ਸ਼ਬੋ ਰੋਜ਼ ਸ਼ਰਾਬ ਨੇ ਸ਼ੋਰ ਲਾਇਆ ਪੂਜਾ ਆਮ ਜਾਹਾਨ ਕੇ ਪੇਖ ਵਾਰੇ॥**
**ਭਵਾ ਤਾਨ ਕਮਾਨ ਕੀ ਭਾਂਤ ਪਿਆਰੀ ਨਿਕਮਾਨ ਹੀ ਨੈਨ ਕੇ ਬਾਨ ਮਾਰੇ॥ ੨੯੯॥**

ਸੀਤਾ ਦੇ ਨੈਣ ਰੰਗ ਦੇ ਰੱਤੇ ਹੋਏ ਲਾਲ ਸਨ, ਜਾਂ ਸ਼ਰਾਬ ਦੀ ਮਸਤੀ ਨਾਲ ਮਤਵਾਲੇ ਸਨ, ਜਾਂ ਮਨ ਭਾਉਂਦੇ ਗੁਲਾਬ ਦੇ ਫੁੱਲ ਦੀ ਸੋਭਾ ਪਾ ਰਹੇ ਸਨ। ਨੈਣਾਂ ਨੂੰ ਵੇਖ ਕੇ ਨਰਗਸ ਨੇ ਨੱਕ ਚਾੜ੍ਹਿਆ ਸੀ, ਜੋ ਨੈਣ ਵੇਖਦਿਆਂ ਹੀ ਹੀਰੇ ਹਿਰਨ ਦੇ ਮਨ ਦੇ ਮਾਨ ਨੂੰ ਮੋਹ ਲੈਂਦੇ ਸਨ। ਐਸੇ ਮਤਵਾਲੇ ਸਨ ਮਾਨੋ ਰਾਤ ਤੇ ਦਿਨ ਸ਼ਰਾਬ ਵਿਚ ਮਸਤ ਇਹਨਾਂ ਨੈਨਾਂ ਨੂੰ ਵੇਖ ਕੇ ਸਾਰੀ ਪੂਜਾ ਅਤੇ ਸਾਰਾ ਜਹਾਨ ਵਾਰਨੇ ਹੁੰਦਾ ਸੀ। ਪਿਆਰੀ ਸੀਤਾ ਦੀਆਂ ਭਵਾਂ ਖਿੱਚੀ ਹੋਈ ਕਮਾਨ ਦੀ ਤਰ੍ਹਾਂ ਟੇਢੀਆਂ ਸਨ, ਇਸ ਤਰ੍ਹਾਂ ਸੀਤਾ ਕਮਾਨ ਤੋਂ ਬਿਨਾਂ ਹੀ ਨੈਣਾਂ ਦੇ ਤੀਰ ਚਲਾ ਰਹੀ ਸੀ॥੨੯੯॥

**ਕਬਿੱਤ॥ ਊਚੇ ਦ੍ਰੂਮ ਸਾਲ ਜਹਾਂ ਲਾਂਬੇ ਬਟ ਤਾਲ ਤਹਾਂ**
**ਐਸੀ ਠਉਰ ਤਪ ਕਉ ਪਧਾਰੈ ਐਸੋ ਕਉਨ ਹੈ॥**
**ਜਾਕੀ ਛਬ ਦੇਖ ਦੂਤ ਖਾਂਡਵ ਕੀ ਫੀਕੀ ਲਾਗੈ**
**ਆਭਾ ਤਾਕੀ ਨੰਦਨ ਬਿਲੋਕ ਭਜੇ ਮੌਨ ਹੈ॥**
**ਤਾਰਨ ਕੀ ਕਹਾ ਨੈਕ ਨਭ ਨ ਨਿਹਾਰਜੋ ਜਾਇ**
**ਸੂਰਜ ਕੀ ਜੋਤ ਤਹਾਂ ਚੰਦ੍ਰਕੀ ਨ ਜਉਨ ਹੈ॥**
**ਦੇਵ ਨ ਨਿਹਾਰਜੋ ਕੋਊ ਦੈਤ ਨ ਬਿਹਾਰਜੋ ਤਹਾਂ**
**ਪੰਛੀ ਕੀ ਨ ਗੰਮ ਜਹਾਂ ਚੀਟੀ ਕੋ ਨ ਗਊਨ ਹੈ॥ ੩੦੦॥**

ਊਚੇ ਊੱਚੇ ਸਾਲ ਦੇ ਜਿੱਥੇ ਬ੍ਰਿਛ ਸਨ, ਉਥੇ ਲੰਮੇ ਲੰਮੇ ਬੋਹੜ ਤੇ ਤਾੜ ਦੇ ਦਰੱਖਤ ਸਨ, ਅਜਿਹੀ ਜਗ੍ਹਾਂ ਉਤੇ ਤਪ ਕਰਨ ਨੂੰ ਜਾਵੇ, ਐਸਾ ਦਲੇਰ ਕੌਣ ਹੈ? ਜਿਸ ਦੀ ਸੁੰਦਰਤਾ ਨੂੰ ਵੇਖ ਕੇ ਇੰਦਰ ਦੇ ਖਾਂਡਵਾ ਵਣ ਦੀ ਸੁੰਦਰਤਾ ਫਿਕੀ ਲੱਗਦੀ ਸੀ, ਅਤੇ ਉਸ ਦੀ ਚਮਕ ਦਮਕ ਨੂੰ ਵੇਖ ਕੇ ਇੰਦਰ ਦਾ 'ਨੰਦਨ' ਬਾਗ ਵੀ ਚੁਪ ਕਰ ਜਾਂਦਾ ਸੀ। ਤਾਰਿਆਂ ਦੀ ਕੀ ਗੱਲ ਉਥੇ ਰਤਾ

ਜਿੰਨਾਂ ਵੀ ਅਕਾਸ਼ ਵਿਖਾਈ ਨਹੀਂ ਸੀ ਦੇਂਦਾ, ਉਥੇ ਸੂਰਜ ਦਾ ਉਜਾਲਾ ਅਤੇ ਚੰਦਰਮਾ ਦੀ ਚਾਨਣੀ ਪਹੁੰਚਦੀ ਨਹੀਂ ਸੀ। ਉਸ ਨੂੰ ਕਿਸੇ ਦੇਵਤੇ ਨੇ ਨਹੀਂ ਵੇਖਿਆ, ਦੈਂਤ ਉਸ ਥਾਂ ਤੇ ਨਹੀਂ ਪੁੱਜਿਆ, ਪੰਛੀ ਦੀ ਪਹੁੰਚ ਤਾਂ ਕਿਤੇ ਰਹੀ ਉਥੇ ਤਾਂ ਕੀੜੀ ਵੀ ਨਹੀਂ ਪਹੁੰਚ ਸਕਦੀ ਸੀ॥ ੩੦੦॥

ਸ੍ਰੀ ਰਾਮ ਜੀ ਸੀਤਾ ਤੇ ਲੱਛਮਣ ਸਣੇ ਜਦ ਉਸ ਭਿਆਨਕ ਬਨ ਵਿਚ ਚਲੇ ਗਏ ਤਾਂ......

## ਅਪੂਰਬ ਛੰਦ॥

**ਲਖੀਏ ਅਲੱਖ॥ ਤਕੀਏ ਸੁਭੱਛ॥ ਧਾਯੋ ਬਿਰਾਧ॥ ਬੰਕੜਜੋ ਬਿਰਾਦ॥ ੩੦੧॥**

ਉਨ੍ਹਾਂ ਨੂੰ ਅਣਜਾਣ ਜਾਣ ਕੇ, ਅਤੇ ਆਪਣੀ ਚੰਗੀ ਖੁਰਾਕ ਵੇਖ ਕੇ, ਬਿਰਾਧ ਨਾਮ ਦੈਂਤ ਭੱਜ ਕੇ ਆਇਆ ਅਤੇ ਬੋਲਿਆ॥ ੩੦੧॥

**ਲਖੀਅੰ ਅਵੱਧ॥ ਸੰਬਹਜੋ ਸਨੱਧ॥ ਸੰਮਲੇ ਹਥਿਆਰ॥ ਉਰੜੇ ਲੁਝਾਰ॥ ੩੦੨॥**

ਜਦ ਰਾਮ ਨੇ ਦੈਂਤਾਂ ਦੇ ਹੱਥਾਂ ਵਿਚ ਸ਼ਸਤ੍ਰ ਵੇਖੇ ਤਾਂ ਉਹ ਵੀ ਹਥਿਆਰ ਸੰਭਾਲ ਕੇ ਉਨ੍ਹਾਂ ਨਾਲ ਉਲਝ ਪਏ। ੩੦੨॥

**ਚਿਕੜੀ ਚਾਵੰਡ॥ ਸੰਮੁਹੇ ਸਾਵੰਤ॥ ਸੱਜੀਏ ਸੁੱਬਾਹ॥ ਅੱਛਰੋ ਉਛਾਹ॥ ੩੦੩॥**

ਉਸੇ ਵੇਲੇ ਇਲਾਂ ਚੀਕਣ ਲੱਗੀਆਂ ਜਦ ਸੂਰਮੇ ਆਹਮੋ ਸਾਹਮਣੇ ਡੱਟ ਕੇ ਖਲੋ ਗਏ। ਸੁੰਦਰ ਬਾਹਾਂ ਵਾਲੇ ਸੂਰਮੇ ਸਜੇ ਹੋਏ ਸਨ, ਜਿਨ੍ਹਾਂ ਨੂੰ ਵੇਖ ਕੇ ਅਪੱਛਰਾਂ ਉਤਸ਼ਾਹਤ ਹੋ ਰਹੀਆਂ ਸਨ। ੩੦੩॥

**ਪੱਖਰੇ ਪਵੰਗ॥ ਮੋਹਲੇ ਮਤੰਗ॥ ਚਾਵੰਡੀ ਚਿੰਕਾਰ॥ ਉਝਰੇ ਲੁਝਾਰ॥ ੩੦੪॥**

ਯੁੱਧ ਵਿਚ ਲੋਹੇ ਦੇ ਝੁੱਲਾਂ ਨਾਲ ਘੋੜੇ ਸੱਜ ਰਹੇ ਸਨ ਅਤੇ ਮਸਤ ਹਾਥੀ ਗੱਜ ਰਹੇ ਸਨ। ਇੱਲਾਂ ਚੀਕਾਂ ਮਾਰ ਰਹੀਆਂ ਸਨ ਤੇ ਸੂਰਮੇ ਲੜ ਰਹੇ ਸਨ॥ ੩੦੪॥

**ਸਿੰਧਰੇ ਸੰਧੂਰ॥ ਬੱਜਏ ਤੰਦੂਰ॥ ਸੱਜੀਏ ਸੁੱਬਾਹ॥ ਅੱਛਰੋ ਉਛਾਹ॥ ੩੦੫॥**

ਮਸਤ ਹਾਥੀ ਗੱਜ ਰਹੇ ਸਨ ਅਤੇ ਨਗਾਰੇ ਵੱਜ ਰਹੇ ਸਨ ਸੂਰਮਿਆਂ ਨੇ ਸ਼ਸਤਰ ਪਹਿਨੇ ਹੋਏ ਸਨ ਅਤੇ ਅਪੱਛਰਾਂ ਉਤਸ਼ਾਹਤ ਹੋ ਰਹੀਆਂ ਸਨ॥ ੩੦੫॥

**ਬਿੱਝੁੜੇ ਉਝਾੜ॥ ਸੰਮਲੇ ਸੁਮਾਰ॥ ਹਾਹਲੇ ਹੰਕਾਰ॥ ਅੰਕੜੇ ਅੰਗਾਰ॥ ੩੦੬॥**

ਕਦੀ ਵੀ ਨਾ ਡਿੱਗਣ ਵਾਲੇ ਸੂਰਮੇ ਡਿੱਗ ਡਿੱਗ ਆਪਣੇ ਆਪ ਨੂੰ ਸੰਭਾਲ ਰਹੇ ਸਨ। ਦੈਂਤ ਦੀ ਸੈਨਾ ਚਾਰੇ ਪਾਸਿਆਂ ਤੋਂ ਹਮਲਾ ਕਰਨ ਲੱਗੀ ਅਤੇ ਸੂਰਮੇ ਅੱਗ ਵਾਂਗ ਭਖ ਰਹੇ ਸਨ॥ ੩੦੬॥

**ਸੰਮਲੇ ਲੁੱਝਾਰ॥ ਛੁਟਕੇ ਬਿਸਿਯਾਰ॥ ਹਾਹਲੇਹੰ ਬੀਰ॥ ਸੰਘਰੇ ਸੁ ਬੀਰ॥ ੩੦੭॥**

ਸੂਰਮੇ ਆਪਣੇ ਆਪ ਨੂੰ ਸੰਭਾਲਦੇ ਸਨ ਸਪਾਂ ਵਾਂਗ ਵਿਸਿਆਲੇ ਤੀਰ ਚਲਾਉਂਦੇ ਸਨ। ਲੜਾਈ ਵਿਚ ਵੱਡੇ ਵੱਡੇ ਦੈਂਤ ਸੂਰਮੇ ਮਾਰੇ ਜਾ ਰਹੇ ਸਨ॥ ੩੦੭॥

## ਅਨੂਪ ਨਰਾਜ ਛੰਦ॥

**ਗਜੰ ਗਜੇ ਹਯੰ ਹਲੇ ਹਲਾ ਹਲੀ ਹਲੋ ਹਲੰ॥**
**ਬਬੱਜ ਸਿੰਧਰੇ ਸੁਰੰ ਛੁਟੰਤ ਬਾਣ ਕੇਵਲੰ॥**
**ਪਪੱਕ ਪੱਖਰੇ ਤੁਰੇ ਭਭੱਖ ਘਾਇ ਨਿਰਮਲੰ॥**
**ਪਲੁੱਥ ਲੁੱਥ ਬਿੱਥਰੀ ਅਮੱਥ ਜੁੱਥ ਉੱਥਲੰ॥ ੩੦੮॥**

ਸੂਰਮੇ ਹਾਥੀ ਵਾਂਗ ਗੱਜਦੇ ਸਨ, ਘੋੜੇ ਦੌੜਦੇ ਸਨ, ਹੱਲੇ ਉੱਤੇ ਹੱਲੇ ਨਾਲ ਫੌਜ ਵਿਚ ਹਲਾਚਲ ਪੈ ਰਹੀ ਸੀ। ਰਣਸਿੰਘੇ ਸੁਰ ਨਾਲ ਵੱਜਦੇ ਸਨ, ਨਿਰੋਲ ਤੀਰ ਚਲਦੇ ਸਨ। ਮਜ਼ਬੂਤ ਪਾਖਰਾਂ ਵਾਲੇ ਘੋੜਿਆਂ ਦੇ ਜ਼ਖਮਾਂ ਤੋਂ ਭੱਕਾ ਭੱਕ ਲਹੂ ਨਿਕਲਦਾ ਸੀ। ਲੋਥ ਤੇ ਲੋਥ ਖਿਲਰੀ ਹੋਈ ਸੀ, ਉਸ ਥਾਂ ਤੇ ਨਾ ਮਿਥੇ ਜਾਣ ਵਾਲੇ ਸੂਰਮਿਆਂ ਦੇ ਜੱਥੇ ਲੜ ਰਹੇ ਸਨ॥ ੩੦੮॥

**ਅਜੁੱਥ ਲੁੱਥ ਬਿੱਥਰੀ ਮਿਲੰਤ ਹੱਥ ਬੱਖਯੰ॥**
**ਅਘੁੱਮ ਘਾਇ ਘੁੱਮ ਏ ਬਬੱਕ ਬੀਰ ਦੁੱਧਰੰ॥**
**ਕਿਲੰ ਕਰੰਤ ਖੱਪਰੀ ਪਿਪੰਤ ਸ੍ਰੋਣ ਪਾਣਯੰ॥**
**ਹਹੱਕ ਭੈਰਵੰ ਸੁਤੰ ਉਠੰਤ ਜੁੱਧ ਜ੍ਵਾਲਯੰ॥ ੩੦੯॥**

ਯੁੱਧ ਵਿਚ ਝਟ ਹੀ ਲੋਥਾਂ ਹੀ ਲੋਥਾਂ ਖਿਲਰ ਗਈਆਂ ਕਈਆਂ ਦੇ ਹੱਥ ਵੱਢੇ ਗਏ ਅਤੇ ਕਈ ਜ਼ਖਮੀ ਹੋਏ ਘੁੰਮ ਰਹੇ ਸਨ। ਕਲਜੋਗਣਾਂ ਕਿਲਕਾਰੀਆਂ ਮਾਰ ਰਹੀਆਂ ਸਨ ਅਤੇ ਹੱਥਾਂ ਵਿਚ ਖਪਰ ਫੜ ਕੇ ਲਹੂ ਪੀ ਰਹੀਆਂ ਸਨ। ਭੈਰੋਂ ਖੁਦ ਮੈਦਾਨਿ ਜੰਗ ਵਿਚ ਫਿਰਨ ਲੱਗਾ ਅਤੇ ਯੁੱਧ ਦੀ ਜਵਾਲਾ ਮਚ ਗਈ॥ ੩੦੯॥

**ਫਿਕੰਤ ਫਿਕੰਤੀ ਫਿਰੰ ਰੜੰਤ ਗਿੱਧ ਬ੍ਰਿੱਧਣੰ॥**
**ਡਹੱਕ ਡਾਮਰੀ ਉਠੰ ਬਕਾਰ ਬੀਰ ਬੈਤਲੰ॥**
**ਖਹੱਤ ਖੱਗ ਖੱਤ੍ਰੀਯੰ ਖਿਮੰਤ ਧਾਰ ਉੱਜਲੰ॥**
**ਘਣੰਕ ਜਾਣ ਸਾਵਲੰ ਲਸੰਤ ਬੇਗ ਬਿੱਜੁਲੰ॥ ੩੧੦॥**

ਗਿੱਦੜੀਆਂ ਹੁਆਂਕਦੀਆਂ ਫਿਰਦੀਆਂ ਸਨ, ਅਤੇ ਵੱਡੀਆਂ ਗਿਰਝਾਂ ਬੋਲਦੀਆਂ ਸਨ, ਡੌਰੂ ਦੀ ਡਹੱਕ ਡਹੱਕ ਆਵਾਜ਼ ਹੁੰਦੀ ਸੀ ਅਤੇ ਬੀਰ ਬੈਤਾਲ ਚੀਕਦੇ ਸਨ। ਸੂਰਮਿਆਂ ਦੇ ਖੜਗ ਆਪੋ ਵਿਚ ਭਿੜਦੇ ਸਨ, ਤਾਂ ਉਨ੍ਹਾਂ ਦੀ ਚਿੱਟੀ ਧਾਰਾ ਲਿਸ਼ਕਦੀ ਇਉਂ ਪ੍ਰਤੀਤ ਹੁੰਦੀ ਸੀ ਜਾਣੋ ਸਾਵਣ ਦੀਆਂ ਕਾਲੀਆਂ ਘਟਾਂ ਵਿਚੋਂ ਤੇਜ਼ ਬਿਜਲੀ ਲਿਸ਼ਕਦੀ ਹੈ॥ ੩੧੦॥

ਪਿਪੰਤ ਸ੍ਰੋਣ ਖੱਪਰੀ ਭਖੰਤ ਮਾਸ ਚਾਵਡੰ॥
ਹਕਾਰ ਵੀਰ ਸੰਭਿੜੈ ਲੁਝਾਰ ਧਾਰ ਦੁੱਧਰੰ॥
ਪੁਕਾਰ ਮਾਰ ਕੈ ਪਰੇ ਸਹੰਤ ਅੰਗ ਭਾਰਯੰ॥
ਬਿਹਾਰ ਦੇਵ ਮੰਡਲੰ ਕਟੰਤ ਖੱਗ ਪਾਰਯੰ॥ ੩੧੧॥

ਜੋਗਨੀਆਂ ਲਹੂ ਪੀਂਦੀਆਂ ਸਨ, ਅਤੇ ਚੁੜੇਲਾਂ ਮਾਸ ਖਾਂਦੀਆਂ ਸਨ। ਦੋਹਾਂ ਧਿਰਾਂ ਦੇ ਜੋਧੇ ਲਲਕਾਰਦੇ ਹੋਏ, ਤਲਵਾਰ ਦੀ ਧਾਰ ਤੋਂ ਆਪਣੇ ਆਪ ਨੂੰ ਸੰਭਾਲ ਕੇ ਲੜਦੇ ਸਨ। ਮਾਰੋ ਮਾਰੋ ਪੁਕਾਰਦੇ ਹੋਏ ਪੈ ਜਾਂਦੇ ਸਨ, ਅਤੇ ਸਰੀਰ ਉਤੇ ਦੁੱਖ ਨੂੰ ਸਹਾਰਦੇ ਸਨ। ਜੋ ਤਲਵਾਰ ਦੀ ਧਾਰ ਨਾਲ ਕੱਟੇ ਜਾਂਦੇ ਸਨ, ਉਹ ਦੇਵਤਿਆਂ ਦੇ ਸਥਾਨ (ਸਵਰਗ) ਨੂੰ ਚਲੇ ਜਾ ਰਹੇ ਸਨ॥ ੩੧੧॥

ਪ੍ਰਚਾਰ ਵਾਰ ਪੈਜ ਕੈ ਖੁਮਾਰ ਘਾਇ ਘੂਮਹੀ॥
ਤਪੀ ਮਨੋ ਅਧੋ ਮੁਖੰ ਸੁ ਧੂਮ ਆਗ ਧੂਮ ਹੀ॥
ਤੁਟੰਤ ਅੰਗ ਭੰਗਯੰ ਬਹੰਤ ਅਸਤ੍ਰ ਧਾਰਯੰ॥
ਉਠੰਤ ਛਿੱਛ ਇੱਛਯੰ ਪਿਪੰਤ ਮਾਸ ਹਾਰਯੰ॥ ੩੧੨॥

ਲਲਕਾਰਦੇ ਅਤੇ ਪੈਰਾਂ ਨੂੰ ਜਮਾ ਕੇ ਵਾਰ ਕਰਦੇ ਸਨ, ਜੋ ਜ਼ਖਮੀ ਹੁੰਦੇ ਸਨ, ਉਹ ਜ਼ਖਮਾਂ ਦੀ ਖੁਮਾਰੀ ਨਾਲ ਝੂਮ ਕੇ ਇਉਂ ਡਿੱਗਦੇ ਸਨ, ਮਾਨੋ ਤਪੀ ਜਨ ਨੀਵੇਂ ਮੂੰਹ ਕਰਕੇ ਧੂੰਏਂ ਵਾਲੀ ਅੱਗ ਨੂੰ ਪੀ ਰਹੇ ਸਨ। ਜਿਨ੍ਹਾਂ ਉੱਤੇ ਅਸਤ੍ਰ ਦੀ ਧਾਰ ਵਹਿ ਜਾਂਦੀ ਸੀ ਉਨ੍ਹਾਂ ਦੇ ਅੰਗ ਭੰਗ ਹੋ ਕੇ ਡਿੱਗ ਪੈਂਦੇ ਸਨ। ਇਸ ਤਰ੍ਹਾਂ ਡਿਗਦਿਆਂ ਹੋਇਆਂ ਜੋ ਲਹੂ ਦੀਆਂ ਛਿੱਟਾਂ ਉੱਡਦੀਆਂ ਸਨ, ਉਨ੍ਹਾਂ ਨੂੰ ਮਾਸ ਖੋਰੇ ਜਾਨਵਰ ਪੀ ਰਹੇ ਸਨ॥ ੩੧੨॥

ਅਘੋਰ ਘਾਇ ਅੱਘਏ ਕਟੇ ਪਰੇ ਸੁ ਪ੍ਰਾਸਨੰ॥
ਘੁਮੰਤ ਜਾਣ ਰਾਵਲੰ ਲਗੇ ਸੁ ਸਿੱਧ ਆਸਣੰ॥
ਪਰੰਤ ਅੰਗ ਭੰਗ ਹੁਇ ਬਕੰਤ ਮਾਰ ਮਾਰਯੰ॥
ਬਦੰਤ ਜਾਣ ਬੰਦੀਯੰ ਸੁਕ੍ਰਿਤ ਕ੍ਰਿਤ ਅਪਾਰਯੰ॥ ੩੧੩॥

ਕਟੇ ਪਏ ਜ਼ਖਮੀਆਂ ਨੂੰ ਖਾ ਕੇ ਸ਼ਿਵਜੀ ਦੇ ਗਨ ਰੱਜ ਗਏ ਸਨ। ਕਈ ਜ਼ਖਮੀ ਸਨ, ਅਤੇ ਮੂੰਹੋਂ ਮਾਰੋ ਮਾਰੋ ਬੋਲਦੇ ਹਨ, ਉਨ੍ਹਾਂ ਦਾ ਬੋਲਣਾ ਇਉਂ ਮਲੂਮ ਹੁੰਦਾ ਸੀ ਮਾਨੋ ਕਵੀ ਜਨ ਅਪਾਰ ਸ਼ੁਭ ਕੀਰਤੀ ਦੀ ਕਵਿਤਾ ਬਣਾ ਕੇ ਬੋਲ ਰਹੇ ਸਨ॥ ੩੧੩॥

ਬਜੰਤ ਤਾਲ ਤੰਬੁਰੰ ਬਿਸੇਖ ਬੀਨ ਬੇਣਯੰ॥

ਮ੍ਰਿਦੰਗ ਝਾਲ ਨਾਫਿਰੰ ਸਨਾਇ ਭੇਰ ਭੈ ਕਰੰ ॥
ਉਠੰਤ ਨਾਦਿ ਨਿਰਮਲੰ ਤੁਟੰਤ ਤਾਲ ਤੱਥਿਯੰ ॥
ਬਦੰਤ ਕਿੱਤ ਬੰਦੀਅੰ ਕਬਿੰਦ੍ਰ ਕਾਬਜ ਕੱਥਿਯੰ ॥੩੧੪॥

ਛੈਣੇ, ਛੋਟੇ ਢੋਲ, ਬੀਨ ਤੇ ਬੀਣਾ, ਮ੍ਰਿਦੰਗ, ਝਾਲ, ਨਫੀਰੀ, ਸਨਾਇ ਤੇ ਭੇਰੀ ਆਦਿਕ ਸਾਜ ਵੱਜਦੇ ਹਨ। ਜਿਨ੍ਹਾਂ ਦੇ ਸ਼ੁੱਧ ਸ਼ਬਦ ਨਿਕਲਦੇ ਸਨ, ਅਤੇ ਤਾਲ ਦਾ ਵਜ਼ਨ ਟੁੱਟਦਾ ਨਹੀਂ ਸੀ। ਉਹ ਇਉਂ ਪ੍ਰਤੀਤੀ ਹੁੰਦੇ ਸਨ, ਮਾਨੋ ਕਵੀ ਜਨ ਕੀਰਤੀ ਕਥਨ ਕਰਦਾ ਹੈ, ਜਾਂ ਕਵਿਰਾਜ ਕਵਿਤਾ ਕਥਨ ਕਰ ਰਿਹਾ ਹੋਵੇ॥ ੩੧੪॥

ਢਲੰਤ ਢਾਲ ਮਾਲਯੰ ਖਹੰਤ ਖੱਗ ਖੇਤਯੰ ॥
ਚਲੰਤ ਬਾਣ ਤੀਛਣੰ ਅਨੰਤ ਅੰਤ ਕੰਕਯੰ ॥
ਸਿਮੱਟਿ ਸਾਂਗ ਸੁੰਕੜੰ ਸਟੱਕ ਸੂਲ ਸੇਲਯੰ ॥
ਰੁਲੰਤ ਰੁੰਡ ਮੁੰਡਯੰ ਝਲੰਤ ਝਾਲ ਅੱਝਲੰ ॥੩੧੫॥

'ਢਾਲਾਂ ਖੜਕ ਰਹੀਆਂ ਸਨ ਅਤੇ ਤਲਵਾਰਾਂ ਵਹਿ ਰਹੀਆਂ ਸਨ ਅਤੇ ਬੇਅੰਤ ਲੋਕਾਂ ਦਾ ਨਾਸ ਕਰਨ ਵਾਲੇ ਤੀਰ ਚਲ ਰਹੇ ਸਨ। ਬਰਛੀਆਂ ਭਾਲੇ ਸਰਰ ਸਰਰ ਚਲ ਰਹੇ ਸਨ। ਅਨੰਤ ਲੋਥਾਂ ਸਿਰਾਂ ਤੋਂ ਬਗੈਰ ਰੁਲ ਰਹੀਆਂ ਸਨ ਅਤੇ ਯੁੱਧ ਦੀ ਝਾਲ ਝੱਲੀ ਨਹੀਂ ਸੀ ਜਾਂਦੀ॥ ੩੧੫॥

ਬਚਿੱਤ੍ਰ ਚਿੱਤ੍ਰਤੰ ਸਰੰ ਬਹੰਤ ਦਾਰੁਣੰ ਰਣੰ ॥
ਢਲੰਤ ਢਾਲ ਅੱਢਲੰ ਢੁਲੰਤ ਚਾਰ ਚਾਮਰੰ ॥
ਦਲੰਤ ਨਿਰਦਲੋ ਦਲੰ ਤਪਾਤ ਭੂਤਲੰ ਦਿਤੰ ॥
ਉਠੰਤ ਗੱਦਿ ਸੱਦਯੰ ਨਿਨੱਦਿ ਨੱਦਿ ਦੁੱਭਰੰ ॥੩੧੬॥

ਅਲੌਕਿਕ ਚਿਤ੍ਰਕਾਰ ਕੀਤੇ ਹੋਏ ਤੀਰ ਉਸ ਡਰਾਉਣੇ ਰਣ ਵਿਚ ਚਲ ਰਹੇ ਹਨ। ਕਈ ਢਾਲ ਦੇ ਆਸਰੇ ਹੋ ਕੇ ਉਨ੍ਹਾਂ ਤੀਰਾਂ ਨੂੰ ਉਪਰੋਂ ਢਾਲ ਦੇਂਦੇ ਹਨ, ਜੋ ਉਪਰੋਂ ਦੀ ਇਉਂ ਲੰਘਦੇ ਹਨ, ਮਾਨੋ ਸੁੰਦਰ ਚੌਰ ਝੁਲ ਰਿਹਾ ਸੀ। ਸੂਰਮੇ ਨਾ ਦਲੇ ਜਾਣ ਵਾਲੇ ਦਲ ਨੂੰ ਦਲ ਰਹੇ ਸਨ, ਮਾਰ ਖਾ ਕੇ ਜੋਧੇ ਧਰਤੀ ਉਪਰ ਡਿੱਗਦੇ ਸਨ। ਜੋ ਸੂਰਮਿਆਂ ਦੀ ਗਦਾ ਤੋਂ ਸੱਦ ਸ਼ਬਦ ਉੱਠਦਾ ਸੀ, ਉਹ ਅਵਾਜ਼ ਦੁਭਰ ਅਤੇ ਵੱਡੀ ਡਰੌਣੀ ਅਵਾਜ਼ ਸੀ॥ ੩੧੬॥

ਭਰੰਤ ਪੱਤ੍ਰ ਚਉਸਠੀ ਕਿਲੰਕ ਖੇਚਰੀ ਕਰੰ ॥
ਫਿਰੰਤ ਹੂਰ ਪੂਰਯੰ ਬਰੰਤ ਦੁੱਧਰੰ ਨਰੰ ॥

ਸਨੱਧ ਬੱਧ ਗੋਧਯੰ ਸੁ ਸੋਭ ਅੰਗੁਲੰ ਤ੍ਰਿਣੰ॥
ਡਕੰਤ ਡਾਕਣੀ ਭ੍ਰਮੰ ਭਖੰਤ ਆਮਿਖੰ ਰਣੰ॥੩੧੭॥

ਚੌਸਠ ਜੋਗਣੀਆਂ ਖੱਪਰ ਭਰ ਰਹੀਆਂ ਸਨ, ਭੂਤਨੀਆਂ ਕਿਲਕਾਰਦੀਆਂ ਸਨ। ਅਕਾਸ਼ ਵਿਚ ਹੂਰਾਂ ਫਿਰਦੀਆਂ ਸਨ, ਜੋ (ਵੱਡੇ ਬਹਾਦਰ) ਪੁਰਸ਼ਾਂ ਨੂੰ ਵਰਦੀਆਂ ਸਨ। ਸਨੱਧ ਬੱਧ ਸੂਰਮਿਆਂ ਦੇ ਹੱਥਾਂ ਉੱਤੇ ਗੋਹ ਦੇ ਚੰਮ ਦੇ ਦਸਤਾਨੇ ਸ਼ੋਭ ਰਹੇ ਸਨ। ਡਾਕਣੀਆਂ ਫਿਰਦੀਆਂ ਸਨ। ਜੋ ਰਣ ਭੂਮੀ ਵਿਚੋਂ ਮੁਰਦਿਆਂ ਦਾ ਮਾਸ ਖਾਂਦੀਆਂ ਸਨ॥੩੧੭॥

ਕਿਲੰਕ ਦੇਵੀਯੰ ਕਰੰਡ ਹੱਕ ਡਾਮਰੂ ਸੁਰੰ॥
ਕੜੱਕ ਕੱਤੀਯੰ ਉਠੰ ਪਰੰਤ ਧੂਰ ਪੱਖਰੰ॥
ਬਬੱਜਿ ਸਿੰਧਰੇਸੁਰੰ ਨ੍ਰਿਘਾਤ ਸੂਲ ਸੈਹਥੀਯੰ॥
ਭਭੱਜਿ ਕਾਤਰੋ ਰਣੰ ਨਿਲੱਜ ਭੱਜ ਭ੍ਰੂ ਭਰੰ॥੩੧੮॥

ਰਣਭੂਮੀ ਵਿਚ ਲਹੂ ਪੀਣ ਵਾਲੀਆਂ ਡੈਣਾਂ ਕਿਲਕਾਂ ਮਾਰਦੀਆਂ ਹਨ, ਡੱਗ ਡੱਗ ਡੌਰੂ ਦੀ ਅਵਾਜ਼ ਹੁੰਦੀ ਸੀ, ਤਲਵਾਰਾਂ ਦੇ ਕੜਾਕੇ ਉਠਦੇ ਹਨ, ਪਾਖਰਾਂ ਵਾਲੇ ਘੋੜੇ ਧਰਤੀ ਤੇ ਡਿੱਗਦੇ ਜਾਂਦੇ ਹਨ, ਸੁਰ ਨਾਲ ਰਣਸਿੰਘੇ ਵੱਜ ਰਹੇ ਸਨ, ਤ੍ਰਿਸੂਲ ਤੇ ਸੈਹਥੀ (ਬਰਛੀ) ਨਾਲ ਜ਼ਖਮੀ ਹੁੰਦੇ ਸਨ। ਲੱਜਾ ਤੋਂ ਹੀਣੇ ਕਾਇਰ ਡਰ ਦੇ ਭਰੇ ਹੋਏ, ਰਣ ਵਿਚੋਂ ਭੱਜਦੇ ਜਾ ਰਹੇ ਸਨ॥੩੧੮॥

ਸੁ ਸ਼ਸਤ੍ਰ ਅਸਤ੍ਰ ਸੰਨਿਧੰ ਜੁਝੰਤ ਜੋਧਣੋ ਜੁੱਧੰ॥
ਅਰੁੱਝ ਪੰਕ ਲੱਜਣੰ ਕਰੰਤ ਦ੍ਰੋਹ ਕੇਵਲੰ॥
ਪਰੰਤ ਅੰਗ ਭੰਗ ਹੂਐ ਉਠੰਤ ਮਾਸ ਕਰਦਮੰ॥
ਖਿਲੰਤ ਜਾਣੁ ਕਦਵੰ ਸੁ ਮੱਝ ਕਾਨ੍ਹ ਗੋਪਿਕੰ॥੩੧੯॥

ਸ਼ਸਤ੍ਰ ਅਸਤ੍ਰ ਜਿਨ੍ਹਾਂ ਨੇ ਬੱਧੇ ਹੋਏ ਸਨ, ਉਹ ਜੋਧੇ ਜੁੱਧ ਵਿਚ ਜੂਝਦੇ ਸਨ। ਲੱਜਾ ਰੂਪ ਚਿੱਕੜ ਵਿਚ ਫਸੇ ਹੋਏ ਸਨ, ਉਹ ਕੇਵਲ ਦਗਾ ਹੀ ਕਰਦੇ ਸਨ। ਜਦੋਂ ਅੰਗ ਟੁੱਟ ਕੇ ਡਿੱਗਦੇ ਸਨ ਤਾਂ ਮਾਸ ਦੇ ਚਿੱਕੜ ਵਿਚੋਂ ਛਿੱਟੇ ਉਠਦੇ ਸਨ। ਉਹ ਇਉਂ ਮਲੂੰਮ ਹੁੰਦੇ ਸਨ, ਜਿਵੇਂ ਗੋਪੀਆਂ ਦੇ ਵਿਚ ਕਾਨ੍ਹ ਜੀ ਖਿੱਦੋ ਖੇਡਦੇ ਸਨ॥੩੧੯॥

ਡਹੱਕ ਡਉਰ ਡਾਕਣੰ ਝਲੰਤ ਝਾਲਰੇ ਸਰੰ॥
ਨਿਨੱਦ ਨਾਦ ਨਾਫਿਰੰ ਬਜੰਤ ਭੇਰ ਭੀਖਣੰ॥
ਘੁਰੰਤ ਘੋਰ ਦੁੰਦਭੀ ਕਰੰਤ ਕਾਨਰੇ ਸੁਰੰ॥

ਕਰੰਤ ਝਾਝਰੋ ਝੜੰ ਬਜੰਤ ਬਾਂਸੁਰੀ ਬਰੰ॥੩੨੦॥

ਡੌਰੂ ਵੱਜ ਰਹੇ ਸਨ ਅਤੇ ਤੀਰ ਏਨੀ ਤੇਜ਼ੀ ਨਾਲ ਚਲ ਰਹੇ ਸਨ ਕਿ ਉਨ੍ਹਾਂ ਦੀ ਝਾਲ ਝਲੀ ਨਹੀਂ ਸੀ ਜਾਂਦੀ। ਸਹਿਨਾਈਆਂ, ਭੇਰੀਆਂ, ਨਗਾਰੇ ਆਦਿ ਏਨੇ ਜ਼ੋਰ ਨਾਲ ਵੱਜ ਰਹੇ ਸਨ, ਜਿਵੇਂ ਕਾਨੜੇ ਦੀ ਧੁਨੀ ਵੱਜ ਰਹੀ ਹੋਵੇ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਝਾਂਜਰ ਖੜਕ ਰਹੀ ਹੋਵੇ ਜਾਂ ਸੁਰੀਲੀ ਬੰਸਰੀ ਵੱਜ ਰਹੀ ਹੋਵੇ॥ ੩੨੦॥

ਨਚੰਤ ਬਾਜ ਤੀਛਣੰ ਚਲੰਤ ਚਾਚਰੀ ਕ੍ਰਿਤੰ॥
ਲਿਖੰਤ ਲੀਕ ਉਰਬੀਅੰ ਸੁਭੰਤ ਕੁੰਡਲੀ ਕਰੰ॥
ਉਡੰਤ ਧੂਰ ਭੂਰਿਯੰ ਖੁਰੀਨ ਨਿਰਦਲੀ ਨਭੰ॥
ਪਰੰਤ ਭੂਰ ਭਉਰਣੰ ਸੁ ਭਉਰ ਠਉਰ ਜਿਉ ਜਲੰ॥੩੨੧॥

ਬੜੀ ਤੇਜ਼ੀ ਨਾਲ ਘੋੜੇ ਨੱਚਦੇ ਸਨ, ਅਤੇ ਵੱਡੀ ਚੰਚਲਤਾ ਕਰਦੇ ਹੋਏ ਚਲਦੇ ਸਨ। ਧਰਤੀ ਉਤੇ ਸੁੰਮ ਦੇ ਨਿਸ਼ਾਨ ਦੀ ਥਾਂ ਤੇ ਲੀਕ ਜੇਹੀ ਲਿਖੀ ਜਾਂਦੀ ਸੀ ਕੁੰਡਲਦਾਰ ਗਰਦਨ ਸ਼ੋਭਦੀ ਸੀ। ਖੁਰਾਂ ਨਾਲ ਪੱਟੀ ਹੋਈ ਧੂੜ ਅਕਾਸ਼ ਵਿਚ ਉੱਡ ਰਹੀ ਸੀ। ਰਣ ਵਿਚੋਂ ਬਹੁਤ ਭੈ ਪ੍ਰਾਪਤ ਹੁੰਦਾ ਸੀ। ਜਿਵੇਂ ਪਾਣੀ ਵਿਚ ਘੁੰਮਨ ਘੇਰੀ ਵਾਲੀ ਜਗ੍ਹਾ ਤੋਂ ਤਾਰੂ ਪੁਰਸ਼ ਨੂੰ ਡਰ ਲੱਗਦਾ ਹੈ॥ ੩੨੧॥

ਭਜੰਤ ਧੀਰ ਬੀਰਣੰ ਰਲੰਤ ਮਾਨ ਪ੍ਰਾਨ ਲੈ॥
ਦਲੰਤ ਪੰਤ ਦੰਤੀਯੰ ਭਜੰਤ ਹਾਰ ਮਾਨ ਕੈ॥
ਮਿਲੰਤ ਦਾਂਤ ਘਾਸ ਲੈ ਰਰੱਛ ਸ਼ਬਦ ਉਚਰੰ॥
ਬਿਰਾਧ ਦਾਨਵੰ ਜੁਝਜੋ ਸੁ ਹੱਥਿ ਰਾਮ ਨਿਰਮਲੰ॥੩੨੨॥

ਧੀਰਜ ਵਾਲੇ ਕਈ ਸੂਰਮੇ ਭੱਜ ਗਏ ਸਨ, ਅਤੇ ਆਪਣੇ ਮਾਨ ਦੇ ਪ੍ਰਾਣ ਨੂੰ ਬਚਾਕੇ ਲੈ ਗਏ ਸਨ। ਕਈ ਸੂਰਮੇ ਹਾਥੀਆਂ ਦੀ ਕਤਾਰ ਦੀ ਕਤਾਰ ਚਲੀ ਗਈ ਵੇਖਕੇ ਹਾਰ ਮੰਨਕੇ ਭੱਜੇ ਜਾ ਰਹੇ ਸਨ। ਕਈ ਦੰਦਾਂ ਵਿਚ ਘਾਹ ਲੈ ਕੇ ਰਾਮ ਜੀ ਨੂੰ ਆ ਮਿਲੇ ਸਨ, ਅਤੇ 'ਰੱਖ ਲੋ, ਰੱਖ ਲੋ' ਸ਼ਬਦ ਮੂੰਹੋਂ ਉਚਾਰ ਰਹੇ ਸਨ। ਇਸ ਤਰ੍ਹਾਂ ਦੀ ਰਾਮ ਜੀ ਦੇ ਪਵਿੱਤ੍ਰ ਹਥਾਂ ਨਾਲ ਬਿਰਾਧ ਦੈਂਤ ਮਾਰਿਆ ਗਿਆ॥੩੨੨॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, ਬਨਬਾਸ ਕਥਨੰ, 'ਬਿਰਾਧ ਦੈਂਤ ਬਧਯ' ਚਤਰਥ ਧਿਆਇ ਸਮਾਪਤਮ॥ ਸਤੁ ਸੁਭਮ ਸਤੁ॥ ੪॥ ੩੨੨॥ ਅਫਜੂੰ॥

ਸ੍ਰੀ ਬਚਿਤ੍ਰ ਨਾਟਕ ਗ੍ਰੰਥ, ਰਾਮਾਵਤਾਰ, ਬਨਵਾਸ ਵਰਣਨ, 'ਬਿਰਾਧ ਦੈਂਤ ਕਤਲ' ਚੌਥਾ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੪॥ ੩੨੨॥ ਚਲਦਾ॥

# ਅਧਿਆਇ ਪੰਜਵਾਂ

# ਵਣ ਪ੍ਰਵੇਸ਼ ਵਰਣਨ

**ਦੋਹਰਾ॥ ਇਹ ਬਿਧਿ ਮਾਰ ਬਿਰਾਧ ਕਉ ਬਨ ਮੈ ਧਸੇ ਨਿਸ਼ੰਗ॥**
**ਸੁ ਕਬਿ ਸਜਾਮ ਇਹ ਬਿਧਿ ਕਹਿਜੋ ਰਘੁਬਰ ਜੁੱਧ ਪ੍ਰਸੰਗ॥ ੩੨੩॥**

ਇਸ ਤਰ੍ਹਾਂ ਨਾਲ 'ਬਿਰਾਧ' ਦੈਂਤ ਨੂੰ ਮਾਰਕੇ, ਸ੍ਰੀ ਰਾਮ ਜੀ ਨਿਸੰਗ ਹੋ ਕੇ ਬਨ ਵਿਚ ਚਲੇ ਗਏ। 'ਸਜਾਮ' ਕਵੀ ਜੀ ਨੇ ਇਸ ਤਰ੍ਹਾਂ ਨਾਲ ਸ੍ਰੀ ਰਾਮ ਚੰਦ੍ਰ ਜੀ ਦੇ ਜੁੱਧ ਦਾ ਪ੍ਰਸੰਗ ਕਹਿ ਸੁਣਾਇਆ ਹੈ॥ ੩੨੩॥

## ਸੁਖਦਾ ਛੰਦ॥

**ਰਿਖ ਅਗਸਤ ਧਾਮ॥ ਗਏ ਰਾਜ ਰਾਮ॥ ਧੁਜ ਧਰਮ ਧਾਮ॥ ਸੀਆ ਸਹਿਤ ਬਾਮ॥ ੩੨੪॥**

ਸ੍ਰੀ ਰਾਜਾ ਰਾਮ ਚੰਦ੍ਰ ਜੀ, ਜੋ ਧਰਮ ਸਥਾਨ ਦੀ ਧੁਜਾ ਰੂਪ ਸਨ ਆਪਣੀ ਇਸਤ੍ਰੀ 'ਸੀਤਾ' ਸਮੇਤ, ਅਗਸਤ ਰਿਖੀ ਦੇ ਸਥਾਨ ਤੇ ਚਲੇ ਗਏ॥ ੩੨੪॥

**ਲਖ ਰਾਮ ਬੀਰ॥ ਰਿਖ ਦੀਨ ਤੀਰ॥ ਰਿਪ ਸਰਬ ਚੀਰ॥ ਹਰਿ ਸਰਬ ਪੀਰ॥ ੩੨੫॥**

ਸ੍ਰੀ ਰਾਮ ਜੀ ਨੂੰ ਸੂਰਮਾ ਜਾਣਕੇ, ਅਗਸਤ ਰਿਖੀ ਨੇ ਉਨ੍ਹਾਂ ਨੂੰ ਤੀਰ ਆਦਿ ਸ਼ਸਤਰ ਦਿੱਤੇ। ਉਨ੍ਹਾਂ ਨੇ ਰਾਮ ਜੀ ਨੂੰ ਇਹ ਸਲਾਹ ਦਿੱਤੀ ਕਿ ਸਾਰੇ ਦੁਸ਼ਮਣਾਂ ਅਤੇ ਦੈਂਤਾਂ ਨੂੰ ਮਾਰ ਕੇ ਧਰਤੀ ਦੇ ਦੁੱਖਾਂ ਨੂੰ ਦੂਰ ਕਰੋ॥ ੩੨੫॥

**ਰਿਖ ਬਿਦਾ ਕੀਨ॥ ਆਸਿਖਾ ਦੀਨ॥ ਦੁਤ ਰਾਮ ਚੀਨ॥ ਮੁਨ ਮਨ ਪ੍ਰਬੀਨ॥ ੩੨੬॥**

ਅਗਸਤ ਰਿਖੀ ਨੇ ਰਾਮ ਜੀ ਨੂੰ ਵਿਦਾ ਕੀਤਾ, ਅਤੇ ਆਸ਼ੀਰਵਾਦ ਦਿੱਤੀ। ਰਾਮ ਜੀ ਦੀ ਸੁੰਦਰਤਾ ਅਤੇ ਬੀਰਤਾ ਵੇਖਕੇ ਮੁਨੀ ਜੀ ਮਨ ਵਿਚ ਪ੍ਰਸੰਨ ਹੋ ਰਹੇ ਹਨ॥ ੩੨੬॥

**ਪ੍ਰਭ ਭ੍ਰਾਤ ਸੰਗਿ॥ ਸੀਅ ਸੰਗ ਸੁਰੰਗ॥ ਤਜਿ ਚਿੰਤ ਅੰਗ॥ ਧਸ ਬਨ ਨਿਸ਼ੰਗ॥ ੩੨੭॥**

ਰਾਮ ਚੰਦ੍ਰ ਜੀ ਭ੍ਰਾਤਾ ਸਣੇ ਅਤੇ ਵੱਡੇ ਪ੍ਰੇਮ ਵਾਲੀ ਸੀਤਾ ਨੂੰ ਨਾਲ ਲੈ ਕੇ, ਸਰੀਰ ਦੀ ਚਿੰਤਾ ਛੱਡਕੇ ਨਿਸੰਗ ਹੋ ਵਣ ਵਿਚ ਜਾ ਵੜੇ॥ ੩੨੭॥

**ਧਰ ਬਾਨ ਪਾਨ॥ ਕਟਿ ਕਸਿ ਕ੍ਰਿਪਾਨ॥ ਭੁਜ ਬਰ ਅਜਾਨ॥ ਚਲ ਤੀਰਥ ਨਾਨ॥ ੩੨੮॥**

ਜਿਨ੍ਹਾਂ ਨੇ ਹੱਥ ਵਿਚ ਤੀਰ ਕਮਾਨ ਫੜਿਆ ਸੀ, ਲੱਕ ਨਾਲ ਤਲਵਾਰ ਬੱਧੀ ਸੀ ਅਤੇ ਗੋਡਿਆਂ ਤਕ ਲੰਮੀਆਂ ਬਾਹਾਂ ਸਨ, ਉਹ ਰਾਮ ਜੀ ਤੀਰਥ ਵਿਚ ਇਸ਼ਨਾਨ ਕਰਨ ਲਈ ਚੱਲ ਪਏ॥ ੩੨੮॥

**ਗੋਦਾਵਰ ਤੀਰ ॥ ਗਏ ਸਹਿਤ ਬੀਰ ॥ ਤਜ ਰਾਮ ਚੀਰ ॥ ਕੀਅ ਸੁਚ ਸਰੀਰ ॥ ੩੨੯ ॥**

ਗੋਦਾਵਰੀ ਦੇ ਕੰਢੇ ਉਤੇ ਸ੍ਰੀ ਰਾਮ ਜੀ ਭ੍ਰਾਤਾ ਸਮੇਤ ਚਲੇ ਗਏ। ਬਸਤ੍ਰ ਉਤਾਰਕੇ ਰਾਮ ਜੀ ਨੇ ਇਸ਼ਨਾਨ ਕਰਕੇ ਸਰੀਰ ਨੂੰ ਪਵਿੱਤ੍ਰ ਕੀਤਾ॥ ੩੨੯ ॥

**ਲਖ ਰਾਮ ਰੂਪ ॥ ਅਤਿਭੁਤ ਅਨੂਪ ॥ ਜਹ ਹੁਤੀ ਸੂਪ ॥ ਤਹ ਗਏ ਭੂਪ ॥ ੩੩੦ ॥**

ਜਦ ਰਾਮ ਜੀ ਇਸ਼ਨਾਨ ਕਰਕੇ ਬਾਹਰ ਨਿਕਲੇ ਤਾਂ ਉਨ੍ਹਾਂ ਦੇ ਅਸ਼ਚਰਜ ਸੁੰਦਰ ਸਰੂਪ ਨੂੰ ਵੇਖ ਕੇ, ਇਕ ਵਣ ਸੇਵਕ ਆਪਣੀ ਮਾਲਕ ਸਰੂਪਨੱਖਾਂ ਨੂੰ ਦੱਸਣ ਲਈ ਚਲੇ ਗਈ॥ ੩੩੦ ॥

**ਕਹੀ ਤਾਹਿ ਧਾਤਿ ॥ ਸੁਨਿ ਸੂਪ ਬਾਤਿ ॥ ਦੁਐ ਅਤਿਥ ਨਾਤ ॥ ਲਹਿ ਅਨੂਪ ਗਾਤ ॥ ੩੩੧ ॥**

ਦੂਤ ਨੇ ਉਸ ਪਾਸ ਜਾਕੇ ਇਹ ਗੱਲ ਕਹੀ, "ਹੇ ਸਰੂਪ ਨਖਾ ! ਤੂੰ ਸਾਡੀ ਗੱਲ ਨੂੰ ਸੁਣ ਲੈ, ਸਾਡੇ ਬਨ ਵਿਚ ਦੋ ਸਾਧੂ ਆਣਕੇ ਨ੍ਹਾਤੇ ਹਨ। ਜਿਨ੍ਹਾਂ ਨੇ ਉਪਮਾਂ ਤੋਂ ਰਹਿਤ ਸਰੀਰ ਪ੍ਰਾਪਤ ਕੀਤਾ ਹੋਇਆ ਹੈ" ॥ ੩੩੧ ॥

## ਸੁੰਦਰੀ ਛੰਦ ॥

**ਸੂਪਨਖਾ ਇਹ ਭਾਂਤ ਸੁਨੀ ਜਬ ॥ ਧਾਇ ਚਲੀ ਅਬਿਲੰਬ ਤ੍ਰਿਯਾ ਤਬ ॥**
**ਕਾਮ ਸਰੂਪ ਕਲੇਵਰ ਜਾਨੈ ॥ ਰੂਪ ਅਨੂਪ ਤਿਹੂੰ ਪੁਰ ਮਾਨੈ ॥ ੩੩੨ ॥**

ਸੂਪ ਨਖਾ ਨੇ ਜਦ ਇਸ ਤਰ੍ਹਾਂ ਦੀ ਗੱਲ ਸੁਣੀ, ਤਦ ਉਹ ਸਰੂਪ ਨੱਖਾ ਇਸਤ੍ਰੀ ਝਟਪਟ ਹੀ ਧਾਈ ਕਰਕੇ ਤੁਰ ਪਈ। ਸ੍ਰੀ ਰਾਮ ਜੀ ਦੇ ਸਰੀਰ ਨੂੰ ਕਾਮ ਸਰੂਪ ਜਾਣ ਲਿਆ, ਜੋ ਰੂਪ ਉਪਮਾਂ ਤੋਂ ਰਹਿਤ ਸੀ, ਅਤੇ ਤਿੰਨਾਂ ਲੋਕਾਂ ਵਿਚ ਮੰਨਿਆ ਜਾਂਦਾ ਹੈ॥ ੩੩੨ ॥

**ਧਾਇ ਕਹ੍ਯੋ ਰਘੁਰਾਇ ਭਏ ਤਿੱਹ ॥ ਜੈਸ ਨ੍ਰਿਲਾਜ ਕਹੈ ਨ ਕੋਊ ਕਿੱਹ ॥**
**ਹਉ ਅਟਕੀ ਤੁਮਰੀ ਛਬਿ ਕੇ ਬਰ ॥ ਰੰਗ ਰੰਗੀ ਰੰਗਏ ਦ੍ਰਿਗ ਦੂ ਪਰ ॥ ੩੩੩ ॥**

ਉਸ ਨੇ ਝਟ ਜਾ ਕੇ ਸ੍ਰੀ ਰਾਮ ਜੀ ਨੂੰ ਇਸ ਤਰ੍ਹਾਂ ਕਿਹਾ ਜਿਸ ਤਰ੍ਹਾਂ ਕੋਈ ਬੇਸ਼ਰਮ ਇਸਤ੍ਰੀ ਕਿਸੇ ਨੂੰ ਨਹੀਂ ਕਹਿੰਦੀ। ਕਹਿਣ ਲੱਗੀ ਮੈਂ ਤੁਹਾਡੀ ਸੁੰਦਰਤਾ ਤੇ ਮੋਹਤ ਹੋ ਗਈ ਹਾਂ। ਹੇ ਪਿਆਰੇ ! ਮੈਂ ਤੁਹਾਡੇ ਦੋਹਾਂ ਨੈਣਾਂ ਦੇ ਰੰਗ ਵਿਚ ਰੰਗੀ ਗਈ ਹਾਂ॥ ੩੩੩ ॥

## ਰਾਮ ਬਾਚ ॥

**ਜਾਹ ਤਹਾਂ ਜਹ ਭ੍ਰਾਤ ਹਮਾਰੇ ॥ ਵੈ ਰਿਝਹੈ ਲਖ ਨੈਨ ਤਿਹਾਰੇ ॥**
**ਸੰਗ ਸੀਆ ਅਵਿਲੋਕ ਕ੍ਰਿਸੋਦਰ ॥ ਕੈਸੇ ਕੈ ਰਾਖ ਸਕੋ ਤੁਮ ਕਉ ਘਰਿ ॥ ੩੩੪ ॥**

ਸ੍ਰੀ ਰਾਮ ਜੀ ਨੇ ਕਿਹਾ ਜਿੱਥੇ ਮੇਰਾ ਛੋਟਾ ਭਾਈ ਬੈਠਾ ਹੈ, ਤੂੰ ਉਥੇ ਜਾਹੁ, ਉਹ ਤੇਰੇ ਨੈਣਾਂ

ਨੂੰ ਵੇਖ ਕੇ ਪ੍ਰਸੰਨ ਹੋਵੇਗਾ। ਵੇਖ! ਮੇਰੇ ਨਾਲ ਤਾਂ ਪਤਲੇ ਲੱਕ ਵਾਲੀ ਸੀਤਾ ਹੈ, ਇਸ ਲਈ ਮੈਂ ਤੈਨੂੰ ਕਿਸ ਤਰ੍ਹਾਂ ਨਾਲ ਘਰ ਵਿਚ ਰੱਖ ਸਕਦਾ ਹਾਂ ?॥ ੩੩੪॥

**ਮਾਤ ਪਿਤਾ ਕਹ ਮੋਹ ਤਜਜੋ ਮਨ॥ਸੰਗ ਫਿਰੀ ਹਮਰੇ ਬਨ ਹੀ ਬਨ॥**
**ਤਾਹਿ ਤਜੌ ਕਸ ਕੈ ਸੁਨਿ ਸੁੰਦਰ॥ਜਾਹੁ ਤਹਾਂ ਜਹਾਂ ਭ੍ਰਾਤ ਕ੍ਰਿਸੋਦਰ॥੩੩੫॥**

ਜਿਸ ਸੀਤਾ ਨੇ ਮਨ ਵਿਚ ਮੇਰੇ ਪਿਆਰ ਨੂੰ ਧਾਰ ਕੇ ਮਾਤਾ ਪਿਤਾ ਨੂੰ ਛੱਡ ਦਿੱਤਾ ਹੈ, ਅਤੇ ਮੇਰੇ ਨਾਲ ਜੰਗਲ ਜੰਗਲ ਫਿਰ ਰਹੀ ਹੈ। ਹੇ ਸੁੰਦਰੀ! ਸੁਣ, ਉਸ ਨੂੰ ਮੈਂ ਕਿਸ ਤਰ੍ਹਾਂ ਨਾਲ ਛੱਡ ਸਕਦਾ ਹਾਂ ? ਹੇ ਪਤਲੇ ਲੱਕ ਵਾਲੀਏ! ਤੂੰ ਉਥੇ ਜਾਹੁ, ਜਿਥੇ ਮੇਰਾ ਭ੍ਰਾਤਾ ਬੈਠਾ ਹੈ'॥ ੩੩੫॥

**ਜਾਤ ਭਈ ਸੁਨ ਬੈਨ ਤ੍ਰਿਯ ਤਹ॥ ਬੈਠ ਹੁਤੇ ਰਣਧੀਰ ਜਤੀ ਜਹ॥**
**ਸੋ ਨ ਬਰੈ ਅਤਿ ਰੋਸ ਭਰੀ ਤਬ॥ਨਾਕ ਕਟਾਇ ਗਈ ਗ੍ਰਿਹ ਕੋ ਸਭ॥੩੩੬॥**

ਇਹ ਗੱਲ ਸੁਣ ਕੇ ਇਸਤਰੀ ਉਥੇ ਚਲੀ ਗਈ, ਜਿਥੇ ਮਹਾਂ ਯੋਧਾ ਲੱਛਮਣ ਜਤੀ ਜੀ ਬੈਠੇ ਹੋਏ ਸਨ। ਜਦ ਲੱਛਮਣ ਨੇ ਵੀ ਉਸ ਨੂੰ ਜਵਾਬ ਦੇ ਦਿੱਤਾ ਤਾਂ ਉਹ ਗੁੱਸੇ ਵਿਚ ਲਾਲ ਪੀਲੀ ਹੋ ਗਈ। ਫਿਰ ਲੱਛਮਣ ਪਾਸੋਂ ਨੱਕ ਕਟਵਾ ਕੇ ਘਰ ਨੂੰ ਭੱਜ ਗਈ॥ ੩੩੬॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ 'ਸੂਪਨਖਾ ਕੋ ਨਾਕ ਕਾਟਬੋ' ਪੰਚਮੋ ਧਯਾਇ ਸਮਾਪਤਮ ਸਤੁ ਸੁਭਮ ਸਤੁ॥ ੫॥ ੩੩੬॥ ਅਫਜੂੰ॥

ਸ੍ਰੀ ਬਚਿੱਤ੍ਰ ਨਾਟਕ ਗ੍ਰੰਥ, ਰਾਮਾਵਤਾਰ, 'ਸਰੂਪ ਨੱਖਾ' ਦਾ ਨਕ ਕੱਟਣਾ', ਪੰਜਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੫॥ ੩੩੬॥ ਚਲਦਾ॥

# ਅਧਿਆਏ ਛੇਵਾਂ

# ਖਰ ਅਤੇ ਦੂਖਣ ਦੈਂਤ ਯੁੱਧ ਵਰਣਨ

**ਸੁੰਦਰੀ ਛੰਦ॥ਰਾਵਨ ਤੀਰ ਰੁਰੋਤ ਭਈ ਜਬ॥ਰੋਸ ਭਰੇ ਦਨੁ ਬੰਸ ਬਲੀ ਸਭ॥**
**ਲੰਕਸ਼ ਧੀਰ ਬਜੀਰ ਬੁਲਾਏ॥ ਦੂਖਨ ਔ ਖਰ ਦਈਤ ਪਠਾਏ॥੩੩੭॥**

ਸੂਪਨਖਾ ਜਦ ਰਾਵਣ ਦੇ ਕੋਲ ਰੋਈ, ਤਾਂ ਦਾਨਵਾਂ ਦੀ ਵੰਸ ਦੇ ਸਾਰੇ ਬਲੀ (ਦੈਂਤ) ਕ੍ਰੋਧ ਨਾਲ ਭਰ ਗਏ। ਰਾਵਣ ਨੇ ਧੀਰਜ ਵਾਲੇ ਵਜ਼ੀਰ ਬੁਲਾਏ, ਅਤੇ ਉਨ੍ਹਾਂ ਦੀ ਸਲਾਹ ਨਾਲ ਖਰ ਅਤੇ ਦੂਖਨ ਦੋਹਾਂ ਦੈਂਤਾਂ ਨੂੰ ਸੂਪਨਖਾਂ ਦਾ ਬਦਲਾ ਲੈਣ ਲਈ ਭੇਜ ਦਿੱਤਾ॥ ੩੩੭॥

**ਸਾਜ ਸਨਾਹ ਸੁਬਾਹ ਦੁਰੱਗਤ॥ ਬਾਜਤ ਬਾਜ ਚਲੇ ਗਜ ਗੱਜਤ॥**

ਮਾਰ ਹੀ ਮਾਰ ਦਸੋ ਦਿਸ ਕੂਕੇ ॥ ਸਾਵਨ ਕੀ ਘਟ ਜਜੋਂ ਘੁਰ ਢੂਕੇ ॥ ੩੩੮ ॥

ਲੰਮੀਆਂ ਬਾਹਾਂ ਵਾਲੇ ਖਰ ਅਤੇ ਦੂਖਣ ਕੱਵਚ ਸਜਾ ਕੇ, ਅਸਤਰ ਸ਼ਸਤਰ ਧਾਰਨ ਕਰਕੇ ਘੋੜਿਆਂ ਅਤੇ ਹਾਥੀਆਂ ਦੀ ਗਰਜ ਦੇ ਨਾਲ ਚਲ ਪਏ। ਮਾਰ ਹੀ ਮਾਰ ਕੂਕਦੇ ਉਹ ਸਾਵਨ ਦੀ ਕਾਲੀ ਘਟਾ ਵਾਂਗ ਚਾਰੇ ਪਾਸੇ ਚੜਕੇ ਸ੍ਰੀ ਰਾਮ ਪਾਸ ਆ ਗਏ॥ ੩੩੮ ॥

ਗੱਜਤ ਹੈ ਰਣਬੀਰ ਮਹਾਂ ਮਨ ॥ ਤੱਜਤ ਹੈਂ ਨਹੀ ਭੂਮਿ ਅਯੋਧਨ ॥
ਛਾਜਤ ਹੈ ਚਖ ਸ੍ਰੋਣਤ ਸੇ ਸਰ ॥ ਨਾਦਿ ਕਰੈਂ ਕਿਲ ਕਾਰ ਭਯੰਕਰ ॥ ੩੩੯ ॥

ਵੱਡੇ ਬੱਲ ਵਾਲੇ ਸੂਰਮੇ ਰਣ ਵਿਚ ਗੱਜਦੇ ਸਨ, ਅਤੇ ਜੰਗ ਦੀ ਜਗ੍ਹਾ ਨੂੰ ਤਿਆਗਦੇ ਨਹੀਂ ਸਨ, ਜਿਨ੍ਹਾਂ ਦੇ ਨੈਣ ਲਹੂ ਵਾਂਗ ਲਾਲ ਸ਼ੋਭਦੇ ਸਨ। ਡਰੌਣੀਆਂ ਚੀਕਾਂ ਮਾਰਨ ਦਾ ਸ਼ਬਦ ਕਰਦੇ ਸਨ॥ ੩੩੯ ॥

ਤਾਰਕਾ ਛੰਦ ॥ ਰਨ ਰਾਜ ਕੁਮਾਰ ਬਿਰੱਚਹਿਗੇ ॥ ਸਰ ਸੇਲ ਸਰਾਸਨ ਨੱਚਹਿਗੇ ॥
ਸੁ ਬਿਰੁੱਧ ਅਵੱਧਿ ਸੁ ਗਾਜਹਿ ਗੇ ॥ ਰਣ ਰੰਗਹਿ ਰਾਮ ਬਿਰਾਜਹਿਗੇ ॥ ੩੪੦ ॥

ਰਣ ਵਿਚ ਰਾਜ ਕੁਮਾਰ ਰਾਮ ਤੇ ਲੱਛਮਣ ਜੁੱਟ ਜਾਣਗੇ, ਸੂਰਮਿਆਂ ਦੇ ਹੱਥ ਵਿਚ ਤੀਰ, ਬਰਛੇ ਤੇ ਧਨੁੱਖ ਨੱਚਣਗੇ। ਸੂਰਮੇ ਮਰਨ ਦੇ ਸਮੇਂ ਤੱਕ ਵਿਰੋਧ ਨਾਲ ਗੱਜਣਗੇ। ਇਸ ਤਰ੍ਹਾਂ ਨਾਲ ਰਣ ਰੰਗ ਵਿਚ ਰਾਮ ਜੀ ਸੋਭਾ ਪਾਉਣਗੇ॥ ੩੪੦ ॥

ਸਰ ਓਘ ਪ੍ਰਓਘ ਪ੍ਰਹਾਰੈ ਗੇ ॥ ਰਣਿ ਰੰਗ ਅਭੀਤ ਬਿਹਾਰੈਗੇ ॥
ਸਰ ਸੂਲ ਸਨਾਹਰਿ ਛੁੱਟਹਿਗੇ ॥ ਦਿਤ ਪੁੱਤ੍ਰ ਧਰਾ ਪਰ ਲੁੱਟਹਿਗੇ ॥ ੩੪੧ ॥

ਉਹ ਬੇਸ਼ੁਮਾਰ ਤੀਰ ਚਲਾਉਣਗੇ, ਰਣ ਭੂਮੀ ਵਿਚ ਨਿਡਰ ਹੋ ਕੇ ਫਿਰਨਗੇ। ਤੀਰ ਤ੍ਰਿਸ਼ੂਲ ਤੇ ਖੜਗ ਚੱਲਣਗੇ, ਅਤੇ ਦਿੱਤੀ ਦੇ ਪੁੱਤਰ (ਦੈਂਤ) ਧਰਤੀ ਤੇ ਲੇਟਣਗੇ॥ ੩੪੧ ॥

ਸਰ ਸ਼ੰਕ ਅਸ਼ੰਕਤ ਬਾਹਹਿਗੇ ॥ ਬਿਨੁ ਭੀਤ ਭਜਾ ਦਲ ਦਾਹਹਿਗੇ ॥
ਛਿਤ ਲੁੱਥ ਬਿਲੁੱਥ ਬਿਥਾਰਹਿਗੇ ॥ ਤਰੁ ਸਣੈ ਸਮੂਲ ਉਪਾਰਹਿਗੇ ॥ ੩੪੨ ॥

ਸ਼ੰਕਾ ਤੋਂ ਰਹਿਤ ਹੋ ਕੇ ਤੀਰ ਚਲਾਉਣਗੇ, ਡਰ ਤੋਂ ਬਿਨਾਂ ਹੋ ਕੇ ਡਰੌਣੇ ਦਲ ਨੂੰ ਸਾੜ ਦੇਣਗੇ। ਧਰਤੀ ਉੱਤੇ ਲੋਥਾਂ ਹੀ ਲੋਥਾਂ ਖਿਲਾਰ ਦੇਣਗੇ ਅਤੇ ਮੁੱਢ ਸਮੇਤ ਦਰੱਖਤ ਨੂੰ ਪੁੱਟ ਦੇਣਗੇ, ਅਰਥਾਤ ਰਾਵਨ ਸਮੇਤ ਰਾਖਸ਼ ਕੌਮ ਦਾ ਨਾਸ ਕਰ ਦੇਣਗੇ॥ ੩੪੨ ॥

ਨਵ ਨਾਦ ਨਫੀਰਨ ਬਾਜਤ ਭੇ ॥ ਗਲ ਗੱਜਿ ਹਠੀ ਰਣ ਰੰਗ ਫਿਰੇ ॥
ਲਗ ਬਾਨ ਸਨਾਹ ਦੁਸਾਰ ਕਢੇ ॥ ਸੂਅ ਤੱਛਕ ਕੇ ਜਨ ਰੂਪ ਮਢੇ ॥ ੩੪੩ ॥

ਨਵੇਂ ਨਾਦ ਤੇ ਨਫੀਰੀਆਂ ਵੱਜਣ ਲੱਗ ਪਈਆਂ, ਸਿੰਘ ਨਾਦ ਕਰ ਕੇ ਜੋਧੇ ਰਣ ਵਿਚ ਫਿਰਨ ਲੱਗੇ। ਜਿਸ ਨੂੰ ਤੀਰ ਲੱਗਦੇ ਸਨ ਕਵਚ ਨੂੰ ਭੰਨ ਕੇ ਦੂਜੇ ਪਾਸੇ ਵੱਲ ਕੱਢ ਦੇਂਦੇ ਸਨ, ਮਾਨੋ ਤੀਰਾਂ ਨੇ ਤੱਛਕ ਦੇ ਬੱਚਿਆਂ ਦਾ ਰੂਪ ਧਾਰਨ ਕਰ ਰਖਿਆ ਹੋਇਆ ਸੀ॥ ੩੪੩॥

**ਬਿਨੁ ਸ਼ੰਕ ਸਨਾਹਰਿ ਝਾਰਤ ਹੈ॥ ਰਣਬੀਰਨ ਵੀਰ ਪ੍ਰਚਾਰਤ ਹੈ॥**
**ਸਰ ਸੁੱਧ ਸਿਲਾ ਸਿਤ ਛੋਰਤ ਹੈ॥ ਜੀਅ ਰੋਸ ਹਲਾਹਲ ਘੋਰਤ ਹੈ॥ ੩੪੪॥**

ਬੜੇ ਨਿਡਰ ਹੋ ਕੇ ਤਲਵਾਰਾਂ ਚਲਾਉਂਦੇ ਸਨ, ਜੰਗ ਵਿਚ ਸੂਰਮੇ ਨੂੰ ਸੂਰਮਾ ਲਲਕਾਰਦਾ ਸੀ ਪੱਥਰ ਤੇ ਘਸਾ ਕੇ ਚਿੱਟੇ ਕੀਤੇ ਹੋਏ ਤੀਰ ਛੱਡਦੇ ਸਨ, ਅਰਥਾਤ ਬਹੁਤ ਤਿੱਖੇ ਤੀਰ ਛੱਡਦੇ ਸਨ ਅਤੇ ਦਿਲ ਵਿਚ ਗੁੱਸੇ ਰੂਪੀ ਜ਼ਹਿਰ ਨੂੰ ਘੋਲਦੇ ਸਨ॥ ੩੪੪॥

**ਰਨ ਧੀਰ ਅਯੋਧਨੁ ਲੁੱਝਤ ਹੈਂ॥ ਰਦ ਪੀਸ ਭਲੋ ਕਰ ਜੁੱਝਤ ਹੈਂ॥**
**ਰਣ ਦੇਵ ਅਦੇਵ ਨਿਹਾਰਤ ਹੈਂ॥ ਜਯ ਸੱਦ ਨਿਨੱਦ ਪੁਕਾਰਤ ਹੈਂ॥ ੩੪੫॥**

ਰਣਧੀਰ ਜੋਧੇ ਜੰਗ ਵਿਚ ਲੜਦੇ ਸਨ, ਅਤੇ ਦੰਦ ਪੀਸ ਕੇ, ਭਲੀ ਪ੍ਰਕਾਰ ਜੂਝਦੇ ਸਨ। ਦੇਵਤੇ ਤੇ ਦੈਂਤ ਜੰਗ ਨੂੰ ਵੇਖਦੇ ਸਨ, ਜੈ ਜੈਕਾਰ ਦੀ ਧੁਨਿ ਪੁਕਾਰਦੇ ਸਨ॥ ੩੪੫॥

**ਗਣ ਗਿੱਧਨ ਬ੍ਰਿੱਧ ਰੜੰਤ ਨਭੰ॥ ਕਿਲਕੰਤ ਸੁ ਡਾਕਣ ਉੱਚ ਸੁਰੰ॥**
**ਭ੍ਰਮ ਛਾਡ ਭਕਾਰਤ ਭੂਤ ਭੂਅੰ॥ ਰਣ ਰੰਗ ਬਿਹਾਰਤ ਭ੍ਰਾਤ ਦੂਅੰ॥ ੩੪੬॥**

ਵੱਡੀਆਂ ਗਿਰਝਾਂ ਦੇ ਝੁੰਡ ਅਕਾਸ਼ ਵਿਚ ਬੋਲਦੇ ਸਨ। ਉੱਚੀ ਆਵਾਜ਼ ਨਾਲ ਡਾਕਣੀ ਕਿਲਕਾਂ ਮਾਰਦੀ ਸੀ। ਭਰਮ ਨੂੰ ਛੱਡ ਕੇ, ਧਰਤੀ ਤੇ ਭੂਤ ਵੀ ਅਵਾਜ਼ਾਂ ਦੇ ਰਹੇ ਹਨ। ਦੋਵੇਂ ਭਰਾ ਰਾਮ ਤੇ ਲੱਛਮਣ ਰਣ ਭੂਮੀ ਵਿਚ ਮੌਜ ਨਾਲ ਫਿਰ ਰਹੇ ਸਨ॥ ੩੪੬॥

**ਖਰ ਦੂਖਣ ਮਾਰ ਬਿਹਾਇ ਦਏ॥ ਜਯ ਸੱਦ ਨਿਨੱਦ ਬਿਹੱਦ ਭਏ॥**
**ਸੁਰ ਫੂਲਨ ਕੀ ਬਰਖਾ ਬਰਖੇ॥ ਰਣ ਧੀਰ ਅਧੀਰ ਦੋਊ ਪਰਖੇ॥ ੩੪੭॥**

ਖਰ ਤੇ ਦੂਖਣ ਨੂੰ ਮਾਰ ਕੇ ਮੌਤ ਦੀ ਨਦੀ ਵਿਚ ਰੋਹੜ ਦਿੱਤਾ, ਜੈ ਜੈ ਕਾਰ ਦੇ ਸ਼ਬਦ ਬੇ-ਓੜਕੇ ਹੋਏ। ਦੇਵਤੇ ਫੁੱਲਾਂ ਦੀ ਵਰਖਾ ਕਰ ਰਹੇ ਹਨ, ਰਣ ਵਿਚ ਧੀਰਜ ਵਾਲੇ ਤੇ ਧੀਰਜ ਤੋਂ ਹੀਣੇ ਦੋਵੇਂ ਪਰਖੇ ਗਏ ਸਨ॥ ੩੪੭॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ, ਰਾਮਅਵਤਾਰ 'ਖਰ ਦੂਖਣ ਦਈਤ ਬੱਧਹ' ਛਟਮੋ ਧਿਆਇ ਸਮਾਪਤਮ॥ ਸਤੁ ਸੁਭਮ ਸਤੁ॥ ੬॥ ੩੪੭॥ ਅਫਜੂੰ॥

ਸ੍ਰੀ ਬਚਿੱਤ੍ਰ ਨਾਟਕ ਗ੍ਰੰਥ, ਰਾਮਾਵਤਾਰ 'ਖਰ ਅਤੇ ਦੂਖਣ ਦੈਂਤਾਂ ਦਾ ਕਤਲ' ਛੇਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੬॥ ੩੪੭॥ ਚਲਦਾ॥

# ਅਧਿਆਏ ਸੱਤਵਾਂ

# ਸੀਤਾ ਹਰਨ ਵਰਣਨ

## ਮਨੋਹਰ ਛੰਦ॥

**ਰਾਵਣ ਨੀਚ ਮਰੀਚ ਹੂੰ ਕੇ ਗ੍ਰਿਹ ਬੀਚ ਗਏ ਬੱਧ ਬੀਰ ਸੁਨੈ ਹੈ॥**
**ਬੀਸਹੂੰ ਬਾਂਹਿ ਹਥਿਆਰ ਗਹੇ ਰਿਸ ਮਾਰ ਮਨੈ ਦਸਸੀਸ ਧੁਨੈ ਹੈ॥**
**ਨਾਕ ਕਟਜੋ ਜਿਨ ਸੂਪਨਖਾ ਕਹ ਤਉ ਤਿਹਕੋ ਦੁਖ ਦੋਖ ਲਗੈ ਹੈ॥**
**ਰਾਵਲ ਕੋ ਬਨੁ ਕੈ ਪਲ ਮੋ ਛਲਕੈ ਤਿਹ ਕੀ ਘਰਨੀ ਧਰਿ ਲਜੈ ਹੈ॥ ੩੪੮॥**

ਨੀਚ ਰਾਵਣ ਮਰੀਚ ਦੇ ਘਰ ਗਿਆ ਅਤੇ ਖਰ ਦੂਖਨ ਆਦਿਕ ਵੀਰਾਂ ਦੇ ਮਰਨ ਦਾ ਹਾਲ ਉਸ ਨੂੰ ਸੁਣਾਇਆ। ਵੀਹਾਂ ਹੱਥਾਂ ਵਿਚ ਰਾਵਣ ਨੇ ਹਥਿਆਰ ਫੜੇ ਹੋਏ ਸਨ, ਪਰ ਗੁੱਸੇ ਵਿਚ ਮਨ ਨੂੰ ਮਾਰ ਕੇ ਦਸਾਂ ਸਿਰਾਂ ਨੂੰ ਹਿਲਾ ਕੇ ਕਹਿਣ ਲੱਗਾ'' ਜਿਸ ਨੇ ਸੂਪਨਖਾ ਦਾ ਨੱਕ ਵੱਢਿਆ ਹੈ, ਉਸ ਨੂੰ ਦੁੱਖ ਤੇ ਕਲੰਕ ਲਗਾਉਣਾ ਚਾਹੀਦਾ ਹੈ। ਮੈਂ ਜੋਗੀ ਦਾ ਰੂਪ ਬਣ ਕੇ, ਪਲ ਵਿਚ ਉਸ ਦੀ ਇਸਤਰੀ, ਚੁੱਕ ਲਿਆਵਾਂਗਾ''॥ ੩੪੮॥

**ਮਰੀਚ ਬਾਚ॥ ਨਾਥ ਅਨਾਥ ਸਨਾਥ ਕੀਯੋ ਕਰਿ ਕੈ ਅਤਿ ਮੋਰ ਕ੍ਰਿਪਾ ਕਹ ਆਏ॥**
**ਭਉਨ ਭੰਡਾਰ ਅਟੀ ਬਿਕਟੀ ਪ੍ਰਭ ਆਜ ਸਭੈ ਘਰ ਬਾਰ ਸੁਹਾਏ॥**
**ਦ੍ਵੈ ਕਰਿ ਜੋਰ ਕਰਉ ਬਿਨਤੀ ਸੁਨਿਕੈ ਨ੍ਰਿਪਨਾਥ ਬੁਰੋ ਮਤ ਮਾਨੋ॥**
**ਸ੍ਰੀ ਰਘੁਬੀਰ ਸਹੀ ਅਵਤਾਰ ਤਿਨੈ ਤੁਮ ਮਾਨਸ ਕੈ ਨ ਪਛਾਨੋ॥ ੩੪੯॥**

ਮਰੀਚ ਨੇ ਰਾਵਣ ਨੂੰ ਕਿਹਾ, ''ਹੇ ਸੁਆਮੀ! ਜੋ ਤੁਸੀਂ ਵੱਡੀ ਕ੍ਰਿਪਾ ਕਰ ਕੇ, ਮੇਰੇ ਘਰ ਆਏ ਹੋ, ਇਹ ਤੁਸਾਂ ਮੈਨੂੰ ਅਨਾਥ ਨੂੰ ਸਨਾਥ ਕ੍ਰਿਤਾਰਥ ਕੀਤਾ ਹੈ। ਹੇ ਪ੍ਰਭੂ! ਇਹ ਮੇਰਾ ਘਰ ਬਾਰ ਮੰਦਰ ਖਜ਼ਾਨਾ ਤੇ ਬਿਖੜੀ ਉਜਾੜ ਆਦਿਕ ਸਭ ਕੁਝ ਸੁਹਾਵਨਾ ਹੋ ਗਿਆ ਹੈ। ਹੱਥ ਜੋੜ ਕੇ ਇਕ ਬੇਨਤੀ ਕਰਦਾ ਹਾਂ, ਹੇ ਮਹਾਰਾਜ! ਸੁਣ ਕੇ ਬੁਰਾ ਨਾ ਮੰਨ ਲੈਣਾ। ਸ੍ਰੀ ਰਾਮ ਚੰਦ੍ਰ ਜੀ ਸੱਚ ਮੁੱਚ ਅਵਤਾਰ ਹਨ, ਉਨ੍ਹਾਂ ਨੂੰ ਤੁਸੀਂ ਮਨੁੱਖ ਕਰ ਕੇ ਨਾ ਸਮਝੋ''॥ ੩੪੯॥

**ਰੋਸ ਭਰਜੋ ਸਭ ਅੰਗ ਜਰਜੋ ਮੁਖ ਰੱਤ ਕਰਜੋ ਜੁਗ ਨੈਨ ਤਚਾਏ॥**
**ਤੇ ਨ ਲਗੈ ਹਮਰੇ ਸਠ ਬੋਲਨ ਮਾਨਸ ਦੁਐ ਅਵਤਾਰ ਗਨਾਏ॥**

**ਮਾਤ ਕੀ ਏਕਹੀ ਬਾਤ ਕਹੇ ਤਜ ਤਾਤ ਘ੍ਰਿਣਾ ਬਨਬਾਸ ਨਿਕਾਰੇ॥**
**ਤੇ ਦੋਊ ਦੀਨ ਅਧੀਨ ਜੁਗੀਯਾ ਕਸ ਕੈ ਭਿਰਹੈਂ ਸੰਗ ਆਨ ਹਮਾਰੇ॥ ੩੫੦॥**

ਮਰੀਚ ਦੀ ਇਹ ਗੱਲ ਸੁਣ ਕੇ, ਰਾਵਣ ਕ੍ਰੋਧ ਨਾਲ ਭਰ ਗਿਆ, ਉਹ ਅੱਗ ਬਬੋਲਾ ਹੋ ਗਿਆ ਮੂੰਹ ਲਾਲ ਕਰ ਲਿਆ ਅਤੇ ਕ੍ਰੋਧ ਭਰੀਆਂ ਅੱਖਾਂ ਵਿਚ ਖੂਨ ਉਤਰ ਆਇਆ। ਉਹ ਕਹਿਣ ਲੱਗਾ ਹੇ ਮੂਰਖ! ਮੇਰੇ ਸਾਹਮਣੇ ਅਜਿਹੇ ਬਚਨ ਨਾ ਬੋਲ ਕਿ ਆਮ ਮਨੁਖ ਰਾਮ ਅਵਤਾਰ ਹੈ। ਵੇਖ! ਮਾਂ ਦੀ ਇਕ ਗੱਲ ਕਹਿਣ ਨਾਲ, ਪਿਉ ਨੇ ਘਿਰਣਾ ਕਰ ਕੇ ਤਿਆਗ ਦਿੱਤਾ ਅਤੇ ਬਨਵਾਸ ਦੇ ਕੇ ਘਰੋਂ ਕੱਢ ਦਿੱਤਾ। ਇਸ ਤਰ੍ਹਾਂ ਦੇ ਉਹ ਦੋਵੇਂ ਦੀਨ ਅਤੇ ਅਧੀਨ ਹਨ, ਭਲਾ ਉਹ ਜੋਗੀ ਕਿਸ ਤਰ੍ਹਾਂ ਮੇਰੇ ਨਾਲ ਆ ਕੇ ਲੜ ਸਕਦੇ ਹਨ॥ ੩੫੦॥

**ਜਉ ਨਹੀ ਜਾਤ ਤਹਾਂ ਕਹ ਤੈ ਸਠਿ ਤੋਰ ਜਟਾਨ ਕੋ ਜੂਟ ਪਟੈ ਹੌ॥**
**ਕੰਚਨ ਕੋਟ ਕੇ ਊਪਰ ਤੇ ਡਰ ਤੋਹਿ ਨਦੀਸਰ ਬੀਚ ਡੁਬੈ ਹੌ॥**
**ਚਿੱਤ ਚਿਰਾਤ ਬਸਾਤ ਕਛੂ ਨ ਰਿਸਾਤ ਚਲਜੋ ਮੁਨ ਘਾਤ ਪਛਾਨੀ॥**
**ਰਾਵਨ ਨੀਚ ਕੀ ਮੀਚ ਅਧੋਗਤ ਰਾਘਵ ਪਾਨ ਪੁਰੀ ਸੁਰਿ ਮਾਨੀ॥ ੩੫੧॥**

ਹੇ ਮੂਰਖ! ਤੂੰ ਕਹੁ ਜੋ ਮੈਂ ਉਥੇ ਨਹੀਂ ਜਾਂਦਾ, ਤਾਂ ਹੁਣੇ ਹੀ ਤੇਰੀਆਂ ਜੱਟਾਂ ਦਾ ਜੂੜਾ ਪੁੱਟਦਾ ਹਾਂ। ਸੋਨੇ ਦੇ ਕਿਲ੍ਹੇ ਉਪਰੋਂ ਤੈਨੂੰ ਸੁਟ ਕੇ ਸਮੁੰਦਰ ਦੇ ਵਿਚ ਡੋਬ ਦੇਵਾਂਗਾ। ਇਹ ਸੁਣ ਕੇ ਮਰੀਚ ਚਿਤ ਵਿਚ ਤਾਂ ਔਖਾ ਹੋਇਆ, ਪਰ ਵਸ ਕੁਝ ਨਹੀਂ ਸੀ ਚਲਦਾ, ਇਸ ਲਈ ਮਰੀਚ ਮੁਨੀ ਗੁੱਸੇ ਨਾਲ ਤੁਰ ਪਿਆ। ਉਸ ਜਾਣ ਲਿਆ ਕਿ ਰਾਵਣ ਦੇ ਹੱਥ ਦੀ ਪ੍ਰਾਪਤ ਕੀਤੀ ਮੌਤ ਨੀਚ ਗਤੀ ਦੇਵੇਗੀ ਅਤੇ ਰਾਘਵ ਦੇ ਹੱਥਾਂ ਤੋਂ ਮਿਲੀ ਮੌਤ ਸਵਰਗਪੁਰੀ ਵਿਚ ਮਾਣ ਦਿਵਾਏਗੀ॥ ੩੫੧॥

**ਕੰਚਨ ਕੋ ਹਰਨਾ ਬਨ ਕੇ ਰਘੁਬੀਰ ਬਲੀ ਜਹ ਥੋ ਤਹ ਆਯੋ॥**
**ਰਾਵਨ ਹ੍ਵੈ ਉਤ ਤੇ ਜੁਗੀਆ ਸੀਅ ਲੈਨ ਚਲਜੋ ਜਨੁ ਮੀਚ ਚਲਾਯੋ॥**
**ਸੀਅ ਬਿਲੋਕ ਕੁਰੰਕ ਪ੍ਰਭਾ ਕਹ ਮੋਹਿ ਰਹੀ ਪ੍ਰਭ ਤੀਰ ਉਚਾਰੀ॥**
**ਆਨ ਦਿਜੈ ਹਮ ਕੌਉ ਮ੍ਰਿਗ ਵਾਸੁਨ ਸ੍ਰੀ ਅਵਧੇਸ਼ ਮੁਕੰਦ ਮੁਰਾਰੀ॥ ੩੫੨॥**

ਇਹ ਗੱਲ ਸੋਚ ਵਿਚਾਰ ਕੇ ਮਰੀਚ ਸੋਨੇ ਦਾ ਹਿਰਨ ਬਣ ਕੇ, ਜਿਥੇ ਸ੍ਰੀ ਰਾਮ ਚੰਦ੍ਰ ਜੀ ਸੂਰਮੇ ਬੈਠੇ ਸਨ, ਉਥੇ ਚਲਾ ਆਇਆ। ਉਧਰੋਂ ਰਾਵਣ ਜੋਗੀ ਹੋ ਕੇ ਸੀਤਾ ਨੂੰ ਲੈਣ ਤੁਰ ਪਿਆ ਮਾਨੋ ਮੌਤ ਨੇ ਪ੍ਰੇਰ ਕੇ ਤੋਰਿਆ ਹੋਵੇ। ਉਸ ਹਿਰਨ ਦੀ ਸੁੰਦਰਤਾ ਨੂੰ ਵੇਖ ਕੇ ਸੀਤਾ ਮੋਹਿਤ ਹੋ ਰਹੀ ਸੀ ਅਤੇ ਸਵਾਮੀ ਜੀ ਨੂੰ ਕੋਲ ਕਹਿਣ ਲੱਗੀ-ਹੇ ਮੁਰ ਨੂੰ ਮਾਰਨ ਵਾਲੇ! ਹੇ ਮੁਕਤੀ ਦਾਤੇ! ਹੇ ਅਯੁਧਿਆ ਦੇ ਸਵਾਮੀ! ਮੇਰੀ ਬੇਨਤੀ ਸੁਣੋ ਅਤੇ ਉਹ ਸੋਨੇ ਦਾ ਹਿਰਨ ਫੜ ਕੇ ਲਿਆ ਦਿਓ॥ ੩੫੨॥

ਰਾਮ ਬਾਚ॥ ਸੀਅ ਮ੍ਰਿਗਾ ਕਹੂੰ ਕੰਚਨ ਕੋ ਨਹਿ ਕਾਨ ਸੁਨਜੋ ਬਿਧਿ ਨੈ ਨ ਬਨਾਜੇ॥
ਬੀਸ ਬਿਸਵੇ ਛਲ ਦਾਨਵ ਕੋ ਬਨ ਮੈ ਜਿਹ ਆਨ ਤੁਮੈ ਡਹਕਾਯੋ॥
ਪਿਆਰੀ ਕੋ ਆਇਸ ਮੇਟ ਸਕੈ ਨ ਬਿਲੋਕ ਸੀਆ ਕਹੁ ਆਤੁਰ ਭਾਰੀ॥
ਬਾਂਧ ਨਿਖੰਗ ਚਲੇ ਕਟਿ ਸੌ ਕਹਿ ਭ੍ਰਾਤ ਈਹਾਂ ਕਰਿਜੈ ਰਖਵਾਰੀ॥ ੩੫੩॥

ਸ੍ਰੀ ਰਾਮ ਚੰਦ੍ਰ ਜੀ ਨੇ ਕਿਹਾ ਹੇ ਸੀਤਾ! ਸੋਨੇ ਦਾ ਹਿਰਨ ਅਸੀਂ ਕਦੇ ਵੀ ਕੰਨੀਂ ਨਹੀਂ ਸੁਣਿਆ ਅਤੇ ਨਾ ਹੀ ਬਿਧਾਤਾ ਨੇ ਸੋਨੇ ਦਾ ਹਿਰਨ ਬਣਾਇਆ ਹੈ। ਵੀਹ ਵਿਸਵੇ ਇਹ ਕਿਸੇ ਦੈਂਤ ਦਾ ਛਲ ਹੈ, ਜਿਸ ਦੈਂਤ ਨੇ ਜੰਗਲ ਵਿਚ ਸੋਨੇ ਦਾ ਹਿਰਨ ਹੋ ਕੇ ਤੈਨੂੰ ਭੁਲੇਖੇ ਵਿਚ ਪਾ ਦਿੱਤਾ ਹੈ। ਪਰ ਆਪਣੀ ਪਿਆਰੀ ਸੀਤਾ ਨੂੰ ਬਹੁਤ ਦੁਖੀ ਵੇਖ ਕੇ, ਸ੍ਰੀ ਰਾਮ ਚੰਦ੍ਰ ਜੀ ਉਸ ਦੀ ਆਗਿਆ ਨੂੰ ਮੋੜ ਨ ਸਕੇ। ਝੱਟ ਹੀ ਲੱਕ ਨਾਲ ਭੱਥੇ ਨੂੰ ਬੰਨ੍ਹ ਕੇ ਤੁਰ ਪਏ ਅਤੇ ਲੱਛਮਣ ਨੂੰ ਕਹਿਣ ਲੱਗੇ-ਕਿ ਇਥੋਂ ਦੀ ਰਖਵਾਲੀ ਕਰਨਾ॥ ੩੫੩॥

ਓਟ ਥਕਜੋ ਕਰਿ ਕੋਟਿ ਨਿਸਾਚਰ ਸ੍ਰੀ ਰਘੁਬੀਰ ਨਿਦਾਨ ਸੰਘਾਰਯੋ॥
ਹੇ ਲਹੁ ਬੀਰ ਉਬਾਰ ਲੈ ਮੋਕਹ ਯੌ ਕਹਿਕੈ ਪੁਨਿ ਰਾਮ ਪੁਕਾਰਯੋ॥
ਜਾਨਕੀ ਬੋਲ ਕੁਬੋਲ ਸੁਨਜੋ ਤਬ ਹੀ ਤਿਹ ਓਰ ਸੁਮਿੱਤ੍ਰ ਪਠਾਯੋ॥
ਰੇਖ ਕਮਾਨ ਕੀ ਕਾਢ ਮਹਾਬਲ ਜਾਤ ਭਏ ਇਤ ਰਾਵਨ ਆਯੋ॥ ੩੫੪॥

ਮਰੀਚ ਦੈਂਤ ਆਪਣੇ ਬਚਾਉ ਲਈ ਕ੍ਰੋੜਾਂ ਬਚਾਓ ਕਰਦਾ ਥਕ ਗਿਆ, ਪਰ ਅੰਤ ਨੂੰ ਸ੍ਰੀ ਰਾਮ ਜੀ ਨੇ ਉਸ ਨੂੰ ਮਾਰ ਲਿਆ। ਡਿੱਗਦਾ ਹੋਇਆ ਮਰੀਚ ਕਹਿਣ ਲੱਗਾ ਹੇ ਛੋਟੇ ਭਾਈ ਲੱਛਮਣ! ਮੈਨੂੰ ਆ ਕੇ ਬਚਾ ਲੈ, ਇਸ ਤਰ੍ਹਾਂ ਕਹਿ ਕੇ ਫਿਰ ਰਾਮ ਰਾਮ ਕਹਿਣ ਲੱਗ ਪਿਆ। ਮਰੀਚ ਦੇ ਇਸ ਕੁਬੋਲ ਨੂੰ ਸੀਤਾ ਨੇ ਸੁਣਿਆ, ਤਾਂ ਇਸ ਬੋਲ ਨੂੰ ਰਾਮ ਜੀ ਦਾ ਸਮਝਕੇ ਉਸ ਨੇ ਓਧਰ ਲਛਮਣ ਨੂੰ ਭੇਜ ਦਿੱਤਾ। ਮਹਾਂਬਲੀ ਲੱਛਮਣ ਵਣ ਵੱਲੇ ਜਾਂਦਾ ਹੋਇਆ ਸੀਤਾ ਦੀ ਕੁਟੀਆਂ ਦੇ ਦੁਆਲੇ ਕਮਾਨ ਨਾਲ ਲੀਕ ਕੱਢ ਕੇ ਸੀਤਾ ਨੂੰ ਕਹਿ ਗਿਆ ਕਿ ਇਸ ਤੋਂ ਬਾਹਰ ਤੁਸੀਂ ਨਾ ਜਾਣਾ। ਜੇ ਕੋਈ ਇਸ ਦੇ ਅੰਦਰ ਆਵੇਗਾ ਤਾਂ ਉਹ ਸੜ ਜਾਏਗਾ। ਇਹ ਕਹਿ ਕੇ ਲੱਛਮਣ ਚਲਾ ਗਿਆ, ਏਨੇ ਨੂੰ ਇਧਰ ਜੋਗੀ ਰੂਪਧਾਰੀ ਰਾਵਣ ਆ ਗਿਆ॥ ੩੫੪॥

ਭੇਖ ਅਲੇਖ ਉਚਾਰਕੈ ਰਾਵਨ ਜਾਤ ਭਏ ਸੀਅ ਕੇ ਢਿਗ ਯੋਂ॥
ਅਵਿਲੋਕ ਧਨੀ ਧਨਵਾਨ ਬਡੋ ਤਿਹ ਜਾਇ ਮਿਲੈ ਮਗ ਮੋ ਠਗ ਜਜੋ॥
ਕਛੁ ਦੇਹੁ ਭਿਛਾ ਮ੍ਰਿਗ ਨੈਨ ਹਮੈ ਇਹ ਰੇਖ ਮਿਟਾਇ ਹਮੈ ਅਬ ਹੀ॥

**ਬਿਨੁ ਰੇਖ ਭਈ ਅਵਿਲੋਕ ਲਈ ਹਰਿ ਸੀਅ ਉਡਯੋ ਨਭਿ ਕਉ ਤਬ ਹੀ ॥ ੩੫੫ ॥**

ਭੇਖ ਦੇ ਮੁਤਾਬਕ 'ਅਲਖ ਅਲਖ' ਉਚਾਰ ਕੇ ਰਾਵਣ ਸੀਤਾ ਦੇ ਕੋਲ ਇਸ ਤਰ੍ਹਾਂ ਚਲਾ ਗਿਆ। ਜਿਸ ਤਰ੍ਹਾਂ ਕਿਸੇ ਵੱਡੇ ਧਨੀ ਨੂੰ ਵੇਖ ਕੇ, ਰਸਤੇ ਵਿਚ ਉਸ ਨੂੰ ਠੱਗ ਜਾ ਮਿਲਦੇ ਹਨ। ਕਹਿਣ ਲੱਗਾ ਹੇ ਮ੍ਰਿਗ ਨੈਨੀ! ਸਾਨੂੰ ਕੁਝ ਭਿੱਛਾ ਦੇਹੁ, ਜਦ ਸੀਤਾ ਦੇਣ ਨੂੰ ਤਿਆਰ ਹੋਈ ਤਾਂ ਫਿਰ ਜੋਗੀ ਨੇ ਕਿਹਾ, ਅਸੀਂ ਬੱਧੀ ਹੋਈ ਭਿਖਿਆ ਨਹੀਂ ਲੈਂਦੇ। ਤੂੰ ਹੁਣੇ ਹੀ ਲੀਕ ਨੂੰ ਮਿਟਾ ਕੇ ਸਾਨੂੰ ਭਿਖਿਆ ਦੇਹੁ। ਜਦ ਸੀਤਾ ਨੇ ਲੀਕ ਮਿਟਾ ਦਿੱਤੀ, ਅਤੇ ਉਸ ਨੇ ਸੀਤਾ ਨੂੰ ਲੀਕ ਤੋਂ ਬਿਨਾਂ ਵੇਖ ਲਿਆ ਤਾਂ ਉਸੇ ਵੇਲੇ ਹੀ ਸੀਤਾ ਨੂੰ ਚੁੱਕ ਕੇ ਅਕਾਸ਼ ਨੂੰ ਉੱਡ ਗਿਆ ॥ ੩੫੫ ॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ, ਰਾਮਅਵਤਾਰ, 'ਸੀਤਾ ਹਰਨ ਕਥਨੰ', ਸਪਤਮੋ ਧਿਆਇ ਸਮਾਪਤਮ ਸਤੁ ਸੁਭਮ ਸਤੁ ॥ ੭ ॥ ੩੫੫ ॥ ਅਫਜੂੰ ॥

ਸ੍ਰੀ ਬਚਿਤਰ ਨਾਟਕ ਗ੍ਰੰਥ, ਰਾਮਵਤਾਰ, 'ਸੀਤਾ ਹਰਨ ਵਰਣਨ' ਸੱਤਵਾਂ ਅਧਿਆਏ ਸਮਾਪਤ ॥ ਸਤ ਸ਼ੁਭਮ ਸਤ ॥ ੭ ॥ ੩੫੫ ॥ ਚਲਦਾ ॥

# ਅੱਠਵਾਂ ਅਧਿਆਏ
# ਸੀਤਾ ਖੋਜ ਵਰਣਨ

**ਤੋਟਕ ਛੰਦ ॥ ਰਘੁਨਾਥ ਹਰੀ ਸੀਅ ਹੇਰ ਮਨੰ ॥ ਗਹਿ ਬਾਨ ਸਿਲਾ ਸਿਤ ਸੱਜਿ ਧਨੰ ॥**
**ਚਹੂੰ ਓਰ ਸੁਧਾਰ ਨਿਹਾਰ ਫਿਰੇ ॥ ਛਿਤ ਊਪਰ ਸ੍ਰੀ ਰਘੁਰਾਜ ਗਿਰੇ ॥ ੩੫੬ ॥**

ਸ੍ਰੀ ਰਾਮ ਜੀ ਨੇ ਜਦੋਂ ਮਨ ਵਿਚ ਵੇਖਿਆ ਕਿ ਸੀਤਾ ਚੁਰਾਈ ਗਈ ਹੈ, ਤਾਂ ਧਨੁੱਖ ਫੜ ਕੇ ਉਸ ਵਿਚ ਤਿੱਖਾ ਤੀਰ ਸਜਾ ਲਿਆ। ਇਸ ਤਰ੍ਹਾਂ ਨਾਲ ਚੌਹਾਂ ਪਾਸਿਆਂ ਵੱਲ ਫਿਰ ਕੇ ਚੰਗੀ ਤਰ੍ਹਾਂ ਵੇਖਿਆ, ਅੰਤ ਨੂੰ ਸ੍ਰੀ ਰਾਮ ਜੀ ਬੇਹੋਸ਼ ਹੋ ਕੇ ਧਰਤੀ ਉੱਪਰ ਡਿੱਗ ਪਏ ॥ ੩੫੬ ॥

**ਲਘੁ ਬੀਰ ਉਠਾਇ ਸੁ ਅੰਕ ਭਰੇ ॥ ਮੁਖ ਪੋਛ ਤਬੈ ਬਚਨਾ ਉਚਰੇ ॥**
**ਕਸ ਅਧੀਰ ਪਰੇ ਪ੍ਰਭ ਧੀਰ ਧਰੋ ॥ ਸੀਅ ਜਾਇ ਕਹਾ ਤਿਹ ਸੋਧ ਕਰੋ ॥ ੩੫੭ ॥**

ਛੋਟੇ ਭਾਈ ਲੱਛਮਣ ਨੇ ਉਨ੍ਹਾਂ ਨੂੰ ਜੱਫੀ ਭਰ ਕੇ ਉਠਾਇਆ, ਅਤੇ ਮੂੰਹ ਪੂੰਜ ਕੇ ਉਸ ਵੇਲੇ ਇਹ ਬਚਨ ਕਹੇ।ਹੇ ਪ੍ਰਭੂ ! ਕਿਉਂ ਅਧੀਰ ਹੁੰਦੇ ਹੋ ? ਧੀਰਜ ਕਰੋ, ਸੀਤਾ ਕਿੱਥੇ ਜਾ ਸਕਦੀ ਹੈ, ਉਸਦੀ ਖੋਜ ਕਰੀਏ'' ॥ ੩੫੭ ॥

**ਉਠ ਠਾਢਿ ਭਏ ਫਿਰਿ ਭੂਮ ਗਿਰੇ ॥ ਪਹਰੇਕਕ ਲਉ ਫਿਰ ਪ੍ਰਾਨ ਫਿਰੇ ॥**
**ਤਨ ਚੇਤ ਸੁਚੇਤ ਉਠੇ ਹਰਿ ਯੋਂ ॥ ਰਣ ਮੰਡਲ ਮੱਧਿ ਗਿਰਯੋ ਭਟ ਜਯੋਂ ॥ ੩੫੮ ॥**

ਰਾਮ ਜੀ ਉੱਠ ਕੇ ਖੜੇ ਹੋ ਗਏ, ਪਰ ਫਿਰ ਧਰਤੀ ਤੇ ਡਿੱਗ ਪਏ, ਅਤੇ ਬੇਸੁਧ ਹੋ ਗਏ। ਇਕ ਪਹਿਰ ਕੁ ਸਮੇਂ ਮਗਰੋਂ ਫਿਰ ਪ੍ਰਾਣ ਮੁੜ ਪਏ, ਅਰਥਾਤ ਤਿੰਨ ਚਾਰ ਘੰਟੇ ਮਗਰੋਂ ਹੋਸ਼ ਆਈ। ਜਦ ਹੋਸ਼ ਆਈ ਤਾਂ ਰਾਮ ਜੀ ਇਸ ਤਰ੍ਹਾਂ ਸੁਚੇਤ ਹੋ ਕੇ ਉਠੇ ਜਿਵੇਂ ਰਣ ਭੂਮੀ ਵਿਚ ਸੂਰਮਾ ਮੂਰਛਿਤ ਹੋ ਕੇ ਡਿੱਗਾ ਹੋਇਆ ਫਿਰ ਸੁਰਤ ਵਿਚ ਆ ਕੇ ਖੜਾ ਹੋ ਜਾਂਦਾ ਹੈ॥ ੩੫੮॥

**ਚਹੂੰ ਓਰ ਪੁਕਾਰ ਬਕਾਰ ਥਕੇ॥ ਲਘੁ ਭ੍ਰਾਤ ਭਏ ਬਹੁ ਭਾਂਤ ਝਖੇ॥**
**ਉਠ ਕੈ ਪੁਨ ਪ੍ਰਾਤ ਇਸ਼ਨਾਨ ਗਏ॥ ਜਲ ਜੰਤ ਸਭੈ ਜਰਿ ਛਾਰਿ ਭਏ॥ ੩੫੯॥**

ਚੌਹੀਂ ਪਾਸੀਂ ਉੱਚੀ ਉੱਚੀ ਆਵਾਜ਼ਾਂ ਦੇ ਕੇ ਢੂੰਡਦੇ ਥੱਕ ਗਏ। ਰਾਮ ਜੀ ਦਾ ਛੋਟਾ ਭਾਈ ਲੱਛਮਣ ਬਹੁਤ ਦੁਖੀ ਹੋਇਆ। ਰਾਤ ਇਸ ਤਰ੍ਹਾਂ ਬੀਤ ਗਈ, ਜਦ ਫਿਰ ਸਵੇਰੇ ਉੱਠ ਕੇ ਸ੍ਰੀ ਰਾਮ ਜੀ ਇਸ਼ਨਾਨ ਕਰਨ ਗਏ, ਤਾਂ ਉਨ੍ਹਾਂ ਦੀ ਕ੍ਰੋਧ ਅਗਨੀ ਨਾਲ ਸਾਰੇ ਜਲ ਦੇ ਜੀਵ ਸੜ ਕੇ ਨਾਸ ਹੋ ਗਏ॥ ੩੫੯॥

**ਬਿਰਹੀ ਜਿਹ ਓਰ ਸੁ ਦ੍ਰਿਸ਼ਟ ਧਰੈ॥ ਫਲ ਫੂਲ ਪਲਾਸ ਅਕਾਸ਼ ਜਰੈ॥**
**ਕਰ ਸੋ ਧਰ ਜਉਨ ਛੁਅੰਤ ਭਈ॥ ਕਚ ਬਾਸਨ ਜਜੋਂ ਪਕ ਫੂਟ ਗਈ॥ ੩੬੦॥**

ਬਿਰਹੀ ਰਾਮ ਜੀ ਜਿਸ ਪਾਸੇ ਨਜ਼ਰ ਕਰਦੇ ਸਨ, ਉਸ ਪਾਸੇ ਦੇ ਫਲ, ਫੁੱਲ, ਦਰੱਖਤ ਤੇ ਅਕਾਸ਼ ਵੀ ਸੜ ਜਾਂਦਾ ਸੀ। ਜਿਹੜੀ ਧਰਤੀ ਉਨ੍ਹਾਂ ਦੇ ਹੱਥ ਨਾਲ ਛੋਹ ਗਈ, ਉਹ ਕੱਚੇ ਭਾਂਡੇ ਵਾਂਗੂ ਪੱਕ ਕੇ ਫਟ ਜਾਂਦੀ ਸੀ॥ ੩੬੦॥

**ਜਿਹ ਭੂਮ ਥਲੀ ਪਰ ਰਾਮ ਫਿਰੇ॥ ਦਵ ਜਜੋਂ ਜਲ ਪਾਤ ਪਲਾਸ ਗਿਰੇ॥**
**ਟੂਟ ਆਸੂ ਆਰਣ ਨੈਨ ਝਰੀ॥ ਮਨੋ ਤਾਤ ਤਵਾ ਪਰ ਬੂੰਦ ਪਰੀ॥ ੩੬੧॥**

ਜਿਸ ਧਰਤੀ ਜਾਂ ਟਿੱਬੇ ਤੇ ਰਾਮ ਜੀ ਫਿਰਦੇ ਸਨ, ਉਥੋਂ ਦੇ ਦਰੱਖਤਾਂ ਦੇ ਪੱਤੇ ਸੜ ਕੇ ਇਉਂ ਡਿੱਗਦੇ ਸਨ, ਜਿਵੇਂ ਅੱਗ ਨੇ ਸਾੜ ਕੇ ਡੇਗੇ ਸਨ। ਰਾਮ ਜੀ ਦੀਆਂ ਲਾਲ ਅੱਖਾਂ ਵਿਚੋਂ ਅਟੁੱਟ ਅਥਰੂਆਂ ਦੀ ਝੜੀ ਲੱਗੀ ਹੋਈ ਸੀ, ਉਹ ਹੰਝੂ ਉਹ ਸੜੀ ਧਰਤੀ ਤੇ ਇਉਂ ਅਲੋਪ ਹੁੰਦੇ ਜਾਂਦੇ ਸਨ, ਮਾਨੋ ਤੱਤੇ ਤਵੇ ਉਤੇ ਪਾਣੀ ਦੀ ਬੂੰਦ ਸੜ ਜਾਂਦੀ ਹੈ॥ ੩੬੧॥

**ਤਨ ਰਾਘਵ ਭੇਟ ਸਮੀਰ ਜਰੀ॥ ਤਜ ਧੀਰ ਸਰੋਵਰ ਮਾਂਝ ਦੁਰੀ॥**
**ਨਹਿ ਤੱਤ੍ਰ ਥਲੀ ਸਤ ਪੱਤ੍ਰ ਰਹੇ॥ ਜਲ ਜੰਤ ਪਰੱਤ੍ਰਣ ਪੜ੍ਹ ਦਹੇ॥ ੩੬੨॥**

ਸਮੀਰ=ਪੌਣ। ਦੁਰੀ=ਲੁਕ ਗਈ। ਸਤਪਤ੍ਰ=ਕਮਲ। ਪਰੱਤ੍ਰਨ=ਘਾਹ। ਪੱਤ੍ਰ=ਪੱਤੇ। ਤਤ੍ਰ=ਉਸ। ਥਲੀ=ਜਗ੍ਹਾ ਪੁਰ।

ਰਾਮ ਜੀ ਦੇ ਤਨ ਨਾਲ ਮਿਲ ਕੇ ਪੌਣ ਸੜ ਗਈ, ਜੋ ਧੀਰਜ ਨੂੰ ਛੱਡ ਕੇ ਤਾਲਾਬ ਵਿਚ ਲੁਕ ਗਈ। ਤਲਾਉ ਵਿਚ ਕਮਲ ਨਾ ਰਹੇ, ਜਲ ਦੇ ਜੀਵ, ਘਾਹ ਅਤੇ ਪੱਤੇ ਵੀ ਸੜ ਗਏ॥ ੩੬੨॥

**ਇਤ ਢੂੰਢ ਬਨੇ ਰਘੁਨਾਥ ਫਿਰੇ॥ ਉਤ ਰਾਵਨ ਆਨ ਜਟਾਯੁ ਘਿਰੇ॥**
**ਰਣ ਛੋਰ ਹਠੀ ਪਗ ਦੁਐ ਨ ਭਜਯੋ॥ ਉਡ ਪੱਛ ਗਏ ਪੈ ਨ ਪੱਛ ਤਜਯੋ॥ ੩੬੩॥**

ਇਧਰ ਵਣ ਵਿਚ ਰਾਮ ਜੀ ਢੂੰਡਦੇ ਫਿਰਦੇ ਸਨ। ਉਧਰ ਉਸ ਵੇਲੇ ਗਿਰਝਾਂ ਦੇ ਰਾਜੇ ਜਟਾਯੂ ਨੇ ਆ ਕੇ ਰਾਵਣ ਨੂੰ ਘੇਰ ਲਿਆ। ਜਟਾਊ ਬੜੇ ਹਠ ਵਾਲਾ ਜੋਧਾ ਸੀ, ਉਹ ਰਣ ਨੂੰ ਛੱਡ ਕੇ ਦੋ ਪੈਰ ਵੀ ਪਿੱਛੇ ਨਾ ਮੁੜਿਆ। ਭਾਵੇਂ ਉਸ ਦੇ ਸਰੀਰ ਤੋਂ ਸਾਰੇ ਖੰਭ ਰਾਵਣ ਦੀ ਮਾਰ ਨਾਲ ਉੱਡ ਗਏ, ਪਰ ਉਸ ਨੇ ਫਿਰ ਵੀ ਰਾਵਣ ਦਾ ਪਿੱਛਾ ਨਾ ਛੱਡਿਆ॥ ੩੬੩॥

## *ਗੀਤਾ ਮਾਲਤੀ ਛੰਦ॥*

**ਪਛਰਾਜ ਰਾਵਨ ਮਾਰਿ ਕੈ ਰਘੁਰਾਜ ਸੀਤਹਿ ਲੈ ਗਯੋ॥**
**ਨਭਿ ਓਰ ਖੋਰ ਨਿਹਾਰਕੈ ਸੁ ਜਟਾਊ ਸੀਅ ਸੰਦੇਸ ਦਯੋ॥**
**ਤਬ ਜਾਨ ਰਾਮ ਗਏ ਬਲੀ ਸੀਅ ਸੱਤ ਰਾਵਨ ਹੀ ਹਰੀ॥**
**ਹਨਵੰਤ ਮਾਰਗ ਮੋ ਮਿਲੇ ਤਬ ਮਿੱਤ੍ਰਤਾ ਤਾ ਸੋਂ ਕਰੀ॥ ੩੬੪॥**

ਪੰਛੀ ਰਾਜ ਜਟਾਊ ਨੂੰ ਮਾਰ ਕੇ ਰਾਵਣ ਸੀਤਾ ਨੂੰ ਲੈ ਕੇ ਚਲਾ ਗਿਆ। ਜਦ ਸ੍ਰੀ ਰਾਮ ਜੀ ਸੀਤਾ ਨੂੰ ਢੂੰਡਦੇ ਢੂੰਡਦੇ ਜਟਾਊ ਕੋਲ ਆਏ, ਤਾਂ ਉਸ ਵੇਲੇ ਉਹ ਸਹਿਕ ਰਿਹਾ ਸੀ, ਰਾਮ ਜੀ ਨੂੰ ਵੇਖ ਜਟਾਊ ਨੇ ਕਿਹਾ, "ਹੇ ਰਘੁਰਾਜਾ! ਰਾਵਣ ਮੈਨੂੰ ਮਾਰ ਕੇ ਸੀਤਾ ਨੂੰ ਲੈ ਗਿਆ। ਫਿਰ ਜਟਾਊ ਨੇ ਅਕਾਸ਼ ਵਲ ਵੇਖ ਕੇ, ਸੀਤਾ ਦੇ ਚਲੇ ਜਾਣ ਦਾ ਰਾਮ ਜੀ ਨੂੰ ਸੁਨੇਹਾ ਦੇ ਦਿੱਤਾ। ਤਦ ਬਲਵਾਨ ਰਾਮ ਜੀ ਜਾਣ ਗਏ, ਜੋ ਨਿਸ਼ਚੇ ਹੀ ਸੀਤਾ ਨੂੰ ਰਾਵਣ ਨੇ ਚੁਰਾਇਆ ਹੈ। ਉਥੋਂ ਜਟਾਊ ਦਾ ਅੰਤਮ ਸਸਕਾਰ ਕਰਕੇ ਅੱਗੇ ਚਲੇ, ਤਾਂ ਰਸਤੇ ਵਿਚ ਹਨੂੰਮਾਨ ਮਿਲ ਪਿਆ, ਤਦ ਰਾਮ ਜੀ ਨੇ ਉਸ ਨਾਲ ਮਿੱਤਰਤਾ ਗੰਢ ਲਈ॥ ੩੬੪॥

**ਤਿਨ ਆਨ ਸ੍ਰੀ ਰਘੁਰਾਜ ਕੇ ਕਪਿਰਾਜ ਪਾਇਨ ਡਾਰਯੋ॥**
**ਤਿਨ ਬੈਠ ਗੈਠ ਇਕੈਠ ਹ੍ਵੈ ਇਹ ਭਾਂਤਿ ਮੰਤ੍ਰ ਬਿਚਾਰਯੋ॥**
**ਕਪ ਬੀਰ ਧੀਰ ਸਧੀਰ ਕੇ ਭਟ ਮੰਤ੍ਰ ਬੀਰ ਬਿਚਾਰਕੈ॥**
**ਅਪਨਾਇ ਸੁਗ੍ਰੀਵ ਕਉ ਚਲੇ ਕਪਿਰਾਜ ਬਾਲ ਸੰਘਾਰ ਕੈ॥ ੩੬੫॥**

ਉਸ ਹਨੂੰਮਾਨ ਨੇ ਸੁਗਰੀਵ ਨੂੰ ਲਿਆ ਕੇ, ਸ੍ਰੀ ਰਾਮ ਜੀ ਦੇ ਚਰਨਾਂ ਤੇ ਪਾ ਦਿੱਤਾ। ਫਿਰ ਉਨ੍ਹਾਂ ਨੇ ਇਕੱਠੇ ਹੋ ਕੇ ਬੈਠ ਕੇ, ਇਸ ਤਰ੍ਹਾਂ ਦੀ ਤਜਵੀਜ਼ ਦੇ ਮਸ਼ਵਰੇ ਨੂੰ ਵਿਚਾਰਿਆ ਕਿ ਸ੍ਰੀ ਰਾਮ ਜੀ ਸੁਗ੍ਰੀਵ ਦਾ ਕਾਰਜ ਕਰਨ, ਅਤੇ ਸੁਗ੍ਰੀਵ ਆਪਣੇ ਬਲ ਸਮੇਤ ਰਾਮ ਜੀ ਦਾ ਸਹਾਇਕ

ਹੋਵੇ, ਇਸ ਲਈ ਧੀਰਜਵਾਨ ਸੁਗ੍ਰੀਵ ਨੇ ਵੱਡੇ ਧੀਰਜ ਨਾਲ ਆਪਣੇ ਜੇਧੇ ਮੰਤਰੀ ਤੇ ਬਹਾਦਰਾਂ ਨਾਲ ਵਿਚਾਰ ਕਰ ਕੇ ਸ੍ਰੀ ਰਾਮ ਜੀ ਦੇ ਸਹਾਇਕ ਹੋਣ ਦਾ ਪ੍ਰਣ ਕੀਤਾ ਤਾਂ ਰਾਮ ਜੀ ਨੇ ਕਪਿਰਾਜ ਬਾਲੀ ਨੂੰ ਮਾਰ ਦਿੱਤਾ ਅਤੇ ਸੁਗ੍ਰੀਵ ਨੂੰ ਆਪਣਾ ਸਹਾਇਕ ਬਣਾ ਕੇ ਲੰਕਾ ਨੂੰ ਤੁਰ ਪਏ॥ ੩੬੫॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, 'ਸੀਤਾ ਖੋਜ ਕਥਨੰ ਬਾਲ ਬਧਹ' ਅਸ਼ਟਮੋ ਧਿਆਏ ਸਮਾਪਤਮ॥ ਸਤੁ ਸੁਭਮ ਸਤੁ॥ ੮॥ ੩੬੫॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ 'ਸੀਤਾ ਖੋਜ ਵਰਣਨ, ਬਾਲੀ ਦਾ ਕਤਲ', ਅੱਠਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੮॥ ੩੬੫॥ ਚਲਦਾ॥

# ਨੌਵਾਂ ਅਧਿਆਏ

# ਹਨੂਮਾਨ ਲੰਕਾ ਭੇਜਣਾ

## ਗੀਤਾ ਮਾਲਤੀ ਛੰਦ॥

**ਦਲ ਬਾਂਟ ਚਾਰ ਦਿਸਾ ਪਠਜੋ ਹਨਵੰਤ ਲੰਕ ਪਠੈ ਦਏ॥**
**ਲੈ ਮੁਦ੍ਰਕਾ ਲਖ ਬਾਰਿਧੈ ਜਹੱ ਸੀ ਹੁਤੀ ਤਹ ਜਾਤ ਭੇ॥**
**ਪੁਰਜਾਰਿ ਅੱਛ ਕੁਮਾਰ ਛੈ ਬਨ ਟਾਰਿਕੈ ਫਿਰ ਆਇਯੋ॥**
**ਕ੍ਰਿਤ ਚਾਰ ਜੋ ਅਮਰਾਰਿ ਕੋ ਸਭ ਰਾਮ ਤੀਰ ਜਤਾਇਯੋ॥ ੩੬੬॥**

ਸੁਗ੍ਰੀਵ ਨੇ ਆਪਣੀ ਫੌਜ ਦੇ ਚੋਣਵੇਂ ਸੂਰਮਿਆਂ ਦੇ ਚਾਰ ਦਲ ਵੰਡ ਕੇ ਚੋਹਾਂ ਦਿਸ਼ਾਂ ਵਿਚ ਭੇਜ ਦਿੱਤੇ, ਹਨੂੰਮਾਨ ਨੂੰ ਲੰਕਾ ਭੇਜ ਦਿੱਤਾ। ਹਨੂੰਮਾਨ ਨੇ ਸੀਤਾ ਨੂੰ ਨਿਸ਼ਾਨੀ ਵਿਖਾਉਣ ਲਈ ਰਾਮ ਜੀ ਦੀ ਮੁੰਦਰੀ ਲਈ, ਅਤੇ ਸਮੁੰਦਰ ਨੂੰ ਲੰਘ ਕੇ, ਜਿਥੇ ਸੀਤਾ ਰਹਿੰਦੀ ਸੀ, ਉਥੇ ਚਲਾ ਗਿਆ। ਲੰਕਾ ਸ਼ਹਿਰ ਨੂੰ ਹਨੂੰਮਾਨ ਨੇ ਸਾੜ ਦਿੱਤਾ। ਰਾਵਣ ਦੇ ਪੁੱਤਰ 'ਅੱਛ ਕੁਮਾਰ' ਨੂੰ ਮਾਰ ਦਿੱਤਾ। ਅਸ਼ੋਕ ਬਾਗ ਨੂੰ ਪੁੱਟ ਕੇ ਤਬਾਹ ਕਰ ਦਿੱਤਾ। ਇਹ ਕੁਝ ਕਰ ਕੇ ਸ੍ਰੀ ਰਾਮ ਜੀ ਦੇ ਕੋਲ ਮੁੜ ਕੇ ਆ ਗਿਆ। ਰਾਵਣ ਦੇ ਜੋ ਕਰਤੱਬ ਕੀਤੇ ਸਨ, ਉਹ ਸਾਰੇ ਰਾਮ ਜੀ ਪਾਸ ਆ ਕੇ ਪ੍ਰਗਟ ਕਰ ਦਿੱਤੇ। ਅਰਥਾਤ ਹਨੂੰਮਾਨ ਨੇ ਜੋ ਜੋ ਕੰਮ ਲੰਕਾ ਵਿਚ ਕੀਤੇ ਸਨ, ਉਹ ਸਾਰੇ ਸ੍ਰੀ ਰਾਮ ਜੀ ਦੇ ਕੋਲ ਆ ਕੇ ਸਵਿਸਥਾਰ ਪ੍ਰਗਟ ਕਰ ਕੇ ਸੁਣਾ ਦਿੱਤੇ॥ ੩੬੬॥

**ਦਲ ਜੋਰ ਕੋਰ ਕਰੋਰ ਲੈ ਬਡ ਘੋਰ ਤੋਰ ਸਭੈ ਚਲੇ॥**
**ਰਾਮਚੰਦ੍ਰ ਸੁਗ੍ਰੀਵ ਲਛਮਨ ਅਉਰ ਸੂਰ ਭਲੇ ਭਲੇ॥**

**ਜਾਮਵੰਤ ਸੁਖੈਨ ਨੀਲ ਹਨਵੰਤ ਅੰਗਦ ਕੇਸਰੀ॥**
**ਕਪਿ ਪੂਤ ਜੂਥਪ ਜੂਥ ਲੈ ਉਮਡੇ ਚਹੂੰ ਦਿਸ ਕੈ ਝਰੀ॥ ੩੬੭॥**

ਕ੍ਰੋੜਾਂ ਕ੍ਰੋੜ ਫੌਜ ਇਕੱਠੀ ਕਰ ਲਈ, ਅਤੇ ਵੱਡੀ ਤੇਜ਼ ਚਾਲ ਨਾਲ ਸਾਰੇ ਤੁਰ ਪਏ। ਰਾਮ ਚੰਦ੍ਰ, ਸੁਗਰੀਵ, ਲੱਛਮਣ ਅਤੇ ਹੋਰ ਚੰਗੇ ਚੰਗੇ ਸੂਰਮੇ ਸਨ। ਜਾਮਵੰਤ, ਸੁਖੈਨ, ਨੀਲ, ਹਨੂੰਮਾਨ, ਅੰਗਦ ਤੇ ਕੇਸਰੀ ਆਦਿਕ ਸੈਨਾਪਤਿ ਸਨ, ਜੋ ਬਾਂਦਰ ਪੁੱਤਰਾਂ ਦੇ ਜੱਥੇ ਲੈ ਕੇ ਚੌਹਾਂ ਪਾਸਿਆਂ ਤੋਂ ਬੱਦਲਾਂ ਦੀ ਝੜੀ ਵਾਂਗੂੰ ਚੜ੍ਹੇ ਆਉਂਦੇ ਸਨ॥ ੩੬੭॥

**ਪਾਟਿ ਬਾਰਿਧ ਰਾਜ ਕਉ ਕਰਿ ਬਾਟਿ ਲਾਂਘ ਜਬੈ ਗਏ॥**
**ਦੂਤ ਦਈਤਨ ਕੇ ਹੁਤੇ ਤਬ ਦਉਰ ਰਾਵਨ ਪੈ ਗਏ॥**
**ਰਨ ਸਾਜ ਬਾਜ ਸਭੈ ਕਰੋ ਇਕ ਬੇਨਤੀ ਮਮ ਮਾਨੀਐ॥**
**ਗੜ ਲੰਕ ਬੰਕ ਸੰਭਾਰੀਐ ਰਘੁਬੀਰ ਆਗਮ ਜਾਨੀਐ॥ ੩੬੮॥**

ਜਦ ਸਮੁੰਦਰ ਪਾਰ ਹੋ ਕੇ, ਅਤੇ ਰਸਤਿਆਂ ਨੂੰ ਲੰਘ ਕੇ ਲੰਕਾ ਟਾਪੂ ਵਿਚ ਪਹੁੰਚ ਗਏ ਤਾਂ ਜਿਹੜੇ ਦੈਂਤਾਂ ਦੇ ਦੂਤ ਸਨ, ਉਹ ਭਜ ਕੇ ਰਾਵਣ ਦੇ ਕੋਲ ਚਲੇ ਗਏ, ਅਤੇ ਕਹਿਣ ਲੱਗੇ। ਜੰਗ ਦੀ ਤਿਆਰੀ ਦੇ ਸਾਰੇ ਸਾਜ ਬਾਜ ਤਿਆਰ ਕਰੋ, ਪਰ ਮੇਰੀ ਇਕ ਬੇਨਤੀ ਮੰਨ ਲੋ ਉਹ ਇਹ ਹੈ, ਕਿ 'ਲੰਕਾ' ਦੇ ਸੋਹਣੇ ਕਿਲੇ ਨੂੰ ਸੰਭਾਲ ਲੋ, ਕਿਉਂਕਿ ਰਾਮਚੰਦ੍ਰ ਜੀ ਦਲ ਬਲ ਸਮੇਤ ਆ ਰਹੇ ਹਨ, ਉਹ ਕਿਤੇ ਇਸ ਸੋਨੇ ਦੇ ਕਿਲੇ ਨੂੰ ਨਾਸ ਨਾ ਕਰ ਦੇਣ, ਇਸ ਲਈ ਇਸ ਦੀ ਸੰਭਾਲ ਰੱਖੋ॥ ੩੬੮॥

**ਧੂਮ੍ਰ ਅੱਛ ਸੁ ਜਾਂਬਮਾਲ ਬੁਲਾਇ ਵੀਰ ਪਠੈ ਦਏ॥**
**ਸ਼ੋਰ ਕੋਰ ਕ੍ਰੋਰਕੈ ਜਹਾਂ ਰਾਮ ਥੇ ਤਹਾਂ ਜਾਤ ਭੇ॥**
**ਰੋਸ ਕੈ ਹਨਵੰਤ ਥਾ ਪਰ ਰੋਪ ਪਾਵ ਪ੍ਰਹਾਰੀਯੰ॥**
**ਜੂਝਿ ਭੂਮਿ ਗਿਰਜੋ ਬਲੀ ਸੁਰ ਲੋਕ ਮਾਂਝਿ ਬਿਹਾਰੀਯੰ॥ ੩੬੯॥**

ਰਾਵਣ ਨੇ ਦੂਤ ਦੀ ਬੇਨਤੀ ਸੁਣ ਕੇ ਧੂਮਰ ਅੱਛ ਅਤੇ ਜਾਂਬਮਾਲ ਨੂੰ ਬੁਲਾ ਕੇ, ਇਹਨਾਂ ਦੋਹਾਂ ਸੂਰਮਿਆਂ ਨੂੰ ਭੇਜ ਦਿੱਤਾ। ਇਹ ਦੋਵੇਂ ਵੱਡੇ ਸ਼ੋਰ ਸ਼ਰਾਬੇ ਨਾਲ ਕਈ ਕਰੋੜਾਂ ਫੌਜ ਕੱਠੀ ਕਰ ਕੇ ਜਿਥੇ ਸ੍ਰੀ ਰਾਮ ਜੀ ਉਤਰੇ ਹੋਏ ਸਨ, ਉਥੇ ਪਹੁੰਚ ਗਏ। ਗੁੱਸਾ ਖਾ ਕੇ ਹਨੂੰਮਾਨ ਉਸੇ ਥਾਂ ਤੇ ਪੈਰ ਗੱਡ ਕੇ ਮਾਰ ਕਰਨ ਲੱਗਾ। ਸੂਰਮੇ ਜੰਗ ਕਰਦੇ ਧਰਤੀ ਤੇ ਡਿੱਗ ਪਏ ਅਤੇ ਦੇਵ ਲੋਕ ਵਿਚ ਪਹੁੰਚ ਗਏ॥ ੩੬੯॥

**ਜਾਂਬਮਾਲ ਭਿਰੇ ਕਛੂ ਪੁਨ ਮਾਰਿ ਐਸੇ ਈ ਕੈ ਲਏ॥**

ਭਾਜ ਕੀਨ ਪ੍ਰਵੇਸ਼ ਲੰਕ ਸੰਦੇਸ਼ ਰਾਵਨ ਸੋ ਦਏ॥
ਧੂਮਰਾਛ ਸੁ ਜਾਂਬਮਾਲ ਦੁਹੂੰਨ ਰਾਘਵਜੂ ਹਰੇ॥
ਹੈ ਕਛੂ ਪ੍ਰਭੁ ਕੇ ਹੀਏ ਸੁਭਮੰਤ੍ਰ ਆਵਤ ਸੋ ਕਰੋ॥ ੩੭੦॥

ਜਾਂਮਬਾਲ ਕੁਝ ਚਿਰ ਖੜਾ ਹੋ ਕੇ ਲੜਿਆ, ਫਿਰ ਅੰਤ ਨੂੰ ਉਸੇ ਤਰ੍ਹਾਂ ਉਸਨੂੰ ਮਾਰ ਲਿਆ। ਫੌਜ ਨੇ ਭੱਜ ਕੇ ਲੰਕਾ ਵਿਚ ਜਾ ਕੇ ਸਾਹ ਲਿਆ ਅਤੇ ਰਾਵਣ ਨੂੰ ਜਾ ਕੇ ਸੁਨੇਹਾ ਦੇ ਦਿੱਤਾ ਕਿ ਧੂਮਰ-ਅੱਛ ਅਤੇ ਜਾਂਮਬਾਲ ਇਹਨਾਂ ਦੋਹਾਂ ਨੂੰ ਰਾਮ ਜੀ ਨੇ ਮਾਰ ਲਿਆ ਹੈ। ਹੇ ਪ੍ਰਭੂ ਜੋ ਕੁਝ ਤੁਹਾਡੇ ਦਿਲ ਵਿਚ ਚੰਗੀ ਸਲਾਹ ਆਉਂਦੀ ਹੈ, ਆਪ ਉਹੀ ਕਰੋ॥ ੩੭੦॥

ਪੇਖ ਤੀਰ ਅਕੰਪਨੈ ਦਲ ਸੰਗਿ ਦੈ ਸੁ ਪਠੈ ਦਯੋ॥
ਭਾਂਤਿ ਭਾਂਤਿ ਬਜੇ ਬਜੰਤ੍ਰ ਨਿਨੱਦ ਸੱਦ ਪੁਰੀ ਭਯੋ॥
ਸੁਰ ਰਾਇ ਆਦਿ ਪ੍ਰਹਸਤ ਤੇ ਇਹ ਭਾਂਤਿ ਮੰਤ੍ਰ ਬਿਚਾਰਿਯੋ॥
ਸੀਅ ਦੇ ਮਿਲੌ ਰਘੁਰਾਜ ਕੋ ਕਸ ਰੋਸ ਰਾਵ ਸੰਭਾਰਿਯੋ॥ ੩੭੧॥

ਰਾਵਣ ਨੇ ਆਪਣੇ ਕੋਲ 'ਅੰਕਪਨ' ਨਾਮ ਦੇ ਜੋਧੇ ਨੂੰ ਵੇਖ ਕੇ, ਫੌਜ ਨਾਲ ਦੇ ਕੇ, ਉਸ ਨੂੰ ਜੰਗ ਲਈ ਭੇਜ ਦਿੱਤਾ। ਤਰ੍ਹਾਂ ਤਰ੍ਹਾਂ ਦੇ ਵਾਜੇ ਵਜੇ। ਲੰਕਾ ਪੁਰੀ ਵਿਚ ਇਕ ਸਾਰ ਵਾਜਿਆਂ ਦੀ ਸੱਦ ਹੋਈ। ਇੰਦਰ ਅਤੇ ਪ੍ਰਹਸਤ ਆਦਿਕਾਂ ਨੇ ਵਿਚਾਰ ਕਰ ਕੇ ਇਸ ਤਰ੍ਹਾਂ ਦੀ ਸਲਾਹ ਦਿੱਤੀ-ਹੇ ਰਾਜਨ! ਸੀਤਾ ਨੂੰ ਦੇ ਕੇ ਰਾਮਚੰਦ੍ਰ ਨਾਲ ਮਿਲ ਜਾਓ, ਕਿਸ ਕਰਕੇ ਗੁੱਸੇ ਨੂੰ ਧਾਰ ਰਹੇ ਹੋ?॥ ੩੭੧॥

ਛਪੱਯ ਛੰਦ॥ ਝਲ ਹਲੰਤ ਤਰਵਾਰ ਬਜਤ ਬਾਜੰਤ੍ਰ ਮਹਾ ਧੁਨ॥
ਖੜ ਹੜੰਤ ਖਹ ਖੋਲ ਧਜਾਨ ਤਜਿ ਪਰਤ ਚਵਧ ਮੁਨ॥
ਇੱਕ ਇੱਕ ਲੈ ਚਲੈ ਇੱਕ ਤਨ ਇੱਕ ਅਰੁਝੈ॥
ਅੰਧ ਧੁੰਧ ਪਰ ਗਈ ਹੱਥਿ ਅਰ ਮੁੱਖ ਨ ਸੁਝੈ॥
ਸੁਮੁਹੇ ਸੂਰ ਸਾਵੰਤ ਸਭ ਫਉਜ ਰਾਜ ਅੰਗਦ ਸਮਰ॥
ਜੈ ਸੱਦ ਨਿਨੱਦ ਬਿਹੱਦ ਹੂਅ ਧਨੁ ਜੰਪਤ ਸੁਰ ਪੁਰ ਅਮਰ॥ ੩੭੨॥

ਤਲਵਾਰਾਂ ਝਿਲਮਿਲ ਕਰਦੀਆਂ ਸਨ, ਅਤੇ ਉੱਚੀ ਅਵਾਜ਼ ਨਾਲ ਵਾਜੇ ਵੱਜਦੇ ਸਨ। ਸੰਜੋਆਂ ਨਾਲ ਠਹਿਕਣ ਤੋਂ ਖੜ ਖੜ ਦੀ ਅਵਾਜ਼ ਹੁੰਦੀ ਸੀ, ਤਲਵਾਰ ਦੀ ਚਮਕ ਪੈਣ ਕਰ ਕੇ ਮੁਨੀਆਂ ਦੇ ਧਿਆਨ ਛੁਟ ਗਏ ਸਨ। ਕਈ ਸੂਰਮੇ ਕਈਆਂ ਨੂੰ ਚੁੱਕ ਕੇ ਲੈ ਗਏ ਸਨ, ਅਤੇ ਕਈ ਪੂਰੇ ਬਲ ਨਾਲ ਜੰਗ ਵਿਚ ਰੁੱਝੇ ਹੋਏ ਸਨ। ਹਥਿਆਰਾਂ ਦੀ ਮਾਰ ਨਾਲ ਅੰਧ ਧੁੰਧ ਪੈ ਗਈ ਸੀ, ਜਿਸ ਕਰ

ਕੇ ਹੱਥ ਅਤੇ ਮੂੰਹ ਨਹੀਂ ਸੀ ਦਿੱਸਦਾ। ਜੋਧੇ ਦੇ ਸਾਹਮਣੇ ਜੋਧੇ ਜੰਗ ਕਰਨ ਲਈ ਤਿਆਰ ਖੜੇ ਸਨ। ਇਸ ਤਰ੍ਹਾਂ ਦੀ ਸਾਰੀ ਫੌਜ ਦਾ ਰਾਜਾ 'ਅੰਗਦ' ਸੀ ਸ੍ਰੀ ਰਾਮ ਚੰਦ੍ਰ ਜੀ ਦੀ ਜੈ ਜੈ ਕਾਰ ਸਾਰੇ ਹੋ ਰਹੀ ਸੀ, ਅਤੇ ਸੁਰਗ ਵਿਚੋਂ ਦੇਵਤੇ ਧੰਨ ਧੰਨ ਕਹਿੰਦੇ ਸਨ॥ ੩੭੨॥

**ਇਤ ਅੰਗਦ ਯੁਵਰਾਜ ਦੁਤੀਆ ਦਿਸ ਬੀਰ ਅਕੰਪਨ॥**
**ਕਰਤ ਬ੍ਰਿਸ਼ਟ ਸਰ ਧਾਰ ਤਜਤ ਨਹੀਂ ਨੈਕ ਅਯੋਧਨ॥**
**ਹੱਥ ਬੱਥ ਮਿਲ ਗਈ ਲੁੱਥ ਬਿੱਥਰੀ ਅਹਾੜੰ॥**
**ਘੁੰਮੇ ਘਾਇ ਅਘਾਇ ਬੀਰ ਬੰਕੜੇ ਬਬਾੜੰ॥**
**ਪਿੱਖਤ ਬੈਠ ਬਿਬਾਣ ਬਰ ਧੰਨ ਧੰਨ ਜੰਪਤ ਅਮਰ॥**
**ਭਵ ਭੂਤ ਭਵਿਖਜ ਭਵਾਨ ਮੋ ਅਬ ਲਗ ਲਖਜੋ ਨ ਅਸ ਸਮਰ॥ ੩੭੩॥**

ਇਧਰੋਂ ਕਿਸਕਿੰਧਾ ਰਾਜ ਦਾ ਵਲੀ ਅਹਿਦ 'ਅੰਗਦ' ਅਤੇ ਦੂਜੇ ਰਾਵਣ ਦੇ ਪਾਸਿਓਂ 'ਅਕੰਪਨ' ਸੂਰਮਾ ਸਨ। ਦੋਵੇਂ ਤੀਰਾਂ ਦੀ ਮੋਹਲੇਧਾਰ ਬਰਖਾ ਕਰਦੇ ਸਨ, ਜੁੱਧ ਭੂਮੀ ਨੂੰ ਰਤਾ ਭਰ ਵੀ ਛੱਡਦੇ ਨਹੀਂ ਸਨ। ਅੰਤ ਨੂੰ ਦੋਹਾਂ ਦੇ ਹੱਥ ਇਕ ਦੂਜੇ ਦੀ ਵਖੀ ਵਿਚ ਪੈ ਗਏ। ਅਤੇ ਜੁੱਧ ਭੂਮੀ ਵਿਚ ਲੋਥਾਂ ਖਿਲਰ ਗਈਆਂ। ਘਾਇਲ ਹੋਏ ਸੂਰਮੇ ਘੇਰਨੀਆਂ ਖਾ ਰਹੇ ਸਨ, ਅਤੇ ਘਾਵਾਂ ਰਹਿਤ ਸੁੰਦਰ ਜਵਾਨ ਲਲਕਰਾਰਦੇ ਸਨ। ਦੇਵਤੇ ਸੁੰਦਰ ਬਿਮਾਨਾਂ ਵਿਚ ਬੈਠ ਕੇ ਜੰਗ ਨੂੰ ਵੇਖ ਰਹੇ ਸਨ ਅਤੇ ਮੂੰਹੋਂ ਧੰਨ ਧੰਨ ਜਪਦੇ ਸਨ। ਅਤੇ ਕਹਿੰਦੇ ਸਨ, ਕਿ ਪਿੱਛੇ ਕਦੇ ਅਜਿਹਾ ਜੰਗ ਨਹੀਂ ਹੋਇਆ ਹੋਵੇਗਾ, ਅਗੇ ਵੀ ਅਜਿਹਾ ਜੰਗ ਹੋਣ ਦੀ ਆਸ ਨਹੀਂ ਹੈ, ਅਤੇ ਵਰਤਮਾਨ ਸਮੇਂ ਵਿਚ ਅੱਜ ਤਕ ਅਸਾਂ ਸੰਸਾਰ ਵਿਚ ਅਜਿਹਾ ਜੰਗ ਨਹੀਂ ਵੇਖਿਆ॥ ੩੭੩॥

**ਕਹੂੰ ਮੁੰਡ ਪਿਖੀਅਹ ਕਹੂੰ ਭਕ ਰੁੰਡ ਪਰੇ ਧਰ॥**
**ਕਿਤਹੀ ਜਾਂਘ ਤਰਫੰਤ ਕਹੂੰ ਉਛਰੰਤ ਸੁ ਛਬ ਕਰ॥**
**ਭਰਤ ਪੱਤ੍ਰ ਖੇਚਰੀ ਕਹੂੰ ਚਾਵੰਡ ਚਿਕਾਰੈਂ॥**
**ਕਿਲਕਤ ਕਤਹ ਮਸਾਨ ਕਹੂੰ ਭੈਰਵ ਭਭਕਾਰੈਂ॥**
**ਇਹ ਭਾਂਤਿ ਬਿਜੈ ਕਪਿ ਕੀ ਭਈ ਹਣਜੋ ਅਸੁਰ ਰਾਵਣ ਤਣਾ॥**
**ਭੈ ਦੱਗ ਅਦੱਗ ਭੱਗੇ ਹਠੀ ਗਹਿ ਗਹਿ ਕਰ ਦਾਂਤਨ ਤ੍ਰਿਣਾ॥ ੩੭੪॥**

ਕਿਤੇ ਸਿਰ ਰਣ ਭੂਮੀ ਵਿਚ ਵਿਖਾਈ ਦਿੰਦੇ ਸਨ, ਅਤੇ ਕਿਤੇ ਧਰਤੀ ਤੇ ਪਏ ਧੜ ਭੱਕ ਭੱਕ ਕਰ ਰਹੇ ਸਨ। ਕਿਤੇ ਲੱਤ ਤੜਫਦੀ ਸੀ, ਅਤੇ ਕਿਤੇ ਸੁੰਦਰ ਛਬ ਵਾਲਾ ਹੱਥ ਉੱਛਲਦਾ

ਸੀ। ਕਿਤੇ ਜੋਗਨੀਆਂ ਲਹੂ ਦਾ ਖੱਪਰ ਭਰਦੀਆਂ ਸਨ ਅਤੇ ਕਿਤੇ ਚੁੜੇਲਾਂ ਚੀਕਦੀਆਂ ਸਨ। ਕਿਤੇ ਮਸਾਨ ਕਿਲਕਾਰਦਾ ਸੀ। ਇਸ ਤਰ੍ਹਾਂ ਦੇ ਜੰਗ ਵਿਚ ਬਾਂਦਰ ਅੰਗਦ ਦੀ ਜਿੱਤ ਹੋਈ, ਅਤੇ ਰਾਵਣ ਦਾ ਪੁੱਤਰ ਦੈਂਤ ਮਾਰਿਆ ਗਿਆ। ਬਾਕੀ ਦੇ ਦਾਗੀ ਅਤੇ ਬੇਦਾਗੀ ਰਹੇ ਸੂਰਮੇ ਦੰਦਾਂ ਵਿਚ ਘਾਹ ਫੜ ਫੜ ਕੇ ਭੱਜੇ ਜਾਂਦੇ ਸਨ॥ ੩੭੪॥

ਉਤੈ ਦੂਤ ਰਾਵਣੈ ਜਾਇ ਹਤ ਬੀਰ ਸੁਣਾਯੋ॥
ਇਤ ਕਪਿਪਤ ਅਰੁ ਰਾਮਦੂਤ ਅੰਗਦਹਿ ਪਠਾਯੋ॥
ਕਹੀ ਕੱਥ ਤਿਹ ਸੱਥ ਗੱਥ ਕਰਿ ਤੱਥ ਸੁਨਾਯੋ॥
ਮਿਲਹੁ ਦੇਹੁ ਜਾਨਕੀ ਕਾਲ ਨਾਤਰ ਤੁਹਿ ਆਯੋ॥
ਪਗ ਭੇਟ ਚਲਤ ਭਜੋ ਬਾਲ ਸੁਤ ਪ੍ਰਿਸ਼ਟ ਪਾਨ ਰਘੁਬਰ ਧਰੇ॥
ਭਰ ਅੰਕ ਪੁਲਕ ਤਨ ਪੱਸਿਯੋ ਭਾਂਤ ਅਨਿਕ ਆਸਿਖ ਕਰੇ॥ ੩੭੫॥

ਉਧਰ ਦੂਤ ਨੇ ਜਾਕੇ ਰਾਵਨ ਨੂੰ 'ਅਕੰਪਨ ਬੀਰ' ਦਾ ਮਰਨਾ ਸੁਣਾ ਦਿੱਤਾ। ਇਧਰ ਸੁਗ੍ਰੀਵ ਅਤੇ ਰਾਮ ਜੀ ਨੇ ਅੰਗਦ ਨੂੰ ਦੂਤ ਬਣਾ ਕੇ ਭੇਜ ਦਿੱਤਾ ਅਤੇ ਉਸ ਨੂੰ ਗੱਲ ਸਮਝਾ ਕੇ ਕਹੀ, ਕਿ ਜਾ ਕੇ ਸੰਧੀ ਕਰਨ ਦਾ ਯਤਨ ਕਰ, ਪਰ ਸਿਧਾਂਤ ਇਹ ਸੁਣਾ ਦਿੱਤਾ। ਰਾਵਣ ਨੂੰ ਜਾ ਕੇ ਕਹਿ ਦਿਓ ਕਿ 'ਸੀਤਾ ਦੇ ਕੇ ਰਾਮ ਜੀ ਨੂੰ ਮਿਲ ਪਓ, ਨਹੀਂ ਤਾਂ ਤੇਰਾ ਕਾਲ ਆਇਆ ਹੈ।' ਇਹ ਸੁਣ ਕੇ ਬਾਲੀ ਦਾ ਪੁੱਤਰ ਅੰਗਦ ਸ੍ਰੀ ਰਾਮ ਦੇ ਚਰਨਾਂ ਨੂੰ ਪਰਸ ਕੇ ਤੁਰਨ ਲੱਗਾ ਤਾਂ ਰਾਮ ਜੀ ਨੇ ਉਸ ਦੀ ਪਿੱਠ ਉੱਤੇ ਆਪਣਾ ਹੱਥ ਧਰਿਆ, ਭਾਵ ਥਾਪੀ ਦਿੱਤੀ, ਅਤੇ ਜੱਫੀ ਵਿਚ ਲੈ ਕੇ ਅਨੇਕ ਤਰ੍ਹਾਂ ਦੀ ਸਿਖਿਆ ਦਿੱਤੀ, ਜਿਸ ਕਰਕੇ ਅੰਗਦ ਦਾ ਤਨ ਪ੍ਰੇਮ ਨਾਲ ਰੋਮਾਂਚ ਹੋ ਕੇ ਪਸੀਜ ਗਿਆ॥ ੩੭੫॥

## ਪ੍ਰਤਿ ਉੱਤਰ ਸੰਬਾਦ॥

ਦੇਹ ਸੀਆ ਦਸਕੰਧ ਛਾਹਿ ਨਹੀਂ ਦੇਖਨ ਪੈਹੋ॥
ਲੰਕ ਛੀਨ ਲੀਜੀਐ ਲੰਕ ਲਖਿ ਜੀਤ ਨ ਜੈਹੋ॥
ਕ੍ਰੂਧ ਬਿਖੈ ਜਿਨ ਘੋਰੁ ਪਿੱਖ ਕਸ ਜੁਧੁ ਮਚੈ ਹੈ॥
ਰਾਮ ਸਹਿਤ ਕਪਿ ਕਟਕ ਆਜ ਮ੍ਰਿਗ ਸਜਾਰ ਖਵੈ ਹੈ॥
ਜਿਨ ਕਰ ਸੁ ਗਰਬੁ ਸੁਣ ਮੂੜ ਮਤ ਗਰਬ ਗਵਾਇ ਘਨੇਰ ਘਰ॥
ਬਸ ਕਰੇ ਸਰਬ ਘਰ ਗਰਬ ਹਮ ਏ ਕਿਨ ਮਹਿ ਦ੍ਵੈ ਦੀਨ ਨਰ॥ ੩੭੬॥

ਅੰਗਦ ਨੇ ਰਾਵਣ ਨੂੰ ਕਿਹਾ ਕਿ ਹੇ ਰਾਵਣ ਸੀਤਾ ਰਾਮ ਜੀ ਨੂੰ ਮੋੜ ਦੇਹੁ ਪਰ ਰਾਵਣ ਨੇ ਕਿਹਾ-ਸੀਤਾ ਦਾ ਉਹ ਪ੍ਰਛਾਵਾਂ ਵੀ ਦੇਖ ਨਹੀਂ ਸਕੇਗਾ। ਅੰਗਦ ਨੇ ਕਿਹਾ ਕਿ ਤੇਰੀ ਲੰਕਾ ਖੋਹ ਲਈ ਜਾਏਗੀ। ਰਾਵਣ ਨੇ ਕਿਹਾ ਕਿ ਇਕ ਲੰਕਾ ਕੀ ਹੈ, ਭਾਵੇਂ ਇਸ ਤਰ੍ਹਾਂ ਦੀਆਂ ਲੱਖਾਂ ਲੰਕਾ ਜਿੱਤ ਲਿਜਾਓ, ਪਰ ਸੀਤਾ ਤਾਂ ਵੀ ਨਹੀਂ ਮਿਲੇਗੀ। ਅੰਗਦ ਨੇ ਕਿਹਾ ਕਿ ਕ੍ਰੋਧ ਰੂਪ ਜ਼ਹਿਰ ਨੂੰ ਛੱਡ ਦੇ ਪਰ ਰਾਵਣ ਨੇ ਉਤਰ ਦਿੱਤਾ ਕਿ ਵੇਖਾਂਗਾ, ਕੈਸਾ ਜੁੱਧ ਮਚਾਉਂਦਾ ਹਾਂ। ਰਾਮ ਦੇ ਸਮੇਤ ਸਾਰੀ ਬਾਂਦਰਾਂ ਦੀ ਫੌਜ ਮ੍ਰਿਗ ਸਮਾਨ ਹੈ, ਉਸ ਨੂੰ ਮੈਂ ਸਿੰਘ ਰੂਪ ਹੋ ਕੇ ਖਾਵਾਂਗਾ। ਅੰਗਦ ਨੇ ਕਿਹਾ ਕਿ ਹੇ ਮੂੜ ਮਤਿ ਹੰਕਾਰ ਨਾ ਕਰ, ਧਿਆਨ ਦੇ ਕੇ ਸੁਣ, ਇਸ ਹੰਕਾਰ ਨੇ ਬਹੁਤ ਘਰ ਗਵਾ ਦਿੱਤੇ ਹਨ, ਰਾਵਣ ਨੇ ਕਿਹਾ ਕਿ ਗਰਬ ਦੇ ਘਰ (ਮਹਾਂ ਹੰਕਾਰੀ) ਮੈਂ ਆਪਣੇ ਵੱਸ ਕੀਤੇ ਹੋਏ ਹਨ, ਇਸ ਲਈ ਮੈਨੂੰ ਗਰਬ ਹੈ। ਇਹ ਦੋ ਕੰਗਲੇ ਮਨੁੱਖ ਰਾਮ ਤੇ ਲੱਛਮਣ ਮੇਰੇ ਅੱਗੇ ਕਿਸ ਗਿਣਤੀ ਵਿਚ ਹਨ॥ ੩੭੬॥

## ਰਾਵਨ ਬਾਚ ਅੰਗਦ ਸੋਂ ॥

**ਅਗਨ ਪਾਕ ਕਹ ਕਰੈ ਪਵਨ ਮੁਰ ਬਾਰ ਬੁਹਾਰੈ॥**
**ਚਵਰ ਚੰਦ੍ਰਮਾ ਧਰੈ ਸੂਰ ਛਤ੍ਰਹਿ ਸਿਰ ਧਾਰੈ॥**
**ਮਦ ਲਛਮੀ ਪਿਆਵੰਤ ਬੇਦ ਮੁਖ ਬ੍ਰਹਮ ਉਚਾਰਤ॥**
**ਬਰਨ ਬਾਰ ਨਿਤ ਭਰੈ ਔਰ ਕੁਲਦੇਵ ਜੁਹਾਰਤ॥**
**ਨਿਜ ਕਹਿਤ ਸੁ ਬਲ ਦਾਨਵ ਪ੍ਰਬਲ ਦੇਤ ਧਨੱਦਿ ਜਛ ਮੋਹਿ ਕਰ॥**
**ਵੇ ਜੁੱਧ ਜੀਤ ਤੇ ਜਾਂਹਿਗੇ ਕਹਾਂ ਦੋਇ ਤੇ ਦੀਨ ਨਰ॥ ੩੭੭॥**

ਰਾਵਣ ਨੇ ਇਉਂ ਅੰਗਦ ਨੂੰ ਕਿਹਾ, "ਵੇਖ! ਮੈਂ ਜਿਹੜੇ ਜਿਹੜੇ ਗਰਬ ਦੇ ਘਰ ਵੱਸ ਕੀਤੇ ਹੋਏ ਹਨ। ਅਗਨਿ ਦੇਵਤਾ ਮੇਰੇ ਭੋਜਨ ਨੂੰ ਤਿਆਰ ਕਰਦਾ ਹੈ, ਅਤੇ ਪੌਣ ਦੇਵਤਾ ਮੇਰੇ ਦਰਵਾਜੇ ਤੇ ਝਾੜੂ ਫੇਰਦਾ ਹੈ। ਚੰਦ੍ਰਮਾ ਨੇ ਆਪਣੇ ਹੱਥ ਵਿਚ ਚੌਰ ਫੜਿਆ ਹੋਇਆ ਹੈ, ਅਤੇ ਸੂਰਜ ਮੇਰੇ ਸਿਰ ਤੇ ਛੱਤ੍ਰ ਝਲਾਉਂਦਾ ਹੈ। ਲਛਮੀ ਮੈਨੂੰ ਸ਼ਰਾਬ ਪਿਆਉਂਦੀ ਹੈ, ਅਤੇ ਬ੍ਰਹਮਾ ਮੇਰੇ ਸਾਹਮਣੇ ਖੜਾ ਹੋ ਕੇ ਵੇਦ ਪੜ੍ਹਦਾ ਹੈ। ਵਰਨ ਦੇਵਤਾ ਮੇਰੇ ਘਰ ਨਿਤ ਪਾਣੀ ਭਰਦਾ ਹੈ, ਹੋਰ ਸਾਰੇ ਦੇਵਤੇ ਮੈਨੂੰ ਨਮਸ਼ਕਾਰਾਂ ਕਰਦੇ ਹਨ। ਵੱਡੇ ਵੱਡੇ ਬਲਵਾਨ ਦੈਂਤ ਮੈਨੂੰ ਆਪਣਾ ਕਹਿੰਦੇ ਹਨ ਅਤੇ ਉਸ ਬਲ ਕਰ ਕੇ ਹੀ ਕੁਬੇਰ ਤੇ ਜੱਛ ਮੈਨੂੰ 'ਕੱਰ' (ਟੈਕੱਸ) ਦੇਂਦੇ ਹਨ। ਐਸੇ ਰਾਵਣ ਨੂੰ ਕੀ ਉਹ ਦੋ ਕੰਗਲੇ ਮਨੁੱਖ ਜੁੱਧ ਵਿਚ ਮੈਨੂੰ ਜਿੱਤ ਲੈਣਗੇ॥ ੩੭੭॥

**ਕਹਿ ਹਾਰਜੋ ਕਪਿ ਕੋਟਿ ਦਈਤ ਪਤਿ ਏਕ ਨਾ ਮਾਨੀ॥**

**ਉਠਤ ਪਾਵ ਰੁਪਿਯੋ ਸਭਾ ਮਧਿ ਸੋ ਅਭਿਮਾਨੀ॥**
**ਥਕੇ ਸਕਲ ਅਸੁਰਾਰ ਪਾਵ ਕਿਨਹੂੰ ਨ ਉਚੱਕਜੇ॥**
**ਗਿਰੇ ਧਰਨ ਮੁਰਛਾਇ ਬਿਮਨ ਦਾਨਵ ਦਲ ਥੱਕਜੇ॥**
**ਲੈ ਚਲਜੋ ਬਭੀਛਨ ਭ੍ਰਾਤ ਇਹ ਬਾਲ ਪੁਤ੍ਰ ਧੂਸਰ ਬਰਨ॥**
**ਭਟ ਹਟਕ ਬਿਕਟ ਤਿਹ ਨਾਸ ਕੇ ਚਲਿ ਆਯੋ ਜਿਤ ਰਾਮ ਰਨ॥ ੩੭੮॥**

ਅਗੰਦ ਕਰੋੜਾਂ ਗੱਲਾਂ ਕਹਿ ਕੇ ਥੱਕ ਗਿਆ, ਪਰ ਰਾਵਣ ਨੇ ਉਸ ਦੀ ਇੱਕ ਗੱਲ ਵੀ ਨਾ ਮੰਨੀ। ਅੰਤ ਵਿਚ ਉਸ ਅਭਿਮਾਨੀ (ਅੰਗਦ) ਨੇ ਰਾਵਣ ਦੀ ਸਭਾ ਵਿਚ ਆਪਣਾ ਪੈਰ ਟਿਕਾ ਦਿੱਤਾ, ਅਤੇ ਕਹਿ ਦਿੱਤਾ ਹੇ ਰਾਵਣ! ਜੇ ਤਾਂ ਮੇਰਾ ਪੈਰ ਤੇਰਾ ਕੋਈ ਸੂਰਮਾ ਪੁੱਟ ਸਕਿਆ, ਤਾਂ ਮੈਂ ਜਾਣ ਲਵਾਂਗਾ ਜੋ ਤੁਸੀਂ ਰਾਮ ਜੀ ਨੂੰ ਜਿਤ ਜਾਓਗੇ, ਅਤੇ ਜੇ ਪੈਰ ਨਾ ਪੁਟਿਆ ਗਿਆ ਤਾਂ ਕਦੇ ਵੀ ਜਿੱਤ ਨਹੀਂ ਸਕੋਗੇ। ਇਹ ਗੱਲ ਸੁਣਕੇ ਰਾਵਣ ਨੇ ਆਪਣੇ ਸੂਰਮਿਆਂ ਨੂੰ ਅੰਗਦ ਦਾ ਪੈਰ ਪੁੱਟਣ ਦਾ ਹੁਕਮ ਦਿੱਤਾ। ਸਾਰੇ ਦੈਂਤ ਆਪਣਾ ਆਪਣਾ ਜ਼ੋਰ ਲਾਉਂਦੇ ਥੱਕ ਗਏ, ਪਰ ਅੰਗਦ ਦਾ ਪੈਰ ਕਿਸੇ ਪਾਸੋਂ ਵੀ ਨਾ ਪੁੱਟਿਆ ਗਿਆ। ਦੈਂਤਾਂ ਦੀ ਫੌਜ ਥੱਕ ਕੇ ਟੁੱਟੇ ਦਿਲ ਨਾਲ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਈ। ਧੂੰਏਂ ਜਿਹੇ ਰੰਗ ਵਾਲਾ ਬਾਲੀ ਦਾ ਪੁੱਤਰ (ਅੰਗਦ) ਉਸ ਰਾਵਣ ਦੇ ਭ੍ਰਾਤਾ ਭਭੀਛਣ ਨੂੰ ਨਾਲ ਲੈ ਕੇ ਤੁਰ ਪਿਆ। ਉਸ ਰਾਵਣ ਦੇ ਨਾਸ ਵਿਚਲੀ ਕਠਨ, ਰੁਕਾਵਟ ਰੂਪ ਸੂਰਮੇ ਨੂੰ ਨਾਲ ਲੈ ਕੇ, ਉਥੇ ਚਲਾ ਆਇਆ, ਜਿਥੇ ਰਾਮ ਜੀ ਰਣ ਸਥਾਨ ਵਿਚ ਸ਼ੋਭਦੇ ਸਨ॥ ੩੭੮॥

ਭਾਵਾਰਥ - ਸਾਮ, ਦਾਮ , ਭੇਤ ਤੇ ਦੰਡ, ਇਹ ਚਾਰ ਨੀਤੀ ਦੇ ਅੰਗ ਹਨ। ਵਕੀਲ ਦਾ ਕੰਮ ਹੈ, ਕਿ ਇਨ੍ਹਾਂ ਵਿਚੋਂ ਤਿੰਨਾਂ ਨੂੰ ਵਰਤ ਕੇ ਆਪਣੇ ਪੱਖ ਨੂੰ ਸਿਧ ਕਰੇ। ਜੇ ਇਥੇਂ ਟੱਪ ਜਾਵੇ ਤਾਂ ਅੰਤ ਚੌਥਾ ਫਿਰ ਦੰਡ ਵਰਤਣਾ ਯੋਗ ਹੁੰਦਾ ਹੈ। ਇਸ ਲਈ ਅੰਗਦ ਨੇ ਪਹਿਲਾਂ 'ਸ਼ਾਮ' ਨੀਤੀ ਨੂੰ ਵਰਤਕੇ, ਰਾਵਣ ਕੋਲ ਜਾਣਾ, ਉਸ ਨਾਲ ਕਈ ਤਰ੍ਹਾਂ ਦੀਆਂ ਨਰਮ ਨਰਮ ਗੱਲਾਂ ਕਰ ਕੇ, ਉਸ ਨੂੰ ਏਹੀ ਕਹਿਣਾ ਕਿ ਸੀਤਾ ਮੋੜ ਦੇਹੁ ਤਾਂ ਕਿ ਜੰਗ ਨਾ ਹੋਵੇ।

ਜਦ ਅੰਗਦ ਨੇ ਦੇਖਿਆ ਕਿ ਇਹ ਕੰਮ ਗੱਲਾਂ ਨਾਲ ਨਹੀਂ ਸਰਦਾ ਤਾਂ ਉਸ ਨੇ ਰਾਵਣ ਦੀ ਸਭਾ ਵਿਚ ਪੈਰ ਜਮਾ ਦਿੱਤਾ, ਤੇ ਆਖਿਆ ਜੇਕਰ ਤੁਸੀਂ ਮੇਰਾ ਪੈਰ ਪੁੱਟ ਲਵੋਗੇ ਤਾਂ ਮੈਂ ਜਾਣਾਂਗਾ, ਜੋ ਤੁਸੀਂ ਰਾਮ ਜੀ ਨੂੰ ਜਿੱਤ ਲਓਗੇ, ਜੇ ਤੁਸੀਂ ਇਕ ਦੂਤ ਦਾ ਪੈਰ ਨਹੀਂ ਚੁੱਕ ਸਕਦੇ, ਤਾਂ ਉਸ ਦੇ ਮਾਲਕ ਨੂੰ ਜਿੱਤਣ ਦੀ ਆਸ ਕਿਵੇਂ ਰੱਖ ਸਕਦੇ ਹੋ ? ਰਾਵਣ ਨੇ ਆਪਣੇ ਸੂਰਮਿਆਂ ਨੂੰ ਹੁਕਮ ਦਿੱਤਾ, ਇਸ ਦਾ ਪੈਰ ਪੁਟੋ। ਸੂਰਮੇ ਜ਼ੋਰ ਲਾ ਲਾ ਕੇ ਥੱਕ ਗਏ, ਅਤੇ ਗਸ਼ਾਂ ਖਾ ਕੇ ਧਰਤੀ ਤੇ ਲੇਟ ਗਏ, ਪਰ ਪੈਰ ਨਾ ਪੁਟਿਆ ਗਿਆ।

ਅੰਤ ਨੂੰ ਰਾਵਣ ਆਪ ਪੈਰ ਪੁੱਟਣ ਲਈ ਉਠਿਆ। ਅੰਗਦ ਨੇ ਸਮਝ ਲਿਆ, ਕਿ ਇਹ ਮੇਰਾ ਪੈਰ ਜ਼ਰੂਰ ਪੁੱਟ ਲਵੇਗਾ, ਤਾਂ ਮੇਰੀ ਪ੍ਰਤਿਗਿਆ ਨਹੀਂ ਰਹੇਗੀ। ਇਸੇ ਲਈ ਉਸ ਦੇ ਕੋਲ ਪੁੱਜਦੇ ਹੀ ਪੈਰ ਨੂੰ ਪਿੱਛੇ ਹਟਾ ਕੇ ਕਹਿਣ ਲੱਗਾ, "ਰਾਜਨ! ਮੇਰੇ ਚਰਨੀਂ ਹੱਥ ਨਾ ਲਾਓ, ਜੇ ਮਾਫੀ ਚਾਹੁੰਦੇ

ਹੋ, ਤਾਂ ਸ੍ਰੀ ਰਾਮ ਜੀ ਦੇ ਚਰਨੀਂ ਪੈ ਜਾਉ, ਓਹੀ ਮਾਫੀ ਦੇ ਸਕਦੇ ਹਨ। ਇਹ ਸੁਣ ਕੇ ਰਾਵਣ ਬਹੁਤ ਸ਼ਰਮਿੰਦਾ ਹੋ ਕੇ ਆਪਣੀ ਥਾਂ ਤੇ ਆਣ ਬੈਠਾ।

ਹੁਣ ਅੰਗਦ ਨੇ ਸੋਚਿਆ ਸਾਮ ਦਾਮ ਨਾਲ ਕੋਈ ਕੰਮ ਨਹੀਂ ਸੌਰਿਆ, ਦੰਡ ਤੋਂ ਪਹਿਲਾਂ ਵੈਰੀ ਦੇ ਘਰ ਫੁੱਟ ਪੈ ਜਾਏ, ਤਾਂ ਹੀ ਜਿੱਤ ਹੋ ਸਕਦੀ ਹੈ। ਇਸ ਲਈ ਭਬੀਖਣ ਨੂੰ ਰਾਵਣ ਨਾਲੋਂ ਪਾੜ ਕੇ ਸ੍ਰੀ ਰਾਮ ਜੀ ਦੇ ਕੋਲ ਲੈ ਆਇਆ। ਇਹ ਭਬੀਖਣ ਹੀ ਰਾਵਣ ਦੀ ਕਠਿਨ ਰੁਕਾਵਟ ਸੀ। ਇਸ ਨੂੰ ਕਾਬੂ ਕਰਦਿਆਂ, ਹੁਣ ਰਾਵਣ ਦਾ ਜਿੱਤਣਾ, ਕੋਈ ਮੁਸ਼ਕਿਲ ਨਹੀਂ ਸੀ। ਇਸੇ ਲਈ ਤਾਂ ਲੋਕੀਂ ਕਹਿੰਦੇ ਹਨ-'ਘਰ ਪਾੜ ਕੇ ਦਹਸਿਰ ਮਾਰਿਆ, ਘਰ ਦੇ ਭੇਤੀ ਲੰਕਾ ਢਾਹੀ ਆਦਿਕ ਕਹਾਵਤਾਂ ਹਨ। ਇਸੇ ਤਰ੍ਹਾਂ ਅੰਗਦ ਨੇ ਆਪਣਾ ਵਕੀਲੀ ਦਾ ਕੰਮ ਪੂਰਾ ਪੂਰਾ ਕਰ ਦਿੱਤਾ।

**ਕਹਿ ਬੁਲਯੋ ਲੰਕੇਸ਼ ਤਾਹਿ ਪ੍ਰਭ ਰਾਜੀਵ ਲੋਚਨ॥**
**ਕੁਟਲ ਅਲਕ ਮੁਖ ਛਕੇ ਸਕਲ ਸੰਤਾਨ ਦੁਖ ਮੋਚਨ॥**
**ਕੁਪੈ ਸਰਬ ਕਪਿਰਾਜ ਬਿਜੈ ਪਹਲੀ ਰਣ ਚੱਖੀ॥**
**ਫਿਰੈ ਲੰਕ ਗੜਿ ਘੇਰਿ ਦਿਸਾ ਦੱਛਣੀ ਪਰੱਖੀ॥**
**ਪ੍ਰਭ ਕਰੈ ਬਭੀਛਨ ਲੰਕਪਤਿ ਸੁਣੀ ਬਾਤਿ ਰਾਵਣ ਘਰਣਿ॥**
**ਸੁੱਧਿ ਸੱਤ ਤੱਥਿ ਬਿਸਰਤ ਭਈ ਗਿਰੀ ਧਰਣ ਪਰ ਹੁਐ ਬਿਮਣ॥੩੭੯॥**

ਕੌਲ ਫੁੱਲਾਂ ਵਰਗੇ ਨੇਤ੍ਰਾਂ ਵਾਲੇ ਰਾਮ ਜੀ ਨੇ ਭਬੀਖਨ ਨੂੰ 'ਲੰਕੇਸ' ਨਾਮ ਕਹਿ ਕੇ ਬੁਲਾਇਆ। ਰਾਮ ਜੀ ਦੇ ਮੁਖ ਤੇ ਕੁਟਲ ਟੇਢੀਆਂ ਜ਼ੁਲਫਾਂ ਸਨ, ਅਤੇ ਉਹ ਸੰਤਾਂ ਦੇ ਦੁੱਖ ਨੂੰ ਨਾਸ ਕਰਨ ਵਾਲੇ ਸਨ। ਸੁਗ੍ਰੀਵ ਆਦਿਕ ਸਾਰੇ ਕਪਿ ਸੈਨਾਪਤੀ ਕ੍ਰੋਧਵਾਨ ਹੋਏ, ਪਰ ਅੰਤ ਨੂੰ ਸਮਝ ਲਿਆ ਕਿ ਜੰਗ ਦੀ ਪਹਿਲੀ ਫ਼ਤਹਿ ਪਾਈ ਹੈ। ਫਿਰ ਲੰਕਾ ਦੇ ਕਿਲ੍ਹੇ ਨੂੰ ਘੇਰ ਲਿਆ, ਅਤੇ ਦੱਖਣ ਦਿਸ਼ਾ ਨੂੰ ਪਰਖਿਆ। ਇਹ ਗੱਲ ਰਾਵਣ ਦੀ ਘਰ ਵਾਲੀ (ਮੰਦੋਦਰੀ) ਨੇ ਸੁਣ ਲਈ ਸੀ ਕਿ ਰਾਮ ਜੀ ਨੇ ਭਬੀਖਣ ਨੂੰ ਲੰਕਾ ਦਾ ਸਵਾਮੀ ਕਰ ਦਿੱਤਾ ਹੈ। ਉਸੇ ਵੇਲੇ ਉਸ ਦੀਆਂ ਸੱਤੇ ਸੁਧਾਂ ਭੁੱਲ ਗਈਆਂ ਅਤੇ ਉਦਾਸ ਮਨ ਹੋ ਕੇ ਧਰਤੀ ਤੇ ਡਿੱਗ ਪਈ॥ ੩੭੯॥

ਭਾਵਾਰਥ :- ਜਦ ਅੰਗਦ ਭਬੀਖਣ ਨੂੰ ਨਾਲ ਲੈ ਕੇ ਸ੍ਰੀ ਰਾਮ ਜੀ ਦੇ ਕੋਲ ਗਿਆ ਤਾਂ ਰਾਮ ਜੀ ਨੇ ਜਾਂਦਿਆਂ ਹੀ ਕਿਹਾ-ਆਓ, ਲੰਕੇਸ! ਉਸ ਵੇਲੇ ਕਈ ਸੂਰਮਿਆਂ ਨੇ ਕਿਹਾ ਕਿ ਆਪ ਜੀ ਨੇ ਲੰਕਾ ਫ਼ਤਹਿ ਕਰਨ ਤੋਂ ਪਹਿਲੇ ਹੀ ਭਬੀਖਣ ਨੂੰ ਦੇ ਦਿੱਤੀ ਹੈ। ਪਰ ਜੇਕਰ ਰਾਵਣ ਹੁਣੇ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਜਾਏ ਤਾਂ ਆਪ ਭਬੀਖਣ ਨੂੰ ਕਿਸ ਤਰ੍ਹਾਂ ਲੰਕੇਸ਼' ਬਣਾ ਸਕੋਗੇ? ਆਪ ਜੀ ਨੇ ਉੱਤਰ ਦਿੱਤਾ, ਲੰਕਾ ਦਾ ਰਾਜ ਤਾਂ ਭਬੀਖਨ ਹੀ ਕਰੇਗਾ, ਪਰ ਜੇ ਰਾਵਣ ਹੁਣ ਵੀ ਚਰਨੀਂ ਆ ਕੇ ਮਾਫੀ ਮੰਗ ਲਵੇ, ਤਾਂ ਮੈਂ ਉਸ ਨੂੰ ਅਯੁਧਿਆ ਦਾ ਰਾਜ ਦੇ ਕੇ, ਆਪ ਸਾਰੀ ਉਮਰਾ ਜੰਗਲਾਂ ਵਿਚ ਹੀ ਰਹਾਂਗਾ, ਪਰ ਭਬੀਖਨ ਨੂੰ 'ਲੰਕੇਸ਼' ਜ਼ਰੂਰ ਬਣਾਵਾਂਗਾ। ਇਹ ਕਹਿ ਕੇ ਰਾਮ ਜੀ

ਨੇ ਉਸੇ ਵੇਲੇ ਭਬੀਖਣ ਦੇ ਮੱਥੇ ਤਿਲਕ ਵੀ ਲਗਾ ਦਿੱਤਾ।

ਜਦ ਅੰਗਦ ਭਬੀਖਣ ਨੂੰ ਨਾਲ ਲੈ ਆਇਆ, ਅਤੇ ਰਾਮ ਜੀ ਨੇ ਉਸ ਨੂੰ 'ਲੰਕੇਸ਼' ਪਦ ਦੇ ਕੇ ਆਪਣੇ ਪਾਸ ਬਿਠਾ ਲਿਆ, ਤਾਂ ਸੁਗ੍ਰੀਵ ਆਦਿਕ ਬਾਂਦਰ ਸੈਨਾਪਤੀ ਇਸ ਗੱਲ ਤੇ ਨਾਰਾਜ਼ ਹੋਏ, ਕਿ ਵੈਰੀ ਦੇ ਭਰਾ ਨੂੰ ਆਪਣੀ ਫੌਜ ਵਿਚ ਇਸ ਵੇਲੇ ਨਾਲ ਲੈ ਆਉਣਾ, ਨੀਤੀ ਦੇ ਨਿਯਮਾਂ ਤੋਂ ਵਿਰੁੱਧ ਹੈ। ਦੂਜਾ ਉਸ ਦੀ ਜਾਂਚ ਪੜਤਾਲ ਕੀਤੇ ਤੋਂ ਬਿਨਾਂ ਉਸ ਨੂੰ ਆਪਣੀ ਫੌਜ ਵਿਚ ਕਿਸੇ ਜ਼ੁੰਮੇਵਾਰ ਸਥਾਨ ਤੇ ਕਾਇਮ ਕਰਨਾ; ਇਹ ਵੀ ਨੀਤੀ ਤੋਂ ਉਲਟ ਹੈ। ਇਹ ਦੋਵੇਂ ਗੱਲਾਂ ਸਨ, ਜਿਸ ਕਰਕੇ ਬਾਂਦਰ ਸੈਨਾਪਤੀ ਨਾਰਾਜ਼ ਹੋਏ। ਪਰ ਮਗਰੋਂ ਉਨ੍ਹਾਂ ਨੇ ਸੋਚ ਕੀਤੀ, ਇਹ ਕੋਈ ਬੁਰਾ ਕੰਮ ਨਹੀਂ ਹੋਇਆ, ਸਗੋਂ ਇਹ ਜੰਗ ਦੀ ਪਹਿਲੀ ਫ਼ਤਹਿ ਹੋਈ ਹੈ।

ਏਧਰ ਸਾਰੀ ਗੱਲ ਰਾਵਣ ਦੇ ਮਹਿਲਾਂ ਵਿਚ ਵੀ ਪੁੱਜ ਗਈ, ਕਿ ਰਾਵਣ ਨੇ ਆਪਣੇ ਭਰਾ ਨੂੰ ਸਿਖਿਆ ਦੇਣ ਦੇ ਬਦਲੇ ਲੱਤ ਮਾਰ ਕੇ ਕੱਢ ਦਿੱਤਾ ਹੈ, ਅਤੇ ਉਹ ਸ੍ਰੀ ਰਾਮ ਚੰਦਰ ਜੀ ਦੇ ਪਾਸ ਚਲਾ ਗਿਆ ਹੈ, ਉਨ੍ਹਾਂ ਨੇ ਨਿਰਾ ਆਪਣੇ ਕੋਲ ਹੀ ਨਹੀਂ ਬਿਠਾਇਆ, ਸਗੋਂ ਉਸ ਨੂੰ ਲੰਕਾ ਦੇ ਰਾਜ ਦਾ ਤਿਲਕ ਦੇ ਦਿੱਤਾ ਹੈ, ਤਾਂ ਉਸੇ ਵੇਲੇ ਮੰਦੋਦਰੀ ਗਸ਼ ਖਾ ਕੇ ਧਰਤੀ ਤੇ ਡਿੱਗ ਪਈ।

## ਮਦੋਦਰੀ ਬਾਚ॥ ਉਟੰਙਣ ਛੰਦ॥

**ਸੂਰਬੀਰਾ ਸਜੇ ਘੋਰ ਬਾਜੇ ਬਜੇ ਭਾਜ ਕੰਤਾ ਸੁਣੇ ਰਾਮ ਆਏ॥**
**ਬਾਲ ਮਾਰਜੋ ਬਲੀ ਸਿੰਧ ਪਾਟਜੋ ਜਿਨੈ ਤਾਹਿ ਸੋ ਬੈਰਿ ਕੈਸੇ ਰਚਾਏ॥**
**ਬਜ੍ਰਾਧ ਜੀਤਜੋ ਜਿਨੈ ਜੰਭ ਮਾਰਜੋ ਉਨੈ ਰਾਮ ਅਉਤਾਰ ਸੋਈ ਸੁਹਾਏ॥**
**ਦੇ ਮਿਲੋ ਜਾਨਕੀ ਬਾਤ ਹੈ ਸਿਆਨ ਕੀ ਚਾਮ ਕੇ ਦਾਮ ਕਾਹੇ ਚਲਾਏ॥ ੩੮੦॥**

ਮੰਦੋਦਰੀ ਨੇ ਕਿਹਾ, "ਕਿ ਹੇ ਪਤੀ! ਸੂਰਬੀਰ ਸ਼ਸਤਰ ਅਸਤ੍ਰਾਂ ਨਾਲ ਸਜੇ ਹੋਏ ਹਨ, ਡਰੋਣੇ ਵਾਜੇ ਵੱਜ ਰਹੇ ਹਨ, ਸੁਣਿਆ ਹੈ, ਕਿ ਰਾਮ ਜੀ ਆਏ ਹਨ। ਜਿਸ ਨੇ ਬਾਲੀ ਨੂੰ ਮਾਰਿਆ ਹੈ, ਅਤੇ ਸਮੁੰਦਰ ਤੇ ਪੁਲ ਬੰਨ੍ਹ ਦਿੱਤਾ ਹੈ। ਉਸ ਨਾਲ ਵੈਰ ਤੁਸਾਂ ਕਿਸ ਕਰਕੇ ਬਣਾ ਲਿਆ ਹੈ? ਜਿਸ ਨੇ 'ਬਿਰਾਧ' ਨੂੰ ਜਿਤਿਆ ਹੈ ਉਸੇ ਨੇ 'ਜੰਭ' ਨੂੰ ਮਾਰਿਆ ਹੈ। ਉਹੀ ਸੋਭਾ ਵਾਲੇ ਸ੍ਰੀ ਰਾਮ ਅਵਤਾਰ ਹਨ। ਇਸ ਲਈ ਸੀਤਾ ਦੇ ਕੇ ਮਿਲ ਪਵੋ, ਇਹੀ ਗੱਲ ਸਿਆਣਪ ਦੀ ਹੈ, ਤੂੰ ਚੰਮ ਦੇ ਦਾਮ ਕਿਉਂ ਚਲਾਏ ਹਨ"॥ ੩੮੦॥

**ਰਾਵਣ ਬਾਚ॥ ਬਜੂਹ ਸੈਨਾ ਸਜੋ ਘੋਰ ਬਾਜੇ ਬਜੋ ਕੋਟਿ ਜੋਧਾ ਗਜੋ ਆਨ ਨੇਰੇ॥**
**ਸਾਜ ਸੰਜੋਅ ਸੰਬੂਹ ਸੈਨਾ ਸਭੈ ਆਜ ਮਾਰੋ ਤਰੈ ਦ੍ਰਿਸ਼ਟਿ ਤੇਰੇ॥**
**ਇੰਦ੍ਰ ਜੀਤੋ ਕਰੋ ਜੱਛ ਰੀਤੋ ਧਨੰ ਨਾਰਿ ਸੀਤਾ ਬਰੰ ਜੀਤ ਜੁੱਧੰ॥**

**ਸੁਰਗ ਪਾਤਾਲ ਆਕਾਸ਼ ਜੁਆਲਾ ਜਰੈ ਬਾਚਿ ਹੈ ਰਾਮ ਕਾ ਮੋਰ ਕ੍ਰੂੱਧੰ॥ ੩੯੧॥**

ਫਿਰ ਰਾਵਣ ਨੇ ਕਿਹਾ, "ਮੈਂ ਸੈਨਾ ਦਾ ਵਯੂਹ ਬਣਾਵਾਂਗਾ, ਭਿਆਨਕ ਵਾਜੇ ਵੱਜਣਗੇ, ਕ੍ਰੋੜਾਂ ਜੋਧੇ ਨੇੜੇ ਆਣ ਕੇ ਗੱਜਣਗੇ। ਸਾਰੀ ਸੈਨਾ ਸਣੇ ਸਭ ਤਰ੍ਹਾਂ ਨਾਲ ਸੰਜੋਆਂ ਸਜਾ ਕੇ, ਤੇਰੀ ਨਿਗਾਹ ਦੇ ਹੇਠਾਂ ਮੈਂ ਅੱਜ ਹੀ ਉਹਨਾ ਨੂੰ ਮਾਰਾਂਗਾ। ਵੇਖ! ਜਿਵੇਂ ਇੰਦਰ ਨੂੰ ਜਿੱਤ ਲਿਆ ਹੋਇਆ ਹੈ, ਜੱਛਾਂ ਨੂੰ ਧਨ ਤੋਂ ਖਾਲੀ ਕਰ ਦਿੱਤਾ ਹੋਇਆ ਹੈ, ਤਿਵੇਂ ਹੀ ਜੁੱਧ ਵਿਚ ਫ਼ਤਹਿ ਪਾ ਕੇ, ਸੀਤਾ ਨੂੰ ਪਰਨਾ ਲਵਾਂਗਾ। ਮੇਰੇ ਕ੍ਰੋਧ ਦੀ ਅੱਗ ਨਾਲ ਸੁਰਗ, ਪਤਾਲ ਤੇ ਅਕਾਸ਼ ਸੜੇਗਾ ਤਾਂ ਕੀ ਉਸ ਅੱਗ ਤੋਂ ਰਾਮ ਬਚ ਜਾਏਗਾ" ?॥ ੩੯੧॥

**ਮਦੋਦਰੀ ਬਾਚ॥ ਤਾਰਕਾ ਜਾਤ ਹੀ ਘਾਤ ਕੀਨੀ ਜਿਨੈ ਅਉਰ ਸੁਬਾਹ ਮਾਰੀਚ ਮਾਰੇ॥**
**ਬਜਾਧ ਬੱਧਜੋ ਖਰੰ ਦੂਖਣੰ ਖੇਤ ਥੈ ਏਕ ਹੀ ਬਾਣ ਸੋਂ ਬਾਲ ਮਾਰੇ॥**
**ਧੂਮ੍ਰ ਅੱਛਾਦ ਅਉ ਜਾਂਬੁ ਮਾਲੀ ਬਲੀ ਪ੍ਰਾਣ ਹੀਣੰ ਕਰਜੋ ਜੁੱਧ ਜੈ ਕੈ॥**
**ਮਾਰਿਹੈਂ ਤੋਹਿ ਯੋਂ ਸਜਾਰ ਕੇ ਸਿੰਘ ਜਜੋ ਲੇਹਿਗੇ ਲੰਕ ਕੋ ਡੰਕ ਦੈਕੈ॥ ੩੯੨॥**

ਇਹ ਗੱਲ ਸੁਣਕੇ ਮੰਦੋਦਰੀ ਨੇ ਕਿਹਾ, "ਜਿਨ੍ਹਾਂ ਨੇ ਜਾਂਦਿਆਂ ਹੀ ਤਾੜਕਾਂ ਨੂੰ ਮਾਰ ਦਿੱਤਾ ਸੀ, ਅਤੇ ਸੁਬਾਹੂ ਤੇ ਮਰੀਚ ਮਾਰੇ ਸਨ। 'ਬਿਰਾਧ' ਨੂੰ ਮਾਰਿਆ, 'ਖਰ' ਤੇ 'ਦੂਖਣ' ਨੂੰ ਰਣ ਵਿਚ ਮਾਰ ਦਿੱਤਾ ਸੀ ਅਤੇ ਇਕੋ ਹੀ ਤੀਰ ਨਾਲ ਬਾਲੀ ਨੂੰ ਮਾਰ ਦਿੱਤਾ ਸੀ। 'ਧੂਮ੍ਰ ਅੱਛ' 'ਜਾਂਬਮਾਲੀ' ਅਤੇ 'ਅਕੰਪਨ ਬਲ' ਨੂੰ ਜੁਧ ਕਰ ਕੇ ਪ੍ਰਾਣਾ ਤੋਂ ਹੀਣੇ (ਮੁਰਦੇ) ਕਰ ਦਿੱਤਾ ਹੈ। ਸ਼ੇਰ ਦੇ ਗਿੱਦੜ ਮਾਰਨ ਵਾਂਗੂੰ ਓਹੀ ਰਾਮ ਜੀ ਤੈਨੂੰ ਮਾਰਨਗੇ, ਅਤੇ ਧੌਂਸਾ ਵਜਾ ਕੇ ਲੰਕਾ ਨੂੰ ਫ਼ਤਹਿ ਕਰ ਲੈਣਗੇ॥ ੩੯੨॥

**ਰਾਵਣ ਬਾਚ॥ ਚਉਰ ਚੰਦ੍ਰੰ ਕਰੰ ਛਤ੍ਰ ਸੂਰੰ ਧਰੰ ਬੇਦ ਬ੍ਰਹਮਾ ਰਰੰ ਦੁਆਰ ਮੇਰੇ॥**
**ਪਾਕ ਪਾਵਕ ਕਰੰ ਨੀਰ ਬਰਣੰ ਭਰੰ ਜੱਛ ਬਿੱਦਿਆ ਧਰੰ ਕੀਨ ਚੇਰੇ॥**
**ਅਰਬ ਖਰਬੰ ਪੁਰੰ ਚਰਬ ਸਰਬੰ ਕਰੇ ਦੇਖੁ ਕੈਸੇ ਕਰੌ ਬੀਰ ਖੇਤੰ॥**
**ਚਿੰਕ ਹੈ ਚਾਵਡਾ ਫਿੰਕ ਹੈ ਫਿੱਕਰੀ ਨਾਚ ਹੈ ਬੀਰ ਬੈਤਾਲ ਪ੍ਰੇਤੰ॥ ੩੯੩॥**

ਰਾਵਣ ਨੇ ਕਿਹਾ, "ਚੰਦ੍ਰਮਾਂ ਮੇਰੇ ਸਿਰ ਤੇ ਚੌਰ ਕਰਦਾ ਹੈ, ਸੂਰਜ ਛਤ੍ਰ ਝੁਲਾਉਂਦਾ ਹੈ, ਤੇ ਮੇਰੇ ਦਰ ਤੇ ਖੜਾ ਬ੍ਰਹਮਾ ਵੇਦ ਪੜ੍ਹਦਾ ਹੈ। ਅਗਨਿ ਦੇਵਤਾ ਰਸੋਈ ਪਕਾਉਂਦਾ ਹੈ, ਵਰਣ ਦੇਵਤਾ ਪਾਣੀ ਭਰਦਾ ਹੈ, ਅਤੇ ਜੱਛ ਤੇ ਵਿਦਿਆਧਰ ਮੈਂ ਆਪਣੇ ਗੁਲਾਮ ਕੀਤੇ ਹੋਏ ਹਨ। ਅਰਬਾਂ ਖਰਬਾਂ ਸ਼ਹਿਰਾਂ ਦੇ ਸਾਰੇ ਲੋਕਾਂ ਨੂੰ ਮੈਂ ਚੱਬ ਲਿਆ ਹੋਇਆ ਹੈ। ਹੁਣ ਤੂੰ ਵੇਖੇਂਗੀ, ਜੋ ਮੈਂ ਕੈਸਾ ਬੀਰ ਜੁੱਧ ਕਰਦਾ ਹਾਂ। ਚੂੜੇਲਾਂ ਚੀਕਾਂ ਮਾਰਨਗੀਆਂ, ਗਿੱਦੜੀਆਂ ਰਣ ਭੂਮੀ ਵਿਚ ਫਿਰਨਗੀਆਂ, ਅਤੇ ਭੂਤ, ਪ੍ਰੇਤ ਤੇ ਬੈਤਾਲ ਨੱਚਣਗੇ"॥ ੩੯੩॥

ਮਦੋਦਰੀ ਬਾਚ॥ ਤਾਸ ਨੇਜੇ ਢੁਲੈ ਘੋਰ ਬਾਜੇ ਬਜੈ ਰਾਮ ਲੀਨੇ ਦਲੈ ਆਨ ਢੂਕੇ॥
ਬਾਨਰੀ ਪੂਤ ਚਿੰਕਾਰ ਅਪਾਰੰ ਕਰੰ ਮਾਰ ਮਾਰੰ ਚਹੂੰ ਓਰ ਕੂਕੇ॥
ਭੀਮ ਭੇਰੀ ਬਜੈ ਜੰਗ ਜੋਧਾ ਗਜੈ ਬਾਨ ਚਾਪੈ ਚਲੈ ਨਾਹਿ ਜਉਲੈ॥
ਬਾਤ ਕੋ ਮਾਨੀਐ ਘਾਤੁ ਪਹਿਚਾਨੀਐ ਰਾਵਰੀ ਦੇਹ ਕੀ ਸਾਂਤ ਤਉਲੈ॥੩੮੪॥

ਮੰਦੋਦਰੀ ਨੇ ਕਿਹਾ, "ਡਰੌਣੇ ਨੇਜੇ ਝੂਲਦੇ ਹਨ, ਭੀਖਣ ਵਾਜੇ ਵੱਜਦੇ ਹਨ, ਕਿਉਂਕਿ ਰਾਮ ਜੀ ਦਲ ਨੂੰ ਲੈ ਕੇ ਲੰਕਾ ਕਿਲੇ ਦੇ ਨੇੜੇ ਆਣ ਢੁੱਕੇ ਹਨ। ਅਪਾਰਾਂ ਹੀ ਬਾਂਦਰੀਆਂ ਦੇ ਪੁੱਤਰ ਚੀਕਾਂ ਮਾਰਦੇ ਹਨ; ਚੌਹੀਂ ਪਾਸੀਂ ਮਾਰੋ ਮਾਰੋ ਦੀਆਂ ਕੂਕਾਂ ਪੈ ਰਹੀਆਂ ਹਨ; ਜੰਗ ਵਿਚ ਜੋਧੇ ਲਲਕਾਰਦੇ ਹਨ, ਪਰ ਜਦ ਤਕ ਧਨੁੱਖਾਂ ਵਿਚੋਂ ਤੀਰ ਨਹੀਂ ਚਲਦੇ। ਤਦ ਤਕ ਹੀ ਤੁਹਾਡੀ ਦੇਹ ਦੀ ਸੁੱਖ ਹੈ, ਇਸ ਲਈ ਮੇਰੀ ਗੱਲ ਨੂੰ ਮੰਨ ਲੌ ਅਤੇ ਮੌਕੇ ਨੂੰ ਪਛਾਣ ਲਵੋ"॥੩੮੪॥

ਘਾਟ ਘਾਟੈ ਰੁਕੋ ਬਾਟਬਾਟੈ ਤੁਪੋ ਐਂਠ ਬੈਠੇ ਕਹਾ ਰਾਮ ਆਏ॥
ਖੋਰ ਹਰਾਮ ਹਰੀਫ ਕੀ ਆਂਖ ਤੈ ਚਾਮ ਕੇ ਜਾਤ ਕੈਸੇ ਚਲਾਏ॥
ਹੋਇਗੋ ਖੁਆਰ ਬਿਸੀਆਰ ਖਾਨਾ ਤੁਰਾ ਬਾਨਰੀ ਪੂਤ ਜਉ ਲੌ ਨ ਗਜਿ ਹੈਂ॥
ਲੰਕ ਕੋ ਛਾਡਿ ਕੈ ਕੋਟਿ ਕੋ ਫਾਂਧ ਕੈ ਅਸੁਰੀ ਪੂਤ ਲੈ ਘਾਸਿ ਭਜਿ ਹੈਂ॥੩੮੫॥

ਸਾਰਿਆਂ ਘਾਟਾਂ ਨੂੰ ਰੋਕ ਲੌ, ਸਾਰੇ ਰਸਤਿਆਂ ਨੂੰ ਬੰਦ ਕਰ ਲੋ, ਘਰ ਵਿਚ ਕੀ ਆਕੜ ਕੇ ਬੈਠੇ ਹੋਏ ਹੋ? ਜੰਗ ਕਰਨ ਲਈ ਰਾਮ ਜੀ ਆ ਗਏ ਹਨ। ਹੇ ਹਰਾਮ ਖੋਰ! ਵੈਰੀ ਦੀ ਅੱਖ ਹੇਠਾਂ ਮਨ ਮਰਜ਼ੀ ਕਿਵੇਂ ਕੀਤੀ ਜਾ ਸਕਦੀ ਹੈ।? ਭਾਵ ਵੈਰੀ ਸਿਰ ਤੇ ਚੜ੍ਹ ਆਵੇ ਉਸ ਵੇਲੇ ਜ਼ੁਲਮ ਕਿਵੇਂ ਕੀਤੇ ਜਾ ਸਕਦੇ ਹਨ? ਤੇਰਾ ਘਰ ਬਹੁਤ ਖੁਆਰ ਹੋਵੇਗਾ, ਜਿਨ੍ਹਾਂ ਚਿਰ ਬਾਂਦਰਾਂ ਨੇ ਰੌਲਾ ਨਹੀਂ ਪਾਇਆ, ਤਦ ਤਕ ਹੀ ਸ਼ਾਂਤੀ ਹੈ, ਜਦੋਂ ਉਨ੍ਹਾਂ ਨੇ ਧਾਵਾ ਕਰ ਦਿੱਤਾ, ਤਦੋਂ ਲੰਕਾ ਨੂੰ ਛੱਡਕੇ, ਤੇਰੇ ਕਿਲੇ ਨੂੰ ਟੱਪਕੇ, ਇਹ ਸਾਰੇ ਰਾਖਸ਼ ਮੂੰਹ ਵਿਚ ਘਾਹ ਲੈ ਲੈ ਕੇ ਭੱਜ ਜਾਣਗੇ॥੩੮੫॥

ਰਾਵਣ ਬਾਚ॥ ਬਾਵਰੀ ਰਾਂਡ ਕਿਆ ਭਾਂਤ ਬਾਤੈ ਬਕੈ ਰੰਕ ਸੇ ਰਾਮ ਕਾ ਛੋਡ ਰਾਸਾ॥
ਕਾਢਹੋ ਬਾਸਿ ਦੈ ਬਾਨ ਬਾਜੀਗਰੀ ਦੇਖਿਹੋ ਆਜ ਤਾ ਕੋ ਤਮਾਸਾ॥
ਬੀਸ ਬਾਹੇ ਧਰੰ ਸੀਸ ਦਸਜੰ ਸਿਰੰ ਸੈਣ ਸੰਬੂਹ ਹੈ ਸੰਗਿ ਮੇਰੇ॥
ਭਾਜ ਜੈਹੈ ਕਹਾਂ ਬਾਟਿ ਪੈਹੈਂ ਊਹਾਂ ਮਾਰਿਹੌ ਬਾਜ ਜੈਸੇ ਬਟੇਰੇ॥੩੮੬॥

ਹੇ ਬਾਵਲੀ ਤੀਵੀਂ! ਕੀ ਭੰਡ ਵਾਂਗੂੰ ਗੱਲਾਂ ਬਕਦੀ ਹੈਂ, ਕੰਗਲੇ ਜੇਹੇ ਰਾਮ ਦਾ ਕਿੱਸਾ ਛੱਡ ਦੇਵੋ। ਜੋ ਇੰਦ੍ਰ ਜਾਲ ਦੀ ਖੇਡ ਬਣਾਕੇ ਆਇਆ ਹੈ, ਮੈਂ ਇਸ ਭੂਤ ਨੂੰ ਧੂਪ ਦੇ ਕੇ ਕੱਢਾਂਗਾ ਅਤੇ

ਅੱਜ ਉਸਦਾ ਤਮਾਸ਼ਾ ਵੇਖਾਂਗਾ। ਵੀਹ ਮੇਰੀਆਂ ਬਾਹਾਂ ਹਨ, ਦੱਸ ਮੇਰੇ ਸਿਰ ਹਨ ਅਤੇ ਸਾਰੀ ਫੌਜ ਮੇਰੇ ਨਾਲ ਹੈ। ਕਿਥੇ ਭੱਜਕੇ ਜਾਣਗੇ, ਉਥੇ ਰਾਹ ਕਿਥੋਂ ਲੱਭਨਗੇ, ਜਿਵੇਂ ਬਟੇਰੇ ਨੂੰ ਬਾਜ ਮਾਰਦਾ ਹੈ, ਤਿਵੇਂ ਰਾਮ ਨੂੰ ਮਾਰਾਂਗਾ॥ ੩੮੬॥

**ਏਕ ਏਕੰ ਹਿਰੈਂ ਝੂਮ ਝੂਮੰ ਮਰੈਂ ਆਪੁ ਆਪੰ ਗਿਰੈਂ ਹਾਕੁ ਮਾਰੇ॥**
**ਲਾਗ ਜੈਹਉ ਤਹਾਂ ਭਾਜ ਜੈਹੈ ਜਹਾਂ ਫੂਲ ਜੈਹੈ ਕਹਾਂ ਤੈ ਉਬਾਰੇ॥**
**ਸਾਜ ਬਾਜੇ ਸਭੈ ਆਜ ਲੈਹਉਂ ਤਿਨੈ ਰਾਜ ਕੈਸੋ ਕਰੈ ਕਾਜ ਮੋਸੋ॥**
**ਬਾਨਰੰ ਛੈ ਕਰੋ ਰਾਮ ਲੱਛੈ ਹਰੋ ਜੀਤ ਹੌ ਹੋਡ ਤਉ ਤਾਨ ਤੋਸੋ॥੩੮੭॥**

ਲਲਕਾਰਾ ਮਾਰਦੇ ਹੀ ਇਕ ਨੂੰ ਇਕ ਵੇਖੇਗਾ, ਝੂਮ ਝੂਮਕੇ ਮਰਨਗੇ ਅਤੇ ਆਪਣੇ ਆਪ ਡਿੱਗਣਗੇ। ਜਿਥੇ ਭੱਜਕੇ ਜਾਣਗੇ, ਉਥੇ ਹੀ ਮੈਂ ਉਨ੍ਹਾਂ ਨੂੰ ਚੰਬੜ ਜਾਵਾਂਗਾ। ਫੁੱਲ ਜੇਹਿਆਂ ਨੇ ਮੇਰੇ ਪਾਸੋਂ ਆਪਣਾ ਕਿਸ ਤਰ੍ਹਾਂ ਬਚਾਉ ਕਰਨਾ ਹੈ। ਅਰਥਾਤ ਰਾਮ ਲੱਛਮਣ ਫੁੱਲ ਵਰਗੇ ਹਨ, ਉਹ ਕਿਸੇ ਤਰ੍ਹਾਂ ਵੀ ਮੇਰੇ ਪਾਸੋਂ ਬੱਚ ਨਹੀਂ ਸਕਣਗੇ। ਸਾਰੇ ਵਾਜੇ ਸਜਾਕੇ, ਮੈਂ ਅੱਜ ਉਨ੍ਹਾਂ ਨੂੰ ਜਿੱਤ ਲਵਾਂਗਾ। ਮੇਰੇ ਕੰਮ ਨੂੰ ਛੱਡਕੇ ਕੋਈ ਕਿਸ ਤਰ੍ਹਾਂ ਰਾਜ ਕਰੇਗਾ ? ਬਾਂਦਰਾਂ ਨੂੰ ਨਾਸ ਕਰਾਂਗਾ, ਰਾਮ ਤੇ ਲੱਛਮਣ ਨੂੰ ਮਾਰ ਸੁਟਾਂਗਾ। ਤਦ ਤੇਰੇ ਕੋਲੋਂ ਆਣਕੇ ਸ਼ਰਤ ਜਿੱਤਾਂਗਾ॥ ੩੮੭॥

**ਕੋਟਿ ਬਾਤੈ ਗੁਨੀ ਏਕ ਕੈ ਨਾ ਸੁਨੀ ਕੋਪਿ ਮੁੰਡੀ ਧੁਨੀ ਪੁੱਤ੍ਰ ਪੱਠੈ॥**
**ਏਕ ਨਾਰਾਂਤ ਦੇਵਾਂਤ ਦੂਜੋ ਬਲੀ ਭੂਮ ਕੰਪੀ ਰਣੰਬੀਰ ਉੱਠੈ॥**
**ਸਾਰ ਭਾਰੰ ਪਰੇ ਧਾਰਧਾਰੰ ਬਜੀ ਕ੍ਰੂਹਕੈ ਲੋਹ ਕੀ ਛਿੱਟ ਛੂਟੈਂ॥**
**ਰੁੰਡ ਧੁਕਧੁਕ ਪਰੈ ਘਾਇ ਭਕਭਕ ਕਰੈਂ ਬਿੱਥਰੀ ਜੁੱਥ ਸੋ ਲੁੱਥ ਲੁਟੈਂ॥੩੮੮॥**

ਕ੍ਰੋੜਾਂ ਗੱਲਾਂ ਮੰਦੋਦਰੀ ਨੇ ਸੋਚੀਆਂ, ਪਰ ਰਾਵਣ ਨੇ ਇਕ ਵੀ ਨਾ ਸੁਣੀ, ਸਗੋਂ ਕ੍ਰੋਧ ਨਾਲ ਸਿਰ ਫੇਰਿਆ, ਅਤੇ ਪੁੱਤਰਾਂ ਨੂੰ ਜੰਗ ਲਈ ਭੇਜ ਦਿੱਤਾ। ਇਕ ਦਾ ਨਾਂ 'ਨਰਾਂਤ' ਤੇ ਦੂਜਾ 'ਦੇਵਾਂਤ' ਸੀ, ਜਦੋਂ ਬਲਵਾਨ ਸੂਰਮੇ ਜੰਗ ਲਈ ਉਠੇ, ਉਸ ਵੇਲੇ ਸਾਰੀ ਧਰਤੀ ਕੰਬ ਗਈ। ਜਿਨ੍ਹਾਂ ਨੇ ਭਾਰੇ ਭਾਰੇ ਖੜਗ ਫੜੇ ਹੋਏ ਸਨ, ਜਿਨ੍ਹਾਂ ਦੀ ਧਾਰ ਦੇ ਨਾਲ ਧਾਰ ਵੱਜ ਰਹੀ ਸੀ, ਤਲਵਾਰਾਂ ਨਾਲ ਤਲਵਾਰਾਂ ਖਹਿਣ ਲੱਗੀਆਂ ਜਿਹੜੀਆਂ ਧੜਾ ਧੜ ਸਰੀਰ ਨੂੰ ਕੱਟ ਕੇ ਡੇਗ ਰਹੀਆਂ ਸਨ। ਜ਼ਖਮ ਭਕ ਭਕ ਕਰਦੇ ਸਨ, ਲੋਥਾਂ ਖਿਲਰੀਆਂ ਹੋਈਆਂ ਸਨ, ਰੁੰਡ ਨਾਲੋਂ ਮਰੇ ਹੋਏ ਜੋਧਿਆਂ ਦੀਆਂ ਲੋਥਾਂ ਰਣ ਭੂਮੀ ਵਿਚ ਲੇਟਦੀਆਂ ਸਨ॥ ੩੮੮॥

**ਪੱਤ੍ਰ ਜੁੱਗਣ ਭਰੈ ਸੱਦ ਦੇਵੀ ਕਰੈ ਨੱਦ ਭੈਰੋ ਰਰੈ ਗੀਤ ਗਾਵੈ॥**
**ਭੂਤ ਔ ਪ੍ਰੇਤ ਬੈਤਾਲ ਬੀਰੰ ਬਲੀ ਮਾਸ ਅਹਾਰ ਤਾਰੀ ਬਜਾਵੈ॥**

ਜੱਛ ਗੰਧ੍ਰਬ ਅਉ ਸਰਬ ਬਿੱਦਿਆ ਧਰੰ ਮੱਧਿ ਆਕਾਸ਼ ਭਯੋ ਸੱਦ ਦੇਵੰ ॥
ਲੁੱਥ ਬਿਲੁੱਥਰੀ ਹੂਹ ਕੂਹੰ ਭਰੀ ਮੱਚੀਯੰ ਜੁੱਧ ਅਨੂਪ ਅਤੇਵੰ ॥ ੩੮੯ ॥

ਕਲਜੋਗਣਾਂ ਲਹੂ ਨਾਲ ਖਪਰ ਭਰ ਰਹੀਆਂ ਸਨ ਅਤੇ ਯੁੱਧ ਦੀ ਦੇਵੀ ਆਵਾਜ਼ ਮਾਰ ਰਹੀ ਸੀ। ਭੈਰੋ ਸਿੰਘ ਨਾਦ ਵਜਾ ਰਿਹਾ ਸੀ, ਪਿਸ਼ਾਚਨੀਆਂ ਗੀਤ ਗਾਉਂਦੀਆਂ ਸਨ। ਭੂਤ, ਪ੍ਰੇਤ ਅਤੇ ਬੈਤਾਲ, ਹੋਰ ਵੀ ਜਿੰਨੇ ਮਾਸ ਖਾਣ ਵਾਲੇ ਸਨ, ਇਹ ਸਭ ਤਾਲੀਆਂ ਮਾਰਦੇ ਸਨ। ਜੱਛ, ਗੰਧਰਬ, ਸਾਰੇ ਵਿਦਿਆਧਰ ਤੇ ਦੇਵਤੇ ਇਹਨਾਂ ਸਭਨਾਂ ਦੀ ਅਕਾਸ਼ ਵਿਚ ਆਵਾਜ਼ ਗੂੰਜ ਰਹੀ ਸੀ। ਲੋਥਾਂ ਖਿੰਡੀਆਂ ਪੁੰਡੀਆਂ ਸਨ, ਸ਼ੋਰ ਸ਼ਰਾਬਾ ਹੋ ਰਿਹਾ ਸੀ, ਇਸ ਤਰ੍ਹਾਂ ਨਾਲ ਭਿਆਨਕ ਵੱਡਾ ਅਨੂਪ ਜੁੱਧ ਹੋ ਰਿਹਾ ਸੀ॥ ੩੮੯ ॥

## ਸੰਗੀਤ ਛਪੈ ਛੰਦ ॥

ਕਾਗੜ ਦੀ ਕੁੱਪਜੋ ਕਪਿ ਕਟਕ ਬਾਗੜਦੀ ਬਾਜਨ ਰਣ ਬੱਜਿਯ॥
ਤਾਗੜਦੀ ਤੇਗ ਝਲਹਲੀ ਗਾਗੜਦੀ ਜੋਧਾ ਗਲ ਗੱਜਿਯ॥
ਸਾਗੜਦੀ ਸੂਰ ਸੰਮੁਹੇ ਨਾਗੜ ਦੀ ਨਾਰਦ ਮੁਨਿ ਨੱਚਜੋ॥
ਬਾਗੜਦੀ ਬੀਰ ਬੈਤਾਲ ਆਗੜਦੀ ਆਰਨ ਰੰਗ ਰੱਚਜੋ॥
ਸੰਸਾਗੜਦੀ ਸੁਭਟ ਨੱਚੇ ਸਮਰ ਫਾਗੜਦੀ ਫੁੰਕ ਫਣੀਅਰ ਕਰੈਂ॥
ਸੰਸਾਗੜਦੀ ਸਮਟੈ ਸੁੰਕੜੈ ਫਣਪਤਿ ਫਣਿ ਫਿਰਿ ਧਰੈਂ॥ ੩੯੦ ॥

ਭਾਵਾਰਥ - 'ਸੰਗੀਤ' ਛੰਦ ਉਹ ਹੁੰਦਾ ਹੈ, ਜਿਨ੍ਹਾਂ ਵਿਚ ਮ੍ਰਿਦੰਗ ਦੇ ਬੋਲ ਹੁੰਦੇ ਹਨ। ਇਨ੍ਹਾਂ ਮ੍ਰਿਦੰਗ ਦੇ ਬੋਲਾਂ ਦਾ ਕੋਈ ਵਖਰਾ ਅਰਥ ਨਹੀਂ ਹੁੰਦਾ, ਇਹ ਕੇਵਲ ਅੱਖਰਾਂ ਦੀ ਸੁੰਦਰਤਾ ਅਤੇ ਮ੍ਰਿਦੰਗ ਦੀ ਚਾਲ ਨੂੰ ਪ੍ਰਗਟ ਕਰਨ ਲਈ ਹੀ ਵਰਤੇ ਜਾਂਦੇ ਹਨ। ਕਾਗੜਦੀ, ਨਾਗੜਦੀ, ਤਾਗੜਦੀ, ਗਾਗੜਦੀ, ਬਾਗੜਦੀ, ਆਗੜਦੀ, ਆਦਿਕ ਪਦ ਮ੍ਰਿਦੰਗ ਦੇ ਹੀ ਬੋਲ ਹਨ। ਪਿੰਗਲ ਭਾਸ਼ਾ ਦੀ ਰਚਨਾ ਕਰਨ ਵਾਲੇ ਕਵੀ ਜਨ ਰਚਨਾ ਵਿਚ 'ਕ' ਦੀ ਥਾਂ ਤੇ 'ਕੱਕਾ' ਉਚਾਰਨ ਨਾ ਕਰਕੇ 'ਕਾਗੜਦੀ' ਪਦ ਉਚਾਰਦੇ ਹਨ। ਪਰ ਸਿਹਰਫੀ ਵਾਂਗ ਇਹ ਅੱਖਰ ਵਰਣਮਾਲਾ ਦੀ ਤਰਤੀਬ ਅਨੁਸਾਰ ਨਹੀਂ ਚਲਦੇ, ਏਥੇ ਕੋਈ ਵੀ ਅੱਖਰ ਵਰਤ ਲਿਆ ਜਾਂਦਾ ਹੈ।

ਸੁਗ੍ਰੀਵ ਦੀ ਫੌਜ ਨੇ ਕ੍ਰੋਧ ਕੀਤਾ, ਰਣ ਵਿਚ ਵਾਜੇ ਵਜਦੇ ਸਨ। ਤੇਗਾਂ ਝਿਲਮਿਲ ਕਰਦੀਆਂ ਸਨ, ਜੋਧੇ ਸਿੰਘ ਨਾਦ ਕਰਦੇ ਸਨ। ਸੂਰਮੇ ਇਕ ਦੂਜੇ ਦੇ ਸਾਹਮਣੇ ਹੋਏ ਅਤੇ ਨਾਰਦ ਮੁਨੀ ਨੇ ਨਾਚ ਸ਼ੁਰੂ ਕਰ ਦਿੱਤਾ। ਬੀਰ ਬੈਤਾਲ ਜੁਧ ਭੂਮੀ ਵਿਚ ਫਿਰਦੇ ਸਨ, ਜਿਸ ਕਰਕੇ ਸਭ ਦਾ ਲਹੂ ਨਾਲ ਲਾਲ ਰੰਗ ਬਣਿਆ ਹੋਇਆ ਸੀ। ਸੂਰਮੇ ਰਣ ਭੂਮੀ ਵਿਚ ਨਚਦੇ ਸਨ ਅਤੇ ਜੋ ਸੂਰਮੇ ਤੀਰ

ਚਲਾਉਂਦੇ ਸਨ, ਉਹ ਇਸ ਤਰ੍ਹਾਂ ਸ਼ੂਕਦੇ ਸਨ ਮਾਨੋ ਸੱਪ ਫੂੰਕਾਰੇ ਮਾਰਦੇ ਸਨ। ਐਸੇ ਭੀਖਮ ਜੁੱਧ ਤੋਂ ਡਰ ਕੇ ਸ਼ੇਸ਼ਨਾਗ ਸੁੰਗੜ ਕੇ ਇਕੱਠਾ ਹੁੰਦਾ ਜਾਂਦਾ ਸੀ, ਜਿਸ ਕਰਕੇ ਉਸ ਦੇ ਸਿਰ ਉਪਰਲੀ ਧਰਤ ਡਾਵਾਂ ਡੋਲ ਹੋ ਰਹੀ ਸੀ॥ ੩੯੦॥

**ਫਾਗੜਦੀ ਫੂੰਕ ਫਿੰਕਰੀ ਰਾਗੜਦੀ ਰਣ ਗਿੱਧ ਰੜੱਕੈ॥**
**ਲਾਗੜਦੀ ਲੁੱਥ ਬਿੱਥੁਰੀ ਭਾਗੜਦੀ ਭਟ ਘਾਟਿ ਭਭੱਕੈ॥**
**ਬਾਗੜਦੀ ਬਰੱਖਤ ਬਾਣ ਝਾਗੜਦੀ ਝਲ ਮਲਤ ਕ੍ਰਿਪਾਣੰ॥**
**ਗਾਗੜਦੀ ਗੱਜ ਸੰਜਰੈ ਕਾਗੜਦੀ ਕੱਛੇ ਕਿੰਕਾਣੰ॥**
**ਬੰਬਾਗੜਦੀ ਬਹਤ ਬੀਰਨ ਸਿਰਨ ਤਾਗੜਦੀ ਤਮਕਿ ਤੇਗੰ ਕੜੀਅ॥**
**ਝੰਝਾਗੜਦੀ ਝੜਕਦੈ ਝੜ ਸਮੈ ਝਲਮਲ ਝੁਕਿ ਬਿੱਜੁਲ ਝੜੀਅ॥ ੩੯੧॥**

ਰਣ ਵਿਚ ਗਿੱਦੜੀਆਂ ਫਿਰਦੀਆਂ ਸਨ, ਅਤੇ ਗਿਰਝਾਂ ਬੋਲਦੀਆਂ ਸਨ। ਲੋਥਾਂ ਖਿਲਰੀਆਂ ਹੋਈਆਂ ਸਨ। ਅਤੇ ਸੂਰਮਿਆਂ ਦੇ ਜ਼ਖਮ ਭਕ ਭਕ ਕਰਦੇ ਸਨ, ਤੀਰਾਂ ਦਾ ਮੀਂਹ ਪੈਂਦਾ ਸੀ, ਅਤੇ ਤਲਵਾਰਾਂ ਝਲਮਲ ਕਰਦੀਆਂ ਸਨ। ਸੂਰਮਿਆਂ ਦੇ ਸਿਰਾਂ ਉਤੇ ਗੁੱਸੇ ਨਾਲ ਕਰੜੀਆਂ ਤਲਵਾਰਾਂ ਚਲਦੀਆਂ ਸਨ। ਜਿਨ੍ਹਾਂ ਦਾ ਝਲਕਾਰਾ ਇਸ ਤਰ੍ਹਾਂ ਝੜਕ ਦੇ ਕੇ ਹੁੰਦਾ, ਮਾਨੋ ਝੜ ਦੇ ਵੇਲੇ ਝੁਕੇ ਹੋਏ ਬੱਦਲਾਂ ਵਿਚੋਂ ਬਿਜਲੀ ਝਲਮਲ ਕਰਦੀ ਹੈ॥ ੩੯੧॥

**ਨਾਗੜਦੀ ਨਾਰਾਂਤਕ ਗਿਰਤ ਦਾਗੜਦੀ ਦੇਵਾਂਤਕ ਧਾਯੋ॥**
**ਜਾਗੜਦੀ ਜੁੱਧ ਕਰ ਤੁਮਲ ਸਾਗੜਦੀ ਸੁਰਲੋਕ ਸਿਧਾਯੋ॥**
**ਦਾਗੜਦੀ ਦੇਵ ਰਹਸੰਤ ਆਗੜਦੀ ਆਸੁਰਣ ਰਣ ਸੋਗੰ॥**
**ਸਾਗੜਦੀ ਸਿੱਧ ਸਰ ਸੰਤ ਨਾਗੜਦੀ ਨਾਚਤ ਤਜਿ ਜੋਗੰ॥**
**ਖੰਖਾਗੜਦੀ ਖਯਾਹ ਭਏ ਪ੍ਰਾਪਤਿ ਖਲ ਪਾਗੜਦੀ ਪੁਹਪਡਾਰਤ ਅਮਰ॥**
**ਜੰਜਾਗੜਦੀ ਸਕਲ ਜੈ ਜੈ ਜਪੈ ਸਾਗੜਦੀ ਸੁਰਪੁਰਗਿਹ ਨਾਰ ਨਰ॥ ੩੯੨॥**

ਨਰਾਂਤਕ ਡਿੱਗ ਪਿਆ ਤਾਂ ਦੇਵਾਂਤਕ ਧਾਵਾ ਕਰ ਕੇ ਪਿਆ ਅਤੇ ਉਸ ਨੇ ਤੁੰਮਲ ਜੁੱਧ ਮਚਾਇਆ। ਅੰਤ ਨੂੰ ਨਾਰਾਂਤਕ ਸੁਰ ਲੋਕ ਚਲਾ ਗਿਆ ਜਿਸ ਕਰਕੇ ਦੇਵਤੇ ਪ੍ਰਸੰਨ ਹੋਏ ਅਤੇ ਦੈਂਤਾਂ ਨੂੰ ਰਣ ਵਿਚ ਸੋਗ ਪੈ ਗਿਆ। ਪਰ ਸਿਧ ਜਨ ਪ੍ਰਸੰਨ ਹੋਏ ਅਤੇ ਜੋਗ ਨੂੰ ਤਿਆਗ ਕੇ ਨਾਚ ਕਰਨ ਲੱਗ ਪਏ। ਦੁਸ਼ਟ ਪੁਰਸ਼ ਜਦ ਨਸ਼ਟ ਹੋ ਗਏ ਤਾਂ ਦੇਵਤੇ ਫੁੱਲ ਸੁੱਟਣ ਲੱਗੇ। ਸੁਰਗ ਲੋਕ ਦੇ ਸਾਰੇ ਇਸਤ੍ਰੀ ਪੁਰਸ਼ ਜੈ ਜੈ ਕਾਰ ਕਰ ਉੱਠੇ॥ ੩੯੨॥

ਰਾਗੜਦੀ ਰਾਵਣਹਿ ਸੁਨਜੋ ਸਾਗੜਦੀ ਦੋਊ ਸੁਤ ਰਣ ਜੁੱਝੇ॥
ਬਾਗੜਦੀ ਬੀਰ ਬਹੁ ਗਿਰੇ ਆਗੜਦੀ ਆਹਵਹਿ ਅਰੁੱਝੇ॥
ਲਾਗੜਦੀ ਲੁੱਥ ਬਿੱਥੁਰੀ ਚਾਗੜਦੀ ਚਾਂਵੰਡ ਚਿੰਕਾਰੰ॥
ਨਾਗੜਦੀ ਨੱਦ ਭਏ ਗੱਦ ਕਾਗੜਦੀ ਕਾਲੀ ਕਿਲਕਾਰੰ॥
ਭੰਭਾਗੜਦੀ ਭਯੰਕਰ ਜੁੱਧ ਭਯੋ ਜਾਗੜਦੀ ਜੂਹ ਜੁੱਗਣ ਜੁਰੀਅ॥
ਕੰਕਾਗੜਦੀ ਕਿਲੱਕਤ ਕੁਹਰ ਕਰ ਪਾਗੜਦੀ ਪੱਤ੍ਰ ਸ੍ਰੋਣਤ ਭਰੀਅ॥ ੩੯੩॥

ਰਾਵਣ ਨੇ ਸੁਣਿਆਂ ਕਿ ਦੋਵੇਂ ਪੁੱਤਰ ਰਣ ਵਿਚ ਲੜ ਮਰੇ ਸਨ। ਹੋਰ ਵੀ ਬਹੁਤ ਸੂਰਮੇ ਡਿੱਗੇ ਸਨ, ਅਤੇ ਕਈ ਜੰਗ ਵਿਚ ਲੱਗੇ ਹੋਏ ਸਨ। ਰਣ ਭੂਮੀ ਵਿਚ ਲੋਥਾਂ ਖਿਲਰੀਆਂ ਹੋਈਆਂ ਸਨ, ਅਤੇ ਚੁੜੇਲਾਂ ਚੀਕਾਂ ਮਾਰਦੀਆਂ ਸਨ ਅਤੇ ਰਣ ਭੂਮੀ ਦੁਖਾਂ ਦਾ ਸਮੁੰਦਰ ਹੋ ਗਈ ਸੀ ਅਤੇ ਕਾਲੀ ਕਿਲਕਾਰਦੀ ਸੀ ਏਨਾ ਵੱਡਾ ਭਿਆਨਕ ਜੁਧ ਹੋਇਆ ਸੀ, ਜਿਸ ਵਿਚ ਜੋਗਣੀਆਂ ਦੇ ਝੁੰਡ ਜੁੜੇ ਹੋਏ ਸਨ। ਜਿਹੜੀਆਂ ਕਹੂ ਕਹੂ ਕਹ ਕਿਲਕਦੀਆਂ ਸਨ ਅਤੇ ਲਹੂ ਦੇ ਖੱਪਰ ਭਰ ਰਹੀਆਂ ਸਨ॥ ੩੯੩॥

ਇਤਿ ਬਚਿੱਤ੍ਰ ਨਾਟਕ ਗ੍ਰੰਥੇ, 'ਹਨੂੰਮਾਨ ਸੋਧ ਕੇ ਪਠੈਬੋ, ਦੇਵਾਂਤਕ ਨਰਾਂਤਕ ਬਧਹਿ ਨੌਮੋ ਧਿਆਇ ਸਮਾਪਤਮ॥ ਸਤੁ ਸੁਭਮ ਸਤੁ॥ ੯॥ ੩੯੩॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, 'ਹਨੂੰਮਾਨ ਲੰਕਾ ਭੇਜਣਾ, ਦੇਵਾਂਤਕ ਨਰਾਂਤਕ ਦਾ ਕਤਲ' ਨੌਵਾਂ ਅਧਿਆਏ ਸਮਾਪਤ॥ ਸਤ ਸ਼ੁਭਮ ਸਤ॥ ੯॥ ੩੯੩॥ ਚਲਦਾ॥

# ਦਸਵਾਂ ਅਧਿਆਏ

# ਪ੍ਰਹਸਤ ਯੁਧ ਵਰਣਨ

## ਸੰਗੀਤ ਛਪੈ ਛੰਦ॥

ਪਾਗੜਦੀ ਪ੍ਰਹਸਤ ਪਠਿਯੋ ਦਾਗੜਦੀ ਦੇ ਕੈ ਦਲ ਅਨਗਨ॥
ਕਾਗੜਦੀ ਕੰਪ ਭੂਅ ਉਠੀ ਬਾਗੜਦੀ ਬਾਜਨ ਖੁਰੀ ਅਨਤਨ॥
ਨਾਗੜਦੀ ਨੀਲ ਤਿਹ ਝਿਣਯੋ ਭਾਗੜਦੀ ਗਹਿ ਭੂਮਿ ਪਛਾੜੀਅ॥
ਸਾਗੜਦੀ ਸਮਰ ਹਹਕਾਰ ਦਾਗੜਦੀ ਦਾਨਵ ਦਲ ਭਾਰੀਅ॥

ਘੰਘਾਗੜਦੀ ਘਾਇ ਭਕਭਕ ਕਰਤ ਰਾਗੜਦੀ ਰੁਹਰ ਰਣ ਰੰਗ ਬਹਿ॥
ਜੰਜਾਗੜਦੀ ਜੁਯਹ ਜੁੱਗਣ ਜਪੈ ਕਾਗੜਦੀ ਕਾਕ ਕਰ ਕਹ ਕਕਹ॥ ੩੯੪॥

ਅਨਗਿਣਤ ਫੌਜ ਦੇ ਕੇ ਰਾਵਣ ਨੇ ਆਪਣੇ ਪੁੱਤਰ 'ਪ੍ਰਹਸਤ' ਨੂੰ ਜੰਗ ਲਈ ਭੇਜ ਦਿੱਤਾ। ਜਿਸ ਦੀ ਫੌਜ ਦੇ ਬੇਅੰਤ ਘੋੜਿਆਂ ਦੇ ਖੁਰਾਂ ਨਾਲ ਧਰਤੀ ਕੰਬ ਗਈ। ਉਸ ਨੂੰ ਰਾਮ ਚੰਦ੍ਰ ਜੀ ਦੀ ਸੈਨਾ ਦੇ ਸੂਰਮੇ 'ਨੀਲ' ਨੇ ਫੜ ਕੇ ਝਟਕਾ ਦੇ ਕੇ ਧਰਤੀ ਨਾਲ ਪਟਕਾ ਮਾਰਿਆ। ਜਿਸ ਕਰਕੇ ਜੰਗ ਅੰਦਰ ਰਾਖਸ਼ਾਂ ਦੀ ਭਾਰੀ ਫੌਜ ਵਿਚ ਹਾ-ਹਾਕਾਰ ਮੱਚ ਗਈ। ਕਈ ਜ਼ਖਮੀਆਂ ਦੇ ਜ਼ਖਮਾਂ ਵਿਚੋਂ ਭੱਕ ਭੱਕ ਕਰ ਕੇ ਖ਼ੂਨ ਨਿਕਲ ਰਿਹਾ ਸੀ, ਅਤੇ ਭੂਮੀ ਉਤੇ ਵੱਗ ਰਿਹਾ ਸੀ। ਜੋਗਣੀਆਂ ਦੇ ਝੁੰਡ ਜੈ ਜੈ ਕਾਰ ਜਪਦੇ ਸਨ, ਅਤੇ ਕਾਂ ਕੁਰੱਖਤ ਅਵਾਜ਼ ਨਾਲ ਕਾਂ ਕਾਂ ਕਰਦੇ ਸਨ॥ ੩੯੪॥

ਪਾਗੜਦੀ ਪ੍ਰਹਸਤ ਜੁਝੰਤ ਲਾਗੜਦੀ ਲੈ ਚਲਯੋ ਅੱਪ ਦਲ॥
ਭਾਗੜਦੀ ਭੂਮਿ ਭੜਹੜੀ ਕਾਗੜਦੀ ਕੰਪੀ ਦੋਈ ਜਲਥਲ॥
ਨਾਗੜਦੀ ਨਾਦ ਨਿੱਹ ਨੱਦ ਭਾਗੜਦੀ ਰਣ ਭੇਰ ਭਯੰਕਰ॥
ਸਾਗੜਦੀ ਸਾਂਗ ਝਲਹਲਤ ਚਾਗੜਦੀ ਚਮਕੰਤ ਚਲਤ ਸਰ॥
ਖੰਖਾਗੜਦੀ ਖੜਗ ਖਿਮਕਤ ਖਹਤ ਚਾਗੜਦੀ ਚਟਕ ਚਿਨਗੈਂ ਕਢੈ॥
ਠੰਠਾਗੜਦੀ ਠਾਟ ਠੱਟ ਕਰ ਮਨੋ ਠਾਗੜਦੀ ਠਣਕ ਠਠਿਆਰ ਗਢੈ॥ ੩੯੫॥

ਪ੍ਰਹੱਸਤ ਦੇ ਮਾਰੇ ਜਾਣ ਬਾਅਦ ਰਾਵਣ ਆਪ ਲੜਨ ਲਈ ਆਪਣੀ ਸਾਰੀ ਫੌਜ ਲੈ ਕੇ ਚਲਿਆ। ਤਦੋਂ ਧਰਤੀ ਵਿਚ ਹਫੜਾ ਦਫੜੀ ਪੈ ਗਈ ਅਤੇ ਸਮੁੰਦਰ ਅਤੇ ਧਰਤੀ ਕੰਬਣ ਲੱਗੀ। ਧੌਂਸਿਆਂ ਦਾ ਘੋਰ ਸ਼ਬਦ ਹੁੰਦਾ ਸੀ ਅਤੇ ਭੇਰੀਆਂ ਦੀ ਡਰਾਉਣੀ ਗੂੰਜ ਨਿਕਲਦੀ ਸੀ। ਬਰਛੇ ਝਲਮਲ ਕਰਦੇ ਸਨ, ਅਤੇ ਚਲਦੇ ਹੋਏ ਤੀਰ ਚਮਕਦੇ ਸਨ। ਥਾਂ ਪਰ ਥਾਂ ਤਲਵਾਰਾਂ ਦੇ ਪਾਸੇ ਚਮਕਦੇ ਸਨ, ਜੋ ਝਟ ਪਟ ਆਪਣੇ ਵਿਚੋਂ ਚਿਣਗਾਂ ਕਢਦੇ ਸਨ। ਢਾਲਾਂ ਉਤੇ ਤਲਵਾਰਾਂ ਵੱਜਣ ਕਰ ਕੇ ਠੱਕ ਠੱਕ ਸ਼ਬਦ ਹੁੰਦਾ ਸੀ, ਮਾਨੋ ਠਠਿਆਰ ਦੇ ਭਾਂਡੇ ਘੜਨ ਦੀ ਠਣਕ ਹੋ ਰਹੀ ਸੀ॥ ੩੯੫॥

ਢਾਗੜਦੀ ਢਾਲ ਉੱਛਲਹਿ ਬਾਗੜਦੀ ਰਣ ਬੀਰ ਬਬੱਕਹਿ॥
ਆਗੜਦੀ ਇਕ ਲੈ ਚਲੈਂ ਇਕ ਕਹੁ ਇਕ ਉੱਚਕਹਿ॥
ਤਾਗੜਦੀ ਤਾਲ ਤੰਬੂਰੰ ਗਾਗੜਦੀ ਰਣਬੀਨ ਸੁ ਬੱਜੈ॥
ਸਾਗੜਦੀ ਸੰਖ ਕੇ ਸ਼ਬਦ ਗਾਗੜਦੀ ਗੈਵਰ ਗਲ ਗੱਜੈ॥
ਧੰਧਾਗੜਦੀ ਧਰਣਿ ਧੜ ਧੁਕਿ ਪਰਤ ਚਾਗੜਦੀ ਚਕਤ ਚਿਤ ਮਹਿ ਅਮਰ॥

**ਪੰਪਾਗੜਦੀ ਪੁਹਪ ਬਰਖਾ ਕਰਤ ਜਾਗੜਦੀ ਜੱਛ ਗੰਧ੍ਰਬ ਬਰ॥੩੯੬॥**

ਕਿਧਰੇ ਢਾਲਾਂ ਉੱਛਲਦੀਆਂ ਸਨ, ਕਿਧਰੇ ਰਣ ਵਿਚ ਸੂਰਮੇ ਲਲਕਾਰੇ ਛੱਡਦੇ ਸਨ। ਇਕ ਪਾਸੇ ਕਈਆਂ ਜੋਧਿਆਂ ਨੂੰ ਕਈ ਜੋਧੇ ਚੁੱਕ ਕੇ ਲੈ ਚਲੇ ਸਨ। ਛੋਟੇਂ, ਛੋਟੇ ਨਗਾਰੇ ਤੇ ਬੀਨਾਂ ਰਣ ਭੂਮੀ ਵਿਚ ਵੱਜ ਰਹੀਆਂ ਸਨ। ਕਿਸੇ ਪਾਸੇ ਸੰਖ ਦਾ ਸ਼ਬਦ ਹੁੰਦਾ ਸੀ। ਦੂਜੇ ਪਾਸੇ ਵੱਡੇ ਵੱਡੇ ਹਾਥੀ ਕ੍ਰੋਧ ਨਾਲ ਚੰਘਾੜਦੇ ਸਨ। ਧਰਤੀ ਭੁਚਾਲ ਆਉਣ ਵਾਂਗੂੰ ਡਾਵਾਂ ਡੋਲ ਹੋ ਰਹੀ ਜਾਪਦੀ ਸੀ ਅਤੇ ਦੇਵਤੇ ਜੰਗ ਨੂੰ ਵੇਖ ਕੇ ਚਿੱਤ ਵਿਚ ਹੈਰਾਨ ਹੋ ਰਹੇ ਸਨ। ਜੱਛ ਤੇ ਗੰਧਰਵ ਅਕਾਸ਼ ਤੋਂ ਫੁੱਲ ਦੀ ਬਰਖਾ ਕਰਦੇ ਸਨ॥ ੩੯੬॥

**ਝਾਗੜਦੀ ਝੁੱਝ ਭਟ ਗਿਰੈਂ ਮਾਗੜਦੀ ਮੁਖ ਮਾਰ ਉਚਾਰੈ॥**
**ਸਾਗੜਦੀ ਸੰਜ ਪੰਜਰੇ ਘਾਘੜਦੀ ਘਣੀਅਰ ਜਣੁ ਕਾਰੈ॥**
**ਤਾਗੜਦੀ ਤੀਰ ਬਰਖੰਤ ਗਾਗੜਦੀ ਗਹਿ ਗਦਾ ਗਰਿਸਟੰ॥**
**ਮਾਗੜਦੀ ਮੰਤ੍ਰ ਮੁਖ ਜਪੈ ਆਗੜਦੀ ਅੱਛਰ ਬਰ ਇਸਟੰ॥**
**ਸੰਸਾਗੜਦੀ ਸਦਾ ਸ਼ਿਵ ਸਿਮਰ ਕਰ ਜਾਗੜਦੀ ਜੂਝ ਜੋਧਾ ਮਰਤ॥**
**ਸੰਸਾਗੜਦੀ ਸੁਭਟ ਸਨਮੁਖ ਗਿਰਤ ਆਗੜਦੀ ਅਪੱਛਰਨ ਕਹ ਬਰਤ॥੩੯੭॥**

ਸੂਰਮੇ ਸ਼ਹੀਦ ਹੋ ਕੇ ਡਿੱਗਦੇ ਸਨ, ਕਈ ਮੂੰਹੋਂ ਮਾਰੋ ਮਾਰ ਬੋਲਦੇ ਸਨ। ਸੂਰਮਿਆਂ ਨੇ ਜੋ ਸਰੀਰਾਂ ਤੇ ਜਾਲੀਦਾਰ ਸੰਜੋਆਂ ਪਹਿਨੀਆਂ ਹੋਈਆਂ ਹਨ ਉਹ ਮਾਨੋ ਕਾਲੇ ਬੱਦਲਾਂ ਦੀ ਘਟਾ ਸੀ। ਕਈ ਤੜ ਤੜ ਤੀਰਾਂ ਦੀ ਬਰਖਾ ਕਰਦੇ ਸਨ। ਕਈ ਭਾਰੀ ਗਦਾ ਫੜ ਕੇ ਫਿਰਦੇ ਸਨ। ਕਈ ਮੂੰਹ ਵਿਚ ਮੰਤ੍ਰ ਜਪਦੇ ਸਨ, ਕਈ ਆਪਣੇ ਇਸ਼ਟ ਦੇ ਜੈ ਜੈ ਦੇ ਸ਼ਬਦ ਬੋਲਦੇ ਸਨ। ਕਈ ਸਦਾ ਸ਼ਿਵ ਨੂੰ ਸਿਮਰਦੇ ਸਨ, ਇਸ ਤਰ੍ਹਾਂ ਨਾਲ ਜੋਧੇ ਲੜ ਲੜ ਕੇ ਮਰਦੇ ਜਾਂਦੇ ਸਨ। ਜੋ ਸੂਰਮੇ ਸਨਮੁਖ ਹੋ ਕੇ ਡਿੱਗਦੇ ਸਨ ਉਨ੍ਹਾਂ ਨੂੰ ਅਪੱਛਰਾਂ ਵਰਦੀਆਂ ਸਨ॥ ੩੯੭॥

## ਭੁਜੰਗ ਪ੍ਰਯਾਤ ਛੰਦ॥

**ਇਤੈ ਉੱਚਰੇ ਰਾਮ ਲੰਕੇਸ਼ ਬੈਣੰ॥ ਉਤੈ ਦੇਵ ਦੇਖੈ ਚੜੈ ਰਥ ਗੈਣੰ॥**
**ਕਹੋ ਏਕ ਏਕੰ ਅਨੇਕੰ ਪ੍ਰਕਾਰੰ॥ ਮਿਲੇ ਜੁੱਧ ਜੇਤੇ ਸਮੰਤੰ ਲੁੱਝਾਰੰ॥੩੯੮॥**

ਏਧਰ ਰਾਮ ਜੀ ਭਬੀਖਨ ਨੂੰ ਕੁਝ ਪੁੱਛ ਰਹੇ ਸਨ। ਉਪਰ ਦੇਵਤੇ ਰਥਾਂ ਵਿਚ ਚੜ੍ਹ ਕੇ ਅਕਾਸ਼ ਵਿਚ ਵੇਖ ਰਹੇ ਸਨ। ਰਾਮ ਜੀ ਨੇ ਕਿਹਾ, "ਹੇ ਭਬੀਖਨ! ਜੁੱਧ ਵਿਚ ਜਿੰਨੇ ਲੜਾਕੇ ਜੋਧੇ ਸੈਨਾਪਤੀ ਇਕੱਠੇ ਹੋਏ ਹੋਏ ਹਨ, ਉਨ੍ਹਾਂ ਸਭਨਾਂ ਦੇ ਇਕ ਇਕ ਕਰਕੇ ਅਨੇਕ ਤਰ੍ਹਾਂ ਨਾਲ ਵਰਣਨ ਕਰਕੇ ਨਾਂ ਦੱਸੋ॥ ੩੯੮॥

## ਬਭੀਛਣ ਬਾਚ ਰਾਮ ਸੋਂ ॥

**ਧਨੰ ਮੰਡਲਾਕਾਰ ਜਾਕੋ ਬਿਰਾਜੈ ॥ ਸਿਰੰ ਜੈਤ ਪੱਤ੍ਰੰ ਸਿਤੰ ਛੱਤ੍ਰ ਛਾਜੈ ॥**
**ਰਥੰ ਬਿਸਟਤੰ ਬਜਾਘ੍ਰ ਚਰਮੰ ਅਭੀਤੰ ॥ ਤਿਸੈ ਨਾਥ ਜਾਨੋ ਹਠੀ ਇੰਦ੍ਰ ਜੀਤੰ ॥ ੩੯੯ ॥**

ਭਬੀਖਨ ਨੇ ਰਾਮ ਜੀ ਨੂੰ ਕਿਹਾ, "ਉਧਰ ਵੇਖੋ, ਜਿਸ ਦਾ ਗੋਲ ਘੇਰਦਾਰ ਧਨੁੱਖ ਸੋਭਦਾ ਹੈ। ਸਿਰ ਉਤੇ ਕਲਗੀ ਅਤੇ ਚਿੱਟਾ ਛੱਤਰ ਝੂਲਦਾ ਹੈ। ਸ਼ੇਰ ਦੀ ਖੱਲ ਨਾਲ ਰੱਥ ਮੜ੍ਹਿਆ ਹੋਇਆ ਹੈ, ਅਤੇ ਡਰ ਤੋਂ ਰਹਿਤ ਹੈ। ਹੇ ਸਵਾਮੀ ਜੀ ! ਉਹੀ ਇੰਦਰ ਨੂੰ ਜਿੱਤਣ ਵਾਲਾ ਮੇਘ ਨਾਦ ਸੂਰਮਾ ਜਾਣ ਲਵੋ ॥ ੩੯੯ ॥

**ਨਹੇ ਪਿੰਗ ਬਾਜੀ ਰਥੰ ਜੇਨ ਸੋਭੈਂ ॥ ਮਹਾਂ ਕਾਇ ਪੇਖੇ ਸਬੈ ਦੇਵ ਛੋਭੈਂ ॥**
**ਹਰੇ ਸਰਬ ਗਰਬੰ ਧਨੰ ਪਾਲ ਦੇਵੰ ॥ ਮਹਾਂ ਕਾਇ ਨਾਮਾ ਮਹਾਂਬੀਰ ਜੇਵੰ ॥ ੪੦੦ ॥**

ਹੇ ਪ੍ਰਭੂ, ਜਿਸ ਦੇ ਰੱਥ ਨੂੰ ਭੂਰੇ ਰੰਗ ਦੇ ਘੋੜੇ ਜੁਤੇ ਹੋਏ ਸੋਭਦੇ ਹਨ। ਜਿਸ ਦੀ ਵੱਡੀ ਦੇਹ ਨੂੰ ਵੇਖ ਕੇ ਸਾਰੇ ਦੇਵਤੇ ਭੈ ਭੀਤ ਹੁੰਦੇ ਹਨ। ਜਿਸ ਨੇ ਵੱਡੇ ਵੱਡੇ ਦੇਵਤਿਆਂ ਦਾ ਸਾਰਾ ਗਰਬ ਦੂਰ ਕੀਤਾ ਹੈ ਹੇ ਰਾਮ ਹੇ ਸਵਾਮੀ ! ਉਸ ਮਹਾਂਬੀਰ ਦਾ ਨਾਮ 'ਮਹਾਕਾਇ' ਜਾਣ ਲਵੋ ॥ ੪੦੦ ॥

**ਲਗੇ ਮਜੂਰ ਬਰਣੰ ਰਥੰ ਜੇਨ ਬਾਜੀ ॥ ਬਕੈ ਮਾਰ ਮਾਰੰ ਤਜੈ ਬਾਨ ਰਾਜੀ ॥**
**ਮਹਾਂ ਜੁੱਧ ਕੋ ਕਰ ਮਹੋਦਰ ਬਖਾਨੋ ॥ ਤਿਸੈ ਜੁੱਧ ਕਰਤਾ ਬਡੋ ਰਾਮ ਜਾਨੋ ॥ ੪੦੧ ॥**

ਜਿਸ ਦੇ ਰੱਥ ਨੂੰ ਮੋਰ ਦੇ ਰੰਗ ਵਰਗੇ ਘੋੜੇ ਜੁਤੇ ਹੋਏ ਹਨ। ਜੋ ਮੂੰਹੋਂ ਮਾਰੋ ਮਾਰੋ ਬਕਦਾ ਹੈ ਅਤੇ ਤੀਰਾਂ ਦੀ ਲੜੀ ਛੱਡੀ ਜਾਂਦਾ ਹੈ ਜੋ ਮਹਾਂ ਜੁੱਧ ਦੀ ਖਾਣੀ ਕਿਹਾ ਜਾਂਦਾ ਹੈ, ਅਤੇ ਜੁੱਧ ਦਾ ਕਰਤਾ ਹੈ, ਉਸ ਨੂੰ 'ਮਹੋਦਰ' ਨਾਮ ਵਾਲਾ ਰਾਵਣ ਦਾ ਵਜ਼ੀਰ ਸਮਝ ਲਵੋ ॥ ੪੦੧ ॥

**ਲਗੇ ਮੁਖਕੰ ਬਰਣ ਬਾਜੀ ਰਥੇਸੰ ॥ ਹਸੈ ਪਉਨ ਕੇ ਗਉਨ ਕੋ ਚਾਰ ਦੇਸੰ ॥**
**ਧਰੇ ਬਾਨ ਪਾਣੰ ਕਿਧੋ ਕਾਲ ਰੂਪੰ ॥ ਤਿਸੈ ਰਾਮ ਜਾਨੋ ਸਹੀ ਦਈਤ ਭੂਪੰ ॥ ੪੦੨ ॥**

ਔਹ ਵੇਖੋ, ਸੁੰਦਰ ਰਥ ਅਗੇ ਚੂਹੇ ਰੰਗੇ ਘੋੜੇ ਲੱਗੇ ਹੋਏ ਹਨ, ਜੋ ਚੌਹਾਂ ਦਿਸਾਂ ਦੀ ਹਵਾ ਦੀ ਚਾਲ ਨੂੰ ਵੀ ਮਾਤ ਕਰਨ ਵਾਲੇ ਹਨ। ਹੱਥ ਵਿਚ ਤੀਰ ਫੜਿਆ ਹੋਇਆ ਹੈ, ਅਥਵਾ ਜੋ ਕਾਲ ਦਾ ਹੀ ਰੂਪ ਹੈ। ਹੇ ਰਾਮ ਜੀ ! ਉਸ ਨੂੰ ਸਹੀ ਕਰ ਕੇ ਜਾਣ ਲੈ, ਇਹ ਦੈਂਤਾਂ ਦਾ ਰਾਜਾ ਰਾਵਣ ਹੈ ॥ ੪੦੨ ॥

**ਫਿਰੈ ਮੋਰ ਪੁੱਛੰ ਢੁਰੈ ਚਉਰ ਚਾਰੰ ॥ ਰੜੈ ਕ੍ਰਿਤੱ ਬੰਦੀ ਅਨੰਤੰ ਅਪਾਰੰ ॥**
**ਰਥੰ ਸੁਵਰਣ ਕੀ ਕਿੰਕਣੀ ਚਾਰ ਸੋਹੈ ॥ ਲਖੇ ਦੇਵ ਕੰਨਿਆਂ ਮਹਾਂ ਤੇਜ ਮੋਹੈ ॥ ੪੦੩ ॥**

ਜਿਸ ਦੇ ਅੱਗੇ ਪਿੱਛੇ ਸੁੰਦਰ ਮੋਰ ਦਾ ਚੌਰ ਝੁਲਦਾ ਹੈ। ਬੇਅੰਤ ਬੰਦੀ-ਜਨ ਜਿਸ ਦੇ ਆਰ-ਪਾਰ (ਚੁਫੇਰੇ) ਕੀਰਤੀ ਉਚਾਰਦੇ ਹਨ। ਜਿਸ ਦੇ ਰੱਥ ਨੂੰ ਸੋਨੇ ਦੇ ਸੁੰਦਰ ਘੁੰਘਰੂ ਲੱਗੇ ਹੋਏ ਸ਼ੋਭਦੇ ਹਨ। ਜਿਸ ਦੇ ਮਹਾਂ ਤੇਜ ਨੂੰ ਦੇਖ ਕੇ ਦੇਵਤਿਆਂ ਦੀਆਂ ਲੜਕੀਆਂ ਮੋਹਿਤ ਹੋ ਜਾਂਦੀਆਂ ਹਨ। ਹੇ ਰਾਮ ਉਹ ਦੈਂਤ ਰਾਜ ਰਾਵਨ ਹੈ॥੪੦੩॥

**ਛਕੈ ਮੱਧ ਜਾਕੀ ਧੁਜਾ ਸਾਰਦੂਲੰ॥ਇਹੈ ਦਈਤ ਰਾਜੰ ਦੁਰੰ ਦ੍ਰੋਹ ਮੂਲੰ॥**
**ਲਸੈ ਕ੍ਰੀਟ ਸੀਸੰ ਕਸੈ ਚੰਦ੍ਰ ਭਾ ਕੋ॥ਰਮਾ ਨਾਥ ਦੀਨੋ ਦਸੰ ਗ੍ਰੀਵ ਤਾਕੋ॥੪੦੪॥**

ਜਿਸ ਦੇ ਝੰਡੇ ਦੇ ਵਿਚ ਬੱਬਰ ਸ਼ੇਰ ਦਾ ਨਿਸ਼ਾਨ ਲੱਗਾ ਹੋਇਆ ਸ਼ੋਭਾ ਪਾ ਰਿਹਾ ਹੈ। ਇਹੋ ਹੀ ਬੁਰਿਆਈ ਤੇ ਧ੍ਰੋਹ ਦਾ ਮੁੱਢ ਦੈਂਤਾਂ ਦਾ ਰਾਜਾ ਰਾਵਣ ਹੈ। ਜਿਸ ਦੇ ਸਿਰ ਮੁਕਟ ਚਮਕਦਾ ਹੈ, ਜੋ ਚੰਦ੍ਰਮਾਂ ਦੀ ਆਭਾ ਨੂੰ ਫਿਕਿਆਂ ਕਰਦਾ ਹੈ। ਹੇ ਨਾਥ! ਉਸ ਨੂੰ ਦਸਾਂ ਸਿਰਾਂ ਵਾਲਾ ਰਾਵਣ ਪਛਾਣ ਲਵੋ॥੪੦੪॥

**ਦੁਹੂੰ ਓਰ ਬੱਜੇ ਬਜੰਤ੍ਰੰ ਅਪਾਰੰ॥ ਮਚੇ ਸੂਰਬੀਰੰ ਮਹਾਂ ਸ਼ਸਤ੍ਰ ਧਾਰੰ॥**
**ਕਰੈ ਅੱਤ੍ਰ ਪਾਤੰ ਨਿਪਾਤੰਤ ਸੂਰੰ॥ਉਠੇ ਮੱਧ ਜੁੱਧੰ ਕਮੱਧੰ ਕ੍ਰੂਰੰ॥੪੦੫॥**

ਦੋਹਾਂ ਪਾਸਿਆਂ ਤੋਂ ਅਪਾਰਾਂ ਹੀ ਵਾਜੇ ਵੱਜਣ ਲੱਗ ਪਏ। ਜਿਨ੍ਹਾਂ ਨਾਲ ਵੱਡੇ ਸ਼ਸਤ੍ਰਧਾਰੀ ਸੂਰਬੀਰ ਮੱਚ ਉਠੇ ਅਤੇ ਬੜੇ ਜੋਸ਼ ਤੇ ਜ਼ੋਰ ਨਾਲ ਵਾਰ ਕਰਨ ਲੱਗੇ ਜਿਸ ਨਾਲ ਸੂਰਮਿਆਂ ਨੂੰ ਮਾਰੀ ਜਾਂਦੇ ਸਨ। ਜੁੱਧ ਵਿਚ ਡਰੌਣੇ ਧੜ ਉਠ ਉਠ ਦੌੜਨ ਲੱਗੇ ਸਨ॥੪੦੫॥

**ਗਿਰੈ ਰੁੰਡ ਮੁੰਡੰ ਭਸੁੰਡੰ ਅਪਾਰੰ॥ ਰੁਲੇ ਅੰਗ ਭੰਗੰ ਸਮੰਤੰ ਲੁਝਾਰੰ॥**
**ਪਰੀ ਕੂਹ ਜੂਹੰ ਉਠੇ ਗੱਦ ਸੱਦੰ॥ ਜਕੇ ਸੂਰਬੀਰੰ ਛਕੇ ਜਾਣ ਮੱਦੰ॥੪੦੬॥**

ਬੇਅੰਤ ਹੀ ਧੜ, ਸਿਰ ਤੇ ਹਾਥੀਆਂ ਦੇ ਸੁੰਡ ਕਟੇ ਹੋਏ ਰੁਲਣ ਲੱਗੇ। ਅਨੇਕਾਂ ਹੀ ਲੜਾਕੇ ਜੋਧਿਆਂ ਦੇ ਵੱਡੇ ਹੋਏ ਅੰਗ ਰੁਲ ਰਹੇ ਸਨ। ਵੱਡੀ ਕੂਕ ਪੈ ਰਹੀ ਸੀ, ਜਿਸਦਾ ਡਰੌਣਾ ਸ਼ਬਦ ਉੱਠ ਰਿਹਾ ਸੀ। ਸੂਰਬੀਰ ਇਸ ਤਰ੍ਹਾਂ ਜੰਗ ਵਿਚ ਮਸਤ ਹੋ ਕੇ ਜੁੱਟੇ ਹੋਏ ਸਨ, ਜਾਣੋ ਸ਼ਰਾਬ ਨਾਲ ਮਸਤ ਹੋਏ ਸਨ॥੪੦੬॥

**ਗਿਰੇ ਝੂਮ ਭੂਮੰ ਅਘੂਮੇਤਿ ਘਾਯੰ॥ਉਠੇ ਗੱਦ ਸੱਦੰ ਚੜੇ ਚਉਪ ਚਾਯੰ॥**
**ਜੁਝੇ ਬੀਰ ਏਕੰ ਅਨੇਕੰ ਪ੍ਰਕਾਰੰ॥ ਕਟੇ ਅੰਗ ਜੰਗੰ ਰਟੈਂ ਮਾਰ ਮਾਰੰ॥੪੦੭॥**

ਘਾਇਲ ਹੋ ਕੇ ਸੂਰਮੇ ਘੁੰਮ ਘੁੰਮ ਕੇ ਧਰਤੀ ਤੇ ਡਿੱਗ ਰਹੇ ਸਨ। ਡਰੌਣਾ ਸ਼ਬਦ ਹੋ ਰਿਹਾ ਸੀ, ਜਿਸ ਨਾਲ ਸੂਰਮਿਆਂ ਦੇ ਚਿੱਤ ਵਿਚ ਰੋਹ ਭਰ ਰਿਹਾ ਸੀ, ਇਕ ਸੂਰਮਾ ਅਨੇਕ ਤਰ੍ਹਾਂ ਨਾਲ ਲੜ ਲੜ ਕੇ ਸ਼ਹੀਦ ਹੁੰਦਾ ਸੀ। ਭਾਵੇਂ ਜੰਗ ਵਿਚ ਉਨ੍ਹਾਂ ਦੇ ਅੰਗ ਵੱਢੇ ਗਏ ਸਨ, ਤਾਂ ਵੀ ਮੂੰਹੋਂ ਮਾਰੋ ਮਾਰੋ ਬੋਲਦੇ ਸਨ॥੪੦੭॥

**ਛੁਟੈ ਬਾਣ ਪਾਣੰ ਉਠੈਂ ਗੱਦ ਸੱਦੰ॥ ਰੁਲੇ ਝੂਮ ਭੂਮੰ ਸੁ ਬੀਰੰ ਬਿਹੱਦੰ॥**
**ਨਚੇ ਜੰਗ ਰੰਗੰ ਤਤਥੱਈ ਤੱਤਥਯੰ॥ ਛੁਟੈ ਬਾਣ ਰਾਜੀ ਫਿਰੇ ਛੂਛ ਹੱਥਿਯੰ॥੪੦੮॥**

ਅਣਖੀ-ਸੂਰਮਿਆਂ ਦੇ ਹੱਥਾਂ ਵਿਚੋਂ ਤੀਰ ਨਿਕਲਿਆਂ ਹੀ ਭਿਅੰਕਰ ਅਵਾਜ਼ ਨਿਕਲਦੀ ਸੀ। ਉਸ ਨਾਲ ਬੇਹਦ ਸੂਰਮੇ ਝੂਮ ਝੂਮ ਕੇ ਖਾਕ ਵਿਚ ਰੁਲਦੇ ਜਾਂਦੇ ਸਨ। ਜੰਗ ਦੇ ਰੰਗ ਵਿਚ ਐਸੇ ਮਸਤ ਹੋ ਕੇ ਨੱਚਦੇ ਸਨ, ਮਾਨੋ ਧਮਾਲਾਂ ਪਾਉਂਦੇ ਸਨ। ਕਈ ਤੀਰਾਂ ਦੇ ਲੱਗਦਿਆ ਹੀ ਨਿਹੱਥੇ ਹੋ ਇਧਰ ਓਧਰ ਘੁੰਮ ਰਹੇ ਸਨ। ਜਿੰਨ੍ਹਾਂ ਦੇ ਹੱਥਾਂ ਵਿਚੋਂ ਤੀਰ ਕਮਾਨ ਛੁੱਟ ਗਏ ਸਨ ਉਹ ਖਾਲੀ ਫਿਰ ਰਹੇ ਹਨ॥੪੦੮॥

**ਗਿਰੇ ਅੰਕੁਸੰ ਬਾਰਣੰ ਬੀਰ ਖੇਤੰ॥ ਨਚੇ ਕੰਧ ਹੀਣੰ ਕਬੰਧੰ ਅਚੇਤੰ॥**
**ਭਰੈਂ ਖੇਚਰੀ ਪੱਤ੍ਰ ਚਉਸਠ ਤਾਰੀ॥ ਚਲੇ ਸਰਬ ਆਨੰਦਿ ਹੁਐ ਮਾਸਾਹਾਰੀ॥੪੦੯॥**

ਰਣ ਭੂਮੀ ਦੇ ਵਿਚ ਕਿਤੇ ਹਾਥੀ ਹਿੱਕਣ ਵਾਲੇ ਲੋਹੇ ਦੇ ਕੁੰਡੇ, ਕਿਤੇ ਹਾਥੀ ਅਤੇ ਸੂਰਮੇ ਡਿੱਗੇ ਪਏ ਸਨ। ਕਈ ਸਿਰ ਤੋਂ ਹੀਣੇ ਧੜ ਅਚੇਤ ਨੱਚ ਰਹੇ ਸਨ। ਚੌਸਠ ਜੋਗਣੀਆਂ ਤੁਰ ਫਿਰ ਕੇ ਲਹੂ ਦੇ ਖੱਪਰ ਭਰਦੀਆਂ ਸਨ। ਸਾਰੇ ਮਾਸ ਖਾਣ ਵਾਲੇ ਜੀਵ ਪ੍ਰਸੰਨ ਹੋ ਕੇ ਚਲ ਫਿਰ ਰਹੇ ਸਨ॥੪੦੯॥

**ਗਿਰੇ ਬੰਕੁੜੇ ਬੀਰ ਬਾਜੀ ਸੁਦੇਸੰ॥ ਪਰੇ ਪੀਲਵਾਨੰ ਛੁਟੇ ਚਾਰ ਕੇਸੰ॥**
**ਕਰੈ ਪੈਜ ਵਾਰੰ ਪ੍ਰਚਾਰੰਤ ਬੀਰੰ॥ ਉਠੈ ਸ੍ਰੋਣ ਧਾਰੰ ਅਪਾਰੰ ਹਮੀਰੰ॥੪੧੦॥**

ਬਾਂਕੇ ਸੂਰਮੇ ਅਤੇ ਘੋੜੇ ਡਿੱਗ ਰਹੇ ਸਨ ਅਤੇ ਦੂਸਰੇ ਪਾਸੇ ਹਾਥੀਆਂ ਵਾਲੇ ਧਰਤੀ ਤੇ ਆ ਪਏ ਸਨ, ਜਿਨ੍ਹਾਂ ਦੇ ਸੁੰਦਰ ਕੇਸ ਖੁਲ੍ਹ ਗਏ ਸਨ। ਕਈ ਪ੍ਰਤਿਗਿਆ ਕਰਨ ਵਾਲੇ ਸੂਰਮੇ ਲਲਕਾਰੇ ਮਾਰਦੇ ਡਿੱਗ ਰਹੇ ਸਨ ਅਤੇ ਉਨ੍ਹਾਂ ਦੇ ਸਰੀਰ ਵਿਚੋਂ ਲਹੂ ਦੀ ਧਾਰਾ ਵਹਿ ਰਹੀ ਸੀ॥੪੧੦॥

**ਛੁਟੈਂ ਚਾਰਿ ਚਿਤ੍ਰੰ ਬਚਿਤ੍ਰੰਤ ਬਾਣੰ॥ ਚਲੇ ਬੈਠ ਕੈ ਸੂਰਬੀਰੰ ਬਿਮਾਣੰ॥**
**ਗਿਰੇ ਬਾਰੁਣੰ ਬਿੱਥਰੀ ਲੁੱਥ ਜੁੱਥੰ॥ ਖੁਲੇ ਸੁਰਗਦੁਆਰੰ ਗਏ ਵੀਰ ਅੱਛਥੰ॥੪੧੧॥**

ਸੁੰਦਰ ਚਿਤ੍ਰਕਾਰੀ ਵਾਲੇ ਅਲੌਕਿਕ ਧਨੁੱਖ ਬਾਣ ਹੱਥਾਂ ਵਿਚੋਂ ਛੁੱਟ ਗਏ ਸਨ, ਅਤੇ ਸੂਰਬੀਰ ਬਿਮਾਣਾਂ ਵਿਚ ਚੜ੍ਹਕੇ ਸੁਰਗ ਨੂੰ ਚਲੇ ਸਨ। ਰਣ ਭੂਮੀ ਵਿਚ ਡਿੱਗੇ ਪਏ ਸਨ, ਅਤੇ ਲੋਥਾਂ ਦੇ ਝੁੰਡ ਖਿਲਰੇ ਪਏ ਸਨ। ਸਵਰਗ ਦੇ ਦਰਵਾਜ਼ੇ ਖੁੱਲ੍ਹ ਗਏ, ਅਤੇ ਮੁਕਤ ਹੋਏ ਸੂਰਮੇ ਅੰਦਰ ਚਲੇ ਜਾ ਰਹੇ ਸਨ॥੪੧੧॥

**ਦੋਹਰਾ॥ ਇਹ ਬਿਧਿ ਹਤ ਸੈਨਾ ਭਈ ਰਾਵਨ ਰਾਮ ਬਿਰੁੱਧ॥**
**ਲੰਕ ਬੰਕ ਪ੍ਰਾਪਤ ਭਯੋ ਦਸਸਿਰ ਮਹਾ ਸਕ੍ਰੁੱਧ॥੪੧੨॥**

ਇਸ ਤਰ੍ਹਾਂ ਨਾਲ ਰਾਮ ਜੀ ਦੇ ਵਿਰੋਧੀ ਰਾਵਣ ਦੀ ਸੈਨਾ ਨਾਸ ਹੋ ਗਈ। ਅੰਤ ਨੂੰ ਦਸ ਸਿਰ ਵਾਲਾ ਰਾਵਣ ਕ੍ਰੋਧ ਨਾਲ ਲੰਕਾ ਦੇ ਸੁੰਦਰ ਕਿਲ੍ਹੇ ਅੰਦਰ ਚਲਾ ਗਿਆ॥ ੪੧੨॥

## ਭੁਜੰਗ ਪ੍ਰਯਾਤ ਛੰਦ॥

**ਤਬੈ ਮੁੱਕਲੇ ਦੂਤ ਲੰਕੇਸ਼ ਅੱਪੰ॥ ਮਨੰ ਬਚ ਕਰਮੰ ਸ਼ਿਵੰ ਜਾਪ ਜੱਪੰ॥**
**ਸਭੈ ਮੰਤ੍ਰ ਹੀਣੰ ਸਮੈ ਅੰਤ ਕਾਲੰ॥ ਭਜੋ ਏਕ ਚਿੱਤੰ ਸੁ ਕਾਲੰ ਕ੍ਰਿਪਾਲੰ॥ ੪੧੩॥**

ਤਦ ਰਾਵਣ ਨੇ ਆਪਣੇ ਦੂਤ ਕੈਲਾਸ ਤੇ ਭੇਜ ਦਿੱਤੇ। ਜੋ ਮਨ, ਬਾਣੀ ਤੇ ਸਰੀਰ ਕਰ ਕੇ ਸ਼ਿਵ ਜੀ ਦੇ ਜਾਪ ਨੂੰ ਜਪਣ ਲੱਗੇ। ਪਰ ਚੇਤੇ ਰੱਖੋ ਅੰਤ ਦਾ ਸਮਾਂ ਆ ਜਾਵੇ ਤਾਂ ਸਾਰੇ ਮੰਤ੍ਰ ਨਿਸਫਲ ਹੋ ਜਾਂਦੇ ਹਨ। ਇਸ ਲਈ ਅਜਿਹੇ ਸਮੇਂ ਇਕ ਚਿਤ ਹੋ ਕੇ ਉਸ ਕ੍ਰਿਪਾਲੂ ਕਾਲ ਜੀ ਦਾ ਸਿਮਰਨ ਕਰੋ॥ ੪੧੩॥

**ਰਥੀ ਪਾਇਕੰ ਦੰਤ ਪੰਤੀ ਅਨੰਤੰ॥ ਚਲੇ ਪੱਖਰੇ ਬਾਜ ਰਾਜੰ ਸੁ ਭੰਤੰ॥**
**ਧਸੇ ਨਾਸਕਾ ਸ੍ਰੋਣ ਮੱਝੰ ਸੁ ਬੀਰੰ॥ ਬੱਜੇ ਕਾਨ੍ਹਰੇ ਡੰਕ ਡਉਰੂ ਨਫੀਰੰ॥ ੪੧੪॥**

ਫਿਰ ਕੁੰਭ ਕਰਨ ਨੂੰ ਜਗਾਉਣ ਲਈ ਰੱਥਾਂ ਵਾਲੇ ਸੂਰਮੇ ਪੈਦਲ ਸੂਰਮੇ ਅਤੇ ਅਨੇਕਾਂ ਹੀ ਹਾਥੀਆਂ ਦੀਆਂ ਕਤਾਰਾਂ, ਪਾਖਰਾਂ ਨਾਲ ਸੋਭਦੇ ਹੋਏ ਰਾਜ ਘੋੜਿਆਂ ਵਾਲੇ ਸੂਰਮੇ ਵੀ ਤੁਰੇ। ਉਹ ਸੂਰਮੇ ਕੁੰਭ ਕਰਨ ਦੀਆਂ ਨਾਸਾਂ ਤੇ ਕੰਨ ਦੇ ਅੰਦਰ ਚਲੇ ਗਏ। ਜਿਨ੍ਹਾਂ ਰੱਥਾਂ, ਹਾਥੀਆਂ ਤੇ ਘੋੜਿਆਂ ਉਤੇ ਡੰਕ ਡੌਰੂ ਤੇ ਧੌਂਸੇ ਰੱਖੇ ਹੋਏ ਸਨ, ਜਿਨ੍ਹਾਂ ਵਿਚੋਂ ਬੁਲੰਦ ਧੁਨੀ ਦੇ ਕਾਨ੍ਹੜੇ ਰਾਗ ਵੱਜਦੇ ਸਨ॥ ੪੧੪॥

**ਬਜੈ ਲਾਗ ਬਾਦੰ ਨਿਨਾਦੰਤਿ ਵੀਰੰ॥ ਉਠੈ ਗੱਦ ਸੱਦੰ ਨਿਨੱਦੰ ਨਫੀਰੰ॥**
**ਭਏ ਆਕੁਲੰ ਬਿਆਕਲੰ ਛੋਰਿ ਭਾਗਿਅੰ॥ ਬਲੀ ਕੁੰਭਕਾਨੰ ਤਊ ਨਾਹਿ ਜਾਗਿਅੰ॥ ੪੧੫॥**

ਵਾਜਿਆਂ ਨੂੰ ਸੂਰਮੇ ਕੰਨ ਪਾੜੂ ਸੁਰ ਵਿਚ ਵਜਾਉਣ ਲੱਗੇ, ਧੌਂਸਿਆਂ ਵਿਚ ਕੰਨ ਨੂੰ ਪਾੜਨ ਵਾਲੀ ਡਰੌਣੀ ਸੁਰ ਨਿਕਲਣ ਲੱਗੀ। ਜਿਸ ਦੀ ਆਵਾਜ਼ ਨਾਲ ਅਕਲ ਵਾਲੇ ਅਕਲ ਤੋਂ ਹੀਣੇ (ਪਾਗਲ) ਹੋ ਕੇ ਆਪਣਾ ਸਥਾਨ ਛੱਡ ਕੇ ਭੱਜ ਗਏ। ਪਰ ਤਦ ਵੀ ਕੁੰਭ ਕਰਨ ਸੂਰਮਾ ਨਾ ਜਾਗਿਆ॥ ੪੧੫॥

**ਚਲੇ ਛਾਡਿਕੈ ਆਸ ਪਾਸੰ ਨਿਰਾਸੰ॥ ਭਏ ਭ੍ਰਾਤ ਕੇ ਜਾਗਬੇ ਤੇ ਉਦਾਸੰ॥**
**ਤਬੈ ਦੇਵਕੰਨਿਆ ਕਰਿਯੋ ਗੀਤ ਗਾਨੰ॥ ਉਠਜੋ ਦੇਵ ਦੋਖੀ ਗਦਾ ਲੀਸ ਪਾਨੰ॥ ੪੧੬॥**

ਉਸ ਦੇ ਜਾਗਣ ਦੀ ਆਸ ਨੂੰ ਛੱਡ ਕੇ ਉਦਾਸ ਹੋ ਕੇ ਉਸ ਕੋਲੋਂ ਉੱਠ ਕੇ ਤੁਰ ਚਲੇ। ਭਰਾ ਦੇ ਜਾਗਣ ਦੀ ਉਮੀਦ ਤੋਂ ਰਾਵਣ ਬੇਉਮੀਦ ਹੋ ਗਿਆ। ਉਸ ਵੇਲੇ ਦੇਵਤਿਆਂ ਦੀਆਂ ਲੜਕੀਆਂ ਨੇ ਗਾਉਣਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਦੀ ਅਵਾਜ਼ ਸੁਣ ਕੇ ਦੇਵਤਿਆਂ ਦਾ ਵੈਰੀ ਕੁੰਭ ਕਰਨ ਜਾਗ ਪਿਆ ਅਤੇ ਉੱਠ ਕੇ ਉਸ ਨੇ ਹੱਥ ਗਦਾ ਫੜ ਲਈ॥ ੪੧੬॥

**ਕਰੋ ਲੰਕ ਦੇਸੰ ਪ੍ਰਵੇਸੰਤਿ ਸੂਰੰ॥ ਬਲੀ ਬੀਸ ਬਾਹੰ ਮਹਾਂ ਸ਼ਸਤ੍ਰ ਪੂਰੰ॥**
**ਕਰੈ ਲਾਗ ਮੰਤ੍ਰੰ ਕੁਮੰਤ੍ਰੰ ਬਿਚਾਰੰ॥ ਇਤੈ ਉਚਰੇ ਬੈਨ ਭ੍ਰਾਤੰਲੁਝਾਰੰ॥ ੪੧੭॥**

ਲੰਕਾ ਦੇਸ ਵਿਚ ਸੂਰਮੇ ਕੁੰਭ ਕਰਨ ਨੇ ਪ੍ਰਵੇਸ਼ ਕੀਤਾ; ਜਿਸ ਦੇ ਨਾਲ ਹੀ ਵੀਹਾਂ ਬਾਹਾਂ ਵਾਲਾ ਰਾਵਣ ਸੂਰਮਾ ਸੀ, ਜਿਸਨੇ ਵੱਡੇ ਸਸ਼ਤ੍ਰ ਧਾਰੇ ਹੋਏ ਸਨ। ਫਿਰ ਦੋਵੇਂ ਬੈਠਕੇ ਕੁਮੰਤ੍ਰ ਰੂਪ ਮੰਤ੍ਰ ਦੀ ਵੀਚਾਰ ਕਰਨ ਲੱਗੇ। ਰਾਵਣ ਨੇ ਆਪਣੇ ਲੜਾਕੇ ਭਰਾਤਾ ਕੁੰਭਕਰਨ ਨੂੰ ਸ਼ੁਰੂ ਤੋਂ ਅਖੀਰ ਤੱਕ ਸਾਰੇ ਬਚਨ ਸੁਣਾ ਦਿੱਤੇ॥ ੪੧੭॥

**ਜਲੰ ਗਾਗਰੰ ਸਪਤ ਸਾਹੰਸ੍ਰ ਪੂਰੰ॥ ਮੁਖੰ ਪੁੱਛ ਲਜੋ ਕੁੰਭਕਾਨੰ ਕਰੂਰੰ॥**
**ਕੀਯੋ ਮਾਸਹਾਰੰ ਮਹਾ ਮੱਦਜ ਪਾਨੰ॥ ਉਠਜੋ ਲੈ ਗਦਾ ਕੋ ਭਰਜੋ ਵੀਰ ਮਾਨੰ॥ ੪੧੮॥**

ਸੱਤ ਹਜ਼ਾਰ ਪਾਣੀ ਦੀਆਂ ਭਰੀਆਂ ਹੋਈਆਂ ਗਾਗਰਾਂ ਨਾਲ ਕੁੰਭ ਕਰਨ ਨੇ ਆਪਣਾ ਡਰੌਣਾ ਮੂੰਹ ਧੋ ਕੇ ਪੂੰਝ ਲਿਆ। ਫਿਰ ਮਾਸ ਖਾਧਾ ਅਤੇ ਬਹੁਤ ਸਾਰੀ ਸ਼ਰਾਬ ਪੀ ਲਈ ਅਤੇ ਗੱਦਾ ਲੈ ਕੇ ਖੜਾ ਹੋ ਗਿਆ, ਜੋ ਵੀਰਤਾ ਦਾ ਭਰਿਆ ਹੋਇਆ ਸੀ॥ ੪੧੮॥

**ਭਜੀ ਬਾਨਰੀ ਪੇਖ ਸੈਨਾ ਅਪਾਰੰ॥ ਤ੍ਰਸੇ ਜੂਥ ਪੈ ਜੂਥ ਜੋਧਾ ਜੁਝਾਰੰ॥**
**ਉਠੈ ਗੱਦ ਸੱਦੰ ਨਿਨੱਦੰਤਿ ਵੀਰੰ॥ ਫਿਰੈ ਰੁੰਡ ਮੁੰਡਿ ਤਨੰ ਤੱਛ ਤੀਰੰ॥ ੪੧੯॥**

ਜਿਸ ਨੂੰ ਵੇਖ ਕੇ ਬਹੁਤ ਸਾਰੀ ਬਾਂਦਰਾਂ ਦੀ ਫੌਜ ਭੱਜ ਗਈ। ਲੜਾਕੇ ਜੋਧਿਆਂ ਦੇ ਝੁੰਡਾਂ ਦੇ ਝੁੰਡ ਡਰ ਗਏ। ਸੂਰਮਿਆਂ ਦੇ ਲਲਕਾਰਿਆਂ ਦਾ ਕੰਨ ਪਾੜਨ ਵਾਲਾ ਸ਼ਬਦ ਉੱਠਣ ਲੱਗਾ ਅਤੇ ਤੀਰਾਂ ਨਾਲ ਛਿੱਲੇ ਹੋਏ ਤਨ ਰੁੰਡ ਮੁੰਡ ਹੋਏ ਫਿਰਨ ਲੱਗੇ। ॥ ੪੧੯॥

**ਗਿਰੈ ਮੁੰਡ ਤੁੰਡੰ ਭਸੁੰਡੰ ਗਜਾਨੰ॥ ਫਿਰੈ ਰੁੰਡ ਮੁੰਡੰ ਸੁ ਝੁੰਡੰ ਨਿਸ਼ਾਨੰ॥**
**ਰੜੈ ਕੰਕ ਬੰਕੰ ਸੱਸੰਕੰਤ ਜੋਧੰ॥ ਉਠੀ ਕੂਹ ਜੂਹੰ ਮਿਲੇ ਸੈਣ ਕ੍ਰੋਧੰ॥ ੪੨੦॥**

ਸੂਰਮਿਆਂ ਦੇ ਧੜ ਤੇ ਸਿਰ ਅਤੇ ਹਾਥੀਆਂ ਦੇ ਸੁੰਡ ਡਿੱਗੇ ਪਏ ਸਨ। ਸਿਰ ਤੋਂ ਹੀਣੇ ਝੁੰਡਾਂ ਦੇ ਝੁੰਡ ਧੁਜਾਂ ਸਮੇਤ ਬਿਖਰੇ ਫਿਰਦੇ ਸਨ। ਸੁੰਦਰ ਘੋੜੇ ਡਿੱਗ ਪਏ ਸਨ ਅਤੇ ਯੋਧੇ ਰਣਖੇਤਰ ਵਿਚ ਲਿਸ਼ਕ ਰਹੇ ਸਨ। ਬਹੁਤੀ ਡੰਡ-ਰੌਲੀ ਪੈ ਰਹੀ ਸੀ, ਅਤੇ ਕ੍ਰੋਧ ਭਰੀ ਸੈਨਾ ਆਪੋ ਵਿਚ ਮਿਲ ਰਹੀ ਸੀ, ਭਾਵ ਸੂਰਮੇ ਕਰੋਧ ਨਾਲ ਗੁੱਥਮਗੁੱਥਾ ਹੋ ਗਏ ਸਨ॥ ੪੨੦॥

**ਝਿਮੀ ਤੇਗ ਤੇਜੰ ਸਰੋਸੰ ਪ੍ਰਹਾਰੰ॥ ਖਿਮੀ ਦਾਮਨੀ ਜਾਣੁ ਭਾਦੋ ਮਝਾਰੰ॥**
**ਹਸੇ ਕੰਕ ਬੰਕੈ ਕਸੇ ਸੂਰਵੀਰੰ॥ ਢਲੀ ਢਾਲ ਮਾਲੰ ਸੁਭੇ ਤੱਛ ਤੀਰੰ॥ ੪੨੧॥**

ਕ੍ਰੋਧ ਨਾਲ ਤੇਜ਼ ਤਲਵਾਰ ਨੂੰ ਚਲਾਉਂਦੇ ਸਨ, ਤਲਵਾਰ ਇਸ ਤਰ੍ਹਾਂ ਚਮਕਦੀ ਸੀ ਮਾਨੋ ਭਾਦਰੋਂ ਦੀਆਂ ਕਾਲੀਆਂ ਘਟਾਂ ਵਿਚ ਬਿਜਲੀ ਲਿਸ਼ਕਦੀ ਹੈ। ਸੁੰਦਰ ਬਾਂਕੇ ਘੋੜੇ ਸੂਰਮਿਆਂ ਨੂੰ ਲੈ

ਕੇ ਹਿਣਕ ਰਹੇ ਸਨ ਅਤੇ ਢਾਲਾਂ ਤੇਜ਼ ਤੀਰਾਂ ਦੇ ਖੁਭਣ ਨਾਲ ਸ਼ੋਭਾ ਪਾ ਰਹੀਆਂ ਸਨ॥ ੪੨੧॥

## ਬਿਰਾਜ ਛੰਦ॥

**ਹੱਕ ਦੇਬੀ ਕਰੰ॥ ਸੱਦ ਭੈਰੋ ਰੰਰ॥ ਕਾਵਡੀ ਚਿੰਕਾਰੰ॥ ਡਾਕਣੀ ਡਿੰਕਾਰੰ॥੪੨੨॥**

ਦੇਵੀ ਨੂੰ ਖੁਸ਼ ਕਰਨ ਲਈ ਭੈਰੋਂ ਵੀ ਪੁਕਾਰ ਉਠਿਆ। ਇਲਾਂ ਚੀਕਣ ਲੱਗੀਆਂ ਅਤੇ ਚੁੜੇਲਾ ਡਕਾਰ ਮਾਰਨ ਲੱਗੀਆਂ॥ ੪੨੨॥

**ਪੱਤ੍ਰ ਜੁੱਗਣ ਭਰੰ॥ ਲੁੱਥ ਬਿੱਥੁਥਰੰ॥ ਸੰਮੁਹੇ ਸੰਘਰੰ॥ ਹੂਹ ਕਹੂੰ ਭਰੰ॥੪੨੩॥**

ਜੋਗਣੀਆਂ ਲਹੂ ਦੇ ਖੱਪਰ ਭਰਨ ਲੱਗੀਆਂ, ਲੋਥਾਂ ਖਿੰਡੀਆਂ ਪੁੰਡੀਆਂ ਪਈਆਂ ਸਨ। ਜੋਧੇ ਆਹਮੋ ਸਾਹਮਣੇ ਹੋ ਕੇ ਲੜਦੇ ਸਨ, ਰਣ ਭੂਮੀ ਵਿਚ ਕੁਰਲਾਹਟ ਮੱਚੀ ਸੀ॥ ੪੨੩॥

**ਅੱਛਰੀ ਉਛਰੰ॥ ਸਿੰਧੁਰੇ ਸਿੰਧੁਰੰ॥ ਮਾਰ ਮਾਰੁੱਚਰੰ॥ ਬੱਜ ਗੱਜੇ ਸਰੰ॥੪੨੪॥**

ਅਪੱਛਰਾਂ ਨੂੰ ਨੱਚਣ ਲੱਗੀਆਂ ਰਣ ਸਿੰਘੇ ਬੋਲਦੇ ਸਨ। ਸੂਰਮੇ ਮਾਰੋ ਮਾਰ ਕਹਿੰਦੇ ਸਨ, ਵਾਜੇ ਉੱਚੀ ਸੁਰ ਵਿਚ ਗੱਜਦੇ ਸਨ॥ ੪੨੪॥

**ਉੱਝਰੇ ਲੁੱਝਰੰ॥ ਝੁੱਮਰੇ ਜੁੱਝਰੰ॥ ਬੱਜੀਯੰ ਡੰਮਰੰ॥ ਤਾਲਣੋ ਤੁੰਬਰੰ॥੪੨੫॥**

ਯੋਧੇ ਆਪੋ ਵਿਚ ਉੱਲਝ ਪਏ ਸਨ ਅਤੇ ਝੂਮ ਝੂਮ ਡਿੱਗ ਰਹੇ ਸਨ। ਡੋਰੂ ਤੰਬੂਰੇ ਤੇ ਤਾਲ ਛੈਣੇ ਵੱਜਦੇ ਸਨ॥ ੪੨੫॥

## ਰਸਾਵਲ ਛੰਦ॥

**ਪਰੀ ਮਾਰ ਮਾਰੰ॥ ਮੰਡੇ ਸ਼ਸਤ੍ਰ ਧਾਰੰ॥ ਰਟੈ ਮਾਰ ਮਾਰੰ॥ ਤੁਟੈ ਖੱਗ ਧਾਰੰ॥੪੨੬॥**

ਸ਼ਸਤਰਾਂ ਦੇ ਵਾਰ ਪੈਣ ਲੱਗੇ ਅਤੇ ਸ਼ਸਤਰਾਂ ਦੀਆਂ ਧਾਰਾਂ ਤੇਜ਼ ਹੋਣ ਲੱਗੀਆਂ। ਸੂਰਮੇ 'ਮਾਰੋ ਮਾਰੋ' ਦੀ ਰੱਟ ਲਾਉਣ ਲੱਗੇ ਅਤੇ ਉਨ੍ਹਾਂ ਦੀਆਂ ਤਲਵਾਰਾਂ ਦੀਆਂ ਧਾਰਾਂ ਟੁੱਟਣ ਲੱਗੀਆਂ॥ ੪੨੬॥

**ਉਠੈ ਛਿੱਛ ਅਪਾਰੰ॥ ਬਹੈ ਸ੍ਰੋਣ ਧਾਰੰ॥ ਹਸੈ ਮਾਸਹਾਰੰ॥ ਪੀਐ ਸ੍ਰੋਣ ਸਜਾਰੰ॥੪੨੭॥**

ਬੇਅੰਤ ਛਿੱਟਾਂ ਉੱਡਦੀਆਂ ਸਨ, ਲਹੂ ਦਾ ਪ੍ਰਵਾਹ ਵੱਗਦਾ ਸੀ। ਮਾਸ ਖਾਣ ਵਾਲੇ ਜੀਵ ਹੱਸਦੇ ਸਨ। ਗਿੱਦੜ ਲਹੂ ਪੀਂਦੇ ਸਨ॥ ੪੨੭॥

**ਗਿਰੈ ਚਉਰ ਚਾਰੰ॥ ਭਜੇ ਏਕ ਹਾਰੰ॥ ਰਟੈ ਏਕ ਮਾਰੰ॥ ਗਿਰੇ ਸੂਰ ਸੁਆਰੰ॥੪੨੮॥**

ਕਿਤੇ ਸੁੰਦਰ ਚੋਰ ਡਿੱਗੇ ਪਏ ਸਨ, ਕਿਤੇ ਕਈ ਹਾਰ ਕੇ ਭੱਜੇ ਜਾਂਦੇ ਸਨ। ਕਈ ਮਾਰੋ ਮਾਰੋ ਬੋਲ ਰਹੇ ਸਨ: ਕਿਤੇ ਘੋੜ ਸੁਆਰ ਸੂਰਮੇ ਡਿੱਗ ਰਹੇ ਸਨ॥ ੪੨੮॥

**ਚਲੇ ਏਕ ਸੁਆਰੰ॥ ਪਰੇ ਏਕ ਬਾਰੰ॥ ਬਡੋ ਜੁੱਧ ਪਾਰੰ॥ ਨਿਕਾਰੇ ਹਥਜਾਰੰ॥ ੪੨੯॥**

ਕਈ ਸੁਆਰ ਭੱਜ ਚਲੇ ਸਨ, ਫਿਰ ਇਕ ਵਾਰ ਇਕੱਠੇ ਆ ਪੈਂਦੇ ਸਨ। ਵੱਡਾ ਜੁੱਧ ਮੱਚਿਆ ਹੋਇਆ ਸੀ, ਹਥਿਆਰ ਕੱਢ ਕੱਢ ਕੇ ਚਲਾਉਂਦੇ ਸਨ॥ ੪੨੯॥

**ਕਰੈ ਏਕ ਵਾਰੰ॥ ਲਸੈ ਖੱਗ ਧਾਰੰ॥ ਉਠੈ ਅੰਗਿਆਰੰ॥ ਲਖੈ ਬਜੋਮ ਚਾਰੰ॥ ੪੩੦॥**

ਇਕੋ ਸਮੇਂ ਵਾਰ ਕਰਦੇ ਸਨ, ਤਲਵਾਰਾਂ ਦੀ ਧਾਰ ਚਮਕਦੀ ਸੀ ਜਿਨ੍ਹਾਂ ਵਿਚੋਂ ਅੱਗ ਦੇ ਚਿਣਗਾਰੇ ਨਿਕਲਦੇ ਸਨ। ਅਕਾਸ਼ ਵਿਚ ਫਿਰਨ ਵਾਲੇ (ਦੇਵਤੇ) ਵੇਖ ਰਹੇ ਸਨ॥ ੪੩੦॥

**ਸੁ ਪੈ ਜੰਪ ਚਾਰੰ॥ ਮੰਡੇ ਅਸਤ੍ਰ ਧਾਰੰ॥ ਕਰੇਂ ਮਾਰ ਮਾਰੰ॥ ਇਕੇ ਕੰਪ ਚਾਰੰ॥ ੪੩੧॥**

ਸੂਰਮੇ ਜਿਸ ਉਤੇ ਵੀ ਟੁੱਟ ਕੇ ਪੈ ਜਾਂਦੇ ਸਨ, ਉਸ ਉਤੇ ਹੀ ਆਪਦੇ ਅਸਤਰਾਂ ਦੀ ਧਾਰ ਦਾ ਮੰਡਨ ਕਰ ਦਿੰਦੇ ਸਨ। ਉਹ ਮਾਰੋ ਮਾਰ ਪੁਕਾਰਦੇ ਸਨ ਅਤੇ ਕਈ ਕ੍ਰੋਧ ਨਾਲ ਕੰਬਦੇ ਹੋਏ ਸੋਹਣੇ ਲੱਗਦੇ ਸਨ॥ ੪੩੧॥

**ਮਹਾਂ ਬੀਰ ਜੁਟੈਂ॥ ਸਰੰ ਸੰਜ ਫੁਟੈਂ॥ ਤੜੰਕਾਰ ਛੁਟੈਂ॥ ਝੜੰਕਾਰ ਉੱਠੈਂ॥ ੪੩੨॥**

ਬਲੀ ਜੋਧੇ ਆਪੋ ਵਿਚ ਜੁੱਟੇ ਹੋਏ ਸਨ, ਤੀਰਾਂ ਨਾਲ ਸੰਜੋਆ ਟੁੱਟ ਗਈਆਂ ਸਨ। ਤੜ ਤੜ ਕਰਦੇ ਤੀਰ ਚਲ ਰਹੇ ਸਨ, ਜਿਨ੍ਹਾਂ ਵਿਚੋਂ ਝੜ ਝੜ ਕਰਦਾ ਸ਼ਬਦ ਨਿਕਲਦਾ ਸੀ॥ ੪੩੨॥

**ਸਰੰਧਾਰ ਬੁੱਠੈਂ॥ ਜਗੰ ਜੁੱਧ ਜੁੱਠੈਂ॥ ਰਣੰ ਰੋਸੁ ਰੁੱਠੈਂ॥ ਇਕੰ ਏਕ ਕੁੱਠੈਂ॥ ੪੩੩॥**

ਤੀਰਾਂ ਦਾ ਮੀਂਹ ਵੱਸਦਾ ਸੀ, ਦੋ ਦੋ ਜੋਧੇ ਆਪੋ ਵਿਚ ਜੁੱਟੇ ਹੋਏ ਸਨ। ਕ੍ਰੋਧ ਨਾਲ ਲੜਾਈ ਵਿਚ ਰੁੱਝੇ ਹੋਏ ਸਨ, ਇਕ ਨੂੰ ਇਕ ਕੋਹ ਰਿਹਾ ਸੀ॥ ੪੩੩॥

**ਢਲੀ ਢਾਲ ਉਠੈਂ॥ ਅਰੰ ਫਉਜ ਫੁਟੈਂ॥ ਕਿ ਨੇਜੇ ਪਲਟੈ॥ ਚਮਤਕਾਰ ਉੱਠੈ॥ ੪੩੪॥**

ਢਾਲਾਂ ਤੋਂ ਢਲਾ-ਢਲ ਸ਼ਬਦ ਨਿਕਲਦਾ ਸੀ, ਵੈਰੀ ਦੀ ਫੌਜ ਪਾਟ ਗਈ ਸੀ। ਕਈ ਨੇਜ਼ਿਆਂ ਨਾਲ ਪਲਟ ਸੁੱਟੇ ਸਨ। ਅਜਿਹਾ ਚਮਤਕਾਰ ਪੈਦਾ ਹੋਇਆ ਸੀ॥ ੪੩੪॥

**ਕਿਤੇ ਭੂਮਿ ਲੁੱਠੈਂ॥ ਗਿਰੇ ਏਕ ਉੱਠੈਂ॥ ਰਣੰ ਫੇਰਿ ਜੁਟੈਂ॥ ਬਹੇ ਤੇਗ ਤੁਟੈਂ॥ ੪੩੫॥**

ਕਿੰਨੇ ਹੀ ਧਰਤੀ ਤੇ ਲੇਟ ਰਹੇ ਸਨ ਅਤੇ ਕਈ ਡਿੱਗੇ ਹੋਏ ਫਿਰ ਉੱਠ ਖੜੇ ਹੁੰਦੇ ਸਨ। ਉਹ ਮੁੜ ਕੇ ਰਣ ਵਿਚ ਜੁੱਟ ਜਾਂਦੇ ਸਨ, ਅਤੇ ਕਈਆਂ ਦੀਆਂ ਤਲਵਾਰਾਂ ਟੁੱਟ ਜਾਂਦੀਆਂ ਸਨ॥ ੪੩੫॥

**ਮਚੇ ਵੀਰ ਵੀਰੰ॥ ਧਰੇ ਵੀਰ ਚੀਰੰ॥ ਕਰੈ ਸ਼ਸਤ੍ਰ ਪਾਤੰ॥ ਉਠੈ ਅਸਤ੍ਰ ਘਾਤੰ॥ ੪੩੬॥**

ਸੂਰਮੇ ਸੂਰਮਤਾ ਨਾਲ ਮੱਚੇ ਹੋਏ ਸਨ, ਸੂਰਮਿਆਂ ਨੇ ਕਵਚ ਆਦਿ ਪਹਿਨੇ ਹੋਏ ਸਨ। ਸ਼ਸਤਰ ਚਲਾਉਂਦੇ ਸਨ, ਅਤੇ ਅਸਤਰਾਂ ਨਾਲ ਜ਼ਖਮੀ ਕਰ ਰਹੇ ਸਨ॥ ੪੩੬॥

**ਇਤੈਂ ਬਾਨ ਰਾਜੰ॥ ਉਤੈ ਕੁੰਭ ਕਾਜੰ॥ ਕਰਜੋ ਸਾਲ ਪਾਤੰ॥ ਗਿਰਜੋ ਵੀਰ ਭ੍ਰਾਤੰ॥ ੪੩੭॥**

ਇਧਰੋਂ ਬਾਂਦਰਾਂ ਦਾ ਰਾਜਾ ਸੁਗ੍ਰੀਵ ਅਤੇ ਉਧਰੋਂ ਕੁੰਭ ਕਰਨ ਦੋਵੇਂ ਜੋਧੇ ਲੜ ਰਹੇ ਸਨ। ਅੰਤ ਨੂੰ ਸੁਗ੍ਰੀਵ ਨੇ ਇਕ ਐਸਾ ਵਾਰ ਕੀਤਾ, ਜਿਸ ਨਾਲ ਰਾਵਣ ਦਾ ਭਰਾਤਾ ਕੁੰਭਕਰਨ ਸਾਲ ਦਰੱਖਤ ਵਾਂਗ ਧਰਤੀ ਤੇ ਡਿੱਗ ਪਿਆ ॥ ੪੩੭ ॥

**ਦੋਊ ਜਾਂਘ ਫੂਟੀ ॥ ਰਤੰ ਧਾਰ ਛੂਟੀ ॥ ਗਿਰ ਰਾਮ ਦੇਖੇ ॥ ਬਡੇ ਦੁਸ਼ਟ ਲੇਖੇ ॥ ੪੩੮ ॥**

ਦੋਵੇਂ ਲੱਤਾਂ ਟੁੱਟ ਗਈਆਂ, ਜਿਨ੍ਹਾਂ ਵਿਚੋਂ ਲਹੂ ਦੀ ਧਾਰਾ ਛੁੱਟ ਪਈ। ਰਾਮ ਜੀ ਨੇ ਵੇਖਿਆ ਕਿ ਦੇਵਤਿਆਂ ਦਾ ਵੱਡਾ ਵਿਰੋਧੀ ਡਿੱਗ ਪਿਆ ਸੀ ॥ ੪੩੮ ॥

**ਕਰੀ ਬਾਨ ਬਰਖੰ ॥ ਭਰਜੋ ਸੈਨ ਹਰਖੰ ॥ ਹਣੇ ਬਾਨ ਤਾਣੰ ॥ ਝਿਣਜੋ ਕੁੰਭ ਕਾਣੰ ॥ ੪੩੯ ॥**

ਉਸ ਵੇਲੇ ਰਾਮ ਜੀ ਨੇ ਤੀਰਾਂ ਦੀ ਬਰਖਾ ਕੀਤੀ, ਬਾਂਦਰਾਂ ਦੀ ਫੌਜ ਵਿਚ ਅਨੰਦ ਭਰ ਗਿਆ। ਰਾਮ ਜੀ ਦੇ ਹੱਥ ਦੇ ਮਾਰੇ ਹੋਏ ਬਾਣ ਨਾਲ ਕੁੰਭ ਕਰਨ ਮਾਰਿਆ ਗਿਆ ॥ ੪੩੯ ॥

**ਭਏ ਦੇਵ ਹਰਖੰ ॥ ਕਰੀ ਪੁਹਪ ਬਰਖੰ ॥ ਸੁਣਜੋ ਲੰਕ ਨਾਥੰ ॥ ਹਣੇ ਭੂਮ ਮਾਥੰ ॥ ੪੪੦ ॥**

ਦੇਵਤੇ ਪ੍ਰਸੰਨ ਹੋਏ, ਉਨ੍ਹਾਂ ਨੇ ਰਾਮ ਜੀ ਉਤੇ ਫੁੱਲਾਂ ਦੀ ਬਰਖਾ ਕੀਤੀ। ਲੰਕ ਭਾਵ ਰਾਵਣ ਨੇ ਕੁੰਭ ਕਰਨ ਦਾ ਮਰਣਾ ਸੁਣਿਆ ਤਾਂ ਉਸ ਨੇ ਆਪਣਾ ਸਿਰ ਧਰਤੀ ਨਾਲ ਮਾਰਿਆ ॥ ੪੪੦ ॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਪ੍ਰਹਸਤ ਜੁੱਧ ਵਰਣਨ, ਕੁੰਭਕਰਨ ਬਧਹਿ ਦਸਮੋ ਧਿਆਇ ਸਮਾਪਤਮ ॥ ਸਤੁ ਸੁਭਮ ਸਤੁ ॥ ੧੦ ॥ ੪੪੦ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਪ੍ਰਹਿਸਤ ਯੁੱਧ ਵਰਣਨ, ਕੁੰਭਕਰਨ ਦਾ ਕਤਲ' ਦਸਵਾਂ ਅਧਿਆਏ ਸਮਾਪਤ ॥ ਸਤ ਸ਼ੁਭਮ ਸਤ ॥ ੧੦ ॥ ੪੪੦ ॥ ਚਲਦਾ ॥

# ਗਿਆਰ੍ਹਵਾਂ ਅਧਿਆਏ

# ਤ੍ਰਿਮੁੰਡ ਯੁੱਧ ਵਰਣਨ

## ਰਸਾਵਲ ਛੰਦ ॥

**ਪਠਜੋ ਤੀਨ ਮੁੰਡੰ ॥ ਚਲਜੋ ਸੈਨ ਝੁੰਡੰ ॥ ਕ੍ਰਿਤੀ ਚਿਤ੍ਰ ਜੋਧੀ ॥ ਮੰਡੇ ਪਰਮ ਕ੍ਰੋਧੀ ॥ ੪੬ ॥**

ਕੁੰਭਕਰਨ ਦੀ ਮੌਤ ਤੋਂ ਬਾਅਦ ਰਾਵਣ ਨੇ ਤਿੰਨਾਂ ਸਿਰਾਂ ਵਾਲੇ 'ਤ੍ਰਿਮੁੰਡ' ਦੈਂਤ ਨੂੰ ਜੰਗ ਲਈ ਭੇਜਿਆ, ਉਹ ਸੈਨਾ ਦਾ ਝੁੰਡ ਨਾਲ ਲੈ ਕੇ ਤੁਰਿਆ। ਇਸ ਦੈਂਤ ਦੀ ਬੜੀ ਕੀਰਤੀ ਸੀ ਕਿ ਇਹ ਬੜਾ ਭਾਰੀ ਜੋਧਾ ਸ਼ੀ ਅਤੇ ਵੱਡੇ ਕਰੋਧ ਨਾਲ ਰਣ ਵਿਚ ਲੜਨ ਵਾਲਾ ਸੀ ॥ ੪੪੧ ॥

**ਬਕੈਂ ਮਾਰ ਮਾਰੰ ॥ ਤਜੈ ਬਾਣ ਧਾਰੰ ॥ ਹਨੂਮੰਤ ਕੋਪੇ ॥ ਰਣੰ ਪਾਇ ਰੋਪੇ ॥ ੪੪੨ ॥**

ਮਾਰ ਲੈ, ਮਾਰ ਲੈ, ਬੋਲਦਾ ਹੋਇਆ ਤ੍ਰਿਮੁੰਡ ਤੀਰਾਂ ਦੀ ਬੁਛਾੜ ਛੱਡਦਾ ਸੀ। ਇਸ ਦੇ ਸਾਹਮਣੇ ਹਨੂੰਮਾਨ ਨੇ ਕਰੋਧ ਨਾਲ ਰਣ ਵਿਚ ਪੈਰ ਗੱਡ ਲਏ ਸਨ॥ ੪੪੨॥

**ਅਸੰ ਛੀਨ ਲੀਨੋ॥ ਤਿਸੀ ਕੰਠਿ ਦੀਨੋ॥ ਹਨਜੋ ਖਸ਼ਟ ਨੈਣੰ॥ ਹਸੇ ਦੇਵ ਗੈਣੰ॥ ੪੪੩॥**

ਹਨੂੰਮਾਨ ਨੇ ਤ੍ਰਿਮੁੰਡ ਦੇ ਹੱਥੋਂ ਤਲਵਾਰ ਖੋਹ ਲਈ ਅਤੇ ਉਸੇ ਦੀ ਗਿੱਚੀ ਵਿਚ ਖੋਬ ਦਿੱਤੀ, ਇਸ ਤਰ੍ਹਾਂ ਛੇ ਅੱਖਾਂ ਵਾਲੇ 'ਤ੍ਰਿਮੁੰਡ' ਨੂੰ ਮਾਰ ਲਿਆ, ਇਹ ਨਜ਼ਾਰਾ ਵੇਖ ਕੇ ਦੇਵਤੇ ਅਕਾਸ਼ ਵਿਚ ਹੱਸਣ ਲੱਗ ਪਏ॥ ੪੪੩॥

ਇਤਿ ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ 'ਤ੍ਰਿਮੁੰਡ ਬਧਹਿ' ਗਿਆਰਵੋਂ ਧਿਆਏ ਸਮਾਪਤਮ॥ ਸਤੁ ਸੁਭਮ ਸਤੁ॥ ੧੧॥ ੪੪੩॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਦੈਂਤ ਤ੍ਰਿਮੁੰਡ ਦਾ ਕਤਲ' ਗਿਆਰ੍ਹਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੧੧॥ ੪੪੩॥ ਚਲਦਾ॥

# ਬਾਰ੍ਹਵਾਂ ਅਧਿਆਏ

# ਮਹੋਦਰ ਮੰਤਰੀ ਯੁਧ ਵਰਣਨ

## ਰਸਾਵਲ ਛੰਦ॥

**ਸੁਣਜੋ ਲੰਕ ਨਾਥੰ॥ ਧੁਣੇ ਸਰਬ ਮਾਥੰ॥ ਕਰਜੋ ਮੱਦ ਪਾਣੰ॥ ਭਰੇ ਬੀਰ ਮਾਣੰ॥ ੪੪੪॥**

ਲੰਕਾ ਦੇ ਸਵਾਮੀ ਰਾਵਣ ਨੇ ਤ੍ਰਿਮੁੰਡ ਦਾ ਮਰਨਾ ਸੁਣਿਆਂ ਤਾਂ ਸਾਰੇ ਸਿਰਾਂ ਨੂੰ ਪਿੱਟਣ ਲੱਗਾ। ਫਿਰ ਸਾਰੇ ਦੈਂਤ ਸ਼ਰਾਬ ਪੀ ਕੇ ਸੂਰਮਗਤੀ ਦੇ ਮਾਣ ਨਾਲ ਭਰ ਗਏ॥ ੪੪੪॥

**ਮਹਿ ਖੁਆਸ ਕਰਖੈਂ॥ ਸਰੰਧਾਰ ਬਰਖੈਂ॥ ਮਹੋਦ੍ਰਾਦਿ ਵੀਰੰ॥ ਹਠੇ ਖੱਗ ਧੀਰੰ॥ ੪੪੫॥**

ਰਾਵਣ ਨੇ ਫਿਰ ਮਹੋਦਰ ਸੂਰਬੀਰ ਨੂੰ, ਜਿਹੜਾ ਬੜਾ ਹਠੀ ਸੀ ਨੂੰ ਲੜਾਈ ਵਾਸਤੇ ਭੇਜਿਆ। ਉਸਨੇ ਮੈਦਾਨ ਵਿਚ ਆਉਂਦਿਆਂ ਹੀ ਧਨੁਖ ਨੂੰ ਜ਼ੋਰ ਨਾਲ ਖਿਚਿਆ ਅਤੇ ਤੀਰਾਂ ਦਾ ਮੀਂਹ ਵਰਸਾ ਦਿੱਤਾ॥ ੪੪੫॥

## ਮੋਹਣੀ ਛੰਦ॥

**ਢਲ ਹੱਲ ਸੁੱਢਲੀ ਢੋਲਾਣੰ॥ ਰਣ ਰੰਗ ਅਭੰਗ ਕਲੋਲਾਣੰ॥**
**ਭਰਣੰਕਸੁ ਨੱਦੰ ਨਾਫੀਰੰ॥ ਬਰਣੰਕਸੁ ਬੱਜੇ ਮੱਜੀਰੰ॥ ੪੪੬॥**

'ਢਲਾਹਲ' 'ਢਲਾਹਲ' ਕਰਕੇ ਢੋਲਾਂ ਦੀ ਕੜਕੁਟ ਹੁੰਦੀ ਸੀ। ਰਣਭੂਮੀ ਵਿਚ ਇਕ ਸਾਰ

ਕਲੋਲ ਹੋ ਰਹੇ ਹਨ। 'ਝਣਣੰਕ ਝਣਣੰਕ' ਕਰਦਾ ਨਫੀਰੀ ਦਾ ਸ਼ਬਦ ਹੋ ਰਿਹਾ ਸੀ। 'ਝਰਣੰਕ ਝਰਣੰਕ' ਅਵਾਜ਼ ਕਰਦੇ ਹੋਏ ਮਜੀਰੇ ਵੱਜਦੇ ਸਨ॥ ੪੪੬॥

**ਭਰਣੰਕਸੁ ਭੇਰੀ ਘੋਰਾਣੰ॥ ਜਣ ਸਾਵਣ ਭਾਦੋ ਮੋਰਾਣੰ॥**
**ਉੱਛਲੀਏ ਪਖਰੇ ਪਾਵੰਗੰ॥ ਮੱਚੇ ਜੁੱਝਾਰੇ ਜੋਧੰਗੰ॥ ੪੪੭॥**

'ਭਰਣੰਕ ਭਰਣੰਕ' ਕਰਦੀਆਂ ਭੇਰੀਆਂ ਗੂੰਜਦੀਆਂ ਸਨ, ਮਾਨੋ ਸਾਵਣ ਭਾਦਰੋਂ ਵਿਚ ਮੋਰ ਬੋਲਦੇ ਸਨ। ਪਾਖਰਾਂ ਵਾਲੇ ਘੋੜੇ ਉੱਛਲਦੇ ਸਨ, ਲੜਾਕੇ ਜਵਾਨ ਜੁੱਧ ਦੇ ਰੰਗ ਵਿਚ ਮੱਚੇ ਹੋਏ ਸਨ॥ ੪੪੭॥

**ਸਿੰਧੁਰੀਏ ਸੁੰਡੀ ਦੰਤਾਲੇ॥ ਨੱਚੇ ਪੱਖਰੀਏ ਮੂੱਛਾਲੇ॥**
**ਓਰੜੀਏ ਸਰਬੰ ਸੈਣਾਯੰ॥ ਦੇਖੰਤ ਸੁ ਦੇਵੰ ਗੈਣਾਯੰ॥ ੪੪੮॥**

ਵੱਡੇ ਵੱਡੇ ਦੰਦਾਂ ਵਾਲੇ ਹਾਥੀ ਮਸਤ ਹੋਏ ਫਿਰਦੇ ਸਨ, ਭਿਆਨਕ ਮੁੱਛਾਂ ਵਾਲੇ ਬੀਰ ਰਸ ਵਿਚ ਮੱਤੇ ਹੋਏ ਸੂਰਮੇ ਝੁਲਾਂ ਵਾਲੇ ਘੋੜਿਆਂ ਨੂੰ ਨਚਾਉਂਦੇ ਸਨ। ਸਾਰੀ ਸੈਨਾ ਹਲਚਲ ਕਰਨ ਲੱਗੀ, ਜਿਸ ਨੂੰ ਦੇਵਤੇ ਅਕਾਸ਼ ਵਿਚ ਵੇਖ ਰਹੇ ਸਨ॥ ੪੪੮॥

**ਝੱਲੈ ਅਵਝੜੀਯੰ ਉੱਝਾੜੰ॥ ਰਣ ਉੱਠੈ ਬੈਹੈਂ ਬੱਬਾੜੰ॥**
**ਘੈ ਘੁੱਮੇ ਘਾਯੰ ਅੱਘਾਯੰ॥ ਭੂਅ ਡਿੱਗੇ ਅੱਧੋ ਅੱਧਾਯੰ॥ ੪੪੯॥**

ਬਹੁਤ ਕਠੋਰ ਸੂਰਮਿਆਂ ਦੇ ਵਾਰਾਂ ਨੂੰ ਝਲਿਆ ਜਾ ਰਿਹਾ ਸੀ। ਸੂਰਮੇ ਮੈਦਾਨ ਵਿਚ ਡਿੱਗਦੇ ਅਤੇ ਫਿਰ ਲਹੂ ਦੀ ਨਦੀ ਵਿਚ ਵਹਿ ਜਾਂਦੇ। ਘਾਵਾਂ ਤੋਂ ਰਹਿਤ ਘਾਵ ਲਗਦਿਆਂ ਹੀ ਘੇਰਨੀ ਖਾ ਕੇ ਡਿੱਗ ਪੈਂਦੇ ਸਨ, ਕਈ ਜੋਧੇ ਅੱਧੋ ਅੱਧ ਹੋ ਕੇ ਧਰਤੀ ਤੇ ਡਿੱਗ ਪਏ ਸਨ॥ ੪੪੯॥

**ਰਿਸ ਮੰਡੇ ਛੰਡੇ ਅਉ ਛੰਡੇ॥ ਹਠਿ ਹੱਸੈ ਕੱਸੈ ਕੋ ਅੰਡੈ॥**
**ਰਿਸ ਬਾਹੈਂ ਗਾਹੈਂ ਜੋ ਧਾਣੰ॥ ਰਣ ਰੋਹੈਂ ਜੋਹੈਂ ਕ੍ਰੋਧਾਣੰ॥ ੪੫੦॥**

ਵੱਡੇ ਕਰੋਧ ਦੇ ਭਰੇ ਹੋਏ ਜੋਧੇ ਨਾ ਛੱਡੇ ਜਾਣ ਵਾਲਿਆਂ ਨੂੰ ਛੱਡ ਰਹੇ ਸਨ, ਹਠ ਵਾਲੇ ਜੋਧੇ ਹੱਸ ਹੱਸ ਕੇ ਧਨੁਖ ਬਾਣਾਂ ਨੂੰ ਖਿੱਚਦੇ ਸਨ। ਜੋਧਿਆਂ ਨੂੰ ਫੜ ਕੇ ਕ੍ਰੋਧ ਨਾਲ ਵਗਾਹ ਮਾਰਦੇ ਸਨ, ਜੰਗ ਦੇ ਰੰਗ ਨੂੰ ਕਰੋਧ ਨਾਲ ਵੇਖਦੇ ਸਨ॥ ੪੫੦॥

**ਰਣ ਗੱਜੈ ਸੱਜੈ ਸ਼ਸਤ੍ਰਾਣੰ॥ ਧਨੁ ਕਰਖੈਂ ਬਰਖੈਂ ਅਸਤ੍ਰਾਣੰ॥**
**ਦਲ ਗਾਹੈ ਬਾਹੈ ਹਥਿਯਾਰੰ॥ ਰਣ ਰੁੱਝੇ ਲੁੱਝੇ ਲੁੱਝਾਰੰ॥ ੪੫੧॥**

ਸ਼ਸਤ੍ਰਾਂ ਨਾਲ ਸਜੇ ਹੋਏ ਜੋਧੇ ਰਣ ਵਿਚ ਗੱਜਦੇ ਸਨ। ਧਨੁੱਖਾਂ ਨੂੰ ਖਿੱਚਦੇ ਸਨ ਅਤੇ ਤੀਰਾਂ ਨੂੰ ਵਰਸਾਉਂਦੇ ਹਨ। ਕਈ ਸੂਰਮੇ ਫੌਜ ਨੂੰ ਗਾਹੁੰਦੇ ਹੋਏ ਹਥਿਆਰਾਂ ਨੂੰ ਚਲਾਉਂਦੇ ਸਨ। ਲੜਾਕੇ

ਜੋਧੇ ਰਣ ਵਿਚ ਰੁਝੇ ਹੋਏ ਸਨ॥ ੪੫੧॥

**ਭਟ ਭੇਦੇ ਛੇਦੇ ਬਰਯਾਮੰ॥ ਭੂਅ ਡਿੱਗੇ ਚਉਰੰ ਚਰਮਾਯੰ॥**
**ਉੱਘੇ ਜਣ ਨੇਜੇ ਮਤਵਾਲੇ॥ ਚੱਲੇ ਜਜੋਂ ਰਾਵਲ ਜਟਾਲੇ॥ ੪੫੨॥**

ਸੰਜੋਆਂ ਵਿਚ ਛੇਕ ਹੋ ਜਾਣ ਕਰਕੇ ਸੂਰਮੇ ਵਿੰਨੇ ਗਏ ਸਨ ਅਤੇ ਉਹ ਚਉਰ ਅਤੇ ਕਵਚਾਂ ਸਮੇਤ ਧਰਤੀ ਤੇ ਡਿੱਗ ਰਹੇ ਸਨ। ਲੰਮੇ ਲੰਮੇ ਨੇਜ਼ੇ ਹੱਥਾਂ ਵਿਚ ਲੈ ਕੇ ਮਤਵਾਲੇ ਸੂਰਮੇ ਇਉਂ ਫਿਰਦੇ ਸਨ ਜਿਵੇਂ ਜਟਾਂ ਵਾਲੇ ਜੋਗੀ ਜਾ ਰਹੇ ਹੋਣ ॥ ੪੫੨॥

**ਹੱਠੇ ਤਰਵਰੀਏ ਹੰਕਾਰੰ॥ ਮੱਚੇ ਪੱਖਰੀਏ ਸੂਰਾਰੰ॥**
**ਅੱਕੁੜਿਯੰ ਵੀਰੰ ਐਠਾਲੇ॥ ਤਨ ਸੋਹੇ ਪੱੜੀ ਪੱੜ੍ਹਾਲੇ॥ ੪੫੩॥**

ਹੰਕਾਰ ਦੇ ਭਰੇ ਹੋਏ ਤਲਵਾਰਾਂ ਵਾਲੇ ਹਠੀ ਸੂਰਮੇ ਪਾਖਰਾਂ ਵਾਲੇ ਘੋੜਿਆਂ ਉੱਤੇ ਚੜ੍ਹ ਕੇ ਕ੍ਰੋਧ ਨਾਲ ਭਖੇ ਹੋਏ ਸਨ। ਆਕੜ ਵਾਲੇ ਜੋਧੇ ਆਕੜਦੇ ਸਨ, ਜਿਨ੍ਹਾਂ ਦੇ ਸਰੀਰ ਵਿਚ ਖੰਭਾਂ ਵਾਲੇ ਤੀਰ ਗੱਡੇ ਹੋਏ ਸੋਭਦੇ ਸਨ॥ ੪੫੩॥

## ਨਵ ਨਾਮਕ ਛੰਦ॥

**ਤਰਭਰ ਪਰਸਰ॥ ਨਿਰਖਤ ਸੁਰਨਰ॥ ਹਰਪੁਰ ਪੁਰ ਸੁਰ॥ ਨਿਰਖਤ ਬਰਨਰ॥ ੪੫੪॥**

ਸੂਰਬੀਰ ਤੜਫਦੇ ਵਿਖਾਈ ਦੇ ਰਹੇ ਸਨ। ਜਿਨ੍ਹਾਂ ਨੂੰ ਦੇਵਤੇ ਅਤੇ ਮਨੁੱਖ ਵੇਖਦੇ ਸਨ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਇੰਦਰ ਲੋਕ ਭੂਤਾਂ ਪ੍ਰੇਤਾ ਨਾਲ ਭਰ ਕੇ ਸ਼ਿਵਜੀ ਦਾ ਨਿਵਾਸ ਬਣ ਗਿਆ ਹੋਵੇ॥ ੪੫੪॥

**ਬਰਖਤ ਸਰਬਰ॥ ਕਰਖਤ ਧਨ ਕਰ॥ ਪਰਹਰ ਪੁਰ ਕਰ॥ ਨਿਰਖਤ ਬਰਨਰ॥ ੪੫੫॥**

ਬਲ ਨਾਲ ਤੀਰ ਵਰਸਾਉਂਦੇ ਸਨ, ਹੱਥ ਨਾਲ ਧਨੁੱਖ ਨੂੰ ਖਿੱਚਦੇ ਸਨ। ਸਾਰੀ ਨਗਰੀ ਤੀਰਾਂ ਨਾਲ ਭਰ ਗਈ ਸੀ, ਸਾਰੇ ਲੋਕ ਵੇਖ ਰਹੇ ਸਨ॥ ੪੫੫॥

**ਸਰਬਰ ਧਰ ਕਰ॥ ਪਰਹਰ ਪੁਰਸਰ॥ ਪਰਖਤ ਉਰ ਨਰ॥ ਨਿਸਰਤ ਉਰ ਧਰ॥ ੪੫੬॥**

ਚੰਗਾ ਤੀਰ ਧਨੁੱਖ ਵਿਚ ਧਾਰਨ ਕਰਦੇ ਸਨ। ਭਰੇ ਹੋਏ ਤੀਰ ਨੂੰ ਚਲਾ ਦੇਂਦੇ ਸਨ। ਉਹ ਤੀਰ ਬੰਦੇ ਦੀ ਛਾਤੀ ਨੂੰ ਪਰਖਦੇ ਸਨ, ਅਤੇ ਦੂਜੇ ਪਾਸੇ (ਪਿੱਠ) ਵੱਲ ਨਿਕਲ ਜਾਂਦੇ ਸਨ॥ ੪੫੬॥

**ਉਝਰਤ ਜੁਝ ਕਰ॥ ਬਿਝੁਰਤ ਜੁਝ ਨਰ॥ ਹਰਖਤ ਮਸਹਰ॥ ਬਰਖਤ ਸਿਤ ਸਰ॥ ੪੫੭॥**

ਜੁੱਧ ਕਰਕੇ ਉੱਝੜ ਜਾਂਦੇ ਸਨ ਅਤੇ ਸ਼ਹੀਦ ਹੋ ਕੇ ਸਾਥੀਆਂ ਤੋਂ ਵਿਛੁੜ ਜਾਂਦੇ ਸਨ। ਮਾਸਾਹਾਰੀ ਪ੍ਰਸੰਨ ਹੁੰਦੇ ਸਨ। ਚਮਕਦਾਰ ਤੀਰ ਬਰਸਦੇ ਸਨ॥ ੪੫੭॥

ਝੁਰ ਝਰ ਕਰ ਕਰ ॥ ਡਰ ਡਰ ਧਰ ਹਰ ॥ ਹਰ ਬਰ ਧਰ ਕਰ ॥ ਬਿਹਰਤ ਉਠ ਨਰ ॥ ੪੫੮ ॥

ਕਈ ਛੁਰ ਛੁਰ ਕਰ ਕਰ ਕੇ ਝਾੜਦੇ ਸਨ। ਕਈ ਉਨ੍ਹਾਂ ਤੋਂ ਡਰ ਡਰ ਕੇ ਕੰਬਦੇ ਸਨ। ਘਬਰਾਹਟ ਨੂੰ ਧਾਰਨ ਕਰ ਕੇ ਕਈ ਬੰਦੇ ਉੱਠ ਕੇ ਫਿਰਨ ਲੱਗ ਜਾਂਦੇ ਸਨ॥ ੪੫੮ ॥

ਉਚਰਤ ਜਸ ਨਰ ॥ ਬਿਚਰਤ ਧਸਿ ਨਰ ॥ ਥਰਕਤ ਨਰਹਰ ॥ ਬਰਖਤ ਭੁਅ ਪਰ ॥ ੪੫੯ ॥

ਬੰਦੇ ਜਸ ਉਚਾਰਦੇ ਸਨ। ਵਿਰੋਧੀ ਪੱਖ ਦੇ ਪੁਰਸ਼ ਨੂੰ ਅੱਗੇ ਧੱਸੀ ਫਿਰਦੇ ਸਨ। ਕ੍ਰੋਧ ਨਾਲ ਨਰ ਸਿੰਘ ਵਾਂਗੂੰ ਕੰਬ ਰਹੇ ਹਨ, ਵੈਰੀ ਧਰਤੀ ਉੱਤੇ ਡਿੱਗਦੇ ਜਾਂਦੇ ਸਨ॥ ੪੫੯ ॥

## ਤਿਲਕੜੀਆ ਛੰਦ ॥

ਚਟਾਕ ਚੋਟੈ ॥ ਅਟਾਕ ਓਟੈ ॥ ਝੜਾਕ ਝਾੜੈ ॥ ਤੜਾਕ ਤਾੜੈ ॥ ੪੬੦ ॥

ਚਟੱਕ ਕਰ ਕੇ ਤਲਵਾਰ ਦੀ ਚੋਟ ਕਰਦੇ ਸਨ, ਅਗੋਂ ਢਾਲ ਦੀ ਓਟ ਲੈ ਕੇ ਰੋਕ ਲੈਂਦੇ ਸਨ। ਦੂਜੇ ਉਤੇ ਫਿਰ ਝਟ ਕਰ ਕੇ ਤਲਵਾਰ ਝਾੜਦੇ ਸਨ, ਤੜ ਤੜ ਕਰਦੀ ਬੰਦੂਕ ਨਾਲ ਵਿੰਨ੍ਹ ਸੁੱਟਦੇ ਸਨ॥ ੪੬੦ ॥

ਫਿਰੰਤ ਹੂਰੰ ॥ ਬਰੰਤ ਸੂਰੰ ॥ ਰਣੰਤ ਜੋਹੰ ॥ ਉਠੰਤ ਕ੍ਰੋਹੰ ॥ ੪੬੧ ॥

ਅਕਾਸ਼ ਅੰਦਰ ਹੂਰਾਂ ਫਿਰਦੀਆਂ ਸਨ, ਜੋ ਸੂਰਮਿਆਂ ਨੂੰ ਵਰਦੀਆਂ ਸਨ। ਜੋ ਕਿਤੇ ਘੁੰਘਰੂਆਂ ਦੀ ਛਣਕਾਰ ਸੁਣਦੇ ਸਨ, ਤਾਂ ਕ੍ਰੋਧ ਨਾਲ ਖੜੇ ਹੋ ਜਾਂਦੇ ਸਨ॥ ੪੬੧ ॥

ਭਰੰਤ ਪੱਤ੍ਰੰ ॥ ਤੁਟੰਤ ਅੱਤ੍ਰੰ ॥ ਝੜੰਤ ਅਗਨੰ ॥ ਜਲੰਤ ਜਗਨੰ ॥ ੪੬੨ ॥

ਜੋਗਨੀਆਂ ਖੱਪਰ ਭਰਦੀਆਂ ਸਨ, ਤੀਰ ਟੁੱਟਦੇ ਜਾਂਦੇ ਸਨ। ਤਲਵਾਰਾਂ ਦੇ ਭਿੜਨ ਤੋਂ ਅੱਗ ਝੜਦੀ ਸੀ, ਮਾਨੋ ਜੁਗਨੂੰ ਨਾਮ ਦਾ ਜੀਵ ਪ੍ਰਕਾਸ਼ ਕਰਦਾ ਸੀ॥ ੪੬੨ ॥

ਤੁਟੰਤ ਖੋਲੰ ॥ ਜੁਟੰਤ ਟੋਲੰ ॥ ਖਿਮੰਤ ਖੱਗੰ ॥ ਉਠੰਤ ਅੱਗੰ ॥ ੪੬੩ ॥

ਸੂਰਮਿਆਂ ਦੇ ਸਿਰ ਦੇ ਟੋਪ ਟੁੱਟਦੇ ਜਾ ਰਹੇ ਸਨ, ਟੋਲਿਆਂ ਦੇ ਟੋਲੇ ਇਕੱਠੇ ਹੁੰਦੇ ਜਾਂਦੇ ਸਨ। ਤਲਵਾਰਾਂ ਚਮਕਦੀਆਂ ਸਨ, ਮਾਨੋ ਅੱਗ ਨਿਕਲਦੀ ਸੀ॥ ੪੬੩ ॥

ਚਲੰਤ ਬਾਣੰ ॥ ਰੁਕੰ ਦਿਸਾਣੰ ॥ ਪਪਾਤ ਸ਼ਸਤ੍ਰੰ ॥ ਅਘਾਤ ਅਸਤ੍ਰੰ ॥ ੪੬੪ ॥

ਤੀਰ ਚਲਦੇ ਸਨ, ਸਭ ਦਿਸਾਂ ਰੁਕ ਗਈਆਂ ਸਨ। ਸ਼ਸਤਰਾਂ ਦੀ ਮਾਰ ਕਰਦੇ ਸਨ, ਅਸਤਰਾਂ ਦੀ ਅਘਾਤ ਭਾਵ ਚੋਟ ਚਲਾਉਂਦੇ ਸਨ॥ ੪੬੪ ॥

ਖਹੰਤ ਖੱਤ੍ਰੀ ॥ ਭਿਰੰਤ ਅੱਤ੍ਰੀ ॥ ਬੁਠੰਤ ਬਾਣੰ ॥ ਖਿਵੈ ਕ੍ਰਿਪਾਣੰ ॥ ੪੬੫ ॥

ਸ਼ਸਤ੍ਰੀਧਾਰੀ ਆਪੋ ਵਿਚ ਖਹਿੰਦੇ ਸਨ, ਅਸਤ੍ਰਾਂ ਵਾਲੇ ਆਪੋ ਵਿਚ ਭਿੜਦੇ ਸਨ। ਤੀਰਾਂ ਦੀ

ਬਰਖਾ ਹੁੰਦੀ ਸੀ ਅਤੇ ਤਲਵਾਰਾਂ ਚਮਕਦੀਆਂ ਸਨ॥ ੪੬੫॥

**ਦੋਹਰਾ॥ ਲੁੱਥ ਜੁੱਥ ਬਿੱਥੁਰ ਰਹੀ ਰਾਵਣ ਰਾਮ ਬਿਰੁੱਧ॥**
**ਹਤਯੋ ਮਹੋਦਰ ਦੇਖ ਕਰ ਹਰਿ ਅਰਿ ਫਿਰਯੋ ਸੁ ਕ੍ਰੁੱਧ॥ ੪੬੬॥**

ਰਾਮ ਦੇ ਬਿਰੁਧ ਪੱਖ ਵਾਲੇ ਰਾਵਣ ਦੀ ਫੌਜ ਦੀਆਂ ਲੋਥਾਂ ਦੇ ਝੁੰਡ ਖਿਲਰੇ ਪਏ ਸਨ। ਇਸ ਤਰ੍ਹਾਂ ਮਹੋਦਰ ਮੰਤ੍ਰੀ ਨੂੰ ਮਰਦਾ ਵੇਖਕੇ ਹਰ ਅਰ ਭਾਵ ਇੰਦ੍ਰ ਦਾ ਵੈਰੀ (ਮੇਘਨਾਦ) ਕਰੋਧ ਨਾਲ ਅੱਗੇ ਵਧਿਆ॥ ੪੬੬॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਮਹੋਦਰ ਮੰਤ੍ਰੀ ਬਧਹਿ' ਧਿਆਇ ਬਾਰਵੋਂ ਸਮਾਪਤਮ ਸਤੁ ਸੁਭਮ ਸਤੁ॥ ੧੨॥ ੪੬੬॥ ਅਫਜੂੰ॥

ਸ੍ਰੀ ਬਚਿਤਰ ਨਾਟਕ ਗ੍ਰੰਥ, ਰਾਮਾਵਤਾਰ, 'ਮਹੋਦਰ ਮੰਤਰੀ ਦਾ ਕਤਲ' ਬਾਰ੍ਹਵਾਂ ਅਧਿਆਏ ਸਮਾਪਤ॥ ਸਤ ਸ਼ੁਭਮ ਸਤ॥ ੧੨॥ ੪੬੬॥ ਚਲਦਾ॥

# ਤੇਰ੍ਹਵਾਂ ਅਧਿਆਏ

# ਮੇਘਨਾਦ ਯੁਧ ਵਰਣਨ

## ਸਿਰਖਿੰਡੀ ਛੰਦ॥

**ਜੁੱਟੇ ਵੀਰ ਜੁਝਾਰੇ ਧੱਗਾਂ ਵੱਜੀਆਂ॥ ਬੱਜੇ ਨਾਦ ਕਰਾਰੇ ਦਲਾਂ ਮੁਸਾਹਦਾ॥**
**ਲੁੱਝੇ ਕਾਰਣਯਾਰੇ ਸੰਘਰ ਸੂਰਮੇ॥ ਵੁੱਠੇ ਜਾਣੁ ਡਰਾਰੇ ਘਣੀਅਰ ਕੈਬਰੀ॥ ੪੬੭॥**

ਜਿਸ ਵੇਲੇ ਡੱਫਾਂ ਵੱਜੀਆਂ, ਲੜਾਕੇ ਸੂਰਮੇ ਉਸੇ ਵੇਲੇ ਆਪੋ ਵਿਚ ਜੁੱਟ ਪਏ। ਜਦੋਂ ਜ਼ੋਰ ਨਾਲ ਧੌਂਸੇ ਵੱਜੇ, ਉਸ ਵੇਲੇ ਦੋਹਾਂ ਫੌਜਾਂ ਦਾ ਮੁਕਾਬਲਾ ਹੋ ਗਿਆ। ਜੁੱਧ ਕਰਨ ਵਾਲੇ ਸੂਰਮੇ ਲੜਦੇ ਸਨ। ਇਸ ਤਰ੍ਹਾਂ ਤੀਰਾਂ ਦੀ ਬਰਖਾ ਹੁੰਦੀ ਸੀ, ਮਾਨੋ ਕਾਲੇ ਬਦਲ ਤੋਂ ਬਰਖਾ ਹੋ ਰਹੀ ਹੈ॥ ੪੬੭॥

**ਵੱਜੇ ਸੰਗਲੀਆਲੇ ਹਾਠਾਂ ਜੁੱਟੀਆਂ॥ ਖੇਤ ਬਹੇ ਮੁੱਛਾਲੇ ਕਹਰ ਤਤਾਰਚੇ॥**
**ਡਿੱਗੇ ਵੀਰ ਜੁੱਝਾਰੇ ਹੂੰਗਾਂ ਫੁੱਟੀਆਂ॥ ਬੱਕੇ ਜਣ ਮਤਵਾਲੇ ਭੰਗਾਂ ਖਾਇਕੈ॥ ੪੬੮॥**

ਜਦ ਸੰਗਲਾਂ ਵਾਲੇ ਧੌਂਸੇ ਵੱਜੇ, ਉਸ ਵੇਲੇ ਦੋਵੇਂ ਧਿਰਾਂ ਆਪੋ ਵਿਚ ਜੁੱਟ ਪਈਆਂ। ਬੀਰ ਰਸ ਦੇ ਮੱਤੇ ਹੋਏ ਸੂਰਮੇ ਰਣ ਭੂਮੀ ਵਿਚ ਕਹਿਰ ਦੇ ਤੀਰ ਚਲਾਉਂਦੇ ਸਨ। ਜੋ ਲੜਾਕੇ ਜੋਧੇ ਡਿੱਗੇ ਪਏ ਸਨ, ਉਨ੍ਹਾਂ ਦੀਆਂ ਹੂੰਗਰਾਂ ਨਿਕਲ ਰਹੀਆਂ ਸਨ। ਇਸ ਤਰ੍ਹਾਂ ਬੋਲਦੇ ਸਨ, ਮਾਨੋ ਭੰਗਾਂ ਪੀ ਕੇ ਮਤਵਾਲੇ ਹੋਏ ਹੋਏ ਸਨ॥ ੪੬੮॥

**ਓਰੜਏ ਹੰਕਾਰੀ ਧੱਗਾਂ ਵਾਇਕੈ॥ ਵਾਹਿ ਫਿਰੇ ਤਰਵਾਰੀ ਸੂਰੇ ਸੂਰਿਆਂ॥ ਵੱਗੈ ਰਤੁ ਝੁਲਾਰੀ ਝਾੜੀ ਕੈਬਰੀ॥ ਪਾਈ ਧੂੰਮ ਲੁੜਾਰੀ ਰਾਵਣ ਰਾਮ ਦੀ॥ ੪੬੯॥**

ਵੱਡੇ ਧੌਂਸਿਆਂ ਨੂੰ ਵਜਾ ਕੇ ਹੰਕਾਰੀ ਝੱਪਟ ਕੇ ਪਏ ਸਨ। ਸੂਰਮੇ ਸੂਰਮਿਆਂ ਉੱਪਰ ਤਲਵਾਰਾਂ ਚਲਾਉਂਦੇ ਫਿਰਦੇ ਸਨ। ਤੀਰਾਂ ਦੀ ਝਾੜੀ ਹੋਈ ਫੌਜ ਵਿਚੋਂ ਝੁਲਾਰਾਂ ਦੇ ਪਾਣੀ ਵਾਂਗੂੰ ਲਹੂ ਵਗਦਾ ਸੀ। ਲੜਾਕੇ ਜੋਧਿਆਂ ਨੇ ਰਾਵਣ ਤੇ ਰਾਮ ਦੀ ਧੂੰਮ ਪਾਈ ਹੋਈ ਸੀ॥ ੪੬੯॥

**ਚੋਬੀ ਧਉਸ ਵਜਾਈ ਸੰਘਰੁ ਮੱਚਿਆ॥ ਬਾਹਿ ਫਿਰੇ ਵੈਰਾਈ ਤੁਰੇ ਤਤਾਰਚੇ॥ ਹੂਰਾਂ ਚਿੱਤ ਵਧਾਈ ਅੰਬਰ ਪੂਰਿਆ॥ ਜੋਧਿਯਾਂ ਦੇਖਣ ਤਾਈ ਹੂਲੇ ਹੋਈਆਂ॥ ੪੭੦॥**

ਧੌਂਸੇ ਨੂੰ ਚੋਬਾਂ ਨੇ ਵਜਾਇਆ ਤਾਂ ਜੰਗ ਮੱਚ ਪਿਆ। ਘੋੜਿਆਂ ਤੇ ਚੜ੍ਹੇ ਹੋਏ ਜੋਧੇ ਵੈਰੀਆਂ ਵਲ ਤੀਰ ਚਲਾਉਂਦੇ ਫਿਰਦੇ ਸਨ। ਅਪੱਛਰਾਂ ਦੇ ਚਿਤ ਵਿਚ ਖੁਸ਼ੀ ਹੋ ਰਹੀ ਸੀ, ਅਤੇ ਉਨ੍ਹਾਂ ਨਾਲ ਸਾਰਾ ਅਕਾਸ਼ ਭਰਿਆ ਹੋਇਆ ਸੀ। ਜੋਧਿਆਂ ਨੂੰ ਵੇਖਣ ਵਾਸਤੇ ਹੋਹੀਂ ਪਾਸੀਂ ਇਕੱਠੀਆਂ ਹੋਈਆਂ ਫਿਰਦੀਆਂ ਸਨ॥ ੪੭੦॥

**ਪਾਧੜੀ ਛੰਦ॥ ਇੰਦ੍ਰਾਰ ਵੀਰ ਕੁੱਪਜੋ ਕਰਾਲ॥ ਮੁਕਤੰਤ ਬਾਣ ਗਹਿ ਧਨੁ ਬਿਸਾਲ॥ ਥਰਕੰਤ ਲੁੱਥ ਫਰਕੰਤ ਬਾਹ॥ ਜੁੱਝੰਤ ਸੂਰ ਅੱਛਰੈ ਉਛਾਹ॥ ੪੭੧॥**

ਇੰਦ੍ਰਾਰਿ ਭਾਵ ਮੇਘਨਾਦ ਸੂਰਮੇ ਨੇ ਭਿਆਨਕ ਕ੍ਰੋਧ ਕੀਤਾ। ਵੱਡੇ ਭਾਰੇ ਧਨੁੱਖ ਨੂੰ ਫੜ ਕੇ ਤੀਰ ਛੱਡਦਾ ਸੀ। ਲੋਥਾਂ ਤੜਫਦੀਆਂ ਸਨ ਅਤੇ ਸੂਰਮਿਆਂ ਦੀਆਂ ਬਾਹਾਂ ਫਰਕਦੀਆਂ ਸਨ। ਸੂਰਮੇ ਸ਼ਹੀਦ ਹੁੰਦੇ ਸਨ ਅਤੇ ਅਪੱਛਰਾਂ ਨੂੰ ਖੁਸ਼ੀ ਹੋ ਰਹੀ ਸੀ॥ ੪੭੧॥

**ਚਮਕੰਤ ਚੱਕ੍ਰ ਸਰਖੰਤ ਸੇਲ॥ ਜੁੱਮੇ ਜਟਾਲ ਜਣ ਗੰਗ ਮੇਲ॥ ਸੰਘਰੇ ਸੂਰ ਆਘਾਇ ਘਾਇ॥ ਬਰਖੰਤ ਬਾਣ ਚੜ ਚਉਪ ਚਾਇ॥ ੪੭੨॥**

ਚੱਕ੍ਰ ਚਮਕਦੇ ਸਨ, ਸੇਲੇ ਚਲਦੇ ਸਨ। ਜਟਾਂ ਵਾਲੇ ਰਾਖਸ਼ ਇਕੱਠੇ ਹੋਏ ਹੋਏ ਇਸ ਤਰ੍ਹਾਂ ਮਲੂਮ ਹੁੰਦੇ ਸਨ ਮਾਨੋ ਗੰਗਾ ਦੇ ਮੇਲੇ ਤੇ ਸਾਧੂ ਇਕੱਠੇ ਹੋਏ ਹੋਏ ਸਨ। ਘਾਵਾਂ ਤੋਂ ਰਹਿਤ ਸੂਰਮੇ ਜੰਗ ਵਿਚ ਘਾਵ ਖਾਂਦੇ ਸਨ। ਤੀਰਾਂ ਦੀ ਬਰਖਾ ਕਰਦੇ ਸਨ। ਅਤੇ ਸੂਰਮਿਆਂ ਦੇ ਚਿੱਤ ਵਿਚ ਚਾਅ ਚੜ੍ਹ ਰਿਹਾ ਸੀ॥ ੪੭੨॥

**ਸੁੰਮਲੇ ਸੂਰ ਆਹੁਰੇ ਜੰਗ॥ ਬਰਖੰਤ ਬਾਣ ਬਿਖ ਧਰ ਸੁਰੰਗ॥ ਨਭਿ ਹ੍ਵੈ ਅਲੋਪ ਸਰ ਬਰਖ ਧਾਰ॥ ਸਭ ਊਚ ਨੀਚ ਕਿੰਨੇ ਸੁਮਾਰ॥ ੪੭੩॥**

ਆਪਣਾ ਆਪ ਸੰਭਾਲ ਕੇ ਸੂਰਮੇ ਜੰਗ ਵਿਚ ਰੁੱਝੇ ਹੋਏ ਹਨ। ਉਹ ਅਜਿਹੇ ਤੀਰਾਂ ਦੀ ਬਰਖਾ ਕਰਦੇ ਸਨ, ਜਿਨ੍ਹਾਂ ਨੂੰ ਜ਼ਹਿਰ ਦੀ ਪੁੱਠ ਚੜ੍ਹੀ ਹੋਈ ਸੀ। ਤੀਰਾਂ ਦੀ ਅਜਿਹੀ ਮੋਹਲੇਦਾਰ ਬਰਖਾ ਹੋਈ,

ਜਿਸ ਵਿਚ ਅਕਾਸ਼ ਬਿਲਕੁਲ ਲੁਕ ਗਿਆ। ਛੋਟੇ ਵੱਡੇ ਸਭ ਮਾਰੇ ਗਏ ਕੋਈ ਗਿਣਤੀ ਨਾ ਰਹੀ॥ ੪੭੩॥

**ਸਭ ਸ਼ਸਤ੍ਰ ਅਸਤ੍ਰ ਬਿੱਦਿਆ ਪ੍ਰਬੀਨ॥ ਸਰ ਧਾਰ ਬਰਖ ਸਰਦਾਰ ਚੀਨ॥**
**ਰਘੁਰਾਜ ਆਦਿ ਮੋਹੇ ਸੁ ਬੀਰ॥ ਦਲ ਸਹਿਤ ਭੂਮ ਡਿੱਗੇ ਅਧੀਰ॥ ੪੭੪॥**

ਮੇਘਨਾਦ ਸਾਰੀ ਸ਼ਸਤਰ ਤੇ ਅਸਤਰ ਵਿਦਆ ਵਿਚ ਨਿਪੁੰਨ ਸੀ। ਉਸ ਸੂਰਮੇ ਸਰਦਾਰ ਨੇ ਨਾਗ ਮੰਤ੍ਰ ਪੜ੍ਹਕੇ ਤੀਰਾਂ ਦੀ ਮੋਹਲੇ ਧਾਰ ਵਰਖਾ ਕਰ ਦਿੱਤੀ। ਜਿਸ ਨਾਲ ਰਾਮ ਚੰਦ੍ਰ ਆਦਿ ਸੂਰਮੇ ਮੋਹੇ ਗਏ, ਅਤੇ ਫੌਜ ਦੇ ਸਮੇਤ ਬੇਸੁਧ ਹੋ ਕੇ ਧਰਤੇ ਤੇ ਡਿੱਗ ਪਏ॥ ੪੭੪॥

**ਤਬ ਕਹੀ ਦੂਤ ਰਾਵਣਹਿ ਜਾਇ॥ ਕਪਿ ਕਟਕ ਆਜੁ ਜੀਤਜੋ ਬਨਾਇ॥**
**ਸੀਅ ਭਜਹੁ ਆਜੁ ਹੁਐ ਕੈ ਨਿਚੀਤ॥ ਸੰਘਰੇ ਰਾਮ ਰਣ ਇੰਦ੍ਰਜੀਤ॥ ੪੭੫॥**

ਉਸੇ ਵੇਲੇ ਦੂਤ ਨੇ ਜਾ ਕੇ ਰਾਵਣ ਨੂੰ ਇਹ ਗੱਲ ਕਹੀ, ਕਿ ਬਾਂਦਰਾਂ ਦੀ ਫੌਜ ਅੱਜ ਪੂਰੀ ਤਰ੍ਹਾਂ ਜਿੱਤੀ ਗਈ ਹੈ। ਤੁਸੀਂ ਅੱਜ ਬੇਫਿਕਰ ਹੋ ਕੇ ਸੀਤਾ ਨਾਲ ਰੰਗ-ਰਲੀਆਂ ਕਰੋ, ਕਿਉਂਕਿ ਰਾਮ ਜੀ ਰਣ ਵਿਚ ਮੇਘਨਾਦ ਨਾਲ ਲੜ ਮੋਏ ਹਨ॥ ੪੭੫॥

**ਤਬ ਕਹੇ ਬੈਣ ਤ੍ਰਿਜਟੀ ਬੁਲਾਇ॥ ਰਣ ਮ੍ਰਿਤਕ ਰਾਮ ਸੀਤਹਿ ਦਿਖਾਇ॥**
**ਲੈ ਗਈ ਨਾਥ ਜਹਿ ਗਿਰੇ ਖੇਤ॥ ਮ੍ਰਿਗ ਮਾਰ ਸਿੰਘ ਜਜੋ ਸੁਪਤ ਅਚੇਤ॥ ੪੭੬॥**

ਉਸੇ ਵੇਲੇ ਰਾਵਣ ਨੇ ਸੀਤਾ ਦੀ ਦਾਸੀ ਤ੍ਰਿਜਟੀ ਨੂੰ ਬੁਲਾ ਕੇ ਇਹ ਬਚਨ ਕਹੇ-ਕਿ ਤੂੰ ਸੀਤਾ ਨੂੰ ਨਾਲ ਲਿਜਾ ਕੇ ਰਣ ਭੂਮੀ ਵਿਚ ਮੋਏ ਹੋਏ ਰਾਮ ਜੀ ਨੂੰ ਵਿਖਾ ਦੇਹ, ਤਾਂ ਕਿ ਸੀਤਾ ਦੇ ਮਨੋਂ ਰਾਮ ਜੀ ਦੇ ਮਿਲਣ ਦੀ ਆਸ ਦੂਰ ਹੋ ਜਾਏ। ਇਹ ਹੁਕਮ ਸੁਣਦੇ ਹੀ ਤ੍ਰਿਜਟੀ ਸੀਤਾ ਜੀ ਨੂੰ ਉਥੇ ਲੈ ਗਈ ਜਿਥੇ ਉਸ ਦੇ ਸਵਾਮੀ ਸ੍ਰੀ ਰਾਮ ਜੀ ਰਣ ਭੂਮੀ ਵਿਚ ਡਿੱਗੇ ਪਏ ਸਨ, ਅਤੇ ਇਸ ਤਰ੍ਹਾਂ ਮਲੂਮ ਹੁੰਦੇ ਸਨ ਜਿਵੇਂ ਹਿਰਨਾਂ ਨੂੰ ਮਾਰਕੇ ਸ਼ੇਰ ਬਫਿਕਰ ਹੋ ਕੇ ਸੁੱਤਾ ਪਿਆ ਸੀ॥ ੪੭੬॥

**ਸੀਅ ਨਿਰਖ ਨਾਥ ਮਨ ਮਹਿ ਰਿਸਾਨ॥ ਦਸ ਅਉਰ ਚਾਰ ਬਿੱਦਿਆ ਨਿਧਾਨ॥**
**ਪੜ ਨਾਗ ਮੰਤ੍ਰ ਸੰਘਰੀ ਪਾਸ॥ ਪਤਿ ਭ੍ਰਾਤ ਜਜਾਇ ਚਿਤ ਭਜੋ ਹੁਲਾਸ॥ ੪੭੭॥**

ਸੀਤਾ ਸਵਾਮੀ ਜੀ ਦੀ ਅਜਿਹੀ ਦਸ਼ਾ ਵੇਖ ਕੇ ਮਨ ਵਿਚ ਬਹੁਤ ਦੁਖੀ ਹੋਈ, ਕਿਉਂਕਿ ਰਾਮ ਜੀ ਚੌਦਾਂ ਵਿਦਿਆਵਾਂ ਦੇ ਭੰਡਾਰ ਸਨ। ਸੀਤਾ ਨਾਗ ਮੰਤਰ ਪੜ੍ਹਦੀ ਹੋਈ ਉਨ੍ਹਾਂ ਦੇ ਕੋਲ ਗਈ ਅਤੇ ਰਾਮ ਤੇ ਲਛਮਣ ਨੂੰ ਦੁਬਾਰਾ ਜੀਵਤ ਕਰਕੇ ਬਹੁਤ ਪ੍ਰਸੰਨ ਹੋ ਗਈ॥ ੪੭੭॥

**ਸੀਅ ਗਈ ਜਗੇ ਅੰਗਰਾਇ ਰਾਮ॥ ਦਲ ਸਹਿਤ ਭ੍ਰਾਤ ਜੁਤ ਧਰਮ ਧਾਮ॥**
**ਬੱਜੇ ਸੁਨਾਦਿ ਗੱਜੇ ਸੁ ਬੀਰ॥ ਸੱਜੇ ਹਥਿਯਾਰ ਭੱਜੇ ਅਧੀਰ॥ ੪੭੮॥**

ਜਦ ਸੀਤਾ ਰਣ ਭੂਮੀ ਵਿਚੋਂ ਚਲੀ ਗਈ ਤਾਂ ਮਗਰੋਂ ਰਾਮ ਜੀ ਜਾਗੇ ਅਤੇ ਉਨ੍ਹਾਂ ਨੇ ਅੰਗੜਾਈ

ਲਈ। ਧਰਮ ਦੇ ਆਸਰਾ ਰੂਪ ਰਾਮ ਜੀ ਆਪਣੇ ਭਰਾਤਾ ਅਤੇ ਫੌਜ ਦੇ ਸਮੇਤ ਸੁਚੇਤ ਹੋ ਗਏ। ਉਸੇ ਵੇਲੇ ਧੌਂਸੇ ਵੱਜ ਪਏ ਅਤੇ ਜੋਧੇ ਲਲਕਾਰਨ ਲੱਗ ਪਏ, ਸੂਰਮਿਆਂ ਨੇ ਹਥਿਆਰ ਸਜਾ ਲਏ, ਧੀਰਜ ਤੋਂ ਹੀਣੇ ਬੁਜ਼ਦਿਲ ਰਣ ਭੂਮੀ ਵਿਚੋਂ ਭੱਜ ਨਿਕਲੇ॥ ੪੭੮॥

**ਸੁੰਮਲੇ ਸੂਰ ਸਰ ਬਰਖ ਜੁੱਧ॥ ਹਨ ਸਾਲ ਤਾਲ ਬ੍ਰਿਕਾਲ ਕ੍ਰੁੱਧ॥**
**ਤਜਿ ਜੁੱਧ ਸੁੱਧ ਸੁਰ ਮੇਘ ਧਰਣ॥ ਥਲ ਗਜੋ ਨਕੁੰਭਲਾ ਹੋਮ ਕਰਣ॥ ੪੭੯॥**

ਸੂਰਮੇ ਸਾਵਧਾਨ ਹੋ ਕੇ ਜੁੱਧ ਵਿਚ ਤੀਰ ਵਰਸਾਉਣ ਲੱਗੇ। ਉਸ ਵੇਲੇ ਮੇਘ ਦੀ ਸੁਰ (ਨਾਦ) ਨੂੰ ਧਰਣ ਵਾਲਾ ਅਰਥਾਤ ਮੇਘਨਾਦ ਜੁੱਧ ਦਾ ਖਿਆਲ ਛੱਡ ਕੇ 'ਨਿਕੁੰਭਲਾ' ਦੇਵੀ ਦੇ ਸਥਾਨ ਤੇ ਹੋਮ ਕਰਨ ਲਈ ਚਲਾ ਗਿਆ॥ ੪੭੯॥

ਭਾਵਾਰਥ-ਲੰਕਾ ਦੇ ਪੱਛਮ ਵੱਲ ਨਿਕੁੰਭਲ' ਨਾਮ ਦੀ ਗੁਫਾ ਹੈ, ਜਿਸ ਵਿਚ 'ਭੱਦਰ ਕਾਲੀ' ਦੇਵੀ ਦੀ ਮੂਰਤਿ ਸਥਾਪਨ ਕੀਤੀ ਹੋਈ ਹੈ, ਉਸ ਗੁਫਾ ਦੇ ਨਾਲ ਸਬੰਧ ਹੋਣ ਕਰਕੇ ਉਸ ਦਾ ਨਾਮ 'ਨਿਕੁੰਭਿਨਾ' ਪ੍ਰਸਿੱਧ ਹੋ ਗਿਆ ਹੈ। ਮੇਘਨਾਦ ਉਸ ਦੀ ਪੂਜਾ ਕਰ ਕੇ ਉਸ ਤੋਂ ਜੁੱਧ ਜਿੱਤਣ ਦਾ ਵਰ ਪ੍ਰਾਪਤ ਕਰਿਆ ਕਰਦਾ ਸੀ।

**ਲਘ ਬੀਰ ਤੀਰ ਲੰਕੇਸ਼ ਆਨ॥ ਇਮ ਕਹੈ ਬੈਣ ਤਜ ਭ੍ਰਾਤ ਕਾਨ॥**
**ਆਇ ਹੈ ਸ਼ੱਤ੍ਰ ਇਹ ਘਾਤ ਹਾਥ॥ ਇੰਦ੍ਰਾਰ ਬੀਰ ਅਰਬਰ ਪ੍ਰਮਾਥ॥ ੪੮੦॥**

ਛੋਟੇ ਭਰਾ ਲਛਮਣ ਦੇ ਕੋਲ ਆ ਕੇ ਵਿਭੀਸ਼ਨ ਨੇ ਕਿਹਾ ਕਿ ਇਹ ਸਨਹਿਰੀ ਮੌਕਾ ਹੈ ਕਿ ਆਪਦਾ ਪਰਮ ਵੈਰੀ ਅਤੇ ਮਹਾਂਬਲੀ ਇੰਦਰ ਨੂੰ ਜਿੱਤਣ ਵਾਲਾ ਮੇਘਨਾਦ ਤੁਹਾਡੇ ਹੱਥ ਵਿਚ ਆਇਆ ਹੋਇਆ ਹੈ॥ ੪੮੦॥

**ਨਿਜ ਮਾਸ ਕਾਟ ਕਰ ਕਰਤ ਹੋਮ॥ ਥਰਹਰਤ ਭੂੰਮਿ ਅਰ ਚਕਤ ਬਜੋਮ॥**
**ਤਹ ਗਯੋ ਰਾਮ ਭ੍ਰਾਤਾ ਨਿਸ਼ੰਗਿ॥ ਕਰ ਧਰੇ ਧਨਖ ਕਟ ਕਸਿ ਨਿਖੰਗ॥ ੪੮੧॥**

ਉਹ ਇਸ ਵੇਲੇ ਆਪਣੇ ਸਰੀਰ ਤੋਂ ਮਾਸ ਕੱਟ ਕੱਟ ਕੇ ਹੋਮ ਕਰ ਰਿਹਾ ਹੈ। ਜਿਸ ਦੀ ਕਰਣੀ ਵੇਖ ਕੇ ਧਰਤੀ ਕੰਬ ਰਹੀ ਹੈ, ਅਤੇ ਅਕਾਸ਼ ਦੇਵਤੇ ਹੈਰਾਨ ਹੋ ਰਹੇ ਹਨ। ਇਹ ਸੁਣਦੇ ਹੀ ਰਾਮ-ਭ੍ਰਾਤਾ ਲੱਛਮਣ ਉਥੇ ਨਿਸਚਿੰਤ ਚਲੇ ਗਏ। ਉਨ੍ਹਾਂ ਨੇ ਹੱਥ ਵਿਚ ਧਨੁੱਖ ਫੜਿਆ ਹੋਇਆ ਸੀ ਅਤੇ ਲੱਕ ਨਾਲ ਭੱਥਾ ਬੱਧਾ ਹੋਇਆ ਸੀ॥ ੪੮੧॥

**ਚਿੰਤੀ ਸੁ ਚਿਤ ਦੇਵੀ ਪ੍ਰਚੰਡ॥ ਅਰ ਹਣਜੇ ਬਾਣ ਕੀਨੋ ਦੁਖੰਡ॥**
**ਰਿਪ ਫਿਰੇ ਮਾਰ ਦੁੰਦਭ ਬਜਾਇ॥ ਉਤ ਭਜੇ ਦਈਤ ਦਲਪਤਿ ਜੁਝਾਇ॥ ੪੮੨॥**

ਏਧਰ ਮੇਘਨਾਦ ਨੇ ਦੇਵੀ ਨੂੰ ਪ੍ਰਗਟ ਕਰਨ ਲਈ ਜਾਪ ਆਰੰਭ ਕੀਤਾ ਅਤੇ ਓਧਰ ਲੱਛਮਣ ਨੇ ਅਜਿਹੀ ਦਸ਼ਾ ਵਿਚ ਪਹੁੰਚ ਕੇ ਤੀਰ ਮਾਰਿਆ ਅਤੇ ਵੈਰੀ ਨੂੰ ਦੋ ਟੋਟੇ ਕਰ ਦਿੱਤਾ। ਦੁਸ਼ਮਣ

ਨੂੰ ਮਾਰ ਕੇ ਜਿੱਤ ਦੇ ਧੌਂਸੇ ਵਜਾਉਂਦੇ ਪਿੱਛੇ ਨੂੰ ਮੁੜ ਪਏ। ਉਧਰ ਦੈਂਤ ਆਪਣੇ ਸੈਨਾਪਤੀ ਮੇਘਨਾਦ ਨੂੰ ਮਰਵਾ ਕੇ ਲੰਕਾ ਵੱਲ ਭੱਜ ਗਏ॥ ੪੮੨॥

ਇਤਿ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਮੇਘਨਾਦ ਬਧਹਿ' ਤੇਰਵੋਂ ਧਿਆਇ ਸਮਾਪਤਮ॥ ਸਤੁ ਸੁਭਮ ਸਤ॥ ੧੩॥ ੪੮੨॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਮੇਘਨਾਦ ਦਾ ਕਤਲ' ਤੇਰ੍ਹਵਾਂ ਅਧਿਆਏ ਸਮਾਪਤ॥ ਸਤ ਸ਼ੁਭਮ ਸਤ॥ ੧੩॥ ੪੮੨॥ ਚਲਦਾ॥

# ਚੌਦ੍ਹਵਾਂ ਅਧਿਆਏ

# ਅਤਕਾਇ ਦੈਂਤ ਯੁੱਧ ਵਰਣਨ

## ਸੰਗੀਤ ਪਧਿਸਟਕਾ ਛੰਦ॥

**ਕਾਗੜਦੰਗ ਕੋਪ ਕੈ ਦਈਤ ਰਾਜ॥ ਜਾਗੜਦੰਗ ਜੁੱਧ ਕੋ ਸਜਜੇ ਸਾਜ॥**
**ਬਾਗੜਦੰਗ ਬੀਰ ਬੁੱਲੇ ਅਨੰਤ॥ ਰਾਗੜਦੰਗ ਰੋਸ ਰੋਹੇ ਦੁਰੰਤ॥੪੮੩॥**

ਰਾਵਣ ਨੇ ਕ੍ਰੋਧ ਵਿਚ ਆ ਕੇ, ਜੁੱਧ ਦਾ ਸਾਜ ਸਜਿਆ। ਬਹੁਤ ਸਾਰੇ ਸੂਰਮੇ ਬੁਲਾ ਲਏ। ਜਿਹੜੇ ਵੱਡੇ ਭਾਰੇ ਕ੍ਰੋਧ ਦੇ ਭਰੇ ਹੋਏ ਕ੍ਰੋਧੀ ਸਨ॥ ੪੮੩॥

**ਪਾਗੜਦੰਗ ਪਰਮ ਬਾਜੀ ਬੁਲੰਤ॥ ਚਾਗੜਦੰਗ ਚੱਤ੍ਰ ਨਟ ਜਜੋਂ ਕੁਦੰਤ॥**
**ਕਾਗੜਦੰਗ ਕ੍ਰੂਰ ਕੱਢੇ ਹਥਿਆਰ॥ਆਗੜਦੰਗ ਆਨ ਬੱਜੇ ਜੁਝਾਰ॥੪੮੪॥**

ਵੱਡੇ ਵੱਣੇ ਘੋੜਿਆਂ ਵਾਲੇ ਸੂਰਮੇ ਬੁਲਾ ਲਏ ਜੋ ਚਤੁਰ ਨਟਾਂ ਵਾਂਗੂੰ ਟਪੋਸੀਆਂ ਲਾਉਂਦੇ ਸਨ। ਡਰੋਣੇ ਹਥਿਆਰ ਕੱਢ ਕੇ ਹੱਥ ਵਿਚ ਫੜੇ ਹੋਏ ਸਨ, ਰਣ ਭੂਮੀ ਵਿਚ ਆਣ ਕੇ ਮਾਰੂ ਵਾਜੇ ਵੱਜਣ ਲੱਗ ਪਏ॥ ੪੮੪॥

**ਰਾਗੜਦੰਗ ਰਾਮ ਸੈਨਾ ਸੁਕ੍ਰੁੱਧ॥ ਜਾਗੜਦੰਗ ਜ੍ਵਾਨ ਜੁਝੰਤ ਜੁੱਧ॥**
**ਨਾਗੜਦੰਗ ਨਿਸ਼ਾਣ ਨਵ ਸੈਨ ਸਾਜ॥ਮਾਗੜਦੰਗ ਮੂੜ ਮਕਰਾਛ ਗਾਜ॥੪੮੫॥**

ਰਾਮ ਜੀ ਦੀ ਸੈਨਾ ਦੇ ਕ੍ਰੋਧ ਭਰੇ ਸੂਰਮੇ ਜੁੱਧ ਵਿਚ ਲੜਦੇ ਸਨ। ਸੈਨਾ ਨੇ ਨਵੇਂ ਧੌਂਸੇ ਵਜਾਏ ਅਤੇ 'ਮਕਰਾਛ' ਨਾਮ ਦਾ ਮੂਰਖ ਰਣਭੂਮੀ ਵਿਚ ਗੱਜਣ ਲੱਗਾ॥ ੪੮੫॥

**ਆਗੜਦੰਗ ਏਕ ਅਤਕਾਇ ਵੀਰ॥ਰਾਗੜਦੰਗ ਰੋਸ ਦੀਨੇ ਗਹੀਰ॥**

**ਆਗੜਦੰਗ ਏਕਹੁ ਕੇ ਅਨੇਕ ॥ ਸਾਗੜਦੰਗ ਸਿੰਧ ਬੇਲਾ ਬਿਬੇਕ ॥ ੪੮੬ ॥**

ਇਕ 'ਅਤਕਾਇ' ਨਾਮ ਦੇ ਸੂਰਮੇ ਨੇ ਬਹੁਤ ਭਾਰਾ ਗੁੱਸਾ ਕੀਤਾ। ਉਸ ਇਕ ਦੇ ਨਾਲ ਹੋਰ ਅਨੇਕਾਂ ਜੁੜ ਗਏ ਅਤੇ ਵਿਵੇਕ ਬੁੱਧੀ ਅਨੁਸਾਰ ਯੁੱਧ ਹੋਣ ਲੱਗਾ॥ ੪੮੬॥

**ਤਾਗੜਦੰਗ ਤੀਰ ਛੂਟੈ ਅਪਾਰ ॥ ਬਾਗੜਦੰਗ ਬੂੰਦ ਬਨ ਦਲ ਅਨੁਸਚਾਰ ॥**
**ਆਗੜਦੰਗ ਅਰਬ ਟੀਡੀ ਪ੍ਰਮਾਨ ॥ ਚਾਗੜਦੰਗ ਚਾਰ ਚੀਟੀ ਸਮਾਨ ॥ ੪੮੭ ॥**

ਬੇਅੰਤ ਤੀਰ ਵਰਖਾ ਹੋਣ ਲੱਗੀ ਅਤੇ ਤੀਰ ਇਸ ਤਰ੍ਹਾਂ ਡਿੱਗ ਰਹੇ ਸਨ ਜਿਵੇਂ ਮੀਂਹ ਦੀਆਂ ਕਣੀਆਂ ਹੋਣ। ਸੈਨਾ ਅਰਬ ਦੇਸ਼ ਦੇ ਟਿੱਡੀ ਦਲ ਵਾਂਗੂੰ ਜਾਪਦੀ ਸੀ ਜਿਸਦੀ ਕਿ ਗਿਣਤੀ ਨਹੀਂ ਹੋ ਸਕਦੀ ਸੀ॥ ੪੮੭॥

**ਬਾਗੜਦੰਗ ਬੀਰ ਬਾਹੁੜੇ ਨੇਖ ॥ ਜਾਗੜਦੰਗ ਜੁੱਧ ਅਤਕਾਇ ਦੇਖ ॥**
**ਦਾਗੜਦੰਗ ਦੇਵ ਜੈ ਜੈ ਕਹੰਤ ॥ ਭਾਗੜਦੰਗ ਭੂਪ ਧਨ ਧਨ ਭਨੰਤ ॥ ੪੮੮ ॥**

ਦੈਂਤ ਅਤਕਾਇ ਦਾ ਯੁੱਧ ਵੇਖਣ ਲਈ, ਸੂਰਬੀਰ ਉਸ ਦੇ ਕੋਲ ਆ ਗਏ। ਦੇਵਤੇ ਯੁੱਧ ਵੇਖਕੇ ਜੈ ਜੈ ਕਾਰ ਕਰਨ ਲੱਗੇ ਅਤੇ ਰਾਜੇ ਵੇਖ ਕੇ 'ਧੰਨ ਧੰਨ ਕਹਿਣ ਲੱਗੇ॥ ੪੮੮॥

**ਕਾਗੜਦੰਗ ਕਹਕ ਕਾਲੀ ਕਰਾਲ ॥ ਜਾਗੜਦੰਗ ਜੂਹ ਜੁੱਗਣ ਬਿਸਾਲ ॥**
**ਭਾਗੜਦੰਗ ਭੂਤ ਭੈਰੋ ਅਨੰਤ ॥ ਸਾਗੜਦੰਗ ਸ੍ਰੋਣ ਪਾਣੰ ਕਰੰਤ ॥ ੪੮੯ ॥**

ਕਾਲੀ ਭਿਆਨਕ ਰੂਪ ਵਿਚ ਹੱਸ ਰਹੀ ਸੀ। ਜੋਗਣੀਆਂ ਦੇ ਵਿਸ਼ਾਲ ਟੋਲੇ, ਅਤੇ ਬੇਅੰਤ ਭੈਰੋਂ ਤੇ ਭੂਤ, ਲਹੂ ਪੀ ਰਹੇ ਸਨ॥ ੪੮੯॥

**ਡਾਗੜਦੰਗ ਡਉਰ ਡਾਕਣ ਡਹੱਕ ॥ ਕਾਗੜਦੰਗ ਕ੍ਰੂਰ ਕਾਕੰ ਕਹੱਕ ॥**
**ਚਾਗੜਦੰਗ ਚਤ੍ਰ ਚਾਵਡੀ ਚਿਕਾਰ ॥ ਭਾਗੜਦੰਗ ਭੂਤ ਡਾਰਤ ਧਮਾਰ ॥ ੪੯੦**

ਡਾਕਣੀ 'ਡੱਗਾ ਡੱਗ' ਡੌਰੂ ਵਜਾਉਂਦੀ ਸੀ ਅਦੇ ਭਿਆਨਕ ਕਾਂ ਕੂਕਾਂ ਮਾਰਦੇ ਸਨ। ਚਾਰ ਚੁਫੇਰੇ ਚੁੜੇਲਾਂ ਚੀਕਦੀਆਂ ਸਨ, ਅਤੇ ਭੂਤ ਧਮਾਲਾ ਪਾ ਰਹੇ ਸਨ॥ ੪੯੦॥

### ਹੋਹਾ ਛੰਦ ॥

**ਟੂਟੇ ਪਰੇ ॥ ਨਵੇ ਮੁਰੇ ॥ ਅਸੀ ਧਰੇ ॥ ਰਿਸੰ ਭਰੇ ॥ ੪੯੧ ॥**

ਜੋਧੇ ਟੁੱਟ ਕੇ ਪੈ ਗਏ, ਅਤੇ ਕ੍ਰੋਧ ਵਿਚ ਆ ਤਲਵਾਰਾਂ ਫੜਨ ਲੱਗੇ॥ ੪੯੧॥

**ਛੁਟੇ ਸਰੰ ॥ ਚਕਿਯੋ ਹਰੰ ॥ ਰੁਕੀ ਦਿਸੰ ॥ ਚਪੇ ਕਿਸੰ ॥ ੪੯੨ ॥**

ਬਾਂਦਰ ਸੈਨਾ ਕ੍ਰੋਧ ਵਿਚ ਆ ਕੇ ਤੀਰ ਐਸੇ ਚਲਾਉਂਦੇ ਸਨ, ਜਿਨ੍ਹਾਂ ਨੂੰ ਵੇਖ ਕੇ ਬੱਦਲ ਵੀ ਹੈਰਾਨ ਹੋ ਰਹੇ ਸਨ ਸਭ ਦਿਸ਼ਾਵਾਂ ਰੁਕ ਗਈਆਂ ਸਨ। ਬਾਂਦਰ ਚਿੜ ਗਏ ਸਨ॥ ੪੯੨॥

**ਛੁਟੰ ਸਰੰ॥ ਰਿਸੰ ਭਰੰ॥ ਗਿਰੈ ਭਟੰ॥ ਜਿਮੰ ਅਟੰ॥ ੪੯੩॥**

ਕ੍ਰੋਧ ਦੇ ਭਰੇ, ਤੀਰ ਚਲਾਉਂਦੇ ਸਨ, ਅਟਾਰੀਆਂ ਵਾਂਗੂੰ ਜੋਧੇ ਡਿੱਗਦੇ ਜਾਂਦੇ ਸਨ॥ ੪੯੩॥

**ਘੁਮੇ ਘਯੰ॥ ਭਰੇ ਭਯੰ॥ ਚਪੇ ਚਲੇ॥ ਭਟੰ ਭਲੇ॥ ੪੯੪॥**

ਡਰੇ ਹੋਏ ਸੂਰਮੇ ਜ਼ਖਮੀ ਹੋ ਕੇ ਘੇਰਨੀਆਂ ਖਾਂਦੇ ਸਨ ਅਤੇ ਚੰਗੇ ਚੰਗੇ ਸੂਰਬੀਰ ਭੱਜੇ ਚਲੇ ਜਾ ਰਹੇ ਸਨ। ੪੯੪॥

**ਰਟੈਂ ਹਰੰ॥ ਰਿਸੰ ਜਰੰ॥ ਰੁਪੇ ਰਣੰ॥ ਘੁਮੇ ਬ੍ਰਣੰ॥ ੪੯੫॥**

ਦੈਂਤ ਸੂਰਬੀਰ ਈਰਖਾ ਦੀ ਅੱਗ ਵਿਚ ਬਲਦੇ ਸ਼ਿਵਜੀ ਦਾ ਨਾਂ ਜਪ ਰਹੇ ਸਨ ਅਤੇ ਮੈਦਾਨ ਵਿਚ ਘੁੰਮ ਘੁੰਮ ਕੇ ਭੈ ਰਹਿਤ ਹੋ ਕੇ ਯੁੱਧ ਕਰ ਰਹੇ ਸਨ॥ ੪੯੫॥

**ਗਿਰੈਂ ਧਰੰ॥ ਹੁਲੈਂ ਨਰੰ॥ ਸਰੰ ਤਛੇ॥ ਕਛੰ ਕਛੇ॥ ੪੯੬॥**

ਦੈਂਤਾਂ ਨੂੰ ਧਰਤੀ ਉੱਤੇ ਡਿੱਗਦਿਆਂ ਵੇਖ ਕੇ ਮਨੁਖ ਖੁਸ਼ ਹੋ ਰਹੇ ਸਨ। ਤੀਰ ਲੱਗਣ ਨਾਲ ਸੂਰਮਿਆਂ ਦੇ ਸਰੀਰ ਛਿੱਲੇ ਗਏ ਸਨ ਅਤੇ ਉਹ ਬੁਰੀ ਤਰ੍ਹਾਂ ਮਰ ਰਹੇ ਸਨ॥ ੪੯੬॥

**ਘੁਮੇ ਬ੍ਰਣੰ॥ ਭ੍ਰਮੇ ਰਣੰ॥ ਲਜੰ ਫਸੇ॥ ਕਟੰ ਕਸੇ॥ ੪੯੭॥**

ਜ਼ਖਮੀ ਘੇਰਨੀਆਂ ਖਾਂਦੇ, ਰਣ ਭੂਮੀ ਵਿਚ ਫਿਰ ਰਹੇ ਸਨ, ਸ਼ਰਮ ਦੇ ਮਾਰੇ ਹੋਏ, ਲੱਕ ਨੂੰ ਬੰਨ੍ਹ ਕੇ ਲੜਨ ਨੂੰ ਤਿਆਰ ਹੋ ਰਹੇ ਸਨ॥ ੪੯੭॥

**ਧੁਕੇ ਧਕੰ॥ ਟੁਕੇ ਟਕੰ॥ ਛੁਟੇ ਸਰੰ॥ ਰੁਕੇ ਦਿਸੰ॥ ੪੯੮॥**

ਧੱਕੇ ਤੇ ਧੱਕਾ ਪੈਂਦਾ ਸੀ, ਟੁਕੜੇ ਟੁਕੜੇ ਹੋ ਕੇ ਡਿੱਗਦੇ ਸਨ। ਤੀਰ ਅਜਿਹੇ ਚਲਦੇ ਸਨ, ਜਿਨ੍ਹਾਂ ਨੇ ਸਭ ਦਿਸ਼ਾਵਾਂ ਰੋਕ ਲਈਆਂ ਸਨ॥ ੪੯੮॥

## ਛਪੈ ਛੰਦ॥

**ਇੱਕ ਇੱਕ ਆ ਰੁਹੇ ਇੱਕ ਇੱਕਨ ਕਹੱ ਤੱਕੈ॥**
**ਇੱਕ ਇੱਕ ਲੈ ਚਲੈ ਇੱਕ ਕਹ ਇੱਕ ਉਚੱਕੈ॥**
**ਇੱਕ ਇੱਕ ਸਰ ਬਰਖ ਇੱਕ ਧਨ ਕਰਖ ਰੋਸ ਭਰ॥**
**ਇੱਕ ਇੱਕ ਤਰਫੰਤ ਇੱਕ ਭਵ ਸਿੰਧ ਗਏ ਤਰਿ॥**

ਰਣਿ ਇੱਕ ਇੱਕ ਸਾਵੰਤ ਭਿੜੈਂ ਇੱਕ ਇੱਕ ਹੁਐ ਬਿੱਝੜੇ॥
ਨਰ ਇੱਕ ਅਨਿਕ ਸ਼ਸਤ੍ਰਣ ਭਿੜੇ ਇੱਕ ਇੱਕ ਅਵਝੜ ਝੜੇ॥੪੯੯॥

ਇਕ ਸੂਰਮਾ ਇਕ ਨਾਲ ਜੰਗ ਕਰ ਰਿਹਾ ਸੀ, ਇਕ ਸੂਰਮਾ ਇਕ ਵਲੇ ਤਕ ਰਿਹਾ ਸੀ। ਇਕ ਜੋਧਾ ਇਕ ਨੂੰ ਲੈ ਚਲਿਆ ਸੀ, ਅਤੇ ਇਕ ਨੂੰ ਇਕ ਘੁੱਕ ਰਿਹਾ ਸੀ। ਇਕ ਬਹਾਦਰ ਇਕਨਾਂ ਉਤੇ ਤੀਰਾਂ ਦੀ ਬਰਖਾ ਕਰ ਰਿਹਾ ਸੀ, ਤੇ ਇਕ ਕਰੋਧ ਦਾ ਭਰਿਆ ਧਨੁੱਖ ਨੂੰ ਖਿਚ ਰਿਹਾ ਸੀ। ਕੋਈ ਤੜਫ ਰਿਹਾ ਸੀ, ਅਤੇ ਇਕ ਸ਼ਹੀਦੀ ਪਾ ਕੇ ਸੰਸਾਰ ਸਮੁੰਦਰ ਤੋਂ ਤਰ ਗਿਆ ਸੀ। ਰਣ ਵਿਚ ਇਕ ਸੂਰਮਾ ਇਕ ਨਾਲ ਮੁਕਾਬਲਾ ਕਰ ਰਿਹਾ ਸੀ, ਅਤੇ ਇਕ ਜੋਧਾ ਇਕ ਥਾਂ ਹੱਟ ਕੇ ਪਿੱਛੇ ਹੋ ਰਿਹਾ ਸੀ। ਇਕ ਸੂਰਮਾ ਅਨੇਕਾਂ ਸ਼ਸਤ੍ਰਾਂ ਵਾਲਿਆਂ ਨਾਲ ਮੁਕਾਬਲਾ ਕਰ ਰਿਹਾ ਸੀ ਅਤੇ ਨਾ ਝੜਨ ਵਾਲਿਆਂ ਨੂੰ ਇਕੱਲਾ ਹੀ ਝਾੜ ਰਿਹਾ ਸੀ॥੪੯੯॥

ਇੱਕ ਜੂਝ ਭਟ ਗਿਰੈਂ ਇਕ ਬਬਕੰਤ ਮੱਧ ਰਣ॥
ਇੱਕ ਦੇਵ ਪੁਰ ਬਸੇ ਇੱਕ ਭਜ ਚਲਤ ਖਾਇ ਬ੍ਰਣ॥
ਇੱਕ ਜੁੱਝ ਉੱਝੜੇ ਇੱਕ ਵਿੰਝੜੇ ਝਾੜ ਅਸ॥
ਇੱਕ ਅਨਿਕ ਬ੍ਰਣ ਝਲੈਂ ਇੱਕ ਮੁਕਤੰਤ ਬਾਨ ਕਸਿ॥
ਰਣ ਭੂੰਮ ਘੂਮ ਸਾਵੰਤ ਮੰਡੈ ਦੀਰਘੁ ਕਾਇ ਲਛਮਣ ਪ੍ਰਬਲ॥
ਥਿਰ ਰਹੇ ਬ੍ਰਿਛ ਉਪਬਨ ਕਿਧੋ ਜਣ ਉੱਤਰ ਦਿਸ ਦੁਐ ਅਚਲ॥੫੦੦॥

ਇਕ ਪਾਸੇ ਸੂਰਮੇ ਸ਼ਹੀਦ ਹੋ ਕੇ ਡਿੱਗ ਰਹੇ ਸਨ, ਅਤੇ ਇਕ ਪਾਸੇ ਰਣ ਭੂਮੀ ਵਿਚ ਲਲਕਾਰਦੇ ਸਨ। ਇਕ ਪਾਸੇ ਸਵਰਗਪੁਰੀ ਵਿਚ ਜਾ ਵੱਸੇ ਸਨ, ਅਤੇ ਇਕ ਫੱਟ ਖਾ ਕੇ ਭੱਜ ਚਲੇ ਸਨ। ਇਕ ਪਾਸੇ ਲੜ ਕੇ ਇਕ ਦੂਜੇ ਨੂੰ ਡੇਗਦੇ ਸਨ, ਇਕ ਪਾਸੇ ਤਲਵਾਰ ਦੀ ਵਾਢ ਨਾਲ ਆਪ ਡਿੱਗ ਪੈਂਦੇ ਸਨ। ਇਕ ਆਪਣੇ ਸਰੀਰ ਪੁਰ ਅਨੇਕਾਂ ਫੱਟ ਸਹਾਰਦਾ ਸੀ, ਅਤੇ ਇਕ ਕੱਸ ਕੱਸ ਕੇ ਤੀਰ ਛੱਡਦਾ ਸੀ। ਰਣ ਭੂਮੀ ਵਿਚ ਜੋਧੇ ਫਿਰਦੇ ਸਨ, 'ਦੀਰਘਕਾਇ' ਦੈਂਤ ਅਤੇ ਲੱਛਮਣ ਨੇ ਜ਼ਬਰਦਸਤ ਜੰਗ ਛੇੜਿਆ ਸੀ। ਦੋਵੇਂ ਸੂਰਮੇ ਇਉਂ ਖੜੇ ਸਨ ਮਾਨੋ ਬਾਗ ਵਿਚ ਦੋ ਬ੍ਰਿਛ ਖੜੇ ਸਨ, ਅਥਵਾ ਜਾਂ ਇਉਂ ਸਮਝੋ ਕਿ ਉਤਰ ਦਿਸ਼ਾ ਵਿਚ ਦੋ ਪਹਾੜ ਸਨ॥੫੦੦॥

## ਅਜਬਾ ਛੰਦ॥

ਜੁੱਟੇ ਬੀਰੰ॥ ਛੁੱਟੇ ਤੀਰੰ॥ ਢੁੱਕੀ ਢਾਲੰ॥ ਕ੍ਰੋਹੇ ਕਾਲੰ॥੫੦੧॥

ਦੋਵੇਂ ਬੀਰ ਜੁੱਟੇ ਹੋਏ ਸਨ, ਤੀਰ ਛੱਡਦੇ ਸਨ, ਢਾਲਾਂ ਉੱਤੇ ਰੋਕਦੇ ਸਨ, ਕ੍ਰੋਧ ਕਰਕੇ ਕਾਲ ਰੂਪ ਹੋ ਰਹੇ ਸਨ॥੫੦੧॥

**ਢੰਕੇ ਢੋਲੰ॥ ਬੰਕੇ ਬੋਲੰ॥ ਕੱਛੇ ਸ਼ਸਤ੍ਰੰ॥ ਅੱਛੇ ਅਸਤ੍ਰੰ॥੫੦੨॥**

ਢੋਲਾਂ ਤੇ ਡੱਗੇ ਵੱਜਦੇ ਸਨ, ਕ੍ਰੋਧ ਭਰੇ ਬੋਲਦੇ ਸਨ, ਸ਼ਸਤਰਾਂ ਨਾਲ ਫੱਬੇ ਰਹੇ ਸਨ ਅਤੇ ਅਸਤ੍ਰਾਂ ਨਾਲ ਸੋਹਣੇ ਦਿਸ ਰਹੇ ਸਨ॥੫੦੨॥

**ਕ੍ਰੋਧੰ ਗਲਿਤੰ॥ ਬੋਧੰ ਦਲਤੰ॥ ਗੱਜੈ ਵੀਰੰ॥ ਤੱਜੈ ਤੀਰੰ॥੫੦੩॥**

ਕ੍ਰੋਧ ਨਾਲ ਗਲਤ ਹੋ ਕੇ ਬੜੀ ਸੂਝ ਬੂਝ ਨਾਲ ਸੈਨਾਵਾਂ ਨੂੰ ਮਾਰ ਰਹੇ ਸਨ। ਵੀਰ ਗਜ ਰਹੇ ਸਨ ਅਤੇ ਤੀਰਾਂ ਦੀ ਵਰਖਾ ਕਰ ਰਹੇ ਸਨ॥੫੦੩॥

**ਰੱਤੇ ਨੈਣੰ॥ ਮੱਤੇ ਬੈਣੰ॥ ਲੁੱਝੈ ਸੂਰੰ॥ ਸੁੱਝੈ ਹੂਰੰ॥੫੦੪॥**

ਜਿਨ੍ਹਾਂ ਦੀਆਂ ਅੱਖਾਂ ਲਾਲ ਸਨ, ਮਤਵਾਲਿਆਂ ਵਾਂਗੂੰ ਬੋਲਦੇ ਸਨ। ਸੂਰਮੇ ਲੱੜਦੇ ਸਨ, ਅਪੱਛਰਾਂ ਵੇਖਦੀਆਂ ਸਨ॥੫੦੪॥

**ਲੱਗੈਂ ਤੀਰੰ॥ ਭੱਗੈਂ ਵੀਰੰ॥ ਰੋਸੰ ਰੁੱਝੈ॥ ਅੱਸਤ੍ਰੰ ਜੁੱਝੈ॥੫੦੫॥**

ਤੀਰ ਵੱਜਣ ਨਾਲ ਸੂਰਮੇ ਭੱਜ ਰਹੇ ਸਨ ਅਤੇ ਫਿਰ ਰੋਹ ਨਾਲ ਭਰ ਕੇ ਅਸਤਰ ਸ਼ਸਤਰ ਲੈ ਕੇ ਲੜ ਰਹੇ ਸਨ॥੫੦੫॥

**ਝੂੰਮੇ ਸੂਰੰ॥ ਘੂੰਮੇ ਹੂਰੰ॥ ਚੱਕੈਂ ਚਾਰੰ॥ ਬੱਕੈਂ ਮਾਰੰ॥੫੦੬॥**

ਸੂਰਮੇ ਮਸਤ ਹੋਏ ਝੂਮ ਰਹੇ ਸਨ ਅਤੇ ਹੂਰਾਂ ਫਿਰ ਕੇ ਉਨ੍ਹਾਂ ਨੂੰ ਵੇਖ ਰਹੀਆਂ ਸਨ ਅਤੇ ਉਨ੍ਹਾਂ ਦੀ 'ਮਾਰੋ ਮਾਰੋ' ਦੀ ਆਵਾਜ਼ ਸੁਣ ਕੇ ਹੈਰਾਨ ਹੋ ਰਹੀਆਂ ਸਨ॥੫੦੬॥

**ਭਿੱਦੇ ਬਰਮੰ॥ ਛਿੱਦੇ ਚਰਮੰ॥ ਤੁੱਟੈ ਖੱਗੰ॥ ਉੱਠੈ ਅੱਗੰ॥੫੦੭॥**

ਸੰਜੋਆਂ ਟੁੱਟ ਗਈਆਂ ਸਨ ਅਤੇ ਢਾਲਾਂ ਫਟ ਗਈਆਂ ਸਨ। ਤਲਵਾਰਾਂ ਟੁੱਟ ਰਹੀਆਂ ਸਨ, ਅਤੇ ਉਨ੍ਹਾਂ ਵਿਚੋਂ ਅੱਗ ਨਿਕਲ ਰਹੀ ਸੀ॥੫੦੭॥

**ਨੱਚੇ ਤਾਜੀ॥ ਗੱਜੇ ਗਾਜੀ॥ ਡਿੱਗੇ ਵੀਰੰ॥ ਤੱਜੇ ਤੀਰੰ॥੫੦੮॥**

ਘੋੜੇ ਨੱਚਦੇ ਸਨ ਅਤੇ ਗਾਜ਼ੀ ਸੂਰਬੀਰ ਗੱਜਦੇ ਸਨ। ਤੀਰ ਚਲਾਉਂਦੇ ਹੋਏ ਕਈ ਸੂਰਮੇ ਡਿੱਗ ਰਹੇ ਸਨ॥੫੦੮॥

**ਝੂੱਮੈਂ ਸੂਰੰ॥ ਘੂੱਮੀ ਹੂਰੰ॥ ਕੱਛੇ ਬਾਣੰ॥ ਮੱਤੇ ਮਾਣੰ॥੫੦੯॥**

ਹੂਰਾਂ ਨੂੰ ਘੁੰਮ ਦੀਆਂ ਵੇਖ ਕੇ ਸੂਰਮੇ ਝੂਮ ਰਹੇ ਸਨ ਅਤੇ ਘੁਮੰਡ ਵਿਚ ਮਸਤ ਹੋ ਕੇ ਤੀਰ ਚਲਾ ਰਹੇ ਸਨ॥੫੦੯॥

## ਪਾਧਰੀ ਛੰਦ॥

**ਤਹ ਭਯੋ ਘੋਰ ਆਹਵ ਅਪਾਰ॥ ਰਣ ਭੂੰਮਿ ਝੂਮਿ ਜੁੱਝੇ ਜੁਝਾਰ॥**
**ਇਤ ਰਾਮ ਭ੍ਰਾਤ ਅਤਕਾਇ ਉੱਤ॥ ਰਿਸ ਜੁੱਝ ਉੱਝਰੇ ਰਾਜ ਪੁੱਤ॥ ੫੧੦॥**

ਵੱਡਾ ਭਿਆਨਕ ਜੰਗ ਉਥੇ ਹੋਇਆ, ਰਣ ਭੂਮੀ ਵਿਚ ਲੜਾਕੇ ਜੋਧੇ ਲੜ ਲੜ ਕੇ ਡਿੱਗ ਪਏ। ਇਧਰੋਂ ਲੱਛਮਣ ਤੇ ਉਧਰੋਂ ਅਤਕਾਇ ਨਾਮ ਦਾ ਜੋਧਾ ਇਹ ਦੋਵੇਂ ਰਾਜਕੁਮਾਰ ਕਰੋਧ ਨਾਲ ਲੜ ਕੇ ਇਕ ਦੂਜੇ ਨੂੰ ਡੇਗਣ ਦਾ ਯਤਨ ਕਰ ਰਹੇ ਸਨ॥ ੫੧੦॥

**ਤਬ ਰਾਮ ਭ੍ਰਾਤ ਅਤਿ ਕੀਨ ਰੋਸ॥ ਜਿਮ ਪਰਤ ਅਗਨ ਘ੍ਰਿਤ ਕਰਤ ਜੋਸ॥**
**ਗਹਿ ਬਾਨ ਪਾਨ ਤੱਜੇ ਅਨੰਤ॥ ਜਿਮ ਜੇਠ ਸੂਰ ਕਿਰਣੈ ਦੁਰੰਤ॥ ੫੧੧॥**

ਤਦੋਂ ਲੱਛਮਣ ਨੇ ਵੱਡਾ ਕ੍ਰੋਧ ਕੀਤਾ, ਜਿਵੇਂ ਘਿਉ ਦੀ ਆਹੂਤੀ ਪੈਂਦਿਆਂ ਹੀ ਅੱਗ ਜੋਸ਼ ਨੂੰ ਧਾਰਨ ਕਰ ਲੈਂਦੀ ਹੈ। ਉਸ ਨੇ ਧਨੁੱਖ ਹੱਥ ਵਿਚ ਫੜ ਕੇ ਬੇਅੰਤ ਤੀਰ ਇਸ ਤਰ੍ਹਾਂ ਦੇ ਛੱਡ ਦਿੱਤੇ, ਜਿਵੇਂ ਜੇਠ ਦੇ ਮਹੀਨੇ ਵਿਚ ਸੂਰਜ ਦੀਆਂ ਕਿਰਨਾਂ ਦੁਖਦਾਈ ਹੁੰਦੀਆਂ ਹਨ॥ ੫੧੧॥

**ਬ੍ਰਣ ਆਪ ਮੱਧ ਬਾਹਤ ਅਨੇਕ॥ ਬਰਣੈ ਨ ਜਾਹਿ ਕਹਿ ਏਕ ਏਕ॥**
**ਉੱਝਰੇ ਵੀਰ ਜੁੱਝਣ ਜੁਝਾਰ॥ ਜੈ ਸ਼ਬਦ ਦੇਵ ਭਾਖਤ ਪੁਕਾਰ॥ ੫੧੨॥**

ਆਪੋ ਵਿਚ ਅਨੇਕਾਂ ਫਟ ਲਾਉਂਦੇ ਸਨ, ਜੋ ਇਕ ਇਕ ਕਰ ਕੇ ਕਥਨ ਨਹੀਂ ਕੀਤੇ ਜਾ ਸਕਦੇ। ਕਈ ਲੜਾਕੇ ਸੂਰਮੇ ਜੰਗ ਕਰਦੇ ਕਰਦੇ ਸ਼ਹੀਦ ਹੋ ਗਏ, ਇਸ ਲਈ ਦੇਵਤੇ ਉੱਚੀ ਸੁਰ ਨਾਲ 'ਜੈ' ਸ਼ਬਦ ਨੂੰ ਕਥਨ ਕਰਦੇ ਸਨ॥ ੫੧੨॥

**ਰਿਪ ਕਰਜੋ ਸ਼ੱਸਤ੍ਰ ਅਸਤ੍ਰੰ ਬਿਹੀਨ॥ ਬਹੁ ਸ਼ਸਤ੍ਰ ਸ਼ਾਸਤ੍ਰ ਬਿੱਦਿਆ ਪ੍ਰਬੀਨ॥**
**ਹੱਯ ਮੁਕਟ ਸੂਤ ਬਿਨੁ ਭਯੋ ਗਵਾਰ॥ ਕਛੁ ਚਪੇ ਚੋਰ ਜਿਮ ਬਲ ਸੰਭਾਰ॥ ੫੧੩॥**

ਜਿਹੜਾ ਲੱਛਮਣ ਸ਼ਸਤ੍ਰ ਤੇ ਸ਼ਾਸਤ੍ਰ ਦੀ ਵਿਦਿਆ ਵਿਚ ਚਤੁਰ ਸੀ, ਉਸ ਨੇ ਵੈਰੀ ਨੂੰ ਸ਼ਸਤ੍ਰ ਤੇ ਅਸਤ੍ਰ ਤੋਂ ਹੀਣਾ ਕਰ ਦਿੱਤਾ। ਮੂਰਖ ਅਤਕਾਇ ਘੋੜਾ, ਮੁਕਟ, ਅਤੇ ਰੱਥਵਾਹੀ ਤੋਂ ਬਿਨਾਂ ਹੋ ਗਿਆ ਸੀ ਅਤੇ ਜਿਸ ਤਰ੍ਹਾਂ ਹੌਸਲਾ ਕਰਕੇ ਚੋਰ ਲੁਕਣ ਦੀ ਕੋਸ਼ਿਸ਼ ਕਰਦਾ ਹੈ, ਇਸ ਤਰ੍ਹਾਂ ਉਹ ਲੁਕਣ ਲੱਗਾ॥ ੫੧੩॥

**ਰਿਪ ਹਣੇ ਬਾਣ ਬੱਜ੍ਰਵ ਘਾਤ॥ ਸਮ ਚਲੇ ਕਾਲ ਕੀ ਜੁਆਲ ਤਾਤ॥**
**ਤਬਕੁ ਪਜੋ ਵੀਰ ਅਤਕਾਇ ਐਸ॥ ਜਨ ਪ੍ਰਲੈ ਕਾਲ ਕੋ ਮੇਘ ਜੈਸ॥ ੫੧੪॥**

ਲੱਛਮਣ ਵੈਰੀ ਨੂੰ ਬਜਰ ਦੀ ਮਾਰ ਵਰਗੇ ਤੀਰ ਮਾਰਦਾ ਸੀ, ਜੋ ਕਾਲ ਦੀ ਅੱਗ ਸਮਾਨ

ਸਾੜਦੇ ਜਾਂਦੇ ਹਨ। ਉਸ ਵੇਲੇ 'ਅਤਕਾਇ' ਜੋਧਾ ਵੀ ਕਰੋਧ ਨਾਲ ਇਸ ਤਰ੍ਹਾਂ ਹੋ ਗਿਆ ਮਾਨੋ ਜਿਵੇਂ ਪਰਲੋਕਾਲ ਦਾ ਬੱਦਲ ਹੁੰਦਾ ਹੈ॥ ੫੧੪॥

**ਇਮ ਕਰਨ ਲਾਗ ਲਪਟੈਂ ਲਬਾਰ॥ ਜਿਮ ਜੁੱਬਣਹੀਣ ਲਪਟਾਇ ਨਾਰ॥**
**ਜਿਮ ਦੰਤ ਰਹਤ ਗਹ ਸ੍ਵਾਨ ਸਸਕ॥ ਜਿਮ ਗਏ ਬੈਸ ਬਲ ਬੀਰਜ ਰਸਕ॥ ੫੧੫॥**

ਅਤਕਾਇ ਇਸ ਤਰ੍ਹਾਂ ਲਾਚਾਰ ਹੋ ਕੇ ਬਕਵਾਸ ਕਰਨ ਲੱਗਾ, ਜਿਵੇਂ ਜੋਬਨ ਤੋਂ ਹੀਣਾ ਬੁੱਢਾ ਵਿਅਕਤੀ ਇਸਤਰੀ ਨਾਲ ਲਿਪਟ ਜਾਂਦਾ ਹੈ। ਜਿਵੇਂ ਸ਼ਿਕਾਰੀ ਕੁੱਤਾ ਦੰਦਾਂ ਤੋਂ ਬਿਨਾਂ ਸਹੇ ਨੂੰ ਫੜਦਾ ਹੈ, ਜਾਂ ਜਿਵੇਂ ਉਮਰ ਬੀਤ ਜਾਣ ਤੇ ਬਲ ਤੇ ਬੀਰਜ ਖਤਮ ਹੋ ਜਾਂਦਾ ਹੈ ਭਾਵ ਬਲ ਤੇ ਬੀਰਜ ਵਹੀਨ ਹੋ ਜਾਂਦਾ ਹੈ॥ ੫੧੫॥

**ਜਿਮ ਦਰਬਹੀਣ ਕਛੁ ਕਰਿ ਬਪਾਰ॥ ਜਣ ਸ਼ਸਤ੍ਰ ਹੀਣ ਰੁਝਜੇ ਜੁਝਾਰ॥**
**ਜਿਮ ਰੂਪ ਹੀਣ ਬੇਸਜਾ ਪ੍ਰਭਾਵ॥ ਜਣ ਬਾਜ ਹੀਣ ਰਥ ਕੋ ਚਲਾਵ॥ ੫੧੬॥**

ਜਿਵੇਂ ਧਨ ਤੋਂ ਹੀਣਾ ਕੁਝ ਵਪਾਰ ਕਰਦਾ ਹੈ? ਜਾਂ ਇਉਂ ਸਮਝੋ, ਕਿ ਸਸ਼ਤਰ ਤੋਂ ਹੀਣਾ ਜੰਗ ਵਿਚ ਲੜਦਾ ਹੈ। ਜਾਂ ਜਿਵੇਂ ਰੂਪ ਤੋਂ ਹੀਣੀ ਵੇਸਵਾ ਦਾ ਪ੍ਰਭਾਵ ਨਹੀਂ ਹੁੰਦਾ ਹੈ, ਜਾਂ ਜਿਵੇਂ ਘੋੜੇ ਤੋਂ ਬਿਨਾਂ ਰੱਥ ਦਾ ਜੋ ਹਾਲ ਹੁੰਦਾ ਹੈ ਭਾਵ ਘੋੜੇ ਤੋਂ ਬਗੈਰ ਰਥ ਚਲ ਨਹੀਂ ਸਕਦਾ॥ ੫੧੬॥

ਭਾਵਾਰਥ - ਚੌਦ੍ਹਵੇਂ ਛੰਦ ਵਿਚ ਦੱਸਿਆ ਹੈ, ਕਿ ਅਤਕਾਇ ਦੈਂਤ ਨੂੰ ਕਰੋਧ ਆ ਗਿਆ, ਪਰ ਉਹ ਕਰੋਧ ਫਜ਼ੂਲ ਸੀ ਕਿਉਂਕਿ ਉਸ ਕਰੋਧ ਵਿਚ ਕੋਈ ਬੱਲ ਨਹੀਂ ਸੀ ਉਹ ਕਰੋਧ ਤਾਂ ਇਸ ਤਰ੍ਹਾਂ ਬੇਅਰਥ ਸੀ। ਜਿਵੇਂ ਬੁੱਢੇ ਪੁਰਸ਼ ਦਾ ਇਸਤਰੀ ਨਾਲ ਪਿਆਰ ਕਰਨਾ, ਜਾਂ ਦੰਦਾਂ ਤੋਂ ਹੀਣੇ ਕੁੱਤੇ ਦਾ ਸੱਹੇ ਨੂੰ ਫੜਨਾ ਆਦਿਕ। ਇਹ ਦ੍ਰਿਸ਼ਟਾਂਤ ਦੇ ਕੇ ਦੱਸਿਆ ਹੈ, ਕਿ ਉਸ ਦਾ ਉਹ ਫੋਕਾ ਕਰੋਧ ਲੱਛਮਣ ਦਾ ਕੁਝ ਨਹੀਂ ਵਿਗਾੜ ਸਕਦਾ ਸੀ॥

**ਤਬ ਤਮਕ ਤੇਗ ਲਛਮਣ ਉਦਾਰ॥ ਤਹ ਹਣਜੋ ਸੀਸ ਕਿੰਨੋ ਦੁਫਾਰ॥**
**ਤਬ ਗਿਰਜੋ ਬੀਰ ਅਤਿਕਾਇ ਏਕ॥ ਲਖ ਤਾਹਿ ਸੂਰ ਭੱਜੇ ਅਨੇਕ॥ ੫੧੭॥**

ਜਦ ਅਤਕਾਇ ਨੇ ਗਾਲ੍ਹਾਂ ਦੀ ਬੁਛਾੜ ਕੀਤੀ ਤਦ ਬਹਾਦਰ ਲੱਛਮਣ ਨੇ ਗੁੱਸਾ ਖਾ ਕੇ, ਉਸ ਨੂੰ ਤਲਵਾਰ ਮਾਰ ਕੇ, ਉਸ ਦੇ ਸਿਰ ਦੇ ਦੋ ਟੁਕੜੇ ਕਰ ਦਿੱਤੇ। ਤਦ ਅਤਕਾਇ ਜੋਧਾ ਡਿੱਗ ਪਿਆ, ਅਤੇ ਉਸ ਨੂੰ ਵੇਖ ਕੇ ਉਸਦੇ ਅਨੇਕਾਂ ਸੂਰਮੇ ਮੈਦਾਨਿ ਜੰਗ ਵਿਚੋਂ ਭੱਜ ਗਏ॥ ੫੧੭॥

ਇਤਿ ਸ੍ਰੀ ਬਚਿੱਤਰ ਨਾਟਕ ਗ੍ਰੰਥੇ, ਰਾਮਾਵਤਾਰ, 'ਅਤਕਾਇ ਦੈਂਤ ਬਧਹਿ' ਚੌਦਸਮੋ ਧਿਆਇ ਸਮਾਪਤਮ॥ ਸਤੁ ਸੁਭਮ ਸਤੁ॥ ੧੪॥ ੫੧੭॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਅਤਕਾਇ ਦੈਂਤ ਦਾ ਕਤਲ' ਚੌਦ੍ਹਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੧੪॥ ੫੧੭॥ ਚਲਦਾ॥

# ਪੰਦਰ੍ਹਵਾਂ ਅਧਿਆਏ

# ਮਕਰਾਛ ਯੁੱਧ ਵਰਣਨ

## ਪਾਧਰੀ ਛੰਦ॥

**ਤਬ ਰੁਕਜੋ ਸੈਨ ਮਕਰਾਛ ਆਨ॥ਕਹ ਜਾਹੁ ਰਾਮ ਨਹੀ ਪੈਹੋ ਜਾਨ॥**
**ਜਿਨ ਹਤਜੋ ਤਾਤ ਰਣ ਮੋ ਅਖੰਡ॥ਸੋ ਲਰੋ ਆਨ ਮੋਸੋਂ ਪ੍ਰਚੰਡ॥੫੧੮॥**

ਮਕਰਾਛ=ਮਗਰ ਮੱਛ ਜਿਹੀਆਂ ਅੱਖਾਂ ਵਾਲਾ ਇਕ ਦੈਂਤ, ਜੋ ਖ਼ਰ ਦਾ ਪੁੱਤਰ ਸੀ

ਤਦ ਮਕਰਾਛ ਆਣ ਕੇ ਸੈਨਾਂ ਦੇ ਸਾਹਮਣੇ ਖੜ੍ਹਾ ਹੋ ਗਿਆ ਅਤੇ ਕਹਿਣ ਲੱਗਾ, "ਹੇ ਰਾਮ! ਮੈਥੋਂ ਜੀਊਂਦਾ ਨਹੀਂ ਜਾ ਪਾਏਂਗਾ। ਜਿਸ ਨੇ ਅਖੰਡ ਜੰਗ ਵਿਚ ਮੇਰੇ ਪਿਤਾ (ਖਰ) ਨੂੰ ਮਾਰਿਆ ਹੈ, ਉਹ ਸਾਹਮਣੇ ਆ ਕੇ ਮੇਰੇ ਨਾਲ ਜੰਗ ਕਰੇ॥੫੧੮॥

**ਇਮ ਸੁਣਿ ਕੁਬੈਣ ਰਾਮਾਵਤਾਰ॥ਗਹਿ ਸ਼ਸਤ੍ਰ ਅਸਤ੍ਰ ਕੋਪਜੋ ਜੁਝਾਰ॥**
**ਬਹੁ ਤਾਣ ਬਾਣ ਤਿਹ ਹਣੇ ਅੰਗ॥ਮਕਰਾਛ ਮਾਰਿ ਡਾਰਯੋ ਨਿਸ਼ੰਗ॥੫੧੯॥**

ਸ੍ਰੀ ਰਾਮ ਜੀ ਨੇ ਉਸ ਦੇ ਇਸ ਤਰ੍ਹਾਂ ਦੇ ਬੁਰੇ ਕੁਬੋਲ ਸੁਣੇ, ਤਾਂ ਸ਼ਸਤਰ ਅਸਤਰ ਫੜ ਕੇ ਕ੍ਰੋਧ ਨਾਲ ਜੰਗ ਕਰਨ ਲੱਗੇ। ਤੀਰ ਖਿੱਚ ਖਿੱਚ ਕੇ ਉਸ ਦੇ ਸਰੀਰ ਵਿਚ ਬਹੁਤ ਮਾਰੇ, ਅਤੇ ਕਿਸੇ ਸ਼ੱਕ ਤੋਂ ਬਗੈਰ ਮਕਰਾਛ ਨੂੰ ਮਾਰ ਕੇ ਸੁੱਟ ਦਿੱਤਾ॥੫੧੯॥

**ਜਬ ਹਤੇ ਬੀਰ ਅਰ ਹਣੀ ਸੈਨ॥ਤਬ ਭਜੇ ਸੂਰ ਹੁਐ ਕਰ ਨਿਚੈਨ॥**
**ਤਬ ਕੁੰਭ ਔਰ ਅਨਕੁੰਭ ਆਨ॥ਦਲ ਰੁਕਯੋ ਰਾਮ ਕੋ ਤਜਾਗ ਕਾਨ॥੫੨੦॥**

ਜਦ ਮਕਰਾਛ ਜੋਧਾ ਮਾਰਿਆ ਗਿਆ ਅਤੇ ਫੌਜ ਵੀ ਮਾਰੀ ਗਈ, ਤਦ ਹੋਰ ਸਾਰੇ ਸੂਰਮੇ ਬੇਚੈਨ ਹੋ ਕੇ ਭੱਜ ਗਏ। ਤਦ ਉਸ ਵੇਲੇ 'ਕੁੰਭ' ਅਤੇ 'ਅਨਕੁੰਭ' ਨਾਮ ਵਾਲੇ ਦੋ ਦੈਂਤਾਂ ਨੇ ਆਣ ਕੇ, ਰਾਮ ਜੀ ਦਾ ਡਰ ਛੱਡ ਕੇ ਫੌਜ ਨੂੰ ਰੋਕ ਲਿਆ॥੫੨੦॥

## ਅਜਬਾ ਛੰਦ॥

**ਤ੍ਰੁਪੇ ਤਾਜੀ॥ ਗੱਜੇ ਗਾਜੀ॥ ਸੱਜੇ ਸ਼ਸਤ੍ਰੰ॥ ਕੱਛੇ ਅਸਤ੍ਰੰ॥੫੨੧॥**

ਘੋੜੇ ਕੁੱਦਣ ਲੱਗੇ, ਸੂਰਮੇ ਜਿਹੜੇ ਅਸਤਰਾਂ ਸ਼ਸਤਰਾਂ ਨਾਲ ਸੱਜੇ ਹੋਏ ਸਨ, ਗੱਜਣ ਲੱਗੇ॥੫੨੧॥

**ਤੁੱਟੇ ਤ੍ਰਾਣੰ॥ ਛੁੱਟੇ ਬਾਣੰ॥ ਰੁੱਪੇ ਬੀਰੰ॥ ਬੁੱਠੇ ਤੀਰੰ॥੫੨੨॥**

ਕਵਚ ਟੁੱਟ ਰਹੇ ਸਨ, ਤੀਰ ਚਲ ਰਹੇ ਸਨ। ਸੂਰਮਿਆਂ ਨੇ ਪੈਰ ਗੱਡ ਲਏ ਅਤੇ ਤੀਰਾਂ ਦੀ ਬਰਖਾ ਕਰਨ ਲੱਗੇ॥ ੫੨੨॥

**ਘੁੱਮੇ ਘਾਯੰ॥ ਜੁੱਮੇ ਚਾਯੰ॥ ਰੱਜੇ ਰੋਸੰ॥ ਤੱਜੇ ਹੋਸੰ॥ ੫੨੩॥**

ਘਾਇਲ ਹੋ ਕੇ ਸੂਰਮੇ ਘੁੰਮਦੇ ਹੋਏ ਡਿੱਗੇ ਰਹੇ ਸਨ ਅਤੇ ਕ੍ਰੋਧ ਦੇ ਵੇਗ ਵਿਚ ਆਪਣੇ ਹੋਸ਼ ਗਵਾ ਰਹੇ ਸਨ॥ ੫੨੩॥

**ਕੱਜੇ ਸੰਜੰ॥ ਪੂਰੇ ਪੰਜੰ॥ ਜੁੱਝੇ ਖੇਤੰ॥ ਡਿੱਗੇ ਚੇਤੰ॥ ੫੨੪॥**

ਜਿਨ੍ਹਾਂ ਨੇ ਸੰਜੋਆਂ ਨਾਲ ਤਨ ਕੱਜੇ ਹੋਏ ਸਨ, ਦਸਤਾਨੇ ਪਹਿਨੇ ਹੋਏ ਸਨ। ਉਹ ਰਣ ਭੂਮੀ ਵਿਚ ਲੜ ਰਹੇ ਸਨ, ਅੰਤ ਨੂੰ ਅਚੇਤ (ਬੇਸੁਧ) ਹੋ ਕੇ ਡਿੱਗ ਰਹੇ ਸਨ॥ ੫੨੪॥

**ਘੇਰੀ ਲੰਕੰ॥ ਬੀਰੰ ਬੰਕੰ॥ ਭੱਜੀ ਸੈਣੰ॥ ਲੱਜੀ ਨੈਣੰ॥ ੫੨੫॥**

ਬਾਂਕੇ ਸੂਰਮਿਆਂ ਨੇ ਲੰਕਾ ਨੂੰ ਘੇਰਾ ਪਾ ਲਿਆ, ਰਾਖਸ਼ਾਂ ਦੀ ਸਾਰੀ ਸੈਨਾ ਸ਼ਰਮ ਦੀ ਮਾਰੀ ਭੱਜ ਗਈ॥ ੫੨੫॥

**ਡਿੱਗੇ ਸੂਰੰ॥ ਭਿੱਗੇ ਨੂਰੰ॥ ਬਜਾਹੈਂ ਹੂਰੰ॥ ਕਾਮੰ ਪੂਰੰ॥ ੫੨੬॥**

ਲਹੂ ਲੁਹਾਨ ਹੋਏ ਸੂਰਮੇ ਧਰਤੀ ਤੇ ਡਿੱਗ ਪਏ। ਅਕਾਸ਼ ਦੀਆਂ ਹੂਰਾਂ ਨੇ ਉਨ੍ਹਾਂ ਨਾਲ ਵਿਆਹ ਕਰਕੇ ਉਨ੍ਹਾਂ ਦੀ ਕਾਮਨਾ ਪੂਰੀ ਕੀਤੀ॥ ੫੨੬॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਮਕਰਾਛ, ਕੁੰਭ, ਅਨਕੁੰਭ ਬਧਹਿ' ਪੰਚ ਦਸਮੋ ਧਿਆਇ ਸਮਾਪਤਮ॥ ਸਤੁ ਸੁਭਮ ਸਤੁ॥ ੧੫॥ ੫੨੬॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਮਕਰਾਛ, ਕੁੰਭ ਅਤੇ ਅਕੁੰਭ ਦਾ ਕਤਲ, ਪੰਦ੍ਹਰਵਾਂ ਅਧਿਆਏ ਸਮਾਪਤ॥ ਸਤ ਸ਼ੁਭਮ ਸਤ॥ ੧੫॥ ੫੨੬॥ ਚਲਦਾ॥

# ਸੋਲ੍ਹਵਾਂ ਅਧਿਆਏ

# ਲਛਮਣ ਮੂਰਛਾ ਵਰਣਨ

## ਹੋਹਾ ਛੰਦ॥

**ਸੁਣਯੋ ਇੱਸੰ॥ ਜਿਣਜੇ ਕਿੱਸੰ॥ ਚੱਪਯੋ ਚਿੱਤੰ॥ ਬੁੱਲਯੋ ਬਿੱਤੰ॥ ੫੨੭॥**

ਦੈਂਤਾਂ ਦੇ ਰਾਜੇ ਰਾਵਣ ਨੇ ਜਦ ਸੁਣਿਆ ਕਿ ਬਾਂਦਰਾਂ ਦੀ ਜਿੱਤ ਹੋਈ ਹੈ। ਤਾਂ ਉਸ ਦਿਲ ਵਿਚ ਬੜਾ ਕਰੋਧ ਕੀਤਾ ਅਤੇ ਉੱਚੀ ਉਚੀ ਚੀਕਣ ਲੱਗਾ॥ ੫੨੭॥

**ਘਿਰਿਯੋ ਗੜੰ॥ ਰਿਸੰ ਬੜੰ॥ ਭਜੀ ਤ੍ਰਿਯੰ॥ ਭ੍ਰਮੀ ਭਯੰ॥੫੨੮॥**

ਲੰਕਾ ਦੇ ਕਿਲੇ ਨੂੰ ਘਿਰਿਆ ਹੋਇਆ ਵੇਖ ਕੇ ਉਸਨੂੰ ਬਹੁਤ ਗੁੱਸਾ ਆਇਆ। ਭੈ ਭੀਤ ਹੋਈਆਂ ਸਾਰੀਆਂ ਰਾਣੀਆਂ ਭੱਜੀਆਂ ਆਈਆਂ॥੫੨੮॥

**ਭ੍ਰਮੀ ਤਬੈ॥ ਭਜੀ ਸਬੈ॥ ਤ੍ਰਿਯੰ ਇਸੰ॥ ਗਹਜੋ ਕਿਸੰ॥੫੨੯॥**

ਸਾਰੀਆਂ ਰਾਣੀਆਂ ਭੱਜੀਆਂ ਜਾ ਰਹੀਆਂ ਸਨ, ਰਾਵਣ ਨੇ ਉਨ੍ਹਾਂ ਨੂੰ ਕੇਸਾਂ ਤੋਂ ਫੜ ਕੇ ਰੋਕ ਲਿਆ॥੫੨੯॥

**ਕਰੈਂ ਹਹੰ॥ ਓਹ ਦਯੰ॥ ਕਰੋ ਗਈ॥ ਛਮੋ ਭਈ॥੫੩੦॥**

ਉਹ ਸਾਰੀਆਂ ਹਾਇ ਹਾਇ ਕਰਦੀਆਂ ਪ੍ਰਭੂ ਨੂੰ ਪੁਕਾਰ ਰਹੀਆਂ ਸਨ ਅਤੇ ਆਪਣੇ ਪਾਪਾਂ ਲਈ ਖਿਮਾ ਮੰਗ ਰਹੀਆਂ ਸਨ। ੫੩੦॥

**ਸੁਣੀ ਸ੍ਰੂਤੰ॥ ਧੁਣੰ ਉਤੰ॥ ਉਠਜੋ ਹਠੀ॥ ਜਿਮੰ ਭਠੀ॥੫੩੧॥**

ਜਦ ਰਾਵਣ ਨੇ ਇਹ ਚੀਖ ਚਿਹਾੜੇ ਅਤੇ ਹਾਹਾਕਾਰ ਦੀ ਆਵਾਜ਼ ਸੁਣੀ ਤਾਂ ਗੁੱਸੇ ਵਿਚ ਇਸ ਤਰ੍ਹਾਂ ਲਾਲ ਪੀਲਾ ਹੋ ਗਿਆ ਜਿਵੇਂ ਭੱਠੀ ਤੱਪ ਜਾਂਦੀ ਹੈ॥੫੩੧॥

**ਕਢਜੋ ਨਰੰ॥ ਤਜੇ ਸਰੰ॥ ਹਣੇ ਕਿਸੰ॥ ਰੁਕੀ ਦਿਸੰ॥੫੩੨॥**

ਤੀਰ ਚਲਾ ਕੇ ਉਹ ਮਾਨਵੀ ਸੈਨਾਂ ਨੂੰ ਮਾਰਨ ਲੱਗਾ ਅਤੇ ਉਸ ਦੇ ਚਲਾਏ ਹੋਏ ਤੀਰਾਂ ਨਾਲ ਸਾਰੇ ਪਾਸੇ ਭਰ ਗਏ॥੫੩੨॥

## *ਤ੍ਰਿਣਣਿਣ ਛੰਦ॥*

ਭਾਵਰਾਥ :- ਜਿਸ ਤਰ੍ਹਾਂ ਸੰਗੀਤ ਛੰਦਾਂ ਦੇ ਸ਼ੁਰੂ ਵਿਚ 'ਅਗੜਦੰ' ਆਦਿਕ ਪਦ ਆਉਂਦੇ ਹਨ, ਅਤੇ ਉਨ੍ਹਾਂ ਦਾ ਕੋਈ ਖਾਸ ਅਰਥ ਨਹੀਂ ਹੁੰਦਾ, ਕੇਵਲ ਜੋਸ਼ ਦੁਆਉਣ ਲਈ ਮ੍ਰਿਦੰਗ ਦੇ ਸ਼ਬਦ ਵਰਤੇ ਜਾਂਦੇ ਹਨ। ਇਸੇ ਤਰ੍ਹਾਂ ਇਥੇ 'ਤ੍ਰਿਣਣਣ' 'ਬ੍ਰਿਣਣਿਣ' ਪਦ ਆਦਿਕ 'ਅਨੁਕਰਣ' ਰੂਪ ਹਨ, ਜਿਨ੍ਹਾਂ ਦਾ ਕੋਈ ਖਾਸ ਅਰਥ ਨਹੀਂ ਹੈ, ਇਹ 'ਅਨੁਕਰਣ' ਪਦ ਕੇਵਲ ਸੁੰਦਰਤਾ ਵਾਸਤੇ ਵਰਤੇ ਹੋਏ ਹਨ। ਇਹਨਾਂ ਅਨੁਕਰਣਕ ਪਦਾਂ ਕਰ ਕੇ ਇਸ ਛੰਦਾਂ ਦਾ ਨਾਮ 'ਤ੍ਰਿਣਣਣ' ਲਿਖਿਆ ਹੈ।

**ਤ੍ਰਿਣਣਣ ਤੀਰੰ॥ ਬ੍ਰਿਣਣਿਣ ਬੀਰੰ॥ ਢ੍ਰਣਣਣ ਢਾਲੰ॥ ਜੂਣਣਣ ਜ੍ਵਾਲੰ॥੫੩੩॥**

ਤੀਰ ਚੱਲਣ ਲੱਗੇ ਅਤੇ ਯੋਧੇ ਘਾਇਲ ਹੋਣ ਲੱਗੇ। ਢਾਲਾਂ ਖੜਕਣ ਲੱਗੀਆਂ ਅਤੇ ਉਨ੍ਹਾਂ ਵਿਚੋਂ ਅੱਗ ਨਿਕਲਣ ਲੱਗੀ॥੫੩੩॥

**ਖੂਣਣਣ ਖੋਲੰ॥ ਬੂਣਣਣ ਬੋਲੰ॥ ਕ੍ਰਣਣਣ ਰੋਸੰ॥ ਜੂਣਣਣ ਜੋਸੰ॥੫੩੪॥**

ਟੋਪ ਖੜਕਣ ਲੱਗੇ ਅਤੇ ਜ਼ਖਮ ਬਣਨ ਲੱਗੇ। ਸੂਰਮੇ ਰੋਹ ਵਿਚ ਆਉਣ ਲੱਗੇ ਅਤੇ ਉਨ੍ਹਾਂ ਦਾ ਜੋਸ਼ ਵੱਧਣ ਲੱਗਾ॥ ੫੩੪॥

**ਬੂਣਣਣ ਬਾਜੀ॥ ਤ੍ਰਿਣਣਣ ਤਾਜੀ॥ ਜੂਣਣਣ ਜੂਝੇ॥ ਲੂਣਣਣ ਲੂਝੇ॥ ੫੩੫॥**

ਤੇਜ਼ ਰਫਤਾਰ ਵਾਲੇ ਘੋੜੇ ਭੱਜਣ ਲੱਗੇ ਅਤੇ ਸੂਰਮੇ ਯੁੱਧ ਕਰ ਕੇ ਸ਼ਹੀਦ ਹੋਣ ਲੱਗੇ॥ ੫੩੫॥

**ਹਰਣਣ ਹਾਥੀ॥ ਸਰਣਣ ਸਾਥੀ॥ ਭਰਣਣ ਭਾਜੇ॥ ਲਰਣਣ ਲਾਜੇ॥ ੫੩੬॥**

ਹਾਥੀ ਅਤੇ ਉਨ੍ਹਾਂ ਦੇ ਸਾਥੀ ਭੱਜਣ ਲੱਗੇ। ਸ਼ਰਮ ਦੇ ਮਾਰੇ ਉਹ ਮੁਕਾਬਲਾ ਨਾ ਕਰ ਸਕੇ॥ ੫੩੬॥

**ਚਰਣਣ ਚਰਮੰ॥ ਬਰਣਣ ਬਰਮੰ॥ ਕਰਣਣ ਕਾਟੇ॥ ਬਰਣਣ ਬਾਟੇ॥ ੫੩੭॥**

ਢਾਲਾਂ ਅਤੇ ਸੰਜੋਆ ਵੱਢੇ ਜਾਣ ਲੱਗੀਆਂ ਅਤੇ ਸਰੀਰ ਛਾਨਣੀ ਹੋਣ ਲੱਗੇ। ੫੩੭॥

**ਮਰਣਣ ਮਾਰੇ॥ ਤਰਣਣ ਤਾਰੇ॥ ਜਰਣਣ ਜੀਤਾ॥ ਸਰਣਣ ਸੀਤਾ॥ ੫੩੮॥**

ਵੱਡੇ ਵੱਡੇ ਸੂਰਮੇ ਮਾਰ ਕੇ ਅਗਲੇ ਜਹਾਨ ਭੇਜ ਦਿੱਤੇ। ਰਾਵਣ ਨੇ ਸੋਚਿਆ ਯੁੱਧ ਜਿੱਤਕੇ ਸੀਤਾ ਨੂੰ ਸ਼ਰਨ ਵਿਚ ਕਰ ਲਵਾਂਗਾ॥ ੫੩੮॥

**ਗਰਣਣ ਗੈਣੰ॥ ਅਰਣਣ ਐਣੰ॥ ਹਰਣਣ ਹੂਰੰ॥ ਪਰਣਣ ਪੂਰੰ॥ ੫੩੯॥**

ਸਾਰਾ ਅਕਾਸ਼ ਮੰਡਲ ਦੇਵਤਿਆਂ ਅਤੇ ਹੂਰਾਂ ਨਾਲ ਭਰਿਆ ਪਿਆ ਸੀ॥ ੫੩੯॥

**ਬਰਣਣ ਬਾਜੇ॥ ਗਰਣਣ ਗਾਜੇ॥ ਸਰਣਣ ਸੁੱਝੇ॥ ਜਰਣਣ ਜੁੱਝੇ॥ ੫੪੦॥**

ਜੰਗ ਦੇ ਨਗਾਰੇ ਵੱਜੇ ਅਤੇ ਸੂਰਮੇ ਗੱਜਣ ਲੱਗੇ। ਕਿਸੇ ਨੂੰ ਵੀ ਆਪਣੇ ਬਚਾਅ ਦਾ ਫਿਕਰ ਨਹੀਂ ਸੀ। ਸਭ ਲੜ ਲੜ ਕੇ ਸ਼ਹੀਦ ਹੋ ਰਹੇ ਸਨ॥ ੫੪੦॥

## ਤ੍ਰਿਗਤਾ ਛੰਦ॥

ਭਾਵਾਰਥ - ਜਿਵੇਂ ਸੰਗੀਤ ਛੰਦ ਵਿਚ 'ਤਾਗੜਦੰਗ' ਆਦਿਕ ਮ੍ਰਿਦੰਗ ਦੇ ਬੋਲ ਹਨ, ਅਤੇ ਤ੍ਰਿਣਣਿਣ ਛੰਦ ਵਿਚ ਅਨੁਕਰਣ ਪਦ ਹਨ, ਇਸ ਤਰ੍ਹਾਂ ਹੀ ਇਸ ਤ੍ਰਿਗਤਾ ਛੰਦ ਵਿਚ 'ਕੱਕ, ਜੱਜ' ਆਦਿਕ ਪਦ ਹਨ ਜਿਨ੍ਹਾਂ ਦਾ ਕੋਈ ਵਿਸ਼ੇਸ਼ ਅਰਥ ਨਹੀਂ ਹੈ, ਪਰ ਜੁੱਧ ਸਮੇਂ ਮਾਰੂ ਧੁਨ ਲਈ ਇਹ ਛੰਦ ਵਰਤਿਆ ਜਾਂਦਾ ਹੈ, ਇਸ ਲਈ ਇਸ ਵਿਚ ਵੀ ਜੋਸ਼ ਨੂੰ ਦਿਵਾਉਣ ਵਾਸਤੇ ਐਸੇ ਪਦ ਵਰਤੇ ਜਾਂਦੇ ਹਨ। ਪਰ ਸੰਪ੍ਰਦਾਈ ਗਿਆਨੀ ਇਨ੍ਹਾਂ ਪਦਾਂ ਨੂੰ ਸਾਰਥਕ ਕਰਨ ਲਈ ਕਿਹਾ ਕਰਦੇ ਹਨ, ਕੇ ਗੁਰੂ ਜੀ ਨੇ ਪੈਂਤੀ ਅੱਖਰਾਂ ਦੁਵਾਰ ਛੰਦ ਰਚਨਾ ਕਥਨ ਕੀਤਾ ਹੈ। ਇਸ ਗੱਲ ਨੂੰ ਸਰੋਤਾ ਜਨ ਆਪੇ ਹੀ ਅਨੁਭਵ ਕਰ ਸਕਦੇ ਹਨ, ਕਿ ਇਹ ਉਨ੍ਹਾਂ ਦਾ ਕਹਿਣਾ ਕਿਥੋਂ ਤੱਕ ਦਰੁੱਸਤ ਹੈ? ਸਾਰੇ ਅੱਖਰ ਤਿੰਨ ਤਿੰਨ ਇਕੱਠੇ ਆਉਂਦੇ ਹਨ, ਇਸੇ ਕਰ ਕੇ ਇਸ ਦਾ ਨਾਮ ਤ੍ਰਿਗਤਾ ਹੈ।

ਤ੍ਰਿਗਤਾ ਛੰਦ ॥ ਤੱਤ ਤੀਰੰ ॥ ਬੱਬ ਬੀਰੰ ॥ ਢੱਲ ਢਾਲੰ ॥ ਜੱਜ ਜੁਆਲੰ ੫੪੧ ॥

ਸੂਰਮੇ ਤੀਰ ਛੱਡਦੇ ਸਨ, ਜਿਨ੍ਹਾਂ ਨਾਲ ਢਾਲਾਂ ਵਿਚੋਂ ਅੱਗ ਨਿਕਲਦੀ ਸੀ ॥ ੫੪੧ ॥

ਤੱਤ ਤਾਜੀ ॥ ਗੱਗ ਗਾਜੀ ॥ ਮੱਮ ਮਾਰੇ ॥ ਤੱਤ ਤਾਰੇ ॥ ੫੪੨ ॥

ਘੋੜਿਆਂ ਅਤੇ ਯੋਧਿਆਂ ਨੂੰ ਮਾਰਨ ਲੱਗੇ ਅਤੇ ਭਵ ਸਾਗਰ ਪਾਰ ਉਤਾਰਨ ਲੱਗੇ ॥ ੫੪੨ ॥

ਜੱਜ ਜੀਤੇ ॥ ਲੱਲ ਲੀਤੇ ॥ ਤੱਤ ਤੋਰੇ ॥ ਛੱਛ ਛੋਰੇ ॥ ੫੪੩ ॥

ਜਿਨ੍ਹਾਂ ਵੈਰੀਆਂ ਨੂੰ ਜਿੱਤ ਲਿਆ ਉਨ੍ਹਾਂ ਨੂੰ ਆਪਣੇ ਨਾਲ ਕਰ ਲਿਆ, ਜਿਨ੍ਹਾਂ ਨੂੰ ਮਾਰ ਦਿੱਤਾ ਉਨ੍ਹਾਂ ਨੂੰ ਛੱਡ ਦਿੱਤਾ ॥ ੫੪੩ ॥

ਰੱਰ ਰਾਜੰ ॥ ਗੱਗ ਗਾਜੰ ॥ ਧੱਧ ਧਾਜੰ ॥ ਚੱਚ ਚਾਜੰ ॥ ੫੪੪ ॥

ਰਾਜਾ ਗੱਜਣ ਲੱਗਾ ਅਤੇ ਬੜੇ ਉਤਸ਼ਾਹ ਨਾਲ ਹਮਲਾ ਕਰਨ ਲੱਗਾ ॥ ੫੪੪ ॥

ਡੱਡ ਡਿੱਗੇ ॥ ਭੱਭ ਭਿੱਗੇ ॥ ਸੱਸ ਸ੍ਰੋਣੰ ॥ ਤੱਤ ਤ੍ਰੋਣੰ ॥ ੫੪੫ ॥

ਜਿਹੜੇ ਸੂਰਮੇ ਡਿੱਗ ਜਾਂਦੇ ਸਨ ਉਹ ਲਹੂ ਨਾਲ ਭਿੱਜ ਜਾਂਦੇ ਸਨ ॥ ੫੪੫ ॥

ਸੱਸ ਸਾਧੇਂ ॥ ਬੱਬ ਬਾਧੇਂ ॥ ਅੱਅ ਅੰਗੰ ॥ ਜੱਜ ਜੰਗੰ ॥ ੫੪੬ ॥

ਯੁੱਧ ਵਿਚ ਤੀਰਾਂ ਦੇ ਚੰਗੀ ਤਰ੍ਹਾਂ ਨਿਸ਼ਾਨੇ ਬੰਨ੍ਹ ਕੇ ਵੈਰੀ ਦੇ ਅੰਗਾਂ ਨੂੰ ਵਿੰਨ੍ਹ ਰਹੇ ਸਨ ॥ ੫੪੬ ॥

ਕੱਕ ਕ੍ਰੋਧੰ ॥ ਜੱਜ ਜੋਧੰ ॥ ਘੱਘ ਘਾਏ ॥ ਧੱਧ ਧਾਏ ॥ ੫੪੭ ॥

ਯੋਧੇ ਕ੍ਰੋਧ ਨਾਲ ਭਰ ਕੇ ਵੈਰੀ ਨੂੰ ਘਾਇਲ ਕਰਕੇ ਮਾਰ ਦਿੰਦੇ ਸਨ ॥ ੫੪੭ ॥

ਹੱਹ ਹੂਰੰ ॥ ਪੱਪ ਪੂਰੰ ॥ ਗੱਗ ਗੈਣੰ ॥ ਅੱਅ ਐਣੰ ॥ ੫੪੮ ॥

ਸਾਰਾ ਅਕਾਸ਼ ਹੂਰਾਂ ਨਾਲ ਭਰ ਗਿਆ ਸੀ ॥ ੫੪੮ ॥

ਬੱਬ ਬਾਣੰ ॥ ਤੱਤ ਤਾਣੰ ॥ ਛੱਛ ਛੋਰੈਂ ॥ ਜੱਜ ਜੋਰੈਂ ॥ ੫੪੯ ॥

ਯੋਧੇ ਜ਼ੋਰ ਨਾਲ ਤਾਣ ਕੇ ਅਤੇ ਖਿੱਚ ਕੇ ਬਾਣ ਛੱਡਦੇ ਸਨ ॥ ੫੪੯ ॥

ਬੱਬ ਬਾਜੇ ॥ ਗੱਗ ਗਾਜੇ ॥ ਭੱਭ ਭੂਮੰ ॥ ਝੱਝ ਝੂਮੰ ॥ ੫੫੦ ।

ਵਾਜੇ ਵੱਜ ਰਹੇ ਸਨ ਅਤੇ ਸੂਰਮੇ ਗੱਜ ਰਹੇ ਸਨ ਅਤੇ ਝੂਮ ਝੂਮ ਕੇ ਧਰਤੀ ਉਤੇ ਡਿੱਗ ਰਹੇ ਸਨ ॥ ੫੫੦ ॥

## ਅਨਾਦ ਛੰਦ॥

**ਚੱਲੇ ਬਾਣ ਰੁੱਕੇ ਗੈਣ॥ ਮੱਤੇ ਸੂਰ ਰੱਤੇ ਨੈਣ॥**
**ਢੱਕੇ ਢੋਲ ਢੁੱਕੀ ਢਾਲ॥ ਛੁਟੈ ਬਾਨ ਉੱਠੈ ਜ੍ਵਾਲ॥੫੫੧॥**

ਇਤਨੇ ਤੀਰ ਚਲੇ ਸਨ, ਜਿਨ੍ਹਾਂ ਨਾਲ ਅਕਾਸ਼ ਰੁਕ ਗਿਆ ਸੀ, ਸੂਰਮੇ ਮਸਤ ਫਿਰਦੇ ਸਨ, ਜਿਨ੍ਹਾਂ ਦੀਆਂ ਅੱਖਾਂ ਲਾਲ ਸਨ। ਢੋਲ ਉਤੇ ਡੱਗੇ ਵੱਜਦੇ ਸਨ, ਅਤੇ ਢਾਲ ਵੈਰੀ ਦੇ ਵਾਰ ਨੂੰ ਰੋਕਦੀ ਸੀ, ਚੱਲਦੇ ਹੋਏ ਤੀਰ ਢਾਲ ਨਾਲ ਟਕਰਾਉਂਦੇ ਸਨ, ਤਾਂ ਉਨ੍ਹਾਂ ਵਿਚੋਂ ਅੱਗ ਨਿਕਲਦੀ ਸੀ॥੫੫੧॥

**ਭਿੱਗੇ ਸ੍ਰੋਣ ਡਿੱਗੇ ਸੂਰ॥ ਝੁੱਮੇ ਭੂੰਮ ਘੁੱਮੀ ਹੂਰ॥**
**ਬੱਜੇ ਸੰਖ ਸੱਦੰ ਗੱਦ॥ ਤਾਲੰ ਸੰਖ ਭੇਰੀ ਨੱਦ॥੫੫੨॥**

ਲਹੂ ਦੇ ਭਿੱਜੇ ਹੋਏ ਸੂਰਮੇ ਝੂਮ ਝੂਮ ਕੇ ਧਰਤੀ ਤੇ ਡਿੱਗਦੇ ਸਨ, ਅਤੇ ਹੂਰਾਂ ਅਕਾਸ਼ ਵਿਚ ਫਿਰਦੀਆਂ ਸਨ। ਸੰਖ ਵੱਜਦੇ ਸਨ ਅਤੇ ਛੈਣੇ, ਸੰਖ ਤੇ ਭੇਰੀ ਦਾ ਨਾਦ ਹੋ ਰਿਹਾ ਸੀ॥੫੫੨॥

**ਤੁੱਟੇ ਤ੍ਰਾਣ ਫੁੱਟੇ ਅੰਗ॥ ਜੁੱਝੇ ਵੀਰ ਰੁੱਝੇ ਜੰਗ॥**
**ਮੱਚੇ ਸੂਰ ਨੱਚੀ ਹੂਰ॥ ਮੱਤੀ ਧੂਮ ਭੂਮੀ ਪੂਰ॥੫੫੩॥**

ਕਵਚ ਟੁੱਟ ਗਏ ਸਨ, ਅਤੇ ਸੂਰਮਿਆਂ ਦੇ ਅੰਗ ਭੱਜ ਗਏ ਸਨ। ਸੂਰਮੇ ਜੰਗ ਵਿਚ ਰੁੱਝੇ ਹੋਏ ਲੜ ਰਹੇ ਸਨ। ਸੂਰਮੇ ਕ੍ਰੋਧ ਵਿਚ ਚਮਕੇ ਫਿਰਦੇ ਸਨ, ਅਤੇ ਹੂਰਾਂ ਨੱਚ ਰਹੀਆਂ ਸਨ। ਇਸ ਮਸਤੀ ਦੀ ਧੂਮ ਸਾਰੀ ਧਰਤੀ ਤੇ ਪੈ ਰਹੀ ਸੀ॥੫੫੩॥

**ਉੱਠੇ ਅੱਧ ਬੱਧ ਕਮੱਧ॥ ਪੱਖਰ ਰਾਗ ਖੋਲ ਸਨੱਧ॥**
**ਛੱਕੇ ਛੋਭ ਛੁੱਟੇ ਕੇਸ॥ ਸੰਘਰ ਸੂਰ ਸਿੰਘਨ ਭੇਸ॥੫੫੪॥**

ਅੱਧੇ ਵੱਢੇ ਹੋਏ ਧੜ ਖੜੇ ਹੋਣ ਲੱਗੇ ਅਤੇ ਆਪਣੇ ਜਾਲੀਦਾਰ ਕਵਚ ਖੋਲਣ ਲੱਗੇ। ਕ੍ਰੋਧ ਦੇ ਭਰੇ ਹੋਏ ਸਨ, ਕੇਸ ਖੁੱਲ੍ਹੇ ਸਨ, ਉਹ ਸੂਰਮੇ ਜੰਗ ਕਰ ਰਹੇ ਸਨ ਜਿਨ੍ਹਾਂ ਨੇ ਸ਼ੇਰਾਂ ਦਾ ਰੂਪ ਧਾਰਿਆ ਹੋਇਆ ਸੀ॥੫੫੪॥

**ਟੁੱਟਰ ਟੀਕ ਟੁੱਟੇ ਟੋਪ॥ ਭੱਗੇ ਭੂਪ ਭੰਨੀ ਧੋਪ॥**
**ਘੁੱਮੇ ਘਾਇ ਝੂਮੀ ਭੂਮ॥ ਅਊਝੜ ਝਾੜ ਧੂਮੰ ਧੂਮ॥੫੫੫॥**

ਜਿਨ੍ਹਾਂ ਦੇ ਟੋਪ ਟੁੱਟ ਗਏ ਸਨ ਉਹ ਰਾਜੇ ਭੱਜ ਪਏ ਸਨ। ਸੂਰਮੇ ਜ਼ਖਮੀ ਹੋ ਕੇ ਘੁੰਮ ਘੁੰਮ ਕੇ ਧੜਮ ਧੜਮ ਧਰਤੀ ਤੇ ਡਿੱਗ ਰਹੇ ਸਨ॥੫੫੫॥

ਬੱਜੇ ਨਾਦ ਬਾਦ ਅਪਾਰ॥ ਸੱਜੇ ਸੂਰ ਵੀਰ ਜੁਝਾਰ॥
ਜੁੱਝੇ ਟੂਕ ਟੂਕ ਹ੍ਵੈ ਖੇਤ॥ ਮੱਤੇ ਮੱਦ ਜਾਣ ਅਚੇਤ॥੫੫੬॥

ਰਣ ਸਿੰਘੇ ਤੇ ਵਾਜੇ ਵੱਜਦੇ ਸਨ ਅਤੇ ਲੜਾਕੇ ਸੂਰਬੀਰ ਸ਼ਸਤਰ ਨਾਲ ਸਜੇ ਹੋਏ ਸਨ। ਰਣ ਭੂਮੀ ਵਿਚ ਟੁਕੜੇ ਟੁਕੜੇ ਹੋ ਕੇ ਸ਼ਹੀਦ ਹੋ ਗਏ ਸਨ। ਮਾਨੋ ਸ਼ਰਾਬ ਨਾਲ ਮਸਤ ਹੋ ਕੇ ਬੇ-ਸੁਧ ਪਏ ਹੋਏ ਸਨ॥੫੫੬॥

ਛੁੱਟੇ ਸ਼ਸਤ੍ਰ ਅਸਤ੍ਰ ਅਨੰਤ॥ ਰੰਗੇ ਰੰਗ ਭੂਮ ਦੁਰੰਤ॥
ਖੁੱਲੇ ਅੰਧ ਧੁੰਧ ਹਥਿਆਰ॥ ਬੱਕੇ ਸੂਰ ਵੀਰ ਬਿਕ੍ਰਾਰ॥੫੫੭॥

ਸ਼ਸਤਰ ਤੇ ਅਸਤ੍ਰ ਬੇਅੰਤ ਹੀ ਚਲਦੇ ਸਨ। ਅੰਧਾ ਧੁੰਧ ਸ਼ਸਤਰ ਚਲ ਰਹੇ ਸਨ ਅਤੇ ਵਿਕਰਾਲ ਸੂਰਮੇ ਡਰਾਉਣੇ ਲੱਗ ਰਹੇ ਸਨ॥੫੫੭॥

ਬਿਥੁਰੀ ਲੁੱਥ ਜੁੱਥ ਅਨੇਕ॥ ਮੱਚੇ ਕੋਟਿ ਭੱਗੇ ਏਕ॥
ਹੱਸੇ ਭੂਤ ਪ੍ਰੇਤ ਮਸਾਣ॥ ਲੁੱਝੇ ਜੁੱਝ ਰੁੱਝ ਕ੍ਰਿਪਾਣ॥੫੫੮॥

ਅਨੇਕ ਲੋਥਾਂ ਦੇ ਝੁੰਡ ਖਿਲਰੇ ਪਏ ਸਨ, ਕ੍ਰੋੜਾਂ ਸੂਰਮੇ ਕ੍ਰੋਧ ਦੇ ਭਰੇ ਹੋਏ ਸਨ, ਅਤੇ ਅਨੇਕਾਂ ਰਣ ਭੂਮੀ ਵਿਚੋਂ ਭੱਜ ਨਿਕਲੇ ਸਨ। ਭੂਤ, ਪ੍ਰੇਤ ਤੇ ਮਸਾਣ ਹੱਸ ਰਹੇ ਸਨ, ਜੋਧੇ ਕਿਰਪਾਨਾਂ ਲੈ ਕੇ ਜੁੱਧ ਵਿਚ ਲੜ ਰਹੇ ਸਨ॥੫੫੮॥

## ਬਹੜਾ ਛੰਦ॥

ਅਧਿਕ ਰੋਸ ਕਰ ਰਾਜ ਪਖਰੀਆ ਧਾਵਹੀ॥
ਰਾਮ ਰਾਮ ਬਿਨੁ ਸ਼ੰਕ ਪੁਕਾਰਤ ਆਵਹੀ॥
ਰੁੱਝ ਜੁੱਝ ਝੜ ਪੜਤ ਭਯਾਨਕ ਭੂਮ ਪਰ॥
ਰਾਮਚੰਦ੍ਰ ਕੇ ਹਾਥ ਗਏ ਭਵਸਿੰਧ ਤਰ॥੫੫੯॥

ਬਹੁਤ ਕ੍ਰੋਧ ਕਰ ਕੇ ਘੋੜ ਚੜ੍ਹੇ ਰਾਜ ਕੁਮਾਰ ਧਾਵਾ ਕਰਕੇ ਆਉਂਦੇ ਸਨ, ਜੋ ਨਿਡਰ ਹੋ ਕੇ ਰਾਮ ਰਾਮ ਪੁਕਾਰਦੇ ਆਉਂਦੇ ਸਨ। ਭਿਆਨਕ ਜੰਗ ਵਿਚ ਰੁਝ ਕੇ ਅੰਤ ਨੂੰ ਧਰਤੀ ਤੇ ਝੜ ਪੈਂਦੇ ਸਨ, ਸ੍ਰੀ ਰਾਮ ਚੰਦਰ ਜੀ ਦੇ ਹੱਥੋਂ ਮਰ ਕੇ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਸਨ॥੫੫੯॥

ਸਿਮਟ ਸਾਂਗ ਸੰਗ੍ਰਹੈ ਸਮੂਹ ਹੁਐ ਜੂਝਹੀ॥
ਟੂਕ ਟੂਕ ਹੁਐ ਗਿਰਤ ਨ ਘਰ ਕਹ ਬੂਝਹੀ॥

ਖੰਡ ਖੰਡ ਹੂਐ ਗਿਰਤ ਖੰਡ ਧਨ ਖੰਡ ਰਨ॥
ਤਨਕ ਤਨਕ ਲਗ ਜਾਂਹਿ ਅਸਨ ਕੀ ਧਾਰ ਤਨ॥ ੫੯੦॥

ਜੋਧੇ ਇਕੱਠੇ ਹੋ ਕੇ ਬਰਛੇ ਫੜਦੇ ਸਨ, ਅਤੇ ਸਾਹਮਣੇ ਹੋ ਕੇ ਲੜਕੇ ਸਨ। ਟੋਟੇ ਟੋਟੇ ਹੋ ਕੇ ਡਿੱਗਦੇ ਸਨ, ਪਰ ਘਰ ਨੂੰ ਜਾਣਦੇ ਨਹੀਂ ਸਨ। ਰਣ ਭੂਮੀ ਵਿਚ ਜੋਧੇ ਟੋਟੇ ਹੋ ਕੇ ਡਿੱਗਦੇ ਸਨ, ਅਤੇ ਧਨੁੱਖ ਵੀ ਟੁਕੜੇ ਹੋ ਜਾਂਦੇ ਸਨ। ਜਿਨ੍ਹਾਂ ਦੇ ਤਨ ਨੂੰ ਰਤਾ ਜਿੰਨੀ ਵੀ ਤਲਵਾਰਾਂ ਦੀ ਧਾਰ ਲੱਗੀ ਸੀ, ਉਨ੍ਹਾਂ ਦੀ ਏਹ ਹਾਲਤ ਹੋਈ ਸੀ॥ ੫੯੦॥

## ਸੰਗੀਤ ਬਹੜਾ ਛੰਦ॥

ਸਾਗੜਦੀ ਸਾਂਗ ਸੰਗ੍ਰਹੇ ਤਾਗੜਦੀ ਰਣ ਤੁਰੀ ਨਚਾਵਹਿ॥
ਝਾਗੜਦੀ ਝੂਮ ਗਿਰ ਭੂਮਿ ਸਾਗੜਦੀ ਸੁਰਪੁਰਹਿ ਸਿਧਾਵਹਿ॥
ਆਗੜਦੀ ਅੰਗ ਹੁਐ ਭੰਗ ਆਗੜਦੀ ਆਹਵ ਮਹਿ ਡਿਗਹੀ॥
ਹੋ ਬਾਗੜਦੀ ਵੀਰ ਬਿਕ੍ਰਾਰ ਸਾਗੜਦੀ ਸ੍ਰੋਣਤ ਤਨ ਭਿਗਹੀ॥ ੫੯੧॥

ਰਣ ਭੂਮੀ ਵਿਚ ਹੱਥ ਵਿਚ ਬਰਛੇ ਫੜ ਕੇ, ਘੋੜੀਆਂ ਨੂੰ ਨਚਾਉਂਦੇ ਸਨ, ਜਿਨ੍ਹਾਂ ਨੂੰ ਕੋਈ ਫੱਟ ਲੱਗਦਾ ਸੀ, ਉਹ ਝੂਮ ਕੇ ਧਰਤੀ ਤੇ ਡਿੱਗਦੇ ਸਨ, ਅਤੇ ਸਵਰਗਪੁਰੀ ਨੂੰ ਚਲੇ ਜਾਂਦੇ ਸਨ। ਜਿਨ੍ਹਾਂ ਦੇ ਅੰਗ ਭੰਗ ਹੋਏ ਸਨ, ਉਹ ਰਣ ਭੂਮੀ ਵਿਚ ਡਿੱਗਦੇ ਸਨ। ਡਰੌਣੇ ਸੂਰਮਿਆਂ ਦੇ ਤਨ ਲਹੂ ਨਾਲ ਭਿੱਜੇ ਹੋਏ ਸਨ॥ ੫੯੧॥

ਰਾਗੜਦੀ ਰੋਸ ਰਿਪ ਰਾਜ ਲਾਗੜਦੀ ਲਛਮਣ ਪੈ ਧਾਯੋ॥
ਕਾਗੜਦੀ ਕ੍ਰੋਧ ਤਨ ਕੜਯੋ ਪਾਗੜਦੀ ਹੁਐ ਪਵਨ ਸਿਧਾਯੋ॥
ਆਗੜਦੀ ਅਨੁਜ ਉਰ ਤਾਤ ਘਾਗੜਦੀ ਗਹਿ ਘਾਇ ਪ੍ਰਹਾਰਯੋ॥
ਝਾਗੜਦੀ ਝੂਮਿ ਭੂਅ ਗਿਰਯੋ ਸਾਗੜਦੀ ਸੁਤ ਬੈਰ ਉਤਾਰਯੋ॥ ੫੯੨॥

ਰਾਵਣ ਕ੍ਰੋਧ ਕਰ ਕੇ ਲੱਛਮਣ ਵਲ ਆਇਆ। ਕ੍ਰੋਧ ਨਾਲ ਉਸ ਦਾ ਤਨ ਮਨ ਸੜ ਰਿਹਾ ਸੀ ਅਤੇ ਹਵਾ ਰੂਪ ਹੋ ਕੇ ਪੈ ਗਿਆ। ਐਂਵੇਂ ਆਂ ਹੀ ਰਾਵਣ ਨੇ ਰਾਮ ਜੀ ਦੇ ਛੋਟੇ ਭਾਈ ਲੱਛਮਣ ਦੀ ਛਾਤੀ ਵਿਚ ਬਰਛੀ ਫੜ ਕੇ ਫੱਟ ਲੱਗਾ ਦਿੱਤਾ। ਜਿਸ ਕਰ ਕੇ ਲੱਛਮਣ ਘੇਰਨੀ ਖਾ ਕੇ ਧਰਤੀ ਤੇ ਡਿੱਗ ਪਿਆ। ਰਾਵਣ ਨੇ ਮਾਨੋ ਪੁੱਤਰ ਦਾ ਬਦਲਾ ਲੈ ਲਿਆ ਸੀ॥ ੫੯੨॥

ਚਾਗੜਦੀ ਚਿੰਕ ਚਾਂਵਡੀ ਡਾਗੜਦੀ ਡਾਕਣ ਡੱਕਾਰੀ॥

ਭਾਗੜਦੀ ਭੂਤ ਭਰ ਹਰੇ ਰਾਗੜਦੀ ਰਣ ਰੋਸ ਪ੍ਰਜਾਰੀ ॥
ਮਾਗੜਦੀ ਮੂਰਛਾ ਭਯੋ ਲਾਗੜਦੀ ਲਛਮਣ ਰਣ ਜੁਝਜੇ ॥
ਜਾਗੜਦੀ ਜਾਣ ਜੁਝਿ ਗਯੋ ਰਾਗੜਦੀ ਰਘੁਪਤ ਇਮ ਬੁਝਜੇ ॥ ੫੬੩ ॥

ਇਲਾਂ ਚੀਕਦੀਆਂ ਸਨ, ਅਤੇ ਡਾਕਣੀਆਂ ਡਕਾਰਦੀਆਂ ਸਨ। ਭੂਤ ਡੰਡ ਰੌਲੀ ਪਾਉਂਦੇ ਸਨ, ਅਤੇ ਰਣ ਭੂਮੀ ਕਰੋਧ ਜਵਾਲਾ ਨਾਲ ਸੜ ਰਹੀ ਸੀ। ਲੱਛਮਣ ਰਣ ਵਿਚ ਲੜਦਾ ਲੜਦਾ ਮੂਰਛਾ ਹੋ ਗਿਆ ਅਤੇ ਰਾਮ ਜੀ ਨੇ ਇਸ ਤਰ੍ਹਾਂ ਸਮਝ ਲਿਆ ਸੀ, ਕਿ ਲੱਛਮਣ ਸ਼ਹੀਦ ਹੋ ਗਿਆ ਸੀ ॥ ੫੬੩ ॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਲਛਮਨ ਮੂਰਛਨਾ ਭਵੇਤ' ਖਸ਼ਟਮਦਸਮੋ ਧਿਆਇ ਸਮਾਪਤਮ ॥ ਸਤੁ ਸੁਭਮ ਸਤੁ ॥ ੧੬ ॥ ੫੬੩ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਲਛਮਣ ਮੂਰਛਾ', ਸੋਲ੍ਹਵਾਂ ਅਧਿਆਇ ਸਮਾਪਤ ॥ ਸਤ ਸੁਭਮ ਸਤ ॥ ੧੬ ॥ ੫੬੩ ॥ ਚਲਦਾ ॥

# ਸਤਾਰ੍ਹਵਾਂ ਅਧਿਆਏ

## ਰਾਵਣ ਯੁੱਧ ਵਰਣਨ

### ਸੰਗੀਤ ਬਹੜਾ ਛੰਦ ॥

ਕਾਗੜਦੀ ਕਟਕ ਕਪਿ ਭਜਜੇ ਲਾਗੜਦੀ ਲਛਮਣ ਜੁੱਝਜੇ ਜਬ ॥
ਰਾਗੜਦੀ ਰਾਮ ਰਿਸ ਭਰਜੋ ਸਾਗੜਦੀ ਗਹਿ ਅਸਤ੍ਰ ਸ਼ਸਤ੍ਰ ਸਭ ॥
ਧਾਗੜਦੀ ਧਉਲ ਧੜ ਹੜਜੋ ਕਾਗੜਦੀ ਕੋੜੰਭ ਕੱੜਕਜੇ ॥
ਭਾਗੜਦੀ ਭੂੰਮਿ ਭੜਹਦੀ ਪਾਗੜਦੀ ਜਨ ਪਲੈ ਪਲੱਟਜੇ ॥ ੫੬੪ ॥

ਉੱਠੀ, ਰਾਮ ਜੀ
ਜਦੋਂ ਲੱਛਮਣ ਮੂਰਛਿਤ ਹੋ ਕੇ ਡਿੱਗ ਪਿਆ ਤਾਂ ਬਾਂਦਰਾਂ ਦੀ ਫੌਜ ਭੱਜ ਉੱਠੀ, ਰਾਮ ਜੀ ਗੁੱਸੇ ਨਾਲ ਭਰ ਗਏ, ਅਤੇ ਸਾਰੇ ਅਸਤਰ ਸ਼ਸਤਰ ਧਾਰ ਲਏ। ਰਾਮ ਜੀ ਦੇ ਗੁੱਸੇ ਨੂੰ ਵੇਖ ਕੇ ਧਰਤੀ ਨੂੰ ਚੁਕਣ ਵਾਲਾ ਬਲਦ ਥਰ ਥਰ ਕੰਬ ਗਿਆ, ਅਤੇ ਕਛੂ ਦੀ ਪਿੱਠ ਵੀ ਕੜਕ ਗਈ, ਭਾਵ ਕੰਬ ਉਠੀ। ਧਰਤੀ ਇਸ ਤਰ੍ਹਾਂ ਹਿੱਲ ਗਈ, ਮਾਨੋ ਮੁੜ ਕੇ ਪਰਲੋ ਆ ਗਈ ਹੋਵੇ ॥ ੫੬੪ ॥

### ਅਰਧ ਨਰਾਜ ਛੰਦ ॥

ਕਢੀ ਸੁ ਤੇਗ ਦੁੱਧਰੰ ॥ ਅਨੂਪ ਰੂਪ ਸੁੱਭਰੰ ॥

ਭਕਾਰ ਭੇਰ ਭੈ ਕਰੰ॥ ਬਕਾਰ ਬੰਦਣੋ ਬਰੰ॥੫੬੫॥

ਦੋ-ਧਾਰੀ ਤਲਵਾਰ ਕੱਢ ਲਈ, ਅਤੇ ਉਹ ਅਨੂਪ ਰੂਪ ਨਾਲ ਸ਼ੋਭ ਰਿਹਾ ਸੀ। ਭੇਰੀਆਂ ਦੀ ਧੁਨ ਸੁਣਾਈ ਦੇਣ ਲੱਗੀ। ਜੋਧੇ ਵੇਖ ਕੇ ਬਾਰ ਬਾਰ ਬੰਦਨਾਂ ਕਰਨ ਲੱਗੇ॥੫੬੫॥

ਬਚਿਤ੍ਰ ਚਿਤ੍ਰਤੰ ਸਰੰ॥ ਤਜੰਤ ਤੀਖਣੋ ਨਰੰ॥
ਪਰੰਤ ਜੂਝਤੰ ਭਟੰ॥ ਜਣੰਕਿ ਸਾਵਣੰ ਘਟੰ॥੫੬੬॥

ਰਾਮ ਨੇ ਵਿਚਿੱਤਰ ਬਹਾਦਰੀ ਦੁਆਰਾ ਭਿਆਨਕ ਯੋਧਿਆਂ ਨੂੰ ਮਾਰ ਕੇ ਡੇਗ ਦਿੱਤਾ। ਵੱਡੇ ਵੱਡੇ ਸੂਰਬੀਰ ਲੜਦੇ ਹੋਏ ਇਸ ਤਰ੍ਹਾਂ ਡਿੱਗੇ ਜਿਵੇਂ ਸਾਵਣ ਦੀ ਘਟਾ ਵਧਦੀ ਹੈ॥੫੬੬॥

ਘੁਮੰਤ ਅਘ ਓਘਯੰ॥ ਬਦੰਤ ਬਕਤ੍ਰ ਤੇਜਯੰ॥
ਚਲੰਤ ਤਜਾਗਤੇ ਤਨੰ॥ ਭਣੰਤ ਦੇਵਤਾ ਧਨੰ॥੫੬੭॥

ਚਾਰੇ ਪਾਸੇ ਪਾਪ ਨੂੰ ਨਾਸ ਕਰਨ ਵਾਲੇ ਯੋਧੇ ਘੁੰਮ ਰਹੇ ਸਨ ਅਤੇ ਇਕ ਦੂਸਰੇ ਨੂੰ ਲਲਕਾਰ ਰਹੇ ਸਨ। ਸੂਰਮੇ ਸਰੀਰ ਦਾ ਤਿਆਗ ਕਰ ਰਹੇ ਸਨ ਅਤੇ ਦੇਵਤੇ ਧੰਨ ਧੰਨ ਕਹਿ ਰਹੇ ਸਨ॥੫੬੭॥

ਛੁਟੰਤ ਤੀਰ ਤੀਖਣੰ॥ ਬਜੰਤ ਭੇਰ ਭੀਖਣੰ॥
ਉਠੰਤ ਗੱਦ ਸੱਦਣੰ॥ ਮਮੱਤ ਜਾਣ ਮੱਦਣੰ॥੫੬੮॥

ਤੀਰ ਤਿੱਖੇ ਚਲ ਰਹੇ ਸਨ, ਡਰੌਣੀ ਸੁਰ ਨਾਲ ਭੇਰੀਆਂ ਵੱਜਦੀਆਂ ਸਨ। ਰਣ ਭੂਮੀ ਵਿਚ ਗੰਭੀਰ ਮਦ ਮਸਤ ਕਰਨ ਵਾਲੀਆਂ ਆਵਾਜ਼ਾਂ ਉੱਠ ਰਹੀਆਂ ਸਨ॥੫੬੮॥

ਕਰੰਤ ਚਾਚਰੋ ਚਰੰ॥ ਨਚੰਤ ਨਿਰਤਣੋ ਹਰੰ॥
ਪੁਅੰਤ ਪਾਰਬਤੀ ਸਿਰੰ॥ ਹਸੰਤ ਪ੍ਰੇਤਣੀ ਫਿਰੰ॥੫੬੯॥

ਭੱਟ ਜਸ ਉਚਾਰਨ ਕਰਦੇ ਸਨ। ਸ਼ਿਵਜੀ ਤਾਂਡਵ ਨਾਚ ਨੂੰ ਨੱਚਦੇ ਸਨ। ਪਾਰਬਤੀ ਸ਼ਿਵਜੀ ਦੇ ਗਲ ਦੀ ਰੁੰਡ ਮਾਲਾ ਵਿਚ ਸੂਰਮਿਆਂ ਦੇ ਸਿਰ ਪ੍ਰੋ ਰਹੀ ਸੀ ਅਤੇ ਪ੍ਰੇਤਣੀਆਂ ਹੱਸਦੀਆਂ ਫਿਰਦੀਆਂ ਸਨ॥੫੬੯॥

ਅਨੂਪ ਨਿਰਾਜ ਛੰਦ॥ ਡਕੰਤ ਡਾਕਣੀ ਡੁਲੰ॥ ਭ੍ਰਮੰਤ ਬਾਜ ਕੁੰਡਲੰ॥
ਰੜੰਤ ਬੰਦਿਣੋ ਕ੍ਰਿਤੰ॥ ਬਦੰਤ ਮਾਗਧੋ ਜਯੰ॥੫੭੦॥

ਡਾਕਣੀਆਂ ਡਕਾਰਦੀਆਂ ਫਿਰਦੀਆਂ ਹਨ। ਗੁਲਾਈ ਵਿਚ ਘੋੜੇ ਫਿਰਦੇ ਸਨ। ਬੰਦੀ ਜਨ ਕਵਿਤਾ ਪੜ੍ਹਦੇ ਸਨ, ਭੱਟ ਲੋਕ ਜੈ ਜੈ ਬੋਲਦੇ ਸਨ॥੫੭੦॥

ਫਲੰਤ ਢਾਲ ਉੱਢਲੰ॥ ਖਿਮੰਤ ਤੇਗ ਨਿਰਮਲੰ॥

**ਚਲੰਤ ਰਾਜਵੰ ਸਰੰ॥ ਪਪਾਤ ਉਰਵੀਅੰ ਨਰੰ॥੫੭੧॥**

ਢਾਲਾਂ ਨਾਲ ਢਾਲਾਂ ਖੜਕਦੀਆਂ ਸਨ, ਤਲਵਾਰਾਂ ਧੁੱਪ ਨਾਲ ਚਮਕਦੀਆਂ ਸਨ। ਰਾਜੇ ਤੀਰ ਛੱਡ ਰਹੇ ਸਨ ਅਤੇ ਮਨੁੱਖ ਧਰਤੀ ਤੇ ਡਿੱਗ ਰਹੇ ਸਨ। ੫੭੧॥

**ਭਜੰਤ ਆਸੁਰੀ ਸੁਤੰ॥ ਕਿਲੰਕ ਬਾਨਰੀ ਪੁਤੰ॥**
**ਬਜੰਤ ਤੀਰ ਤੁੱਪਕੰ॥ ਉਠੰਤ ਦਾਰੁਣੋ ਸੁਰੰ॥੫੭੨॥**

ਰਾਖਸ਼ਣੀਆਂ ਦੇ ਪੁੱਤਰ ਭੱਜੇ ਫਿਰਦੇ ਸਨ, ਬਾਂਦਰੀਆਂ ਦੇ ਪੁੱਤਰ ਕਿਲਕਾਰੀਆਂ ਮਾਰਦੇ ਸਨ। ਤੀਰ ਤੇ ਬੰਦੂਕਾਂ ਛੁੱਟਦੀਆਂ ਸਨ, ਜਿਨ੍ਹਾਂ ਦੀ ਡਰੌਣੀ ਅਵਾਜ਼ ਹੋ ਰਹੀ ਸੀ॥੫੭੨॥

**ਭਭੱਕ ਭੂਤ ਭੈ ਕਰੰ॥ ਚਚੱਕ ਚਉਦਣੋ ਚਕੰ॥**
**ਤਤੱਖ ਪੱਖਰੰ ਤੁਰੇ॥ ਬਜੇ ਨਿਨੱਦ ਸਿੰਧੁਰੇ॥੫੭੩॥**

ਭਿਆਨਕ ਭੂਤ ਬੋਲਦੇ ਸਨ, ਚੌਦਾਂ ਲੋਕ ਚੱਕ੍ਰਿਤ ਹੋ ਰਹੇ ਸਨ। ਜੜਾਊ ਝੁੱਲਾਂ ਵਾਲੇ ਘੋੜ ਝੜਫ ਰਹੇ ਸਨ, ਰਣਸਿੰਘੇ ਇਕ ਸਾਰ ਵੱਜ ਰਹੇ ਸਨ॥੫੭੩॥

**ਉਠੰਤ ਭੈ ਕਰੀ ਸੁਰੰ॥ ਮਚੰਤ ਜੋਧਣੋ ਜੁੱਧੰ॥**
**ਖਿਮੰਤ ਉੱਜਲੀ ਅਸੰ॥ ਬਬਰਖ ਤੀਖਣੋ ਸਰੰ॥੫੭੪॥**

ਡਰੌਣੀ ਅਵਾਜ਼ ਰਣ ਭੂਮੀ ਵਿਚ ਹੋ ਰਹੀ ਸੀ, ਸੂਰਮੇ ਜੁੱਧ ਨੂੰ ਮਚਾ ਰਹੇ ਸਨ। ਚਿੱਟੀਆਂ ਤਲਵਾਰਾਂ ਚਮਕ ਰਹੀਆਂ ਸਨ, ਤਿੱਖੇ ਤੀਰਾਂ ਦਾ ਮੀਂਹ ਵੱਸ ਰਿਹਾ ਸੀ॥੫੭੪॥

## *ਸੰਗੀਤ ਭੁਜੰਗ ਪ੍ਰਯਾਤ ਛੰਦ॥*

**ਜਾਮੜਦੰਗ ਜੁੱਝਯੋ ਭਾਗੜਦੰਗ ਭ੍ਰਾਤੰ॥ ਰਾਗੜਦੰਗ ਰਾਮੰ ਤਾਗੜਦੰਗ ਤਾਤੰ॥**
**ਬਾਗੜਦੰਗ ਬਾਣੰ ਛਾਗੜਦੰਗ ਛੋਰੇ॥ ਆਗੜਦੰਗ ਆਕਾਸ਼ ਤੇ ਜਾਨ ਉਰੇ॥੫੭੫॥**

ਜਦ ਛੋਟਾ ਭ੍ਰਾਤਾ ਮੂਰਛਿਤ ਹੋ ਗਿਆ, ਤਾਂ ਰਾਮ ਜੀ ਨੇ ਝਟਪਟ ਇਸ ਤਰ੍ਹਾਂ ਦੇ ਤੀਰ ਛਡੇ ਮਾਨੋ ਅਕਾਸ਼ ਤੋਂ ਗੜੇ ਪੈਂਦੇ ਹਨ॥੫੭੫॥

**ਬਾਗੜਦੰਗ ਬਾਜੀ ਰਥੀ ਬਾਣ ਕਾਟੇ॥ ਗਾਗੜਦੰਗ ਗਾਜੀ ਗਜੀ ਵੀਰ ਡਾਟੇ॥**
**ਮਾਗੜਦੰਗ ਮਾਰੇ ਸਾਗੜਦੰਗ ਸੂਰੰ॥ ਬਾਗੜਦੰਗ ਬਜਾਹੈਂ ਹਾਗੜਦੰਗ ਹੂਰੰ॥੫੭੬॥**

ਰਾਮ ਜੀ ਦੇ ਤੀਰਾ ਨੇ ਘੋੜਿਆਂ ਵਾਲੇ ਤੇ ਰੱਥਾਂ ਵਾਲੇ ਸੂਰਮੇ ਕੱਟ ਸੁਟੇ ਅਤੇ ਗਾਜੀ ਤੇ ਹਾਥੀਆਂ ਵਾਲੇ ਜੋਧੇ ਵੀ ਡਰਾ ਦਿੱਤੇ। ਜੋ ਸੂਰੇ ਮਾਰੇ ਗਏ, ਉਨ੍ਹਾਂ ਨੂੰ ਹੂਰਾਂ ਵਰ ਰਹੀਆਂ ਸਨ॥੫੭੬॥

ਜਾਗੜਦੰਗ ਜੀਤਾ ਖਾਗੜਦੰਗ ਖੇਤੰ॥ ਭਾਗੜਦੰਗ ਭਾਗੇ ਕਾਗੜਦੰਗ ਕੇਤੰ॥
ਸਾਗੜਦੰਗ ਸੂਰਾਨੁਜੰ ਆਨ ਪੇਖਾ॥ ਪਾਗੜਦੰਗ ਪ੍ਰਾਨਾਨ ਤੇ ਪ੍ਰਾਨ ਲੇਖਾ॥੫੭੭॥

ਸ੍ਰੀ ਰਾਮ ਜੀ ਨੇ ਰਣ ਭੂਮੀ ਨੂੰ ਜਿੱਤ ਲਿਆ, ਅਤੇ ਕਾਇਰ ਭੱਜ ਗਏ। ਫਿਰ ਛੋਟੇ ਭਾਈ ਸੂਰਮੇ ਨੇ ਆ ਕੇ ਉਸ ਨੂੰ ਵੇਖਿਆ, ਜੋ ਪ੍ਰਾਣਾਂ ਤੋਂ ਵੀ ਪਿਆਰਾ ਜਾਣਿਆਂ ਜਾਂਦਾ ਸੀ॥ ੫੭੭॥

ਚਾਗੜਦੰਗ ਚਿੰਤੰ ਪਾਗੜਦੰਗ ਪ੍ਰਾਜੀ॥ ਸਾਗੜਦੰਗ ਸੈਨਾ ਲਾਗੜਦੰਗ ਲਾਜੀ॥
ਸਾਗੜਦੰਗ ਸੁਗ੍ਰੀਵ ਤੇ ਆਦਿ ਲੈਕੈ॥ ਕਾਗੜਦੰਗ ਕੋਪੇ ਤਾਗੜਦੰਗ ਤੈਕੈ॥੫੭੮॥

ਸ੍ਰੀ ਰਾਮ ਜੀ ਨੂੰ ਜੁੱਧ ਵਿਚ ਹਾਰ ਜਾਣ ਦੀ ਚਿੰਤਾ ਹੋਈ, ਅਤੇ ਬਾਂਦਰਾਂ ਦੀ ਸਾਰੀ ਸੈਨਾ ਲੱਜਾਵਾਨ ਹੋਈ। ਸੁਗਰੀਵ ਆਦਿ ਤੋਂ ਲੈ ਕੇ (ਸਾਰੇ ਸੈਨਾਪਤੀ) ਕਰੋਧ ਕਰਕੇ ਤੱਤੇ ਹੋ ਗਏ॥ ੫੭੮॥

ਹਾਗੜਦੰਗ ਹਨੂ ਕਾਗੜਦੰਗ ਕੋਪਾ॥ ਬਾਗੜਦੰਗ ਬੀਰਾ ਨਮੋ ਪਾਵ ਰੋਪਾ॥
ਸਾਗੜਦੰਗ ਸੂਰੰ ਹਾਗੜਦੰਗ ਹਾਰੇ॥ ਤਾਗੜਦੰਗ ਤੈਕੈ ਹਨੂ ਤਉ ਪੁਕਾਰੇ॥੫੭੯॥

ਹਨੂੰਮਾਨ ਵੀ ਬਹੁਤ ਗੁੱਸੇ ਵਿਚ ਆ ਗਿਆ ਅਤੇ ਯੁੱਧ ਵਿਚ ਆਪਦੇ ਪੈਰ ਜਮਾ ਲਏ। ਸਾਰੇ ਲੜਦੇ ਹੋਏ ਸੂਰਮੇ ਉਸ ਪਾਸੋਂ ਮਾਰੇ ਗਏ, ਏਸੇ ਲਈ ਹਨੂੰਮਾਨ ਨੂੰ ਸਾਰੇ ਵੈਰੀਆਂ ਨੂੰ ਮਾਰਨ ਵਾਲਾ ਕਿਹਾ ਜਾਂਦਾ ਹੈ॥ ੫੭੯॥

ਸਾਗੜਦੰਗ ਸੁਨਹੋ ਰਾਗੜਦੰਗ ਰਾਮੰ॥ ਦਾਗੜਦੰਗ ਦੀਜੇ ਪਾਗੜਦੰਗ ਪਾਨੰ॥
ਪਾਗੜਦੰਗ ਪੀਠੰ ਠਾਗੜਦੰਗ ਠੋਕੋ॥ ਹਰੋ ਆਜ ਪਾਨੰ ਸੁਰੰ ਮੋਹ ਲੋਕੋ॥੫੮੦॥

ਜਦ ਰਾਮ ਨੇ ਹਨੂੰਮਾਨ ਦੀ ਰਾਖਸ਼ਾਂ ਦੀ ਸੈਨਾ ਨੂੰ ਮਾਰਨ ਦੀ ਖਬਰ ਸੁਣੀ ਤਾਂ ਉਨ੍ਹਾਂ ਨੇ ਹਨੂੰਮਾਨ ਦੀ ਪਿੱਠ ਤੇ ਥਾਪੀ ਦੇ ਕੇ ਸ਼ਾਬਾਸ਼ ਦਿੱਤੀ। ਤਦ ਹਨੂੰਮਾਨ ਨੇ ਆਗਿਆ ਮੰਗੀ ਕਿ ਜੇ ਰਾਮ ਜੀ ਕਹਿਣ ਤਾਂ ਉਹ ਲੱਛਮਣ ਦੀ ਮੂਰਛਾ ਲਈ ਇੰਦਰ ਪਾਸੋਂ ਅੰਮ੍ਰਿਤ ਵੀ ਲਿਆ ਸਕਦਾ ਹੈ॥ ੫੮੦॥

ਆਗੜਦੰਗ ਐਸੇ ਕਹਜੋ ਅਊ ਉਡਾਨੋ॥ ਗਾਗੜਦੰਗ ਗੈਨੰ ਮਿਲਜੋ ਮੱਧ ਮਾਨੋ॥
ਰਾਗੜਦੰਗ ਰਾਮੰ ਆਗੜਦੰਗ ਆਸੰ॥ ਬਾਗੜਦੰਗ ਬੈਠੇ ਨਾਗੜਦੰਗ ਨਿਰਾਸੰ॥੫੮੧॥

ਹਨੂੰਮਾਨ ਨੇ ਇਸ ਤਰ੍ਹਾਂ ਕਿਹਾ, ਅਤੇ ਉੱਡ ਗਿਆ, ਝੱਟ ਹੀ ਮਾਨੋ ਅਕਾਸ਼ ਦੇ ਵਿਚ ਹੀ ਮਿਲ ਗਿਆ। ਰਾਮ ਜੀ ਨੂੰ ਲੱਛਮਣ ਦੇ ਜੀਊਣ ਦੀ ਆਸ ਹੋ ਗਈ। ਜਿਹੜੇ ਪਹਿਲਾਂ ਨਿਰਾਸ ਹੋ ਬੈਠੇ ਸਨ॥ ੫੮੧॥

ਆਗੜਦੰਗ ਆਗੇ ਕਾਗੜਦੰਗ ਕੋਊ॥ ਮਾਗੜਦੰਗ ਮਾਰੇ ਸਾਗੜਦੰਗ ਸੋਊ॥

**ਨਾਗੜਦੰਗ ਨਾਕੀ ਤਾਗੜਦੰਗ ਤਾਲੰ ॥ ਮਾਗੜਦੰਗ ਮਾਰੇ ਬਾਗੜਦੰਗ ਬਿਸਾਲੰ ॥੫੮੨॥**

ਹਨੂੰਮਾਨ ਦੇ ਅੱਗੇ ਜਿਹੜਾ ਕੋਈ ਵਿਘਨਕਾਰੀ ਆਇਆ ਉਸ ਨੂੰ ਉਸ ਨੇ ਮਾਰ ਦਿੱਤਾ। ਇਸ ਤਰ੍ਹਾਂ ਮਾਰਦਾ ਹੋਇਆ ਉਹ ਇਕ ਵਿਸ਼ਾਲ ਸਰੋਵਰ ਦੇ ਕਿਨਾਰੇ ਪੁਜਾ॥ ੫੮੨॥

**ਆਗੜਦੰਗ ਏਕੰ ਦਾਗੜਦੰਗ ਦਾਨੋ ॥ ਚਾਗੜਦੰਗ ਚੀਰਾ ਦਾਗੜਦੰਗ ਦੁਰਾਨੋ ॥**
**ਦਾਗੜਦੰਗ ਦੇਖੀ ਬਾਗੜਦੰਗ ਬੂਟੀ ॥ ਆਗੜਦੰਗ ਹੈ ਏਕ ਤੇ ਏਕ ਜੂਟੀ ॥੫੮੩॥**

ਇਕ ਦੈਂਤ, ਜੋ ਮੁਨੀ ਦੇ ਭੇਖ ਵਿਚ ਲੁਕਿਆ ਹੋਇਆ ਸੀ, ਉਸ ਨੂੰ ਵੀ ਵਿਘਨਕਾਰੀ ਜਾਣ ਕੇ ਚੀਰ ਦਿੱਤਾ, ਓਥੇ ਹਨੂੰਮਾਨ ਨੇ ਇਕ ਤੋਂ ਇਕ ਵੱਧ ਅਨੇਕ ਪ੍ਰਕਾਰ ਦੀਆਂ ਬੂਟੀਆਂ ਵੇਖੀਆਂ॥ ੫੮੩॥

**ਚਾਗੜਦੰਗ ਚਉਕਾ ਹਾਗੜਦੰਗ ਹਨਵੰਤਾ ॥ ਜਾਗੜਦੰਗ ਜੋਧਾ ਮਹਾਂ ਤੇਜ ਮੰਤਾ ॥**
**ਆਗੜਦੰਗ ਉਖਾਰਾ ਪਾਗੜਦੰਗ ਪਹਾਰੰ ॥ ਆਗੜਦੰਗ ਲੈ ਅਉਖਧੀ ਕੋ ਸਿਧਾਰੰ ॥੫੮੪॥**

ਹਨੂੰਮਾਨ ਸਭ ਬੂਟੀਆਂ ਜੁੜੀਆਂ ਦੇਖਕੇ ਘਬਰਾ ਪਿਆ, ਅਤੇ ਵੱਡੇ ਤੇਜ ਵਾਲਾ ਜੋਧਾ ਮਨ ਵਿਚ ਸੋਚਣ ਲੱਗਾ, ਜੋ ਕਿਤੇ ਰਾਵਣ ਦਾ ਹੀ ਕੋਈ ਛੱਲ ਨਾ ਹੋਵੇ, ਜਿਸ ਕਰਕੇ ਸਾਰੀਆਂ ਬੂਟੀਆਂ ਜੁੜ ਰਹੀਆਂ ਸਨ, ਇਸ ਲਈ ਪਹਾੜ ਪੁਟ ਲਿਆ, ਅਤੇ ਇਉਂ ਸਾਰੀਆਂ ਬੂਟੀਆਂ ਨੂੰ ਲੈ ਕੇ ਤੁਰ ਪਿਆ॥ ੫੮੪॥

**ਆਗੜਦੰਗ ਆਏ ਜਹਾ ਰਾਮ ਖੇਤੰ ॥ ਬਾਗੜਦੰਗ ਬੀਰੰ ਜਹਾਂ ਤੇ ਅਚੇਤੰ ॥**
**ਬਾਗੜਦੰਗ ਬਿਸੱਲਜਾ ਮਾਗੜਦੰਗ ਮੁੱਖੰ ॥ ਡਾਗੜਦੰਗ ਡਾਰੀ ਸਾਗੜਦੰਗ ਸੁੱਖੰ ॥੫੮੫॥**

ਸ੍ਰੀ ਰਾਮ ਜੀ ਜਿਥੇ ਰਣ ਭੂਮੀ ਵਿਚ ਬੈਠੇ ਸਨ, ਉਥੇ ਹਨੂੰਮਾਨ ਪਹਾੜ ਸਣੇ ਆ ਗਿਆ। ਅਤੇ ਜਿਥੇ ਉਨ੍ਹਾਂ ਦਾ ਵੀਰ ਬੇਸੁੱਧ ਪਿਆ ਸੀ, ਉਸ ਦੇ ਮੂੰਹ ਵਿਚ 'ਬਿਸੱਲਜਾ' ਬੂਟੀ ਘੋਟ ਕੇ ਪਾ ਦਿੱਤੀ, ਜਿਸ ਨਾਲ ਉਹ ਰਾਜੀ ਹੋ ਗਿਆ॥ ੫੮੫॥

**ਜਾਗੜਦੰਗ ਜਾਗੇ ਸਾਗੜਦੰਗ ਸੂਰੰ ॥ ਘਾਗੜਦੰਗ ਘੁੱਮੀ ਹਾਗੜਦੰਗ ਹੂਰੰ ॥**
**ਛਾਗੜਦੰਗ ਛੂਟੇ ਨਾਗੜਦੰਗ ਨਾਦੰ ॥ ਬਾਗੜਦੰਗ ਬਾਜੇ ਨਾਗੜਦੰਗ ਨਾਦੰ ॥੫੮੬॥**

ਲੱਛਮਣ ਨੂੰ ਹੋਸ਼ ਆਈ ਤਾਂ ਸਾਰੇ ਸੂਰਮੇ ਜਾਗ ਪਏ, ਅਤੇ ਹੂਰਾਂ ਅਕਾਸ਼ ਵਿਚ ਫਿਰਨ ਲੱਗੀਆਂ ਨਾਦ ਹੋਣ ਲੱਗੇ ਅਤੇ ਸੰਖ ਵਜਣ ਲੱਗ ਪਏ॥ ੫੮੬॥

**ਤਾਗੜਦੰਗ ਤੀਰੰ ਛਾਗੜਦੰਗ ਛੂਟੇ ॥ ਗਾਗੜਦੰਗ ਗਾਜੀ ਜਾਗੜਦੰਗ ਜੂਟੇ ॥**
**ਖਾਗੜਦੰਗ ਖੇਤੰ ਸਾਗੜਦੰਗ ਸੋਏ ॥ ਪਾਗੜਦੰਗ ਤੇ ਪਾਕ ਸ਼ਹੀਦ ਹੋਏ ॥੫੮੭॥**

ਆਹਮੋ ਸਾਹਮਣੇ ਤੀਰ ਚਲੇ, ਅਤੇ ਗਾਜ਼ੀ ਲੋਕ ਜੰਗ ਵਿਚ ਜੁਟ ਪਏ। ਜੋ ਰਣਭੂਮੀ ਵਿਚ

ਮੋਏ ਓਹੀ ਸੱਚੇ ਸ਼ਹੀਦ ਹੋਏ॥ ੫੮੭॥

**ਕਲਸ॥ ਮੱਚੇ ਸੂਰਬੀਰ ਬਿਕ੍ਰਾਰੰ॥ ਨੱਚੇ ਭੂਤ ਪ੍ਰੇਤ ਬੈਤਾਰੰ॥**
**ਝਮਝਮ ਲਸਟ ਕੋਟਿ ਕਰ ਵਾਰੰ॥ ਝਲਹਲੰਤ ਉੱਜਲ ਅਸ ਧਾਰੰ॥ ੫੮੮॥**

ਡਰੌਣੇ ਸੂਰਬੀਰ ਕਰੋਧ ਵਿਚ ਮਚੇ ਹੋਏ ਸਨ। ਭੂਤ ਪ੍ਰੇਤ ਤੇ ਬੇਤਾਲ ਰਣਭੂਮੀ ਵਿਚ ਆ ਕੇ ਨੱਚ ਰਹੇ ਹਨ। ਕਰੋੜਾਂ ਤਲਵਾਰਾਂ ਝਮਾ ਝਮ ਕਰ ਕੇ ਲਿਸ਼ਕਦੀਆਂ ਸਨ, ਤਲਵਾਰ ਦੀ ਚਿੱਟੀ ਧਾਰ ਝਿਲਮਿਲ ਕਰ ਕੇ ਹਿਲਦੀ ਸੀ॥ ੫੮੮॥

## *ਤ੍ਰਿਭੰਗੀ ਛੰਦ॥*

**ਉੱਜਲ ਅਸ ਧਾਰੰ ਲਸਤ ਅਪਾਰੰ ਕਰਣ ਲੁਝਾਰੰ ਛਬਿ ਧਾਰੰ॥**
**ਸੋਭਿਤ ਜਿਮੁ ਆਰੰ ਅਤ ਛਬਿ ਧਾਰੰ ਸੁ ਬਿਧ ਸੁਧਾਰੰ ਅਰ ਗਾਰੰ॥**
**ਜੈਪੱਤ੍ਰੰ ਦਾਤੀ ਮਦਿਣੰ ਮਾਤੀ ਸ੍ਰੋਣੰ ਰਾਤੀ ਜੈ ਕਰਣੰ॥**
**ਦੁੱਜਨ ਦਲ ਹੰਤੀ ਅਛਲ ਜਯੰਤੀ ਕਿਲਵਿਖ ਹੰਤੀ ਭੈ ਹਰਣੰ॥ ੫੮੯॥**

ਤਲਵਾਰ ਦੀ ਚਿੱਟੀ ਧਾਰ, ਜੋ ਬਹੁਤ ਲਿਸ਼ਕਦੀ ਸੀ, ਲੜਾਈ ਕਰਨ ਵਾਲੀ ਅਤੇ ਸੁੰਦਰਤਾ ਨੂੰ ਧਾਰਨ ਵਾਲੀ ਸੀ। ਜਿਸ ਦੀ ਨੋਕ ਸੂਏ ਵਾਂਗ ਸੋਭਦੀ ਸੀ ਅਤੇ ਵੱਡੀ ਛਬਿ ਨੂੰ ਧਾਰਨ ਵਾਲੀ ਸੀ। ਚੰਗੀ ਬਿਧੀ ਨੂੰ ਬਨਾਉਣ ਵਾਲੀ ਤੇ ਵੈਰੀ ਨੂੰ ਮਾਰਨ ਵਾਲੀ ਸੀ। 'ਜੈ-ਪੱਤ੍ਰ' ਦੇਣ ਵਾਲੀ ਸ਼ਰਾਬ ਸਮਾਨ ਮਸਤ ਕਰਨ ਵਾਲੀ ਲਹੂ ਨਾਲ ਲਾਲ ਹੋਣ ਵਾਲੀ, ਅਤੇ ਜਿਤ ਕਰਨ ਵਾਲੀ ਸੀ। ਬੁਰੇ ਪੁਰਸ਼ਾਂ ਦੇ ਦਲਾਂ ਨੂੰ ਨਾਸ ਕਰਨ ਵਾਲੀ, ਛਲ ਤੋਂ ਬਿਨਾਂ ਜਿੱਤ ਦਿਵਾਉਣ ਵਾਲੀ, ਪਾਪਾਂ ਦੇ ਨਾਸ ਕਰਨ ਵਾਲੀ, ਅਤੇ ਡਰ ਨੂੰ ਮਿਟਾਉਣ ਵਾਲ ਸੀ॥ ੫੮੯॥

**ਕਲਸ॥ ਭਰਹਰੰਤ ਭੱਜਤ ਰਣ ਸੂਰੰ॥ ਥਰਹਰ ਕਰਤ ਲੋਹ ਤਨ ਪੂਰੰ॥**
**ਤੜਭੜ ਬਜੈਂ ਤਬਲ ਅਰੁ ਤੂਰੰ॥ ਘੁੱਮੀ ਪੇਖ ਸੁਭਟ ਰਨ ਹੂਰੰ॥ ੫੯੦॥**

ਖਿਲ ਬਲੀ ਮਚਾ ਕੇ ਸੂਰਮੇ ਰਣ ਵਿਚੋਂ ਭੱਜਦੇ ਸਨ, ਜਿਨ੍ਹਾਂ ਦੇ ਸਰੀਰ ਲੋਹੇ ਨਾਲ ਮੜ੍ਹੇ ਹੋਏ ਸਨ, ਉਹ ਵੀ ਥਰਹਰ ਥਰਹਰ ਕੰਬ ਰਹੇ ਸਨ। ਤਬਲੇ ਅਤੇ ਤੂਰ ਜ਼ੋਰ ਨਾਲ ਵੱਜ ਰਹੇ ਸਨ, ਸੂਰਮਿਆਂ ਨੂੰ ਰਣ ਵਿਚ ਵੇਖਣ ਲਈ ਹੂਰਾਂ ਫਿਰਦੀਆਂ ਸਨ॥ ੫੯੦॥

**ਤ੍ਰਿਭੰਗੀ ਛੰਦ॥ ਘੁੰਮੀ ਰਣ ਹੂਰੰ ਨਭ ਝੜ ਪੂਰੰ ਲਖ ਲਖ ਸੂਰੰ ਮਨ ਮੋਹੀ॥**
**ਆਰੁਣ ਤਨ ਬਾਣੰ ਛਬ ਅਪ੍ਰਮਾਣੰ ਅਨਿਦੁਤ ਖਾਣੰ ਤਨ ਸੋਹੀ॥**
**ਕਾਛਨੀ ਸੁਰੰਗੰ ਛਬਿ ਅੰਗ ਅੰਗੰ ਲਜਤ ਅਨੰਗੰ ਲਖ ਰੂਪੰ॥**

**ਸਾਇਕ ਦ੍ਰਿਗ ਹਰਣੀ ਕੁਮਤ ਪ੍ਰਜਰਣੀ ਬਰਬਰ ਬਰਣੀ ਬੁਧ ਕੂਪੰ॥ ੫੯੧॥**

ਇਉਂ ਰਣ ਭੂਮੀ ਉਪਰ ਹੂਰਾਂ ਫਿਰਦੀਆਂ ਸਨ, ਮਾਨੋ ਅਕਾਸ਼ ਵਿਚ ਪੂਰਾ ਝੜ ਹੋ ਰਿਹਾ ਸੀ। ਸੂਰਮਿਆਂ ਨੂੰ ਵੇਖ ਵੇਖ ਕੇ, ਹੂਰਾਂ ਦਾ ਮਨ ਮੋਹਿਆ ਜਾ ਰਿਹਾ ਸੀ। ਰਾਮ ਦੀ ਤਲਵਾਰ ਨੇ ਸਰੀਰ ਤੇ ਲਾਲ ਰੰਗ ਧਾਰਿਆ ਹੋਇਆ ਸੀ, ਸੁੰਦਰਤਾ ਦਾ ਕੋਈ ਪ੍ਰਮਾਨ ਨਹੀਂ ਸੀ ਮਿਲ ਸਕਦਾ, ਸਰੀਰ ਦੀ ਸੁਹੱਪਣਤਾ ਅਦ੍ਵੈਤ ਦੀ ਖਾਣਿ ਸੀ। ਸੁੰਦਰ ਰੰਗ ਦੀ ਪੁਸ਼ਾਕ ਅੰਗ ਅੰਗ ਦੀ ਛਬੀ ਨੂੰ ਵੱਧਾ ਰਹੀ ਸੀ। ਉਨ੍ਹਾਂ ਦੇ ਰੂਪ ਨੂੰ ਵੇਖ ਕੇ ਕਾਮ ਦੇਵ ਵੀ ਲੱਜਾਵਾਨ ਹੁੰਦਾ ਸੀ। ਉਨ੍ਹਾਂ ਦੇ ਨੈਣ ਤੀਰ ਦੀ ਸੋਭਾ ਨੂੰ ਹਰਨ ਵਾਲੇ ਸਨ, ਅਤੇ ਖੋਟੀ ਮਤ ਨੂੰ ਪੂਰੀ ਤਰ੍ਹਾਂ ਸਾੜਨ ਵਾਲੇ ਸਨ ਉਨ੍ਹਾਂ ਦੀ ਅਕਲ ਬੁੱਧੀ ਦਾ ਖੂਹ ਸੀ॥ ੫੯੧॥

**ਕਲਸ॥ ਕਮਲ ਬਦਨ ਸਾਇਕ ਮ੍ਰਿਗ ਨੈਣੀ॥ ਰੂਪ ਰਾਸ ਸੁੰਦਰ ਪਿਕ ਬੈਣੀ॥**
**ਮ੍ਰਿਗਪਤ ਕਟ ਛਾਜਤ ਗਜ ਗੈਣੀ॥ ਨੈਨ ਕਟਾਛ ਮਨਹਿ ਹਰ ਲੈਣੀ॥ ੫੯੨॥**

ਕਮਲ ਵਰਗਾ ਕੋਮਲ ਤੇ ਸੁੰਦਰ ਮੂੰਹ ਸੀ, ਤੀਰ ਵਰਗੇ ਤਿੱਖੇ ਤੇ ਹਿਰਨ ਵਰਗੇ ਚੰਚਲ ਤੇ ਸੁੰਦਰ ਨੈਨ ਸਨ। ਰੂਪ ਦੀ ਰਾਸ, ਸੁੰਦਰ ਅਤੇ ਕੋਇਲ ਵਾਂਗੂੰ ਮਿੱਠਾ ਬੋਲਣ ਵਾਲਾ ਸੀ। ਸ਼ੇਰ ਵਰਗਾ ਲੱਕ ਸੀ ਅਤੇ ਹਾਥੀ ਵਾਂਗੂੰ ਤੁਰਨ ਵਾਲਾ ਸੀ, ਜਿਸ ਦੀਆਂ ਅੱਖਾਂ ਦਾ ਵੇਖਣਾ ਹੀ ਮਨ ਨੂੰ ਚੁਰਾ ਲੈਣ ਵਾਲਾ ਸੀ॥ ੫੯੨॥

## *ਤ੍ਰਿਭੰਗੀ ਛੰਦ॥*

**ਸੁੰਦਰ ਮ੍ਰਿਗ ਨੈਣੀ ਸੁਰ ਪਿਕ ਬੈਣੀ ਚਿਤ ਹਰ ਲੈਣੀ ਗਜ ਗੈਣੰ॥**
**ਮਾਧੁਰ ਬਿਧਿ ਬਦਨੀ ਸੁਬੁੱਧਿਨ ਸਦਨੀ ਕੁਮਤਿਨ ਕਦਨੀ ਛਬਿ ਮੈਣੰ॥**
**ਅੰਗਕਾ ਸੁਰੰਗੀ ਨਟਵਰ ਰੰਗੀ ਝਾਂਝ ਉਤੰਗੀ ਪਗ ਧਾਰੰ॥**
**ਬੇਸਰ ਗਜਰਾਰੰ ਪਹੂਚ ਅਪਾਰੰ ਕਚਿ ਘੁੰਘਰਾਰੰ ਅਹਾਰੰ॥ ੫੯੩॥**

ਰਾਮ ਦੀ ਤਲਵਾਰ ਸੁੰਦਰ ਹਿਰਨ ਜੇਹੀਆਂ ਅੱਖਾਂ ਵਾਲੀ, ਅਵਾਜ਼ ਕੋਇਲ ਦੀ ਬੋਲੀ ਵਰਗੀ ਸੀ, ਚਿਤ ਨੂੰ ਚੁਰਾ ਲੈਣ ਵਾਲੀ ਸੀ ਅਤੇ ਹਾਥੀ ਵਾਂਗੂੰ ਤੁਰਨ ਵਾਲੀ ਸੀ। ਮਿੱਠਾ ਬੋਲਣ ਵਾਲੀ ਤੇ ਚੰਦਰਮਾਂ ਵਰਗੇ ਮੁੱਖੜੇ ਵਾਲੀ ਸੀ, ਸਰੇਸ਼ਟ ਬੁੱਧੀ ਦਾ ਘਰ ਸੀ ਬੁਰੀ ਮਤ ਨੂੰ ਕੱਟਣ ਵਾਲੀ ਸੀ, ਅਤੇ ਕਾਮ ਜੇਹੀ ਛਬੀ ਵਾਲੀ ਸੀ। ਜਿਸ ਦੇ ਤਨ ਦੀ ਕੁੜਤੀ ਸੋਹਣੇ ਰੰਗ ਵਾਲੀ ਤੇ ਨਟ ਵਾਂਗੂੰ ਸਰੇਸ਼ਟ ਰੰਗ ਵਾਲੀ ਝਾਂਝਰਾਂ ਵਾਲਾ ਪੈਰ ਉਤਾਂਹ ਕਰ ਕੇ ਧਰਨ ਵਾਲੀ ਸੀ, ਜਿਸ ਦੇ ਨੱਕ ਵਿਚ ਨੱਥ, ਹੱਥਾਂ ਵਿਚ ਗੱਜਰੇ, ਤੇ ਪਹੁੰਚੀਆਂ ਆਦਿਕ ਬਹੁਤੇ ਗਹਿਣੇ ਪਹਿਨੇ ਹੋਏ ਹਨ ਅਤੇ ਕੁੰਡਲਾਂ ਵਰਗੇ ਕੇਸ ਸਭ ਤਰਾਂ ਨਾਲ ਗਲ ਦਾ ਹਾਰ ਬਣੇ ਹੋਏ ਸਨ॥ ੫੯੩॥

**ਕਲਸ॥ ਚਿਬਕ ਚਾਰ ਸੁੰਦਰ ਛਬਿ ਧਾਰੰ॥ ਠਉਰ ਠਉਰ ਮੁਕਤਨ ਕੇ ਹਾਰੰ॥ ਕਰ ਕੰਗਨ ਪਹੂਚੀ ਉਜਿਆਰੰ॥ ਨਿਰਖ ਮਦਨ ਦੁਤ ਹੋਤ ਸੁ ਮਾਰੰ॥ ੫੯੪॥**

ਸੁੰਦਰ ਠੋਡੀ ਤੇ ਸੁੰਦਰ ਛਬੀ ਧਾਰੀ ਹੋਈ ਸੀ। ਥਾਂ ਥਾਂ ਤੇ ਮੋਤੀਆਂ ਦੇ ਹਾਰ ਪਹਿਨੇ ਹੋਏ ਸਨ। ਹੱਥ ਵਿਚ ਕੰਗਣ ਤੇ ਪਹੁੰਚੀਆਂ ਚਮਕ ਰਹੀਆਂ ਸਨ, ਸਹੁੱਪਣਤਾ ਨੂੰ ਵੇਖ ਕੇ ਕਾਮਦੇਵ ਵੀ ਬੇਹੋਸ਼ ਹੋ ਜਾਂਦਾ ਸੀ॥ ੫੯੪॥

**ਤ੍ਰਿਭੰਗੀ ਛੰਦ॥ ਸੋਭਿਤ ਛਬਿ ਧਾਰੰ ਕਚ ਘੁੰਘਰਾਰੰ ਰਸਨ ਰਸਾਰੰ ਉਜਿਆਰੰ॥
ਪਹੂੰਚੀ ਗਜਰਾਰੰ ਸੁਬਿਧ ਸੁਧਾਰੰ ਮੁਕਤ ਨਿਹਾਰੰ ਉਰ ਧਾਰੰ॥
ਸੋਹਤ ਚਖ ਚਾਰੰ ਰੰਗ ਰੰਗਾਰੰ ਬਿਬਿਧਿ ਪ੍ਰਕਾਰੰ ਅਤਿ ਆਂਜੇ॥
ਬਿਖ ਧਰ ਮ੍ਰਿਗ ਜੈਸੇ ਜਲ ਜਨ ਵੈਸੇ ਸਸੀਅਰ ਜੈਸੇ ਸਰ ਮਾਂਜੇ॥ ੫੯੫॥**

ਕੁੰਡਲਾਂ ਵਾਲੇ ਕੇਸਾਂ ਨੇ ਸੋਭਾ ਦੀ ਛਬ ਧਾਰੀ ਹੋਈ ਸੀ, ਰਸਨਾ ਰਸ ਦੇ ਉਜਾਲੇ ਵਾਲੀ ਸੀ ਹੱਥਾਂ ਵਿਚ ਪਹੁੰਚੀਆਂ ਤੇ ਗਜਰੇ ਸੋਹਣੀ ਬਿਧੀ ਨਾਲ ਸੁਧਾਰੇ ਹੋਏ ਸਨ, ਅਤੇ ਮੋਤੀਆਂ ਦੇ ਹਾਰ ਗਲ ਵਿਚ ਪਹਿਨੇ ਹੋਏ ਸਨ। ਸੁੰਦਰ ਅੱਖਾਂ ਸੋਭ ਰਹੀਆਂ ਸਨ, ਜਿਨ੍ਹਾਂ ਵਿਚ ਰੰਗਾਂ ਰੰਗਾਂ ਨਾਲ ਅਨੇਕ ਤਰ੍ਹਾਂ ਦੇ ਕੱਜਲ ਤੇ ਸੁਰਮੇ ਪਏ ਹੋਏ ਸਨ। ਨੇਤਰ ਤੀਰ ਵਰਗੇ ਤਿੱਖੇ, ਹਿਰਨ ਜੈਸੇ ਚੰਚਲ ਅਤੇ ਕਮਲਾਂ ਜੈਸੇ ਖਿੜੇ ਹੋਏ ਸਨ, ਤੇ ਮੁਖੜਾ ਚੰਦਰਮਾ ਜੈਸਾ ਸੁੰਦਰ ਸੀ॥ ੫੯੫॥

**ਕਲਸ॥ ਭਯੋ ਮੂੜ ਰਾਵਣ ਰਣ ਕ੍ਰੁੱਧੰ॥ ਮੱਚਿਓ ਆਨ ਤੁਮਲ ਜਬ ਜੁੱਧੰ॥ ਜੂਝੇ ਸਕਲ ਸੂਰਮਾਂ ਸੁੱਧੰ॥ ਅਰ ਦਲ ਮੱਧਿ ਸ਼ਬਦ ਕਰ ਉੱਧੰ॥ ੫੯੬॥**

ਮੂਰਖ ਰਾਵਣ ਦੇ ਮਨ ਵਿਚ ਉਸ ਵੇਲੇ ਕ੍ਰੋਧ ਹੋਇਆ, ਜਦੋਂ ਆ ਕੇ ਤੁਮਲ ਜੁੱਧ ਮੱਚਿਆ। ਚੰਗੇ ਚੰਗੇ ਸੂਰਮੇ ਮਾਰੇ ਗਏ, ਉਸ ਵੇਲੇ ਵੈਰੀ ਦੀ ਫੌਜ ਵਿਚ ਉਸ ਨੇ ਉੱਚੀ ਸ਼ਬਦ ਕੀਤਾ॥ ੫੯੬॥

**ਤ੍ਰਿਭੰਗੀ ਛੰਦ॥ ਧਾਯੋ ਕਰ ਕ੍ਰੁੱਧੰ ਸੁਭਟ ਬਿਰੁੱਧੰ ਗਲਿਤ ਸੁਬੁੱਧੰ ਗਹਿ ਬਾਣੰ॥
ਕੀਨੋ ਰਣ ਸੁੱਧੰ ਨਚਤ ਕਬੁਧੰ ਅਤ ਧੁਨ ਉੱਧੰ ਧਨੁ ਤਾਣੰ॥
ਧਾਏ ਰਜਵਾਰੇ ਦੁੱਧਰ ਹਕਾਰੇ ਸੁ ਬ੍ਰਣ ਪ੍ਰਹਾਰੇ ਕਰ ਕੋਪੰ॥
ਘਾਇਨ ਤਨ ਰੱਜੇ ਦੁ ਪਗ ਨ ਭੱਜੇ ਜਨੁ ਹਰ ਗੱਜੇ ਪਗਰੋਪੰ॥ ੫੯੭॥**

ਰਾਵਣ ਹੱਥ ਵਿਚ ਤੀਰ ਕਮਾਨ ਫੜਕੇ ਧਾਵਾ ਕਰਕੇ ਪੈ ਗਿਆ ਅਤੇ ਯੋਧਿਆ ਨਾਲ ਲੜਨ ਲੱਗਾ। ਉਸ ਭਿਆਨਕ ਯੁੱਧ ਕੀਤਾ ਅਤੇ ਮੈਦਾਨਿ ਜੰਗ ਵਿਚ ਖਿੱਚੇ ਜਾ ਰਹੇ ਧਨੁੱਖਾਂ ਦੇ ਵਿਚ ਧੜ ਨੱਚਣ ਲੱਗੇ। ਰਾਜੇ, ਲਲਕਾਰ ਕੇ ਅੱਗੇ ਵਧੇ ਅਤੇ ਸੂਰਮਿਆਂ ਨੂੰ ਘਾਇਲ ਕਰਕੇ ਕਰੋਧਵਾਨ ਹੋ ਗਏ।

ਸੂਰਮਿਆਂ ਦੇ ਸਰੀਰਾਂ ਤੇ ਲੱਗੇ ਘਾਵ ਸ਼ੋਭ ਰਹੇ ਸਨ ਪਰ ਫਿਰ ਵੀ ਉਹ ਭੱਜ ਨਹੀਂ ਰਹੇ ਸਨ ਅਤੇ ਪੈਰ ਜਮਾ ਕੇ ਰਣ ਵਿਚ ਯੁੱਧ ਕਰ ਰਹੇ ਸਨ॥ ੫੯੭॥

**ਕਲਸ॥ ਅਧਿਕ ਰੋਸ ਸਾਵਤ ਰਨ ਜੂਟੇ॥ ਬਖਤਰ ਟੋਪ ਜਿਰੈ ਸਭ ਫੂਟੇ॥**
**ਨਿਸਰ ਚਲੇ ਸਾਇਕ ਜਨ ਛੂਟੇ॥ ਜਨਿਕ ਸਿਚਾਨ ਮਾਸ ਲਖ ਟੂਟੇ॥ ੫੯੮॥**

ਸੂਰਮੇ ਮਨ ਵਿਚ ਬਹੁਤਾ ਗੁੱਸਾ ਕਰਕੇ ਜੰਗ ਵਿਚ ਜੁੱਟ ਗਏ। ਸਭਨਾਂ ਸੂਰਮਿਆਂ ਦੇ ਲੋਹੇ ਦੇ ਜਾਲੀਦਾਰ ਕੁੜਤੇ ਅਤੇ ਸਿਰ ਦੇ ਟੋਪ ਟੁੱਟ ਗਏ ਹਨ। ਜੋਧਿਆਂ ਦੇ ਹੱਥੋਂ ਛੁਟੇ ਹੋਏ ਤੀਰ ਵੈਰੀ ਦੇ ਤਨਾਂ ਵਿਚੋਂ ਇਸ ਤਰ੍ਹਾਂ ਨਿਕਲ ਜਾਂਦੇ ਸਨ ਮਾਨੋ ਬਾਜ ਮਾਸ ਨੂੰ ਵੇਖ ਕੇ ਟੁੱਟ ਕੇ ਪਏ ਸਨ॥ ੫੯੮॥

**ਤ੍ਰਿਭੰਗੀ ਛੰਦ॥ ਸਾਇਕ ਜਣੁ ਛੂਟੇ ਤਿਮ ਅਰਿ ਜੂਟੇ ਬਖਤਰ ਫੂਟੇ ਜੇਬ ਜਿਰੇ॥**
**ਸਮਹਰ ਭੁਖਿਆਏ ਤਿਮੁ ਅਰਿਧਾਏ ਸ਼ੱਸਤ੍ਰ ਨਚਾਇਨ ਫੇਰਿ ਫਿਰੇਂ॥**
**ਸਨਮੁਖਿ ਰਣ ਗਾਜੈਂ ਕਿਮਹੂੰ ਨ ਭਾਜੈਂ ਲਖ ਸੁਰ ਲਾਜੈਂ ਰਣ ਰੰਗੰ॥**
**ਜੈ ਜੈ ਧੁਨ ਕਰਹੀ ਪੁਹਪਨ ਡਰਹੀ ਸੁ ਬਿਧਿ ਉਚਰਹੀ ਜੈ ਜੰਗੰ॥ ੫੯੯॥**

ਮਾਨੋ ਜੈਸੇ ਤੀਰ ਛੁੱਟੇ ਸਨ, ਤੈਸੇ ਹੀ ਵੈਰੀਆਂ ਨੂੰ ਮੁਕਾਉਣ ਲਈ ਸੂਰਮੇ ਜੁੱਟੇ ਪਏ ਸਨ, ਉਨ੍ਹਾਂ ਦੇ ਜਿਰਾਹ ਬਖਤਰ ਤੇ ਲੋਹੇ ਦੇ ਕਵਚ ਟੁੱਟ ਗਏ ਸਨ। ਜਿਵੇਂ ਮਾਸ ਖਾਣੇ ਭੁੱਖੇ ਹੁੰਦੇ ਹੋਏ ਸ਼ਿਕਾਰ ਤੇ ਝਪਟਦੇ ਹਨ, ਇਵੇਂ ਹੀ ਸੂਰਮੇ ਵੈਰੀ ਉਤੇ ਧਾਵਾ ਕਰ ਕੇ ਪਏ ਸਨ, ਜੰਗ ਵਿਚ ਸ਼ਸਤ੍ਰ ਨੱਚਦੇ ਸਨ। ਕਿਸੇ ਦੇ ਮੋੜਿਆਂ ਮੁੜਦੇ ਨਹੀਂ ਸਨ। ਰਣ ਵਿਚ ਸ਼ਾਹਮਣੇ ਹੋ ਕੇ ਗੱਜਦੇ ਸਨ, ਕਿਸੇ ਕੋਲੋਂ ਭੱਜਦੇ ਨਹੀਂ, ਜੰਗ ਦੇ ਰੰਗ ਨੂੰ ਵੇਖ ਕੇ ਦੇਵਤੇ ਭੀ ਸ਼ਰਮਸ਼ਾਰ ਹੁੰਦੇ ਸਨ। ਜੈ ਜੈ ਦੀ ਅਵਾਜ਼ ਕਰਦੇ ਸਨ, ਫੁੱਲਾਂ ਦੀ ਬਰਖਾ ਕਰਦੇ ਸਨ, ਅਤੇ ਦੇਵਤੇ ਜੰਗ ਕਰਨ ਵਾਲਿਆਂ ਦੀ ਜੈ ਜੈ ਉਚਾਰਦੇ ਸਨ॥ ੫੯੯॥

**ਕਲਸ॥ ਮੁਖ ਤੰਬੋਰ ਅਰੁ ਰੰਗ ਸੁਰੰਗੰ॥ ਨਿਡਰ ਭ੍ਰਮੰਤ ਭੂੰਮਿ ਉਹ ਜੰਗੰ॥**
**ਲਿਪਤ ਮਲੈ ਘਨਸਾਰ ਸੁਰੰਗੰ॥ ਰੂਪ ਭਾਨ ਗਤਿਵਾਨ ਉਤੰਗੰ॥ ੬੦੦॥**

ਜਿਨ੍ਹਾਂ ਦੇ ਮੂੰਹ ਵਿਚ ਪਾਨ ਸੀ, ਅਤੇ ਚਿਹਰੇ ਦਾ ਰੰਗ ਲਾਲ ਸੀ, ਉਹ ਸੂਰਮੇ ਜੰਗ ਭੂਮੀ ਵਿਚ ਨਿਡਰ ਹੋ ਕੇ ਫਿਰਦੇ ਸਨ। ਜਿਨ੍ਹਾਂ ਨੇ ਚੰਦਨ, ਕਪੂਰ ਅਤੇ ਕੇਸਰ ਮਲਿਆ ਹੋਇਆ ਸੀ। ਸੂਰਜ ਸਮਾਨ ਰੂਪ ਸੀ, ਅਤੇ ਉੱਚੀ ਗਤੀ ਵਾਲੇ ਸਨ, ਅਰਥਾਤ ਦੇਵਤੇ ਵਾਂਗੂ ਅਕਾਸ਼ ਵਿਚ ਗਮਨ ਕਰਨ ਵਾਲੇ ਸਨ॥ ੬੦੦॥

**ਤ੍ਰਿਭੰਗੀ ਛੰਦ॥ ਤਨ ਸੁਭਤ ਸੁਰੰਗੰ ਛਬਿ ਅੰਗ ਅੰਗੰ ਲਜਤ ਅਨੰਗੰ ਲਖ ਨੈਣੰ॥**
**ਸੋਭਿਤ ਕਚਕਾਰੇ ਅਤ ਘੁੰਘਰਾਰੇ ਰਸਨ ਰਸਾਰੇ ਮ੍ਰਿਦ ਬੈਣੰ॥**

**ਮੁਖਿ ਛਕਤ ਸੁਬਾਸੰ ਦਿਨਸ ਪ੍ਰਕਾਸੰ ਜਨੁ ਸਸ ਭਾਸੰ ਤਸ ਸੋਭੰ ॥ ਰੀਝਤ ਚਖ ਚਾਰੰ ਸੁਰਪੁਰ ਪਜਾਰੰ ਦੇਵ ਦਿਵਾਰੰ ਲਖਿ ਲੋਭੰ ॥ ੬੦੧ ॥**

ਸੁੰਦਰ ਰੰਗ ਵਾਲਾ ਸਰੀਰ ਸ਼ੋਭਦਾ ਸੀ, ਅੰਗ ਅੰਗ ਦੀ ਛਬੀ ਨੂੰ ਅੱਖਾਂ ਨਾਲ ਵੇਖ ਕੇ ਕਾਮਦੇਵ ਸ਼ਰਮਿੰਦਾ ਹੁੰਦਾ ਸੀ। ਕਾਲੇ ਕੇਸ ਸ਼ੋਭਾ ਪਾ ਰਹੇ ਸਨ, ਜੋ ਵੱਡੇ ਕੁੰਡਲਾਂ ਵਾਲੇ ਸਨ, ਅਤੇ ਰਸਾਂ ਦਾ ਘਰ ਜ਼ਬਾਨ ਮਿੱਠੇ ਬਚਨ ਬੋਲਦੀ ਸੀ। ਮੁੱਖ ਵਾਸ਼ਨਾ ਨਾਲ ਸ਼ੋਭ ਰਿਹਾ ਸੀ, ਜਾਨੋ ਸੂਰਜ ਦਾ ਪ੍ਰਕਾਸ਼ ਹੋ ਰਿਹਾ ਸੀ, ਜੈਸਾ ਚੰਦਰਮਾ ਦਾ ਪ੍ਰਕਾਸ਼ ਹੁੰਦਾ ਹੈ, ਤੈਸੀ ਮੁਖ ਦੀ ਸੋਭਾ ਸੀ। ਸੁੰਦਰ ਅੱਖਾਂ ਰੀਝ ਰਹੀਆਂ ਸਨ, ਸਵਰਗ ਦੇ ਪਿਆਰੇ ਦੇਵਤੇ ਅਤੇ ਦੈਂਤ ਰੂਪ ਨੂੰ ਵੇਖ ਕੇ ਆਸ਼ਕ ਹੋ ਰਹੇ ਸਨ ॥ ੬੦੧ ॥

**ਕਲਸ ॥ ਚੰਦ੍ਰਹਾਸ ਏਕੰ ਕਰ ਧਾਰੀ ॥ ਦੁਤੀਅ ਧੋਪ ਗਹਿ ਤ੍ਰਿਤੀ ਕਟਾਰੀ ॥ ਚਤ੍ਰਥ ਹਾਥ ਸੈਹਥੀ ਉਜਿਆਰੀ ॥ ਗੋਫਨ ਗੁਰਜ ਕਰਤ ਚਮਕਾਰੀ ॥ ੬੦੨ ॥**

ਰਾਵਣ ਨੇ ਇਕ ਹੱਥ ਵਿਚ 'ਚੰਦਰਹਾਸ' ਫੜੀ, ਦੂਜੇ ਵਿਚ 'ਧੋਪ' ਅਤੇ ਤੀਜੇ ਵਿਚ 'ਕਟਾਰੀ' ਫੜ ਲਈ। ਚੌਥੇ ਹੱਥ ਵਿਚ 'ਸੈਹਥੀ' ਚਮਕਾਈ। ਪੰਜਵੇਂ ਵਿਚ 'ਗੋਪੀਆ' ਅਤੇ ਉਸ ਦੇ ਛੇਵੇਂ ਵਿਚ 'ਗੁਰਜ' ਚਮਕਦਾ ਸੀ ॥ ੬੦੨ ॥

**ਤ੍ਰਿਭੰਗੀ ਛੰਦ ॥ ਸਤਏ ਅਸ ਭਾਰੀ ਗਦਹਿ ਉਭਾਰੀ ਤ੍ਰਿਸੂਲ ਸੁਧਾਰੀ ਛੁਰਕਾਰੀ ॥ ਜੰਬੂਵਾ ਅਰਬਾਨੰ ਸੁ ਕਸਿ ਕਮਾਨੰ ਚਰਮ ਅਪ੍ਰਮਾਨੰ ਧਰ ਭਾਰੀ ॥ ਪੰਦ੍ਰਏ ਗਲੋਲੰ ਪਾਸ ਅਮੋਲੰ ਪਰਸ ਅਡੋਲੰ ਹਥਿ ਨਾਲੰ ॥ ਬਿਛੂਆ ਪਹਰਾਯੰ ਪਟਾ ਭ੍ਰਮਾਯੰ ਜਿਮ ਜਮ ਧਾਯੰ ਬਿਕਰਾਲੰ ॥ ੬੦੩ ॥**

ਸੱਤਵੇਂ ਹੱਥ ਵਿਚ ਤਲਵਾਰ, ਅੱਠਵੇਂ ਹੱਥ ਵਿਚ ਭਾਰੀ ਗਦਾ ਉਭਾਰੀ ਹੋਈ ਸੀ, ਨਾਂਵੇਂ ਵਿਚ ਤ੍ਰਿਸੂਲ ਤੇ ਦਸਵੇਂ ਵਿਚ ਛੁਰਾ ਫੜਿਆ ਹੋਇਆ ਸੀ। ਯਾਰ੍ਹਵੇਂ ਵਿਚ ਜੰਬੂਆਂ, ਬਾਰ੍ਹਵੇਂ ਨਾਲ ਤੀਰ ਖਿਚਿਆ ਸੀ, ਤੇਰ੍ਹਵੇਂ ਨਾਲ ਕਮਾਨ ਖਿੱਚੀ ਹੋਈ ਸੀ, ਅਤੇ ਚੌਦ੍ਹਵੇਂ ਹੱਥ ਵਿਚ ਬਹੁਤ ਵੱਡੀ ਚੌੜੀ ਢਾਲ ਧਾਰੀ ਹੋਈ ਸੀ। ਪੰਦ੍ਰਵੇਂ ਹੱਥ ਵਿਚ ਗੁਲੇਲ, ਸੋਲ੍ਹਵੇਂ ਵਿਚ ਫਾਹੀ, ਸਤਾਰ੍ਹਵੇਂ ਵਿਚ ਮਜ਼ਬੂਤ ਗੰਡਾਸਾ ਅਤੇ ਅਠਾਰਵੇਂ ਵਿਚ ਬੰਦੂਕ ਫੜੀ ਹੋਈ ਸੀ। ਉਨ੍ਹੀਵੇਂ ਹੱਥ ਬਿਛੂਆ ਚਮਕਦਾ ਸੀ, ਅਤੇ ਵੀਹਵੇਂ ਹੱਥ ਨਾਲ ਪਟਾ ਭੁਆਉਂਦਾ ਸੀ, ਇਸ ਤਰ੍ਹਾਂ ਵੀਹਾਂ ਹੱਥਾਂ ਵਿਚ ਹੀ ਅਸਤ੍ਰ ਸ਼ਸਤ੍ਰ ਲੈ ਕੇ ਰਾਵਣ ਡਰੌਣੇ ਜਮ ਵਾਂਗੂੰ ਰਣ ਭੂਮੀ ਵਿਚ ਭਜਾ ਫਿਰਦਾ ਸੀ ॥ ੬੦੩ ॥

**ਕਲਸ ॥ ਸ਼ਿਵ ਸ਼ਿਵ ਸ਼ਿਵ ਮੁਖ ਏਕ ਉਚਾਰੰ ॥ ਦੁਤੀਆ ਪ੍ਰਭਾ ਜਾਨਕੀ ਨਿਹਾਰੰ ॥ ਤ੍ਰਿਤੀਅ ਝੁੰਡ ਸਭ ਸੁਭਟ ਪਚਾਰੰ ॥ ਚਤ੍ਰਥ ਕਰਤ ਮਾਰ ਹੀ ਮਾਰੰ ॥ ੬੦੪ ॥**

ਇਕ ਮੂੰਹ ਨਾਲ ਰਾਵਣ ਸ਼ਿਵ ਸ਼ਿਵ ਸ਼ਿਵ ਬੋਲਦਾ ਸੀ, ਦੂਜੇ ਮੂੰਹ ਨਾਲ ਸੀਤਾ ਦੀ ਸੁੰਦਰਤਾ

ਨੂੰ ਦੇਖਦਾ ਹੈ। ਤੀਜੇ ਮੂੰਹ ਨਾਲ ਫੌਜ ਦੇ ਸਾਰੇ ਸੂਰਮਿਆਂ ਨੂੰ ਲਲਕਾਰਦਾ ਸੀ, ਅਤੇ ਚੌਥੇ ਮੂੰਹ ਨਾਲ ਮਾਰੋ ਹੀ ਮਾਰ ਕਰਦਾ ਸੀ॥ ੬੦੪॥

**ਤ੍ਰਿਭੰਗੀ ਛੰਦ॥ ਪਚਏ ਹਨਵੰਤੰ ਲਖ ਦੁਤ ਮੰਤੰ ਸੁ ਬਲ ਦੁਰੰਤੰ ਤਜਿ ਕਲਿਣੰ॥**
**ਛਠਏ ਲਖਿ ਭ੍ਰਾਤੰ ਤਕਤ ਪਪਾਤੰ ਲਗਤ ਨ ਘਾਤੰ ਜੀਅ ਜਲਿਣੰ॥**
**ਸਤਏ ਲਖਿ ਰਘੁਪਤਿ ਕਪ ਦਲ ਅਧਮਤ ਸੁਭਟ ਬਿਕਟ ਮਤ ਜੁਤ ਭ੍ਰਾਤੰ॥**
**ਅਠਿਓ ਸਿਰਿ ਢੋਰੈਂ ਨਵਿਮ ਨਿਹੋਰੈਂ ਦਸਜਨ ਬੋਰੈਂ ਰਿਸ ਰਾਤੰ॥ ੬੦੫॥**

ਪੰਜਵੇਂ ਮੂੰਹ ਨਾਲ ਵੱਡੀ ਸ਼ਕਲ ਵਾਲੇ ਚੰਗੇ ਬਲ ਵਾਲੇ ਹਨੂੰਮਾਨ ਨੂੰ ਵੇਖ ਕੇ ਰਾਵਣ ਨੇ ਸ਼ਾਂਤੀ ਤਜ ਦਿੱਤੀ ਸੀ। ਛੇਵੇਂ ਮੂੰਹ ਨਾਲ ਛੋਟੇ ਭਰਾ ਵਭੀਖਨ ਦੀ ਤਾਕਤ ਵੇਖਦਾ ਸੀ। ਜਿਸ ਨੂੰ ਮਾਰਨ ਵਾਸਤੇ ਦਾਅ ਨਹੀਂ ਲੱਗਦਾ ਸੀ, ਇਸ ਵਾਸਤੇ ਦਿਲ ਵਿਚ ਸੜਦਾ ਕੁੜਦਾ ਸੀ। ਸਤਵੇਂ ਮੂੰਹ ਨਾਲ ਰਾਮ ਚੰਦਰ ਨੂੰ ਵੇਖਦਾ ਸੀ। ਜੋ ਬਾਂਦਰਾਂ ਦੀ ਸੈਨਾ, ਉਨ੍ਹਾਂ ਦੇ ਰਾਜਾ ਸੁਗਰੀਵ, ਨਲ-ਨੀਲ ਤੇ ਜਾਮਵੰਤ ਵਰਗੇ ਬਿਕਟ ਸੂਰਮੇ ਅਤੇ ਲੱਛਮਣ ਭਰਾਤਾ ਦੇ ਸਮੇਤ ਬੈਠੇ ਹੋਏ ਸਨ। ਅਠਵੇਂ ਸਿਰ ਨੂੰ ਗਮ ਨਾਲ ਹਿਲਾ ਰਿਹਾ ਸੀ। ਨੌਵੇਂ ਮੂੰਹ ਨਾਲ ਸੂਰਮਿਆਂ ਨੂੰ ਨਿਹੋਰੇ ਕੱਢਦਾ ਸੀ, ਅਤੇ ਦਸਵੇਂ ਮੂੰਹ ਨਾਲ ਕ੍ਰੋਧ ਦੇ ਭਰੇ ਹੋਏ ਬਚਨ ਬੋਲਦਾ ਸੀ॥ ੬੦੫॥

**ਚਬੋਲਾ ਛੰਦ॥ ਧਾਏ ਮਹਾਂ ਬੀਰ ਸਾਧੇ ਸਿਤੰ ਤੀਰ ਕਾਢੇ ਰਣੰ ਚੀਰ ਬਾਨਾ ਸੁਹਾਏ॥**
**ਰਵਾਂ ਕਰਦ ਮਰਕਬ ਯਲੋ ਤੇਜ ਇਮ ਸਭ ਚੂੰ ਤੁੰਦ ਅਜਦ ਹੋਓ ਮਿਆ ਜੰਗਾਹੇ॥**
**ਭਿੜੇ ਆਇ ਈਹਾਂ ਬੁਲੇ ਬੈਣ ਕੀਹਾਂ ਕਰੇਂ ਘਾਇ ਜੀਹਾਂ ਭਿੜੇ ਭੇੜ ਭੱਜੇ॥**
**ਪੀਯੋ ਪੋਸਤਾਨੇ ਭਛੇ ਰਾਬੜੀਨੇ ਕਹਾਂ ਛੈਅਣੀ ਰੋਧਵੀਨੇ ਨਿਹਾਰੈਂ॥ ੬੦੬॥**

ਬਹਾਦਰ ਜੋਧੇ ਭਜੇ ਜਾਂਦੇ ਸਨ, ਜਿਨ੍ਹਾਂ ਨੇ ਚਿੱਟੇ ਤੀਰ ਧਨੁੱਖ ਵਿਚ ਖਿੱਚੇ ਹੋਏ ਸਨ, ਜੰਗ ਦੇ ਕਪੜੇ ਪਹਿਨੇ ਹੋਏ ਸਨ, ਅਤੇ ਪੁਸ਼ਾਕਾਂ ਨਾਲ ਸ਼ੋਭਾ ਪਾ ਰਹੇ ਸਨ। ਰੱਥ ਨੂੰ ਤੋਰ ਦਿੱਤਾ, ਜੋ ਜੰਗ ਦੇ ਅੰਦਰ ਐਸਾ ਤੇਜ ਨੱਠਿਆਂ, ਜੈਸਾ ਕਿ ਸ਼ਬਰਾਤ ਵੇਲੇ ਸੱਪ ਤੇਜ਼ੀ ਨਾਲ ਜਾਂਦਾ ਹੈ। ਇਥੇ ਆ ਕੇ ਲੜੋ ਕਿਸੇ ਨਾਲ ਅਜਿਹੇ ਬਚਨ ਬੋਲਦਾ ਹੈ, ਜਦ ਸੂਰਮੇ ਆਪੋ ਵਿਚ ਭਿੜੇ ਤਾਂ ਜੋਧਿਆਂ ਨੂੰ ਕਤਲ ਕਰਦਾ ਸੀ ਅਤੇ ਕਈ ਜੰਗ ਵਿਚੋਂ ਭੱਜ ਨਿਕਲੇ ਸਨ, ਕਈ ਪੋਸਤ ਨੂੰ ਪੀਂਦੇ ਸਨ, ਰਾਬੜੀ ਨੂੰ ਖਾਂਦੇ ਸਨ, ਅਤੇ ਕਹਿੰਦੇ ਸਨ ਫੌਜ਼ ਦਾ ਮਾਲਕ ਕਿੱਥੇ ਹੈ? ਅਸੀਂ ਉਸ ਨੂੰ ਵੇਖ ਤਾਂ ਲਈਏ॥ ੬੦੬॥

**ਗਾਜੇ ਮਹਾ ਸੂਰ ਘੂਮੀ ਰਣੰ ਹੂਰ ਭਰਮੀ ਨਭੰ ਪੂਰ ਬੇਖੰ ਅਨੂਪੰ॥**
**ਵਲੇ ਵੱਲ ਸਾਈ ਜੀਵੀ ਜੁਗਾਂ ਤਾਈ ਤੈਂਡੇ ਘੋਲੀ ਜਾਈ ਅਲਾਵੀਤ ਐਸੇ॥**
**ਲਗੋ ਲਾਰ ਥਾਨੇ ਬਰੋ ਰਾਜ ਮਾਨੇ ਕਹੋ ਅਉਰ ਕਾਨੇ ਹਠੀ ਛਾਡ ਥੈਸੋ॥**

**ਬਰੋ ਆਨ ਮੋਕੋ ਭਜੋ ਆਨ ਤੋਕੋ ਚਲੋ ਦੇਵ ਲੋਕੋ ਤਜੋ ਬੇਗ ਲੰਕਾ ॥ ੬੦੭ ॥**

ਰਣ ਵਿਚ ਸੂਰਮੇ ਗੱਜਣ ਲੱਗੇ ਅਤੇ ਅਕਾਸ਼ ਵਿਚ ਇਸ ਅਨੂਪਮ ਯੁੱਧ ਨੂੰ ਵੇਖਣ ਵਾਸਤੇ ਹੂਰਾਂ ਘੁੰਮਣ ਲੱਗੀਆਂ। ਮਹਾਂ ਸੁੰਦਰ ਸਰੂਪ ਵਾਲੀਆਂ ਹੂਰਾਂ ਫਿਰਦੀਆਂ ਨੇ ਅਕਾਸ਼ ਭਰਿਆ ਹੋਇਆ ਸੀ, ਜੋ ਸੂਰਮਿਆਂ ਨੂੰ ਕਹਿੰਦੀਆਂ ਸਨ ਹੇ ਸਵਾਮੀ! ਵੱਲ (ਰਾਜ਼ੀ) ਹੈ? ਜੁੱਗਾਂ ਤੱਕ ਜੀਊਂਦਾ ਰਹੁ, ਮੈਂ ਤੇਰੇ ਉਪਰੋਂ ਸਦਕੇ ਜਾਂਦੀ ਹਾਂ। ਇਸ ਤਰ੍ਹਾਂ ਕਹਿੰਦੀਆਂ ਸਨ ਕਿ ਮੈਂ ਤੁਹਾਡੇ ਲੜ ਲੱਗਦੀ ਹਾਂ, ਹੇ ਰਾਜਨ! ਮੈਨੂੰ ਵਰ ਲੈ, ਤੇਰੇ ਵਰਗੇ ਹਠੀ ਜੋਧੇ ਨੂੰ ਛਡ ਕੇ ਹੋਰ ਕਿਸ ਨੂੰ ਕਹਾਂ? ਮੈਨੂੰ ਆਣ ਕੇ ਵਰ ਲੈ, ਮੈਂ ਆਣਕੇ ਤੁਹਾਡੀ ਸੇਵਾ ਕਰਦੀ ਹਾਂ, ਛੇਤੀ ਨਾਲ ਲੰਕਾ ਨੂੰ ਛੱਡਕੇ ਦੇਵ ਲੋਕ ਨੂੰ ਚਲੋ ॥ ੬੦੭ ॥

**ਸ੍ਵੈਯਾ ॥ ਅਨੰਤਤੁਕਾ ॥ ਰੋਸ ਭਰਜੋ ਤਜ ਹੋਸ਼ ਨਿਸਾਚਰ ਸ੍ਰੀ ਰਘੁਰਾਜ ਕੋ ਘਾਇ ਪ੍ਰਹਾਰੇ ॥**
**ਜੋਸ਼ ਬਡੋ ਕਰ ਕਉਸ਼ਲਿਹੰ ਅਧ ਬੀਚ ਹੀ ਤੇ ਸਰ ਕਾਟ ਉਤਾਰੇ ॥**
**ਫੇਰ ਬਡੋ ਕਰ ਰੋਸ ਦਿਵਾਰਦਨ ਧਾਇ ਪਰੈਂ ਕਪਿ ਪੁੰਜ ਸੰਘਾਰੈ ॥**
**ਪੱਟਸ ਲੋਹ ਹਥੀ ਪਰ ਸੰਗੜੀਏ ਜੰਬੁਵੇ ਜਮਦਾੜ ਚਲਾਵੈ ॥ ੬੦੮ ॥**

ਕ੍ਰੋਧ ਦੇ ਭਰੇ ਹੋਏ ਦੈਂਤ ਹੋਸ਼ ਨੂੰ ਭੁਲਾ ਕੇ, ਸ੍ਰੀ ਰਾਮ ਚੰਦਰ ਜੀ ਨੂੰ ਸ਼ਸਤਰ ਮਾਰਦੇ ਸਨ। ਸ੍ਰੀ ਰਾਮ ਜੀ ਵੀ ਵੱਡਾ ਜੋਸ਼ ਖਾ ਕੇ, ਤੀਰ ਮਾਰ ਕੇ ਉਨ੍ਹਾਂ ਦੇ ਤੀਰ ਨੂੰ ਅੱਧ ਵਿਚਾਲਿਓਂ ਹੀ ਕੱਟ ਕੇ ਸੁੱਟ ਦੇਂਦੇ ਸਨ। ਰਾਵਣ ਫਿਰ ਬਹੁਤ ਗੁੱਸਾ ਖਾ ਕੇ ਭੱਜ ਪੈਂਦਾ ਸੀ ਅਤੇ ਬਾਂਦਰਾਂ ਦੇ ਝੁੰਡ ਨੂੰ ਮਾਰਨ ਲੱਗ ਜਾਂਦਾ ਸੀ। ਹੱਥਾਂ ਵਿਚੋਂ ਪੱਟਾ, ਤਲਵਾਰ, ਗੰਡਾਸਾ, ਬਰਛੇ ਜੰਬੂਏ ਤੇ ਜਮਦਾੜ (ਕਟਾਰ) ਚਲਾਉਂਦਾ ਸੀ ॥ ੬੦੮ ॥

**ਚਬੋਲਾ ਸ੍ਵੈਯਾ ॥ ਸ੍ਰੀ ਰਘੁਰਾਜ ਸਰਾਸਨ ਲੈ ਰਿਸ ਠਾਨ ਘਨੀ ਰਨ ਬਾਨ ਪ੍ਰਹਾਰੇ ॥**
**ਬੀਰਨ ਮਾਰ ਦੁਸਾਰ ਗਏ ਸਰ ਅੰਬਰ ਤੇ ਬਰਸੇ ਜਨ ਓਰੇ ॥**
**ਬਾਜ ਗਜੀ ਰਥ ਸਾਜ ਗਿਰੇ ਧਰ ਪਤ੍ਰ ਅਨੇਕ ਸੁ ਕਉਨ ਗਨਾਵੈ ॥**
**ਫਾਗਨ ਪਉਨ ਪ੍ਰਚੰਡ ਬਹੇ ਬਨ ਪੱਤ੍ਰਨ ਤੇ ਜਨ ਪੱਤ੍ਰ ਉਡਾਨੇ ॥ ੬੦੯ ॥**

ਸ੍ਰੀ ਰਾਮ ਜੀ ਬਹੁਤ ਗੁੱਸਾ ਖਾ ਕੇ, ਹੱਥ ਵਿਚ ਧਨੁੱਖ ਲੈ ਕੇ ਤੀਰ ਮਾਰੇ। ਜੋ ਤੀਰ ਸੂਰਮਿਆਂ ਨੂੰ ਮਾਰ ਕੇ, ਉਨ੍ਹਾਂ ਦੇ ਸਰੀਰ ਵਿਚੋਂ ਦੂਸਰੇ ਪਾਸੇ ਨਿਕਲ ਗਏ, ਮਾਨੋ ਅਕਾਸ਼ ਤੋਂ ਗੜੇ ਬਰਸੇ ਸਨ। ਘੋੜੇ, ਹਾਥੀਆਂ ਵਾਲੇ ਤੇ ਰੱਥ ਅਤੇ ਇਹਨਾਂ ਦੇ ਸਾਜ ਵੀ ਧਰਤੀ ਤੇ ਡਿੱਗ ਪਏ ਸਨ। ਉਨ੍ਹਾਂ ਤੀਰਾਂ ਦੀ ਮਾਰ ਨੂੰ ਕੌਣ ਗਿਣ ਸਕਦਾ ਸੀ? ਇਉਂ ਸਮਝਣਾ ਚਾਹੀਦਾ ਹੈ, ਕਿ ਫੱਗਣ ਦੀ ਤੇਜ਼ ਹਵਾ ਵਗਣ ਨਾਲ ਬਨ ਵਿਚੋਂ ਬ੍ਰਿਛਾਂ ਨਾਲੋਂ ਪੱਤ੍ਰ ਟੁੱਟ ਕੇ ਡਿੱਗ ਪਏ ਸਨ ॥ ੬੦੯ ॥

**ਸ੍ਵੈਯਾ ਛੰਦ॥ ਰੋਸ ਭਰਯੋ ਰਨ ਮੋ ਰਘੁਨਾਥ ਸੁ ਰਾਵਨ ਕੋ ਬਹੁ ਬਾਨ ਪ੍ਰਹਾਰੇ॥**
**ਸ੍ਰੋਣਤ ਨੈਕ ਲਗਯੋ ਤਿਨ ਕੇ ਤਨ ਫੋਰ ਜਿਰੈ ਤਨ ਪਾਰ ਪਧਾਰੇ॥**
**ਬਾਜ ਗਜੀ ਰਥ ਰਾਜ ਹਥੀ ਰਣ ਭੂਮਿ ਗਿਰੇ ਇਹ ਭਾਂਤਿ ਸੰਘਾਰੇ॥**
**ਜਾਨੋ ਬਸੰਤ ਕੇ ਅੰਤ ਸਮੈ ਕਦਲੀ ਦਲ ਪਉਨ ਪ੍ਰਚੰਡ ਉਖਾਰੇ॥੬੧੦॥**

ਬਹੁਤ ਗੁੱਸਾ ਕਰਕੇ ਸ੍ਰੀ ਰਾਮ ਜੀ ਨੇ ਰਣ ਵਿਚ ਰਾਵਣ ਨੂੰ ਬਹੁਤ ਤੀਰ ਮਾਰੇ। ਕੰਨਾਂ ਤਕ ਖਿੱਚ ਕੇ ਤੀਰ ਚਲਾਇਆ, ਜਿਨ੍ਹਾਂ ਨੂੰ ਰਤਾ ਜਿੰਨਾਂ ਭੀ ਲੱਗ ਗਿਆ, ਉਨ੍ਹਾਂ ਦੇ ਸਰੀਰ ਦਾ ਕਵਚ ਭੰਨ ਕੇ, ਤੀਰ ਸਰੀਰ ਚੋਂ ਪਾਰ ਲੰਘ ਗਿਆ। ਘੋੜੇ, ਹਾਥੀ, ਰੱਥ ਅਤੇ ਹਾਥੀਆਂ ਤੇ ਰੱਥਾਂ ਦੇ ਸਵਾਰ ਮਾਰੇ ਹੋਏ ਧਰਤੀ ਤੇ ਇਸ ਤਰ੍ਹਾਂ ਡਿੱਗੇ ਪਏ ਸਨ। ਕਿ ਜਾਨੋ ਬਸੰਤ ਰੁਤ ਦੇ ਅਖੀਰ ਵਿਚ ਤੇਜ਼ ਹਵਾ ਨੇ ਚੱਲ ਕੇ, ਕੇਲਿਆਂ ਦੇ ਝੁੰਡ ਪੁੱਟ ਕੇ ਡੇਗ ਦਿੱਤੇ ਸਨ॥੬੧੦॥

**ਧਾਇ ਪਰੇ ਕਰ ਕੋਪ ਬਨੇਚਰ ਹੈ ਤਿਨਕੇ ਜੀਅ ਰੋਸ ਜਗਯੋ॥**
**ਕਿਲਕਾਰ ਪੁਕਾਰ ਪਰੇ ਚਹੂੰ ਘਾਰਣ ਛਾਡਿ ਹਠੀ ਨਹਿ ਏਕ ਭਗਯੋ॥**
**ਗਹਿ ਬਾਨ ਕਮਾਨ ਗਦਾ ਬਰਛੀ ਉਤ ਤੇ ਦਲ ਰਾਵਨ ਕੋ ਉਮਗਯੋ॥**
**ਭਟ ਜੂਝਿ ਅਰੂਝਿ ਗਿਰੇ ਧਰਣੀ ਦਿਜਰਾਜ ਭ੍ਰਮਯੋ ਸ਼ਿਵ ਧਯਾਨ ਡਿਗਯੋ॥੬੧੧॥**

ਬਾਂਦਰ ਕ੍ਰੋਧ ਨਾਲ ਧਾਵਾ ਕਰ ਕੇ ਪਏ, ਕਿਉਂਕਿ ਉਨ੍ਹਾਂ ਦੇ ਮਨ ਵਿਚ ਗੁੱਸਾ ਜਾਗ ਪਿਆ ਸੀ। ਦੋਹਾਂ ਪਾਸਿਆਂ ਤੋਂ ਕਿਲਕਾਂ ਮਾਰਦੇ ਜਾ ਪਏ। ਇਕ ਸੂਰਮਾ ਵੀ ਜੰਗ ਨੂੰ ਛੱਡ ਕੇ ਭੱਜਿਆ ਨਹੀਂ ਸੀ। ਉਧਰੋਂ ਰਾਵਣ ਦਾ ਦਲ ਵੀ ਤੀਰ ਕਮਾਨ, ਗਦਾ ਤੇ ਬਰਛੀ ਲੈ ਕੇ ਉੱਛਲ ਪਿਆ। ਜੰਗ ਵਿਚ ਲੱਗੇ ਹੋਏ ਸੂਰਮੇ ਸ਼ਹੀਦ ਹੋ ਕੇ ਧਰਤੀ ਤੇ ਡਿੱਗ ਪਏ ਸਨ, ਜਿਨ੍ਹਾਂ ਨੂੰ ਵੇਖ ਕੇ ਬ੍ਰਹਮਾ ਡਰ ਗਿਆ ਅਤੇ ਸ਼ਿਵਜੀ ਦਾ ਧਿਆਨ ਛੁੱਟ ਗਿਆ ਸੀ॥੬੧੧॥

**ਜੂਝਿ ਅਰੂਝਿ ਗਿਰੇ ਭਟਵਾ ਤਨ ਘਾਇਨ ਘਾਇ ਘਨੇ ਭਿਭਰਾਨੇ॥**
**ਜੰਬੁਕ ਗਿੱਧ ਪਿਸਾਚ ਨਿਸਾਚਰ ਫੂਲ ਫਿਰੇ ਰਨ ਮੋ ਰਹਸਾਨੇ॥**
**ਕਾਂਪ ਉਠੀ ਸੁ ਦਿਸ਼ਾ ਬਿਦਿਸ਼ਾ ਦਿਗ ਪਾਲਨ ਫੇਰ ਪ੍ਰਲੈ ਅਨੁਮਾਨੇ॥**
**ਭੂਮਿ ਅਕਾਸ਼ ਉਦਾਸ ਭਏ ਗਨ ਦੇਵ ਅਦੇਵ ਭ੍ਰਮੇ ਭਹਰਾਨੇ॥੬੧੨॥**

ਜਿਹੜੇ ਸੂਰਮੇ ਲੜਾਈ ਵਿਚ ਲੱਗੇ ਹੋਏ ਸਨ ਸ਼ਹੀਦ ਹੋ ਕੇ ਡਿੱਗੇ ਸਨ ਉਨ੍ਹਾਂ ਦੇ ਫੱਟੜ ਸਰੀਰ ਬਹੁਤੇ ਫੱਟਾਂ ਕਰ ਕੇ ਡਰਾਉਣੇ ਹੋ ਰਹੇ ਸਨ। ਗਿੱਦੜ, ਗਿਰਝਾਂ, ਪਿਸਾਚ ਤੇ ਰਾਤ ਵੇਲੇ ਫਿਰਨ ਵਾਲੇ ਭੂਤ ਪ੍ਰੇਤ ਆਦਿਕ ਰਣ ਭੂਮੀ ਵਿਚ ਖੁਸ਼ੀ ਨਾਲ ਫੁੱਲੇ ਫਿਰਦੇ ਸਨ। ਚਾਰੇ ਪਾਸੇ ਤੇ ਚਾਰੇ

ਕੋਨੇ ਵਾਲੀ ਸਾਰੀ ਦੁਨੀਆਂ ਕੰਬ ਉਠੀ ਸੀ, ਤੇ ਪਾਤਾਲ ਨੇ ਮੁੜਕੇ ਪ੍ਰਲੈ ਹੋਣ ਦਾ ਅਨੁਮਾਨ ਕੀਤਾ ਸੀ। ਭੂਮੀ ਤੇ ਆਕਾਸ਼ ਉਦਾਸ ਮਲੂਮ ਹੁੰਦੇ ਸਨ, ਅਤੇ ਸਮੂਹ ਦੇਵਤੇ ਤੇ ਦੈਂਤ ਭਰਮ ਕਰ ਕੇ ਘਬਰਾ ਰਹੇ ਸਨ॥ ੬੧੨॥

**ਰਾਵਨ ਰੋਸ ਭਰਯੋ ਰਨ ਕੋ ਰਿਸ ਸੌ ਸਰ ਓਘ ਪ੍ਰਓਘ ਪ੍ਰਹਾਰੇ॥**
**ਭੂਮਿ ਅਕਾਸ਼ ਦਿਸ਼ਾ ਬਿਦਿਸ਼ਾ ਸਭ ਓਰ ਰੁਕੇ ਨਹਿ ਜਾਤ ਨਿਹਾਰੇ॥**
**ਸ੍ਰੀ ਰਘੁਰਾਜ ਸਰਾਸਨ ਲੈ ਛਿਨ ਮੋ ਛੁਭ ਕੈ ਸਰ ਪੁੰਜ ਨਿਵਾਰੇ॥**
**ਜਾਨਕ ਭਾਨ ਉਦੈ ਨਿਸ ਕਉ ਲਖਿ ਕੈ ਸਭ ਹੀ ਤਪ ਤੇਜ ਪਧਾਰੇ॥ ੬੧੩॥**

ਰਾਵਣ ਕ੍ਰੋਧ ਨਾਲ ਭਰ ਗਿਆ, ਅਤੇ ਜੰਗ ਵਿਚ ਗੁੱਸੇ ਨਾਲ ਝੁੰਡਾਂ ਦੇ ਝੁੰਡ ਤੀਰ ਮਾਰੇ। ਜਿਨ੍ਹਾਂ ਨਾਲ ਧਰਤੀ ਅਕਾਸ਼ ਅੱਗੇ ਪਿੱਛੇ ਸੱਜੇ ਖੱਬੇ ਸਭ ਪਾਸੇ ਰੁਕ ਗਏ ਕੋਈ ਜਗ੍ਹਾਂ ਖਾਲੀ ਨਹੀਂ ਸੀ ਦਿੱਸਦੀ। ਸ੍ਰੀ ਰਾਮ ਜੀ ਨੇ ਹੱਥ ਵਿਚ ਧਨੁੱਖ ਲੈ ਕੇ ਗੁੱਸਾ ਖਾ ਕੇ ਇਕ ਖਿਨ ਵਿਚ ਸਾਰੇ ਤੀਰ ਹੇਠਾਂ ਸੁਟ ਦਿੱਤੇ ਮਾਨੋ ਸੂਰਜ ਨੂੰ ਚੜ੍ਹਿਆ ਜਾਣ ਕੇ ਰਾਤ ਨੂੰ ਚਮਕਣ ਵਾਲੇ ਸਾਰੇ ਤਾਰੇ ਦੂਰ ਹੋ ਗਏ ਸਨ॥ ੬੧੩॥

**ਰੋਸ ਭਰੇ ਰਨ ਮੋ ਰਘੁਨਾਥ ਕਮਾਨ ਲੈ ਬਾਨ ਅਨੇਕ ਚਲਾਏ॥**
**ਬਾਜ ਬਜੀ ਗਜਰਾਜ ਘਨੇ ਰਥ ਰਾਜ ਬਨੇ ਕਰਿ ਰੋਸ ਉਡਾਏ॥**
**ਜੇ ਦੁਖ ਦੇਹ ਕਟੇ ਸੀਅ ਕੇ ਹਿਤ ਤੇ ਰਨ ਆਜ ਪ੍ਰਤੱਖ ਦਿਖਾਏ॥**
**ਰਾਜੀਵਲੋਚਨ ਰਾਮ ਕੁਮਾਰ ਘਨੋ ਰਨ ਘਾਲ ਘਨੋ ਘਰ ਘਾਏ॥ ੬੧੪॥**

ਕ੍ਰੋਧ ਨਾਲ ਸ੍ਰੀ ਰਾਮ ਜੀ ਭਰੇ ਹੋਏ ਸਨ, ਅਤੇ ਧਨੁੱਖ ਲੈ ਕੇ ਰਣ ਵਿਚ ਅਨੇਕਾਂ ਤੀਰ ਚਲਾਏ ਸਨ। ਜਿਨ੍ਹਾਂ ਨਾਲ ਘੋੜੇ, ਹਾਥੀਆਂ ਦੇ ਸਵਾਰ, ਹਾਥੀ ਅਤੇ ਰੱਥ ਗੁੱਸਾ ਖਾ ਕੇ ਬਹੁਤ ਸਾਰੇ ਉਡਾ ਦਿੱਤੇ ਸਨ। ਸੀਤਾ ਦੇ ਵਾਸਤੇ ਰਾਮ ਜੀ ਨੇ ਜਿਹੜੇ ਦੁੱਖ ਸਰੀਰ ਉਤੇ ਸਹਾਰੇ ਸਨ, ਉਹ ਅੱਜ ਰਣ ਵਿਚ ਪ੍ਰਤੱਖ ਵਿਖਾ ਦਿੱਤੇ ਸਨ। ਕਮਲ ਜੇਹੀਆਂ ਅੱਖਾਂ ਵਾਲੇ ਸ੍ਰੀ ਰਾਮ ਜੀ ਨੇ ਖੂਬ ਜੰਗ ਕਰ ਕੇ ਬਹੁਤੇ ਘਰ ਨਾਸ ਕਰ ਦਿੱਤੇ ਸਨ॥ ੬੧੪॥

**ਰਾਵਨ ਰੋਸ ਭਰਯੋ ਗਰਜਯੋ ਰਨ ਮੋ ਲਹਿਕੈ ਸਭ ਸੈਨ ਭਜਾਨਯੋ॥**
**ਆਪ ਹੀ ਹਾਕਹਥਯਾਰ ਹਠੀ ਗਹਿ ਸ੍ਰੀ ਰਘੁਨੰਦਨ ਸੋ ਰਣ ਠਾਣਯੋ॥**
**ਚਾਬਕ ਮਾਰ ਕੁਦਾਇ ਤੁਰੰਗਨ ਜਾਇ ਪਰਯੋ ਕਛੁ ਤ੍ਰਾਸ ਨ ਮਾਨਯੋ॥**
**ਬਾਨਨ ਤੇ ਬਿਧੁ ਬਾਹਨ ਤੇ ਮਨ ਮਾਰਤ ਕੋ ਰਥ ਛੋਰਿ ਸਿਧਾਨਯੋ॥ ੬੧੫॥**

ਰਾਵਣ ਗੁੱਸੇ ਦਾ ਭਰਿਆ ਹੋਇਆ ਰਣ ਵਿਚ ਗਰਜਿਆ ਵੇਖ ਕੇ ਬਾਂਦਰਾਂ ਦੀ ਸਾਰੀ ਸੈਨਾ ਭੱਜ ਗਈ। ਆਪੇ ਹੀ ਲਲਕਾਰਾ ਦੇ ਕੇ, ਅਤੇ ਹਥਿਆਰ ਫੜ ਕੇ ਹਠੀ ਨੇ ਸ੍ਰੀ ਰਾਮ ਜੀ ਨਾਲ ਜੁੱਧ ਸ਼ੁਰੂ ਕਰ ਦਿੱਤਾ। ਚਾਬਕ ਮਾਰ ਕੇ ਘੋੜਿਆਂ ਨੂੰ ਭਜਾ ਕੇ, ਰਣ ਵਿਚ ਜਾ ਪਿਆ, ਕਿਸੇ ਦਾ ਕੁਝ ਡਰ ਨਹੀਂ ਮੰਨਿਆ। ਰਾਮ ਜੀ ਨੇ ਤੀਰਾਂ ਨਾਲ ਉਸ ਦੇ ਘੋੜਿਆਂ ਨੂੰ ਵਿੰਨ੍ਹ ਦਿੱਤਾ, ਉਹ ਐਸੇ ਤੇਜ ਦੌੜਦੇ ਸਨ ਮਾਨੋ ਪੌਣ ਦੇ ਰੱਥ ਨੂੰ ਪਿੱਛੇ ਛੱਡ ਕੇ ਅੱਗੇ ਲੰਘ ਜਾਣਗੇ॥ ੬੧੫॥

**ਸ੍ਰੀ ਰਘੁਨੰਦਨ ਕੀ ਭੁਜ ਤੇ ਜਬ ਛੋਰ ਸਰਾਸਨ ਬਾਨ ਉਡਾਨੇ॥**
**ਭੂੰਮਿ ਅਕਾਸ਼ ਪਤਾਰ ਚਹੂੰ ਚਕ ਪੂਰ ਰਹੇ ਨਹੀ ਜਾਤ ਪਛਾਨੇ॥**
**ਤੋਰ ਸਨਾਹ ਸੁਬਾਹਨ ਕੇ ਤਨ ਆਹ ਕਰੀ ਨਹੀ ਪਾਰ ਪਰਾਨੇ॥**
**ਛੇਦ ਕਰੋਟਨ ਓਟਨ ਕੋਟ ਅਟਾਨਮੋ ਜਾਨਕੀ ਬਾਨ ਪਛਾਨੇ॥੬੧੬॥**

ਸ੍ਰੀ ਰਾਮ ਚੰਦ੍ਰ ਜੀ ਦੇ ਹੱਥ ਤੋਂ ਜਦ ਧਨੁੱਖ ਨੂੰ ਛੱਡ ਕੇ ਤੀਰ ਉਡੇ ਤਾਂ ਧਰਤੀ, ਅਕਾਸ਼ ਅਤੇ ਪਤਾਲ ਚੌਹਾਂ ਚੱਕਾਂ ਵਿਚ ਫੈਲ ਗਏ, ਜੋ ਕਿਸੇ ਪਾਸੋਂ ਭੀ ਪਛਾਣੇ ਨਹੀਂ ਜਾਂਦੇ ਸਨ। ਸੂਰਮਿਆਂ ਦੇ ਤਨ ਤੋਂ ਸੰਜੋਆਂ ਤੀਰਾਂ ਨੇ ਭੰਨ ਦਿੱਤੀਆਂ ਸਨ, ਇੱਛਾ ਨਹੀਂ ਕੀਤੀ ਕਿ ਪਾਰ ਲੰਘ ਗਏ ਸਨ। ਸ੍ਰੀ ਰਾਮ ਜੀ ਨੇ ਜਿਸ ਨੂੰ ਮਾਰਨ ਦੀ ਇੱਛਾ ਕੀਤੀ ਸੀ, ਤੀਰ ਇਕ ਦਮ ਉਸ ਦੇ ਸਰੀਰ ਨੂੰ ਵਿੰਨ੍ਹ ਕੇ ਦੂਸਰੇ ਪਾਸੇ ਲੰਘ ਗਏ ਸਨ। ਖੋਪਰੀਆਂ ਦੀ ਰੱਖਿਆ ਕਰਨ ਵਾਲੇ (ਲੋਹੇ ਦੇ ਟੋਪਾਂ) ਨੂੰ ਤੀਰਾਂ ਨੇ ਛੇਕੋ ਛੇਕ ਕਰ ਦਿੱਤਾ ਸੀ, ਅਤੇ ਤੀਰ ਕਿਲ੍ਹੇ ਦੀਆਂ ਅਟਾਰੀਆਂ ਵਿਚ ਪਹੁੰਚ ਗਏ ਸਨ, ਜਿਨ੍ਹਾਂ ਤੀਰਾਂ ਨੂੰ ਸੀਤਾ ਜੀ ਨੇ ਪਛਾਣ ਲਿਆ ਸੀ॥ ੬੧੬॥

**ਸ੍ਰੀ ਅਸੁਰਾਰਦਨ ਕੇ ਕਰ ਕੋ ਜਿਨ ਏਕ ਹੀ ਬਾਨ ਬਿਖੈ ਤਨ ਚਾਖਜੋ॥**
**ਭਾਜ ਸਕਜੋ ਨ ਭਿਰਜੋ ਹਠ ਕੈ ਭਟ ਏਕ ਹੀ ਘਾਇ ਧਰਾ ਪਰ ਰਾਖਜੋ॥**
**ਛੇਦ ਸਨਾਹ ਸੁਬਾਹਨ ਕੋ ਸਰ ਓਟਨ ਕੋਟ ਕਰੋਟਨ ਨਾਖਜੋ॥**
**ਸੁਆਰ ਜੁਝਾਰ ਅਪਾਰ ਹਠੀ ਰਨ ਹਾਰ ਗਿਰੇ ਧਰ ਹਾਇ ਨ ਭਾਖਜੋ॥੬੧੭॥**

ਜਿਸ ਵੀ ਰਾਮ ਜੀ ਦੇ ਹੱਥ ਦਾ ਇਕ ਵੀ ਤੀਰ ਖਾਧਾ, ਉਹ ਸੂਰਬੀਰ ਨਾ ਤਾਂ ਓਥੋਂ ਭੱਜ ਸਕਿਆ ਅਤੇ ਨਾ ਹੀ ਦੁਬਾਰਾ ਰਣ ਵਿਚ ਆ ਸਕਿਆ। ਉਹ ਤੀਰ ਸੂਰਮਿਆਂ ਦੀਆਂ ਸਨਾਹਾਂ ਨੂੰ ਭੰਨਕੇ, ਅਤੇ ਕ੍ਰੋੜਾਂ ਹੀ ਸਿਰ ਤੇ ਪਾਏ ਲੋਹੇ ਦੇ ਟੋਪਾਂ ਨੂੰ ਛੇਕੋ ਛੇਕ ਕਰ ਕੇ ਪਾਰ ਲੰਘ ਜਾਂਦਾ ਸੀ। ਅਪਾਰਾਂ ਹੀ ਘੋੜ ਚੜ੍ਹੇ ਹਠ ਨਾਲ ਲੜਦੇ ਹੋਏ, ਰਣ ਵਿਚ ਹਾਰ ਕੇ ਧਰਤੀ ਤੇ ਡਿੱਗ ਪਏ ਸਨ, ਪਰ ਕਿਸੇ ਨੇ ਵੀ ਮੂੰਹੋਂ ਹਾਇ ਨਹੀਂ ਆਖੀ॥ ੬੧੭॥

**ਆਨ ਅਰੇ ਸੁਮਰੇ ਸਭਹੀ ਭਟ ਜੀਤ ਬਚੇ ਰਨ ਛਾਡਿ ਪਰਾਨੇ॥**

**ਦੇਵ ਅਦੇਵਨ ਕੇ ਜਿਤੀਯਾ ਰਨ ਕੋਟ ਹਤੇ ਕਰ ਏਕ ਨ ਜਾਨੇ॥**
**ਸ੍ਰੀ ਰਘੁਰਾਜ ਪ੍ਰਾਕ੍ਰਮ ਕੋ ਲਖ ਤੇਜ ਸੰਬੂਹ ਸਭੈ ਭਹਰਾਨੇ॥**
**ਓਟਨ ਕੂਦ ਕਰੋਟਨ ਫਾਂਧ ਸੁ ਲੰਕਹਿ ਛਾਡਿ ਬਿਲੰਕ ਸਿਧਾਨੇ॥੬੧੮॥**

ਜੰਗ ਵਿਚ ਆਣ ਕੇ ਰਾਮ ਜੀ ਨਾਲ ਜਿੰਨੇ ਵੀ ਅੜੇ ਸਨ, ਉਹ ਸਾਰੇ ਹੀ ਸੂਰਮੇ ਮਰ ਗਏ ਸਨ ਜੀਊਂਦੇ ਓਹੀ ਬਚੇ ਸਨ, ਜੋ ਰਣ ਨੂੰ ਛੱਡ ਕੇ ਭੱਜ ਗਏ ਸਨ। ਜੋ ਰਣ ਵਿਚ ਦੇਵਤਾ ਤੇ ਦੈਂਤਾਂ ਨੂੰ ਜਿੱਤਣ ਵਾਲੇ ਸਨ, ਉਹ ਕ੍ਰੋੜਾਂ ਮਾਰੇ ਗਏ ਸਨ, ਪਰ ਇਕ ਕਰ ਕੇ ਜਾਣੇ ਨਹੀਂ ਗਏ। ਸ੍ਰੀ ਰਾਮ ਚੰਦਰ ਜੀ ਦੇ ਬਲ ਨੂੰ ਜਾਣ ਕੇ ਸਾਰੇ ਹੀ ਤੇਜ ਦੈਂਤ ਕੰਬ ਗਏ ਸਨ ਅਤੇ ਮੋਰਚਿਆਂ ਨੂੰ ਟੱਪ ਕੇ, ਕਰੋਟਨ ਖਾਈਆਂ ਤੋਂ ਉਛਲ ਕੇ, ਲੰਕਾ ਨੂੰ ਛੱਡ ਕੇ ਸੁਮੰਦਰ ਦੇ ਦੂਜੇ ਕੰਢੇ ਚਲੇ ਗਏ ਸਨ॥੬੧੮॥

**ਰਾਵਨ ਰੋਸ ਭਰਜੋ ਰਨ ਮੋ ਗਹਿ ਬੀਸ ਹੂੰ ਬਾਹਿ ਹਥਯਾਰ ਪ੍ਰਹਾਰੇ॥**
**ਭੂਮਿ ਅਕਾਸ਼ ਦਿਸ਼ਾ ਬਿਦਿਸ਼ਾ ਚਕਿ ਚਾਰ ਰੁਕੇ ਨਹੀ ਜਾਤ ਨਿਹਾਰੇ॥**
**ਫੋਕਨ ਤੈ ਫਲ ਤੈ ਮੱਧ ਤੈ ਅਧ ਤੈ ਬਧ ਕੈ ਰਣ ਮੰਡਲ ਡਾਰੇ॥**
**ਛਤ੍ਰ ਧੁਜਾ ਬਰ ਬਾਜ ਰਥੀ ਰਥ ਕਾਟਿ ਸਭੈ ਰਘੁਰਾਜ ਉਤਾਰੇ॥ ੬੧੯॥**

ਰਾਵਣ ਕ੍ਰੋਧ ਦਾ ਭਰਿਆ ਹੋਇਆ ਵੀਹਾਂ ਹੀ ਬਾਹਾਂ ਵਿਚ ਹਥਿਆਰ ਫੜ ਕੇ ਚਲਾਉਂਦਾ ਸੀ। ਧਰਤੀ, ਅਕਾਸ਼, ਸਜੇ, ਖਬੇ, ਅੱਗੇ ਪਿੱਛੇ ਚਾਰੇ ਪਾਸੇ ਰੁਕ ਗਏ ਸਨ। ਕੋਈ ਪਾਸਾ ਵੀ ਵੇਖਿਆ ਨਹੀਂ ਜਾ ਸਕਦਾ ਸੀ। ਰਾਮ ਜੀ ਨੇ ਫੋਕਾਂ ਨਾਲ, ਤੀਰਾਂ ਦੇ ਫਲਾਂ ਨਾਲ, ਅਧ ਵਿਚਾਲੇ ਤੋਂ ਕੱਟ ਕੇ ਤੀਰਾਂ ਨੂੰ ਰਣ ਮੰਡਲ ਵਿਚ ਸੁੱਟ ਦਿੱਤਾ ਸੀ। ਰਾਵਣ ਦਾ ਛੱਤਰ, ਧੁਜਾ, ਚੰਗੇ ਘੋੜੇ, ਰੱਥਵਾਹੀ ਤੇ ਰੱਥ ਇਹਨਾਂ ਸਭਨਾਂ ਨੂੰ ਕੱਟ ਕੇ ਸ੍ਰੀ ਰਾਮ ਜੀ ਨੇ ਰਾਵਣ ਨੂੰ ਭੁੰਜੇ ਉਤਾਰ ਦਿੱਤਾ ਸੀ॥੬੧੯॥

**ਰਾਵਨ ਚਉਪ ਚਲਜੋ ਚਪਕੈ ਨਿਜ ਬਾਜ ਬਿਹੀਨ ਜਬੈ ਰਥ ਜਾਨਜੋ॥**
**ਢਾਲ ਤ੍ਰਿਸੂਲ ਗਦਾ ਬਰਛੀ ਗਹਿ ਸ੍ਰੀ ਰਘੁਨੰਦਨ ਸੋ ਰਨ ਠਾਨਜੋ॥**
**ਧਾਇ ਪਰਜੋ ਲਲਕਾਰ ਹਠੀ ਕਪ ਪੁੰਜਨ ਕੋ ਕਛੁ ਤ੍ਰਾਸ ਨ ਮਾਨਜੋ॥**
**ਅੰਗਦ ਆਦਿ ਹਨਵੰਤ ਤੇ ਲੈ ਭਟ ਕੋਟ ਹੁਤੇ ਕਰ ਏਕ ਨ ਜਾਨਜੋ॥ ੬੨੦॥**

ਰਾਵਣ ਨੇ ਜਦੋਂ ਆਪਣੇ ਰੱਥ ਨੂੰ ਘੋੜਿਆਂ ਤੋਂ ਬਿਨਾਂ ਵੇਖਿਆ ਤਾਂ ਚਿੜ ਕੇ ਭਾਵ ਗੁੱਸਾ ਖਾ ਕੇ ਚਿਪ ਕੇ ਤੁਰ ਪਿਆ। ਹੱਥ ਵਿਚ ਢਾਲ, ਤ੍ਰਿਸੂਲ, ਗਦਾ ਤੇ ਬਰਛੀ ਆਦਿਕ ਸ਼ਸਤ੍ਰ ਅਸਤ੍ਰ ਫੜ ਕੇ ਸ੍ਰੀ ਰਾਮ ਜੀ ਨਾਲ ਜੁੱਧ ਕਰਨ ਲੱਗਾ। ਹਠ ਵਾਲਾ ਰਾਵਣ ਸੂਰਮਾ ਲਲਕਾਰਾ ਦੇ ਕੇ ਭੱਜ ਕੇ ਜਾ ਪਿਆ ਅਤੇ ਬਾਂਦਰਾਂ ਦੇ ਝੁੰਡ ਦਾ ਕੁਝ ਵੀ ਡਰ ਨਾ ਮੰਨਿਆ। ਅੰਗਦ ਆਦਿ ਤੋਂ ਲੈ ਕੇ

ਹਨੂੰਮਾਨ ਤਕ ਕਰੋੜਾਂ ਸੂਰਮੇ ਰਾਮ ਜੀ ਦੇ ਅੱਗੇ ਪਿੱਛੇ ਫਿਰਦੇ ਸਨ, ਪਰ ਉਸ ਨੇ ਇਹਨਾਂ ਨੂੰ ਇਕ ਕਰ ਕੇ ਵੀ ਨਹੀਂ ਜਾਣਿਆ॥ ੬੨੦॥

**ਰਾਵਨ ਕੋ ਰਘੁਰਾਜ ਜਬੈ ਰਣ ਮੰਡਲ ਆਵਤ ਮੱਧਿ ਨਿਹਾਰਯੋ॥**
**ਬੀਸ ਸਿਲਾ ਸਿਤ ਸਾਇਕ ਲੈ ਕਰਿ ਕੋਪੁ ਬਡੋ ਉਰ ਮੱਧ ਪ੍ਰਹਾਰਯੋ॥**
**ਭੇਦ ਚਲੇ ਮਰਮ ਸੱਥਲ ਕੋ ਸਰ ਸ੍ਰੋਣ ਨਦੀ ਸਰ ਬੀਚ ਪਖਾਰਯੋ॥**
**ਆਗੇ ਹੀ ਰੇਂਗ ਚਲਯੋ ਹਠਿਕੈ ਭਟ ਧਾਮ ਕੋ ਭੂਲ ਨ ਨਾਮ ਉਚਾਰਯੋ॥੬੨੧॥**

ਰਾਵਣ ਨੂੰ ਰਣ ਭੂਮੀ ਵਿਚ, ਜਦੋਂ ਸ੍ਰੀ ਰਾਮ ਚੰਦ੍ਰ ਜੀ ਨੇ ਅਉਂਦਿਆਂ ਵੇਖਿਆ। ਉਸੇ ਵੇਲੇ ਸਿਲਾ ਤੇ ਘਸਾ ਕੇ ਚਿੱਟੇ ਕੀਤੇ ਹੋਏ ਵੀਹ ਤੀਰ ਹੱਥ ਲੈ ਕੇ, ਹਿਰਦੇ ਵਿਚ ਕਰੋਧ ਕਰਕੇ, ਵੱਡੇ ਜ਼ੋਰ ਨਾਲ ਮਾਰ ਦਿੱਤੇ। ਜੋ ਤੀਰ ਰਾਵਣ ਦੇ ਮਰਮਸਥਾਨ ਨੂੰ ਪਾੜ ਗਏ ਅਤੇ ਇਸ ਤਰ੍ਹਾਂ ਲਹੂ ਨਾਲ ਤਰ-ਬ-ਤਰ ਹੋ ਗਏ, ਮਾਨੋ ਲਹੂ ਦੇ ਸਮੁੰਦਰ ਵਿਚ ਧੋਤੇ ਗਏ ਸਨ। ਪਰ ਸੂਰਮਾ ਹਠ ਕਰ ਕੇ ਅੱਗੇ ਦੇ ਰਾਹ ਵੱਲ ਤੁਰਿਆ ਆਇਆ। ਉਸ ਨੇ ਘਰ ਦੇ ਨਾਮ ਨੂੰ ਭੁੱਲ ਕੇ ਵੀ ਨਹੀਂ ਉਚਾਰਿਆ॥੬੨੧॥

**ਰੋਸ ਭਰਯੋ ਰਨ ਮੌ ਰਘੁਨਾਥ ਸੁ ਪਾਨ ਕੇ ਬੀਚ ਸਰਾਸਨ ਲੈਕੈ॥**
**ਪਾਂਚਕ ਪਾਇ ਹਟਾਇ ਦਯੋ ਤਿਹ ਬੀਸਹੂੰ ਬਾਂਹਿ ਬਿਨਾ ਓਹ ਕੈ ਕੈ॥**
**ਦੈ ਦਸ ਬਾਨ ਬਿਮਾਨ ਦਸੋ ਸਿਰ ਕਾਟ ਦਏ ਸ਼ਿਵ ਲੋਕ ਪਠੈ ਕੈ॥**
**ਸ੍ਰੀ ਰਘੁਰਾਜ ਬਰਯੋ ਸੀਅ ਕੋ ਬਹੁਰੋ ਜਨੁ ਜੁੱਧ ਸੁਁਜਬਰ ਜੈ ਕੈ॥੬੨੨॥**

ਸ੍ਰੀ ਰਾਮ ਚੰਦ੍ਰ ਜੀ ਹੱਥ ਵਿਚ ਧਨੁੱਖ ਬਾਣ ਲੈ ਕੇ, ਰਣ ਵਿਚ ਕ੍ਰੋਧ ਨਾਲ ਭਰ ਗਏ। ਉਸ ਰਾਵਣ ਨੂੰ ਵੀਹਾਂ ਬਾਹੀਆਂ ਤੋਂ ਬਿਨਾਂ ਕਰ ਕੇ ਉਸ ਨੂੰ ਪੰਜ ਕੁ ਕਦਮ ਪਿੱਛੇ ਨੂੰ ਹਟਾ ਦਿੱਤਾ। ਫਿਰ ਦਸ ਤੀਰਾਂ ਰੂਪ ਬਿਮਾਨ ਦੇ ਕੇ, ਰਾਵਣ ਦੇ ਦਸੇ ਸਿਰ ਕੱਟ ਦਿੱਤੇ ਅਤੇ ਉਨ੍ਹਾਂ ਨੂੰ ਸ਼ਿਵ ਲੋਕ ਵਿਚ ਭੇਜ ਦਿੱਤਾ। ਇਉਂ ਸਮਝੋ ਕਿ ਮਾਨੋ ਸ੍ਰੀ ਰਾਮ ਚੰਦਰ ਜੀ ਨੇ ਜੁੱਧ ਰੂਪ ਸੁਯੰਬਰ ਜਿੱਤ ਕੇ (ਅੱਜ) ਫਿਰ ਸੀਤਾ ਨੂੰ ਦੂਜੀ ਵਾਰ ਵਿਆਹਿਆ ਸੀ॥ ੬੨੨॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਦਸ ਸਿਰ ਬਧਹ' ਸਪਤ ਦਸਮੋਂ ਧਿਆਇ ਸਮਾਪਤਮ॥ ਸਤੁ ਸੁਭਮ ਸਤ॥੧੭॥੬੨੨॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਰਾਵਣ ਦਾ ਕਤਲ' ਸਤਾਰ੍ਹਵਾਂ ਅਧਿਆਇ ਸਮਾਪਤ॥ ਸਤ ਸ਼ੁਭਮ ਸਤ॥੧੭॥ ੬੨੨॥ ਚਲਦਾ॥

# ਅਠਾਰ੍ਹਵਾਂ ਅਧਿਆਏ

# ਸੀਤਾ ਮਿਲਾਪ ਵਰਣਨ

### ਮੰਦੋਦਰੀ ਨੂੰ ਗਿਆਨ ਅਤੇ ਵਿਭੀਖਣ ਨੂੰ ਲੰਕਾ ਦਾ ਰਾਜ ਦਿੱਤਾ

**ਸ੍ਵੈਯਾ ਛੰਦ ॥ ਇੰਦ੍ਰ ਡਰਾਕੁਲ ਥੋ ਜਿੱਹ ਕੇ ਡਰ ਸੂਰਜ ਚੰਦ੍ਰ ਹੁਤੇ ਭਯ ਭੀਤੇ ॥**
**ਲੂਟ ਲਯੋ ਧਨ ਜਉਨ ਧਨੇਸ਼ ਕੋ ਬ੍ਰਹਮ ਹੁਤੋ ਚਿਤ ਮੋਨਹਿ ਚੀਤੇ ॥**
**ਇੰਦ੍ਰ ਸੇ ਭੂਤ ਅਨੇਕ ਲਰੈ ਇਨ ਸੋ ਫਿਰਿਕੈ ਗ੍ਰਿਹ ਜਾਤ ਨ ਜੀਤੇ ॥**
**ਸੋ ਰਨ ਆਜ ਭਲੈਂ ਰਘੁਰਾਜ ਸੁ ਜੁੱਧ ਸੁਯੰਬਰ ਕੈ ਸੀਅ ਜੀਤੇ ॥ ੬੨੩ ॥**

ਇੰਦ੍ਰ ਜਿਸ ਦੇ ਡਰ ਤੋਂ ਡਰਦਾ ਸੀ, ਅਤੇ ਸੂਰਜ ਤੇ ਚੰਦ੍ਰਮਾ ਵੀ ਜਿਸ ਦੇ ਭੈਅ ਨੂੰ ਮੰਨਦੇ ਸਨ, ਜਿਸ ਨੇ ਕੁਬੇਰ ਦਾ ਧਨ ਲੁੱਟ ਲਿਆ ਸੀ, ਜਿਸ ਦੇ ਡਰ ਤੋਂ ਬ੍ਰਹਮਾ ਵੀ ਜਿਸ ਦਾ ਖਿਆਲ ਆਉਣ ਤੇ ਚੁਪ ਹੋ ਜਾਂਦਾ ਸੀ ਇਸ ਨਾਲ ਇੰਦ੍ਰ ਵਰਗੇ ਅਨੇਕਾਂ ਰਾਜੇ ਲੜੇ ਸਨ, ਤੇ ਉਹ ਮੁੜ ਕੇ ਜੀਉਂਦੇ ਘਰ ਨੂੰ ਨਹੀਂ ਗਏ ਸਨ। ਰਾਮਚੰਦ੍ਰ ਜੀ ਨੇ ਉਸ ਨਾਲ ਅੱਜ ਚੰਗਾ ਜੁੱਧ ਕੀਤਾ ਸੀ, ਤੇ ਉਸ ਜੁੱਧ ਸੁਯੰਬਰ ਨੂੰ ਜਿੱਤ ਕੇ ਸੀਤਾ ਨੂੰ ਦੂਜੀ ਵਾਰ ਜਿੱਤ ਲਿਆ ਸੀ ॥ ੬੨੩ ॥

**ਅਲਕਾ ਛੰਦ ॥ ਚਟਪਟ ਸੈਣੰ ਖਟਪਟ ਭਾਜੇ ॥ ਝਟਪਟ ਜੁੱਝੇ ਲਖ ਰਣ ਰਾਜੇ ॥**
**ਸਟਪਟ ਭਾਜੇ ਅਟਪਟ ਸੂਰੰ ॥ ਝਟਪਟ ਬਿਸਰੀ ਘਟ ਪਟ ਹੂਰੰ ॥ ੬੨੪ ॥**

ਰਾਵਣ ਮਰਿਆ ਵੇਖ ਕੇ ਸਾਰੀ ਸੈਨਾ ਏਧਰ ਓਧਰ ਭੱਜ ਗਈ। ਮੈਦਾਨ ਵਿਚ ਕਈ ਰਾਜੇ ਲੜ ਕੇ ਮਰ ਗਏ ਅਤੇ ਕਈ ਸੂਰਮੇ ਭੱਜ ਉਠੇ ਅਤੇ ਹੂਰਾਂ ਨੂੰ ਵਿਆਉਣ ਬਾਰੇ ਵਿਚਾਰ ਵਿਚੇ ਹੀ ਭੁੱਲ ਗਏ। ੬੨੪ ॥

**ਚਟਪਟ ਪੈਠੇ ਖਟਪਟ ਲੰਕੰ ॥ ਰਣ ਤਜ ਸੂਰੰ ਸਰਧਰ ਬੰਕੰ ॥**
**ਝਲਹਲ ਬਾਰੰ ਨਰਬਰ ਨੈਣੰ ॥ ਧਕਿ ਧਕਿ ਉਚਰੇ ਭਕਿ ਭਕਿ ਬੈਣੰ ॥ ੬੨੫ ॥**

ਝਟ ਪਟ ਹੀ ਲੰਕਾ ਵਿਚ ਖਟਪਟੀ ਪੈ ਗਈ, ਧਨੁੱਖ ਤੇ ਬਾਣ ਨੂੰ ਧਾਰਨ ਵਾਲੇ ਸੂਰਮੇ ਰਣ ਨੂੰ ਛੱਡ ਗਏ। ਭਲੇ ਪੁਰਸ਼ਾਂ ਦੀਆਂ ਅੱਖਾਂ ਵਿਚ ਪਾਣੀ ਡਲ੍ਹਕਦਾ ਸੀ, ਜਦ ਬਚਨ ਬੋਲਦੇ ਸਨ, ਤਾਂ ਛਾਤੀ ਧੱਕ ਧੱਕ ਕਰਦੀ ਸੀ, ਆਵਾਜ਼ ਕੰਬਦੀ ਸੀ ॥ ੬੨੫ ॥

**ਨਰ ਬਰ ਰਾਮੰ ਬਰਨਰ ਮਾਰੇ ॥ ਝਟਪਟ ਬਾਹੰ ਕਟਿ ਕਟਿ ਡਾਰੇ ॥**

**ਤਬ ਸਭ ਭਾਜੇ ਰਖ ਰਖ ਪ੍ਰਾਣੰ ॥ ਖਟਤਟ ਮਾਰੇ ਝਟਪਟ ਬਾਣੰ ॥੬੨੬॥**

ਸ੍ਰੀ ਰਾਮ ਜੀ ਨੇ ਕਿਹਾ ਕਿ ਬਲੀ ਪੁਰਸ਼ਾਂ ਦੈਂਤਾਂ ਨੂੰ ਮਾਰੋ, ਬਾਂਦਰ ਝਟ ਪਟ ਸਮਝ ਚਲਾਉਂਦੇ ਹੋਏ ਕੱਟ ਕੱਟ ਕੇ ਸੁੱਟੀ ਜਾਂਦੇ ਸਨ। ਪ੍ਰਾਣਾਂ ਰੱਖਿਆ ਲਈ ਕਈ ਲੰਕਾ ਨੂੰ ਛੱਡ ਕੇ ਭੱਜ ਗਏ, ਕਿਉਂਕਿ ਸੂਰਮੇ ਝਟ ਪਟ ਬਾਣ ਚਲਾ ਰਹੇ ਸਨ ॥੬੨੬॥

**ਚਰਪਟ ਰਾਨੀ ਸਟਪਟ ਧਾਈ ॥ ਰਟਪਟ ਰੋਵਤ ਅਟਪਟ ਆਈ ॥**
**ਚਟਪਟ ਲਾਗੀ ਅਟਪਟ ਪਾਯੰ ॥ ਨਰਬਰ ਨਿਰਖੇ ਰਘੁਬਰ ਰਾਯੰ ॥੬੨੭॥**

ਜਦੋਂ ਰਾਣੀ ਮੰਦੋਦਰੀ ਨੂੰ ਪਤਾ ਲੱਗਾ ਤਾਂ ਉਹ ਤੁਰੰਤ ਵਰਲਾਪ ਕਰਦੀ ਹੋਈ ਰਣ ਭੂਮੀ ਵਿਚ ਆਈ, ਉਹ ਝਟ ਸ੍ਰੀ ਰਾਮ ਦੇ ਪੈਰੀਂ ਪੈ ਗਈ ਜਿਸ ਨੇ ਰਾਵਣ ਨੂੰ ਮਾਰਿਆ ਸੀ, ਉਹ ਵਾਰ ਵਾਰ ਰਾਮ ਨੂੰ ਵੇਖ ਰਹੀ ਸੀ ॥੬੨੭॥

**ਚਟਪਟ ਲੋਟੈਂ ਅਟਪਟ ਧਰਣੀ ॥ ਕਸਿ ਕਸਿ ਰੋਵੈਂ ਬਰਨਰ ਬਰਣੀ ॥**
**ਪਟਪਟ ਡਾਰੈਂ ਅਟਪਟ ਕੇਸੰ ॥ ਬਟ ਹਰਿ ਕੂਕੈਂ ਨਟ ਵਰ ਭੇਸੰ ॥੬੨੮॥**

ਮਹਾਰਾਣੀ ਮੰਦੋਦਰੀ ਧਰਤੀ ਤੇ ਲੇਟ ਗਈ। ਬੜੇ ਦੁੱਖ ਅਤੇ ਵਿਆਕੁਲਤਾ ਨਾਲ ਵਰਲਾਪ ਕਰਨ ਲੱਗੀ। ਵਾਲ ਪੁੱਟ ਪੁੱਟ ਕੇ ਸੁੱਟਣ ਲੱਗੀ ਅਤੇ ਚੀਕਾਂ ਮਾਰ ਮਾਰ ਰੋਣ ਲੱਗੀ ॥੬੨੮॥

**ਚਟਪਟ ਚੀਰੰ ਅਟਪਟ ਪਾਰੈਂ ॥ ਧਰ ਕਰ ਧੂਮੰ ਸਰਬਰ ਡਾਰੈਂ ॥**
**ਸਟਪਟ ਲੋਟੈਂ ਖਟਪਟ ਭੂਮੰ ॥ ਝਟਪਟ ਝੂਰੈਂ ਘਰਹਰ ਘੂਮੰ ॥ ੬੨੯ ॥**

ਉਹ ਆਪਣੇ ਕਪੜੇ ਪਾੜਨ ਲੱਗੀ ਅਤੇ ਖੇਹ ਸਿਰ ਵਿਚ ਪਾਉਣ ਲੱਗੀ। ਫਿਰ ਉਹ ਧਰਤੀ ਤੇ ਲੇਟਣ ਲੱਗੀ ਅਤੇ ਰਾਵਨ ਨੂੰ ਯਾਦ ਕਰਕੇ ਝੂਰਨ ਲੱਗੀ ॥੬੨੯॥

## ਰਸਾਵਲ ਛੰਦ ॥

**ਜਬੈ ਰਾਮ ਦੇਖੈ ॥ ਮਹਾ ਰੂਪ ਲੇਖੈ ॥ ਰਹੀ ਨਯਾਇ ਸੀਸੰ ॥ ਸਭੈ ਨਾਰ ਈਸੰ ॥ ੬੩੦ ॥**

ਜਦ ਰਾਵਨ ਦੀਆਂ ਰਾਣੀਆਂ ਨੇ ਰਾਮ ਨੂੰ ਵੇਖਿਆ ਤਾਂ ਉਸ ਦਾ ਸੁੰਦਰ ਅਤੇ ਤੇਜਸਵੀ ਰੂਪ ਵੇਖ ਕੇ ਸਾਰੀਆਂ ਨੇ ਸਿਰ ਨਿਵਾਏ ॥੬੩੦॥

**ਲਖੈਂ ਰੂਪ ਮੋਹੀ ॥ ਫਿਰੀ ਰਾਮ ਦੋਹੀ ॥ ਦਈ ਤਾਹਿ ਲੰਕਾ ॥ ਸਿਮੰ ਰਾਜ ਟੰਕਾ ॥ ੬੩੧ ॥**

ਉਹ ਰਾਮ ਦੇ ਰੂਪ ਨੂੰ ਵੇਖ ਕੇ ਮੋਹੀਆਂ ਗਈਆਂ, ਸਾਰੀ ਲੰਕਾ ਵਿਚ ਰਾਮ ਦੀ ਦੁਹਾਈ ਫਿਰ ਗਈ। ਰਾਮ ਨੇ ਭਬੀਖਣ ਨੂੰ ਲੰਕਾ ਦੇ ਦਿੱਤੀ, ਜਿਵੇਂ ਇਕ ਰਾਜੇ ਦੇ ਟੱਕਾ ਦੇਣ ਦੇ ਰੂਪ ਹੋਵੇ ॥੬੩੧॥

**ਕ੍ਰਿਪਾ ਦ੍ਰਿਸ਼ਟ ਭੀਨੇ ॥ ਤਰੇ ਨੇਤ੍ਰ ਕੀਨੇ ॥ ਝਰੈ ਬਾਰ ਐਸੇ ॥ ਮਹਾ ਮੇਘ ਜੈਸੇ ॥ ੬੩੨ ॥**

ਜਦ ਰਾਮ ਨੇ ਉਨ੍ਹਾਂ ਉਤੇ ਮਿਹਰ ਦੀ ਨਜ਼ਰ ਕੀਤੀ ਤਾਂ ਸਾਰੀਆਂ ਰਾਣੀਆਂ ਇਸ ਤਰ੍ਹਾਂ ਰੋਈਆਂ ਜਿਵੇਂ ਸਾਵਣ ਦੀਆਂ ਘਟਾਵਾਂ ਵਰ੍ਹਦੀਆਂ ਹਨ॥ ੬੩੨ ॥

**ਛਕੀ ਪੇਖ ਨਾਰੀ ॥ ਸਰੰ ਕਾਮ ਮਾਰੀ ॥ ਬਿਧੀ ਰੂਪ ਰਾਮੰ ॥ ਮਹਾਂ ਧਰਮ ਧਾਮੰ ॥ ੬੩੩ ॥**

ਉਹ ਰਾਮ ਦੇ ਰੂਪ ਨੂੰ ਵੇਖਦਿਆਂ ਹੀ ਮੋਹਿਤ ਹੋ ਗਈਆਂ ਅਤੇ ਕਾਮ ਦੇ ਤੀਰਾਂ ਨਾਲ ਵਿੰਨ੍ਹੀਆਂ ਗਈਆਂ। ਮਰਯਾਦਾ ਪ੍ਰਸ਼ੋਤਮ ਰਾਮ ਦੇ ਰੂਪ ਨੇ ਉਨ੍ਹਾਂ ਨੂੰ ਘਾਇਲ ਕਰ ਦਿੱਤਾ॥ ੬੩੩ ॥

**ਤਜੀ ਨਾਥ ਪ੍ਰੀਤੰ ॥ ਚੁਭੇ ਰਾਮ ਚੀਤੰ ॥ ਰਹੀ ਜੋਰ ਨੈਣੰ ॥ ਕਹੈਂ ਮੱਧ ਬੈਣੰ ॥ ੬੩੪ ॥**

ਉਨ੍ਹਾਂ ਨੇ ਰਾਵਣ ਦੇ ਪਿਆਰ ਨੂੰ ਵਿਸਾਰ ਦਿੱਤਾ ਅਤੇ ਰਾਮ ਦੇ ਪਿਆਰ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ। ਉਹ ਉਨ੍ਹਾਂ ਵੱਲ ਵੇਖਣ ਲੱਗੀਆਂ ਅਤੇ ਮਿਠੀਆਂ ਮਿਠੀਆਂ ਗੱਲਾਂ ਕਰਨ ਲੱਗੀਆਂ॥ ੬੨੪ ॥

**ਸੀਆ ਨਾਥ ਨੀਕੇ ॥ ਹਰੈਂ ਹਾਰ ਜੀਕੇ ॥ ਲਏ ਜਾਤ ਚਿੱਤੰ ॥ ਮਨੋ ਚੋਰ ਬਿੱਤੰ ॥ ੬੩੫ ॥**

ਸੀਤਾ ਦੇ ਪਤੀ, ਰਾਮ ਦੀ ਸੁੰਦਰਤਾ ਸਾਰਿਆਂ ਦੇ ਹਿਰਦਿਆਂ ਨੂੰ ਇੰਝ ਜਿੱਤੀ ਜਾਂਦੀ ਸੀ ਅਤੇ ਚੁਰਾਈ ਜਾਂਦੀ ਸੀ ਮਾਨੋ ਕੋਈ ਚੋਰ ਧਨ ਨੂੰ ਚੁਰਾ ਲੈਂਦਾ ਹੈ॥ ੬੩੫ ॥

**ਸਭੈ ਪਾਇ ਲਾਗੋ ॥ ਪਤੰ ਦ੍ਰੋਹ ਤਜਾਗੋ ॥ ਲਗੀ ਧਾਇ ਪਾਯੰ ॥ ਸਭੈ ਨਾਰਿ ਆਯੰ ॥ ੬੩੬ ॥**

ਮੰਦੋਦਰੀ ਨੇ ਦੂਜੀਆਂ ਰਾਣੀਆਂ ਨੂੰ ਕਿਹਾ, ''ਭੈਣੋ ! ਸਭੋ ਹੀ ਜਾ ਕੇ ਸ੍ਰੀ ਰਾਮ ਜੀ ਦੇ ਚਰਣੀ ਜਾ ਲੱਗੋ ਅਤੇ ਪਤੀ ਦੇ ਵੈਰ ਭਾਵ ਨੂੰ ਛੱਡ ਦਿਓ। ਇਹ ਸੁਣ ਕੇ ਸਾਰੀਆਂ ਇਸਤ੍ਰੀਆਂ ਆ ਕੇ ਸ੍ਰੀ ਰਾਮ ਜੀ ਦੇ ਚਰਣੀਂ ਲੱਗ ਗਈਆਂ॥ ੬੩੬ ॥

**ਮਹਾ ਰੂਪ ਜਾਨੇ ॥ ਚਿਤੰ ਚੋਰ ਮਾਨੇ ॥ ਚੁਭੇ ਚਿੱਤ੍ਰ ਐਸੇ ॥ ਸਿਤੰ ਸਾਇ ਕੈਸੇ ॥ ੬੩੭ ॥**

ਰਾਮ ਦੇ ਅਤਿ ਸੁੰਦਰ ਸਰੂਪ ਨੇ ਉਨ੍ਹਾਂ ਦੇ ਚਿੱਤ ਨੂੰ ਚੁਰਾ ਲਿਆ। ਉਨ੍ਹਾਂ ਦਾ ਚਿਤਰ ਉਨ੍ਹਾਂ ਦੇ ਹਿਰਦੇ ਵਿਚ ਇੰਝ ਖੁਭ ਗਿਆ ਕਿ ਸਾਰੀਆਂ ਪਰਛਾਵੇਂ ਵਾਂਗ ਉਨ੍ਹਾਂ ਦਾ ਪਿੱਛਾ ਕਰਨ ਲੱਗੀਆਂ ॥੬੩੭ ॥

**ਲਗੋ ਹੇਮ ਰੂਪੰ ॥ ਸਭੈ ਭੂਪ ਭੂਪੰ ॥ ਰੰਗੇ ਰੰਗ ਨੈਣੰ ॥ ਛਕੇ ਦੇਵ ਗੈਣੰ ॥ ੬੩੮ ॥**

ਉਨ੍ਹਾਂ ਦੀ ਸਨਹਿਰੀ ਪ੍ਰਭਾ ਅਨੂਪਮ ਲੱਗ ਰਹੀ ਸੀ ਅਤੇ ਉਹ ਸਾਰੇ ਰਾਜਿਆਂ ਦੇ ਰਾਜਾ ਜਾਪਦੇ ਸਨ। ਉਨ੍ਹਾਂ ਦੇ ਨੈਣ ਐਸੇ ਰੰਗ ਵਿਚ ਰੰਗੇ ਹੋਏ ਸਨ ਕਿ ਅਕਾਸ਼ ਵਿਚ ਦੇਵਤੇ ਵੇਖ ਕੇ ਖੁਸ਼ ਹੋ ਰਹੇ ਸਨ॥ ੬੩੮ ॥

**ਜਿਨੈ ਏਕ ਬਾਰੰ ॥ ਲਖੇ ਰਾਵਣਾਰੰ ॥ ਰਹੀ ਮੋਹਤ ਹ੍ਵੈ ਕੈ ॥ ਲੁਭੀ ਦੇਖ ਕੈ ਕੈ ॥ ੬੩੯ ॥**

ਜਿਸ ਨੇ ਇਕ ਵਾਰ ਰਾਵਣ ਦੇ ਵੈਰੀ ਸ੍ਰੀ ਰਾਮ ਜੀ ਨੂੰ ਵੇਖ ਲਿਆ ਓਹੀ ਮੋਹਤ ਹੋ ਰਹੀ ਸੀ, ਅਤੇ ਵੇਖ ਵੇਖ ਕੇ ਲੁਭਾਇਮਾਨ ਹੋ ਰਹੀ ਸੀ॥ ੬੩੯॥

**ਛਕੀ ਰੂਪ ਰਾਮੰ॥ ਗਏ ਭੂਲ ਧਾਮੰ॥ ਕਰਯੋ ਰਾਮ ਬੋਧੰ॥ ਮਹਾਂ ਜੁੱਧ ਜੋਧੰ॥ ੬੪੦॥**

ਰਾਮ ਦੇ ਰੂਪ ਤੇ ਮੋਹਤ ਹੋਈਆਂ ਉਹ ਘਰ ਜਾਣਾਂ ਹੀ ਭੁਲ ਗਈਆਂ। ਰਾਮ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਕਿਉਂ ਏਡਾ ਮਹਾਨ ਯੁੱਧ ਕਰਨਾ ਪਿਆ ਸੀ॥ ੬੪੦॥

## ਰਾਮ ਬਾਚ ਮਦੋਦਰੀ ਪ੍ਰਤਿ॥

**ਸੁਨੋ ਰਾਜ ਨਾਰੀ॥ ਕਹਾ ਭੂਲ ਹਮਾਰੀ॥ ਚਿਤੰ ਚਿੱਤ ਕੀਜੈ॥ ਪੁਨਰ ਦੋਸ਼ ਦੀਜੈ॥ ੬੪੧॥**

ਸ੍ਰੀ ਰਾਮ ਜੀ ਨੇ ਮੰਦੋਦਰੀ ਨੂੰ ਕਿਹਾ, "ਹੇ ਰਾਜ ਰਾਣੀ! ਸੁਣੋ, ਇਸ ਵਿਚ ਮੇਰੀ ਕੀ ਭੁੱਲ ਹੈ? ਪਹਿਲੇ ਚਿੱਤ ਵਿਚ ਸਭ ਗੱਲ ਦਾ ਵਿਚਾਰ ਕਰੋ, ਫਿਰ ਮੈਨੂੰ ਦੋਸ਼ ਦੇਣਾ"॥ ੬੪੧॥

**ਮਿਲੈ ਮੋਹਿ ਸੀਤਾ॥ ਚਲੈ ਧਰਮ ਗੀਤਾ॥ ਪਠਜੋ ਪਉਨ ਪੂਤੰ॥ ਹੁਤੇ ਅੱਗ੍ਰ ਦੂਤੰ॥ ੬੪੨॥**

ਰਾਮ ਨੇ ਕਿਹਾ, "ਮੈਨੂੰ ਮੇਰੀ ਸੀਤਾ ਮਿਲ ਜਾਣੀ ਚਾਹੀਦੀ ਹੈ ਤਾਂਕਿ ਧਰਮ ਦਾ ਕਾਰਜ ਅੱਗੇ ਚਲੇ।" ਇਸ ਤਰ੍ਹਾਂ ਕਹਿੰਦੇ ਹੋਏ ਰਾਮ ਨੇ ਹਨੂੰਮਾਨ ਨੂੰ ਸੀਤਾ ਵਲ ਦੂਤ ਦੇ ਰੂਪ ਵਿਚ ਭੇਜਿਆ॥ ੬੪੨॥

**ਚਲਜੋ ਧਾਇ ਕੈ ਕੈ॥ ਸੀਆ ਸੋਧ ਲੈ ਕੈ॥ ਹੁਤੀ ਬਾਗ ਮਾਹੀ॥ ਤਰੇ ਬ੍ਰਿਛ ਛਾਹੀ॥ ੬੪੩॥**

ਹਨੂੰਮਾਨ ਜਲਦੀ ਨਾਲ ਉਸ ਬਾਗ ਵਿਚ ਪੁੱਜਾ ਜਿਥੇ ਇਕ ਰੁੱਖ ਦੀ ਛਾਂ ਹੇਠ ਸੀਤਾ ਬੈਠੀ ਸੀ॥ ੬੪੩॥

**ਪਰਜੋ ਜਾਇ ਪਾਯੰ॥ ਸੁਨੋ ਸੀਅ ਮਾਯੰ॥ ਰਿਪੰ ਰਾਮ ਮਾਰੇ॥ ਖਰੇ ਤੋਹਿ ਦੁਆਰੇ॥ ੬੪੪॥**

ਹਨੂੰਮਾਨ ਜਾ ਕੇ ਸੀਤਾ ਮਾਤਾ ਦੇ ਚਰਨੀਂ ਪੈ ਗਿਆ, ਅਤੇ ਕਹਿਣ ਲੱਗਾ, "ਸੀਤਾ ਮਾਤਾ ਜੀ! ਸੁਣੋ, ਰਾਮ ਜੀ ਨੇ ਸਾਰੇ ਵੈਰੀਆਂ ਨੂੰ ਮਾਰ ਦਿੱਤਾ ਹੈ, ਅਤੇ ਉਹ ਹੁਣ ਤੁਹਾਡੇ ਦੁਆਰ ਤੇ ਖੜੇ ਹਨ॥ ੬੪੪॥

**ਚਲੋ ਬੇਗ ਸੀਤਾ॥ ਜਹਾ ਰਾਮ ਜੀਤਾ॥ ਸਭੈ ਸ਼ੱਤ੍ਰ ਮਾਰੇ॥ ਭੂਅੰ ਭਾਰ ਉਤਾਰੇ॥ ੬੪੫॥**

"ਸੀਤਾ ਮਾਤਾ ਜੀ! ਛੇਤੀ ਚਲੋ, ਜਿੱਥੇ ਰਾਮ ਜੀ ਨੇ ਜੰਗ ਜਿੱਤਿਆ ਹੈ। ਸਾਰੇ ਵੈਰੀ ਮਾਰ ਦਿੱਤੇ ਹਨ, ਤੇ ਧਰਤੀ ਦਾ ਭਾਰ ਹੌਲਾ ਕੀਤਾ ਹੈ॥ ੬੪੫॥

**ਚਲੀ ਮੋਦ ਕੈਕੈ॥ ਹਨੂ ਸੰਗ ਲੈਕੈ॥ ਸੀਆ ਰਾਮ ਦੇਖੇ॥ ਉਹੀ ਰੂਪ ਲੇਖੇ॥ ੬੪੬॥**

ਸੀਤਾ ਪ੍ਰਸੰਨ ਹੋ ਕੇ ਤੁਰੀ, ਹਨੂੰਮਾਨ ਨਾਲ ਲੈ ਕੇ ਰਾਮ ਜੀ ਪਾਸ ਆਇਆ। ਸੀਤਾ ਨੇ ਰਾਮ ਜੀ ਨੂੰ ਵੇਖਿਆ ਤਾਂ ਓਹੀ ਪਹਿਲੇ ਵਾਲਾ ਰੂਪ ਪਾਇਆ॥ ੬੪੬॥

**ਲਗੀ ਆਨ ਪਾਯੰ ॥ ਲਖੀ ਰਾਮ ਰਾਯੰ ॥ ਕਹਜੋ ਕਉਲ ਨੈਨੀ ॥ ਬਿਧੁੰ ਬਾਕ ਬੈਨੀ ॥ ੬੪੭ ॥**

ਜਦ ਸੀਤਾ ਨੇ ਰਾਮ ਦੇ ਚਰਨਾਂ ਉਤੇ ਮੱਥਾ ਟੇਕਿਆ ਤਾਂ ਰਾਮ ਨੇ ਸੀਤਾ ਵਲ ਵੇਖ ਕੇ ਕਿਹਾ, "ਹੇ ਕੰਵਲ ਨੈਣੀ ਤੇ ਮਿਠ ਬੋਲੜੀ ਸੀਤਾ" ॥ ੬੪੭ ॥

**ਧਸੋ ਅੱਗ ਮੱਧੰ ॥ ਤਬੈ ਹੋਇ ਸੁੱਧੰ ॥ ਲਈ ਮਾਨ ਸੀਸੰ ॥ ਰਚਜੋ ਪਾਵਕੀਸੰ ॥ ੬੪੮ ॥**

ਤੂੰ ਅੱਗ ਵਿਚ ਵੜ ਜਾਹ, ਜੇ ਉਥੋਂ ਜਿਊਂਦੀ ਨਿਕਲ ਆਵੇਂਗੀ, ਤਦ ਤੂੰ ਸ਼ੁੱਧ ਹੋਵੇਂਗੀ, ਅਤੇ ਤੈਨੂੰ ਅੰਗੀਕਾਰ ਕਰ ਲਵਾਂਗਾ। ਜੇ ਤੇਰੇ ਵਿਚ ਕੋਈ ਪਾਪ ਹੋਵੇਗਾ, ਤਾਂ ਤੂੰ ਅੱਗ ਵਿਚ ਹੀ ਸੜ ਜਾਏਂਗੀ। ਸੀਤਾ ਨੇ ਇਹ ਆਗਿਆ ਮੰਨ ਲਈ, ਉਸੇ ਵੇਲੇ ਚਿਤਾ ਤਿਆਰ ਕੀਤੀ ਗਈ ॥ ੬੪੮ ॥

**ਗਈ ਪੈਠ ਐਸੇ ॥ ਘਨੰ ਬਿੱਜ ਜੈਸੇ ॥ ਸ੍ਰੁਤੰ ਜੇਮ ਗੀਤਾ ॥ ਮਿਲੀ ਤੇਮ ਸੀਤਾ ॥ ੬੪੯ ॥**

ਜਦੋਂ ਚਿਖਾ ਲਟ ਲਟ ਬਲ ਪਈ ਤਾਂ ਸੀਤਾ ਉਸ ਵਿਚ ਇਸ ਤਰ੍ਹਾਂ ਪ੍ਰਵੇਸ਼ ਕਰ ਗਈ, ਜਿਵੇਂ ਕਾਲੀ ਘਟਾ ਵਿਚ ਬਿਜਲੀ ਛੁਪ ਜਾਂਦੀ ਹੈਂ। ਸੀਤਾ ਇਸ ਪ੍ਰਕਾਰ ਅੱਗ ਨਾਲ ਇਕ ਮਿਕ ਹੋ ਗਈ ਜਿਵੇਂ ਸ੍ਰੁਤੀਆਂ ਗੀਤਾ ਦੇ ਨਾਲ ਇਕ ਰੂਪ , ਹਨ ॥ ੬੪੯ ॥

**ਧਸੀ ਜਾਇ ਕੈਕੈ ॥ ਕਢੀ ਕੁੰਦਨ ਹ੍ਵੈ ਕੈ ॥ ਗਰੈ ਰਾਮ ਲਾਈ ॥ ਕਬੰ ਕ੍ਰਿਤ ਗਾਈ ॥ ੬੫੦ ॥**

ਸੀਤਾ ਅੱਗ ਦੀਆਂ ਲਾਟਾਂ ਵਿਚ ਨਿਧੜਕ ਹੋ ਕੇ ਵੜ ਗਈ ਅਤੇ ਉਸ ਵਿਚੋਂ ਕੁੰਦਨ ਹੋ ਕੇ ਨਿਕਲ ਆਈ। ਰਾਮ ਨੇ ਉਸਨੂੰ ਗਲ ਨਾਲ ਲਾ ਲਿਆ ਅਤੇ ਕਵੀਆਂ ਨੇ ਇਸਦੀ ਬੜੀ ਮਹਿਮਾ ਗਾਇਨ ਕੀਤੀ। ੬੫੦ ॥

**ਸਭੋ ਸਾਧ ਮਾਨੀ ॥ ਤਿਹੂ ਲੋਗ ਜਾਨੀ ॥ ਬਜੇ ਜੀਤ ਬਾਜੇ ॥ ਤਬੈ ਰਾਮ ਗਾਜੇ ॥ ੬੫੧ ॥**

ਸਭ ਤੇ ਸੀਤਾ ਨੂੰ ਪਵਿੱਤਰ ਮੰਨਿਆਂ ਅਤੇ ਉਸਦੀ ਤਿੰਨਾਂ ਲੋਕਾਂ ਵਿਚ ਮਹਿਮਾਂ ਹੋਈ। ਫਿਰ ਜਿੱਤ ਦੇ ਵਾਜੇ ਵਜਾਏ ਗਏ ਅਤੇ ਰਾਮ ਬਹੁਤ ਪ੍ਰਸੰਨ ਹੋਏ। ੬੫੧ ॥

**ਲਈ ਜੀਤ ਸੀਤਾ ॥ ਮਹਾਂ ਸੁਭ੍ਰ ਗੀਤਾ ॥ ਸਭੈ ਦੇਵ ਹਰਖੇ ॥ ਨਭੰ ਪੁਹਪ ਬਰਖੇ ॥ ੬੫੨ ॥**

ਮਹਾਨ, ਸੁੰਦਰ ਅਤੇ ਅਤਿ ਪਵਿੱਤਰ ਸੀਤਾ ਨੂੰ ਰਾਮ ਜਿੱਤ ਲਿਆਏ। ਸਾਰੇ ਦੇਵਤੇ ਪ੍ਰਸੰਨ ਹੋਏ ਅਤੇ ਅਕਾਸ਼ ਤੋਂ ਫੁਲਾਂ ਦੀ ਵਰਖਾ ਕਰਨ ਲੱਗੇ। ੬੫੨ ॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਬਭੀਸ਼ਨ ਕੋ ਲੰਕਾ ਕੋ ਰਾਜ ਦੀਬੋ ਮਦੋਦਰੀ ਸਮੋਧ ਕੀਬੋ ਸੀਤਾ ਮਿਲਬੋ' ਅਸ਼ਟਦਸਮੋ ਧਯਾਇ ਸਮਾਪਤਮ ॥ ਸਤੁ ਸੁਭਮ ਸਤੁ ॥ ੧੮ ॥ ੬੫੨ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ 'ਦਮੋਦਰੀ ਨੂੰ ਗਿਆਨ ਅਤੇ ਵਿਭੀਛਣ ਨੂੰ ਲੰਕਾ ਦਾ ਰਾਜ ਦਿੱਤਾ, ਸੀਤਾ ਮਿਲਾਪ ਵਰਣਨ' ਅਠਾਰਵਾਂ ਅਧਿਆਏ ਸਮਾਪਤਮ ॥ ਸਤ ਸੁਭਮ ਸਤ ॥ ੧੮ ॥ ੬੫੨ ॥

# ਉਨੀਵਾਂ ਅਧਿਆਏ

## ਸੀਤਾ ਅਯੁੱਧਿਆ ਆਗਮਨ

### ਰਸਾਵਲ ਛੰਦ॥

**ਤਬੈ ਪੁਹਪੁ ਪੈ ਕੈ॥ ਚੜੇ ਜੁੱਧ ਜੈ ਕੈ॥ ਸਭੈ ਸੂਰ ਗਾਜੇ॥ ਜਯੰ ਗੀਤ ਬਾਜੇ॥ ੬੫੩॥**

ਤਦ ਯੁੱਧ ਜਿੱਤ ਕੇ ਰਾਮ ਜੀ ਪੁਸ਼ਪਕ ਵਿਮਾਨ ਵਿਚ ਜਾ ਚੜ੍ਹੇ। ਸਾਰੇ ਸੂਰਬੀਰ ਖੁਸ਼ੀ ਨਾਲ ਗੱਜਣ ਲੱਗੇ ਅਤੇ ਜਿੱਤ ਦੇ ਵਾਜੇ ਵੱਜਣ ਲੱਗੇ॥ ੬੫੩॥

**ਚਲੇ ਮੋਦ ਹ੍ਵੈ ਕੈ॥ ਕਪੀ ਬਾਹਨ ਲੈਕੈ॥ ਪੁਰੀ ਅਉਧ ਪੇਖੀ॥ ਸ੍ਰੁਤੰ ਸੁਰਗ ਲੇਖੀ॥ ੬੫੪॥**

ਬੜੇ ਪ੍ਰਸੰਨ ਹੋ ਕੇ, ਅਤੇ ਬਾਂਦਰਾਂ ਦੀ ਸੈਨਾ ਨੂੰ ਨਾਲ ਲੈ ਕੇ, ਰਾਮ ਜੀ ਤੁਰ ਪਏ। ਉਹ ਅਯੁੱਧਿਆ ਪੁਰੀ ਆਨ ਵੇਖੀ, ਜੋ ਸੁਰਗ ਦੇ ਬਰਾਬਰ ਸੁਣੀ ਜਾਂਦੀ ਸੀ॥ ੬੫੪॥

**ਮਕਰਾ ਛੰਦ॥ ਸੀਅ ਲੈ ਸੀਏਸ਼ ਆਏ॥ ਮੰਗਲ ਸੁ ਚਾਰ ਗਾਏ॥**
**ਆਨੰਦ ਹੀਏ ਬਢਾਏ॥ ਸਹਰੋ ਅਵਧ ਜਹਾਂ ਰੇ॥ ੬੫੫॥**

ਸੀਤਾ ਦੇ ਪਤੀ ਰਾਮ ਜੀ ਸੀਤਾ ਨੂੰ ਲੈ ਕੇ ਆਜੁੱਧਿਆ ਆ ਗਏ ਸਨ, ਇਸ ਕਰਕੇ ਸਾਰੇ ਨਗਰ ਵਿਚ ਮੰਗਲਾਚਾਰ ਹੋਣ ਲੱਗਾ। ਸਭ ਦੇ ਹਿਰਦੇ ਵਿਚ ਆਨੰਦ ਵਧ ਰਿਹਾ ਸੀ॥ ੬੫੫॥

**ਧਾਈ ਲੁਗਾਈ ਆਵੈ॥ ਭੀਰੋ ਨ ਬਾਰ ਪਾਵੈ॥**
**ਆਕਲ ਖਰੇ ਉਘਾਵੈ॥ ਭਾਖੈਂ ਢੋਲਨ ਕਹਾਂ ਰੇ॥ ੬੫੬॥**

ਇਸਤ੍ਰੀਆਂ ਭੱਜੀਆਂ ਆਉਂਦੀਆਂ ਸਨ, ਇਤਨੀ ਭੀੜ ਸੀ, ਜੋ ਬੂਹੇ ਤਕ ਨਹੀਂ ਜਾ ਸਕਦੀਆ ਸਨ। ਬੁਧੀਮਾਨ ਪੁਰਸ਼ ਖੜੋਤੇ ਹੀ ਬੋਲ ਰਹੇ ਸਨ ਅਤੇ ਕਹਿੰਦੇ ਸਨ-ਪਿਆਰਾ ਰਾਮ ਕਿਥੇ ਹੈ?॥ ੬੫੬॥

**ਜੁਲਫੈ ਅਨੂਪ ਜਾਂਕੀ॥ ਨਾਗਨ ਕਿ ਸਿਆਹ ਬਾਂਕੀ॥**
**ਅਤਭੁਤ ਅਦਾਇ ਤਾਂਕੀ॥ ਐਸੋ ਢੋਲਨ ਕਹਾਂ ਹੈ॥ ੬੫੭॥**

ਜਿਸ ਦੀਆਂ ਅਨੂਪਮ ਜ਼ੁਲਫਾਂ ਹਨ, ਜਾਂ ਕਾਲੀ ਨਾਗਨੀ ਵਾਂਗੂੰ ਟੇਢੀਆਂ ਹਨ। ਉਸ ਦੀ ਅਦਾ ਅਸਚਰਜ ਹੈ, ਇਸ ਤਰ੍ਹਾਂ ਦੀ ਸਿਫਤ ਵਾਲਾ ਪਿਆਰਾ ਰਾਮ ਕਿਥੇ ਹੈ?॥ ੬੫੭॥

**ਸਰਵੋ ਸਹੀ ਚਮਨ ਰਾ॥ ਪਰ ਚੁਸਤ ਜਾਂ ਵਤਨ ਰਾ॥**

**ਜਿਨ ਦਿਲ ਹਰਾ ਹਮਾਰਾ॥ ਵਹ ਮਨਹਰਨ ਕਹਾਂ ਹੈ॥੬੫੮॥**

ਜਿਹੜਾ ਸਰੂ ਵਾਂਗ ਲੰਮਾ ਹੈ ਅਤੇ ਫੁੱਲਾਂ ਵਾਂਗ ਖਿੜਿਆ ਰਹਿਣ ਵਾਲਾ ਅਤੇ ਆਪਣੇ ਹਮ ਵਤਨਾਂ ਦੀ ਜਿੰਦ ਜਾਨ ਹੈ ਅਤੇ ਜਿਸ ਨੇ ਸਾਡਾ ਦਿਲ ਚੁਰਾਇਆ ਹੋਇਆ ਹੈ, ਉਹ ਸਾਡਾ ਚਿੱਤ-ਚੋਰ ਕਿਥੇ ਹੈ?॥੬੫੮॥

**ਚਿਤ ਕੋ ਚੁਰਾਇ ਲੀਨਾ॥ ਜ਼ਾਲਮ ਫਿਰਾਕ ਦੀਨਾ॥**
**ਜਿਨ ਦਿਲ ਹਰਾ ਹਮਾਰਾ॥ ਵਹ ਗੁਲ ਚਿਹਰ ਕਹਾਂ ਹੈ॥੬੫੯॥**

ਜਿਸ ਨੇ ਚਿਤ ਨੂੰ ਚੁਰਾ ਲਿਆ ਹੈ, ਅਤੇ ਦੁੱਖਦਾਈ ਵਿਛੋੜਾ ਦਿੱਤਾ ਹੈ ਜਿਸ ਨੇ ਸਾਡਾ ਦਿਲ ਚੁਰਾਇਆ ਹੈ, ਉਹ ਫੁੱਲ ਜਿਹੇ ਚਿਹਰੇ ਮੁੱਖੜੇ ਵਾਲਾ ਰਾਮ ਜੀ ਕਿੱਥੇ ਹੈ?॥੬੫੯॥

**ਕੋਊ ਬਤਾਇ ਦੈ ਰੇ॥ ਚਾਹੋ ਸੁ ਆਨ ਲੈ ਰੇ॥**
**ਜਿਨ ਦਿਲ ਹਰਾ ਹਮਾਰਾ॥ ਵਹ ਮਨ ਹਰਨ ਕਹਾਂ ਹੈ॥੬੬੦॥**

ਹੇ ਭਾਈ! ਜੋ ਕੋਈ ਆਣ ਕੇ ਦੱਸ ਦੇਵੇ, ਉਹ ਜੋ ਚਾਹੇ, ਸੋ ਸਾਥੋਂ ਆਣ ਕੇ ਲੈ ਲਵੇ। ਕਿ ਜਿਸ ਨੇ ਸਾਡਾ ਦਿਲ ਚੁਰਾਇਆ ਹੈ, ਉਹ ਦਿਲ ਦਾ ਚੋਰ' ਸ੍ਰੀ ਰਾਮ ਜੀ ਕਿੱਥੇ ਹੈ?॥੬੬੦॥

**ਮਾਤੇ ਮਨੋ ਅਮਲ ਕੇ॥ ਹਰੀਆ ਕਿ ਜਾ ਵਤਨ ਤੇ॥**
**ਆਲਮ ਕੁਸ਼ਾਇ ਖੂਬੀ॥ ਵਹ ਗੁਲ ਚਿਹਰ ਕਹਾਂ ਹੈ॥੬੬੧॥**

ਜਿਸ ਦੇ ਨੈਣ ਐਸੇ ਮਤਵਾਲੇ ਹਨ ਮਾਨੋ ਅਮਲ ਦੇ ਮਤੇ ਹੋਏ ਹਨ। ਜੋ ਜਾਨ ਅਤੇ ਸਰੀਰ ਦੇ ਚੁਰਾਉਣੇ ਵਾਲੇ ਹਨ। ਜੋ ਨੇਕੀ ਨਾਲ ਜਗਤ ਨੂੰ ਜਿੱਤਣ ਵਾਲੇ ਹਨ, ਉਹ ਪ੍ਰਸੰਨ ਮੁੱਖ ਵਾਲੇ ਸ੍ਰੀ ਰਾਮ ਜੀ ਕਿੱਥੇ ਹਨ?॥੬੬੧॥

**ਜ਼ਾਲਮ ਅਦਾਇ ਲੀਏ॥ ਖੰਜਨ ਖਿਸਾਨ ਕੀਏ॥**
**ਜਿਨ ਦਿਲ ਹਰਾ ਹਮਾਰਾ॥ ਵਹ ਮਹਬਦਨ ਕਹਾਂ ਹੈ॥੬੬੨॥**

ਜਿਸ ਦੇ ਨੈਣਾਂ ਦੇ ਦੁੱਖ ਦੇਣ ਵਾਲੀ ਅਦਾ ਧਾਰਨ ਕੀਤੀ ਹੋਈ ਹੈ। ਜਿਸ ਦੇ ਨੈਣਾਂ ਦੀ ਚੰਚਲਤਾਈ ਨੇ ਮਮੋਲਿਆਂ ਨੂੰ ਸ਼ਰਮਿੰਦਾ ਕੀਤਾ ਹੈ। ਜਿਸ ਨੇ ਸਾਡਾ ਦਿਲ ਚੁਰਾਇਆ ਹੈ ਉਹ ਚੰਦ ਮੁਖੜਾ ਭਾਵ ਸ੍ਰੀ ਰਾਮ ਕਿੱਥੇ ਹੈ॥੬੬੨॥

**ਜ਼ਾਲਮ ਅਦਾਇ ਲੀਨੇ॥ ਜਾਨੁਕ ਸ਼ਰਾਬ ਪੀਨੇ॥**
**ਰੁਖਸਰ ਜਹਾਨ ਤਾਬਾਂ॥ ਵਹ ਗੁਲਬਦਨ ਕਹਾਂ ਹੈ॥੬੬੩॥**

ਜਿਸ ਦੀ ਬਾਂਕੀ ਅਦਾ ਮਨ ਨੂੰ ਇਸ ਤਰ੍ਹਾਂ ਮਸਤ ਕਰ ਦਿੰਦੀ ਹੈ ਜਿਵੇਂ ਕਿਸੇ ਨੇ ਸ਼ਰਾਬ

ਪੀਤੀ ਹੋਵੇ, ਜਿਸ ਦੀਆਂ ਗੱਲਾਂ ਜਹਾਨ ਨੂੰ ਰੋਸ਼ਨ ਕਰਦੀਆਂ ਹਨ ਉਹ ਫੁਲਾਂ ਵਰਗਾਂ ਕੋਮਲ ਸਾਡਾ ਪਿਆਰਾ ਰਾਮ ਕਿਥੇ ਹੈ? ੬੬੩॥

**ਜ਼ਾਲਮ ਜਮਾਲ ਖ਼ੂਬੀ॥ ਰੋਸ਼ਨ ਦਿਮਾਗ ਅਖਤਰ॥**
**ਪੁਰ ਚਸ਼ਤ ਜਾਂ ਜਿਗਰ ਗਾ॥ ਵਹ ਗੁਲ ਚਿਹਰ ਕਹਾਂ ਹੈ॥ ੬੬੪॥**

ਜਿਹੜਾ ਅਤਿ ਸੁੰਦਰ ਹੈ ਅਤੇ ਜਿਸ ਦਾ ਮੱਥਾ ਪ੍ਰਕਾਸ਼ ਮਈ ਹੈ। ਜਿਹੜਾ ਅਤਿ ਤੇਜੱਸਵੀ ਹੈ, ਉਹ ਪੁਸ਼ਪ ਸਰੂਪ ਰਾਮ ਜੀ ਕਿਥੇ ਹੈ?॥ ੬੬੪॥

**ਬਾਲਮ ਬਿਦੇਸ਼ ਆਏ॥ ਜੀਤੇ ਜੁਆਨ ਜ਼ਾਲਮ॥**
**ਕਾਮਲ ਕਮਾਲ ਸੂਰਤ॥ ਵਹ ਗੁਲ ਚਿਹਰ ਕਹਾਂ ਹੈ॥ ੬੬੫॥**

ਪਿਆਰੇ ਰਾਮ ਜੀ ਪ੍ਰਦੇਸ਼ ਤੋਂ ਆਏ ਹਨ, ਜਿਨ੍ਹਾਂ ਨੇ ਰਾਵਣ ਵਰਗੇ ਜ਼ਾਲਮ ਸੂਰਮੇ ਜਿੱਤੇ ਹਨ। ਜੋ ਪੂਰਨ ਕਮਾਲ ਦੀ ਸੂਰਤ ਵਾਲਾ ਹੈ, ਉਹ ਫੁੱਲ ਵਰਗੇ ਚਿਹਰੇ ਵਾਲਾ ਰਾਮ ਕਿਥੇ ਹੈ?॥ ੬੬੫॥

**ਰੌਸ਼ਨ ਜਹਾਨ ਖ਼ੂਬੀ॥ ਜ਼ਾਹਰ ਕਲੀਮ ਹਫਤਜ਼॥**
**ਆਲਮ ਖੁਸਾਇ ਜਲਵਾ॥ ਵਹ ਗੁਲ ਚਿਹਰ ਕਹਾਂ ਹੈ॥ ੬੬੬॥**

ਜੋ ਜਹਾਨ ਵਿਚ ਨੇਕੀ ਨੂੰ ਰੋਸ਼ਨ ਕਰਨ ਵਾਲਾ ਹੈ, ਸੋ ਸੱਤਾਂ ਵਲਾਇਤਾਂ ਵਿਚ ਜ਼ਾਹਰ ਹੈ। ਜਿਸ ਦਾ ਜਲਵਾ ਜਗਤ ਨੂੰ ਖੁਸ਼ੀ ਲਿਆਉਣ ਵਾਲਾ ਹੈ, ਉਹ ਫੁੱਲ ਵਰਗੇ ਚਿਹਰੇ ਵਾਲਾ ਸ੍ਰੀ ਰਾਮ ਕਿੱਥੇ ਹੈ॥ ੬੬੬॥

**ਜੀਤੇ ਬਜੰਗ ਜ਼ਾਲਮ॥ ਕੀਨੇ ਖਤੰਗ ਪਰਗਾ॥**
**ਪੁਹਪਕ ਬਿਬਾਨ ਬੈਠੇ॥ ਸੀਤਾ ਰਵਨ ਕਹਾਂ ਹੈ॥ ੬੬੭॥**

"ਜ਼ਾਲਮ ਰਾਵਣ ਵਰਗੇ ਜਿਸਨੇ ਜੰਗ ਕਰਕੇ ਜਿੱਤੇ ਹਨ। ਜਿਸ ਨੇ ਤੀਰਾਂ ਨੂੰ ਉੱਡਣ ਵਾਲੇ ਪੰਛੀ ਬਣਾ ਦਿੱਤਾ ਹੈ, ਜੋ ਪੁਸ਼ਪਕ ਬਿਮਾਨ ਵਿਚ ਬੈਠ ਕੇ ਆਇਆ ਹੈ, ਉਹੀ ਸੀਤਾ ਨਾਲ ਰਮਨ ਕਰਨ ਵਾਲੇ ਸ੍ਰੀ ਰਾਮ ਜੀ ਇਸ ਵੇਲੇ ਕਿੱਥੇ ਹਨ"॥ ੬੬੭॥

**ਮਾਦਰ ਖੁਸਾਲ ਖਾਤਰ॥ ਕੀਨੇ ਹਜ਼ਾਰ ਛਾਵਰ॥**
**ਮਾਤੁਰ ਸ਼ਿਤਾਬ ਧਾਈ॥ ਵਹ ਗੁਲ ਚਿਹਰ ਕਹਾਂ ਹੈ॥ ੬੬੮॥**

ਜਿਸ ਨੇ ਕੇਕਈ ਮਾਤਾ ਨੂੰ ਪ੍ਰਸੰਨ ਕਰਨ ਵਾਸਤੇ, ਆਪਣੇ ਹਜ਼ਾਰਾਂ ਸੁਖ ਕੁਰਬਾਨ ਕੀਤੇ ਸਨ, ਉਸ ਨੂੰ ਮਿਲਣ ਲਈ ਹੁਣ ਮਾਤਾ ਛੇਤੀ ਨਾਲ ਭੱਜੀ ਆਉਂਦੀ ਹੈ, ਅਤੇ ਪੁੱਛਦੀ ਹੈ ਉਹ ਗੁਲਾਬ ਜਿਹੇ ਮੁੱਖੜੇ ਵਾਲਾ ਮੇਰਾ ਸ੍ਰੀ ਰਾਮ ਚੰਦਰ ਕਿੱਥੇ ਹੈ?॥ ੬੬੮॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਅਵਤਾਰ 'ਸੀਤਾ ਅਜੁਧਿਆ ਆਗਮਨ ਨਾਮ' ਉਨੀਸਵੇਂ

ਧਿਆਇ ਸਮਾਪਤਮ॥ ਸਤੁ ਸੁਭਮ ਸਤ॥੧੯॥੬੬੮॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਸੀਤਾ ਅਯੁੱਧਿਆ ਆਗਮਨ', ਉਨੀਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥੧੯॥੬੬੮॥ ਚਲਦਾ॥

# ਵੀਹਵਾਂ ਅਧਿਆਏ

# ਮਾਤਾ ਮਿਲਾਪ

## ਰਸਾਵਲ ਛੰਦ॥

**ਸੁਨੇ ਰਾਮ ਆਏ॥ ਸਭੈ ਲੋਗ ਧਾਏ॥ ਲਗੇ ਆਨ ਪਾਯੰ॥ ਮਿਲੇ ਰਾਮ ਰਾਯੰ॥ ੬੬੯॥**

ਜਦੋਂ ਅਯੁਧਿਆਂ ਵਾਸੀਆਂ ਨੇ ਸੁਣਿਆ, ਕਿ ਰਾਮ ਜੀ ਆਏ ਹਨ, ਸਾਰੇ ਲੋਕ ਦਰਸ਼ਨ ਲਈ ਦੌੜ ਪਏ, ਆਣ ਕੇ ਸ੍ਰੀ ਰਾਮ ਜੀ ਦੇ ਚਰਣੀ ਲੱਗੇ, ਰਾਜਾ ਰਾਮ ਚੰਦਰ ਜੀ ਵੀ ਸਭ ਨੂੰ ਪਿਆਰ ਨਾਲ ਮਿਲੇ॥ ੬੬੯॥

**ਕੋਊ ਚਉਰ ਢਾਰੈਂ॥ ਕੋਊ ਪਾਨ ਖੁਆਰੈਂ॥ ਪਰੇ ਮਾਤ ਪਾਯੰ॥ ਲਏ ਕੰਠ ਲਾਯੰ॥ ੬੭੦॥**

ਕੋਈ ਆਕੇ ਰਾਮ ਜੀ ਨੂੰ ਚੌਰ ਕਰਦਾ ਸੀ, ਕੋਈ ਆਣ ਕੇ ਪਾਨ ਖੁਆਉਂਦਾ ਸੀ। ਰਾਮ ਜੀ ਜਾ ਕੇ ਮਾਤਾ ਦੀ ਚਰਣੀ ਪੈ ਗਏ, ਮਾਤਾ ਨੇ ਚੁੱਕ ਕੇ ਗੱਲ ਨਾਲ ਲਾ ਲਿਆ॥ ੬੭੦॥

**ਮਿਲੈ ਕੰਠ ਰੋਵੈਂ॥ ਮਨੋ ਸ਼ੋਕ ਧੋਵੈਂ॥ ਕਰੈਂ ਬੀਰ ਬਾਤੈਂ॥ ਸੁਨੇ ਸਰਬ ਮਾਤੈਂ॥ ੬੭੧॥**

ਗਲੇ ਮਿਲ ਕੇ ਮਾਂ ਪੁੱਤਰ ਦੋਵੇਂ ਰੋਂਦੇ ਸਨ, ਮਾਨੋ ਮਨ ਰੂਪ ਕਪੜੇ ਤੋਂ ਸ਼ੋਕ ਰੂਪ ਮੈਲ ਨੂੰ ਧੋ ਰਹੇ ਸਨ। ਫਿਰ ਪੁੱਤਰ ਜੰਗ ਦੀਆਂ ਗੱਲਾਂ ਕਰਨ ਲੱਗਾ, ਜਿਸ ਨੂੰ ਸਾਰੀਆਂ ਮਾਵਾਂ ਧਿਆਨ ਨਾਲ ਸੁਣਨ ਲੱਗੀਆਂ॥ ੬੭੧॥

**ਮਿਲੇ ਲੱਛ ਮਾਤੰ॥ ਪਰੇ ਪਾਇ ਭ੍ਰਾਤੰ॥ ਕਰਿਯੋ ਦਾਨ ਏਤੋ॥ ਗਨੈ ਕਉਨ ਕੇਤੋ॥ ੬੭੨॥**

ਫਿਰ ਲੱਛਮਣ ਦੀ ਮਾਤਾ (ਸੁਮਿੱਤ੍ਰਾਂ) ਨੂੰ ਆਣ ਕੇ ਮਿਲੇ, ਦੋਵੇਂ ਭ੍ਰਾਤਾ (ਸੁਮਿਤ੍ਰਾਂ ਦੀ) ਚਰਨੀ ਪੈ ਗਏ। ਸੁਮਿਤਰਾਂ ਨੇ ਏਨਾਂ ਧਨ ਦਾਨ ਕੀਤਾ, ਜਿਸ ਨੂੰ ਕੌਣ ਗਿਣ ਸਕਦਾ ਸੀ, ਕਿ ਉਹ ਕਿੰਨਾਂ ਕੁ ਸੀ?॥ ੬੭੨॥

**ਮਿਲੇ ਭਰਥ ਮਾਤੰ॥ ਕਹੀ ਸਰਬ ਬਾਤੰ॥ ਧਨੰ ਮਾਤ ਤੋਕੋ॥ ਅਰਿਣੀ ਕੀਨ ਮੋਕੋ॥ ੬੭੩॥**

ਫੇਰ ਭਰਤ ਦੀ ਮਾਤਾ ਕੇਕਈ ਨੂੰ ਜਾ ਕੇ ਮਿਲੇ, ਅਤੇ ਸਾਰੀਆਂ ਗੱਲਾਂ ਉਸ ਨੂੰ ਸੁਣਾ ਦਿੱਤੀਆਂ। ਫਿਰ ਕਿਹਾ, "ਮਾਤਾ ਤੂੰ ਧੰਨ ਹੈਂ, ਤੂੰਹੀ ਮੈਨੂੰ ਪਿਤਾ ਜੀ ਦੇ ਕਰਜ਼ੇ ਤੋਂ ਰਹਿਤ ਕੀਤਾ ਹੈ॥ ੬੭੩॥

**ਕਹਾ ਦੋਸ਼ ਤੇਰੈ ॥ ਲਿਖੀ ਲੇਖ ਮੇਰੈ ॥ ਹੁਨੀ ਹੋ ਸੁ ਹੋਈ ॥ ਕਹੈ ਕਉਨ ਕੋਈ ॥ ੬੭੪ ॥**

"ਤੇਰਾ ਇਸ ਵਿਚ ਕੀ ਦੋਸ਼ ਹੈ ? ਮੇਰੇ ਭਾਗਾਂ ਵਿਚ ਅਜਿਹੀ ਤਕਲੀਫ ਲਿਖੀ ਹੋਈ ਸੀ। ਜੋ ਗੱਲ ਹੋਣੀ ਸੀ, ਓਹੀ ਹੋਈ ਹੈ। ਇਸ ਵਿਚ ਕੋਈ ਕਿਸੇ ਨੂੰ ਕੀ ਕਹਿ ਸਕਦਾ ਹੈ" ॥ ੬੭੪ ॥

**ਕਰੋ ਬੋਧ ਮਾਤੰ ॥ ਮਿਲਜੋ ਫੇਰਿ ਭ੍ਰਾਤੰ ॥ ਸੁਨਜੋ ਭਰਥ ਧਾਏ ॥ ਪਗੰ ਸੀਸ ਲਾਏ ॥ ੬੭੫ ॥**

ਕੇਕਈ ਮਾਤਾ ਨੂੰ ਸ੍ਰੀ ਰਾਮ ਜੀ ਨੇ ਇਸ ਤਰ੍ਹਾਂ ਨਾਲ ਸਿਖਿਆ ਦਿੱਤੀ॥ ਫਿਰ ਭ੍ਰਾਤਾ ਭਰਤ ਨੂੰ ਜਾ ਮਿਲੇ ਉਧਰ ਭਰਤ ਨੇ ਸੁਣਿਆਂ ਤਾਂ ਉਹ ਭੱਜ ਕੇ ਆਇਆ ਤੇ ਆਣ ਕੇ ਸ੍ਰੀ ਰਾਮ ਜੀ ਦੇ ਚਰਨਾਂ ਤੇ ਸਿਰ ਰੱਖ ਦਿੱਤਾ॥ ੬੭੫ ॥

**ਭਰੇ ਰਾਮ ਅੰਕੰ ॥ ਮਿਟੀ ਸਰਬ ਸ਼ੰਕੰ ॥ ਮਿਲਜੋ ਸ਼ੱਤ੍ਰ ਹੰਤਾ ॥ ਸਰੰ ਸ਼ਾਸਤ੍ਰ ਗੰਤਾ ॥ ੬੭੬ ॥**

ਸ੍ਰੀ ਰਾਮ ਜੀ ਨੇ ਭਰਤ ਨੂੰ ਜਫੀ ਭਰ ਕੇ ਗਲ ਨਾਲ ਲਾ ਲਿਆ ਤਾਂ ਭਰਤ ਦੇ ਮਨ ਤੋਂ ਸਾਰੀ ਸ਼ੰਕਾਂ ਮਿਟ ਗਈ। ਏਨੇ ਚਿਰ ਨੂੰ ਸ਼ਤਰੁਘਨ ਆਨ ਮਿਲਿਆ, ਜੋ ਸਰੇਸ਼ਟ ਸ਼ਾਸਤ੍ਰਾਂ ਦੇ ਜਾਣਨ ਵਾਲਾ ਸੀ॥ ੬੭੬ ॥

**ਜਟੰ ਧੂਰ ਝਾਰੀ ॥ ਪਗੰ ਰਾਮ ਗਾਰੀ ॥ ਕਰੀ ਰਾਜ ਅਰਚਾ ॥ ਦਿਜੰ ਬੇਦ ਚਰਚਾ ॥ ੬੭੭ ॥**

ਸ਼ਤਰੁਘਨ ਜੋਧੇ ਨੇ ਆਪਣੀਆਂ ਜਟਾਂ ਨਾਲ ਰਾਮ ਜੀ ਦੇ ਚਰਨਾਂ ਦੀ ਧੂੜੀ ਝਾੜੀ। ਫਿਰ ਰਾਮ ਜੀ ਦੀ ਪੂਜਾ ਕੀਤੀ, ਮਗਰੋਂ ਬ੍ਰਾਹਮਣਾਂ ਨੇ ਵੇਦਾਂ ਦਾ ਪਾਠ ਕੀਤਾ॥ ੬੭੭ ॥

**ਕਰੈਂ ਗੀਤ ਗਾਨੰ ॥ ਭਰੇ ਵੀਰ ਮਾਨੰ ॥ ਦੀਯੋ ਰਾਮ ਰਾਜੰ ॥ ਸਰੇ ਸਰਬ ਕਾਜੰ ॥ ੬੭੮ ॥**

ਖੁਸ਼ੀਆਂ ਦੇ ਗੀਤਾਂ ਦਾ ਸਾਰੇ ਗਾਇਨ ਕਰਦੇ ਸਨ, ਫਿਰ ਬੜੇ ਮਾਨ ਨਾਲ ਭਰਤ ਨੇ ਰਾਮ ਜੀ ਨੂੰ ਰਾਜ ਦਿੱਤਾ ਅਤੇ ਸਾਰੇ ਕਾਰਜ ਪੂਰੇ ਹੋ ਗਏ॥ ੬੭੮ ॥

**ਬੁਲੈ ਬਿੱਪ ਲੀਨੇ ॥ ਸ਼੍ਰੂੱਤੋਚਾਰ ਕੀਨੇ ॥ ਭਏ ਰਾਮ ਰਾਜਾ ॥ ਬਜੇ ਜੀਤ ਬਾਜਾ ॥ ੬੭੯ ॥**

ਫਿਰ ਬ੍ਰਾਹਮਣ ਬੁਲਾ ਲਏ, ਜਿਨ੍ਹਾਂ ਨੇ ਵੇਦਾਂ ਦਾ ਪਾਠ ਕੀਤਾ। ਇਸ ਤਰ੍ਹਾਂ ਜਦ ਰਾਮ ਜੀ ਰਾਜਾ ਹੋਏ, ਤਾਂ ਜਿੱਤ ਦੇ ਵਾਜੇ ਵੱਜਣ ਲੱਗੇ॥ ੬੭੯ ॥

## ਭੁਜੰਗ ਪ੍ਰਯਾਤ ਛੰਦ ॥

**ਚੂਹੰ ਚੱਕ ਕੇ ਛੱਤ੍ਰ ਧਾਰੀ ਬੁਲਾਏ ॥ ਧਰੇ ਅੱਤ੍ਰ ਨੀਕੇ ਪੁਰੀ ਅਉਧ ਆਏ ॥**
**ਗਹੇ ਰਾਮ ਪਾਯੰ ਪਰਮ ਪ੍ਰੀਤ ਕੈ ਕੈ ॥ ਮਿਲੇ ਚੱਤ੍ਰ ਦੇਸੀ ਬਡੀ ਭੇਟ ਦੈ ਕੇ ॥ ੬੮੦ ॥**

'ਚੌਹਾਂ ਪਾਸਿਆਂ ਤੋਂ ਰਾਜੇ ਬੁਲਾ ਲਏ, ਜੋ ਚੰਗੇ ਰੰਗੇ ਅਸਤਰ ਧਾਰਨ ਕਰ ਕੇ ਅੱਯੁਧਿਆ ਪੁਰੀ ਵਿਚ ਆਏ। ਉਨ੍ਹਾਂ ਨੇ ਵੱਡੀ ਪ੍ਰੀਤ ਕਰ ਕੇ ਸ੍ਰੀ ਰਾਮ ਜੀ ਦੇ ਚਰਨ ਫੜ ਲਏ, ਚੌਹਾਂ ਦਿਸ਼ਾਂ ਦੇ ਰਾਜੇ ਲੋਕ ਵੱਡੀਆਂ ਭੇਟਾਂ ਦੇ ਕੇ ਸ੍ਰੀ ਰਾਮ ਚੰਦਰ ਜੀ ਨਾਲ ਮਿਲ ਗਏ॥ ੬੮੦ ॥

**ਦਏ ਚੀਨ ਮਾਚੀਨ ਚੀਨੰਤ ਦੇਸੰ॥ ਮਹਾਂ ਸੁੰਦ੍ਰੀ ਚੇਰਕਾ ਚਾਰ ਕੇਸੰ॥**
**ਮਨੰ ਮਾਨਕੰ ਹੀਰ ਚੀਰੰ ਅਨੇਕੰ॥ ਕੀਏ ਖੋਜ ਪੱਈਐ ਕਹੂੰ ਏਕ ਏਕੰ॥ ੬੯੧॥**

ਰਾਜਿਆਂ ਨੇ ਚੀਨ ਮਚੀਨ ਦੇਸ ਦੀਆਂ ਨਿਸ਼ਾਨੀਆਂ ਅਤੇ ਸੁਗਾਤਾਂ ਲਿਆ ਕੇ ਦਿੱਤੀਆਂ, ਜਿਨ੍ਹਾਂ ਵਿਚ ਸੁੰਦਰ ਕੇਸਾਂ ਵਾਲੀਆਂ ਵੱਡੀਆਂ ਸੁੰਦਰ ਦਾਸੀਆਂ ਸਨ। ਅਨੇਕਾਂ ਹੀ ਮਣੀਆਂ, ਮਾਣਕ, ਹੀਰੇ ਤੇ ਕੱਪੜੇ ਸਨ, ਜੇ ਤਲਾਸ਼ ਕੀਤੀ ਜਾਵੇ ਤਾਂ ਉਸ ਵਰਗੀ ਸੁਗਾਤ ਕਿਤੇ ਕਿਤੇ ਕੋਈ ਇਕ ਇਕ ਮਿਲ ਸਕੇਗੀ॥ ੬੯੧॥

**ਮਨੰ ਮੁੱਤੀਯੰ ਮਾਨਕੰ ਬਾਜ ਰਾਜੰ॥ ਦਏ ਦੰਤਪੰਤੀ ਸਜੇ ਸਰਬ ਸਾਜੰ॥**
**ਰਥੰ ਬੇਸਟੰ ਹੀਰ ਚੀਰੰ ਅਨੰਤੰ॥ ਮਨੰ ਮਾਨਕੰ ਬੱਧ ਰੱਧੰ ਦੁਰੰਤੰ॥ ੬੯੨॥**

ਕਿਸੇ ਨੇ ਚਮਕਦਾਰ ਮੋਤੀ, ਮਾਣਕ ਤੇ ਰਾਜ-ਘੋੜੇ ਅਤੇ ਹਾਥੀਆਂ ਦੀ ਡਾਰ ਦਿੱਤੀ ਸੀ, ਜੋ ਸਾਰੇ ਸਾਜੋ-ਸਮਾਨ ਨਾਲ ਸੱਜੇ ਹੋਏ ਸਨ। ਕਿਸੇ ਨੇ ਰੱਥ ਦਿੱਤੇ ਸਨ, ਜਿਨ੍ਹਾਂ ਦੇ ਕਪੜੇ ਅਨੰਤ ਹੀਰਿਆਂ ਨਾਲ ਮੜ੍ਹੇ ਹੋਏ ਸਨ, ਅਤੇ ਅਮੋਲਕ ਆਭਾ ਵਾਲੇ ਮਾਣਕਾਂ ਦੇ ਗੁੱਛੇ ਨਾਲ ਬੱਧੇ ਹੋਏ ਸਨ॥ ੬੯੨॥

**ਕਿਤੇ ਸ੍ਵੇਤ ਐਰਾਵਤੰ ਤੁੱਲਿ ਦੰਤੀ॥ ਦਏ ਮੁੱਤਯੰ ਸਾਜ ਸੱਜੇ ਸੁਪੰਤੀ॥**
**ਕਿਤੇ ਬਾਜਰਾਜੰ ਜਰੀ ਜੀਨ ਸੰਗੰ॥ ਨਚੈ ਨੱਟ ਮਾਨੋ ਮਚੇ ਜੰਗ ਰੰਗੰ॥ ੬੯੩॥**

ਕਿਤਨੇ ਹੀ ਚਿੱਟੇ ਐਰਾਵਤ ਦੇ ਸਮਾਨ ਹਾਥੀ ਦਿੱਤੇ, ਜੋ ਮੋਤੀਆਂ ਦੀਆਂ ਲੜੀਆਂ ਦੇ ਸਾਜ਼ ਨਾਲ ਸਜੇ ਹੋਏ ਸਨ। ਕਿਤਨਿਆਂ ਨੇ ਰਾਜ ਘੋੜੇ ਦਿੱਤੇ, ਜੋ ਜਰੀ ਦੀ ਜੀਨ ਨਾਲ ਸੱਜੇ ਹੋਏ ਸਨ ਤੇ ਨਟ ਸਮਾਨ ਨੱਚਦੇ ਸਨ ਅਤੇ ਜੰਗ ਦੇ ਰੰਗ ਵਿਚ ਮੱਚੇ ਹੋਏ ਸਨ॥ ੬੯੩॥

**ਕਿਤੇ ਪੱਖਰੇ ਪੀਲ ਰਾਜਾ ਪ੍ਰਮਾਣੰ॥ ਦਏ ਬਾਜ ਰਾਜੀ ਸਿਰਾਜੀ ਨ੍ਰਿਪਾਣੰ॥**
**ਦਈ ਰਕਤ ਨੀਲੰ ਮਣੀ ਰੰਗ ਰੰਗੰ॥ ਲਖਯੋ ਰਾਮ ਕੋ ਅੱਸਤ੍ਰਧਾਰੀ ਅਭੰਗੰ॥ ੬੯੪॥**

ਕਈਆਂ ਨੇ ਜੰਗੀ ਝਾਲਰਾਂ ਸਮੇਤ ਰਾਜ ਹਾਥੀ ਦਿੱਤੇ ਅਤੇ ਕਈਆਂ ਨੇ ਸ਼ਿਰਾਜੀ ਰਾਜ ਘੋੜੇ ਦਿੱਤੇ ਸਨ। ਕਈਆਂ ਨੇ ਬੜੇ ਉੱਤਮ ਲਾਲ ਰਤਨ, ਨੀਲਮ, ਮਣੀ ਆਦਿ ਕਈ ਰੰਗਾਂ ਦੇ ਅਮੋਲਕ ਮੋਤੀ ਦਿੱਤੇ। ਰਾਮ ਨੂੰ ਸਾਰਿਆਂ ਨੇ ਮਹਾਨ ਸ਼ਸਤਰਧਾਰੀ ਅਤੇ ਅਜਿੱਤ ਯੋਧਾ ਸਵੀਕਾਰ ਕੀਤਾ॥ ੬੯੪॥

**ਕਿਤੇ ਪਸ਼ਮ ਪਾਟੰ ਬਰੰ ਸੂਰਨ ਬਰਨੰ॥ ਮਿਲੇ ਭੇਟ ਲੈ ਭਾਂਤਿ ਭਾਂਤੰ ਅਭਰਣੰ॥**
**ਕਿਤੇ ਪਰਮ ਪਾਟੰ ਬਰੰ ਭਾਨ ਤੇਜੰ॥ ਦਏ ਸੀਅ ਧਾਮੰ ਸਭੋ ਭੇਜ ਭੇਜੰ॥ ੬੯੫॥**

ਕਈ ਪਸ਼ਮ ਤੇ ਰੇਸ਼ਮ ਦੇ ਕਪੜੇ ਜੋ ਸੋਨੇ ਜਿਹੇ ਰੰਗ ਵਾਲੇ ਸਨ, ਅਤੇ ਭਾਂਤ ਭਾਂਤ ਦੇ ਗਹਿਣੇ ਭੇਟਾ ਲੈ ਕੇ ਰਾਮ ਜੀ ਨੂੰ ਆਣ ਮਿਲੇ ਸਨ। ਕਈਆਂ ਨੇ ਵੱਡੇ ਉੱਤਮ ਪੱਟ ਦੇ ਕਪੜੇ, ਸੂਰਜ ਦੀ ਧੁੱਪ ਵਰਗੇ ਚਮਕਦਾਰ ਦਿੱਤੇ ਸਨ, ਜੋ ਰਾਮ ਜੀ ਨੇ ਸਾਰੇ ਚੁਕਵਾ ਕੇ ਸੀਤਾ ਨੂੰ ਘਰ

ਭੇਜ ਦਿੱਤੇ ਸਨ॥ ੬੮੫॥

**ਕਿਤੇ ਭੂਖਣੰ ਭਾਨ ਤੇਜੰ ਅਨੰਤੰ॥ ਪਠੇ ਜਾਨਕੀ ਭੇਟ ਦੈਦੈ ਦੁਰੰਤੰ॥**
**ਘਨੇ ਰਾਮ ਮਾਤਾਨ ਕੀ ਭੇਜ ਭੇਜੇ॥ ਹਰੇ ਚਿੱਤ ਕੇ ਜਾਹਿ ਹੇਰੇ ਕਲੇਜੇ॥ ੬੮੬॥**

ਕਈਆਂ ਨੇ ਸੂਰਜ ਦੇ ਤੇਜ ਵਰਗੇ ਅਨੇਕਾਂ ਹੀ ਅਮੋਲਕ ਗਹਿਣੇ ਸੀਤਾ ਜੀ ਨੂੰ ਭੇਟਾ ਦੇਣ ਲਈ ਭੇਜੇ ਸਨ। ਬਹੁਤਿਆਂ ਨੇ ਰਾਮ ਜੀ ਦੀਆਂ ਮਾਵਾਂ ਦੀ ਭੇਟਾ ਲਈ ਭੇਜੇ ਸਨ, ਜਿਨ੍ਹਾਂ ਨੂੰ ਦੇਖਦਿਆਂ ਹੀ ਦਿਲ ਪ੍ਰਸੰਨ ਚਿੱਤ ਹੋ ਜਾਂਦਾ ਸੀ॥ ੬੮੬॥

**ਘਮੰ ਚਕ੍ਰ ਚੱਕ੍ਰੰ ਫਿਰੀ ਰਾਮ ਦੋਹੀ॥ ਮਨੋ ਬਜੋਤ ਬਾਗੋ ਤਿਮੰ ਸੀਅ ਸੋਹੀ॥**
**ਪਠੈ ਛੱਤ੍ਰ ਦੈ ਦੈ ਛਿਤੰ ਛੋਣ ਧਾਰੀ॥ ਹਰੇ ਸਰਬ ਗਰਬੰ ਕਰੇ ਪੁਰਬ ਭਾਰੀ॥ ੬੮੭॥**

ਚਾਰ ਚੁਫੇਰੇ ਰਾਮ ਦੀ ਦੁਹਾਈ ਦਾ ਡੰਕਾ ਵੱਜ ਰਿਹਾ ਸੀ। ਬਸੰਤ ਬਹਾਰ ਵਾਂਗ ਖਿੜੀ ਹੋਈ ਸੀਤਾ ਸ਼ੋਭ ਰਹੀ ਸੀ। ਜਿਨ੍ਹਾਂ ਰਾਜਿਆਂ ਨੇ ਭੇਟਾ ਦਿੱਤੀਆਂ ਸਨ, ਰਾਮ ਜੀ ਨੇ ਉਨ੍ਹਾਂ ਰਾਜਿਆਂ ਨੂੰ ਆਪਣੇ ਵੱਲੋਂ ਦੇ ਕੇ ਵਾਪਸ ਭੇਜ ਦਿੱਤਾ ਸੀ ਸਭ ਦੇ ਹੰਕਾਰ ਨੂੰ ਦੂਰ ਕੀਤਾ ਸੀ, ਅਤੇ ਵੱਡੇ ਵੱਡੇ ਪੁਰਬ ਕੀਤੇ ਸਨ॥ ੬੮੭॥

**ਕਟਯੋ ਕਾਲ ਏਵੰ ਭਏ ਰਾਮ ਰਾਜੰ॥ ਫਿਰੀ ਆਨ ਰਾਮੰ ਸਿਰੰ ਸਰਬ ਰਾਜੰ॥**
**ਫਿਰਿਯੋ ਜੈਤ ਪਤ੍ਰੰ ਸਿਰੰ ਸੇਤ ਛੱਤ੍ਰੰ॥ ਕਰੇ ਰਾਜ ਆਗਿਆ ਧਰੈ ਬੀਰ ਅੱਤ੍ਰੰ॥ ੬੮੮॥**

ਇਸ ਤਰ੍ਹਾਂ ਕਿੰਨਾ ਹੀ ਸਮਾਂ ਰਾਮ ਜੀ ਨੂੰ ਰਾਜ ਕਰਦਿਆਂ ਬੀਤ ਗਿਆ ਰਾਮ ਉਤੇ ਸਫੇਦ ਛਤੱਰ ਅਤੇ ਚੌਰ ਝੂਲਦਾ ਸੀ। ਉਸ ਨੂੰ ਰਾਜਿਆਂ ਦਾ ਰਾਜ ਭਾਵ ਅਧਿਰਾਜ ਸਥਾਪਤ ਕੀਤਾ ਗਿਆ। ਵੱਡੇ ਵੱਡੇ ਸੂਰਮੇ ਰਾਮ ਜੀ ਦੇ ਆਗਿਆ ਦੀ ਉਡੀਕ ਵਿਚ ਰਹਿੰਦੇ ਸਨ॥ ੬੮੮॥

**ਦਯੋ ਏਕ ਏਕੰ ਅਨੇਕੰ ਪ੍ਰਕਾਰੰ॥ ਲਖੇ ਸਰਬ ਲੋਕੰ ਸਹੀ ਰਾਵਣਾਰੰ॥**
**ਸਹੀ ਬਿਸ਼ਨ ਦੇਵਾਰਦਨ ਦ੍ਰੋਹ ਹਰਤਾ॥ ਚਹੂੰ ਚੱਕ ਜਾਨਜੋ ਸੀਆ ਨਾਥ ਭਰਤਾ॥ ੬੮੯॥**

ਇਕ ਇਕ ਵਿਅਕਤੀ ਨੂੰ ਅਨੇਕ ਪ੍ਰਕਾਰ ਨਾਲ ਧਨ ਦੌਲਤ ਦਿੱਤਾ ਗਿਆ ਅਤੇ ਲੋਕਾਂ ਰਾਮ ਦੇ ਵਾਸਤਵਕ ਸਰੂਪ ਨੂੰ ਵੇਖਿਆ। ਸਾਰਿਆਂ ਨੇ ਰਾਵਣ ਨੂੰ ਮਾਰਨ ਵਾਲੇ ਰਾਮ ਜੀ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ॥ ੬੮੯॥

**ਸਹੀ ਬਿਸ਼ਨ ਅਉਤਾਰ ਕੈ ਤਾਹਿ ਜਾਨਜੋ॥ ਸਭੋ ਲੋਕ ਖਜਾਤਾ ਬਿਧਾਤਾ ਪਛਾਨਜੋ॥**
**ਫਿਰੀ ਚਾਰ ਚੱਕ੍ਰ ਚਤੁਰ ਚੱਕ੍ਰ ਧਾਰੰ॥ ਭਯੋ ਚੱਕ੍ਰਵਰਤੀ ਭੂਅੰ ਰਾਵਣਾਰੰ॥ ੬੯੦॥**

ਸਾਰੀ ਪਰਜਾ ਨੇ ਸ੍ਰੀ ਰਾਮ ਜੀ ਨੂੰ ਵਿਸ਼ਨੂੰ ਦਾ ਅਵਤਾਰ ਕਰ ਕੇ ਨਿਸ਼ਚੇ ਪੂਰਬਕ ਜਾਣ ਲਿਆ, ਅਤੇ ਸਾਰੇ ਲੋਕਾਂ ਨੇ ਸ਼ਤਰੂਆਂ ਦਾ ਨਾਸ ਕਰਨ ਵਾਲਾ ਪਛਾਣ ਲਿਆ। ਇਹ ਗੱਲ ਚੌਹਾਂ

ਚੱਕਾਂ ਵਿਚ ਮਸ਼ਹੂਰ ਹੋ ਗਈ, ਕਿ ਜੋ ਸਾਰੇ ਜਗਤ ਦੇ ਧਾਰਨ ਵਾਲੇ, ਉਹ ਧਰਤੀ ਉਤੇ ਰਾਮ ਨਾਮ ਵਾਲਾ ਚਕ੍ਰਵਰਤੀ ਰਾਜਾ ਹੋਇਆ ਹੈ। ਅਰਥਾਤ ਸਾਰੇ ਜਗਤ ਨੇ ਇਸ ਗੱਲ ਨੂੰ ਪੱਕੀ ਤਰ੍ਹਾਂ ਜਾਣ ਲਿਆ ਕਿ ਸ੍ਰੀ ਰਾਮ ਚੰਦਰ ਜੀ ਵਿਸ਼ਨੂੰ ਦੇ ਅਵਤਾਰ ਸਨ॥ ੬੯੦॥

**ਲਖਜੋ ਪਰਮ ਜੋਗਿੰਦ੍ਰਣੋ ਜੋਗ ਰੂਪੰ॥ ਮਹਾਦੇਵ ਦੇਵੰ ਲਖਜੋ ਭੂਪ ਭੂਪੰ॥**
**ਮਹਾਂ ਸ਼ਤ੍ਰ ਸ਼ਤ੍ਰੰ ਮਹਾਂ ਸਾਧ ਸਾਧੰ॥ ਮਹਾਂ ਰੂਪ ਰੂਪੰ ਲਖਜੋ ਬਜਾਧ ਬਾਧੰ॥ ੬੯੧॥**

ਵੱਡੇ ਵੱਡੇ ਮਹਾਨ ਯੋਗੀਆਂ ਨੇ ਰਾਮ ਜੀ ਨੂੰ 'ਜੋਗ ਰੂਪ' ਕਰ ਕੇ ਜਾਣਿਆ ਸੀ, ਦੇਵਤਿਆਂ ਨੇ 'ਸਭ ਤੋਂ ਵੱਡਾ ਦੇਵਤਾ, ਅਤੇ ਰਾਜਿਆਂ ਨੇ ਵੱਡਾ ਰਾਜਾ ਕਰ ਕੇ ਜਾਣਿਆ ਸੀ। ਵੈਰੀਆਂ ਨੇ ਵੱਡਾ ਵੈਰੀ ਅਤੇ ਸਾਧੂਆਂ ਨੇ ਪਵਿੱਤ੍ਰ ਸਾਧੂ ਕਰ ਕੇ ਜਾਣਿਆ, ਰੂਪਵਾਨਾਂ ਨੇ 'ਉਤਮ ਰੂਪ' ਅਤੇ ਰੋਗਾਂ ਨੇ ਵੱਡਾ ਰੋਗ ਕਰ ਕੇ ਜਾਣਿਆ ਸੀ॥ ੬੯੧॥

**ਤ੍ਰੀਯੰ ਦੇਵ ਤੁੱਲੰ ਨਰੰ ਨਾਰ ਨਾਹੰ॥ ਮਹਾਂ ਜੋਧ ਜੋਧੰ ਮਹਾਂ ਬਾਹ ਬਾਹੰ॥**
**ਸ੍ਰੁਤੰ ਬੇਦ ਕਰਤਾ ਗਣੰ ਰੁਦ੍ਰ ਰੂਪੰ॥ ਮਹਾਂ ਜੋਗ ਜੋਗੰ ਮਹਾਂ ਭੂਪ ਭੂਪੰ॥ ੬੯੨॥**

ਇਸਤ੍ਰੀਆਂ ਨੇ ਦੇਵਤਾ ਸਮਾਨ ਅਤੇ ਪੁਰਖਾਂ ਨੇ ਰਾਜਾ ਰੂਪ ਕਰ ਕੇ ਜਾਣਿਆ ਸੀ। ਜੋਧਿਆਂ ਨੇ 'ਵੱਡਾ ਜੋਧਾ' ਰੂਪ ਅਤੇ ਬਹਾਦਰਾਂ ਨੇ ਵੱਡਾ ਬਹਾਦਰ ਰੂਪ ਕਰ ਕੇ ਮੰਨਿਆ ਸੀ ਵੇਦਾਂ ਨੇ ਬੇਦ ਬ੍ਰਹਮਾ ਰੂਪ ਕਰ ਕੇ, ਤੇ ਗਣਾਂ ਨੇ ਰੁਦ੍ਰ ਰੂਪ ਕਰਕੇ , ਜੋਗੀਆਂ ਨੇ ਵੱਡਾ ਜੋਗੀ ਕਰ ਕੇ, ਅਤੇ ਰਾਜਿਆਂ ਨੇ ਵੱਡਾ ਰਾਜਾ ਰੂਪ ਕਰ ਕੇ ਜਾਣਿਆ ਸੀ॥ ੬੯੨॥

**ਪਰੰ ਪਾਰਗੰਤਾ ਸ਼ਿਵੰ ਸਿੱਧ ਰੂਪੰ॥ ਬੁਧੰ ਬੁੱਧਿ ਦਾਤਾ ਰਿਧੰ ਰਿੱਧ ਕੂਪੰ॥**
**ਜਹਾਂ ਭਾਵ ਕੈ ਜੇਣ ਜੈਸੇ ਬਿਚਾਰੇ॥ ਤਿਸੀ ਰੂਪ ਸੌ ਤਉਨ ਤੈਸੇ ਨਿਹਾਰੇ॥ ੬੯੩॥**

ਮੁਕਤੀ ਨੇ ਮੁਕਤ ਸਰੂਪ ਅਤੇ ਸ਼ਿਵ ਨੇ ਸਿੱਧ ਰੂਪ, ਬੁੱਧਿ ਨੇ ਬੁੱਧਿਦਾਤਾ ਅਤੇ ਰਿੱਧੀ ਨੇ ਰਿੱਧ ਰੂਪ ਕਰਕੇ ਜਾਣਿਆ ਸੀ। ਜਿਸ ਨੇ ਜਿਥੇ ਵੀ, ਜਿਸ ਤਰ੍ਹਾਂ ਦੇ ਭਾਵ ਕਰ ਕੇ ਵਿਚਾਰਿਆ ਸੀ, ਉਸ ਨੇ ਉਥੇ ਹੀ ਉਸੇ ਰੂਪ ਵਾਲਾ ਵੇਖਿਆ ਸੀ॥ ੬੯੩॥

**ਸਭੋ ਸ਼ਸਤ੍ਰਧਾਰੀ ਲਹੇ ਸ਼ਸਤ੍ਰ ਗੰਤਾ॥ ਦੁਰੰ ਦੇਵ ਦ੍ਰੋਹੀ ਲਖੇ ਪ੍ਰਾਣ ਹੰਤਾ॥**
**ਜਿਸੀ ਭਾਵ ਸੋ ਜਉਨ ਜੈਸੇ ਬਿਚਾਰੇ॥ ਤਿਸੀ ਰੰਗ ਕੈ ਕਾਛ ਕਾਛੇ ਨਿਹਾਰੇ॥ ੬੯੪॥**

ਸਭ ਸ਼ਸਤ੍ਰਧਾਰੀਆਂ ਨੇ ਸ਼ਸਤ੍ਰਾਂ ਦਾ ਗਿਆਤਾ ਜਾਣਿਆ ਸੀ, ਰਾਖਸ਼ਾਂ ਨੇ ਰਾਮ ਜੀ ਨੂੰ ਆਪਣਾ ਪ੍ਰਾਣਾਂ ਦਾ ਨਾਸ ਕਰਤਾ ਜਾਣਿਆ ਸੀ। ਜਿਸ ਭਾਵ ਨਾਲ, ਜਿਸ ਨੇ ਜਿਸ ਤਰ੍ਹਾਂ ਦਾ ਵਿਚਾਰਿਆ ਸੀ, ਉਸ ਨੇ ਉਨ੍ਹਾਂ ਨੂੰ ਉਸੇ ਰੰਗ ਦੇ ਸ੍ਵਾਂਗ ਵਿਚ ਸਜੇ ਹੋਏ ਵੇਖਿਆ ਸੀ॥ ੬੯੪॥

## ਅਨੰਤ ਤੁਕਾ ਭੁਜੰਗ ਪ੍ਰਯਾਤ ਛੰਦ ॥

**ਕਿਤੇ ਕਾਲ ਬੀਤਿਓ ਭਯੋ ਰਾਮ ਰਾਜੰ ॥ ਸਭੈ ਸ਼ਤ੍ਰ ਜੀਤੇ ਮਹਾ ਜੁੱਧ ਮਾਲੀ ॥**
**ਫਿਰਜੋ ਚੱਕ੍ਰ ਚਾਰੋ ਦਿਸਾ ਮੱਧ ਰਾਮੰ ॥ ਭਯੋ ਨਾਮ ਤਾਤੇ ਮਹਾਂ ਚੱਕ੍ਰਵਰਤੀ ॥ ੬੯੫ ॥**

ਕਾਫੀ ਸਮਾਂ ਰਾਮ ਜੀ ਨੂੰ ਰਾਜਾ ਹੋਇਆਂ ਬੀਤ ਗਿਆ। ਜੁੱਧ ਦੀ ਮਾਲੀ ਨੂੰ ਜਿੱਤਣ ਵਾਲੇ ਵੱਡੇ ਵੱਡੇ ਸ਼ੱਤਰੂ ਵੀ ਜਿੱਤ ਲਏ। ਚੌਹਾਂ ਦਿਸ਼ਾ ਵਿਚ ਰਾਮ ਦਾ ਹੁਕਮ ਫਿਰ ਗਿਆ, ਇਸ ਕਰਕੇ ਰਾਮ ਜੀ ਦਾ ਨਾਮ 'ਵੱਡਾ ਚਕ੍ਰਵਰਤੀ' ਹੋ ਗਿਆ ॥ ੬੯੫ ॥

**ਸਭੈ ਬਿੱਪ ਆਗਸਤ ਤੇ ਆਦਿ ਲੈ ਕੇ ॥ ਭ੍ਰਿਗੰ ਅੰਗੁਰਾ ਬਿਆਸ ਤੇ ਲੈ ਬਿਸਿਸ਼ਟੰ ॥**
**ਬਿਸ੍ਵਾਮਿਤ੍ਰ ਅਉ ਬਾਲਮੀਕੰ ਸੁ ਅੱਤ੍ਰੰ ॥ ਦੁਰਬਾਸ਼ਾ ਸਭੈ ਕਸ਼ਪ ਤੇ ਆਦ ਲੈ ਕੈ ॥ ੬੯੬ ॥**

ਸਾਰੇ ਬ੍ਰਾਹਮਣ, ਅਗਸਤ, ਭ੍ਰਿਗੂ, ਅੰਗਰਾ, ਬਿਆਸ, ਵਸ਼ਿਸ਼ਟ, ਵਿਸ਼ਵਾਮਿਤਰ, ਬਾਲਮੀਕ, ਅੱਤ੍ਰੀ, ਦੁਰਬਾਸ਼ਾ ਅਤੇ ਕੱਸ਼ਪ ਆਦਿਕ ਰਾਮ ਜੀ ਨੂੰ ਮਿਲਣ ਆਏ ॥ ੬੯੬ ॥

**ਜਬੈ ਰਾਮ ਦੇਖੈ ਸਭੈ ਬਿੱਪ ਆਏ ॥ ਪਰਜੋ ਧਾਇ ਪਾਯੰ ਸੀਆ ਨਾਥ ਜਗਤੰ ॥**
**ਦਯੋ ਆਸਨੰ ਅਰਘੁ ਪਾਦ ਰਘੁਤੇਣੰ ॥ ਦਈ ਆਸਿਖੰ ਮੋਨਨੇਸੰ ਪ੍ਰਸਿੰਨਯੰ ॥ ੬੯੭ ॥**

ਜਦੋਂ ਰਾਮ ਜੀ ਨੇ ਵੇਖਿਆ ਕਿ ਸਾਰੇ ਬ੍ਰਾਹਮਣ ਆਏ ਸਨ, ਤਾਂ ਸੀਤਾ ਅਤੇ ਜਗਤ ਦੇ ਸੁਾਮੀ ਸ੍ਰੀ ਰਾਮ ਚੰਦ੍ਰ ਜੀ ਭੱਜ ਕੇ ਉਨ੍ਹਾਂ ਦੇ ਚਰਨੀਂ ਜਾ ਪਏ। ਫਿਰ ਸ੍ਰੀ ਰਾਮ ਚੰਦ੍ਰ ਜੀ ਨੇ ਉਨ੍ਹਾਂ ਨੂੰ ਬੈਠਨ ਲਈ ਆਸਣ ਦੇ ਕੇ ਚਰਨ ਧੋ ਕੇ ਚਰਨਾਮਿਤ ਲਿਆ, ਤਾਂ ਮਹਾਂ ਮੁਨੀਆਂ ਨੇ ਪ੍ਰਸੰਨ ਹੋ ਕੇ ਆਸ਼ੀਰਵਾਦ ਦਿੱਤੀ ॥ ੬੯੭ ॥

**ਭਈ ਰਿਖ ਰਾਮੰ ਬਡੀ ਗਿਆਨ ਚਰਚਾ ॥ ਕਹੋ ਸਰਬ ਜੌਪੈ ਬਢੈ ਏਕ ਗ੍ਰੰਥਾ ॥**
**ਬਿਦਾ ਬਿੱਪ ਕੀਨੇ ਘਨੀ ਦੱਛਨਾ ਦੈ ॥ ਚਲੇ ਦੇਸ ਦੇਸੰ ਮਹਾਂ ਚਿੱਤ ਹਰਖੰ ॥ ੬੯੮ ॥**

ਰਾਮ ਅਤੇ ਰਿੱਖੀਆਂ ਦੀ ਵੱਡੀ ਗਿਆਨ ਚਰਚਾ ਹੋਈ। ਜੇਕਰ ਉਹ ਸਾਰੀ ਕਹਾਂ, ਤਾਂ ਇਕ ਵਖਰਾ ਹੀ ਵੱਡਾ ਸਾਰਾ ਗ੍ਰੰਥ ਬਣ ਜਾਏਗਾ। ਫਿਰ ਬਹੁਤ ਸਾਰੀ ਦੱਖਣਾ ਦੇ ਕੇ , ਸਾਰੇ ਬ੍ਰਾਹਮਣ ਵਿਦਾ ਕਰ ਦਿੱਤੇ, ਉਹ ਵੱਡੇ ਪ੍ਰਸੰਨ ਚਿੱਤ ਨਾਲ ਦੇਸ਼ਾਂ ਵਿਦੇਸ਼ਾਂ ਵਿਚ ਚਲੇ ਗਏ ॥ ੬੯੮ ॥

**ਇਹੀ ਬੀਚ ਆਯੋ ਮ੍ਰਿਤੰ ਸੂਨ ਬਿੱਪੰ ॥ ਜੀਐ ਬਾਲ ਆਜੈ ਨਹੀ ਤੋਹਿ ਸ੍ਰਾਪੰ ॥**
**ਸਭੈ ਰਾਮ ਜਾਨੀ ਚਿਤੰ ਤਾਹਿ ਬਾਤਾ ॥ ਦਿਸੰ ਬਾਰਣੀ ਤੇ ਬਿਬਾਣੰ ਹਕਾਰਜੋ ॥ ੬੯੯ ॥**

ਇਸੇ ਸਮੇਂ ਵਿਚ ਇਕ ਬ੍ਰਾਹਮਣ ਆਇਆ, ਜਿਸ ਦਾ ਪੁੱਤਰ ਮਰ ਚੁੱਕਾ ਸੀ, ਉਸ ਨੇ ਆ ਕੇ ਕਿਹਾ–ਰਾਮ ਜੀ ! ਜਾਂ ਤਾਂ ਮੇਰਾ ਬਾਲ ਅੱਜ ਹੀ ਜੀਅ ਪਵੇ, ਨਹੀਂ ਤਾਂ ਮੈਂ ਤੁਹਾਨੂੰ ਸ੍ਰਾਪ ਦੇਵਾਂਗਾ।

ਕਿਉਂਕਿ ਤੁਹਾਡੇ ਵਿਚ ਕੋਈ ਦੋਸ਼ ਹੈ, ਜਿਸ ਕਰਕੇ ਮਾਪਿਆਂ ਦੇ ਬੈਠਿਆਂ ਪੁੱਤਰ ਮਰਨ ਲੱਗ ਪਏ ਹਨ। ਰਾਮ ਜੀ ਨੇ ਉਸ ਦੀ ਸਾਰੀ ਵਾਰਤਾ ਆਪਣੇ ਚਿੱਤ ਵਿਚ ਜਾਣ ਲਈ, ਅਤੇ ਪੱਛਮ ਦਿਸ਼ਾ ਵੱਲ ਆਪਣਾ ਬਿਬਾਣ ਲੈ ਕੇ ਚੱਲ ਪਏ॥ ੬੯੯॥

**ਹੁਤੋ ਏਕ ਸੂਦ੍ਰੰ ਦਿਸ਼ਾ ਉਤ੍ਰ ਮੱਧੰ॥ ਝੁਲੈ ਕੂਪ ਮੱਧੰ ਪਰਜੋ ਔਧ ਮੁੱਖੰ॥**
**ਮਹਾਂ ਉਗ੍ਰ ਤੇ ਜਾਪ ਪਸਯਾਤ ਉਗ੍ਰੰ॥ ਹਨਜੋ ਤਾਹਿ ਰਾਮੰ ਅਸੰ ਆਪ ਹੱਥੰ॥ ੭੦੦॥**

ਅਸਲ ਗੱਲ ਇਹ ਸੀ, ਕਿ ਉਤਰ ਦਿਸ਼ਾ ਵਿਚ ਇਕ ਸੂਦਰ ਰਹਿੰਦਾ ਸੀ, ਜੋ ਮੂੰਧੇ ਮੂੰਹ ਹੋ ਕੇ ਖੂਹ ਵਿਚ ਲਟਕਿਆ ਹੋਇਆ ਸੀ। ਉਹ ਮਹਾਨ ਤੇਜ ਵਾਲਾ, ਬੜੀ ਭਾਰੀ ਤਪੱਸਿਆ ਕਰ ਰਿਹਾ ਸੀ ਸ੍ਰੀ ਰਾਮ ਜੀ ਨੇ ਆਪਣੇ ਹੱਥੀਂ ਤਲਵਾਰ ਨਾਲ ਉਸ ਨੂੰ ਮਾਰ ਦਿੱਤਾ॥ ੭੦੦॥

**ਜੀਯੋ ਬ੍ਰਹਮ ਪੁਤ੍ਰੰ ਹਰਜੋ ਬ੍ਰਹਮ ਸੋਗੰ॥ ਬਢੀ ਕੀਰਤ ਰਾਮੰ ਚਤੁਰ ਕੁੰਟ ਮੱਧੰ॥**
**ਕਰਜੋ ਦਸ ਸੰਹਸ੍ਰ ਲਉ ਰਾਜ ਅਉਧੰ॥ ਫਿਰੀ ਚਕ੍ਰ ਚਾਰੋ ਬਿਖੈ ਰਾਮ ਦੋਹੀ॥ ੭੦੧॥**

ਸੂਦਰ ਦੇ ਮਰਦਿਆਂ ਹੀ ਬ੍ਰਾਹਮਣ ਦਾ ਪੁੱਤਰ ਜੀਅ ਪਿਆ ਅਤੇ ਬ੍ਰਾਹਮਣ ਦਾ ਸੋਗ ਦੂਰ ਹੋ ਗਿਆ। ਅਜਿਹਾ ਹੋਣ ਨਾਲ ਰਾਮ ਜੀ ਦੀ ਕੀਰਤੀ ਚੌਹਾਂ ਕੂਟਾਂ ਵਿਚ ਵੱਧ ਗਈ। ਦਸ ਹਜ਼ਾਰ ਵਰ੍ਹੇ ਤੱਕ ਅਯੁੱਧਿਆ ਦਾ ਰਾਜ ਸ੍ਰੀ ਰਾਮ ਚੰਦਰ ਜੀ ਨੇ ਕੀਤਾ ਸੀ ਅਤੇ ਚੌਹਾਂ ਦਿਸ਼ਾਂ ਵਿਚ ਰਾਮ ਜੀ ਦੀ ਦੁਹਾਈ ਫਿਰ ਗਈ ਸੀ॥ ੭੦੧॥

**ਜਿਣੇ ਦੇਸ ਦੇਸੰ ਨਰੇਸ਼ੰ ਤ ਰਾਮੰ॥ ਮਹਾਂ ਜੁੱਧ ਜੇਤਾ ਤਿਹੂੰ ਲੋਕ ਜਾਨਜੋ॥**
**ਦਯੋ ਮੰਤ੍ਰੀ ਅੱਤ੍ਰੰ ਮਹਾਭ੍ਰਾਤ ਭਰਥੰ॥ ਕੀਯੋ ਸੈਨ ਨਾਥੰ ਸੁਮਿਤ੍ਰਾ ਕੁਮਾਰੰ॥ ੭੦੨॥**

ਸਾਰੇ ਰਾਜੇ ਰਾਮ ਜੀ ਨੇ ਜਿੱਤ ਲਏ ਸਨ, ਤਿੰਨਾਂ ਲੋਕਾਂ ਵਿਚ ਮਸ਼ਹੂਰ ਹੋ ਗਏ ਸਨ ਕਿ 'ਰਾਮ ਚੰਦ੍ਰ ਜੀ ਮਹਾਂ ਜੁੱਧ ਜੇਤੂ' ਹਨ। ਉਨ੍ਹਾਂ ਨੇ ਆਪਣੇ ਮਹਾਨ ਭਰਾ ਭਰਥ ਨੂੰ ਮੰਤਰੀ ਬਣਾ ਦਿੱਤਾ ਲੱਛਮਣ ਨੂੰ ਸੈਨਾਪਤੀ ਬਣਾ ਦਿੱਤਾ ਸੀ॥ ੭੦੨॥

## ਮ੍ਰਿਤਗਤ ਛੰਦ॥

**ਸੁਮਤਿ ਮਹਾ ਰਿਖ ਰਘੁਬਰ॥ ਦੁੰਦਭ ਬਾਜਤਿ ਦਰਦਰ॥**
**ਜਗ ਕੀਅਸ ਧੁਨ ਘਰਬਰ॥ ਪੂਰ ਰਹੀ ਧੁਨ ਸੁਰਪੁਰ॥ ੭੦੩॥**

ਸ੍ਰੀ ਰਾਮ ਚੰਦਰ ਜੀ ਉਤਮ ਬੁੱਧਿ ਵਾਲੇ ਮਹਾਂ ਰਿਖੀ ਸਨ, ਉਨ੍ਹਾਂ ਦੇ ਪ੍ਰਤਾਪ ਦੀ ਦੁੰਦਕੀ ਬੂਹੇ ਬੂਹੇ ਤੇ ਵੱਜ ਰਹੀ ਸੀ। ਸਾਰੇ ਜਗਤ ਦੇ ਘਰ ਅਤੇ ਦੇਵਤਿਆਂ ਦੀ ਪੁਰੀ ਤੱਕ ਉਨ੍ਹਾਂ ਦੇ ਜਸ ਦੀ ਜੈ ਜੈਕਾਰ ਹੋ ਰਹੀ ਸੀ॥ ੭੦੩॥

**ਸੁਢਰ ਮਹਾ ਰਘੁਨੰਦਨ॥ ਜਗਪਤ ਮਨੁ ਗਨ ਬੰਦਨ॥**
**ਧਰਧਰ ਲੌ ਨਰ ਚੀਨੇ॥ ਸੁਖ ਦੈ ਦੁਖ ਬਿਨ ਕੀਨੇ॥ ੭੦੪॥**

ਸ੍ਰੀ ਰਾਮ ਜੀ ਬੜੇ ਸਢੌਲ ਅਤੇ ਸੁੰਦਰ ਸਨ, ਉਹ ਜਗਤਪਤੀ ਸਨ ਅਤੇ ਮੁਨੀ ਲੋਕਾਂ ਵਲੋਂ ਪੂਜੇ ਜਾਂਦੇ ਸਨ। ਉਨ੍ਹਾਂ ਨੇ ਸਾਰੇ ਧਰਤੀ ਦੇ ਲੋਕਾਂ ਨੂੰ ਸੁਖ ਦਿੱਤਾ ਅਤੇ ਉਨ੍ਹਾਂ ਦੇ ਦੁਖ ਦੂਰ ਕੀਤੇ॥ ੭੦੪॥

**ਅਰ ਹਰ ਨਰ ਕਰ ਜਾਨੇ॥ ਦੁਖ ਹਰ ਸੁਖ ਕਰ ਮਾਨੇ॥**
**ਪੁਰ ਧਰ ਨਰ ਬਰ ਸੇ ਹੈ॥ ਰੂਪ ਅਨੂਪ ਅਭੈ ਹੈ॥ ੭੦੫॥**

ਸ੍ਰੀ ਰਾਮ ਜੀ ਨੂੰ ਪੁਰਸ਼ਾਂ ਨੇ ਵੈਰੀਆਂ ਦਾ ਨਾਸ ਕਰਨ ਵਾਲਾ ਦੁੱਖ ਮਿਟਾ ਕੇ, ਸੁਖ ਦੇਣ ਵਾਲਾ ਮੰਨਿਆ ਸੀ। ਸਾਰੀ ਆਯੁਧਿਆਪੁਰੀ ਉਨ੍ਹਾਂ ਦੇ ਅਨੂਪਮ ਸਰੂਪ ਅਤੇ ਭੈ ਰਹਿਤ ਵਰਦਾਨ ਦੇ ਕਾਰਨ ਸੁਖ ਪੂਰਬਕ ਰਹਿ ਰਹੀ ਸੀ॥ ੭੦੫॥

## ਅਨਕਾ ਛੰਦ॥

**ਪ੍ਰਭੂ ਹੈ॥ ਅਜੂ ਹੈ॥ ਅਜੈ ਹੈ॥ ਅਭੈ ਹੈ॥ ੭੦੬॥**

ਰਾਮ ਜੀ ਸਭ ਦੇ ਸਵਾਮੀ ਹਨ, ਜੂਨਾਂ ਤੋਂ ਰਹਿਤ ਹਨ, ਜਿੱਤੇ ਨਹੀਂ ਜਾਂਦੇ, ਡਰਦੇ ਨਹੀਂ ਹਨ॥ ੭੦੬॥

**ਅਜਾ ਹੈ॥ ਅਤਾ ਹੈ॥ ਅਲੈ ਹੈ॥ ਅਜੈ ਹੈ॥ ੭੦੭॥**

ਉਹ ਪ੍ਰਕ੍ਰਿਤੀ ਦੇ ਸਵਾਮੀ ਪੁਰਖ ਹਨ, ਆਪ ਜਗਤ ਅਤੇ ਪਾਰਬ੍ਰਹਮ ਹਨ॥ ੭੦੭॥

## ਭੁਜੰਗ ਪ੍ਰਯਾਤ ਛੰਦ॥

**ਬੁਲਯੋ ਚਤ੍ਰ ਭ੍ਰਾਤੰ ਸੁਮਿਤ੍ਰਾ ਕੁਮਾਰੰ॥ ਕਰਯੋ ਮਾਥੁਰੇਸੰ ਤਿਸੇ ਰਾਵਣਾਰੰ॥**
**ਤਹਾਂ ਏਕ ਦਈਤੰ ਲਵੰ ਉਗ੍ਰ ਤੇਜੰ॥ ਦਯੋ ਤਾਹਿ ਅੱਪੰ ਸ਼ਿਵੰ ਸੂਲ ਭੇਜੰ॥ ੭੦੮॥**

ਸ੍ਰੀ ਰਾਮ ਜੀ ਨੇ ਆਪਣੇ ਚੌਥੇ ਭ੍ਰਾਤਾ ਸੁਮਿਤ੍ਰਾਂ ਦੇ ਛੋਟੇ ਪੁੱਤਰ ਸ਼ਤਰੁਘਨ ਨੂੰ ਬੁਲਾਇਆ, ਅਤੇ ਰਾਵਣ ਦੇ ਵੈਰੀ ਸ੍ਰੀ ਰਾਮ ਜੀ ਨੇ ਉਸ ਨੂੰ ਮਥੁਰ ਦਾ ਰਾਜਾ ਬਣਾ ਦਿੱਤਾ। ਉਥੇ ਇਕ ਭਿਆਨਕ ਤੇਜ ਵਾਲਾ 'ਲਵਣ' ਨਾਮ ਦਾ ਦੈਂਤ ਰਹਿੰਦਾ ਸੀ, ਉਸ ਨੂੰ ਸ਼ਿਵਜੀ ਨੇ ਆਪਣਾ ਤ੍ਰਿਸੂਲ ਦੇ ਕੇ ਭੇਜਿਆ ਸੀ ਜਿਸ ਕਰਕੇ ਉਸਦਾ ਬੜਾ ਤੇਜ ਸੀ॥ ੭੦੮॥

**ਪਠਯੋ ਤੀਰ ਮੰਤ੍ਰੰ ਦੀਯੋ ਏਕ ਰਾਮੰ॥ ਮਹਾਂ ਜੁੱਧ ਮਾਲੀ ਮਹਾਂ ਧਰਮ ਧਾਮੰ॥**

**ਸ਼ਿਵੰ ਸੂਲ ਹੀਣੰ ਜਵੈ ਸ਼ੱਤ੍ਰ ਜਾਨਜੋ ॥ ਤਬੈ ਸੰਗਿ ਤਾ ਕੈ ਮਹਾਂ ਜੁੱਧ ਠਾਨਜੋ ॥ ੭੦੯ ॥**

ਸ੍ਰੀ ਰਾਮ ਜੀ ਨੇ ਮੰਤ੍ਰਤ ਕੀਤਾ ਹੋਇਆ ਇਕ ਤੀਰ ਦੇ ਕੇ ਸ਼ਤਰੁਘਨ ਨੂੰ ਭੇਜਿਆ, ਜੋ ਸ਼ਤਰੁਘਨ ਘੋਰ ਜੁੱਧ ਵਿਚ ਮਾਲੀ ਜਿੱਤਣ ਵਾਲਾ, ਅਤੇ ਮਹਾਂ ਧਰਮ ਦਾ ਸਥਾਨ ਰੂਪ ਸੀ। ਰਾਮ ਨੇ ਕਿਹਾ, "ਜਦੋਂ ਵੈਰੀ ਨੂੰ ਸ਼ਿਵਜੀ ਦੇ ਨੇਜ਼ੇ ਤੋਂ ਖਾਲੀ ਵੇਖ ਲਵੇਂ, ਉਸ ਵੇਲੇ ਉਸ ਦੇ ਨਾਲ ਤੁਮਲ ਜੁੱਧ ਕਰਨਾ" ॥ ੭੦੯ ॥

**ਲਖੋ ਮੰਤ੍ਰ ਤੀਰੰ ਚਲਜੋ ਨਿਆਇ ਸੀਸੰ ॥ ਤ੍ਰਿਪੁਰ ਜੁੱਧ ਜੇਤਾ ਚਲਜੋ ਜਾਣ ਈਸੰ ॥**
**ਲਖਜੋ ਸੂਲ ਹੀਣੰ ਰਿਪੰ ਜਉਣ ਕਾਲੰ ॥ ਤਬੈ ਕੋਪ ਮੰਡਜੋ ਰਣੰ ਬਿਕਰਾਲੰ ॥ ੭੧੦ ॥**

ਸ਼ਤਰੁਘਨ ਨੇ ਉਹ ਮੰਤਰਿਆ ਹੋਇਆ ਤੀਰ ਹੱਥ ਵਿਚ ਲਿਆ, ਅਤੇ ਸਿਰ ਨੂੰ ਨਿਵਾ ਕੇ ਚੱਲ ਪਿਆ। ਉਹ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਤਿੰਨਾਂ ਲੋਕਾਂ ਦਾ ਵਿਜੇਤਾ ਹੋਵੇ। ਜਿਸ ਵੇਲੇ ਉਸ ਵੈਰੀ ਨੂੰ ਸ਼ਿਵਜੀ ਦੇ ਨੇਜ਼ੇ ਤੋਂ ਹੀਣਾ ਜਾਣਿਆ, ਉਸੇ ਵੇਲੇ ਸ਼ਤਰੁਘਨ ਨੇ ਕ੍ਰੋਧ ਨਾਲ ਡਰਾਉਣਾ ਜੰਗ ਕਰਨਾ ਸ਼ੁਰੂ ਕਰ ਦਿੱਤਾ ॥ ੭੧੦ ॥

**ਭਜੈ ਘਾਇ ਖਾਯੰ ਅਘਾਯੰਤ ਸੂਰੰ ॥ ਹਸੇ ਕੰਕ ਬੰਕੰ ਘੁਮੀ ਗੈਣ ਹੂਰੰ ॥**
**ਉਠੇ ਟੋਪ ਟੂਕੰ ਕਮਾਣੰ ਪ੍ਰਹਾਰੇ ॥ ਰਣੰ ਰੋਸ ਗੱਜੇ ਮਹਾਂ ਛੱਤ੍ਰ ਧਾਰੇ ॥ ੭੧੧ ॥**

ਸੂਰਮੇ ਫੱਟ ਖਾ ਕੇ ਭੱਜਣ ਲੱਗੇ, ਕਾਂ ਤੇ ਬਗਲੇ ਬੋਲਣ ਲੱਗ ਪਏ ਅਤੇ ਅਕਾਸ਼ ਵਿਚ ਹੂਰਾਂ ਫਿਰਨ ਲੱਗੀਆਂ ਸਨ। ਕਮਾਨਾਂ ਵਿਚੋਂ ਤੀਰਾਂ ਦੀ ਮਾਰ ਨਾਲ ਟੋਪਾਂ ਦੇ ਟੋਟੇ ਹੋ ਕੇ ਉੱਡਣ ਲੱਗੇ, ਅਤੇ ਵੱਡੇ ਛੱਤ੍ਰ ਧਾਰੀ ਰਾਜੇ ਕ੍ਰੋਧ ਕਰਕੇ ਰਣ ਵਿਚ ਗੱਜਣ ਲੱਗੇ ॥ ੭੧੧ ॥

**ਫਿਰਜੋ ਆਪ ਦਈਤੰ ਮਹਾ ਰੋਸ ਕੈ ਕੈ ॥ ਹਣੇ ਰਾਮ ਭ੍ਰਾਤੰ ਵਹੈ ਬਾਨ ਲੈ ਕੈ ॥**
**ਰਿਪੰ ਨਾਸ ਹੇਤੰ ਦੀਯੋ ਰਾਮ ਅੱਪੰ ॥ ਹਣਿਯੋ ਤਾਹਿ ਸੀਸੰ ਦ੍ਰੁਗਾ ਜਾਪ ਜੱਪੰ ॥ ੭੧੨ ॥**

ਵਡਾ ਰੋਸ ਕਰ ਕੇ ਜੰਗ ਵਿਚ 'ਲਵਣ' ਦੈਂਤ ਆਪ ਫਿਰਦਾ ਸੀ, ਸ਼ਤਰੁਘਨ ਨੇ ਓਹੀ ਬਾਣ ਲੈ ਕੇ ਮਾਰਿਆ, ਜੋ ਰਾਮ ਜੀ ਆਪ ਵੈਰੀ ਨੂੰ ਮਾਰਨ ਵਾਸਤੇ ਦਿੱਤਾ ਸੀ, ਸ਼ਤਰੁਘਨ ਨੇ ਦੁਰਗਾ ਦਾ ਜਾਪ ਜਪ ਕੇ ਤੀਰ ਉਸ ਦੇ ਸਿਰ ਵਿਚ ਮਾਰ ਦਿੱਤਾ ॥ ੭੧੨ ॥

**ਗਿਰਜੋ ਝੂਮ ਭੂਮੰ ਅਘੂਮਜੋ ਅਰਿ ਘਾਯੰ ॥ ਹਣਜੋ ਸ਼ੱਤ੍ਰ ਹੰਤਾ ਤਿਸੈ ਚਉਪ ਚਾਯੰ ॥**
**ਗਣੰ ਦੇਵ ਹਰਖੇ ਪ੍ਰਬਰਖੰਤ ਫੂਲੰ ॥ ਹਤਜੋ ਦੈਤ ਦ੍ਰੋਹੀ ਮਿਟਜੋ ਸਰਬ ਸੂਲੰ ॥ ੭੧੩ ॥**

ਤੀਰ ਨਾਲ ਵੈਰੀ ਫੱਟੜ ਹੋ ਕੇ ਘੁੰਮਦਾ ਹੋਇਆ ਧਰਤੀ ਤੇ ਝੁਕ ਕੇ ਡਿੱਗ ਪਿਆ, ਸ਼ਤਰੁਘਨ ਨੇ ਉਸ ਨੂੰ ਬੜੇ ਚਾਅ ਨਾਲ ਮਾਰ ਦਿੱਤਾ। ਦੇਵਤਿਆਂ ਦੇ ਝੁੰਡ ਪ੍ਰਸੰਨ ਹੋਏ, ਅਤੇ ਫੁੱਲਾਂ ਦੀ ਬਰਖਾ ਕਰਨ ਲੱਗੇ। ਕਿਉਂਕਿ ਵਿਰੋਧੀ ਦੈਂਤ ਮਾਰਿਆ ਗਿਆ ਤਾਂ ਸਾਰੇ ਹੀ ਦੁੱਖ ਮਿਟ ਗਏ ॥ ੭੧੩ ॥

ਲਵੰ ਨਾਸੁਰੈਯੰ ਲਵੰ ਕੀਨ ਨਾਸੰ ॥ ਸਭੈ ਸੰਤ ਹਰਖੇ ਰਿਪੰ ਭੇ ਉਦਾਸੰ ॥
ਭਜੈ ਪ੍ਰਾਨ ਲੈ ਲੈ ਤਜਜੇ ਨਗਰ ਬਾਸੰ ॥ ਕਰਜੋ ਮਾਥੁਰੇਸੰ ਪੁਰੀਵਾ ਨਵਾਸੰ ॥ ੭੧੪ ॥

'ਲਵਨ' ਦੈਂਤ ਨੂੰ ਸ਼ਤਰੂਘਨ ਨੇ ਮਾਰ ਦਿੱਤਾ, ਤਾਂ ਸਾਰੇ ਸੰਤ ਪ੍ਰਸੰਨ, ਤੇ ਵੈਰੀ ਦੁੱਖੀ ਹੋਏ। ਦੈਂਤ ਪ੍ਰਾਨ ਲੈ ਕੇ ਭੱਜੇ, ਤੇ ਸ਼ਹਿਰ ਦਾ ਵੱਸਣਾ ਛੱਡ ਦਿੱਤਾ, ਅਤੇ ਮਥੁਰਾ ਦੇ ਰਾਜੇ ਨੇ ਮਥੁਰਾ ਪੁਰੀ ਵਿਚ ਆਪਣਾ ਨਿਵਾਸ ਰੱਖ ਲਿਆ ॥ ੭੧੪ ॥

ਭਜੋ ਮਾਥੁਰੇਸੰ ਲਵੰਨਾਸੂ ਹੰਤਾ ॥ ਸਭੈ ਸ਼ਸਤ੍ਰ ਗਾਮੀ ਸੁਭੰ ਸ਼ਾਸਤ੍ਰ ਗੰਤਾ ॥
ਭਏ ਦੁਸ਼ਟ ਦੂਰੰ ਕਰੂਰੰ ਸੁ ਠਾਮੰ ॥ ਕਰਜੋ ਰਾਜ ਤੈਸੋ ਜਿਮੰ ਅਉਧ ਰਾਮੰ ॥ ੭੧੫ ॥

ਫਿਰ ਸ਼ਤਰੂਘਨ ਮਥੁਰਾ ਦਾ ਰਾਜਾ ਹੋਇਆ, ਜੋ ਸਾਰੇ ਸ਼ਸਤਰ ਚਲੌਣ ਵਾਲਾ ਤੇ ਸ਼ਾਸਤਰਾਂ ਨੂੰ ਜਾਨਣ ਵਾਲਾ ਸੀ। ਉਸ ਜਗ੍ਹਾਂ ਤੋਂ ਕਰੂਰ ਦੁਸ਼ਟ ਦੂਰ ਹੋ ਗਏ, ਸ਼ਤਰੂਘਨ ਨੇ ਉਥੇ ਅਜਿਹਾ ਰਾਜ ਕੀਤਾ, ਜੈਸਾ ਅਯੁਧਿਆ ਵਿਚ ਰਾਮ ਜੀ ਕਰਦੇ ਸਨ ॥ ੭੧੫ ॥

ਕਰਿਜੋ ਦੁਸ਼ਟ ਨਾਸੰ ਪਪਾਤੰਤ ਸੂਰੰ ॥ ਉਠੀ ਜੈ ਧੁਨੰ ਪੂਰ ਰਹੀ ਲੋਗ ਪੂਰੰ ॥
ਗਈ ਪਾਰ ਸਿੰਧੰ ਸੁ ਬਿੰਧੰ ਪ੍ਰਹਾਰੰ ॥ ਸੁਨਿਯੋ ਚੱਕ੍ਰ ਚਾਰੰ ਲਵੰ ਲਾਵਣਾਰੰ ॥ ੭੧੬ ॥

ਦੁਸ਼ਟ ਦੈਂਤ ਨੂੰ ਮਾਰਨ ਨਾਲ ਸਭ ਪਾਸਿਆਂ ਤੋਂ ਸ਼ਤਰੂਘਣ ਦੇ ਵਾਸਤੇ ਜੈ ਜੈ ਕਾਰ ਦੀਆਂ ਧੁਨਾਂ ਉੱਠਣ ਲੱਗੀਆਂ। ਉਸਦੀ ਪ੍ਰਸਿੱਧੀ ਚਾਰ ਚੁਫੇਰੇ ਫੈਲ ਗਈ ਅਤੇ ਲਵਣਾਂ ਸੁਰ ਦੇ ਮਰਨ ਨਾਲ ਲੋਕ ਬਹੁਤ ਪ੍ਰਸੰਨ ਹੋਏ ॥ ੭੧੬ ॥

ਸ੍ਰੀ ਬਚਿੱਤਰ ਨਾਟਕ ਗ੍ਰੰਥੇ, ਰਾਮਾਵਤਾਰ, 'ਮਾਤਾ ਮਿਲਣੰ, ਲਵਣਾਸੁਰ ਬਧਹਿ' ਬੀਸਵੋਂ ਧਿਆਇ ਸਮਾਪਤਮ ॥ ਸਤ ਸੁਭਮ ਸੁਤ ॥ ੨੦ ॥ ੭੧੬ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਮਾਤਾ ਮਿਲਾਪ, ਲਵਣਾਸੁਰ ਦੈਂਤ ਨੂੰ ਮਾਰਨਾ' ਵੀਹਵਾਂ ਅਧਿਆਏ ਸਮਾਪਤ ॥ ਸਤ ਸ਼ੁਭਮ ਸਤ ॥ ੨੦ ॥ ੭੧੬ ॥ ਚਲਦਾ ॥

# ਇੱਕੀਵਾਂ ਅਧਿਆਏ

# ਸੀਤਾ ਬਨਬਾਸ

## ਭੁਜੰਗ ਪ੍ਰਯਾਤ ਛੰਦ ॥

ਭਈ ਏਮ ਤਉਨੈ ਇਤੈ ਰਾਵਣਾਰੰ ॥ ਕਹੀ ਜਾਨਕੀ ਸੋ ਸੁਕੱਥੰ ਸੁਧਾਰੰ ॥

**ਰਚੇ ਏਕ ਬਾਗੰ ਅਭਿਰਾਮੰ ਸੁ ਸੋਭੰ ॥ ਲਖੇ ਨੰਦਨੰ ਜਉਨ ਕੀ ਕ੍ਰਾਂਤ ਛੋਭੰ ॥੭੧੭॥**

ਏਧਰ ਤਾਂ ਇਹ ਗੱਲ ਹੋਈ ਓਧਰ ਰਾਮ ਜੀ ਸੀਤਾ ਨੂੰ ਬੜੇ ਪਿਆਰ ਨਾਲ ਕਹਿਣ ਲੱਗੇ ਕਿ ਮੈਂ ਇਕ ਸੁੰਦਰ ਬਾਗ ਲਵਾਇਆ ਹੈ ਜਿਸ ਨੂੰ ਵੇਖ ਕੇ ਸਵਰਗ ਦੇ ਨੰਦਨ ਬਾਗ ਦੀ ਵੀ ਸ਼ੋਭਾ ਫਿਕੀ ਪੈ ਜਾਂਦੀ ਹੈ॥ ੭੧੭॥

**ਸੁਨੀ ਏਮ ਬਾਨੀ ਸੀਆ ਧਰਮ ਧਾਮੰ ॥ ਰਚਿਯੋ ਏਕ ਬਾਗੰ ਮਹਾਂ ਅਭਿਰਾਮੰ ॥**
**ਮਣੀ ਭੂਖਿੰਤੰ ਹੀਰ ਚੀਰੰ ਅਨੰਤੰ ॥ ਲਖੇ ਇੰਦ੍ਰ ਪੱਥੰ ਲਜੇ ਸੋਭ ਵੰਤੰ ॥ ੭੧੮ ॥**

ਸੀਤਾ ਬਹੁਤ ਖੁਸ਼ ਹੋਈ ਜਦ ਰਾਮ ਜੀ ਪਾਸੋਂ ਉਸ ਐਸੇ ਸੁੰਦਰ ਖਾਂਡਣ ਵਣ ਭਾਵ ਬਾਗ ਦੇ ਬਣਾਏ ਜਾਣ ਦੀ ਗੱਲ ਸੁਣੀ ਜਿਹੜਾ ਕਿ ਸੁੰਦਰ ਅਨੰਤ ਹੀਰੇ ਮਣੀਆਂ ਨਾਲ ਜੜਿਆ ਹੋਇਆ ਸੀ ਅਤੇ ਉਸ ਸਾਹਮਣੇ ਸਵਰਗ ਦਾ ਬਾਗ ਵੀ ਤੁੱਛ ਸੀ॥ ੭੧੮॥

**ਮਣੀ ਮਾਲ ਬਜ੍ਰੰ ਸ਼ਸ਼ੋਭਾਹਿ ਮਾਨੰ ॥ ਸਭੈ ਦੇਵ ਦੇਵੰ ਦੁਤੀ ਸੁਰਗ ਜਾਨੰ ॥**
**ਗਏ ਰਾਮ ਤਾ ਮੋ ਸੀਆ ਸੰਗ ਲੀਨੇ ॥ ਕਿਤੀ ਕੋਟ ਸੁੰਦਰੀ ਸਭੈ ਸੰਗਿ ਕੀਨੇ ॥ ੭੧੯ ॥**

ਉਸ ਬਾਗ ਵਿਚ ਮਣੀਆਂ ਤੇ ਹੀਰਿਆਂ ਦੀਆਂ ਲੜੀਆਂ ਸੁਭਾਇਮਾਨ ਹੋ ਰਹੀਆਂ ਸਨ, ਸਾਰੇ ਦੇਵੀ ਦੇਵਤੇ ਉਸ ਨੂੰ ਦੂਜਾ ਸਵਰਗ ਸਮਝਣ ਲੱਗ ਪਏ। ਸ੍ਰੀ ਰਾਮ ਚੰਦ੍ਰ ਜੀ ਸੀਤਾ ਨੂੰ ਨਾਲ ਲੈ ਕੇ ਉਸ ਬਾਗ ਵਿਚ ਗਏ। ਹੋਰ ਕਈ ਕ੍ਰੋੜਾਂ ਸੁੰਦਰ ਦਾਸੀਆਂ ਵੀ ਨਾਲ ਸਨ। ਉਨ੍ਹਾਂ ਸਭਨਾਂ ਨੂੰ ਸੀਤਾ ਦੇ ਨਾਲ ਭੇਜ ਦਿੱਤਾ ਸੀ॥ ੭੧੯॥

**ਰਚਜੋ ਏਕ ਮੰਦ੍ਰੰ ਮਹਾ ਸੁਭ੍ਰ ਠਾਮੰ ॥ ਕਰਜੋ ਰਾਮ ਸੈਨੰ ਤਹਾਂ ਧਰਮ ਧਾਮੰ ॥**
**ਕਰੀ ਕੇਲ ਖੇਲੰ ਸੁ ਬੇਲੰ ਸੁ ਭੋਗੰ ॥ ਹੁਤੋ ਜਉਨ ਕਾਲੰ ਸਮੈ ਜੈਸ ਜੋਗੰ ॥ ੭੨੦ ॥**

ਉਸੇ ਮਹਾਨ ਸੁੰਦਰ ਬਾਗ ਵਿਚ ਇਕ ਮਹਿਲ ਬਣਾਇਆ ਗਿਆ ਸੀ, ਉਸ ਵਿਚ ਧਰਮ ਦੇ ਸਥਾਨ ਰੂਪ ਰਾਮ ਜੀ ਬਿਸਰਾਮ ਕ੍ਰਰਦੇ ਸਨ। ਉਥੇ ਹੀ ਕਈ ਤਰ੍ਹਾਂ ਦੇ ਕੇਲ, ਖੇਲ ਤੇ ਭੋਗ ਬਿਲਾਸ ਕਰਦੇ ਸਨ ਜਦ ਵੀ ਉਨ੍ਹਾਂ ਨੂੰ ਰਾਜ ਕਾਜ ਵਲੋਂ ਕੁਛ ਸਮਾਂ ਮਿਲਦਾ ਸੀ॥ ੭੨੦॥

**ਰਹਜੋ ਸੀਅ ਗਰਭੰ ਸੁਨਯੋ ਸਰਬ ਬਾਮੰ ॥ ਕਹੇ ਏਮ ਸੀਤਾ ਪੁਨਰ ਬੈਨ ਰਾਮੰ ॥**
**ਫਿਰਜੋ ਬਾਗ ਬਾਗੰ ਬਿਦਾ ਨਾਥ ਦੀਜੈ ॥ ਸੁਨੋ ਪ੍ਰਾਨ ਪਿਆਰੇ ਇਹੈ ਕਾਜ ਕੀਜੈ ॥ ੭੨੧ ॥**

ਸੀਤਾ ਨੂੰ ਉਸ ਸਮੇਂ ਗਰਭ ਹੋ ਗਿਆ, ਇਸ ਗੱਲ ਨੂੰ ਸਾਰੀਆਂ ਇਸਤਰੀਆਂ ਨੇ ਸੁਣ ਲਿਆ। ਸੀਤਾ ਨੇ ਫਿਰ ਇਹ ਬਚਨ ਰਾਮ ਜੀ ਨੂੰ ਕਿਹਾ ਮੈਨੂੰ ਵਿਦਾ ਦਿਓ ਮੇਰਾ ਚਿੱਤ ਬਾਗੋ-ਬਾਗ ਫਿਰਨ ਨੂੰ ਕਰਦਾ ਹੈ। ਹੇ ਪ੍ਰਾਣ ਪਿਆਰੇ ! ਮੇਰੀ ਬੇਨਤੀ ਸੁਣੋ, ਅਤੇ ਮੇਰਾ ਇਹੀ ਕਾਰਜ ਪੂਰਾ ਕਰੋ॥ ੭੨੧॥

**ਦੀਯੋ ਰਾਮ ਸੰਗੰ ਸੁਮਿਤ੍ਰਾ ਕੁਮਾਰੰ ॥ ਦਈ ਜਾਨਕੀ ਸੰਗ ਤਾ ਕੇ ਸੁਧਾਰੰ ॥**

**ਜਹਾਂ ਘੋਰ ਸਾਲੰ ਤਮਾਲੰ ਬਿਕ੍ਰਾਲੰ ॥ ਤਹਾਂ ਸੀਅ ਕੋ ਛੋਰ ਆਇਯੋ ਉਤਾਲੰ ॥ ੭੨੨ ॥**

ਲੱਛਮਣ ਨੂੰ ਸ੍ਰੀ ਰਾਮ ਜੀ ਨੇ ਆਗਿਆ ਦਿੱਤੀ, ਅਤੇ ਉਸ ਦੇ ਨਾਲ ਹੀ ਭਲੀ ਪ੍ਰਕਾਰ ਸੀਤਾ ਤੋਰ ਦਿੱਤੀ। ਜਿਥੇ ਵੱਡੇ ਵੱਡੇ ਸਾਲ ਤੇ ਤਮਾਲ ਦੇ ਡਰਾਉਣੇ ਬ੍ਰਿਛ ਸਨ, ਲੱਛਮਣ ਉਥੇ ਸੀਤਾ ਨੂੰ ਛੇਤੀ ਨਾਲ ਛੱਡ ਕੇ ਮੁੜ ਆਇਆ॥ ੭੨੨ ॥

ਭਾਵਾਰਥ - ਸ੍ਰੀ ਗੁਰੂ ਸਾਹਿਬ ਜੀ ਨੇ ਸੀਤਾ ਨੂੰ ਬਨਵਾਸ ਦਾ ਕਾਰਣ, ਕੇਵਲ ਸੀਤਾ ਜੀ ਦੀ ਆਪਣੀ ਹੀ ਜੰਗਲ-ਜੰਗਲ ਫਿਰਨ ਦੀ ਇੱਛਾ ਦੱਸੀ ਹੈ, ਕਿ ਉਸ ਨੇ ਸ੍ਰੀ ਰਾਮ ਜੀ ਪਾਸੋਂ ਆਗਿਆ ਮੰਗੀ, ਅਤੇ ਇਸ ਕੰਮ ਨੂੰ ਪੂਰਾ ਕਰ ਦੇਣ ਦੀ ਤਾਕੀਦ ਕੀਤੀ ਸੀ। ਪਰ ਕਿਸੇ ਕਿਸੇ ਰਮਾਇਣ ਦੇ ਲੇਖਕ ਨੇ ਇਸ ਪ੍ਰਸੰਗ ਦੇ ਕਾਰਣ ਕਈ ਤਰ੍ਹਾਂ ਦੇ ਭੈੜੇ ਖਿਆਲ ਲਿਖੇ ਹਨ, ਜੋ ਯੋਗ ਨਹੀਂ। ਜਿਵੇਂ-

ਇਕ ਰਮਾਇਣ ਵਿਚ ਇਹ ਲਿਖਿਆ ਹੈ ਕਿ ਗੁਪਤ ਦੂਤ ਨੇ ਰਾਮ ਜੀ ਨੂੰ ਕਿਹਾ ਕਿ ਸੀਤਾ ਮਾਤਾ ਲੰਕਾ ਵਿਚ ਰਹੀ ਹੈ, ਅਤੇ ਇਸ ਗੱਲ ਦੀ ਲੋਕੀਂ ਚਰਚਾ ਕਰਦੇ ਹਨ। ਇਹਨਾਂ ਦਿਨਾਂ ਵਿਚ ਹੀ ਰਾਮ ਜੀ ਇਕ ਦਿਨ ਸ਼ਿਕਾਰ ਨੂੰ ਗਏ ਤਾਂ ਇਕ ਧੋਬੀ ਨੂੰ ਉਸ ਦਾ ਸੌਹਰਾ ਕਈ ਤਰ੍ਹਾਂ ਦੀਆਂ ਮਿੰਨਤਾ ਤਰਲੇ ਕਰ ਕੇ ਮਨਾ ਰਿਹਾ ਸੀ। ਅਗੋਂ ਉਸ ਧੋਬੀ ਨੇ ਕਿਹਾ-ਮੈਂ ਕੋਈ ਰਾਮ ਨਹੀਂ ਹਾਂ, ਜੋ ਯਾਰ੍ਹਾਂ ਮਹੀਨੇ ਰਾਵਣ ਦੇ ਘਰ ਰਹਿ ਆਈ ਸੀਤਾ ਨੂੰ ਮੁੜ ਕੇ ਆਪਣੇ ਘਰ ਲੈ ਆਇਆ ਹੈ। ਜੇ ਮੇਰੀ ਵਹੁਟੀ ਹੋ ਕੇ ਮੇਰੀ ਆਗਿਆ ਤੋਂ ਬਿਨਾਂ, ਕਿਸੇ ਦੂਜੇ ਘਰ ਇਕ ਰਾਤ ਵੀ ਰਹਿ ਆਈ ਹੈ, ਉਸ ਨੂੰ ਮੈਂ ਕਿਸੇ ਤਰ੍ਹਾਂ ਵੀ ਘਰ ਨਹੀਂ ਵਾੜਾਂਗਾ। ਇਹ ਬਚਨ ਸੁਣ ਕੇ ਰਾਮ ਜੀ ਨੂੰ ਗੁਪਤ ਦੂਤ ਦੇ ਬਚਨ ਵੀ ਯਾਦ ਆ ਗਏ ਤਾਂ ਆਪ ਜੀ ਨੇ ਸੋਚਿਆ ਕਿ ਇਸ ਨਿੰਦਾ ਰੂਪ ਜੀਵਨ ਨਾਲੋਂ ਮਰਣਾ ਸਰੇਸ਼ਟ ਹੈ, ਇਸ ਲਈ ਆਪ ਜੀ ਨੇ ਸੀਤਾ ਨੂੰ ਬਨਵਾਸ ਦੇ ਦਿੱਤਾ। ਇਕ ਹੋਰ ਰਮਾਇਣ ਵਿਚ ਹੋਰ ਤਰ੍ਹਾਂ ਲਿਖਿਆ ਹੈ ਕਿ ਇਕ ਵਾਰੀ ਸੀਤਾ ਜੀ ਦਾਸੀ ਤੋਂ ਸਿਰ ਗੁੰਦਵਾ ਰਹੇ ਸਨ, ਤਾਂ ਦਾਸੀ ਨੇ ਕਿਹਾ, "ਮਾਤਾ ਜੀ ! ਅਸੀਂ ਸੁਣਦੀਆਂ ਹਾਂ "ਰਾਵਣ ਦੇ ਦਸ ਸਿਰ ਅਤੇ ਵੀਹ ਬਾਹੀਆਂ ਸਨ। ਪਰ ਸਾਨੂੰ ਇਹ ਹੈਰਾਨੀ ਹੈ ਕਿ ਉਸ ਦੇ ਇਕ ਧੜ ਉਤੇ ਦਸ ਸਿਰ ਅਤੇ ਵੀਹ ਬਾਹਾਂ ਕਿਵੇਂ ਟਿਕਦੀਆਂ ਹਨ। ਸੀਤਾ ਨੇ ਉਨ੍ਹਾਂ ਦੀ ਇਹ ਗੱਲ ਸੁਣ ਕੇ ਰਾਵਣ ਦੀ ਇਕ ਤਸਵੀਰ ਬਣਾ ਕੇ ਵਿਖਾ ਦਿੱਤੀ। ਜਿਸ ਵੇਲੇ ਧਰਤੀ ਉਤੇ ਤਸਵੀਰ ਵਾਹੀ ਜਾ ਚੁਕੀ ਸੀ, ਉਸੇ ਵੇਲੇ ਹੀ ਸ੍ਰੀ ਰਾਮ ਚੰਦ੍ਰ ਜੀ ਮਹਲਾਂ ਵਿਚ ਆ ਗਏ। ਉਨ੍ਹਾਂ ਨੇ ਵੀ ਉਹ ਤਸਵੀਰ ਵੇਖ ਲਈ, ਤਾਂ ਆਪ ਨੂੰ ਫੁਰਨਾ ਹੋਇਆ ਕਿ ਜੇਕਰ ਸੀਤਾ ਨੇ ਰਾਵਣ ਨੂੰ ਵੇਖਿਆ ਹੀ ਨਹੀਂ, ਤਾਂ ਉਸ ਦੀ ਮੂਰਤੀ ਕਿਵੇਂ ਬਣਾਈ ਜਾ ਸਕਦੀ ਹੈ ? ਉਸ ਵੇਲੇ ਦੂਤ ਦੀਆਂ ਗੱਲਾਂ ਅਤੇ ਧੋਬੀ ਤੋਂ ਸੁਣੀਆਂ ਗੱਲਾਂ ਦਾ ਭਰਮ ਨਿਸਚੇ ਵਿਚ ਬਦਲ ਗਿਆ ਅਤੇ ਸੀਤਾ ਮਾਤਾ ਨੂੰ ਬਨਵਾਸ ਦੇ ਦਿੱਤਾ।

ਜੇਕਰ ਇਸ ਤਰ੍ਹਾਂ ਦੇ ਪ੍ਰਸੰਗਾਂ ਦੀ ਛਾਣ ਬੀਣ ਕੀਤੀ ਜਾਵੇ ਤਾਂ ਇਹਨਾਂ ਪ੍ਰਸੰਗਾਂ ਅਨੁਸਾਰ ਸੀਤਾ ਮਾਤਾ ਉਤੇ ਕੋਈ ਨਾ ਕੋਈ ਦੋਸ਼ ਆ ਸਕਦਾ ਹੈ, ਅਤੇ ਜਾਂ ਇਹ ਪ੍ਰਸੰਗ ਨਿਰੇ ਪੂਰੇ ਨਿੰਦਾ ਰੂਪ ਹਨ। ਇਸ ਲਈ ਸ੍ਰੀ ਗੁਰੂ ਜੀ ਨੇ ਉਹ ਪ੍ਰਸੰਗ, ਜੋ ਕੇਵਲ ਭਲੇ ਪੁਰਸ਼ਾਂ ਦੀ ਰੁਚੀ ਹੋਇਆ ਕਰਦੀ ਹੈ, ਕਿ ਬ੍ਰਿਧਾਵਸਥਾ ਵਿਚ ਬਾਨ ਪ੍ਰਸਤ ਆਸ਼ਰਮ ਦਾ ਸੇਵਨ ਕਰਨਾ ਜ਼ਰੂਰੀ ਹੈ। ਜਦ ਸੀਤਾ

ਮਾਤਾ ਜੀ ਨੇ ਦਸ ਹਜ਼ਾਰ ਵਰ੍ਹੇ ਰਾਜ ਭੋਗ ਲਿਆ ਤਾਂ ਆਪ ਨੂੰ ਬਨ-ਯਾਤਰਾ ਦੀ ਇੱਛਾ ਹੋਣੀ ਚਾਹੀਦੀ ਸੀ। ਦੂਜਾ ਜਦ ਜਗਤ ਦੀ ਨਿਸ਼ਾਨੀ ਰੂਪ ਪੁਤਰ ਦੀ ਵੀ ਆਸ ਹੋ ਗਈ ਤਾਂ ਆਪ ਨੇ ਗ੍ਰਹਿਸਤ ਤੋਂ ਉਪਰਾਮਤਾ ਪ੍ਰਾਪਤ ਕਰਨ ਲਈ ਹੀ ਬਨ ਜਾਣ ਦੀ ਆਗਿਆ ਮੰਗੀ ਸੀ, ਅਤੇ ਰਾਮ ਜੀ ਤਾਂ ਪੂਰਨ ਪੁਰਖ ਸਨ, ਉਨ੍ਹਾਂ ਨੇ ਇਸੇ ਤਰੀਕੇ ਨਾਲ ਖੇਲ ਖਤਮ ਕਰਨਾ ਹੀ ਸੀ। ਇਸ ਲਈ ਵੀ ਸੀਤਾ ਜੀ ਦਾ ਵਣ ਜਾਣਾ ਜ਼ਰੂਰੀ ਜਾਣ ਕੇ ਬਨਵਾਸ ਦਿੱਤਾ ਸੀ।

**ਬਨੰ ਨਿਰਜਨੰ ਦੇਖ ਕੈ ਕੈ ਅਪਾਰੰ ॥ ਬਨੰਬਾਸ ਜਾਨਜੋ ਦਯੋ ਰਾਵਣਾਰੰ ॥**
**ਰੁਰੋਦੰ ਸੁਰ ਉੱਚੰ ਪਪਾਤੰਤ ਪ੍ਰਾਨੰ ॥ ਰਣੰ ਜੇਮ ਵੀਰੰ ਲਗੇ ਮਰਮ ਬਾਨੰ ॥ ੭੨੩ ॥**

ਵਣ ਨੂੰ ਵੇਖਕੇ ਸੀਤਾ ਜੀ ਨੇ ਜਾਣ ਲਿਆ ਕਿ ਰਾਮ ਜੀ ਨੇ ਉਸਨੂੰ ਬਨਵਾਸ ਦਿੱਤਾ ਸੀ। ਉਸੇ ਵੇਲੇ ਉੱਚੀ ਸੁਰ ਨਾਲ ਰੋਣ ਲੱਗੀ, ਅਤੇ ਪ੍ਰਾਣਾਂ ਤੋਂ ਬੇਸੁਧ ਹੋ ਕੇ ਇਸ ਤਰ੍ਹਾਂ ਡਿੱਗ ਪਈ, ਜਿਵੇਂ ਰਣ ਵਿਚ ਬਾਣ ਲੱਗ ਜਾਣ ਨਾਲ ਸੂਰਮਾ ਡਿੱਗ ਪੈਂਦਾ ਹੈ ॥ ੭੨੩ ॥

**ਮੁਨੀ ਬਾਲਮੀਕੰ ਸੁਤੰ ਦੀਨ ਬਾਨੀ ॥ ਚਲਜੋ ਚਉਕ ਚਿੱਤੰ ਤਜੀ ਮੋਨ ਧਾਨੀ ॥**
**ਸੀਆ ਸੰਗਿ ਲੀਨੇ ਗਯੋ ਧਾਮ ਆਪੰ ॥ ਮਨੋ ਬੱਚ ਕਰਮੰ ਦੁਰਗਾ ਜਾਪ ਜਾਪੰ ॥ ੭੨੪ ॥**

ਸੀਤਾ ਦੇ ਰੋਣ ਦੀ ਆਵਾਜ਼ ਬਾਲਮੀਕ ਨੇ ਕੰਨੀਂ ਸੁਣੀ, ਤਾਂ ਚਿੱਤ ਵਿਚ ਚੌਂਕ (ਤ੍ਰਬੱਕ) ਕੇ ਤੁਰ ਪਿਆ ਅਤੇ ਆਪਣੀ ਸ਼ਾਂਤ ਕੁਟੀ ਛੱਡ ਦਿਤੀ। ਸੀਤਾ ਨੂੰ ਨਾਲ ਲੈ ਕੇ ਆਪਣੇ ਘਰ ਲੈ ਗਿਆ, ਅਤੇ ਮਨ, ਬਾਣੀ ਸਰੀਰ ਕਰ ਕੇ ਦੁਰਗਾ ਦਾ ਜਾਪ ਜਪਣ ਲੱਗਾ। ਭਾਵ ਤਨੋਂ ਮਨੋਂ ਹੋ ਕੇ ਸੀਤਾ ਮਾਤਾ ਜੀ ਦੀ ਸੇਵਾ ਭਗਤੀ ਕਰਨ ਲੱਗਾ ॥ ੭੨੪ ॥

**ਭਯੋ ਏਕ ਪੁੱਤ੍ਰੰ ਤਹਾਂ ਜਾਨਕੀ ਤੈ ॥ ਮਨੋ ਰਾਮ ਕੀਨੋ ਦੁਤੀ ਰਾਮ ਤੇ ਲੈ ॥**
**ਵਹੈ ਚਾਰ ਚਿਹਨੰ ਵਹੈ ਉੱਗ੍ਰ ਤੇਜੰ ॥ ਮਨੋ ਅੱਪ ਅੰਸੰ ਦੁਤੀ ਕਾਢਿ ਭੇਜੰ ॥ ੭੨੫ ॥**

ਉਥੇ ਬਾਲਮੀਕ ਦੇ ਆਸ਼ਰਮ ਵਿਚ ਹੀ ਸੀਤਾ ਦੇ ਗਰਭ ਤੋਂ ਇਕ ਪੁੱਤਰ ਪੈਦਾ ਹੋਇਆ, ਜਿਹੜਾ ਕਿ ਬਿਲਕੁਲ ਦੂਸਰਾ ਰਾਮ ਹੀ ਲੱਗਦਾ ਸੀ। ਓਹੀ ਸੁੰਦਰ ਚਿੰਨ੍ਹ ਸਨ, ਓਹੀ ਉੱਗ੍ਰ ਤੇਜ ਸੀ, ਮਾਨੋ ਰਾਮ ਜੀ ਨੇ ਆਪਣੀ ਅੰਸ ਨੂੰ ਕੱਢ ਕੇ ਦੂਜੀ ਦੇਹ ਵਿਚ ਭੇਜ ਦਿੱਤਾ ॥ ੭੨੫ ॥

**ਦੀਯੋ ਏਕ ਪਾਲੰ ਸੁ ਬਾਲੰ ਰਿਖੀਸੰ ॥ ਲਸੈ ਚੰਦ੍ਰ ਰੂਪੰ ਕਿਧੋ ਦਯੋਸ ਈਸੰ ॥**
**ਗਯੋ ਏਕ ਦਿਵਸੰ ਰਿਖੀ ਸੰਧਿਯਾਨੰ ॥ ਲਯੋ ਬਾਲ ਸੰਗੰ ਗਈ ਸੀਅ ਨਾਨੰ ॥ ੭੨੬ ॥**

ਰਿਖੀ ਬਾਲਮੀਕ ਨੇ ਇਕ ਪੰਘੂੜਾ ਸੀਤਾ ਨੂੰ ਦਿੱਤਾ, ਜੋ ਚੰਦ੍ਰਮਾਂ ਦੇ ਰੂਪ ਵਰਗਾ ਚਮਕਦਾ ਸੀ, ਅਥਵਾ ਦੂਜਾ ਸੂਰਜ ਸੀ। ਇਕ ਦਿਨ ਸੰਧਿਆ ਵੇਲੇ ਰਿਖੀ ਸੀਤਾ ਦੀ ਕੁਟੀਆ ਵਲ ਗਿਆ, ਉਸ ਵੇਲੇ ਬਾਲ ਨੂੰ ਨਾਲ ਲੈ ਕੇ ਸੀਤਾ ਇਸ਼ਨਾਨ ਕਰਨ ਗਈ ਹੋਈ ਸੀ ॥ ੭੨੬ ॥

**ਰਹੀ ਜਾਤ ਸੀਤਾ ਮਹਾਂ ਮੋਨ ਜਾਗੇ॥ ਬਿਨਾ ਬਾਲ ਪਾਲੰ ਲਖਜੇ ਸ਼ੋਕੁ ਪਾਗੇ॥**
**ਕੁਸ਼ਾ ਹਾਥ ਲੈ ਕੈ ਰਚਜੋ ਏਕ ਬਾਲੰ॥ ਤਿਸੀ ਰੂਪ ਰੰਗੰ ਅਨੂਪੰ ਉਤਾਲੰ॥ ੭੨੭॥**

ਸੀਤਾ ਅਗੇ ਜਦੋਂ ਵੀ ਕਿਧਰੇ ਜਾਂਦੀ ਸੀ, ਤਾਂ ਬਾਲ ਪੰਘੂੜੇ ਵਿਚ ਰਹਿੰਦਾ ਸੀ, ਇਸ ਗੱਲ ਨੂੰ ਮਹਾਂ ਮੁਨੀ ਜਾਣਦੇ ਸਨ ਕਿ ਸੀਤਾ ਬੱਚੇ ਨੂੰ ਇਥੇ ਹੀ ਛੱਡ ਜਾਂਦੀ ਹੈ, ਪਰ ਪੰਘੂੜੇ ਨੂੰ ਬਾਲ ਤੋਂ ਬਿਨਾਂ ਵੇਖ ਕੇ ਮੁਨੀ ਨੇ ਕਿਹਾ ਬੱਚੇ ਨੂੰ ਤਾਂ ਕੋਈ ਜਾਨਵਰ ਚੁਕ ਕੇ ਲੈ ਗਿਆ ਹੈ। ਬਾਲਮੀਕ ਜੀ ਦੇ ਮਨ ਨੂੰ ਸ਼ੋਕ ਨੇ ਘੇਰ ਲਿਆ। ਉਸੇ ਵੇਲੇ ਹਥ ਵਿਚ ਕੁਸ਼ਾ ਲੈ ਕੇ, ਬਾਲਮੀਕ ਨੇ ਇਕ ਬਾਲ ਬਣਾ ਦਿੱਤਾ, ਜੋ ਉਸੇ ਹੀ ਰੂਪ ਰੰਗ ਵਾਲਾ ਤੇ ਬੜਾ ਸੁੰਦਰ ਸੀ॥ ੭੨੭॥

**ਫਿਰੀ ਨਾਇ ਸੀਤਾ ਕਹਾ ਆਨ ਦੇਖਜੇ॥ ਉਹੀ ਰੂਪ ਬਾਲੰ ਸੁਪਾਲੰ ਬਸੇਖਜੇ॥**
**ਕ੍ਰਿਪਾ ਮੋਨ ਰਾਜੰ ਘਨੀ ਜਾਨ ਕੀਨੋ॥ ਦੁਤੀ ਪੁੱਤ੍ਰ ਤਾ ਤੇ ਕ੍ਰਿਪਾ ਜਾਨ ਦੀਨੋ॥ ੭੨੮॥**

ਸੀਤਾ ਇਸ਼ਨਾਨ ਕਰਕੇ ਜਦ ਮੁੜੀ ਤਾਂ ਆਣ ਕੇ ਕੀ ਵੇਖਿਆ, ਕਿ ਉਸੇ ਰੂਪ ਵਾਲਾ ਇਕ ਦੂਸਰਾ ਬਾਲ ਪੰਘੂੜੇ ਵਿਚ ਖੇਡ ਰਿਹਾ ਸੀ। ਸੀਤਾ ਨੇ ਮਹਾਂ ਮੁਨੀ ਜੀ ਦੀ ਆਪਣੇ ਉਤੇ ਵਡੀ ਕ੍ਰਿਪਾ ਜਾਣ ਲਈ। ਜਿਸ ਕਰ ਕੇ ਉਨ੍ਹਾਂ ਨੇ ਕਿਰਪਾ ਕਰਕੇ ਦੂਜਾ ਪੁੱਤਰ ਬਖਸ਼ ਦਿੱਤਾ ਸੀ॥ ੭੨੮॥

ਭਾਵਰਥ:- ਕਿਸੇ ਕਿਸੇ ਰਾਮਾਇਣ ਵਿਚ ਲਿਖਿਆ ਹੈ ਕਿ ਸੀਤਾ ਨੂੰ ਦੋ ਪੁੱਤਰ ਹੀ ਹੋਏ ਸਨ, ਜੋ ਰਿਖੀ ਜੀ ਦੀ ਆਗਿਆ ਨਾਲ ਇਕ ਨੂੰ ਲੂਣ ਨਾਲ ਤੇ ਇਕ ਨੂੰ ਕੁਸ਼ਾਂ ਨਾਲ ਢੱਕ ਦਿੱਤਾ ਸੀ। ਇਸ ਕਰ ਕੇ ਉਨ੍ਹਾਂ ਦਾ ਨਾਮ ਲਵੋ ਤੇ ਕੁਸ਼ੂ ਹੋਇਆ। ਪਰ ਬਹੁਤੀਆਂ ਰਮਾਇਣਾਂ ਵਿਚ ਐਸਾ ਹੀ ਲਿਖਿਆ ਹੈ ਕਿ ਪੁੱਤਰ ਤਾਂ ਇਕੋ ਹੋਇਆ ਸੀ, ਪਰ ਸੀਤਾ ਜੀ ਇਕ ਦਿਨ ਇਸ਼ਨਾਨ ਕਰਨ ਗਏ, ਅਤੇ ਰਿਖੀ ਜੀ ਨੂੰ ਕਹਿ ਦਿੱਤਾ ਕਿ ਬੱਚਾ ਪੰਘੂੜੇ ਵਿਚ ਪਿਆ ਹੈ। ਜਦ ਨਦੀ ਕਿਨਾਰੇ ਪਹੁੰਚੀ ਤਾ ਸੀਤਾ ਮਮਤਾ ਵੱਸ ਹੋ ਗਈ। ਫਿਰ ਮਨ ਵਿਚ ਵਿਚਾਰ ਆਇਆ, ਰਿਖੀ ਜੀ ਧਿਆਨ ਵਿਚ ਮਗਨ ਬੈਠੇ ਹਨ ਕਿਤੇ ਕੋਈ ਜਾਨਵਰ ਆ ਕੇ ਬੱਚੇ ਨੂੰ ਨਸ਼ਟ ਨਾ ਕਰ ਜਾਏ। ਇਹ ਸੋਚ ਕੇ ਸੀਤਾ ਨਦੀ ਤੋਂ ਮੁੜ ਗਈ, ਅਤੇ ਚੁਪ ਕੀਤੀ ਹੀ ਬਾਲਕ ਨੂੰ ਚੁਕ ਲਿਆਈ। ਜਦੋਂ ਮਗਰੋਂ ਰਿਖੀ ਜੀ ਨੇ ਅੱਖ ਖੋਲ੍ਹੀ ਤਾਂ ਪਲਨਾ ਖਾਲੀ ਵੇਖ ਕੇ ਸੋਚਿਆ, 'ਸੀਤਾ ਸਾਨੂੰ ਬੱਚੇ ਦੀ ਰਖਵਾਲੀ ਲਈ ਕਹਿ ਗਈ ਸੀ, ਅਸੀਂ ਉਸ ਦੀ ਰਖਿਆ ਨਹੀਂ ਕੀਤੀ, ਅਤੇ ਬੱਚੇ ਨੂੰ ਕਿਸੇ ਜਾਨਵਰ ਨੇ ਚੁੱਕ ਲਿਆ ਹੈ' ਇਸ ਲਈ ਆਪ ਨੇ ਕਾਹਲੀ ਨਾਲ ਕੁਸ਼ਾਂ ਤੋਂ ਇਕ ਹੋਰ ਲੜਕਾ ਬਣਾ ਦਿੱਤਾ, ਜਿਸ ਦਾ ਨਾਮ 'ਕੁਸ਼ੂ' ਪ੍ਰਸਿੱਧ ਹੋਇਆ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਸੀਤਾ ਕੋ ਬਨਬਾਸ ਦੀਬੋ, ਦੁਇ ਪੁਤ੍ਰ ਉਤਪੰਨੇ' ਇਕੀਵੋਂ ਧਿਆਏ ਸਮਾਪਤੰ॥ ਸਤੁ ਸੁਭਮ ਸਤੁ॥ ੨੧॥ ੭੨੮॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ 'ਸੀਤਾ ਬਨਬਾਸ, ਦੋ ਪੁੱਤਰ ਪੈਦਾ ਹੋਏ' ਇੱਕੀਵਾ ਅਧਿਆਏ ਸਮਾਪਤ॥ ਸਤ ਸਭਮ ਸਤ॥ ੨੧॥ ੭੨੮॥ ਚਲਦਾ॥

# ਬਾਈਵਾਂ ਅਧਿਆਇ

# ਸ਼ਤਰੂ ਘਣ ਯੁਧ ਵਰਣਨ

## ਭੁੰਜਗ ਪ੍ਰਯਾਤ ਛੰਦ॥

**ਉਤੈ ਬਾਲ ਪਾਲੈ ਇਤੈ ਅਉਧ ਰਾਜੰ॥ ਬੁਲੇ ਬਿੱਪ ਜਗਜੰ ਤਜਜੋ ਏਕ ਬਾਜੰ॥**
**ਰਿਪੰ ਨਾਸ ਹੰਤਾ ਦਯੋ ਸੰਗ ਤਾਕੈ॥ ਬਡੀ ਫਉਜ ਲੀਨੇ ਚਲਜੋ ਸੰਗ ਵਾਕੇ॥ ੭੨੯॥**

ਉਧਰ ਸੀਤਾ ਬਾਲਾਂ ਨੂੰ ਪਾਲਦੀ ਸੀ, ਇਧਰ ਅਯੁਧਿਆ ਦੇ ਰਾਜੇ ਸ੍ਰੀ ਰਾਮ ਚੰਦ੍ਰ ਜੀ ਨੇ ਬ੍ਰਾਹਮਣ ਬੁਲਾਏ ਅਤੇ ਜੱਗ ਵਾਸਤੇ ਇਕ ਘੋੜਾ ਛੱਡ ਦਿੱਤਾ। ਸ਼ਤਰੂਘਨ ਨੂੰ ਉਸ ਘੋੜੇ ਦੇ ਨਾਲ ਸੈਨਾ ਦੇ ਕੇ ਭੇਜ ਦਿੱਤਾ, ਜੋ ਬਹੁਤ ਸਾਰੀ ਬਲਵਾਨ ਫੌਜ ਲੈ ਕੇ ਉਸ ਦੇ ਨਾਲ ਤੁਰਿਆ॥ ੭੨੯॥

**ਫਿਰਜੋ ਦੇਸ ਦੇਸੰ ਨਰੇਸ਼ਾਨ ਬਾਜੰ॥ ਕਿਨੀ ਨਾਹਿ ਬਾਧਜੋ ਮਿਲੇ ਆਨ ਰਾਜੰ॥**
**ਮਹਾਂ ਉਗ੍ਰ ਧਨਿਯਾਂ ਬਡੀ ਫਉਜ ਲੈ ਕੈ॥ ਪਰੇ ਆਨ ਪਾਯੰ ਬਡੀ ਭੇਟ ਦੈਕੈ॥ ੭੩੦॥**

ਰਾਜਿਆਂ ਦੇ ਦੇਸਾਂ ਦੇਸਾਂ ਵਿਚ ਘੋੜਾ ਫਿਰਿਆ, ਕਿਸੇ ਨੇ ਵੀ ਉਸ ਨੂੰ ਨਾ ਬੰਨ੍ਹਿਆ। ਸਾਰੇ ਰਾਜੇ ਅਗੋਂ ਆਣ ਕੇ ਮਿਲੇ। ਜੋ ਵਡੇ ਵੱਡੇ ਧਨੁਖਧਾਰੀ ਸਨ, ਬਹੁਤ ਸਾਰੀ ਫੌਜ ਲੈ ਕੇ, ਅਤੇ ਵਡੀਆਂ ਭੇਟਾਂ ਦੇ ਕੇ, ਆ ਕੇ ਸ਼ਤਰੂਘਨ ਦੀ ਪੈਰੀਂ ਪੈ ਗਏ॥ ੭੩੦॥

**ਦਿਸ਼ਾ ਚਾਰ ਜੀਤੀ ਫਿਰਜੋ ਫੇਰਿ ਬਾਜੀ॥ ਗਯੋ ਬਾਲਮੀਕੰ ਰਿਖਿ ਸਥਾਨ ਤਾਜੀ॥**
**ਜਬੈ ਭਾਲ ਪਤ੍ਰੰ ਲਵੰ ਛੋਰ ਬਾਚਯੋ॥ ਬਡੋ ਉਗ੍ਰਧੰਨਜਾ ਰਸੰ ਰੁਦ੍ਰ ਰਾਚਜੋ॥ ੭੩੧॥**

ਚੋਹਾਂ ਦਿਸਾਂ ਨੂੰ ਜਿਤ ਲਿਆ ਤਾਂ ਘੋੜਾ ਪਿਛੇ ਨੂੰ ਮੁੜ ਪਿਆ। ਜਾਂਦਾ ਜਾਂਦਾ ਉਹ ਘੋੜਾ ਬਾਲਮੀਕ ਰਿਖੀ ਦੇ ਸਥਾਨ ਤੇ ਚਲਾ ਗਿਆ। ਉਸ ਦੇ ਮੱਥੇ ਉਤੇ ਬੱਧੇ ਹੋਏ ਸੋਨੇ ਦੇ ਪਤਰੇ ਨੂੰ ਜਦ ਲਊ ਨੇ ਮੁੱਢ ਤੋਂ ਲੈ ਕੇ ਅੰਤ ਤੱਕ ਪੜ੍ਹਿਆ ਤਾਂ ਵਡੇ ਵੱਡੇ ਧਨੁਖ ਨੂੰ ਧਾਰਨ ਕਰਨ ਵਾਲਾ ਲਊ ਗੁਸੇ ਵਿਚ ਮਚ ਗਿਆ॥ ੭੩੧॥

**ਬ੍ਰਿਛੰ ਬਾਜ ਬਾਂਧਜੋ ਲਖਜੋ ਸ਼ਸਤ੍ਰ ਧਾਰੀ॥ ਬਡੋ ਨਾਦ ਕੈ ਸਰਬ ਸੈਨਾ ਪੁਕਾਰੀ॥**
**ਕਹਾ ਜਾਤ ਰੇ ਬਾਲ ਲੀਨੇ ਤੁਰੰਗੰ॥ ਤਜੋ ਨਾਹਿ ਯਾਕੋ ਸਜੋ ਆਨ ਜੰਗੰ॥ ੭੩੨॥**

ਉਸਨੇ ਘੋੜੇ ਨੂੰ ਫੜ ਕੇ ਦਰਖਤ ਨਾਲ ਬੰਨ੍ਹ ਦਿੱਤਾ। ਸ਼ਤਰੂਘਨ ਦੇ ਫੋਜੀਆਂ ਨੇ ਵੇਖ ਲਿਆ, ਤਾਂ ਸਾਰੀ ਸੈਨਾ ਵਡੇ ਜ਼ੋਰ ਨਾਲ ਬੋਲਣ ਲਗ ਪਈ-'ਹੇ ਬਾਲਕ ਘੋੜੇ ਨੂੰ ਕਿਥੇ ਲਈ ਜਾਂਦਾ ਹੈਂ? ਇਸ ਨੂੰ ਛੱਡ ਦੇਹੁ, ਨਹੀਂ ਤਾਂ ਆਣ ਕੇ ਸਾਡੇ ਨਾਲ ਜੰਗ ਕਰ॥ ੭੩੨॥

**ਸੁਣਜੋ ਨਾਮ ਜੁੱਧੰ ਜਬੈ ਸ੍ਰੋਣ ਸੂਰੰ॥ ਮਹਾ ਸ਼ਸਤ੍ਰ ਸਉਡੀ ਮਹਾਂ ਲੋਹ ਪੂਰੰ॥**
**ਹਠੇ ਬੀਰ ਹਾਠੈ ਸਭੈ ਸ਼ਸਤ੍ਰ ਲੈਕੈ॥ ਪਰਜੋ ਮੱਧਿ ਸੈਣੰ ਬਡੋ ਨਾਦ ਕੈਕੈ॥ ੧੩੩॥**

ਯੁੱਧ ਦਾ ਨਾਂ ਜਦ ਉਸ ਸ਼ਸਤਰਧਾਰੀ ਸੂਰਮੇ ਨੇ ਸੁਣਿਆਂ ਤਾਂ ਉਨ੍ਹਾਂ ਪੂਰੇ ਰੋਹ ਨਾਲ ਤੀਰਾਂ ਦੀ ਵਰਖਾ ਕੀਤੀ। ਸਾਰੇ ਸੂਰਮੇ ਹੱਠ ਨਾਲ ਸ਼ਸਤਰ ਫੜਕੇ ਲੜਨ ਲੱਗੇ ਅਤੇ ਲਵ ਬੜਾ ਕਰੋਧ ਕਰਕੇ ਸੈਨਾ ਨੂੰ ਆ ਪਿਆ॥ ੧੩੩॥

**ਭਲੀ ਭਾਂਤ ਮਾਰੇ ਪਚਾਰੇ ਸੁ ਸੂਰੰ॥ ਗਿਰੇ ਜੁੱਧ ਜੋਧਾ ਰਹੀ ਧੂਰ ਪੂਰੰ॥**
**ਉਠੀ ਸ਼ਸਤ੍ਰ ਝਾਰੰ ਅਪਾਰੰਤ ਵੀਰੰ॥ ਭ੍ਰਮੇ ਰੁੰਡ ਮੁੰਡੰ ਤਨੰ ਤੱਛ ਤੀਰੰ॥ ੧੩੪॥**

ਸੂਰਮਿਆਂ ਨੂੰ ਸੈਨਾ ਨੇ ਵੰਗਾਰ ਵੰਗਾਰ ਕੇ ਚੰਗੀ ਤਰ੍ਹਾਂ ਮਾਰਿਆ। ਜੁੱਧ ਵਿਚ ਜੋਧੇ ਡਿਗ ਪਏ, ਜਿਨ੍ਹਾਂ ਨਾਲ ਧਰਤੀ ਉਤੇ ਧੂੜ ਉੱਡੀ। ਅਪਾਰਾਂ ਹੀ ਸੂਰਮਿਆਂ ਦੇ ਸ਼ਸਤਰਾਂ ਵਿਚੋਂ ਅੱਗ ਨਿਕਲਦੀ। ਕਿੰਨੇ ਹੀ ਰੁੰਡ ਤੇ ਮੁੰਡ ਰੁਲ ਰਹੇ ਸਨ, ਅਤੇ ਕਿੰਨੇ ਹੀ ਤੀਰਾਂ ਦੇ ਤੱਛੇ ਹੋਏ ਤਨ ਰਣ-ਭੂਮੀ ਵਿਚ ਫਿਰ ਰਹੇ ਸਨ॥ ੧੩੪॥

**ਗਿਰੇ ਲੁੱਥ ਪੱਥੰ ਸੁ ਜੁੱਥੰਤ ਬਾਜੀ॥ ਭ੍ਰਮੈ ਛੂਛ ਹਾਥੀ ਬਿਨਾ ਸੁਆਰ ਤਾਜੀ॥**
**ਗਿਰੇ ਸ਼ਸਤ੍ਰ ਹੀਣੰ ਬਿਅੱਸਤ੍ਰੰਤ ਸੂਰੰ॥ ਹਸੇ ਭੂਤ ਪ੍ਰੇਤੰ ਭ੍ਰਮੀ ਗੈਣ ਹੂਰੰ॥ ੧੩੫॥**

ਲੋਥਾਂ ਉਤੇ ਲੋਥਾਂ ਡਿੱਗੀਆਂ ਪਈਆਂ ਸਨ। ਕਿੰਨੇ ਹੀ ਘੋੜਿਆਂ ਦੇ ਝੁੰਡ ਡਿੱਗੇ ਪਏ ਸਨ, ਕਿੰਨੇ ਹੀ ਖਾਲੀ ਹਾਥੀ ਅਤੇ ਸੁਆਰਾਂ ਤੋਂ ਹੀਣੇ ਘੋੜੇ ਫਿਰ ਰਹੇ ਸਨ, ਕਿੰਨੇ ਹੀ ਸੂਰਮੇ ਸ਼ਸਤ੍ਰਾਂ ਤੋਂ ਹੀਣੇ ਬੇਸੁਧ ਜੇਹੇ ਹੋ ਕੇ ਡਿੱਗੇ ਪਏ ਸਨ। ਰਣ ਭੂਮੀ ਵਿਚ ਭੂਤ ਤੇ ਪ੍ਰੇਤ ਹੱਸਦੇ ਸਨ, ਅਤੇ ਅਕਾਸ਼ ਵਿਚ ਹੂਰਾਂ ਫਿਰ ਰਹੀਆਂ ਸਨ॥ ੧੩੫॥

**ਘਣੰ ਘੋਰ ਨੀਸ਼ਾਨ ਬੱਜੇ ਅਪਾਰੰ॥ ਖਹੇ ਵੀਰ ਧੀਰੰ ਉਠੀ ਸ਼ਸਤ੍ਰ ਝਾਰੰ॥**
**ਚਲੇ ਚਾਰ ਚਿਤ੍ਰੰ ਬਚਿੱਤ੍ਰੰਤ ਬਾਣੰ॥ ਰਣੰ ਰੋਸ ਰੱਜੇ ਮਹਾਂ ਤੇਜਵਾਣੰ॥ ੧੩੬॥**

ਘਣਘੋਰ ਨਗਾਰੇ ਵੱਜਣ ਲੱਗੇ, ਧੀਰਜ ਵਾਲੇ ਸੂਰਮੇ ਆਪੋ ਵਿਚ ਭਿੜਨ ਲੱਗੇ, ਜਿਨ੍ਹਾਂ ਦੇ ਸ਼ਸਤਰਾਂ ਵਿਚੋਂ ਅੱਗ ਨਿਕਲਦੀ ਸੀ, ਅਲੌਕਿਕ ਚਿੱਤ੍ਰਕਾਰੀ ਕਰਦੇ ਹੋਏ ਤੀਰ ਚਲਣ ਲੱਗੇ। ਵਡੇ ਤੇਜ ਵਾਲੇ ਸੂਰਮੇ ਜੰਗ ਦੇ ਰੋਸ ਨਾਲ ਭਰੇ ਫਿਰਨ ਲੱਗੇ॥ ੧੩੬॥

## ਚਾਚਰੀ ਛੰਦ॥

**ਉਠਾਈ॥ ਦਿਖਾਈ॥ ਨਚਾਈ॥ ਚਲਾਈ॥ ੧੩੭॥**

ਕਿਰਪਾਣ ਉਠਾਈ, ਵਿਖਾਈ, ਨਚਾਈ ਅਤੇ ਫਿਰ ਵੈਰੀ ਉਤੇ ਚਲਾ ਦਿੱਤੀ॥ ੧੩੭॥

**ਭ੍ਰਮਾਈ ॥ ਦਿਖਾਈ ॥ ਕੰਪਾਈ ॥ ਚਖਾਈ ॥ ੭੩੮ ॥**

ਪਹਿਲਾਂ ਭਰਮ ਵਿਚ ਪਾਇਆ, ਫਿਰ ਕਿਰਪਾਣ ਵਿਖਾਈ ਅਤੇ ਫਿਰ ਆਪਣੇ ਹੱਥ ਵਿਚ ਫੜਕੇ ਕੰਬਾਈ ਅਤੇ ਵੈਰੀ ਨੂੰ ਉਸਦਾ ਮਜ਼ਾ ਚਿਖਾ ਦਿੱਤਾ ॥ ੭੩੮ ॥

**ਕਤਾਰੀ ॥ ਅਪਾਰੀ ॥ ਪ੍ਰਹਾਰੀ ॥ ਸੁਨਾਰੀ ॥ ੭੩੯ ॥**

ਕਟਾਰੀ ਚੁਕੀ, ਲਿਸ਼ਕਾਈ ਅਤੇ ਬੜੇ ਜੋਸ਼ ਨਾਲ ਵਾਰ ਕੀਤਾ ॥ ੭੩੯ ॥

**ਪਚਾਰੀ ॥ ਪ੍ਰਹਾਰੀ ॥ ਹਕਾਰੀ ॥ ਕਟਾਰੀ ॥ ੭੪੦ ॥**

ਵੈਰੀ ਨੂੰ ਲਲਕਾਰਿਆ, ਵੰਗਾਰਿਆ ਅਤੇ ਕਟਾਰੀ ਨਾਲ ਮਾਰਿਆ ॥ ੭੪੦ ॥

**ਉਠਾਏ ॥ ਗਿਰਾਏ ॥ ਭਗਾਏ ॥ ਦਿਖਾਏ ॥ ੭੪੧ ॥**

ਹਥਿਆਰ ਚੁਕ ਕੇ ਵੈਰੀ ਉਤੇ ਫੇਰ ਡੇਗ ਦਿੱਤੇ ਗਏ ਜਦੋਂ ਉਨ੍ਹਾਂ ਨੇ ਕਰਾਰੇ ਹੱਥ ਵੇਖੇ ਤਾਂ ਭੱਜ ਗਏ ॥੭੪੧ ॥

**ਚਲਾਏ ॥ ਪਚਾਏ ॥ ਤ੍ਰਸਾਏ ॥ ਚੁਟਆਏ ॥ ੭੪੨ ॥**

ਤੀਰ ਚਲਾਏ ਗਏ, ਖਾਧੇ ਗਏ ਅਤੇ ਸੂਰਬੀਰਾਂ ਨੂੰ ਭੈਭੀਤ ਕੀਤਾ ਗਿਆ ॥ ੭੪੨ ॥

## ਅਣਕਾ ਛੰਦ ॥

**ਜਬ ਸਰ ਲਾਗੇ ॥ ਤਬ ਸਭ ਭਾਗੇ ॥ ਦਲਪਤ ਮਾਰੇ ॥ ਭਟ ਭਟਕਾਰ ॥ ੭੪੩ ॥**

ਲਊ ਕੁਸ਼ੂ ਦੇ ਚਲਾਏ ਤੀਰ ਜਦੋਂ ਲੱਗੇ ਤਦੋਂ ਹੀ ਰਾਮ ਜੀ ਦੇ ਸਾਰੇ ਸੂਰਮੇ ਭੱਜ ਗਏ, ਉਨ੍ਹਾਂ ਦੇ ਸੈਨਾਪਤਿ ਮਾਰੇ ਗਏ ਅਤੇ ਕਈ ਸੂਰਮੇ ਏਧਰ ਓਧਰ ਭੱਜ ਗਏ ॥ ੭੪੩ ॥

**ਹਯ ਤਜ ਭਾਗੇ ॥ ਰਘੁਬਰ ਆਗੇ ॥ ਬਹੁ ਬਿਧ ਰੋਵੈਂ ॥ ਸਮੁਹਿ ਨ ਜੋਵੈਂ ॥ ੭੪੪ ॥**

ਉਹ ਘੋੜਿਆਂ ਨੂੰ ਛੱਡ ਕੇ ਰਾਮ ਜੀ ਵੱਲ ਭੱਜ ਗਏ ਅਤੇ ਕਈ ਪ੍ਰਕਾਰ ਨਾਲ ਰੋਂਦੇ ਹੋਏ ਰਾਮ ਜੀ ਦੇ ਸਾਹਮਣੇ ਹੋਣ ਦੀ ਹਿੰਮਤ ਨਹੀਂ ਕਰ ਰਹੇ ਸਨ ॥ ੭੪੪ ॥

**ਲਵ ਅਰ ਮਾਰੇ ॥ ਤਵ ਦਲ ਹਾਰੇ ॥ ਦ੍ਵੈ ਸਿਸ ਜੀਤੇ ॥ ਨਹ ਭਯ ਭੀਤੇ ॥ ੭੪੫ ॥**

ਉਹ ਕਹਿਣ ਲੱਗੇ, "ਹੇ ਰਾਮ ਜੀ ! ਵੈਰੀ ਨੇ ਸ਼ਤ੍ਰਘਨ ਨੂੰ ਮਾਰ ਦਿੱਤਾ ਹੈ, ਤੁਹਾਡੀ ਸੈਨਾ ਹਾਰ ਗਈ ਹੈ। ਦੋ ਬਾਲਕ ਜੰਗ ਜਿੱਤ ਗਏ ਹਨ, ਉਹ ਕਿਸੇ ਦਾ ਡਰ ਨਹੀਂ ਮੰਨਦੇ ॥ ੭੪੫ ॥

ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਸ਼ਤ੍ਰਘਨ ਬਧਹਿ' ਬਾਈਸਵੋਂ ਧਿਆਏ ਸਮਾਪਤਮ॥ ਸਤੁ ਸੁਭਮ ਸਤੁ ॥ ੨੨ ॥ ੭੪੫ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਵਤਾਰ, 'ਸ਼ਤਰੂਘਨ ਦਾ ਕਤਲ', ਬਾਈਵਾਂ ਅਧਿਆਏ ਸਮਾਪਤ॥

ਸਤ ਸੁਭਮ ਸਤ ॥ ੨੨ ॥ ੭੪੫ ॥ ਚਲਦਾ ॥

# ਤੇਈਵਾਂ ਅਧਿਆਏ

# ਲਛਮਨ ਯੁੱਧ ਵਰਣਨ

## ਅਣਕਾ ਛੰਦ ॥

**ਲਛਮਨ ਭੇਜਾ ॥ ਬਹੁ ਦਲ ਲੇਜਾ ॥ ਜਿਨ ਸਿਸ ਮਾਰੂ ॥ ਮੋਹਿ ਦਿਖਾਰੂ ॥ ੭੪੬ ॥**

ਸ੍ਰੀ ਰਾਮ ਜੀ ਨੇ ਲਛਮਣ ਨੂੰ ਭੇਜਿਆ, ਉਸ ਨੂੰ ਕਿਹਾ ਬਹੁਤੀ ਫੌਜ ਲੈ ਜਾਹੁ, ਪਰ ਬੱਚਿਆਂ ਨੂੰ ਮਾਰਨਾ ਨਹੀਂ ਮੈਨੂੰ ਲਿਆ ਕੇ ਵਿਖਾਉਣੇ ॥ ੭੪੬ ॥

**ਸੁਣ ਲਹੁ ਭ੍ਰਾਤੰ ॥ ਰਘੁਬਰ ਬਾਤੰ ॥ ਸਜ ਦਲ ਚੱਲਜੋ ॥ ਜਲ ਥਲ ਹੱਲਜੋ ॥ ੭੪੭ ॥**

ਰਾਮ ਜੀ ਦੀ ਗੱਲ ਨੂੰ ਲਛਮਣ ਨੇ ਸੁਣਿਆਂ ਤਾਂ ਸੈਨਾ ਸਜਾ ਕੇ ਤੁਰ ਪਿਆ। ਉਸ ਵੇਲੇ ਜਲ ਥਲ ਹਿਲ ਗਿਆ ॥ ੭੪੭ ॥

**ਉਠ ਦਲ ਧੂਰੰ ॥ ਨਭ ਝੜ ਪੂਰੰ ॥ ਚਹੁ ਦਿਸ ਢੂਕੇ ॥ ਹਰਿ ਹਰਿ ਕੂਕੇ ॥ ੭੪੮ ॥**

ਫੌਜ ਦੇ ਪੈਰਾਂ ਨਾਲ ਜੋ ਮਿੱਟੀ ਉੱਡੀ, ਉਸ ਨਾਲ ਅਕਾਸ਼ ਭਰ ਗਿਆ, ਚੌਹਾਂ ਤਰਫਾਂ ਤੋਂ ਜੋਧੇ ਢੁੱਕੇ ਸਨ, ਅਤੇ ਮੂੰਹੋਂ ਹਰੀ ਦਾ ਨਾਮ ਬੋਲਦੇ ਸਨ ॥ ੭੪੮ ॥

**ਬਰਖਤ ਬਾਣੰ ॥ ਥਿਰਕਤ ਜੁਆਣੰ ॥ ਲਹ ਲਹ ਧੁਜਣੰ ॥ ਖਹਖਹ ਭੁਜਣੰ ॥ ੭੪੯ ॥**

ਜਦ ਤੀਰਾਂ ਦੀ ਵਰਖਾ ਹੋਈ ਤਾਂ ਜੁਆਨ ਥਰ ਥਰ ਕੰਬਣ ਲੱਗੇ। ਝੰਡੇ ਲਹਿਰਾਉਣ ਲੱਗੇ ਅਤੇ ਸੂਰਮੇ ਲੜ ਲੜ ਮਰਨ ਲੱਗੇ ॥ ੭੪੯ ॥

**ਹਸਿ ਹਸਿ ਢੂਕੇ ॥ ਕਸਿ ਕਸਿ ਕੂਕੇ ॥ ਸੁਣ ਸੁਣ ਬਾਲੰ ॥ ਹਠੀ ਤਜ ਉਤਾਲੰ ॥ ੭੫੦ ॥**

ਹੱਸ ਹੱਸ ਕੇ ਸੂਰਮੇ ਨੇੜੇ ਹੁੰਦੇ ਸਨ, ਜ਼ੋਰ ਜ਼ੋਰ ਨਾਲ ਬੋਲਦੇ ਸਨ-ਸੁਣੋ, ਸੁਣੋ, ਬਾਲਕਿਓ ! ਹਠ ਨੂੰ ਛੱਡ ਕੇ, ਛੇਤੀ ਨਾਲ ਲਛਮਣ ਦੀ ਸ਼ਰਣ ਆ ਜਾਓ ॥ ੭੫੦ ॥

**ਦੋਹਰਾ ॥ ਹਮ ਨਹੀ ਤਜਾਗਤ ਬਾਜ ਬਰ ਸੁਣਿ ਲਛਮਨਾ ਕੁਮਾਰ ॥**
**ਅਪਨੋ ਭਰ ਬਲ ਜੁੱਧ ਕਰ ਅਬ ਹੀ ਸ਼ੰਕ ਬਿਸਾਰ ॥ ੭੫੧ ॥**

ਲਊ ਤੇ ਕੁਸ਼ੂ ਨੇ ਉੱਤਰ ਦਿੱਤਾ, "ਹੇ ਲਛਮਣ ਕੁਮਾਰ ! ਸੁਣੋ, ਅਸੀਂ ਇਸ ਸੁੰਦਰ ਘੋੜੇ ਨੂੰ ਨਹੀਂ ਛੱਡਾਂਗੇ ਤੂੰ ਆਪਣਾ ਸਾਰਾ ਜ਼ੋਰ ਲਾ ਕੇ, ਹੁਣ ਨਿਸ਼ੰਗ ਹੋ ਕੇ ਜੁੱਧ ਕਰ" ॥ ੭੫੧ ॥

## ਅਣਕਾ ਛੰਦ ॥

**ਲਛਮਨ ਗੱਜਜੇ ॥ ਬਡ ਧਨ ਸੱਜਜੇ ॥ ਬਹੁ ਸਰ ਛੋਰੇ ॥ ਜਣ ਘਣ ਓਰੇ ॥ ੧੫੨ ॥**

ਲੜਕਿਆਂ ਦੀ ਦਲੇਰੀ ਸੁਣ ਕੇ ਲਛਮਣ ਨੇ ਲਲਕਾਰਾ ਮਾਰਿਆ, ਹੱਥ ਵਿਚ ਵਡਾ ਧਨੁਖ ਫੜਿਆ ਜਿਸ ਵਿਚੋਂ ਏਨੇਂ ਤੀਰ ਛੱਡੇ, ਮਾਨੋ ਬੱਦਲਾਂ ਤੋਂ ਗੜੇ ਵਸਦੇ ਸਨ॥ ੧੫੨ ॥

**ਉਤ ਦਿਵ ਦੇਖੈਂ ॥ ਧਨੁ ਧਨੁ ਲੇਖੈਂ ॥ ਇਤ ਸਰ ਛੂਟੈਂ ॥ ਮਸ ਕਣ ਤੂਟੈਂ ॥ ੧੫੩ ॥**

ਉਧਰ ਦੇਵਤੇ ਦੇਖਦੇ ਸਨ, ਜੋ ਧੰਨ ਧੰਨ ਉਚਾਰਦੇ ਸਨ, ਇਧਰੋਂ ਤੀਰ ਛੱਡਦੇ ਸਨ, ਜਿਨ੍ਹਾਂ ਨਾਲ ਸੂਰਮਿਆਂ ਦੇ ਸਰੀਰਾਂ ਵਿਚੋਂ ਮਾਸ ਦੇ ਚਿਣਕੇ ਟੁੱਟ ਕੇ ਡਿੱਗਦੇ ਸਨ॥ ੧੫੩ ॥

**ਭਟ ਬਰ ਗਾਜੈਂ ॥ ਦੁੰਦਭ ਬਾਜੈਂ ॥ ਸਰਬਰ ਛੋਰੈਂ ॥ ਮੁਖ ਨਹ ਮੋਰੈਂ ॥ ੧੫੪ ॥**

ਸੂਰਮੇ ਗੱਜਦੇ ਸਨ, ਧੌਂਸੇ ਵਜਦੇ ਸਨ, ਛੰਨੀ ਤੀਰ ਚਲਦੇ ਸਨ, ਜੋਧੇ ਮੂੰਹ ਨਹੀਂ ਮੋੜਦੇ ਸਨ॥ ੧੫੪ ॥

## ਲਛਮਨ ਬਾਚ ਸਿਸ ਸੋ ॥

**ਸ੍ਰਿਣ ਸ੍ਰਿਣ ਲਰਕਾ ॥ ਜਿਨ ਕਰ ਕਰਖਾ ॥ ਦੇ ਮਿਲਿ ਘੋਰਾ ॥ ਤੁਹਿ ਬਲ ਥੋਰਾ ॥ ੧੫੫ ॥**

ਲੜਕਿਆਂ ਨੂੰ ਲਛਮਣ ਨੇ ਕਿਹਾ, "ਸੁਣੋ, ਸੁਣੋ, ਲੜਕਿਓ! ਯੁੱਧ ਬੰਦ ਕਰੋ, ਘੋੜਾ ਦੇ ਕੇ ਮਿਲ ਪਵੋ, ਤੁਹਾਡੇ ਵਿਚ ਬਲ ਥੋੜਾ ਹੈ॥ ੧੫੫ ॥

**ਹਠ ਤਜਿ ਅੱਈਐ ॥ ਜਿਨ ਸਮੁਹੱਈਐ ॥ ਮਿਲਿ ਮਿਲਿ ਮੋਕੋ ॥ ਡਰ ਨਹੀਂ ਤੋਕੋ ॥ ੧੫੬ ॥**

ਹਠ ਨੂੰ ਛੱਡ ਕੇ ਮੇਰੇ ਕੋਲ ਆ ਜਾਵੋ, ਮੁਕਾਬਲਾ ਨਾ ਕਰੋ, ਮੈਨੂੰ ਮਿਲ ਪਵੋ। ਕਿਸੇ ਗੱਲ ਦਾ ਵੀ ਤੁਹਾਨੂੰ ਡਰ ਨਹੀਂ ਹੋਵੇਗਾ॥ ੧੫੬ ॥

**ਸਿਸ ਨਹੀ ਮਾਨੀ ॥ ਅਤਿ ਅਭਿਮਾਨੀ ॥ ਗਹਿ ਧਨੁ ਗੱਜਜੇ ॥ ਦੁ ਪਗ ਨ ਭੱਜਜੇ ॥ ੧੫੭ ॥**

ਲਛਮਣ ਦੀ ਗੱਲ ਬੱਚਿਆਂ ਨੇ ਨਹੀਂ ਮੰਨੀ, ਉਹ ਵਡੇ ਅਭਿਮਾਨੀ ਸਨ, ਧਨੁਖ ਫੜ ਕੇ ਉਨ੍ਹਾਂ ਨੇ ਲਲਕਾਰਾ ਮਾਰਿਆ, ਅਤੇ ਜੰਗ ਵਿਚੋਂ ਦੋ ਕਦਮ ਵੀ ਪਿਛੇ ਨਾ ਹਟੇ॥ ੧੫੭ ॥

## ਅਜਬਾ ਛੰਦ ॥

**ਦੁੰਪਿ ਰਣ ਬਾਣੀ ॥ ਸਰ ਝੜ ਲਾਣੀ ॥ ਬਰਖੇ ਬਾਣੰ ॥ ਪਰਖੇ ਜੁਆਣੰ ॥ ੧੫੮ ॥**

ਦੋਵੇਂ ਬਾਣੀ ਰਣ ਵਿਚ ਗਜ ਰਹੇ ਸਨ, ਉਨ੍ਹਾਂ ਨੇ ਤੀਰਾਂ ਦੀ ਝੜੀ ਲਾ ਦਿਤੀ ਸੀ, ਤੀਰਾਂ ਦੀ ਵਰਖਾ ਕਰਦੇ ਸਨ, ਸੂਰਮਿਆਂ ਦੀ ਪ੍ਰੀਖਿਆ ਲੈਂਦੇ ਸਨ॥ ੧੫੮ ॥

ਡਿੱਗੇ ਰਣ ਮੱਧੰ ॥ ਅੱਧੰ ਅੱਧੰ ॥ ਕੱਟੇ ਅੰਗੰ ॥ ਤੁੱਛ ਜੰਗੰ ॥ ੭੫੯ ॥

ਰਣ ਵਿਚ ਕਈ ਡਿੱਗੇ ਪਏ ਸਨ, ਕਈ ਅੱਧੇ ਅੱਧ ਕਟੇ ਪਏ ਸਨ, ਕਈਆਂ ਦੇ ਅੰਗ ਕੱਟੇ ਗਏ ਸਨ ਅਤੇ ਕਈ ਜੰਗ ਵਿਚ ਤੁੱਛ ਹੋਏ ਸਨ॥ ੭੫੯ ॥

ਖਾਟਨ ਝੜ ਲਾਯੰ ॥ ਸਰ ਬਰਸਾਯੰ ॥ ਬਹੁ ਅਰ ਮਾਰੇ ॥ ਡੀਲ ਡਰਾਰੇ ॥ ੭੬੦ ॥

ਖ਼ਾਲਸਿਆਂ ਨੇ ਤੀਰਾਂ ਦੀ ਝੜੀ ਲਾ ਦਿੱਤੀ ਵੱਡੇ ਵੱਡੇ ਯੋਧੇ ਮਾਰ ਦਿੱਤੇ ਅਤੇ ਕਈ ਸ਼ਕਤੀ ਸ਼ਾਲੀ ਯੋਧੇ ਰਣ ਭੂਮੀ ਵਿਚ ਹੀ ਰਹਿ ਗਏ॥ ੭੬੦ ॥

ਡਿੱਗੇ ਰਣ ਭੂਮੰ ॥ ਨਰਬਰ ਘੂਮੰ ॥ ਰੱਜੇ ਰਣ ਘਾਯੰ ॥ ਚੱਕੇ ਚਾਯੰ ॥ ੭੬੧ ॥

ਰਣ ਭੂਮੀ ਵਿਚ ਕਈ ਸੂਰਮੇ ਡਿਗੇ ਪਏ ਸਨ, ਸੂਰਬੀਰ ਫਟੜ ਹੋ ਕੇ ਘੂਮ ਰਹੇ ਸਨ, ਕਈਆਂ ਨੂੰ ਡੂੰਘੇ ਜ਼ਖਮ ਲੱਗੇ, ਅਤੇ ਜੰਗ ਦਾ ਚਾਅ ਮਿਟ ਗਿਆ ਸੀ॥ ੭੬੧ ॥

## ਅਪੂਰਬ ਛੰਦ ॥

ਗਣੇ ਕੇਤੇ ॥ ਹਣੇ ਜੇਤੇ ॥ ਕਈ ਮਾਰੇ ॥ ਕਿਤੇ ਹਾਰੇ ॥ ੭੬੨ ॥

ਕਿੰਨੇ ਯੋਧੇ ਰਣ ਭੂਮੀ ਵਿਚ ਮਾਰੇ ਗਏ ਉਹ ਗਿਣੇ ਨਹੀਂ ਜਾ ਸਕਦੇ। ਕਿੰਨੇ ਹੀ ਮਾਰ ਦਿੱਤੇ ਅਤੇ ਕਿੰਨੇ ਹੀ ਹਾਰ ਗਏ॥ ੭੬੨ ॥

ਸਭੈ ਭਾਜੇ ॥ ਚਿਤੰ ਲਾਜੇ ॥ ਭਜੇ ਭੈ ਕੈ ॥ ਜੀਯੰ ਲੈ ਕੈ ॥ ੭੬੩ ॥

ਸਾਰੇ ਭੱਜ ਗਏ ਸਨ, ਚਿੱਤ ਵਿਚ ਲੱਜਾਵਾਨ ਹੋ ਰਹੇ ਸਨ, ਡਰ ਕਰਕੇ ਭੱਜੇ ਸਨ ਅਤੇ ਜੀਵਨ ਲੈ ਕੇ ਚਲੇ ਗਏ ਸਨ॥ ੭੬੩ ॥

ਫਿਰੇ ਜੇਤੇ ॥ ਹਣੇ ਕੇਤੇ ॥ ਕਿਤੇ ਘਾਏ ॥ ਕਿਤੇ ਧਾਏ ॥ ੭੬੪ ॥

ਲੜਨ ਨੂੰ ਜਿੰਨੇ ਵੀ ਮੁੜ ਕੇ ਆਏ ਸਨ, ਉਹ ਸਾਰੇ ਮਾਰੇ ਗਏ ਸਨ, ਕਿੰਨੇ ਫਟੜ ਹੋਏ ਸਨ ਅਤੇ ਕਿੰਨੇ ਭੱਜ ਗਏ ਸਨ॥ ੭੬੪ ॥

ਸਿਸੰ ਜੀਤੇ ॥ ਭਟੰ ਭੀਤੇ ॥ ਮਹਾਂ ਕ੍ਰੁੱਧੰ ॥ ਕੀਯੋ ਜੁੱਧੰ ॥ ੭੬੫ ॥

ਦੋਵੇਂ ਸ਼ਾਸਕ ਗਏ ਸਨ, ਵੱਡੇ ਵੱਡੇ ਸੂਰਮੇ ਡਰ ਗਏ ਸਨ, ਉਨ੍ਹਾਂ ਨੇ ਵਡੇ ਕ੍ਰੋਧ ਨਾਲ ਜੰਗ ਕੀਤਾ ਸੀ॥ ੭੬੫ ॥

ਦੋਊ ਭ੍ਰਾਤਾ ॥ ਖਰੀ ਖਜਾਤਾ ॥ ਮਹਾਂ ਜੋਧੰ ॥ ਮੰਡੇ ਕ੍ਰੋਧੰ ॥ ੭੬੬ ॥

ਦੋਵੇਂ ਭਰਾ ਅਤਿ ਦੇ ਤੇਜ਼ ਤਲਵਾਰਾਂ ਦੇ ਧਨੀ ਸਨ, ਉਹ ਵੱਡੇ ਯੋਧੇ ਸਨ ਅਤੇ ਕ੍ਰੋਧ ਦੇ ਭਰੇ ਹੋਏ ਸਨ॥ ੭੬੬ ॥

**ਤਜੇ ਬਾਣੰ॥ ਧਨੰ ਤਾਣੰ॥ ਮਚੇ ਬੀਰੰ॥ ਭਜੇ ਭੀਰੰ॥੭੬੭॥**

ਧਨੁਖ ਨੂੰ ਖਿਚ ਖਿਚ ਕੇ ਤੀਰਾ ਨੂੰ ਛੱਡਦੇ ਸਨ, ਸੂਰਮੇ ਜੰਗ ਵਿਚ ਜਦ ਕ੍ਰੋਧ ਵਿਚ ਆ ਕੇ ਲੜੇ ਤਾਂ ਕਾਇਰ ਡਰ ਕੇ ਭਜੇ ਜਾ ਰਹੇ ਸਨ॥ ੭੬੭॥

**ਕਟੇ ਅੰਗੰ॥ ਭਜੇ ਜੰਗੰ॥ ਰਣੰ ਰੁੱਝੇ॥ ਨਰੰ ਜੁੱਝੇ॥੭੬੮॥**

ਕਈਆਂ ਦੇ ਅੰਗ ਕੱਟੇ ਪਏ ਸਨ, ਕਈ ਜੰਗ ਤੋਂ ਭਜੇ ਜਾਂਦੇ ਸਨ, ਜੋ ਰਣ ਵਿਚ ਰੁੱਝੇ ਹੋਏ ਸਨ ਉਹ ਪੁਰਸ਼ ਸ਼ਹੀਦ ਹੋ ਗਏ ਸਨ॥ ੭੬੮॥

**ਭਜੀ ਸੈਨੰ॥ ਬਿਨਾ ਚੈਨੰ॥ ਲਛਨ ਬੀਰੰ॥ ਫਿਰਜੋ ਧੀਰੰ॥੭੬੯॥**

ਚੈਨ ਤੋਂ ਬਿਨਾਂ ਹੋ ਕੇ ਸਾਰੀ ਸੈਨਾ ਭੱਜ ਗਈ, ਲਛਮਣ ਸੂਰਮਾ ਧੀਰਜ ਧਰ ਕੇ ਜੰਗ ਵਿਚ ਫਿਰ ਰਿਹਾ ਸੀ॥ ੭੬੯॥

**ਇਕੈ ਬਾਣੰ॥ ਰਿਪੰ ਤਾਣੰ॥ ਹਣਯੋ ਭਾਲੰ॥ ਗਿਰਜੋ ਤਾਲੰ॥੭੭੦॥**

ਵੈਰੀ ਨੇ ਇਕੋ ਤੀਰ ਧਨੁਖ ਵਿਚੋਂ ਖਿੱਚਿਆ, ਅਤੇ ਲਛਮਣ ਦੇ ਮਥੇ ਵਿਚ ਮਾਰ ਦਿੱਤਾ, ਜਿਸ ਕਰਕੇ ਲਛਮਣ ਤੁਰਤ ਰਣ ਭੂਮੀ ਵਿਚ ਡਿੱਗ ਪਿਆ॥ ੭੭੦॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਸ੍ਰੀ ਲੱਛਮਣ ਬਧਹਿ' ਤੇਈਸਵੋਂ ਧਿਆਇ ਸਮਾਪਤਮ॥ ਸਤੁ ਸੁਭਮ ਸਤੁ॥ ੨੩॥ ੭੭੦॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਲੱਛਮਣ ਦਾ ਕਤਲ', ਤੇਈਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੨੩॥ ੭੭੦॥ ਚਲਦਾ॥

# ਚੌਵੀਵਾਂ ਅਧਿਆਏ

# ਭਰਥ ਯੁੱਧ ਵਰਣਨ

## ਅੜੂਹਾ ਛੰਦ॥

**ਭਾਜ ਗਯੋ ਦਲ ਤ੍ਰਾਸ ਕੈ ਕੈ॥ ਲਛਮਣੰ ਰਣ ਭੂਮ ਦੈ ਕੈ॥**
**ਖਲੇ ਰਾਮਚੰਦ ਹੁਤੇ ਜਹਾਂ॥ ਭਟ ਭਾਜ ਭੱਗ ਲਗੇ ਤਹਾਂ॥੭੭੧॥**

ਭੈਭੀਤ ਅਤੇ ਵਿਆਕੁਲ ਹੋਈ ਸੈਨਾ, ਲੱਛਮਣ ਨੂੰ ਰਣ ਭੂਮੀ ਵਿਚ ਛੱਡ ਕੇ ਉਥੇ ਪਹੁੰਚ ਗਈ ਜਿਥੇ ਰਾਮ ਜੀ ਖਲੋਤੇ ਸਨ॥ ੭੭੧॥

**ਜਬ ਜਾਇ ਬਾਤ ਕਹੀ ਉਨੈ॥ ਬਹੁ ਭਾਂਤ ਸ਼ੋਕ ਦਯੋ ਤਿਨੈ॥**
**ਸੁਨ ਬੈਨ ਮੋਨ ਰਹੇ ਬਲੀ॥ ਜਨ ਚਿੱਤ੍ਰ ਪਾਹਨ ਕੀ ਖਲੀ॥ ੧੧੨॥**

ਜਦੋਂ ਜਾ ਕੇ ਉਨ੍ਹਾਂ ਨੂੰ ਲਛਮਣ ਦੇ ਸ਼ਹੀਦ ਹੋ ਜਾਣ ਦੀ ਗੱਲ ਕਹੀ ਤਦ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਉਨ੍ਹਾਂ ਦੇ ਬਚਨ ਸੁਣ ਕੇ ਸ੍ਰੀ ਰਾਮ ਚੰਦਰ ਜੀ ਇਉਂ ਚੁੱਪ ਰਹੇ, ਜਿਵੇਂ ਪੱਥਰ ਦੀ ਮੂਰਤੀ ਖੜੀ ਕੀਤੀ ਹੁੰਦੀ ਹੈ॥ ੧੧੨॥

**ਪੁਨ ਬੈਠ ਮੰਤ੍ਰ ਬਿਚਾਰਯੋ॥ ਤੁਮ ਜਾਹੁ ਭਰਥ ਉਚਾਰਯੋ॥**
**ਮੁਨ ਬਾਲ ਦ੍ਵੈ ਜਿ ਨ ਮਾਰੀਯੋ॥ ਧਰਿ ਆਨ ਮੋਹਿ ਦਿਖਾਰੀਯੋ॥ ੧੧੩॥**

ਫਿਰ ਸ੍ਰੀ ਰਾਮ ਜੀ ਨੇ ਬੈਠ ਕੇ ਸਲਾਹ ਮਸ਼ਵਰਾ ਕਰਕੇ ਕਿਹਾ, "ਹੇ ਭਰਥ! ਤੂੰ ਜਾਹੁ, ਪਰ ਉਨ੍ਹਾਂ ਦੋਹਾਂ ਮੁਨੀ ਬਾਲਕਾਂ ਨੂੰ ਮਾਰਨਾ ਨਹੀਂ, ਫੜ ਕੇ ਲਿਆਓ, ਅਤੇ ਮੈਨੂੰ ਵਿਖਾਓ॥ ੧੧੩॥

**ਸਜ ਸੈਨ ਭਰਥ ਚਲੇ ਤਹਾਂ॥ ਰਣ ਬਾਲ ਬੀਰ ਮੰਡੇ ਜਹਾਂ॥**
**ਬਹੁ ਭਾਤ ਬੀਰ ਸੰਘਾਰ ਹੀ॥ ਸਰ ਓਘੇ ਪ੍ਰਓਘ ਪ੍ਰਹਾਰਹੀ॥ ੧੧੪॥**

ਸੈਨਾ ਨੂੰ ਸਜਾ ਕੇ ਭਰਥ ਜੀ ਉਥੇ ਚਲੇ, ਬਾਲਕ ਸੂਰਮਿਆਂ ਨੇ ਜਿਥੇ ਜੰਗ ਛੇੜਿਆ ਹੋਇਆ ਸੀ। ਜੋ ਬਹੁਤ ਬੁਰੀ ਤਰ੍ਹਾਂ ਨਾਲ ਸੂਰਮਿਆਂ ਨੂੰ ਮਾਰਦੇ ਸਨ, ਅਤੇ ਤੀਰਾਂ ਦੇ ਝੁੰਡਾਂ ਦੇ ਝੁੰਡ ਚਲਾ ਰਹੇ ਸਨ॥ ੧੧੪॥

**ਸੁਗ੍ਰੀਵ ਔਰ ਭਭੀਛਨੰ॥ ਹਨਵੰਤ ਅੰਗਦ ਰੀਛਨੰ॥**
**ਬਹੁ ਭਾਂਤਿ ਸੈਨ ਬਨਾਇਕੈ॥ ਤਿਨ ਪੈ ਚਲਯੋ ਸਮੁਹਾਇਕੈ॥ ੧੧੫॥**

ਸੁਗ੍ਰੀਵ, ਵਿਭੀਛਣ, ਹਨੂੰਮਾਨ, ਅੰਗਦ ਅਤੇ ਜਾਮਵੰਤ, ਇਤਿਆਦਿਕ ਸੈਨਾਪਤੀਆਂ ਵਾਲੀ ਬਹੁਤ ਤਰ੍ਹਾਂ ਦੀ ਸੈਨਾ ਜੋੜਕੇ, ਉਨ੍ਹਾਂ ਨਾਲ ਮੁਕਾਬਲਾ ਕਰਨ ਲਈ ਤੁਰ ਪਿਆ॥ ੧੧੫॥

**ਰਣ ਭੂਮ ਭਰਥ ਗਏ ਜਬੈ॥ ਮੁਨ ਬਾਲ ਦੋਇ ਲਖੇ ਤਬੈ॥**
**ਦੁਇ ਕਾਕ ਪੱਛਾ ਸੋਭ ਹੀ॥ ਲਖ ਦੇਵ ਦਾਨੋ ਲੋਭ ਹੀ॥ ੧੧੬॥**

ਰਣ ਭੂਮੀ ਵਿਚ ਜਦੋਂ ਭਰਥ ਜੀ ਗਏ, ਤਦ ਉਨ੍ਹਾਂ ਨੇ ਦੋ ਮੁਨੀ ਬਾਲਕਾਂ ਨੂੰ ਜਾ ਕੇ ਵੇਖਿਆ, ਜਿਨ੍ਹਾਂ ਦੇ ਸਿਰ ਉਤੇ ਕਾਂ ਦੇ ਖੰਭ ਵਾਂਗੂੰ ਛੋਟੇ ਛੋਟੇ ਕੇਸ ਸ਼ੋਭਾ ਪਾ ਰਹੇ ਸਨ, ਅਤੇ ਜਿਨਾ ਦੇ ਰੂਪ ਨੂੰ ਵੇਖ ਕੇ ਦੇਵਤੇ ਅਤੇ ਦੈਂਤ ਮੋਹਤ ਹੋ ਰਹੇ ਸਨ॥ ੧੧੬॥

## ਭਰਥ ਬਾਚ ਲਵ ਸੋਂ ॥ ਅਕੜਾ ਛੰਦ ॥

**ਮੂਨ ਬਾਲ ਛਾਡਹੁ ਗਰਬ ॥ ਮਿਲਿ ਆਨ ਮੋਹੂ ਸਰਬ ॥**
**ਲੈ ਜਾਂਹਿ ਰਾਘਵ ਤੀਰ ॥ ਤੁਹਿ ਨੈਕ ਦੈ ਕੈ ਚੀਰ ॥ ੭੭੭ ॥**

ਭਰਥ ਨੇ ਲਊ ਨੂੰ ਕਿਹਾ, "ਹੇ ਮੁਨਿ ਬਾਲਕ ! ਗਰਬ ਛਡ ਦਿਓ, ਸਾਰੇ ਮੈਨੂੰ ਆਣ ਮਿਲੋ, ਮੈਂ ਤੁਹਾਨੂੰ ਚੰਗੇ ਕਪੜੇ ਪਹਿਣਾ ਕੇ ਰਾਮ ਚੰਦਰ ਜੀ ਪਾਸ ਲੈ ਜਾਵਾਂਗਾ," ॥ ੭੭੭ ॥

**ਸੁਨ ਤੇ ਭਰੇ ਸਿਸ ਮਾਨ ॥ ਕਰ ਕੋਪ ਤਾਨ ਕਮਾਨ ॥**
**ਬਹੁ ਭਾਂਤਿ ਸਾਇਕ ਛੋਰਿ ॥ ਜਨ ਅਭ੍ਰ ਸਾਵਣ ਓਰ ॥ ੭੭੮ ॥**

ਭਰਥ ਦੇ ਬਚਨ ਸੁਣਦਿਆਂ ਸਾਰ ਹੀ ਬਾਲਕ ਮਾਨ ਨਾਲ ਭਰ ਗਏ, ਅਤੇ ਕ੍ਰੋਧ ਕਰ ਕੇ ਕਮਾਨਾਂ ਖਿੱਚ ਲਈਆਂ, ਅਤੇ ਇਸ ਤਰ੍ਹਾਂ ਨਾਲ ਤੀਰ ਛੱਡ ਦਿੱਤੇ, ਮਾਨੋ ਸਾਵਣ ਦੇ ਬੱਦਲ ਵਿਚੋਂ ਗੜੇ ਡਿੱਗ ਰਹੇ ਸਨ ॥ ੭੭੮ ॥

**ਲਾਗੇ ਸੁ ਸਾਇਕ ਅੰਗ ॥ ਗਿਰਗੇ ਸੁਬਾਹ ਉਤੰਗ ॥**
**ਕਹੂੰ ਅੰਗ ਭੰਗ ਸੁਬਾਹ ॥ ਕਹੂੰ ਚਉਰ ਚੀਰ ਸਨਾਹ ॥ ੭੭੯ ॥**

ਜਿਨ੍ਹਾਂ ਦੇ ਸਰੀਰ ਵਿਚ ਤੀਰ ਲੱਗੇ, ਉਹ ਸੂਰਮੇ ਉਲਟ ਕੇ ਡਿੱਗ ਪਏ। ਕਿਤੇ ਸੂਰਮੇ ਦਾ ਅੰਗ ਵੱਢਿਆ ਪਿਆ ਸੀ, ਕਿਤੇ ਚੌਰ ਕਿਤੇ ਕਪੜੇ ਅਤੇ ਕਿਤੇ ਕਵਚ ਡਿਗੀ ਪਈ ਸੀ ॥ ੭੭੯ ॥

**ਕਹੂੰ ਚਿੱਤ੍ਰ ਚਾਰ ਕਮਾਨ ॥ ਕਹੂੰ ਅੰਗ ਜੋਧਨ ਬਾਨ ॥**
**ਕਹੂੰ ਅੰਗ ਘਾਇ ਭਭੱਕ ॥ ਕਹੂੰ ਸ੍ਰੋਣ ਸਰਤ ਛਲੱਕ ॥ ੭੮੦ ॥**

ਕਿਤੇ ਵਚਿਤ੍ਰ ਕਮਾਨਾਂ ਟੁੱਟ ਗਈਆਂ, ਕਿਤੇ ਜੋਧਿਆਂ ਦੇ ਅੰਗ ਬਾਣਾਂ ਨਾਲ ਡਿੱਗ ਰਹੇ ਸਨ। ਕਿਤੇ ਸਰੀਰ ਦੇ ਜ਼ਖਮਾਂ ਵਿਚੋਂ ਭੱਕ-ਭੱਕ ਕਰ ਕੇ ਲਹੂ ਨਿਕਲ ਰਿਹਾ ਸੀ, ਕਿਤੇ ਲਹੂ ਦੀ ਨਦੀ ਉੱਛਲ ਕੇ ਵਹਿ ਰਹੀ ਸੀ ॥ ੭੮੦ ॥

**ਕਹੂੰ ਭੂਤ ਪ੍ਰੇਤ ਭਕੰਤ ॥ ਸੁ ਕਹੂੰ ਕਮੱਧ ਉਠੰਤ ॥**
**ਕਹੂੰ ਨਾਚ ਬੀਰ ਬੈਤਾਲ ॥ ਸੋ ਬਮਤ ਡਾਕਣ ਜੁਆਲ ॥ ੭੮੧ ॥**

ਕਿਤੇ ਭੂਤ ਪ੍ਰੇਤ ਬੋਲਦੇ ਸਨ, ਕਿਤੇ ਧੜ ਉਠ ਉਠ ਕੇ ਦੌੜਦੇ ਸਨ, ਕਿਤੇ ਬੈਤਾਲ ਬੀਰ ਨੱਚ ਰਹੇ ਸਨ, ਕਿਤੇ ਡਾਇਣਾਂ ਅੱਗ ਉਗਲ ਰਹੀਆਂ ਸਨ ॥ ੭੮੧ ॥

**ਰਣ ਘਾਇ ਘਾਏ ਵੀਰ ॥ ਸਭ ਸ੍ਰੋਣ ਭੀਗੇ ਚੀਰ ॥**

**ਇਕ ਬੀਰ ਭਾਜ ਚਲੰਤ॥ ਇਕ ਆਨ ਜੁੱਧ ਜੁਟੰਤ॥ ੭੯੨॥**

ਸੂਰਮੇ ਰਣ ਭੂਮੀ ਵਿਚ ਫੱਟ ਤੇ ਫੱਟ ਖਾ ਰਹੇ ਸਨ, ਸਾਰੇ ਕਪੜੇ ਲਹੂ ਨਾਲ ਭਿੱਜ ਗਏ ਸਨ। ਕਈ ਸੂਰਮੇ ਜੰਗ ਵਿਚੋਂ ਭੱਜ ਚਲੇ ਸਨ, ਅਤੇ ਕਈ ਜੰਗ ਵਿਚ ਜੁਟ ਗਏ ਸਨ॥ ੭੯੨॥

**ਇਕ ਐਂਚ ਐਂਚ ਕਮਾਨ॥ ਤਕ ਵੀਰ ਮਾਰਤ ਬਾਨ॥**
**ਇਕ ਭਾਜ ਭਾਜ ਮਰੰਤ॥ ਨਹੀ ਸੁਰਗ ਤਉਨ ਬਸੰਤ॥ ੭੯੩॥**

ਕਈ ਕਮਾਨਾਂ ਨੂੰ ਖਿੱਚ ਖਿੱਚ ਕੇ, ਸੂਰਮਿਆਂ ਨੂੰ ਤੱਕ ਤੱਕ ਕੇ ਤੀਰ ਮਾਰਦੇ ਸਨ। ਕਈ ਜਿਹੜੇ ਭੱਜਦੇ ਭੱਜਦੇ ਮਰ ਰਹੇ ਸਨ, ਉਹ ਸੁਰਗ ਵਿਚ ਨਹੀਂ ਜਾ ਸਕਦੇ ਸਨ॥ ੭੯੩॥

**ਗਜ ਰਾਜ ਬਾਜ ਅਨੇਕ॥ ਜੁੱਝੇ ਨ ਬਾਚਾ ਏਕ॥**
**ਤਬ ਆਨ ਲੰਕਾ ਨਾਥ॥ ਜੁੱਝਯੋ ਸਿਸਨ ਕੇ ਸਾਥ॥ ੭੯੪॥**

ਹਾਥੀ-ਘੋੜੇ ਅਨੇਕਾਂ ਮਰ ਗਏ, ਇਕ ਵੀ ਜੀਉਂਦਾ ਨਹੀਂ ਬਚਿਆ, ਤਦ ਫੇਰ ਲੰਕਾ ਦੇ ਰਾਜੇ (ਵਿਭੀਖਣ) ਨੇ ਆ ਕੇ ਬਾਲਕਾਂ ਦੇ ਨਾਲ ਜੰਗ ਸ਼ੁਰੂ ਕਰ ਦਿੱਤਾ॥ ੭੯੪॥

## ਬਹੋੜਾ ਛੰਦ॥

**ਲੰਕੇਸ਼ ਕੇ ਉਰ ਮੋ ਤਕ ਬਾਨ॥ ਮਾਰਯੋ ਰਾਮ ਸਿਸੱ ਤਜਿ ਕਾਨ॥**
**ਤਬ ਗਿਰਯੋ ਦਾਨਵ ਸੁ ਭੂਮਿ ਮੱਧ॥ ਤਿਹ ਬਿਸੁਧ ਜਾਣ ਨਹੀ ਕੀਯੋ ਬੱਧ॥ ੭੯੫॥**

ਵਿਭੀਖਣ ਦੀ ਛਾਤੀ ਵਿਚ ਤੱਕ ਕੇ, ਸ੍ਰੀ ਰਾਮ ਜੀ ਦੇ ਪੁਤਰ (ਲਊ) ਨੇ ਕਾਨ ਛੱਡ ਕੇ ਤੀਰ ਮਾਰ ਦਿੱਤਾ। ਉਸੇ ਵੇਲੇ ਦੈਂਤ ਵਿਭੀਖਣ ਧਰਤੀ ਤੇ ਡਿੱਗ ਪਿਆ, ਪਰ ਬੇਸੁਧ ਜਾਣ ਕੇ ਲਊ ਨੇ ਉਸ ਨੂੰ ਕਤਲ ਨਹੀਂ ਕੀਤਾ॥ ੭੯੫॥

**ਤਬ ਰੁਕਯੋ ਤਾਸ ਸੁਗ੍ਰੀਵ ਆਨ॥ ਕਹਾ ਜਾਤ ਬਾਲ ਨਹੀ ਪੈਸ ਜਾਨ॥**
**ਤਬ ਹਣਯੋ ਬਾਣ ਤਿਹ ਭਾਲ ਤੱਕ॥ ਤਿਹ ਲਗਯੋ ਭਾਲ ਮੋ ਰਹਯੋ ਚੱਕ॥ ੭੯੬॥**

ਤਦੋਂ ਸੁਗ੍ਰੀਵ ਆਣ ਕੇ ਉਸ ਨਾਲ ਅੜ ਖਲੋਤਾ, ਕਹਿਣ ਲਗਾ ਹੇ ਬਾਲਕ! ਕਿਥੇ ਜਾਂਦਾ ਹੈਂ? ਹੁਣ ਜਾਣ ਨਹੀਂ ਪਾਏਂਗਾ। ਤਦ ਲਊ ਨੇ ਉਸ ਦਾ ਮੱਥਾ ਵੇਖ ਕੇ ਤੀਰ ਮਾਰਿਆ, ਜੋ ਉਸ ਦੇ ਮਥੇ ਵਿਚ ਲੱਗਾ, ਤਾਂ ਉਹ ਹੈਰਾਨ ਹੋ ਕੇ ਡਿੱਗ ਪਿਆ॥ ੭੯੬॥

**ਚਪ ਚਲੀ ਸੈਣ ਕਪਣੀ ਸੁ ਕ੍ਰੁੱਧ॥ ਨਲ ਨੀਲ ਹਨੂ ਅੰਗਦ ਸੁ ਜੁੱਧ॥**
**ਤਬ ਤੀਨ ਤੀਨ ਲੈ ਬਾਲ ਬਾਨ॥ ਤਿਹ ਹਣੇ ਭਾਲ ਮੋ ਰੋਸ ਠਾਨ॥ ੭੯੭॥**

ਬਾਂਦਰਾਂ ਦੀ ਸੈਨਾਂ ਕ੍ਰੋਧ ਨਾਲ ਉਸੇ ਵੇਲੇ ਚਿੜ ਕੇ ਤੁਰ ਪਈ, ਜਿਸ ਵਿਚ ਨਲ, ਨੀਲ ਹਨੂੰਮਾਨ ਅਤੇ ਅੰਗਦ ਆਦਿਕ ਜੋਧੇ ਸਨ। ਉਸੇ ਵੇਲੇ ਬਾਲਕਾਂ ਨੇ ਤਿੰਨ ਤਿੰਨ ਤੀਰ ਲੈ ਕੇ ਕ੍ਰੋਧ ਕਰ ਕੇ ਉਨ੍ਹਾਂ ਦੇ ਮੱਥੇ ਦੇ ਵਿਚ ਮਾਰ ਦਿੱਤੇ॥ ੭੮੭॥

**ਜੋ ਗਏ ਸੂਰ ਸੋ ਰਹੇ ਖੇਤ॥ ਜੋ ਬਚੇ ਭਾਜ ਤੇ ਹੁਇ ਅਚੇਤ॥**
**ਤਬ ਤਕਿ ਤਕਿ ਸਿਸ ਕੱਸਿ ਬਾਣ॥ ਦਲ ਹਤਜੇ ਰਾਘਵੀ ਤੱਜਿ ਕਾਣਿ॥ ੭੮੮॥**

ਜੋ ਸੂਰਮੇ ਜੰਗ ਵਿਚ ਗਏ, ਉਹ ਰਣ ਭੂਮੀ ਦੇ ਵਿਚ ਹੀ ਰਹੇ, ਜੋ ਭਜ ਗਏ, ਜਾਂ ਬੇਹੋਸ਼ ਹੋ ਗਏ, ਉਹ ਬਚ ਗਏ। ਤਦ ਤੱਕ ਤੱਕ ਕੇ ਬਾਲਕਾਂ ਨੇ ਖਿੱਚ ਕੇ ਤੀਰ ਚਲਾ ਦਿੱਤੇ, ਅਤੇ ਪ੍ਰਵਾਹ ਛੱਡ ਕੇ ਸ੍ਰੀ ਰਾਮ ਚੰਦ੍ਰ ਜੀ ਦੀ ਸੈਨਾ ਮਾਰ ਦਿੱਤੀ॥ ੭੮੮॥

## ਅਨੂਪ ਨਰਾਜ ਛੰਦ॥

**ਸੁ ਕੋਪਿ ਦੇਖਿ ਕੈ ਬਲੰ ਸੁ ਕ੍ਰੁੱਧ ਰਾਘਵੀ ਸਿਸੰ॥**
**ਬਚਿੱਤ੍ਰ ਚਿੱਤ੍ਰਤੰ ਸਰੰ ਬਬਰਖ ਬਰਖਣੋ ਰਣੰ॥**
**ਭਭੱਜਿ ਆਸੁਰੀ ਸੁਤੰ ਉਠੰਤ ਭੈਕਰੀ ਧੁਨੰ॥**
**ਭ੍ਰਮੰਤ ਕੁੰਡਲੀ ਕ੍ਰਿਤੰ ਪਪੀੜ ਦਾਰਣੰ ਸਰੰ॥ ੭੮੯॥**

ਬਲਵਾਨਾਂ ਦਾ ਕ੍ਰੋਧ ਦੇਖ ਕੇ, ਸ੍ਰੀ ਰਾਮ ਜੀ ਦੇ ਪੁੱਤਰ ਕ੍ਰੋਧ ਕਰਦੇ ਸਨ। ਅਲੌਕਿਕ ਚਿਤ੍ਰਕਾਰੀ ਵਾਲੇ ਤੀਰਾਂ ਦੀ ਬਹੁਤ ਭਾਰੀ ਰਣ ਵਿਚ ਬਰਖਾ ਕਰਦੇ ਸਨ, ਰਾਖਸ਼ਨੀਆਂ ਦੇ ਪੁੱਤਰ ਭਾਵ ਵਿਭੀਖਣ ਸੈਨਾ ਭੱਜ ਰਹੀ ਸੀ, ਅਤੇ ਡਰਾਉਣੀ ਅਵਾਜ਼ ਹੋ ਰਹੀ ਸੀ। ਦੋਵੇਂ ਬਾਲਕ ਗੋਲ ਘੇਰੇ ਦੀ ਸ਼ਕਲ ਵਿਚ ਫਿਰਦੇ ਸਨ। ਅਤੇ ਭਿਆਨਕ ਤੀਰਾਂ ਨਾਲ ਨਪੀੜਦੇ ਜਾਂਦੇ ਸਨ॥ ੭੮੯॥

**ਘੁਮੰਤ ਘਾਇਲੋ ਘਣੰ ਤਤੱਛ ਬਾਣਣੋ ਬਰੰ॥**
**ਭਭੱਜ ਕਾਤਰੋ ਕਿਤੰ ਗਜੰਤ ਜੋਧਣੋ ਜੁਧੰ॥**
**ਚਲੰਤ ਤੀਛਣੋ ਅਸੰ ਖਿਮੰਤ ਧਾਰ ਉੱਜਲੰ॥**
**ਪਪਾਤ ਅੰਗਦਾਦਿ ਕੇ ਹਨੁਵੰਤ ਸੁਗ੍ਰਿਵੰ ਬਲੰ॥ ੭੯੦॥**

ਬਹੁਤੇ ਫਟੜ ਫਿਰਦੇ ਸਨ, ਅਤੇ ਤਿੱਖੇ ਤੀਰ ਵਿੰਨ੍ਹਦੇ ਜਾਂਦੇ ਸਨ, ਕਿੰਨੇ ਹੀ ਕਾਇਰ ਭੱਜ ਗਏ ਸਨ, ਅਤੇ ਜੋਧੇ ਜੰਗ ਵਿਚ ਗੱਜਦੇ ਸਨ, ਤਿਖੀਆਂ ਤਲਵਾਰਾਂ ਚਲਦੀਆਂ ਸਨ, ਅਤੇ ਚਿੱਟੀਆਂ ਧਾਰਾਂ ਚਮਕਦੀਆਂ ਸਨ, ਅੰਗਦ--ਹਨੂੰਮਾਨ ਸੁਗ੍ਰੀਵ ਆਦਿਕ ਬਹਾਦਰ ਯੋਧੇ ਮਾਰੇ ਗਏ ਸਨ॥ ੭੯੦॥

**ਗਿਰੰਤ ਆਸੁਰੰ ਰਣੰ ਭਭਰਮ ਆਸੁਰੀ ਸਿਸੰ॥**

ਤਜੰਤ ਸਿਆਮਣੋ ਧਰੰ ਭਜੰਤ ਪ੍ਰਾਨ ਲੈ ਭਟੰ॥
ਉਠੰਤ ਅੰਧ ਧੁੰਧਣੋ ਕਬੰਧ ਬੰਧਤੰ ਕਟੰ॥
ਲਗੰਤ ਬਾਣਣੋ ਬਰੰ ਗਿਰੰਤ ਭੂਮ ਅਹਵਯੰ॥ ੭੯੧ ॥

ਰਣ ਵਿਚ ਦੈਂਤ ਡਿੱਗ ਰਹੇ ਸਨ, ਦੈਂਤ ਪੁੱਤਰ ਭੱਜੇ ਫਿਰਦੇ ਸਨ। ਸੁਆਮੀ ਧਰਮ ਨੂੰ ਤੱਜਕੇ ਸੂਰਮੇ ਪ੍ਰਾਣ ਲੈ ਕੇ ਭੱਜੇ ਜਾਂਦੇ ਸਨ। ਜਿਨ੍ਹਾਂ ਦੇ ਹੱਥ ਪੈਰ ਆਦਿਕ ਜੋੜ ਕੱਟੇ ਗਏ ਸਨ, ਉਹ ਧੜ ਉੱਠ ਕੇ ਅੰਧਾ-ਧੁੰਧ ਭੱਜ ਰਹੇ ਸਨ। ਜਿਸ ਬਲਵਾਨ ਨੂੰ ਤੀਰ ਲਗਦਾ ਸੀ, ਓਹੀ ਰਣ ਭੂਮੀ ਵਿਚ ਡਿੱਗ ਰਿਹਾ ਸੀ॥ ੭੯੧ ॥

ਪਪਾਤ ਬ੍ਰਿਛਣੰ ਧਰੰ ਬਬੇਗ ਮਾਰ ਤੁੱਜਣੰ॥
ਭਰੰਤ ਧੂਰ ਭੂਰਣੰ ਬਮੰਤ ਸ੍ਰੋਣਤੰ ਮੁਖੰ॥
ਚਿਕਾਰ ਚਾਂਵਡੀ ਨਭੰ ਠਿਕੰਤ ਫਿੰਕਰੀ ਫਿਰੰ॥
ਭਕਾਰ ਭੂਤ ਪ੍ਰੇਤਣੰ ਡਿਕਾਰ ਡਾਕਣੀ ਡੁਲੰ॥ ੭੯੨ ॥

ਇਸ ਤਰ੍ਹਾਂ ਸੂਰਮੇ ਡਿੱਗੇ ਪਏ ਸਨ ਮਾਣੋ ਹਵਾ ਦੇ ਵੇਗ ਨਾਲ ਬ੍ਰਿਛ ਧਰਤੀ ਤੇ ਡਿੱਗ ਪਏ ਸਨ। ਧੂੜ ਨਾਲ ਬਹੁਤੇ ਭਰੇ ਹੋਏ ਸਨ, ਅਤੇ ਮੂੰਹੋਂ ਲਹੂ ਦੀਆਂ ਕੈਆਂ ਕਰ ਰਹੇ ਸਨ। ਅਕਾਸ਼ ਵਿਚ ਚੁੜੇਲਾਂ ਚੀਕਦੀਆਂ ਸਨ, ਅਤੇ ਧਿਰਤੀ ਉਤੇ ਗਿੱਦੜੀਆਂ ਫਿਰਦੀਆਂ ਸਨ। ਭੂਤ ਤੇ ਪ੍ਰੇਤ ਬੋਲ ਰਹੇ ਸਨ, ਅਤੇ ਡਾਕਣੀਆਂ ਡਕਾਰਦੀਆਂ ਫਿਰਦੀਆਂ ਸਨ॥ ੭੯੨ ॥

ਗਿਰੈ ਧਰੰ ਧੁਰੰ ਧਰੰ ਧਰਾ ਧਰੰ ਧਰੰ ਜਿਵੰ॥
ਭਭੱਜਿ ਸ੍ਰੋਣਤੰ ਤਣੇ ਉਠੰਤ ਭੈ ਕਰੀ ਧੁਨੰ॥
ਉਠੰਤ ਗੱਦ ਸੱਦਣੰ ਨਨੱਦ ਨਿਫਿਰੰ ਰਣੰ॥
ਬਬਰਖ ਸਾਇਕੰ ਸਿਤੰ ਘੁਮੰਤ ਜੋਧਣੋ ਬ੍ਰਣੰ॥ ੭੯੩ ॥

ਮੁਖੀਏ ਜੋਧੇ ਧਰਤੀ ਉਤੇ ਪਹਾੜਾਂ ਵਾਂਗੂੰ ਧੜਾ ਧੜ ਡਿੱਗਦੇ ਸਨ। ਜਿਨ੍ਹਾਂ ਦੇ ਸਰੀਰ ਲਹੂ ਨਾਲ ਗੜੁੱਚ ਹੋਏ ਹੋਏ ਸਨ, ਅਤੇ ਰਣ ਵਿਚ ਡਰੌਣੀ ਅਵਾਜ਼ ਹੋ ਰਹੀ ਸੀ। ਨਫੀਰੀਆਂ ਦੇ ਵੱਜਣ ਨਾਲ ਗੜੁੱਚ ਹੋਏ ਹੋਏ ਸਨ, ਅਤੇ ਰਣ ਵਿਚ ਡਰੌਣੀ ਅਵਾਜ਼ ਹੋ ਰਹੀ ਸੀ। ਚਿੱਟੇ ਤੀਰ ਵਰਸਦੇ ਸਨ, ਅਤੇ ਫੱਟੜ ਜੋਧੇ ਫਿਰ ਦੀ ਡਰੌਣੀ ਅਵਾਜ਼ ਇਕ ਸਾਰ ਹੋ ਰਹੀ ਸੀ। ਰਹੇ ਸਨ॥ ੭੯੩ ॥

ਭਜੰਤ ਭੈ ਧਰੰ ਭਟੰ ਬਿਲੋਕ ਭਰਥਣੋ ਰਣੰ॥
ਚਲਜੋ ਚਿਰਾਇਕੈ ਚਪੀ ਬਬਰਖ ਸਾਇਕੋ ਸਿਤੰ॥

ਸੁ ਕ੍ਰੁੱਧ ਸਾਇਕੰ ਸਿਸੰ ਬਬੱਧ ਭਾਲਣੋ ਭਟੰ॥
ਪਪਾਤ ਪ੍ਰਿਥਵੀਯੰ ਹਠੀ ਮਮੋਹ ਆਸ੍ਰਮੰ ਗਤੰ॥ ੭੯੪॥

ਸੂਰਮੇ ਭੈ ਨੂੰ ਧਾਰ ਕੇ ਭਜੇ ਜਾਂਦੇ ਸਨ, ਅਤੇ ਮੁੜ ਮੁੜ ਕੇ ਰਣ ਵਿਚ ਭਰਥ ਵਲ ਵੀ ਵੇਖਦੇ ਸਨ। ਕ੍ਰੋਧੀ ਸੂਰਮੇ ਚਿੜ ਚਿੜਾ ਕੇ ਚਲਦੇ ਸਨ, ਅਤੇ ਤਿੱਖੇ ਤੀਰਾਂ ਦੀ ਬਰਖਾ ਕਰਦੇ ਸਨ। ਬਾਲਕ ਲਊ ਕੇ ਕੁਸ਼ੂ ਕਰੋਧ ਨਾਲ ਤੀਰ ਸੂਰਮਿਆਂ ਦੇ ਮਥਿਆਂ ਵਿਚ ਮਾਰਦੇ ਸਨ। ਜਿਸ ਕਰ ਕੇ ਹਠ ਵਾਲੇ ਜੋਧੇ ਧਰਤੀ ਉਤੇ ਡਿੱਗ ਪਿਆ, ਅਤੇ ਬੇਸੁਧ ਹੋ ਕੇ ਧਰਤੀ ਤੇ ਲੇਟ ਪਏ ਹਠੀ ਯੋਧਿਆਂ ਨੂੰ ਧਰਤੀ ਉਤੇ ਸੁੱਟ ਕੇ ਬਾਲਕ ਆਸ਼੍ਰਮ ਵੱਲ ਚਲੇ ਗਏ॥ ੭੯੪॥

ਭਭੱਜਿ ਭੀਤਣੋ ਭਟੰ ਤਤੱਜਿ ਭਰਥਣੋ ਭੂਅੰ॥
ਗਿਰੰਤ ਲੁੱਥਤੰ ਉਠੰ ਰੁਰੋਦ ਰਾਘਵੰ ਤਟੰ॥
ਜੁਝੇ ਸੁ ਭ੍ਰਾਤ ਭਰਥਣੋ ਸੁਣੰਤ ਜਾਨਕੀ ਪਤੰ॥
ਪਪਾਤ ਭੂਮਿਣੋ ਤਲੰ ਅਪੀੜ ਪੀੜਤੰ ਦੁਖੰ॥ ੭੯੫॥

ਸੂਰਮੇ ਡਰਦੇ ਹੋਏ ਭੱਜ ਰਹੇ ਸਨ, ਅਤੇ ਭਰਥ ਨੂੰ ਧਰਤੀ ਉਤੇ ਹੀ ਛੱਡ ਗਏ ਸਨ। ਹੋਰ ਕਈ ਲੋਥਾਂ ਧਰਤੀ ਉਤੇ ਡਿਗੀਆਂ ਪਈਆਂ ਸਨ, ਭਜੇ ਹੋਏ ਸੂਰਮੇ ਸ੍ਰੀ ਰਾਮ ਜੀ ਕੋਲ ਜਾ ਕੇ ਰੋਂਦੇ ਸਨ, ਜਦ ਸੀਤਾ ਦੇ ਸਵਾਮੀ ਸ੍ਰੀ ਰਾਮ ਜੀ ਨੇ ਭਰਥ ਭਰਾਤਾ ਦਾ ਮਰਨਾ ਸੁਣਿਆ ਤਾਂ ਦੁਖ ਦੀ ਪੀੜਾ ਨਾਲ ਪੀੜਤ ਹੋ ਕੇ ਧਰਤੀ ਤੇ ਡਿਗ ਪਏ॥ ੭੯੫॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਭਰਥ ਬਧਹਿ', ਚੌਬੀਸਮੋ ਧਿਆਇ ਸਮਾਪਤਮ॥ ਸਤੁ ਸੁਭਮ ਸਤੁ॥ ੨੪॥ ੭੯੫॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਭਰਥ ਦਾ ਕਤਲ', ਚੌਵੀਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੨੪॥ ੭੯੫॥ ਚਲਦਾ॥

# ਪੰਝੀਵਾਂ ਅਧਿਆਏ

# ਰਾਮ ਯੁੱਧ ਵਰਣਨ

## ਅਨੂਪ ਨਰਾਜ ਛੰਦ॥

ਸਸੱਜ ਜੋਧਣੰ ਜੁਧੀ ਸੁ ਕ੍ਰੁੱਧ ਬੱਧਣੋ ਬਰੰ॥
ਤਤੱਜਿ ਜੱਗ ਮੰਡਲੰ ਅਦੰਡ ਦੰਡਣੋ ਨਰੰ॥

ਸੁ ਗੱਜ ਬੱਜ ਬਾਜਣੋ ਉਠੰਤ ਭੈ ਧਰੀ ਸੁਰੰ॥
ਸਨੱਧ ਬੱਧ ਖੈ ਦਲੰ ਸਬੱਧ ਜੋਧਣੋ ਬਰੰ॥੭੯੬॥

ਯੋਧਿਆਂ ਦੀ ਸੈਨਾ ਸਜਾ ਕੇ ਕ੍ਰੋਧ ਨਾਲ ਭਰ ਕੇ ਸੂਰਮਿਆਂ ਨੂੰ ਮਾਰਨ ਵਾਸਤੇ ਅਤੇ ਅਦੰਡ ਨੂੰ ਦੰਡ ਦੇਣ ਵਾਸਤੇ, ਰਾਮ ਖੁਦ ਚਲ ਪਏ। ਹਾਥੀਆਂ ਅਤੇ ਘੋੜਿਆਂ ਦੀਆਂ ਆਵਾਜਾਂ ਸੁਣ ਕੇ ਦੇਵਤੇ ਵੀ ਭੈਭੀਤ ਹੋ ਗਏ। ਉਨ੍ਹਾਂ ਦੇ ਵੱਡੇ ਵੱਡੇ ਸੂਰਮਿਆਂ ਅਤੇ ਦਲਾਂ ਦਾ ਨਾਸ ਕਰਨ ਵਾਲੇ ਯੋਧੇ ਵੀ ਸਨ॥੭੯੬॥

ਚੱਚਕ ਚਾਂਵਡੀ ਨਭੰ ਫਿਕੰਤ ਫਿੰਕਰੀ ਧਰੰ॥
ਭਖੰਤ ਮਾਸ ਹਾਰਣੰ ਬਮੰਤ ਜ੍ਵਾਲ ਦੁਰਗਯੰ॥
ਪ੍ਰਅੰਤ ਪਾਰਬਤੀ ਸਿਰੰ ਨਚੰਤ ਈਸਣੋ ਰਣੰ॥
ਭਕੰਤ ਭੂਤ ਪ੍ਰੇਤਣੋ ਬਕੰਤ ਬੀਰ ਬੈਤਾਲੰ॥੭੯੭॥

ਅਕਾਸ਼ ਵਿਚ ਇੱਲਾਂ ਚੀਕਦੀਆਂ ਸਨ, ਅਤੇ ਗਿਦੜੀਆਂ ਧਰਤੀ ਉਤੇ ਫਿਰਦੀਆਂ ਸਨ। ਮਾਸ ਖਾਣ ਵਾਲੇ ਮਾਸ ਖਾ ਰਹੇ ਸਨ, ਦੁਰਗਾ ਮੂੰਹ ਵਿਚੋਂ ਅੱਗ ਦੀਆਂ ਲਾਟਾਂ ਕੱਢ ਰਹੀ ਸੀ। ਪਾਰਬਤੀ ਰੁੰਡ ਮਾਲ ਵਿਚ ਸੂਰਮਿਆਂ ਦੇ ਸਿਰ ਪਰੋਂਦੀ ਸੀ, ਅਤੇ ਸ਼ਿਵਜੀ ਰਣ ਭੂਮੀ ਵਿਚ ਤਾਂਡਣ ਨਾਚ ਕਰ ਰਹੇ ਸਨ। ਭੂਤ ਪ੍ਰੇਤ ਬੋਲਦੇ ਸਨ, ਬੈਤਾਲ ਬੀਰ ਬਕਵਾਸ ਕਰ ਰਹੇ ਸਨ॥੭੯੭॥

## ਤਿਲਕਾ ਛੰਦ॥

ਜੁੱਟੇ ਵੀਰੰ॥ ਛੁੱਟੇ ਤੀਰੰ॥ ਫੁੱਟੇ ਅੰਗੰ॥ ਤੁੱਟੇ ਤੰਗੰ॥੭੯੮॥

ਜੰਗ ਵਿੱਚ ਸੂਰਮੇ ਜੁੱਟ ਗਏ ਸਨ, ਤੀਰ ਚੱਲਦੇ ਸਨ, ਕਈਆਂ ਦੇ ਅੰਗ ਫੁੱਟ ਗਏ ਸਨ, ਅਤੇ ਘੋੜਿਆਂ ਦੇ ਤੰਗ ਟੁੱਟ ਗਏ ਹਨ॥੭੯੮॥

ਭੱਗੇ ਵੀਰੰ॥ ਲੱਗੇ ਤੀਰੰ॥ਪਿੱਖੇ ਰਾਮੰ॥ ਧਰਮੰ ਧਾਮੰ॥੭੯੯॥

ਤੀਰ ਜਿਨ੍ਹਾਂ ਨੂੰ ਵੱਜੇ ਸਨ, ਉਹ ਸੂਰਮੇ ਭੱਜ ਰਹੇ ਸਨ, ਧਰਮ ਦੇ ਸਥਾਨ ਰੂਪ ਰਾਮ ਜੀ ਵੇਖ ਰਹੇ ਸਨ॥੭੯੯॥

ਜੁੱਝੇ ਜੋਧੰ॥ ਮੱਚੇ ਕ੍ਰੋਧੰ॥ ਬੰਧੋ ਬਾਲੰ॥ ਬੀਰ ਉਤਾਲੰ॥੮੦੦॥

ਕ੍ਰੋਧ ਨਾਲ ਮਚੇ ਹੋਏ ਜੋਧੇ ਲੜ ਰਹੇ ਸਨ, ਕਹਿੰਦੇ ਸਨ ਹੇ ਸੂਰਬੀਰੋ! ਛੇਤੀ ਨਾਲ ਦੋਹਾਂ ਬਾਲਾਂ ਨੂੰ ਬੰਨ੍ਹ ਕੇ ਲੈ ਆਵੋ॥੮੦੦॥

ਢੁੱਕੇ ਫੇਰ॥ ਲਿੱਨੇ ਘੇਰ॥ ਵੀਰੈਂ ਬਾਲ॥ ਜਿਉ ਦ੍ਵੈਕਾਲ॥੮੦੧॥

ਫੇਰੇ ਨੇੜੇ ਆਣ ਢੁੱਕੇ ਸਨ, ਘੇਰਾ ਪਾ ਲਿਆ ਸੀ, ਦੋਵੇਂ ਬਾਲ ਸੂਰਮਿਆਂ ਲਈ ਕਾਲ ਵਾਂਗੂ ਸਨ॥ ੮੦੧॥

**ਤੱਜੀ ਕਾਣ॥ ਮਾਰੇ ਬਾਣ॥ ਡਿੱਗੇ ਵੀਰ॥ ਭੱਗੇ ਧੀਰ॥ ੮੦੨॥**

ਪਰ ਬਾਲਕਾਂ ਨੇ ਕਾਣ ਛੱਡ ਕੇ ਤੀਰਮਾਰੇ ਜਿਸ ਕਰਕੇ ਸੂਰਮੇ ਡਿੱਗ ਰਹੇ ਸਨ, ਅਤੇ ਧੀਰਜ ਵਾਲੇ ਭੱਜ ਪਏ ਸਨ॥ ੮੦੨॥

**ਕੱਟੇ ਅੰਗ॥ ਡਿੱਗੇ ਜੰਗ॥ ਸੁੱਧੰ ਸੂਰ॥ ਭਿੱਨੇ ਨੂਰ॥ ੮੦੩॥**

ਕਈਆਂ ਦੇ ਅੰਗ ਕਟੇ ਗਏ ਸਨ, ਕਈ ਜੰਗ ਵਿਚ ਡਿਗੇ ਪਏ ਸਨ, ਸੁਧ ਸੂਰਮਿਆਂ ਦੇ ਚੇਹਰੇ ਲਹੂ ਨਾਲ ਭਿਜੇ ਹੋਏ ਸਨ॥ ੮੦੩॥

**ਲੱਖੈ ਨਾਹਿ॥ ਭੱਗੇ ਜਾਹਿ॥ ਤੱਜੇ ਰਾਮ॥ ਧਰਮੰ ਧਾਮ॥ ੮੦੪॥**

ਉਹ ਸਾਰੇ ਗਿਣੇ ਨਹੀਂ ਜਾਂਦੇ, ਜੋ ਧਰਮ ਦੇ ਧਾਮ ਰਾਮ ਜੀ ਨੂੰ ਛੱਡ ਕੇ ਭਜੇ ਜਾਂਦੇ ਸਨ॥ ੮੦੪॥

**ਅਉਰੈ ਭੇਸ॥ ਖੁੱਲੇ ਕੇਸ॥ ਸ਼ਸਤ੍ਰੰ ਛੋਰ॥ ਦੈ ਦੈ ਕੋਰ॥ ੮੦੫॥**

ਹੋਰ ਭੇਸ ਬਣਾ ਕੇ, ਕੇਸ ਖੋਲ੍ਹ ਕੇ, ਸ਼ਸਤ੍ਰਾਂ ਨੂੰ ਛੱਡ ਕੇ, ਪਿੱਠ ਦੇ ਦੇ ਕੇ ਭੱਜੇ ਜਾ ਰਹੇ ਸਨ॥ ੮੦੫॥

**ਦੋਹਰਾ॥ ਦੁਹੂੰ ਦਿਸਨ ਜੋਧਾ ਹਰੈ ਪਰਜੋ ਜੁੱਧ ਦੁਐ ਜਾਮ॥**
**ਜੂਝ ਸਕਲ ਸੈਨਾ ਗਈ ਰਹਿਗੇ ਏਕਲ ਰਾਮ॥ ੮੦੬॥**

ਦੋਹਾਂ ਪਾਸਿਆਂ ਤੋਂ ਸੂਰਮੇ ਮਾਰੇ ਗਏ ਸਨ, ਦੋ ਪਹਿਰ ਚੰਗਾ ਜੰਗ ਮੱਚਿਆ। ਸਾਰੀ ਫੌਜ ਮਾਰੀ ਗਈ, ਰਾਮ ਜੀ ਇਕੱਲੇ ਰਹਿ ਗਏ॥ ੮੦੬॥

**ਤਿਹੂ ਭ੍ਰਾਤ ਬਿਨੁ ਭੈ ਹਨਜੋ ਅਰ ਸਭ ਦਲਹਿ ਸੰਘਾਰ॥**
**ਲਵ ਅਰ ਕੁਸ਼ ਜੂਝਨ ਨਿਮਿਤ ਲੀਨੋ ਰਾਮ ਹਕਾਰ॥ ੮੦੭॥**

ਡਰ ਤੋਂ ਰਹਿਤ ਹੋ ਕੇ ਰਾਮ ਦੇ ਤਿੰਨਾਂ ਭਰਾਵਾਂ ਨੂੰ ਮਾਰ ਦਿੱਤਾ ਸੀ, ਅਤੇ ਸਾਰੀ ਫੌਜ ਨੂੰ ਮਾਰ ਦਿੱਤਾ ਸੀ, ਉਸ ਲਵ ਅਤੇ ਕੁਸ਼ ਦੋਹਾਂ ਭਰਾਵਾਂ ਨੇ ਰਾਮ ਜੀ ਨੂੰ ਜੰਗ ਕਰਨ ਵਾਸਤੇ ਲਲਕਾਰਿਆ ਸੀ॥ ੮੦੭॥

**ਸੈਨਾ ਸਕਲ ਜੁਝਾਇਕੈ ਕਤਿ ਬੈਠੇ ਛਪ ਜਾਇ॥**
**ਅਬ ਹਮ ਸੋ ਤੁਮਹੂੰ ਲਰੋ ਸੁਨਿ ਸੁਨਿ ਕਉਸ਼ਲ ਰਾਇ॥ ੮੦੮॥**

ਸਾਰੀ ਫੌਜ ਨੂੰ ਮਰਵਾ ਕੇ, ਕਿਥੇ ਜਾ ਕੇ ਲੁਕ ਬੈਠੇ ਹੋ? ਹੇ ਕੋਸ਼ਲ ਦੇਸ ਦੇ ਰਾਜੇ ਸ੍ਰੀ ਰਾਮ ਚੰਦ੍ਰ ਜੀ! ਹੁਣ ਤੁਸੀਂ ਆਪ ਆ ਕੇ ਸਾਡੇ ਨਾਲ ਜੰਗ ਕਰੋ॥ ੮੦੮॥

**ਨਿਰਖ ਬਾਲ ਨਿਜ ਰੂਪ ਪ੍ਰਭ ਕਹੇ ਬੈਨ ਮੁਸਕਾਇ॥**
**ਕਵਨ ਤਾਤ ਬਾਲਕ ਤੁਮੈ ਕਵਨ ਤਿਹਾਰੀ ਮਾਇ॥੮੦੯॥**

ਸ੍ਰੀ ਰਾਮ ਜੀ ਨੇ ਬਾਲਕਾਂ ਨੂੰ ਆਪਣੇ ਮੁਹਾਂਦਰੇ ਦਾ ਵੇਖ ਕੇ, ਮੁਸਕ੍ਰਾ ਕੇ ਬਚਨ ਕਿਹਾ- ਹੇ ਬਾਲਕੋ! ਤੁਹਾਡਾ ਪਿਤਾ ਕੌਣ ਹੈ? ਅਤੇ ਤੁਹਾਡੀ ਮਾਤਾ ਕੌਣ ਹੈ॥ ੮੦੯॥

## ਅਕਰਾ ਛੰਦ॥

**ਮਿਥਲਾ ਪੁਰ ਰਾਜਾ॥ ਜਨਕ ਸੁਭਾਜਾ॥ ਤਿਹ ਸਿਸ ਸੀਤਾ॥ ਅਤ ਸੁਭ ਗੀਤਾ॥੮੧੦॥**

ਮਿਥਲਾ ਸ਼ਹਿਰ ਦੇ ਰਾਜਾ ਜਨਕ ਦੀ ਲੜਕੀ ਸੀਤਾ ਹੈ, ਅਤੇ ਜਿਹੜੀ ਗੀਤਾ ਦੀ ਤਰ੍ਹਾਂ ਪਵਿੱਤਰ ਹੈ, ਅਸੀ ਉਸ ਦੇ ਲੜਕੇ ਹਾਂ॥ ੮੧੦॥

**ਸੋ ਬਨਿ ਆਏ॥ ਤਿਹ ਹਮ ਜਾਏ॥ ਹੈਂ ਦੂਇ ਭਾਈ॥ ਸੁਨਿ ਰਘੁਰਾਈ॥੮੧੧॥**

ਉਹ ਸੀਤਾ ਜੀ ਵਣ ਵਿਚ ਆਏ ਸਨ, ਉਸ ਤੋਂ ਅਸੀਂ ਪੈਦਾ ਹੋਏ ਅਸੀਂ ਦੋਵੇ ਭਰਾ ਹਾਂ, ਹੇ ਰਘੂ ਕੁਲ ਦੇ ਰਾਜੇ! ਸੁਣ ਲਵੋ॥ ੮੧੧॥

**ਸੁਨਿ ਸੀਅ ਰਾਨੀ॥ ਰਘੁਬਰ ਜਾਨੀ॥ ਚਿਤ ਪਹਿਚਾਨੀ॥ ਮੁਖ ਨ ਬਖਾਨੀ॥੮੧੨॥**

ਸੀਤਾ ਦਾ ਨਾਂ ਸੁਣਦਿਆਂ ਹੀ ਰਾਮ ਜੀ ਸਭ ਕੁਝ ਸਮਝ ਗਏ, ਪਰ ਮੂੰਹ ਕੁਝ ਨਾ ਬੋਲੇ॥ ੮੧੨॥

**ਤਿਹ ਸਿਸ ਮਾਨਜੋ॥ ਅਤ ਬਲ ਜਾਨਜੋ॥ ਹਠਿ ਰਣ ਕੀਨੋ॥ ਕਹ ਨਹੀ ਦੀਨੋ॥੮੧੩॥**

ਉਨ੍ਹਾਂ ਆਪਣੇ ਪੁੱਤਰਾਂ ਨੂੰ ਅਤਿ ਬਲਵਾਨ ਮੰਨਿਆਂ ਅਤੇ ਉਨ੍ਹਾਂ ਨੂੰ ਯੁੱਧ ਕਰਨ ਤੋਂ ਰੋਕਿਆ, ਪਰ ਉਨ੍ਹਾਂ ਯੁੱਧ ਕਰਨ ਲਈ ਹੱਠ ਕੀਤਾ॥ ੮੧੩॥

**ਕਸਿ ਸਰ ਮਾਰੇ॥ ਸਿਸ ਨਹੀ ਹਾਰੇ॥ ਬਹੁ ਬਿਧਿ ਬਾਣੰ॥ ਅਤ ਧਨੁ ਤਾਣੰ॥੮੧੪॥**

ਖਿੱਚ ਖਿੱਚ ਕੇ ਤੀਰ ਮਾਰੇ, ਪਰ ਬਾਲਕ ਹਾਰੇ ਨਹੀਂ, ਉਹ ਵੀ ਬਹੁਤ ਤਰ੍ਹਾਂ ਨਾਲ ਧਨੁੱਖ ਖਿੱਚ ਖਿੱਚ ਤੀਰ ਮਾਰਦੇ ਸਨ॥ ੮੧੪॥

**ਅੰਗ ਅੰਗ ਬੇਧੇ॥ ਸਭ ਤਨ ਛੇਦੇ॥ ਸਭ ਦਲ ਸੂਝੇ॥ ਰਘੁਬਰ ਜੂਝੇ॥੮੧੫॥**

ਲਊ ਕੁਸ਼ੂ ਨੇ ਸ੍ਰੀ ਰਾਮ ਦਾ ਅੰਗ ਅੰਗ ਵਿੰਨ੍ਹ ਦਿੱਤਾ, ਸ੍ਰੀ ਰਾਮ ਜੀ ਦੇ ਸਾਰੇ ਸਰੀਰ ਨੂੰ ਛੇਕੋ ਛੇਕ ਕਰ ਦਿੱਤਾ। ਸਾਰੀ ਫੌਜ ਨੂੰ ਪਤਾ ਲੱਗ ਗਿਆ ਕਿ ਸ੍ਰੀ ਰਾਮ ਚੰਦ੍ਰ ਜੀ ਸ਼ਹੀਦ ਹੋ ਗਏ ਸਨ॥ ੮੧੫॥

**ਜਬ ਪ੍ਰਭੂ ਮਾਰੇ ॥ ਸਭ ਦਲ ਹਾਰੇ ॥ ਬਹੁ ਬਿਧਿ ਭਾਗੇ ॥ ਦੁਐ ਸਿਸ ਆਗੇ ॥ ੮੧੬ ॥**

ਜਦੋਂ ਸ੍ਰੀ ਰਾਮ ਜੀ ਮਾਰੇ ਗਏ, ਤਾਂ ਸਾਰੀ ਫੌਜ ਹਾਰ ਗਈ, ਉਹ ਕਈ ਪ੍ਰਕਾਰ ਨਾਲ ਦੋਵਾਂ ਲੜਕਿਆਂ ਅੱਗੇ ਭੱਜ ਤੁਰੇ ॥ ੮੧੬ ॥

**ਫਿਰ ਨ ਨਿਹਾਰੈਂ ॥ ਪ੍ਰਭ ਨ ਚਿਤਾਰੈਂ ॥ ਗ੍ਰਹ ਦਿਸ ਲੀਨਾ ॥ ਅਸ ਰਣ ਕੀਨਾ ॥ ੮੧੭ ॥**

ਭੱਜਦੇ ਹੋਏ ਉਹ ਪਿਛੇ ਮੁੜ ਕੇ ਪ੍ਰਭੂ ਰਾਮ ਨੂੰ ਵੀ ਨਹੀਂ ਵੇਖ ਰਹੇ ਸਨ ਅਤੇ ਜਿਧਰ ਵੀ ਉਨ੍ਹਾਂ ਦਾ ਮੂੰਹ ਹੋਇਆ ਉਧਰ ਹੀ ਭੱਜ ਗਏ ॥ ੮੧੭ ॥

**ਚੌਪਈ ॥ ਤਬ ਦੂਹੂੰ ਬਾਲ ਅਯੋਧਨ ਦੇਖਾ ॥ ਮਨੋ ਰੁਦ੍ਰ ਕੀੜਾ ਬਨ ਪੇਖਾ ॥**
**ਕਾਟ ਧੁਜਨ ਕੇ ਬ੍ਰਿਛ ਸਵਾਰੇ ॥ ਭੂਖਨ ਅੰਗ ਅਨੂਪ ਉਤਾਰੇ ॥ ੮੧੮ ॥**

ਤਦ ਫਿਰ ਦੋਹਾਂ ਲੜਕਿਆਂ ਨੇ ਰਣ ਭੂਮੀ ਨੂੰ ਵੇਖਿਆ, ਮਾਨੋ ਉਸ ਨੂੰ ਸ਼ਿਵਜੀ ਦਾ 'ਕ੍ਰੀੜਾ ਬਨ' ਸਮਝ ਕੇ ਫਿਰ ਰਹੇ ਹੋਣ, ਝੰਡਿਆਂ ਦੇ ਕੱਪੜੇ ਲਾਹ ਲਾਹ ਕੇ ਰੁਖਾਂ ਉਤੇ ਟੰਗਣ ਲੱਗੇ ਅਤੇ ਸੂਰਬੀਰਾਂ ਦੇ ਸੋਹਣੇ ਗਹਿਣੇ ਉਤਾਰਣ ਲੱਗੇ ॥ ੮੧੮ ॥

**ਮੂਰਛ ਭਏ ਸਭ ਲਏ ਉਠਾਈ ॥ ਬਾਜ ਸਹਿਤ ਤਹ ਗੇ ਜਹ ਮਾਈ ॥**
**ਦੇਖ ਸੀਆ ਪਤ ਮੁਖ ਰੋ ਦੀਨਾ ॥ ਕਹਜੋ ਪੂਤ ਬਿਧਵਾ ਮੁਹਿ ਕੀਨਾ ॥ ੮੧੯ ॥**

ਜਿੰਨੇ ਯੋਧੇ ਬੇਹੋਸ਼ ਪਏ ਹੋਏ ਸਨ, ਉਹ ਸਾਰੇ ਚੁਕ ਲਏ, ਅਤੇ ਘੋੜੇ ਸਮੇਤ ਉਥੇ ਚਲੇ ਗਏ, ਜਿਥੇ ਉਨ੍ਹਾਂ ਦੀ ਮਾਤਾ ਸੀਤਾ ਬੈਠੀ ਸੀ। ਜਦ ਸੀਤਾ ਨੇ ਮੂਰਛਿਤ ਪਤੀ ਦਾ ਮੁਖ ਵੇਖਿਆ ਤਾਂ ਰੋਣ ਲਗ ਪਈ, ਅਤੇ ਕਹਿਣ ਲਗੀ, "ਪੁਤਰ ! ਤੁਸਾਂ ਆਪਣੇ ਪਿਤਾ ਨੂੰ ਮਾਰ ਕੇ ਮੈਨੂੰ ਵਿਧਵਾ ਕਰ ਦਿੱਤਾ ਹੈ" ॥ ੮੧੯ ॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, 'ਲਵ ਬਾਜ ਬਾਂਧਵੇ', ਰਾਮ ਬਧਹਿ, ਪਚੀਸਮੋ ਧਿਆਏ ਸਮਾਪਤਮ ॥ ਸਤੁ ਸੁਭਮ ਸਤੁ ॥ ੨੫ ॥ ੮੧੯ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਲਊ ਨੇ ਘੋੜਾ ਬੰਨਣਾ', ਰਾਮ ਦਾ ਕਤਲ, ਪੰਝੀਵਾਂ ਅਧਿਆਏ ਸਮਾਪਤ ॥ ਸਤ ਸ਼ੁਭਮ ਸਤ ॥ ੨੫ ॥ ੮੧੯ ॥ ਚਲਦਾ ॥

# ਛੱਬੀਵਾਂ ਅਧਿਆਏ

## ਸੀਤਾ ਨੇ ਸਾਰੇ ਜੀਵਤ ਕੀਤੇ

**ਚੌਪਈ ॥ ਅਬ ਮੋ ਕਉ ਕਾਸ਼ਟ ਦੇ ਆਨਾ ॥ ਜਰਉ ਲਾਗਿ ਪਤਿ ਹੋਊਂ ਮਸਾਨਾ ॥**

**ਸੁਨਿ ਮੁਨਿ ਰਾਜ ਬਹੁਤ ਬਿਧ ਰੋਏ॥ ਇਨ ਬਾਲਨ ਹਮਰੇ ਸੁਖ ਖੋਏ॥ ੮੨੦॥**

ਹੁਣ ਮੈਨੂੰ ਲਕੜਾਂ ਲਿਆ ਦਿਓ, ਮੈਂ ਵੀ ਪਤੀ ਦੇ ਨਾਲ ਹੀ ਸੜ ਕੇ ਸਵਾਹ ਹੋ ਜਾਵਾਂਗੀ। ਸਾਰੀ ਵਾਰਤਾ ਨੂੰ ਸੁਣ ਕੇ ਮੁਨੀਰਾਜ (ਬਾਲਮੀਕ) ਜੀ ਵੀ ਬਹੁਤ ਰੋਏ, ਅਤੇ ਕਹਿਣ ਲਗੇ ਇਨ੍ਹਾਂ ਲੜਕਿਆਂ ਨੇ ਸਾਡੇ ਸੁਖ ਨਾਸ ਕਰ ਦਿੱਤੇ ਹਨ॥ ੮੨੦॥

**ਜਬ ਸੀਤਾ ਤਨ ਚਹਾ ਕਿ ਕਾਢੂੰ॥ ਜੋਗ ਅਗਨਿ ਉਪਰਾਜ ਸੁ ਛਾਡੂੰ॥**
**ਤਬ ਇਮ ਭਈ ਗਗਨ ਤੇ ਬਾਨੀ॥ ਕਹਾ ਭਈ ਸੀਤਾ ਤੈ ਇਯਾਨੀ॥ ੮੨੧॥**

ਜਦ ਸੀਤਾ ਨੇ ਸੋਚਿਆ ਕਿ 'ਜੋਗ ਅਗਨਿ' ਨੂੰ ਪੈਦਾ ਕਰ ਲਵਾਂ, ਅਤੇ ਸਰੀਰ ਨੂੰ ਛੱਡ ਦੇਵਾਂ, ਉਸੇ ਵੇਲੇ ਇਸ ਤਰ੍ਹਾਂ ਦੀ ਅਕਾਸ਼ ਬਾਣੀ ਹੋਈ-ਸੀਤਾ! ਕੀ ਤੂੰ ਇਆਣੀ ਹੋ ਗਈ ਹੈਂ॥ ੮੨੧॥

**ਅਰੂਪਾ ਛੰਦ॥ ਸੁਨੀ ਬਾਨੀ॥ ਸੀਆ ਰਾਨੀ॥ ਲਯੋ ਆਨੀ॥ ਕਰੈ ਪਾਨੀ॥ ੮੨੨॥**

ਅਕਾਸ਼ ਬਾਣੀ ਜਦ ਸੁਣੀ, ਉਸੇ ਵੇਲੇ ਸੀਤਾ ਰਾਣੀ ਨੇ ਪਾਣੀ ਮੰਗਵਾ ਕੇ ਹੱਥ ਵਿਚ ਲੈ ਲਿਆ॥ ੮੨੨॥

### ਸੀਤਾ ਬਾਚ ਮਨ ਮੈ॥ ਦੋਹਰਾ॥

**ਜਉ ਮਨ ਬਚ ਕਰ ਮਨ ਸਹਿਤ ਰਾਮ ਬਿਨਾ ਨਹੀ ਅਉਰ॥**
**ਤਉ ਏ ਰਾਮ ਸਹਿਤ ਜੀਐ ਕਹਜੋ ਸੀਆ ਤਿਹ ਠਉਰ॥ ੮੨੩॥**

ਸੀਤਾ ਨੇ ਪਾਣੀ ਹਥ ਵਿਚ ਲੈ ਕੇ ਮਨ ਵਿਚ ਕਿਹਾ-ਹੇ ਪਰਮਾਤਮਾ! "ਜੇਕਰ ਮੈਂ ਮਨ, ਬਾਣੀ, ਸਰੀਰ ਕਰਕੇ ਸ੍ਰੀ ਰਾਮ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਪਤੀ ਰੂਪ ਕਰ ਕੇ ਨਹੀਂ ਵੇਖਿਆ ਤਾਂ ਇਸ ਵੇਲੇ ਰਾਮ ਜੀ ਸਮੇਤ ਸਾਰੇ ਸੂਰਮੇ ਜੀਅ ਪੈਣ" ਇਹ ਕਿਹਾ ਅਤੇ ਉਸ ਜਗ੍ਹਾ ਉਤੇ ਪਾਣੀ ਦਾ ਛੱਟਾ ਦੇ ਦਿੱਤਾ॥ ੮੨੩॥

### ਅਰੂਪਾ ਛੰਦ॥

**ਸਭੈ ਜਾਗੇ॥ ਭ੍ਰਮੰ ਭਾਗੇ॥ ਹਠੰ ਤਜਾਗੇ॥ ਪਗੰ ਲਾਗੇ॥ ੮੨੪॥**

ਉਸੇ ਵੇਲੇ ਸਾਰੇ ਜੀਵਤ ਹੋ ਗਏ ਅਤੇ ਸਭ ਦਾ ਭਰਮ ਦੂਰ ਹੋ ਗਿਆ। ਹਠ ਨੂੰ ਛੱਡ ਕੇ ਸੀਤਾ ਜੀ ਦੇ ਚਰਨੀਂ ਜਾ ਲੱਗੇ॥ ੮੨੪॥

**ਸੀਆ ਆਨੀ॥ ਜਗੰ ਰਾਨੀ॥ ਧਰਮ ਧਾਨੀ॥ ਸਤੀ ਮਾਨੀ॥ ੮੨੫॥**

ਸ੍ਰੀ ਰਾਮ ਜੀ ਨੇ ਸੀਤਾ ਨੂੰ ਬੁਲਾਇਆ, ਜਗਤ ਦੀ ਰਾਣੀ, ਧਰਮ ਦਾ ਸਥਾਨ ਅਤੇ ਸਤੀ ਕਰ ਕੇ ਉਸ ਨੂੰ ਮੰਨ ਲਿਆ॥ ੮੨੫॥

**ਮਨੰ ਭਾਈ॥ ਉਰੰ ਲਾਈ॥ ਸਤੀ ਜਾਨੀ॥ ਮਨੈ ਮਾਨੀ॥ ੯੨੬॥**

ਸ੍ਰੀ ਰਾਮ ਜੀ ਦੇ ਮਨ ਨੂੰ ਚੰਗੀ ਲੱਗੀ, ਸੀਤਾ ਨੂੰ ਗਲ ਨਾਲ ਲਾਇਆ ਅਤੇ ਉਸ ਨੂੰ ਸਤੀ ਜਾਣ ਕੇ, ਮਨ ਕਰ ਕੇ ਉਸ ਦਾ ਸਨਮਾਨ ਕੀਤਾ॥ ੯੨੬॥

**ਦੋਹਰਾ॥ ਬਹੁਬਿਧਿ ਸੀਅਹਿ ਸਮੋਧ ਕਰ ਚਲੇ ਅਯੁਧਿਆ ਦੇਸ॥**
**ਲਵ ਕੁਸ਼ ਦੋਊ ਪੁਤ੍ਰਨਿ ਸਹਿਤ ਸ੍ਰੀ ਰਘੁਬੀਰ ਨਰੇਸ਼॥ ੯੨੭॥**

ਬਹੁਤ ਤਰ੍ਹਾਂ ਨਾਲ ਸੀਤਾ ਨੂੰ ਤਸੱਲੀ ਤੇ ਧੀਰਜ ਦੇ ਕੇ, ਲਵ ਤੇ ਕੁਸ਼ੂ ਦੋਹਾਂ ਪੁੱਤਰਾਂ ਦੇ ਸਮੇਤ, ਸ੍ਰੀ ਰਾਜਾ ਰਾਮ ਚੰਦ੍ਰ ਜੀ, ਅਯੁਧਿਆ ਦੇਸ ਨੂੰ ਤੁਰ ਪਏ॥ ੯੨੭॥

**ਚੌਪਈ॥ ਬਹੁਤੁ ਭਾਂਤਿ ਕਰ ਸਿਸਨ ਸਮੋਧਾ॥ ਸੀਯ ਰਘੁਬੀਰ ਚਲੇ ਪੁਰ ਅਉਧਾ॥**
**ਅਨਿਕ ਬੇਖ ਸੇ ਸ਼ਸਤ੍ਰ ਸੁਹਾਏ॥ ਜਾਨਕ ਤੀਨ ਰਾਮ ਬਨ ਆਏ॥ ੯੨੮॥**

ਬਹੁਤ ਤਰ੍ਹਾਂ ਨਾਲ ਪੁੱਤਰਾਂ ਨੂੰ ਧੀਰਜ ਦਿੱਤਾ, ਅਤੇ ਸੀਤਾ ਸਮੇਤ ਸ੍ਰੀ ਰਾਮ ਚੰਦਰ ਜੀ ਅਯੁਧਿਆ ਪੁਰੀ ਨੂੰ ਚਲੇ ਗਏ। ਅਨੇਕਾਂ ਸ਼ਕਲਾਂ ਵਾਲੇ ਸ਼ਸਤਰ ਜਿਨ੍ਹਾਂ ਦੇ ਸਰੀਰ ਨਾਲ ਸ਼ੋਭਾ ਪਾ ਰਹੇ ਸਨ, ਮਾਨੋ ਇਕ ਰਾਮ ਤੋਂ ਤਿੰਨ ਰਾਮ ਬਣ ਕੇ ਆਏ ਸਨ॥ ੯੨੮॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਵਤਾਰੇ 'ਤਿਹੂ ਭਿਰਾਤਨ ਸੈਨਾ ਸਹਿਤ ਜੀਬੋ', ਛੱਬੀਸਵੋਂ ਧਿਆਇ ਸਮਾਪਤਮ॥ ਸਤੁ ਸੁਭਮ ਸਤ॥ ੨੬॥ ੯੨੮॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਸੀਤਾ ਨੇ ਸੈਨਾ ਸਹਿਤ ਸਾਰੇ ਜੀਵਤ ਕੀਤੇ', ਛੱਬੀਵਾਂ ਅਧਿਆਇ ਸਮਾਪਤ॥ ਸਤ ਸ਼ੁਭਮ ਸਤ॥ ੨੬॥ ੯੨੮॥ ਚਲਦਾ॥

# ਸਤਾਈਵਾਂ ਅਧਿਆਏ

# ਸੀਤਾ ਦਾ ਦੋਵਾਂ ਪੁੱਤਰਾਂ ਸਹਿਤ ਅਵਧ ਪ੍ਰਵੇਸ਼

**ਚੌਪਈ॥ ਤਿਹੂੰ ਮਾਤ ਕੰਠਨ ਸੋ ਲਾਏ॥ ਦੋਊ ਪੁਤ੍ਰ ਪਾਇਨ ਲਪਟਾਏ॥**
**ਬਹੁਰ ਆਨ ਸੀਤਾ ਪਗ ਪਰੀ॥ ਮਿਟ ਗਈ ਤਹੀਂ ਦੁਖਨ ਕੀ ਘਰੀ॥ ੯੨੯॥**

ਤਿੰਨਾਂ ਮਾਵਾਂ ਨੇ ਉਨ੍ਹਾਂ ਸਭ ਨੂੰ ਗਲ ਨਾਲ ਲਾਇਆ, ਜਦ ਕਿ ਦੋਵੇਂ ਪੋਤਰੇ ਆ ਕੇ ਉਨ੍ਹਾਂ ਦੇ ਚਰਨਾਂ ਨਾਲ ਚੰਬੜ ਗਏ। ਫਿਰ ਸੀਤਾ ਆਣ ਕੇ (ਸੱਸਾਂ ਦੇ) ਚਰਨਾਂ ਤੇ ਡਿੱਗ ਪਈ। ਉਸ ਵੇਲੇ ਇਸ ਤਰ੍ਹਾਂ ਲੱਗਦਾ ਸੀ ਕਿ ਦੁਖਾਂ ਦੀ ਘੜੀ ਮਿਟ ਗਈ ਸੀ॥ ੯੨੯॥

**ਬਾਜ ਮੇਧ ਪੂਰਨ ਕੀਅ ਜੱਗਾ॥ ਕਉਸ਼ਲੇਸ਼ ਰਘੁਬੀਰ ਅਭੱਗਾ॥**

**ਗ੍ਰਿਹ ਸਪੂਤ ਦੋ ਪੂਤ ਸੁਹਾਏ॥ ਦੇਸ ਬਿਦੇਸ਼ ਜੀਤ ਗ੍ਰਿਹ ਆਏ॥ ੮੩੦॥**

ਫਿਰ ਅਸ਼੍ਵਮੇਧ ਜਗ ਪੂਰਨ ਕੀਤਾ। ਕੌਸਲ ਦੇਸ ਦੇ ਰਾਜੇ ਸ੍ਰੀ ਰਾਮ ਚੰਦ੍ਰ ਜੀ ਕਿਸੇ ਤੋਂ ਜਿਤੇ ਨਹੀਂ ਜਾ ਸਕਦੇ। ਕਿਉਂਕਿ ਉਨ੍ਹਾਂ ਦੇ ਘਰ ਦੋ ਸਪੁੱਤਰ-ਪੁੱਤਰ ਸੋਭਾ ਪਾ ਰਹੇ ਸਨ, ਜੋ ਦੇਸਾਂ ਪ੍ਰਦੇਸਾਂ ਨੂੰ ਜਿੱਤ ਕੇ ਘਰ ਆਏ ਸਨ॥ ੮੩੦॥

**ਜੇਤਿਕ ਕਹੇ ਸੁ ਜੱਗ ਬਿਧਾਨਾ॥ ਬਿਧ ਪੂਰਬ ਕੀਨੇ ਤੇ ਨਾਨਾ॥**
**ਏਕ ਘਾਟ ਸਤ ਕੀਨੇ ਜੱਗਾ॥ ਚਟ ਪਟ ਚਕ੍ਰ ਇੰਦ੍ਰ ਉਠ ਭੱਗਾ॥ ੮੩੧॥**

ਇਕ ਜੱਗ ਦੇ ਜਿੰਨੇ ਵੀ ਕਰਮਕਾਂਡ ਸਨ, ਉਨ੍ਹਾਂ ਸਾਰਿਆਂ ਨੂੰ ਵਿਧੀਪੂਰਬਕ ਪੂਰਾ ਕੀਤਾ ਗਿਆ। ਇਕ ਸਥਾਨ ਤੇ ਹੀ ਲਗਾਤਾਰ ਸੱਤ ਜੱਗ ਕੀਤੇ ਜਿੰਨ੍ਹਾਂ ਨੂੰ ਵੇਖ ਕੇ ਇੰਦਰ ਹੈਰਾਨ ਹੋ ਕੇ ਭੱਜ ਉਠਿਆ॥ ੮੩੧॥

**ਰਾਜਸੁਇ ਕੀਨੇ ਦਸ ਬਾਰਾ॥ ਬਾਜ ਮੇਧਿ ਇੱਕੀਸ ਪ੍ਰਕਾਰਾ॥**
**ਗਵਾਲੰਭ ਅਜਮੇਧ ਅਨੇਕਾ॥ ਭੂਪ ਮੇਧ ਕਰ ਸਕੇ ਅਨੇਕਾ॥ ੮੩੨॥**

ਦਸ-ਬਾਰਾਂ ਰਾਜਸੂਯ ਜੱਗ ਕੀਤੇ ਅਤੇ ਇੱਕੀ ਤਰ੍ਹਾਂ ਦੇ ਅਸ਼੍ਵਮੇਧ ਯੱਗ ਕੀਤੇ। ਅਨੇਕਾਂ ਹੀ ਗੋਮੇਧ ਤੇ ਅਜਮੇਧ ਯਗ ਕੀਤੇ ਅਤੇ ਅਨੇਕਾਂ ਹੀ ਭੂਪ ਮੇਧ ਯੱਗ ਕੀਤੇ॥ ੮੩੨॥

**ਨਾਗਮੇਧ ਖਟ ਜੱਗ ਕਰਾਏ॥ ਜਉਨ ਕਰੇ ਜਨਮੇ ਜਜ ਪਾਏ॥**
**ਅਉਰੈ ਗਨਤ ਕਹਾਂ ਲਗ ਜਾਊਂ॥ ਗ੍ਰੰਥ ਬਢਨ ਤੇ ਹੀਐ ਡਰਾਊਂ॥ ੮੩੩॥**

ਛੇ ਹਾਥੀ ਮੇਧ ਜੱਗ ਕਰਾਏ, ਜਿੰਨਾਂ ਦੇ ਕਰਨ ਨਾਲ ਜੀਵਨ ਵਿਚ ਵਿਜੈ ਪ੍ਰਾਪਤ ਹੁੰਦੀ ਹੈ। ਹੋਰ ਕਿਥੋਂ ਤਕ ਗਿਣਤੀ ਕਰਾਂ, ਗ੍ਰੰਥ ਦੇ ਵੱਧ ਜਾਣ ਤੋਂ ਡਰਦਾ ਹਾਂ॥ ੮੩੩॥

**ਦਸ ਸਹੰਸ੍ਰ ਦਸ ਬਰਖ ਪ੍ਰਮਾਨਾ॥ ਰਾਜ ਕਰਾ ਪੁਰ ਅਉਧ ਨਿਧਾਨਾ॥**
**ਤਬ ਲਉ ਕਾਲ ਦਸ਼ਾ ਨੀਅਰਾਈ॥ ਰਘੁਬਰ ਸਿਰਿ ਮ੍ਰਿਤ ਡੰਕ ਬਜਾਈ॥ ੮੩੪॥**

ਦਸ ਹਜ਼ਾਰ ਤੇ ਦਸ ਵਰ੍ਹੇ ਤਕ, ਅਯੁਧਿਆ ਸ਼ਹਿਰ ਦਾ ਸ੍ਰੀ ਰਾਮ ਜੀ ਨੇ ਰਾਜ ਕੀਤਾ। ਤਦ ਨੂੰ ਕਾਲ ਦੀ ਅਵਸਥਾ ਨੇੜੇ ਆ ਗਈ। ਸ੍ਰੀ ਰਾਮ ਜੀ ਦੇ ਸਿਰ ਉਤੇ ਮੌਤ ਨੇ ਧੌਂਸਾ ਵਜਾ ਦਿੱਤਾ॥ ੮੩੪॥

**ਨਮਸ਼ਕਾਰ ਤਿਹ ਬਿਬਿਧਿ ਪ੍ਰਕਾਰਾ॥ ਜਿਨ ਜਗ ਜੀਤ ਕਰਜੋ ਬਸ ਸਾਰਾ॥**
**ਸਭਹਨ ਸੀਸ ਡੰਕ ਤਿਹ ਬਾਜਾ॥ ਜੀਤ ਨ ਸਕਾ ਰੰਕ ਅਰੁ ਰਾਜਾ॥ ੮੩੫॥**

ਉਸ ਕਾਲ ਨੂੰ ਅਨੇਕ ਤਰ੍ਹਾਂ ਨਾਲ ਨਮਸ਼ਕਾਰ ਹੈ, ਜਿਸ ਨੇ ਜਗਤ ਨੂੰ ਜਿਤ ਕੇ ਆਪਣੇ

ਵੱਸ ਕੀਤਾ ਹੋਇਆ ਹੈ। ਸਭਨਾਂ ਦੇ ਸਿਰ ਉਤੇ ਉਸ ਦਾ ਨਗਾਰਾ ਵੱਜਦਾ ਹੈ। ਰਾਜਾ ਅਤੇ ਕੰਗਾਲ ਉਸ ਨੂੰ ਕੋਈ ਵੀ ਜਿਤ ਨਹੀਂ ਸਕਿਆ॥ ੮੩੫॥

**ਦੋਹਰਾ॥ ਜੋ ਤਿਨ ਕੀ ਸ਼ਰਨੀ ਪਰੇ ਕਰ ਦੈ ਲਏ ਬਚਾਇ॥**
**ਯੌ ਨਹੀ ਕੋਊ ਬਾਚਿਆ ਕਿਸ਼ਨ ਬਿਸ਼ਨ ਰਘੁਰਾਇ॥ ੮੩੬॥**

ਜਿਹੜੇ ਉਸ ਕਾਲ ਦੀ ਸ਼ਰਨੀ ਪਏ ਹਨ, ਉਨ੍ਹਾਂ ਨੂੰ ਉਸ ਨੇ ਹੱਥ ਦੇ ਕੇ ਬਚਾ ਲਿਆ ਹੈ। ਹੋਰ ਕਿਸੇ ਤਰ੍ਹਾਂ ਵੀ ਕਿਸ਼ਨ, ਬਿਸ਼ਨ ਤੇ ਰਾਮ ਚੰਦਰ ਆਦਿਕ ਕੋਈ ਵੀ ਉਸ ਤੋਂ ਬਚਿਆ ਨਹੀਂ ਹੈ॥ ੮੩੬॥

**ਚੌਪਈ ਛੰਦ॥ ਬਹੁ ਬਿਧਿ ਕਰੋ ਰਾਜ ਕੋ ਸਾਜਾ॥ ਦੇਸ ਦੇਸ ਕੇ ਜੀਤੇ ਰਾਜਾ॥**
**ਸ਼ਾਮ ਦਾਮ ਅਰੁ ਦੰਡ ਸਭੇਦਾ॥ ਜਿਹ ਬਿਧ ਹੁਤੀ ਸ਼ਾਸ਼ਨਾ ਬੇਦਾ॥ ੮੩੭॥**

ਬਹੁਤ ਤਰ੍ਹਾਂ ਨਾਲ ਰਾਜ ਕਾਜ ਕੀਤੇ ਗਏ, ਦੇਸਾਂ ਦੇਸਾਂ ਦੇ ਰਾਜੇ ਜਿੱਤ ਲਏ। ਸਾਮ ਦਾਮ ਦੰਡ ਅਤੇ ਭੇਦ ਨੀਤੀ ਦੇ ਚਾਰੇ ਅੰਗ ਵਰਤੇ, ਜਿਸ ਤਰ੍ਹਾਂ ਵੇਦਾਂ ਵਿਚ ਵਿਧੀ ਲਿਖੀ ਹੋਈ ਹੈ, ਉਸੇ ਤਰ੍ਹਾਂ ਨਾਲ ਸਾਰੇ ਕਾਰਜ ਕੀਤੇ ਸਨ॥ ੮੩੭॥

**ਬਰਨ ਬਰਨ ਅਪਨੀ ਕ੍ਰਿਤ ਲਾਏ॥ ਚਾਰ ਚਾਰ ਹੀ ਬਰਨ ਚਲਾਏ॥**
**ਛਤ੍ਰੀ ਕਰੈਂ ਬਿੱਪ੍ਰ ਕੀ ਸੇਵਾ॥ ਬੈਸ ਲਖੈ ਛੱਤ੍ਰੀ ਕਹ ਦੇਵਾ॥ ੮੩੮॥**

ਆਪ ਆਪਣੇ ਕੰਮਾਂ ਵਿਚ ਚੋਹਾਂ ਵਰਨਾਂ ਨੂੰ ਲਾ ਰਖਿਆ ਸੀ। ਖਤਰੀ ਬ੍ਰਾਹਮਣਾਂ ਦੀ ਸੇਵਾ ਕਰਦੇ ਸਨ, ਅਤੇ ਵੈਸ਼ ਛੱਤਰੀਆਂ ਨੂੰ ਆਪਣਾ ਦੇਵਤਾ ਜਾਣਦੇ ਸਨ॥ ੮੩੮॥

**ਸ਼ੂਦ੍ਰ ਸਭਨ ਕੀ ਸੇਵ ਕਮਾਵੈ॥ ਜਹ ਕੋਈ ਕਹੈ ਤਹੀ ਵਹ ਧਾਵੈ॥**
**ਜੈਸਕ ਹੁਤੀ ਬੇਦ ਸ਼ਾਸਨਾ॥ ਨਿਕਸਾ ਤੈਸ ਰਾਮ ਕੀ ਰਸਨਾ॥ ੮੩੯॥**

ਸ਼ੂਦਰ ਸਾਰਿਆਂ ਦੀ ਸੇਵਾ ਕਰਦੇ ਸਨ, ਜਿਥੇ ਕੋਈ ਕਹਿੰਦਾ ਸੀ ਉਥੇ ਹੀ ਉਹ ਜਾਂਦੇ ਸਨ। ਜਿਸ ਤਰ੍ਹਾਂ ਬੇਦ ਦੀ ਆਗਿਆ ਹੈ, ਸ੍ਰੀ ਰਾਮ ਜੀ ਦੀ ਰਸਨਾ ਤੋਂ ਓਹੀ ਬਚਨ ਨਿਕਲਦਾ ਸੀ॥ ੮੩੯॥

**ਰਾਵਣਾਦਿ ਰਣ ਹਾਂਕ ਸੰਘਾਰੇ॥ ਭਾਂਤ ਭਾਂਤ ਸੇਵਕ ਗਣ ਤਾਰੇ॥**
**ਲੰਕਾ ਦਈ ਟੰਕ ਜਨੁ ਦੀਨੋ॥ ਇਹ ਬਿਧ ਰਾਜ ਜਗਤ ਮੈ ਕੀਨੋ॥ ੮੪੦॥**

ਸ੍ਰੀ ਰਾਮ ਜੀ ਨੇ ਰਾਵਣ ਵਰਗੇ ਜ਼ਾਲਮਾਂ ਨੂੰ ਰਣ ਵਿਚ ਲਲਕਾਰ ਕੇ ਮਾਰਿਆ ਸੀ, ਤਰ੍ਹਾਂ ਤਰ੍ਹਾਂ ਨਾਲ ਸਾਰੇ ਸੇਵਕਾਂ ਨੂੰ ਤਾਰਿਆ ਸੀ। ਲੰਕਾ ਵਿਭੀਖਣ ਨੂੰ ਇਸ ਤਰ੍ਹਾਂ ਦੇ ਦਿਤੀ ਮਾਨੋ ਟਕਾ ਦਿੱਤਾ ਹੋਵੇ। ਇਸ਼ ਤਰ੍ਹਾਂ ਦਾ ਰਾਜ ਜਗਤ ਵਿਚ ਰਾਮ ਨੇ ਕੀਤਾ ਸੀ॥ ੮੪੦॥

**ਦੋਹਰਾ ਛੰਦ ॥ ਬਹੁ ਬਰਖਨ ਲਉ ਰਾਮ ਜੀ ਰਾਜ ਕਰਾ ਅਰ ਟਾਲ ॥**
**ਬ੍ਰਹਮਰੰਧ੍ਰ ਕਹ ਫੋਰਕੈ ਭਯੋ ਕਉਸ਼ਲਿਆ ਕਾਲ ॥ ੮੪੧ ॥**

ਸ੍ਰੀ ਰਾਮ ਜੀ ਨੇ ਬਹੁਤੇ ਵਰ੍ਹਿਆਂ ਤਕ ਰਾਜ ਕੀਤਾ ਅਤੇ ਦੁਸ਼ਮਣ ਨਾਸ ਕਰ ਦਿੱਤੇ। ਕੁਝ ਸਮੇਂ ਮਗਰੋਂ ਦਸਮ ਦੁਆਰ ਨੂੰ ਪਾੜ ਕੇ ਮਾਤਾ ਕੌਸ਼ਲਿਆ ਦੇ ਪ੍ਰਾਨ ਪੰਖੇਰੂ ਹੋ ਗਏ ਅਤੇ ਉਸਦਾ ਅੰਤ ਹੋ ਗਿਆ ॥ ੮੪੧ ॥

**ਚੌਪਈ ॥ ਜੈਸ ਮ੍ਰਿਤਕ ਕੇ ਹੁਤੇ ਪ੍ਰਕਾਰਾ ॥ ਤੈਸੇਈ ਕਰੇ ਬੇਦ ਅਨੁਸਾਰਾ ॥**
**ਰਾਮ ਸਪੂਤ ਜਾਹਿੰ ਘਰ ਮਾਹੀ ॥ ਤਾਕਹੁ ਤੋਟ ਕੋਊ ਕਹ ਨਾਹੀ ॥ ੮੪੨ ॥**

ਜਿਸ ਤਰ੍ਹਾਂ ਨਾਲ ਮ੍ਰਿਤਕ ਦੇ ਸੰਸਕਾਰ ਹੁੰਦੇ ਹਨ, ਵੇਦ ਦੇ ਮੁਤਾਬਕ ਉਸੇ ਤਰ੍ਹਾਂ ਹੀ ਸ੍ਰੀ ਰਾਮ ਜੀ ਨੇ ਕੀਤੇ। ਜਿਸ ਦੇ ਘਰ ਵਿਚ ਰਾਮ ਜੀ ਵਰਗੇ ਸਪੁਤਰ ਪੈਦਾ ਹੋਏ ਸਨ। ਉਸ ਨੂੰ ਕਿਸੇ ਤਰ੍ਹਾਂ ਦਾ ਕੋਈ ਘਾਟਾ ਨਹੀਂ ਸੀ ॥ ੮੪੨ ॥

**ਬਹੁ ਬਿਧਿ ਗਤਿ ਕੀਨੀ ਪ੍ਰਭ ਮਾਤਾ ॥ ਤਬ ਲਉ ਭਈ ਕੈਕਈ ਸ਼ਾਂਤਾ ॥**
**ਤਾ ਕੇ ਮਰਤ ਸੁਮਿਤ੍ਰਾ ਮਰੀ ॥ ਦੇਖਹੁ ਕਾਲ ਕ੍ਰਿਆ ਕਸ ਕਰੀ ॥ ੮੪੩ ॥**

ਆਪਣੇ ਮਾਤਾ ਕੌਸ਼ਲਿਆ ਦੀ ਬਹੁਤ ਪ੍ਰਕਾਰ ਗਤੀ ਕਰਕੇ ਹੱਟੇ ਹੀ ਸਨ ਕਿ ਮਾਤਾ ਕੈਕਈ ਦੀ ਮੌਤ ਹੋ ਗਈ। ਉਸ ਦੇ ਬਾਅਦ ਕਾਲ ਨੇ ਅਜਿਹਾ ਚਕਰ ਚਲਾਇਆ ਕਿ ਸੁਮਿਤਰਾਂ ਵੀ ਸਵਰਗਵਾਸ ਹੋ ਗਈ ॥ ੮੪੩ ॥

**ਏਕ ਦਿਵਸ ਜਾਨਕਿ ਤ੍ਰਿਯ ਸਿਖਾ ॥ ਭੀਤ ਭਏ ਰਾਵਣ ਕਹ ਲਿਖਾ ॥**
**ਜਬ ਰਘੁਬਰ ਤਿਹ ਆਨ ਨਿਹਾਰਾ ॥ ਕਛੁਕ ਕੋਪ ਇਮ ਬਚਨ ਉਚਾਰਾ ॥ ੮੪੪ ॥**

ਇਕ ਦਿਨ ਸੀਤਾ ਨੇ ਇਸਤ੍ਰੀਆਂ ਦੇ ਸਿਖੇ ਸਿਖਾਏ, ਕੰਧ ਉਤੇ ਰਾਵਣ ਦੀ ਡਰਾਉਣੀ ਮੂਰਤੀ ਨੂੰ ਬਣਾ ਦਿੱਤਾ। ਸ੍ਰੀ ਰਾਮ ਚੰਦ੍ਰ ਜੀ ਨੇ ਜਦੋਂ ਉਸ ਨੂੰ ਆਣ ਕੇ ਵੇਖਿਆ, ਤਾਂ ਕੁਝ ਕ੍ਰੋਧ ਕਰ ਕੇ ਇਸ ਤਰ੍ਹਾਂ ਦੇ ਬਚਨ ਕਹੇ ॥ ੮੪੪ ॥

**ਰਾਮ ਬਾਚ ਮਨ ਮੈ ॥ ਯਾਕੋ ਕਛੂ ਰਾਵਨ ਸੋਂ ਹੇਤਾ ॥ ਤਾ ਤੇ ਚਿੱਤ੍ਰ ਚਿਤ੍ਰਕੈ ਦੇਖਾ ॥**
**ਬਚਨ ਸੁਨਤ ਸੀਤਾ ਭਈ ਰੋਖਾ ॥ ਪ੍ਰਭ ਮੁਹਿ ਅਜਹੂੰ ਲਗਾਵਤ ਦੋਖਾ ॥ ੮੪੫ ॥**

ਇਸ ਦਾ ਰਾਵਣ ਨਾਲ ਕੁਝ ਪਿਆਰ ਹੈ।
ਮਨ ਵਿਚ ਸ੍ਰੀ ਰਾਮ ਚੰਦਰ ਕਹਿਣ ਲੱਗੇ ਕਿ ਇਸ ਬਚਨ ਨੂੰ ਸੁਣਦਿਆਂ ਸੀਤਾ
ਇਸ ਕਰਕੇ ਉਸ ਦੀ ਮੂਰਤੀ ਚਿਤ੍ਰਕੈ ਕੇ ਇਸ ਨੇ ਵੇਖੀ ਹੈ। ਤਕ ਮੈਨੂੰ ਕਲੰਕ ਲਗਾਉਂਦੇ ਹੋ ॥ ੮੪੫ ॥
ਗੁਸੇ ਹੋ ਗਈ, ਅਤੇ ਕਹਿਣ ਲਗੀ ਕਿ ਸੁਆਮੀ ਜੀ ਅਜੇ

**ਦੋਹਰਾ॥ ਜਉ ਮੇਰੇ ਬਚ ਕਰਮ ਕਰਿ ਹ੍ਰਿਦੈ ਬਸਤ ਰਘੁਰਾਇ॥**
**ਪ੍ਰਿਥੀ ਪੈਂਡ ਮੁਹਿ ਦੀਜੀਐ ਲੀਜੈ ਮੋਹਿ ਮਿਲਾਇ॥ ੮੪੬॥**

ਸੀਤਾ ਨੇ ਕਿਹਾ ਜੇ ਬਾਣੀ ਤੇ ਸਰੀਰ ਕਰ ਕੇ ਮੇਰੇ ਹਿਰਦੇ ਵਿਚ ਸ੍ਰੀ ਰਾਮ ਚੰਦਰ ਜੀ ਹੀ ਵੱਸਦੇ ਹਨ ਤਾਂ ਹੇ ਧਰਤੀ ਮਾਤਾ! ਤੂੰ ਮੈਨੂੰ ਰਸਤਾ ਦੇਹੁ, ਅਤੇ ਮੈਨੂੰ ਆਪਣੇ ਵਿਚ ਸਮੇਟ ਲੈ॥ ੮੪੬॥

**ਚੌਪਈ॥ ਸੁਨਤ ਬਚਨ ਧਰਨੀ ਫਟ ਗਈ॥ ਲੋਪ ਸੀਆ ਤਿਹ ਭੀਤਰ ਭਈ॥**
**ਚੱਕ੍ਰਤ ਰਹੇ ਨਿਰਖ ਰਘੁਰਾਈ॥ ਰਾਜ ਕਰਨ ਕੀ ਆਸ ਚੁਕਾਈ॥ ੮੪੭॥**

ਸੀਤਾ ਦੇ ਬਚਨ ਸੁਣਦਿਆਂ ਧਰਤੀ ਫੱਟ ਗਈ, ਅਤੇ ਸੀਤਾ ਉਸ ਦੇ ਵਿਚ ਅਲੋਪ ਹੋ ਗਈ। ਇਹ ਕੌਤਕ ਵੇਖ ਕੇ ਸ੍ਰੀ ਰਾਮ ਚੰਦਰ ਜੀ ਹੈਰਾਨ ਹੋ ਗਏ, ਅਤੇ ਰਾਜ ਕਰਨ ਦੀ ਆਸ ਛੱਡ ਦਿੱਤੀ॥ ੮੪੭॥

**ਦੋਹਰਾ॥ ਇਹ ਜਗ ਧੂਅਰੋ ਧਉਲਹਰਿ ਕਿਹ ਕੇ ਆਯੋ ਕਾਮ॥**
**ਰਘੁਬਰ ਬਿਨੁ ਸੀਅ ਨਾ ਜੀਐ ਸੀਅ ਬਿਨ ਜੀਐ ਨ ਰਾਮ॥ ੮੪੮॥**

ਇਹ ਜਗਤ ਧੂੰਏਂ ਦੇ ਮਹੱਲ ਸਮਾਨ ਹੈ। ਦੱਸੋ ਕਿਸ ਦੇ ਕੰਮ ਆਇਆ ਹੈ? ਸ੍ਰੀ ਰਾਮ ਜੀ ਤੋਂ ਬਿਨਾਂ ਸੀਤਾ ਨਹੀਂ ਸੀ ਜੀਅ ਸਕਦੀ, ਉਸ ਤਰ੍ਹਾਂ ਸੀਤਾ ਤੋਂ ਬਿਨਾਂ ਰਾਮ ਜੀ ਨੂੰ ਜੀਉਣਾ ਅਸੰਭਵ ਹੋ ਗਿਆ॥ ੮੪੮॥

**ਚੌਪਈ॥ ਦੁਆਰੇ ਕਹਜੋ ਬੈਠ ਲਛਮਨਾ॥ ਪੈਠ ਨ ਕੋਊ ਪਾਵੈ ਜਨਾ॥**
**ਅੰਤਹਿ ਪੁਰਹਿ ਆਪ ਪਗੁ ਧਾਰਾ॥ ਦੇਹਿ ਛੋਰਿ ਮ੍ਰਿਤ ਲੋਕ ਸਿਧਾਰਾ॥ ੮੪੯॥**

ਇਕ ਦਿਨ ਰਾਮ ਨੇ ਲਛਮਣ ਨੂੰ ਦਰਵਾਜੇ ਦੀ ਰਖਵਾਲੀ ਲਈ ਬਿਠਾ ਕੇ ਇਹ ਹੁਕਮ ਦਿੱਤਾ ਕਿ ਕਿਸੇ ਨੂੰ ਅੰਦਰ ਨਾ ਆਉਣ ਦੇਵੇ। ਰਾਜਭਵਨ ਦੇ ਅੰਦਰ ਜਾ ਕੇ ਦੇਹ ਨੂੰ ਤਿਆਗ ਕੇ ਬੈਕੁੰਠ ਧਾਮ ਨੂੰ ਚਲੇ ਗਏ॥ ੮੪੯॥

**ਦੋਹਰਾ॥ ਇੰਦ੍ਰ ਮਤੀ ਹਿਤ ਅਜ ਨ੍ਰਿਪਤ ਜਿਮ ਗ੍ਰਿਹ ਤਜ ਲੀਅ ਜੋਗ॥**
**ਤਿਮ ਰਘੁਬਰ ਤਨ ਕੋ ਤਜਾ ਸ੍ਰੀ ਜਾਨਕੀ ਬਿਯੋਗ॥ ੮੫੦॥**

ਜਿਸ ਤਰ੍ਹਾਂ ਰਾਜਾ ਅੱਜ ਨੇ ਇੰਦਰਮਤੀ ਦੇ ਵਾਸਤੇ, ਘਰ ਨੂੰ ਛੱਡ ਕੇ ਜੋਗ ਨੂੰ ਧਾਰ ਲਿਆ ਸੀ, ਉਸ ਤਰ੍ਹਾਂ ਹੀ ਸ੍ਰੀ ਰਾਮ ਚੰਦ੍ਰ ਜੀ ਨੇ ਸ੍ਰੀ ਸੀਤਾ ਜੀ ਦੇ ਵਿਛੋੜੇ ਕਰਕੇ ਸਰੀਰ ਨੂੰ ਤਿਆਗ ਦਿੱਤਾ ਸੀ॥ ੮੫੦॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰੇ 'ਰਾਮ ਜੀ ਸੀਤਾ ਕੇ ਹੇਤ ਮ੍ਰਿਤ ਲੋਕ ਗਏ' ਸਤਾਈਸਮੋ ਧਿਆਇ ਸਮਾਪਤਮ॥ ਸਤੁ ਸੁਭਮ ਸਤੁ॥ ੨੭॥ ੮੫੦॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, 'ਸੀਤਾ ਦਾ ਦੋਹਾਂ ਪੁੱਤਰਾਂ ਸਹਿਤ ਅਵੱਧ ਪ੍ਰਵੇਸ਼, ਰਾਮ ਜੀ ਸਵਰਗਵਾਸ ਹੋਏ, ਸਤਾਈਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥੨੭॥੮੫੦॥

ਭਾਵਰਥ-ਸ੍ਰੀ ਰਾਮ ਚੰਦਰ ਜੀ ਦਾ ਦਾਦਾ, ਮਹਾਰਾਜਾ ਦਸਰਥ ਜੀ ਦਾ ਪਿਤਾ ਰਾਜਾ 'ਅਜ' ਸੂਰਜ ਵੰਸ਼ੀ ਪ੍ਰਤਾਪੀ ਰਾਜਾ ਹੋਇਆ ਹੈ। ਉਸ ਦੀ ਰਾਣੀ ਦਾ ਨਾਮ 'ਇੰਦ੍ਰ ਮਤੀ' ਸੀ। ਇਕ ਦਿਨ ਮਹਾਰਾਜਾ ਅਜ ਸ਼ਿਕਾਰ ਖੇਡਣ ਗਿਆ ਤਾਂ ਮਨ ਵਿਚ ਫੁਰਨਾਂ ਹੋਇਆ ਕਿ ਰਾਣੀ ਦੀ ਪ੍ਰੀਖਿਆ ਕਰਨੀ ਚਾਹੀਦੀ ਹੈ। ਇਸ ਖਿਆਲ ਨਾਲ ਆਪਣੇ ਦੁਪੱਟੇ ਨੂੰ ਸ਼ਿਕਾਰ ਦੇ ਲਹੂ ਨਾਲ ਲਬੇੜ ਕੇ ਨੌਕਰ ਦੇ ਹੱਥ ਰਾਣੀ ਕੋਲ ਘਰ ਭੇਜ ਦਿੱਤਾ। ਨੌਕਰ ਨੇ ਜਾ ਕੇ ਰਾਣੀ ਨੂੰ ਕਿਹਾ-ਕਿ ਮਹਾਰਾਜਾ ਸਾਹਿਬ ਨੂੰ ਸ਼ੇਰ ਨੇ ਮਾਰ ਦਿੱਤਾ ਹੈ। ਇਹ ਸੁਣਦਿਆਂ ਹੀ ਰਾਣੀ ਨੇ ਉਸੇ ਵੇਲੇ ਠੰਡੀ ਆਹ ਭਰੀ ਅਤੇ ਪ੍ਰਾਣ ਦੇ ਦਿੱਤੇ।

ਜਦ ਇਸ ਗੱਲ ਦਾ ਪਤਾ ਰਾਜੇ ਅਜ ਨੂੰ ਹੋਇਆ ਤਾਂ ਬਹੁਤ ਪਛਤਾਇਆ, ਅਤੇ ਰਾਣੀ ਦੇ ਵਿਯੋਗ ਵਿਚ ਰਾਜ ਨੂੰ ਛੱਡ ਕੇ ਜੋਗ ਧਾਰਨ ਕਰ ਲਿਆ। ਜਦੋਂ ਮੰਗਣ ਜਾਂਦਾ, ਓਦੋਂ ਹੀ ਰਾਣੀ ਦੇ ਗੁਣਾਂ ਨੂੰ ਗਾਉਂਦਾ, ਆਪਣੀ ਭੁਲ ਨੂੰ ਯਾਦ ਕਰ ਕੇ ਪਛਤਾਉਂਦਾ ਤੇ ਰੋਇਆ ਕਰਦਾ। ਇਸ ਗੱਲ ਨੂੰ ਜ਼ਾਹਰ ਕਰਨ ਲਈ ਸ੍ਰੀ ਗੁਰੂ ਜੀ ਨੇ ਰਾਮਕਲੀ ਦੀ ਵਾਰ ਵਿਚ ਲਿਖਿਆ ਹੈ :-

''ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥''

ਜਿਵੇਂ ਅਜ ਰਾਜੇ ਨੇ ਇਸਤ੍ਰੀ ਦੇ ਵਿਯੋਗ ਵਿਚ ਗ੍ਰਿਹਸਥ ਦਾ ਤਿਆਗ ਕੀਤਾ ਸੀ, ਤਿਵੇਂ ਹੀ ਸ੍ਰੀ ਰਾਮ ਚੰਦ੍ਰ ਜੀ ਨੇ ਸੀਤਾ ਜੀ ਦੇ ਵਿਯੋਗ ਵਿਚ ਸਰੀਰ ਦਾ ਤਿਆਗ ਕੀਤਾ ਸੀ।

# ਅਠਾਈਵਾਂ ਅਧਿਆਏ

# ਤਿੰਨੇ ਭਰਾ ਇਸਤਰੀਆਂ ਸਹਿਤ ਮਰ ਗਏ

**ਚੌਪਈ॥ ਰਊਰ ਪਰੀ ਸਗਰੇ ਪੁਰ ਮਾਹੀ॥ ਕਾਹੂੰ ਰਹੀ ਕਛੂ ਸੁਧ ਨਾਹੀ॥**
**ਨਰ ਨਾਰੀ ਡੋਲਤ ਦੁਖਿਆਰੇ॥ ਜਾਨੁਕ ਗਿਰੇ ਜੂਝਿ ਜੁਝਿਆਰੇ॥੮੫੧॥**

ਸਾਰੀ ਆਯੁਧਿਆ ਨਗਰੀ ਵਿਚ ਸੋਗ ਪੈ ਗਿਆ। ਕਿਸੇ ਨੂੰ ਕੋਈ ਸੁੱਧ ਬੁੱਧ ਨਾ ਰਹੀ। ਸਾਰੇ ਨਰ ਨਾਰੀ ਸੋਗੀ ਹੋਏ ਇਸ ਤਰ੍ਹਾਂ ਡੋਲਦੇ ਅਤੇ ਡਿੱਗਦੇ ਫਿਰਦੇ ਸਨ ਜਿਵੇਂ ਰਣ ਭੂਮੀ ਵਿਚ ਯੋਧੇ ਲੜ ਲੜ ਕੇ ਡਿੱਗਦੇ ਹਨ॥੮੫੧॥

**ਸਗਰ ਨਗਰ ਮਹਿ ਪਰ ਗਈ ਰਊਰਾ॥ ਬਜਾਕੁਲ ਗਿਰੇ ਹਸਤ ਅਰੁ ਘੋਰਾ॥**
**ਨਰ ਨਾਰੀ ਮਹਿ ਰਹਤ ਉਦਾਸਾ॥ ਕਹਾ ਰਾਮ ਕਰ ਗਏ ਤਮਾਸ਼ਾ॥੮੫੨॥**

ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ, ਵਿਆਕੁਲ ਹੋ ਕੇ ਹਾਥੀ ਤੇ ਘੋੜੇ ਵੀ ਡਿੱਗ ਪਏ। ਇਸਤ੍ਰੀਆਂ

ਪੁਰਸ਼ ਮਨ ਵਿਚ ਉਦਾਸ ਹੋਏ ਫਿਰਦੇ ਸਨ, ਅਤੇ ਕਹਿੰਦੇ ਸਨ ਕਿ ਸ੍ਰੀ ਰਾਮ ਜੀ ਕੀ ਖੇਲ ਵਰਤਾ ਗਏ ਸਨ॥ ੮੫੨॥

**ਭਰਥਊ ਜੋਗ ਸਾਧਨਾ ਸਾਜੀ॥ ਜੋਗ ਅਗਨ ਤਨ ਤੇ ਉਪਰਾਜੀ॥**
**ਬ੍ਰਹਮਰੰਧ੍ਰ ਝਟ ਦੈਕਰ ਫੋਰਾ॥ ਪ੍ਰਭ ਸੌ ਚਲਤ ਅੰਗ ਨਹੀ ਮੋਰਾ॥ ੮੫੩॥**

ਸ੍ਰੀ ਰਾਮ ਜੀ ਦਾ ਜਦ ਸਵਰਗਵਾਸ ਹੋਣਾ ਸੁਣਿਆ, ਉਸੇ ਵੇਲੇ ਭਰਥ ਨੇ ਵੀ ਜੋਗ ਸਾਧਨਾ ਕੀਤੀ, ਅਤੇ ਆਪਣੇ ਸਰੀਰ ਤੋਂ ਜੋਗ-ਅਗਨਿ ਪੈਦਾ ਕਰ ਲਈ। (ਜਿਸ ਕਰਕੇ) ਝੱਟ ਕਰ ਕੇ ਦਸਮ ਦੁਆਰ ਪਾਟ ਗਿਆ। ਭਰਥ ਨੇ ਸ੍ਰੀ ਰਾਮ ਚੰਦ੍ਰ ਜੀ ਦੇ ਨਾਲ ਜਾਣ ਤੋਂ ਮੂੰਹ ਨਹੀਂ ਮੋੜਿਆ ਭਾਵ ਭਰਥ ਨੇ ਉਹ ਜੁਗਤੀ ਕੀਤੀ, ਜਿਸ ਕਰ ਕੇ ਪ੍ਰਾਣ ਪੰਖੇਰੂ ਤਾਲੂ ਨੂੰ ਪਾੜ ਕੇ ਨਿਕਲ ਗਏ॥ ੮੫੩॥

**ਸਕਲ ਜੋਗ ਕੇ ਕੀਏ ਬਿਧਾਨਾ॥ ਲਛਮਨ ਤਜੇ ਤੈਸ ਹੀ ਪ੍ਰਾਨਾ॥**
**ਬ੍ਰਹਮਰੰਧ੍ਰ ਲਛਮਨ ਫੁਨ ਫੂਟਾ॥ ਪ੍ਰਭ ਚਰਨਨ ਤਰ ਪ੍ਰਾਨ ਨਿਖੂਟਾ॥ ੮੫੪॥**

ਸਾਰੇ ਜੋਗ ਦੇ ਤਰੀਕੇ ਲਛਮਣ ਨੇ ਵੀ ਕੀਤੇ, ਤੇ ਉਸੇ ਤਰ੍ਹਾਂ ਲਛਮਣ ਨੇ ਵੀ ਪ੍ਰਾਣ ਤਿਆਗ ਦਿੱਤੇ। ਫਿਰ ਸ਼ਤਰੂਘਨ ਨੇ ਵੀ ਦਸਮ ਦੁਆਰ ਪਾੜ ਲਿਆ ਅਤੇ ਪ੍ਰਭੂ ਦੇ ਚਰਨਾਂ ਵਿਚ ਜਾ ਬਿਰਾਜੇ॥੮੫੪॥

**ਲਵ ਕੁਸ਼ ਦੋਊ ਤਹਾਂ ਚਲ ਗਏ॥ ਰਘੁਬਰ ਸੀਅਹਿ ਜਰਾਵਤ ਭਏ॥**
**ਅਰ ਪਿਤ ਭ੍ਰਾਤ ਤਿਹੂੰ ਕਹ ਦਹਾ॥ ਰਾਜ ਛਤ੍ਰ ਲਵ ਕੇ ਸਿਰ ਰਹਾ॥ ੮੫੫॥**

ਲਵ ਤੇ ਕੁਸ਼ੂ ਦੋਵੇਂ ਉਥੇ ਚਲੇ ਗਏ। ਉਨ੍ਹਾਂ ਨੇ ਸ੍ਰੀ ਰਾਮ ਚੰਦ੍ਰ ਜੀ ਤੇ ਸੀਤਾ ਦਾ ਸੰਸਕਾਰ ਕਰ ਦਿੱਤਾ। ਫਿਰ ਪਿਤਾ ਦੇ ਤਿੰਨਾਂ ਭਰਾਵਾਂ ਦਾ ਦਾਹ ਸੰਸਕਾਰ ਕੀਤਾ। ਲਊ ਦੇ ਸਿਰ ਤੇ ਰਾਜ ਦਾ ਛਤ੍ਰ ਝੁਲਣ ਲੱਗਾ॥ ੮੫੫॥

**ਤਿਹੂੰਅਨ ਕੀ ਇਸਤ੍ਰੀ ਤਿਹ ਆਈ॥ ਸੰਗਿ ਸਤੀ ਹ੍ਵੈ ਸੁਰਗ ਸਿਧਾਈ॥**
**ਲਵ ਸਿਰ ਧਰਾ ਰਾਜ ਕਾ ਸਾਜਾ॥ ਤਿਹੂੰਅਨ ਤਿਹੂੰ ਕੁੰਟ ਕੀਅ ਰਾਜਾ॥ ੮੫੬॥**

ਤਿੰਨਾਂ ਦੀਆਂ ਇਸਤ੍ਰੀਆਂ ਉਥੇ ਆ ਗਈਆਂ ਅਤੇ ਪਤੀਆਂ ਦੇ ਨਾਲ ਹੀ ਸਤੀ ਹੋ ਕੇ ਸੁਰਗ ਚਲੀਆਂ ਗਈਆਂ। ਲਊ ਦੇ ਸਿਰ ਉਤੇ ਕੌਸ਼ਲ ਦੇਸ ਦਾ ਰਾਜ ਸਾਜ ਸੋਭਨ ਲੱਗਾ, ਤਿੰਨਾਂ ਦੀ ਔਲਾਦ ਨੂੰ ਤਿੰਨਾਂ ਕੂੰਟਾਂ ਦਾ ਰਾਜ ਦਿੱਤਾ ਗਿਆ॥ ੮੫੬॥

**ਉੱਤਰ ਦੇਸ਼ ਆਪੁ ਕੁਸ਼ ਲੀਆ॥ ਭਰਥ ਪੁੱਤ੍ਰ ਕਹ ਪੂਰਬ ਦੀਆ॥**
**ਦੱਛਨ ਦੀਅ ਲੱਛਨ ਕੇ ਬਾਲਾ॥ ਪੱਛਮ ਸ਼ੱਤ੍ਰੂਘਨ ਸੁਤ ਬੈਠਾਲਾ॥ ੮੫੭॥**

ਉੱਤਰ ਦੇਸ ਦਾ ਰਾਜ ਆਪ ਕੁਸ਼ੂ ਨੇ ਲਿਆ, ਪੂਰਬ ਦੇਸ਼ ਦਾ ਰਾਜ ਭਰਥ ਦੇ ਪੁੱਤਰ ਨੂੰ

ਦੇ ਦਿੱਤਾ। ਦੱਖਣ ਦੇਸ ਦਾ ਰਾਜ ਲਛਮਣ ਦੇ ਪੁੱਤਰਾਂ ਨੂੰ ਦਿੱਤਾ, ਅਤੇ ਪੱਛਮ ਦੇਸ ਦਾ ਰਾਜ ਤਖਤ ਉਤੇ ਸ਼ਤਰੁਘਨ ਪੁੱਤਰ ਨੂੰ ਬਿਠਾ ਦਿੱਤਾ॥ ੮੫੭॥

**ਦੋਹਰਾ॥ ਰਾਮ ਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ॥**
**ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ॥ ੮੫੮॥**

ਸ੍ਰੀ ਰਾਮ ਜੀ ਦੀ ਕਥਾ ਜੁੱਗਾਂ ਜੁੱਗਾਂ ਵਿਚ ਅਟੱਲ ਹੈ, ਹਰ ਕੋਈ ਅਨੇਕ ਤਰ੍ਹਾਂ ਨਾਲ ਉਸ ਕਥਾ ਨੂੰ ਕਹਿੰਦਾ ਹੈ। ਸ੍ਰੀ ਰਾਮ ਚੰਦ੍ਰ ਜੀ ਨੇ ਸਾਰੇ ਨਗਰ ਵਾਸੀਆਂ ਸਮੇਤ ਸੁਰਗਵਾਸ ਕੀਤਾ ਸੀ। ਜਿਸ ਤਰ੍ਹਾਂ ਸ੍ਰੀ ਰਾਮ ਚੰਦਰ ਜੀ ਦੇ ਮਰਨੇ ਨੂੰ ਸੁਣ ਕੇ ਭਰਥ, ਲਛਮਣ ਤੇ ਸ਼ਤਰੁਘਨ ਨੇ ਪ੍ਰਾਣ ਤਿਆਗ ਦਿੱਤੇ ਸਨ, ਇਸੇ ਤਰ੍ਹਾਂ ਸਾਰੇ ਨਗਰ ਵਾਸੀਆਂ ਨੇ ਇਨ੍ਹਾਂ ਚੌਹਾਂ ਦਾ ਮਰਨਾ ਸੁਣ ਕੇ ਸਰਜੂ ਵਿਚ ਛਾਲਾਂ ਮਾਰ ਕੇ ਪ੍ਰਾਣਾਂ ਦਾ ਅੰਤ ਕਰ ਦਿੱਤਾ ਸੀ। ਕੇਵਲ ਉਹ ਇਸਤ੍ਰੀ ਪੁਰਸ਼ ਜਾਂ ਲੜਕੇ ਲੜਕੀਆਂ ਛਾਲਾਂ ਮਾਰਨ ਤੋਂ ਬਚੇ ਰਹੇ ਸਨ, ਜਿਨ੍ਹਾਂ ਨੂੰ ਇਨ੍ਹਾਂ ਚੌਹਾਂ ਵਿਚੋਂ ਕਦੇ ਕਿਸੇ ਭਰਾ ਨਾਲ ਮਿਲਣ ਦਾ ਸਮਾਂ ਨਹੀਂ ਮਿਲਿਆ ਸੀ। ਉਨ੍ਹਾਂ ਨੂੰ ਨਾ ਵਿਛੋੜੇ ਦਾ ਦੁਖ ਹੋਇਆ, ਨਾ ਉਨ੍ਹਾਂ ਨੇ ਪ੍ਰਾਣ ਤਿਆਗੇ॥ ੮੫੮॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ, ਰਾਮ ਭ੍ਰਾਤ ਤ੍ਰੀਅਨ ਸਹਿਤ ਸੁਰਗ ਗਏ, ਸਗਰੀ ਪੁਰੀ ਸਹਿਤ ਸੁਰਗ ਗਏ, ਅਠਾਈਸਮੋ ਧਿਆਇ ਸਮਾਪਤਮ॥ ਸਤੁ ਸੁਭਮ ਸਤੁ॥ ੨੮॥ ੮੫੮॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਮਾਵਤਾਰ, ਰਾਮ ਦੇ ਭਰਾ ਇਸਤਰੀਆਂ ਸਹਿਤ ਸਵਰਗ ਗਏ, ਸਾਰੀ ਨਗਰੀ ਸਵਰਗ ਗਈ, ਅਠਾਈਵਾਂ ਅਧਿਆਇ ਸਮਾਪਤ॥ ਸਤ ਸੁਭਮ ਸਤ॥ ੨੮॥ ੯੫੮॥ ਚਲਦਾ॥

# ਉਣੱਤੀਵਾਂ ਅਧਿਆਏ

## ਕਵੀ ਵਲੋਂ ਸੰਦੇਸ਼

**ਚੌਪਈ॥ ਜੋ ਇਹ ਕਥਾ ਸੁਨੈ ਅਰੁ ਗਾਵੈ॥ ਦੂਖ ਪਾਪ ਤਿਹ ਨਿਕਟਿ ਨ ਆਵੈ॥**
**ਬਿਸ਼ਨ ਭਗਤਿ ਕੀ ਏ ਫਲ ਹੋਈ॥ ਆਧਿ ਬਜਾਧਿ ਛ੍ਵੈ ਸਕੈ ਨ ਕੋਈ॥ ੮੫੯॥**

ਜੋ ਕੋਈ ਵੀ ਇਸ ਰਾਮ ਕਥਾ ਨੂੰ ਸੁਣੇ ਅਤੇ ਪੜ੍ਹੇਗਾ, ਦੁੱਖ ਤੇ ਪਾਪ ਉਸ ਦੇ ਨੇੜੇ ਨਹੀਂ ਆਵੇਗਾ। ਵਿਸ਼ਨੂੰ ਭਗਤੀ ਕਰਨ ਦਾ ਫਲ ਉਸ ਨੂੰ ਪ੍ਰਾਪਤ ਹੋਵੇਗਾ। ਕੋਈ ਆਧਿ ਜਾਂ ਬਿਆਧਿ ਉਸ ਨੂੰ ਛੋਹ ਵੀ ਨਹੀਂ ਸਕੇਗੀ॥ ੮੫੯॥

**ਸੰਮਤ ਸੱਤ੍ਰਹ ਸਹਸ ਪਚਾਵਨ॥ ਹਾੜ ਵਦੀ ਪ੍ਰਿਥਮੈ ਸੁਖ ਦਾਵਨ॥**

**ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ॥ ਭੂਲ ਪਰੀ ਲਹੁ ਲੇਹੁ ਸੁਧਾਰਾ॥੮੬੦॥**

ਸੰਮਤ ਸਤਾਰਾਂ ਸੌ ਪਚਾਨਵੇਂ, ਹਾੜ ਵਦੀ ਪਹਿਲੀ ਨੂੰ, ਅਕਾਲ ਪੁਰਖ ਦੀ ਕਿਰਪਾ ਦੁਆਰਾ ਇਹ ਗ੍ਰੰਥ ਸਪੂੰਰਨ ਹੋਇਆ। ਜੇ ਕੋਈ ਭੁਲ ਹੋ ਗਈ ਹੋਵੇ ਤਾਂ ਸੁਧਾਰ ਲੈਣਾ॥ ੮੬੦॥

**ਦੋਹਰਾ॥ ਨੇਤ੍ਰ ਤੁੰਗ ਕੇ ਚਰਨ ਤਰ ਸਤਦ੍ਰਵ ਤੀਰ ਤਰੰਗ॥**
**ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ॥੮੬੧॥**

ਨੈਣਾਂ ਦੇਵੀ ਪਹਾੜ ਦੇ ਪੈਰਾ ਹੇਠਾਂ, ਸਤਲੁਜ ਨਦੀ ਦੇ ਕੰਢੇ ਉਤੇ ਅਨੰਦਪੁਰ ਸ਼ਹਿਰ ਵਿਚ ਬੈਠ ਕੇ ਸ੍ਰੀ ਮਦ ਭਾਗਵਤ ਵਿਚੋਂ ਸ੍ਰੀ ਰਾਮ ਚੰਦਰ ਜੀ ਦੀ ਕਥਾ ਦੇ ਪ੍ਰਸੰਗ ਨੂੰ ਅਜ ਪੂਰਾ ਕੀਤਾ ਹੈ॥ ੮੬੧॥

**ਸਾਧ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਦ॥**
**ਗ੍ਰੰਥ ਸਕਲ ਪੂਰਣ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ॥੮੬੨॥**

ਮੈਂ ਇਹ ਨਿਰਣਾ ਕਰਨ ਦਾ ਯਤਨ ਨਹੀਂ ਕੀਤਾ ਕਿ ਸਾਧ ਕੌਣ ਸੀ ਅਤੇ ਅਸਾਧ ਕੌਣ ਸੀ, ਝਗੜੇ ਵਿਚ ਮੈਂ ਨਹੀਂ ਪਿਆ ਹਾਂ। ਮੈਂ ਅਕਾਲ ਪੁਰਖ ਦੀ ਕਿਰਪਾ ਨਾਲ ਇਹ ਗ੍ਰੰਥ ਪੂਰਾ ਕੀਤਾ ਹੈ॥ ੮੬੨॥

**ਸਵੈਯਾ॥ ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਜੋ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ॥**
**ਸਿੰਮ੍ਰਿਤਿ ਸ਼ਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਜੋ॥**
**ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ॥੮੬੩॥**

ਪਦ ਅਰਥ - ਸ੍ਰੀ ਅਸਿਪਾਨ=ਜਿਸ ਦੇ ਹੱਥ ਵਿਚ ਸੁੰਦਰ ਤਲਵਾਰ ਹੈ, ਹੁਕਮ ਰੂਪ ਤਲਵਾਰ ਨੂੰ ਧਾਰਨ ਵਾਲਾ, ਵਾਹਿਗੁਰੂ।

ਜਦ ਤੋਂ ਤੇਰੇ ਚਰਨ ਫੜੇ ਹਨ, ਤਦ ਤੋਂ ਮੈਂ ਹੋਰ ਕਿਸੇ ਨੂੰ ਅੱਖ ਹੇਠਾਂ ਨਹੀਂ ਲਿਆਂਦਾ, ਭਾਵ ਕੇਵਲ ਤੇਰੀ ਕ੍ਰਿਪਾ ਚਾਹੁੰਦਾ ਹਾਂ ਹੋਰ ਕਿਸੇ ਦੀ ਪ੍ਰਵਾਹ ਨਹੀਂ ਰਖਦਾ। ਰਾਮ, ਰਹੀਮ ਤੇ ਪੁਰਾਨ, ਕੁਰਾਨ ਨੂੰ ਮੰਨਣ ਵਾਲੇ ਅਨੇਕਾਂ ਮੱਤ ਕਹੇ ਜਾਂਦੇ ਹਨ, ਪਰ ਮੈਂ ਕਿਸੇ ਇਕ ਨੂੰ ਵੀ ਨਹੀਂ ਮੰਨਦਾ। ਸਿੰਮ੍ਰਤੀਆਂ, ਸ਼ਾਸਤਰ ਤੇ ਬੇਦ ਬਹੁਤ ਸਾਰੇ ਭੇਦਾਂ ਨੂੰ ਕਹਿੰਦੇ ਹਨ, ਪਰ ਮੈਂ ਇਕ ਵੀ ਨਹੀਂ ਮੰਨਿਆ। ਹੇ ਵਾਹਿਗੁਰੂ ਤੇਰੀ ਕ੍ਰਿਪਾ ਨਾਲ ਹੀ ਗ੍ਰੰਥ ਬਣਿਆ ਹੈ। ਮੈਂ ਨਹੀਂ ਉਚਾਰਿਆ, ਸਭ ਤੂੰ ਹੀ ਕਥਨ ਕਰਾਇਆ ਹੈ, ਅਰਥਾਤ ਤੇਰੀ ਕ੍ਰਿਪਾ ਨੇ ਜੋ ਕੁਝ ਮੈਥੋਂ ਲਿਖਵਾਇਆ ਹੈ, ਮੈਂ ਲਿਖ ਦਿੱਤਾ ਹੈ॥ ੮੬੩॥

**ਦੋਹਰਾ॥ ਸਗਲ ਦੁਆਰ ਕਉ ਛਾਡਿ ਕੈ ਗਹਜੋ ਤੁਹਾਰੋ ਦੁਆਰ॥**

**ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ॥੮੬੪॥**

ਹੇ ਅਕਾਲ ਪੁਰਖ! ਸਾਰਿਆਂ ਦੁਆਰਿਆਂ ਨੂੰ ਛੱਡ ਕੇ ਮੈਂ ਤੇਰੇ ਦੁਆਰ ਨੂੰ ਫੜਿਆ ਹੈ ਭਾਵ ਮੈਂ ਤੇਰੀ ਸ਼ਰਨ ਫੜੀ ਹੈ। ਹੁਣ ਤੂੰ ਮੇਰੀ ਬਾਂਹ ਫੜੀ ਹੈ ਇਸ ਲਈ ਹੁਣ ਮੇਰੀ ਬਾਂਹ ਫੜੀ ਦੀ ਲਾਜ ਤੈਨੂੰ ਹੈ। ਹੇ ਪ੍ਰਭੂ ਗੋਬਿੰਦ ਤੇਰਾ ਦਾਸ ਹੈ॥੮੬੪॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥ, ਚਉਬੀਸ ਅਉਤਾਰ, ਬੀਸਵਾਂ 'ਸ੍ਰੀ ਰਾਮ ਅਵਤਾਰ, ਉਨੱਤੀਸਵਾਂ ਧਿਆਏ, ਕਬਿ ਸੰਦੇਸ਼' ਸਮਾਪਤਮ॥ ਸਤੁ ਸੁਭਮ ਸਤੁ॥ ੨੯॥ ੮੬੪॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਚੌਬੀਸ ਅਵਤਾਰ, ਵੀਹਵਾਂ 'ਸ੍ਰੀ ਰਾਮ ਅਵਤਾਰ, ਕਵੀ ਵਲੋਂ ਸੰਦੇਸ਼' ਉਣੱਤੀਵਾਂ ਅਧਿਆਏ ਸਮਾਪਤ॥ ਸਤ ਸ਼ੁਭਮ ਸਤ॥੨੯॥ ੮੬੪॥ ਸਮੁੱਚਾ ਜੋੜ॥

# ਜਿਲਦ ਦੂਸਰੀ ਸਮਾਪਤ